ਪੰਜਾਬੀ ਬੋਲੀ ਤੇ ਪੰਜਾਬੀਅਤ ਨੂੰ ਸਮਰਪਿਤ

# ਵਾਹਗਾ

*ਸੰਪਾਦਕ :*

ਚਰਨਜੀਤ ਸੋਹਲ

ਸੁਖਚੈਨ ਢਿੱਲੋਂ

'

ਜਿਹੜਾ ਕਵੀ ਯਥਾਰਥਵਾਦੀ ਨਹੀਂ, ਉਹ ਮਰ ਚੁੱਕਾ ਹੈ। ਜਿਹੜਾ ਸਿਰਫ਼ ਯਥਾਰਥਵਾਦੀ ਹੈ, ਉਹ ਵੀ ਮੁਰਦਾ ਹੈ। ਜਿਹੜਾ ਤਰਕਹੀਣ ਹੈ ਉਹਨੂੰ ਸਿਰਫ਼ ਉਸਦੀ ਪ੍ਰੇਮਿਕਾ ਜਾਂ ਉਹ ਖ਼ੁਦ ਸਮਝ ਸਕਦਾ ਹੈ। ਜਿਸ ਵਿਚ ਬਸ ਦਲੀਲ ਹੀ ਦਲੀਲ ਹੈ, ਉਸ ਨੂੰ ਤਾਂ ਸਿਰਫ਼ ਜਾਨਵਰ ਹੀ ਸਮਝ ਸਕੇਗਾ।

***-ਪਾਬਲੋ ਨੇਰੂਦਾ***

'

ਮੁੱਲ : 120/-

# ਵਾਹਗਾ 11

E-mail : wahga2015@gmail.com
website : www.wahgamagzine.com

*ਸੰਪਾਦਕ*
**ਚਰਨਜੀਤ ਸੋਹਲ**
7, ਐੱਸ.ਸੀ.ਐੱਫ਼, ਰਣਜੀਤ ਐਵੀਨਿਊ
ਸੀ-ਬਲਾਕ ਮਾਰਕੀਟ, ਅਮ੍ਰਿਤਸਰ-143001
ਮੋਬਾ : (+91) 78374-12401
ਈ-ਮੇਲ : charanjit.sohal@yahoo.com
•
The Wahga
P.O. Box No. 28, Main Post Office
Amritsar
•
**ਸੁਖਚੈਨ ਢਿੱਲੋਂ**
62, Ashbrook Way, BRAMPTON
ON, L6Y 4R4, CANADA
Mob : +1-647-774-1870
*
ਇੰਗਲੈਂਡ ਵਿਚ ਸੰਪਰਕ :
**ਐੱਸ. ਬਲਵੰਤ**
Mob : +44 7448 441008
*
**ਖ਼ਤ ਪੱਤਰ**
7, ਐੱਸ.ਸੀ.ਐੱਫ਼, ਰਣਜੀਤ ਐਵੀਨਿਊ
ਅਮ੍ਰਿਤਸਰ-143001
*
**ਮੁੱਲ** : ਡਾਕ ਰਾਹੀਂ : 500 ਰੁਪਏ (ਸਾਲਾਨਾ)
5000 ਰੁਪਏ (ਜੀਵਨ ਸਾਥ)
*
**ਵਿਦੇਸ਼** : 20 ਡਾਲਰ * 500 ਡਾਲਰ (ਜੀਵਨ ਸਾਥ)

'ਵਾਹਗਾ' ਦਾ ਬੈਂਕ ਅਕਾਊਂਟ :
WAHGA
Bank : HDFC Bank
Account No. : 50200016152542
IFS Code : HDFC0001407
Branch : Central One Mall, Old Jail Road
Opp. Distt Shopping Complex
Ranjit Avenue, Amritsar
*
**ਪ੍ਰਕਾਸ਼ਕ** : ਚਰਨਜੀਤ ਸੋਹਲ

**ਸਹਿਯੋਗੀ ਸੰਪਾਦਕ**
ਤੇਜਵੰਤ ਸਿੰਘ ਗਿੱਲ
ਭਗਵਾਨ ਜੋਸ਼
ਪਰਮਿੰਦਰ ਸਿੰਘ
ਕੇਵਲ ਧਾਲੀਵਾਲ
ਪਰਮਜੀਤ ਜੱਜ
ਬਲਬੀਰ ਮਾਧੋਪੁਰੀ
ਜਤਿੰਦਰ ਸਿੰਘ
ਮੋਨੀਕਾ ਕੁਮਾਰ
ਨਵਸ਼ਰਨ
ਅਤੁਲ ਸੂਦ
ਬਲਰਾਜ ਧਾਰੀਵਾਲ
ਅਮਨਪ੍ਰੀਤ ਗਿੱਲ
ਹਰਵਿੰਦਰ ਸਿੰਘ
ਸੁਖਪਾਲ
ਬਲਦੇਵ ਚੱਕ ਸਕੰਦਰ
•
**ਕਲਾ** : ਸੰਦੀਪ ਸਿੰਘ, ਹਰਦੀਪ • ਮੰਨੂੰ

**ਕਾਨੂੰਨੀ ਸਲਾਹਕਾਰ** :
ਡਾ. ਸੁਸ਼ੀਲ ਬਲਵਾਦਾ
•
ਰੂਪ ਸੱਜਾ :
**ਮਨਤੇਜ ਗ੍ਰਾਫ਼ਿਕਸ**
ਅਮ੍ਰਿਤਸਰ
*
ਛਾਪਕ :
**ਪ੍ਰਿੰਟਵੈੱਲ**, ਅਮ੍ਰਿਤਸਰ
•
'ਵਾਹਗਾ' ਵਿਚ ਛਪੀਆਂ ਰਚਨਾਵਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
ਕੋਈ ਵੀ ਕਾਨੂੰਨੀ ਕਾਰਵਾਈ ਅਮ੍ਰਿਤਸਰ ਦੀ ਅਦਾਲਤ ਵਿਚ ਹੀ ਹੋਵੇਗੀ।

**Wahga is an international peer-reviewed research journal.**

# ਤਰਤੀਬ


- *ਕਵਿਤਾਵਾਂ*

  ਲਾਲ ਸਿੰਘ ਦਿਲ / 5 ◆ ਤਾਹਿਰਾ ਸਰਾ / 7 ◆ ਰੋਜ਼ੀ ਮਾਨ / 10
  ਮੋਹਨਜੀਤ / 37 ◆ ਸ਼ਸ਼ੀਕਾਂਤ ਉੱਪਲ / 54 ◆ ਬਲਦੇਵ ਚੱਕ ਸਕੰਦਰ / 56
  ਪ੍ਰਦੀਪ ਬੌਸ / 60 ◆ ਭਾਈ ਬਲਦੀਪ ਸਿੰਘ / 71
  ਸ਼ਾਇਰ ਜਸਵੀਰ / 73 ◆ ਸੁਰਿੰਦਰ ਸੋਹਲ / 88
  ਲੁਈ ਗਲੁੱਕ / 107 ◆ ਏ. ਕੇ. ਰਾਮਨੁਜਨ / 110
  ਦਲਬੀਰ ਸਿੰਘ ਲਹਿਰੀ / 112

- *ਆਰਟੀਕਲ*

  ਕਿੱਸਾ ਕਮਿਊਨਿਸਟ ਲਹਿਰਾਂ ਦੀਆਂ ਪ੍ਰਾਪਤੀਆਂ ਅਪ੍ਰਾਪਤੀਆਂ ਦਾ
  –ਜਗਜੀਤ ਸਿੰਘ ਆਨੰਦ / 11

- *ਚਿੱਤ ਚੇਤਾ*

  ਮੇਰਾ ਬੌਸ, ਮੇਰਾ ਸਾਥੀ / –ਬਲਬੀਰ ਪਰਵਾਨਾ / 16

- *ਪਾਕਿਸਤਾਨੀ ਕਹਾਣੀ*

  ਸੁੱਚਾ ਤਿੱਲਾ / –ਮਕਸੂਦ ਸਾਕਿਬ / 21

- *ਮੌਤ ਕਥਾ*

  –ਆਸ਼ੂਤੋਸ਼ ਭਾਰਦਵਾਜ, ਅਨੁ. ਨਛੱਤਰ / 28

- *ਖੋਜ ਕਾਰਜ*

  –ਬਸਤੀਵਾਦੀ ਚਿੰਤਨ ਅਤੇ ਸੁਕਰਾਤ ਦਾ ਬਿੰਬ / –ਹਰਵਿੰਦਰ ਸਿੰਘ / 61

- *ਕਹਾਣੀ*

  ਗੋਰਾ ਜੱਟ / –ਜਿੰਦਰ /64

- *ਸਿਆਸਤ*

  ਸੌੜੀ ਰਾਸ਼ਟਰਵਾਦੀ ਸਿਆਸਤ 'ਚੋਂ ਨਿਕਲੀ ਪੰਜਾਬ ਦੀ ਵੰਡ ਤੇ ਆਪਸੀ ਵੱਢ–ਟੁੱਕ
  –ਜਸਪਾਲ ਸਿੰਘ ਸਿੱਧੂ / 76

- *ਅਭੁੱਲ ਯਾਦਾਂ*

  ਆਦਮ ਦੀ ਆਵਾਜ਼ / –ਬਲਦੇਵ ਚੱਕ ਸਕੰਦਰ / 82

- *ਹਿੰਦੀ ਕਹਾਣੀ*

  ਤਾਈ ਦਾ ਸਵੈਟਰ / –ਦੀਪਕ ਭੁੱਲਰ ਸ਼ਰਮਾ / 90

- *ਸ਼ਖ਼ਸੀਅਤ*

  ਬੀ. ਪੀ. ਐੱਲ. ਬੇਦੀ / –ਰਾਹੁਲ ਸੰਕਰਤਿਆਨ
  ਅਨੁ. ਨਿਰਮਲਜੀਤ, ਪਵਨ ਟਿੱਬਾ / 94

- *ਰੇਖਾ ਚਿਤਰ*

  ਪਾਰੇ ਵਰਗਾ : ਪ੍ਰੋ. ਕਿਰਪਾਲ ਕਜ਼ਾਕ
  –ਲਕਸ਼ਮੀ ਨਾਰਾਇਣ ਭੀਖੀ / 113

- *ਮੁਲਾਕਾਤ*

  ਕੈਪਟਨ ਪਲਵਿੰਦਰ ਸਿੰਘ
  –ਮੁਲਾਕਾਤੀ : ਬਲਦੇਵ ਚੱਕ ਸਕੰਦਰ / 117

- *ਸਰਹੱਦੋਂ ਪਾਰ*

  ਲੋਕ ਰੰਗ / –ਨੈਨ ਸੁਖ / 125

- *ਸ਼ਗਿਰਦੀ ਦੇ ਦਿਨ*

  ਉਸਤਾਦ ਬਰਕਤਰਾਮ ਯੁਮਨ ਜੀ ਅਤੇ ਸ਼ਿਵ ਕੁਮਾਰ
  –ਡਾ. ਸੁਰਿੰਦਰ ਕਾਹਲੋਂ / 134

- *ਯਾਦਾਂ*

  ਪੰਜਾਬੀ ਲੋਕਧਾਰਾ ਅਧਿਐਨ ਦਾ ਮਹੱਤਵਪੂਰਨ ਹਸਤਾਖਰ : ਡਾ. ਸਤਿੰਦਰ ਔਲਖ
  –ਡਾ. ਹਰਸਿਮਰਨ ਕੌਰ / 137

- *ਨਿਬੰਧ*

  ਰੰਗ ਵੀ ਨੇ ਸਾਜ਼ਿਸ਼ੀ / –ਜਤਿੰਦਰ ਸਿੰਘ / 141

- *ਚਿੰਤਨ*


  ਗੰਨ ਕਲਚਰ : ਵਿਸ਼ਵ ਵਿਆਪੀ ਪ੍ਰਸੰਗ ਬਨਾਮ ਸਮਕਾਲੀ ਪੰਜਾਬੀ ਸਮਾਜ
  –ਗੁਰਿੰਦਰਬੀਰ ਸਿੰਘ / 143

- *ਨਿਰਖ ਪਰਖ*

  'ਮਿੱਟੀ ਬੋਲ ਪਈ' :
  ਦਲਿਤ ਪਹਿਚਾਣ, ਨਾਇਕਤਵ ਤੇ ਮੁਕਤੀ ਦੀ ਤਲਾਸ਼ ਦਾ ਬਿਰਤਾਂਤ
  –ਮਨਮੋਹਨ / 155

  'ਕਾਗਦ ਕਲਮ ਕਿਤਾਬ' ਕਾਵਿ ਯਾਤਰਾ
  –ਨਿਰੰਜਨ ਸਿੰਘ ਢੇਸੀ / 164

ਤਿੰਨ ਕਵਿਤਾਵਾਂ : **ਲਾਲ ਸਿੰਘ ਦਿਲ**



## ਵੇਸਵਾਵਾਂ ਤ੍ਰੀਮਤਾਂ—ਇਹ ਔਰਤਾਂ

ਇਹ ਔਰਤਾਂ
ਇਹ ਵੇਸਵਾਵਾਂ ਤ੍ਰੀਮਤਾਂ ਕੁੜੀਆਂ
ਮੇਰੀਆਂ ਮਾਵਾਂ, ਭੈਣਾਂ ਤੇ ਧੀਆਂ ਹਨ
ਤੇ ਤੁਹਾਡੀਆਂ ਵੀ।

ਇਹ ਗਊਆਂ ਪੂਜਣ ਵਾਲੇ ਹਿੰਦੁਸਤਾਨ ਦੀਆਂ
ਮਾਵਾਂ, ਭੈਣਾਂ ਤੇ ਧੀਆਂ ਹਨ
ਅਹਿੰਸਾ ਦੇ ਬੁੱਧ ਦੇ ਪੁਜਾਰੀ ਭਾਰਤ ਦੀਆਂ
ਮਾਵਾਂ, ਭੈਣਾਂ ਤੇ ਧੀਆਂ ਹਨ
ਇਹ ਵੱਡੇ ਪੂੰਜੀਦਾਰਾਂ ਦੀਆਂ
ਮਾਵਾਂ, ਭੈਣਾਂ ਤੇ ਧੀਆਂ ਹਨ

ਜੇ ਨਹੀਂ
ਤਾਂ ਇਹ ਆਉਣ ਵਾਲੇ ਇਨਕਲਾਬ ਦੀਆਂ
ਮਾਵਾਂ, ਭੈਣਾਂ ਤੇ ਧੀਆਂ ਹਨ।

## ਸ਼ਕਤੀ

ਲੋਕ ਮਾਰੇ ਮਾਰੇ ਫਿਰਦੇ ਹਨ
ਹੈਂ ਜੀ ਹੈਂ ਜੀ ਕਰਦੇ ਹਨ
ਹਨੇਰੀਆਂ ਨੁੱਕਰਾਂ 'ਚ ਬਹਿੰਦੇ ਹਨ
ਉਨ੍ਹਾਂ ਨੂੰ ਦੱਸਿਆ ਜਾਂਦਾ ਹੈ
ਕਿ ਉਹ ਦੇਵਤੇ ਦੇ ਪੈਰ 'ਚੋਂ ਜੰਮਦੇ ਨੇ

ਸ਼ਕਤੀ ਮਾਰੀ ਮਾਰੀ ਫਿਰਦੀ ਹੈ
ਅੱਖਾਂ ਤੋਂ ਮੱਖੀਆਂ ਝੱਲਦੀ ਹੈ
ਨੀਵੀਂ ਪਾ ਪਾ ਤੁਰਦੀ ਹੈ
ਸ਼ਕਤੀ ਆਪਣੇ ਡੌਲਿਆਂ ਨੂੰ
ਲੱਤਾਂ ਨੂੰ
ਕੰਮ ਦੇ ਸੰਦ ਸਮਝਦੀ ਹੈ
ਏਦੂੰ ਵੱਧ ਕੁਝ ਨਹੀਂ

ਉਨ੍ਹਾਂ ਤੋਂ ਲੁਕਾਇਆ ਜਾਂਦੈ
ਕਿ ਉਹ ਸਭ ਦਰਾਵੜ ਸਨ

## ਅਸੀਂ ਵੱਡੇ ਵੱਡੇ ਪਹਿਲਵਾਨ

ਅਸੀਂ ਵੱਡੇ ਵੱਡੇ ਪਹਿਲਵਾਨ
ਸਵੇਰੇ ਹੀ ਕੱਸ ਲੈਂਦੇ ਹਾਂ ਲੰਗੋਟੇ
ਲੜਨ ਲਈ ਭੁੱਖ ਨੰਗ ਨਾਲ
ਜੋੜ ਤੋੜ ਜੋੜ ਤੋੜ ਕਰਦੇ ਰਹਿਣਾ ਸਾਡੀ ਕਸਰਤ ਹੈ
ਦਾਅ ਬਹੁਤ ਡਾਢੇ ਨੇ
ਬੋਲਣ ਦੀ ਥਾਂ ਚੁੱਪ ਕਰ ਜਾਣਾ

ਪੀਣ ਦੀ ਥਾਂ ਪਿਆਸੇ ਮਰ ਜਾਣਾ
ਖਾਣ ਦੀ ਥਾਂ ਕਸਮ ਖਾਣੀ ਲੜਦੇ ਰਹਿਣ ਦੀ
ਪਛਾੜਦੇ ਹਾਂ ਵੱਡੇ ਵੱਡੇ ਪਹਿਲਵਾਨ
ਗਰਦਨ 'ਤੇ ਗੋਡਾ ਧਰ ਕੇ
ਖੇਤ ਪਏ ਗਧੇ ਵਾਲੀ ਜੂਨ ਭੋਗਦੇ ਹਾਂ
ਪਰ ਤਾਂ ਵੀ ਅਸੀਂ ਵੱਡੇ ਵੱਡੇ ਪਹਿਲਵਾਨ
ਸਵੇਰੇ ਹੀ ਕੱਸ ਲੈਂਦੇ ਹਾਂ ਲੰਗੋਟੇ

ਵ

(ਲਾਲ ਸਿੰਘ ਦਿਲ ਦੀਆਂ ਇਹ ਕਵਿਤਾਵਾਂ ਰਜਿੰਦਰ ਬਿਮਲ ਜੀ ਕੋਲੋਂ ਧੰਨਵਾਦ ਸਹਿਤ ਮਿਲੀਆਂ)



## ਪੰਜ ਕਵਿਤਾਵਾਂ : **ਤਾਹਿਰਾ ਸਰਾ**

### ਜਾ ਨੀ ਪਿਛਲ ਪੈਰੀਏ ਸਾਹਿਬਾਂ !

ਜਾ ਨੀ ਪਿਛਲ ਪੈਰੀਏ ਸਾਹਿਬਾਂ ! ਮਾਣ ਵਧਾਇਆ ਈ ਵੀਰਾਂ ਦਾ
ਮੈਂ ਖ਼ਮਿਆਜ਼ਾ ਭੁਗਤ ਰਹੀ ਆਂ ਤੇਰੇ ਤੋੜੇ ਤੀਰਾਂ ਦਾ।

ਕੱਲ੍ਹ ਮੈਂ ਨਕਸ਼ਾ ਵੇਖ ਰਹੀ ਸਾਂ ਹੱਥਾਂ ਵਿਚ ਲਕੀਰਾਂ ਦਾ
ਇੰਜ ਈ ਸਮਝੋ ਜਿਸਰਾਂ ਗੁੱਛਾ ਕਿੱਕਰ ਟੰਗੀਆਂ ਲੀਰਾਂ ਦਾ।

ਸ਼ਕਲਾਂ ਉੱਤੇ ਸ਼ਕਲਾਂ ਚੜ੍ਹੀਆਂ, ਜੋ ਦਿਸਦਾ ਏ ਹੁੰਦਾ ਨਹੀਂ
ਮੈਨੂੰ ਪੁੱਛੋ ਵੇਖ ਰਹੀ ਆਂ ਦੂਜਾ ਰੁਖ਼ ਤਸਵੀਰਾਂ ਦਾ।

ਆਪਣੇ ਅਮਲੀਂ ਆਪੇ ਮਰਦੇ ਕਰਨੀ ਭਰਨੀ ਹੁੰਦੀ ਏ
ਕਮਲੇ ਝੱਲੇ ਭੋਲੇ ਲੋਕੀਂ ਨਾਂ ਲਾਉਂਦੇ ਤਕਦੀਰਾਂ ਦਾ।

ਆਪਣੇ ਦਰ ਦੀ ਬਾਂਦੀ ਸਮਝੇਂ, ਮੰਗਤੀ ਸਮਝੇਂ ਸਮਝੀ ਜਾ
ਇਹ ਵੀ ਸੋਚ ਕੀ ਹੱਥ ਹੁੰਦਾ ਏ ਮਹਿਲਾਂ ਹੇਠ ਫ਼ਕੀਰਾਂ ਦਾ।

ਰਾਂਝੇ ਤਖ਼ਤ ਹਜ਼ਾਰੇ ਬੈਠੇ ਝੰਗ ਮਘਿਆਣੇ ਕੈਦੋ ਨੇਂ
ਖੇੜੇ ਜੰਞਾਂ ਚਾੜ੍ਹੀ ਜਾਵਣ ਅੱਲ੍ਹਾ ਈ ਵਾਰਿਸ ਏ ਹੀਰਾਂ ਦਾ।

'ਤਾਹਿਰਾ' ਮੈਂ ਤੇ ਲਿੱਖ ਛੱਡਣੀ ਆਂ ਰਾਮ ਕਹਾਣੀ ਵੇਲੇ ਦੀ
ਭਾਵੇਂ ਅੱਖਾਂ ਲੂਸਣ ਪਈਆਂ ਤਕ ਤਕ ਮੂੰਹ ਤਹਿਰੀਰਾਂ ਦਾ।

### ਭਾਵੇਂ ਉਹਦੇ ਸਾਹਵੇਂ ਮੁੱਕਰ ਜਾਨੀ ਆਂ

ਭਾਵੇਂ ਉਹਦੇ ਸਾਹਵੇਂ ਮੁੱਕਰ ਜਾਨੀ ਆਂ
ਸੱਚੀ ਗੱਲ ਏ ਮੈਂ ਵੀ ਓਦਰ ਜਾਨੀ ਆਂ।

ਮੇਰੀ ਤਾਕਤ ਦਾ ਅੰਦਾਜ਼ਾ ਕੀ ਹੋਵੇ
ਰਸਮਾਂ ਵਿਚ ਈ ਖਿੱਲਰ ਪਿੱਲਰ ਜਾਨੀ ਆਂ।

ਯਾਦ ਵੀ ਮਿਕਨਾਤੀਸੀ ਵਾ ਦਾ ਬੁੱਲਾ ਏ
ਜਿਧਰੋਂ ਆਵੇ ਉਧਰ ਉਲਰ ਜਾਨੀ ਆਂ।

ਸਾਰੀ ਰਾਤ ਮੈਂ ਸੁਫ਼ਨੇ ਉਣਦੀ ਥੱਕਦੀ ਨਈਂ
ਦਿਨ ਚੜ੍ਹਦਾ ਏ ਤੇ ਖ਼ੌਰੇ ਕਿਧਰ ਜਾਨੀ ਆਂ।

ਹੌਲੀ ਜਿਹੀ ਉਹ ਮੈਨੂੰ 'ਤਾਹਿਰਾ' ਕਹਿੰਦਾ ਏ
ਉੱਡਦੀ ਉੱਡਦੀ ਅੰਬਰਾਂ ਤੀਕਰ ਜਾਨੀ ਆਂ।

## ਪਹਿਲੀ ਗੱਲ ਕਿ ਸਾਰੀ ਗ਼ਲਤੀ ਮੇਰੀ ਨਈਂ

ਪਹਿਲੀ ਗੱਲ ਕਿ ਸਾਰੀ ਗ਼ਲਤੀ ਮੇਰੀ ਨਈਂ
ਜੇ ਕਰ ਮੇਰੀ ਵੀ ਏ ਕੀ ਮੈਂ ਤੇਰੀ ਨਈਂ ?

ਉਹ ਕਹਿੰਦਾ ਏ ਪਿਆਰ ਤੇ ਜੰਗ ਵਿਚ ਜਾਇਜ਼ ਏ ਸਭ
ਮੈਂ ਕਹਿੰਨੀ ਆਂ ਊਂ ਹੂੰ...ਹੇਰਾ ਫੇਰੀ ਨਈਂ।

ਕਸਰਾਂ ਡਰਦਾ ਘੁਣ ਖਾ ਜਾਂਦਾ ਏ ਨਿੰਦਰ ਨੂੰ
ਤੂੰ ਕੀ ਜਾਨੈਂ ਤੇਰੇ ਘਰ ਜੋ ਬੇਰੀ ਨਈਂ।

ਮੇਰੀ ਮੰਨ ਤੇ ਆਪਣੇ ਆਪਣੇ ਰਾਹ ਪਈਏ
ਕੀ ਕਹਿਨਾਂ ਏਂ, ਜਿੰਨੀ ਹੋਈ ਬਥੇਰੀ ਨਈਂ।

'ਤਾਹਿਰਾ' ਪਿਆਰ ਦੀ ਖ਼ੌਰੇ ਕਿਹੜੀ ਮੰਜ਼ਿਲ ਏ
ਸਭ ਕੁਝ ਮੇਰਾ ਏ ਪਰ ਮਰਜ਼ੀ ਮੇਰੀ ਨਈਂ।

## ਕੰਧਾਂ ਕੋਠੇ ਡੋਰੇ ਹੋ ਗਏ ਸੁਣ ਸੁਣ ਰੌਲੇ ਅੱਖਾਂ ਦੇ

ਕੰਧਾਂ ਕੋਠੇ ਡੋਰੇ ਹੋ ਗਏ ਸੁਣ ਸੁਣ ਰੌਲੇ ਅੱਖਾਂ ਦੇ
ਐਵੇਂ ਤੇ ਨਹੀਂ ਇੱਟਾਂ ਵਿਚੋਂ ਪੈਂਦੇ ਝੋਲੇ ਅੱਖਾਂ ਦੇ।

ਇਕਲਾਪੇ ਨੇ ਲੂੰ ਲੂੰ ਦੇ ਨਾਂ ਉਮਰਾਂ ਲਾਈਆਂ ਹੋਈਆਂ ਸੀ
ਤੂੰ ਆ ਘੂੰ ਤੇ ਵਸਮਾ ਲਾ ਕੇ ਬਹਿ ਗਏ ਧੌਲੇ ਅੱਖਾਂ ਦੇ।

ਦਿਲ ਏ ਜਸਰਾਂ ਬੋਟ ਚਿੜੀ ਦਾ ਬਾਲਾਂ ਦੇ ਹੱਥ ਆ ਜਾਵੇ
ਜੀਵਨ ਜਸਰਾਂ ਪੈ ਗਏ ਹੋਵਣ ਸੁਫ਼ਨੇ ਹੌਲੇ ਅੱਖਾਂ ਦੇ।

ਵਾਊ ਰੌਲੇ ਯਾਦਾਂ ਦੇ ਪਏ ਰਸਮਾਂ ਵਾਂਗ ਡਰਾਉਂਦੇ ਨੇ
ਤਾਂਘਾਂ ਦੇ ਮੈਂ ਢਾਰੇ ਛੱਤੇ ਕਰ ਕੇ ਕੋਲੇ ਅੱਖਾਂ ਦੇ।

ਫੁੱਲਾਂ ਵਾਂਗ ਫਲੂ ਹੈ ਖਿੜ ਪਏ 'ਤਾਹਿਰਾ' ਅੱਜ ਸਿਰਹਾਣੇ 'ਤੇ
ਪੂਰੇ ਚੰਨ ਦੀ ਰਾਤ ਸੀ ਰਾਤੀਂ ਪਾਣੀ ਖੁੱਲ੍ਹੇ ਅੱਖਾਂ ਦੇ।

## ਫੜ ਕੇ ਹੱਥ ਲਕੀਰਾਂ ਹੱਥ ਕੀ ਆਇਆ ਏ

ਫੜ ਕੇ ਹੱਥ ਲਕੀਰਾਂ ਹੱਥ ਕੀ ਆਇਆ ਏ
ਖਿੱਦੋ ਬਣ ਕੇ ਲੀਰਾਂ ਹੱਥ ਕੀ ਆਇਆ ਏ।

ਕੋਰੇ ਕਾਗ਼ਜ਼ ਐਵੇਂ ਉਡਦੇ ਫਿਰਦੇ ਨੇ
ਅਣਲਿਖੀਆਂ ਤਹਿਰੀਰਾਂ ਹੱਥ ਕੀ ਆਇਆ ਏ।

ਮਿਰਜ਼ੇ ਨੂੰ ਤੇ ਇਸ਼ਕ ਸਲਾਮਤ ਰੱਖੇਗਾ
ਸਾਹਿਬਾਨ ! ਤੇਰੇ ਵੀਰਾਂ ਹੱਥ ਕੀ ਆਇਆ ਏ ?

ਹਿੰਮਤ ਵਾਲੇ ਬਾਜੀ ਜਿੱਤ ਕੇ ਲੈ ਗਏ ਨੇ
ਵਿਹਲੜਿਆਂ ਤਕਦੀਰਾਂ ਹੱਥ ਕੀ ਆਇਆ ਏ

ਸ਼ੀਸ਼ੇ ਅੱਗੇ ਸ਼ੀਸ਼ਾ ਧਰਿਆ ਵੇਲੇ ਦਾ
ਦੋ ਰੱਖੀਆਂ ਤਸਵੀਰਾਂ ਹੱਥ ਕੀ ਆਇਆ ਏ

ਬਾਲਨਾਥਾ ! ਹੀਰ ਨੇ ਜ਼ਹਿਰਾਂ ਖਾਲਿਆਂ
ਤੇਰੇ ਪੰਜਾਂ ਪੀਰਾਂ ਹੱਥ ਕੀ ਆਇਆ ਏ ?

ਜੁਲੀ 'ਤਾਹਿਰਾ' ਨੂੰ ਵੀ ਮਾਂ ਸਮਝਾਉਂਦੀ ਰਹੀ
ਸੱਸੀਆਂ ਸੋਹਣੀਆਂ ਹੀਰਾਂ ਹੱਥ ਕੀ ਆਇਆ ਏ।

## *ਸੁਖ਼ਨ ਜਿਨ੍ਹਾਂ ਦਾ ਦਾਰੂ ਹੋਵੇ*



ਗੀਝਾਂ ਹਮੇਸ਼ ਤੋਂ ਈ ਮੈਨੂੰ ਮਨਪਸੰਦ ਖਿਡੌਣੇ ਜਿਹੀਆਂ ਲੱਗਦੀਆਂ ਸੀ, ਕਦੀ ਇਹ ਖਿਡੌਣਾ ਮੈਥੋਂ ਖੁਸ ਗਿਆ, ਕਦੀ ਭੁੱਲ-ਪੁਣੇ 'ਚ ਟੁੱਟ ਗਿਆ ਤੇ ਕਦੀ ਮੈਂ ਹੱਥੀਂ ਤੋੜ ਦਿੱਤਾ। ਇਨਕਾਰ ਮੇਰੀ ਗੁੜਤੀ ਵਿਚ ਸੀ। ਨਿੱਕਿਆਂ ਹੁੰਦਿਆਂ ਵੀਰ ਦੇ ਮਾਰਨ 'ਤੇ ਮਾਂ ਕਹਿੰਦੀ—"ਕੋਈ ਗੱਲ ਨਹੀਂ, ਵੀਰ ਏ ਤੇਰਾ।"

ਮੈਂ ਪਿੱਟ ਉੱਠਦੀ—ਵੀਰ ਏ ਤੇ ਮੈਂ ਕੀ ਕਰਾਂ ? ਮੈਂ ਵੀ ਤੇ ਭੈਣ ਆਂ।

ਮਾਸੂਮ ਜ਼ਿਹਨ 'ਚ ਸਵਾਲ ਉੱਠਦੇ ਰਹੇ।

ਮੈਂ ਈ ਕਿਉਂ ? ਮੇਰੇ ਨਾਲ ਈ ਕਿਉਂ ? ਸਬਰ ਮੈਂ ਈ ਕਿਉਂ ਕਰਾਂ ?

ਨਿੱਕੇ ਨਿੱਕੇ ਹੱਥ ਸੜਦੇ ਸੜਾਉਂਦੇ ਵਿੰਗੀਆਂ ਚਿੱਬੀਆਂ ਰੋਟੀਆਂ ਵੇਲਣ ਲੱਗ ਪਏ, ਰੋਟੀਆਂ ਗੋਲ ਹੋਈਆਂ ਤੇ ਦੁਨੀਆ ਵੀ ਸੋਹਣੀ ਲੱਗਣ ਲੱਗ ਪਈ, ਸੋਹਣ ਸ਼ਿਅਰਾਂ 'ਚੋਂ ਝਲਕਿਆ ਤੇ ਮੈਂ ਡਰ ਗਈ, ਸਾਰਾ ਵਜੂਦ ਅੱਖ ਬਣ ਗਿਆ ਤੇ ਮੈਂ ਉਹ ਵੇਖਣ ਲੱਗ ਪਈ ਜੋ ਦੂਜੇ ਨਹੀਂ ਸਨ ਵੇਖ ਸਕਦੇ। ਅੱਖ ਤੇ ਲਾਲ ਪੱਟੀ ਬੱਝੀ ਤੇ ਮੈਂ ਆਪਣੇ ਹਾਸੇ, ਹੰਝੂ, ਚੀਕਾਂ ਸ਼ਾਇਰੀ 'ਚ ਦੱਬਣ ਲੱਗ ਪਈ।

ਸੋਚ ਤੇ ਜ਼ਬਾਨ 'ਚ ਫ਼ਰਕ ਸੀ ਏਸ ਲਈ ਮੈਂ ਉਲਝਦੀ ਰਹੀ, ਲਫ਼ਜ਼ ਸੋਚ ਦੇ ਮਿਆਰ 'ਤੇ ਪੂਰਾ ਨਹੀਂ ਸਨ ਉਤਰਦੇ। ਪੈਗ਼ੰਬਰੀ ਉਮਰ 'ਚ ਅੱਪੜੀ ਤੇ ਸੋਚ ਦੀ ਜ਼ਬਾਨ ਵੱਲ ਪਰਤਣਾ ਪਿਆ, ਉਹ ਜ਼ਬਾਨ ਜਿਹੜੀ ਮੇਰੇ Genes 'ਚ ਸ਼ਾਮਿਲ ਸੀ।

ਰਹਿ ਗਈ ਗੱਲ ਸ਼ਾਇਰੀ ਦੀਆਂ ਸਿਨਫ਼ਾਂ ਦੀ ਤੇ ਉਨ੍ਹਾਂ 'ਚ ਕੀ ਰੱਖਿਆ ਏ। ਸ਼ਾਇਰੀ ਤੇ ਸ਼ਾਇਰੀ ਏ, ਆਪਣੀ ਗੱਲ ਕਰਨੀ ਏ ਜਿਹੜੇ ਢੰਗ ਵਿਚ ਵੀ ਹੋ ਸਕੇ। 'ਸ਼ੀਸ਼ਾ' ਇਨਕਾਰ ਏ, ਮੁਕਾਲਮਾ ਏ...ਵੇਖੋ...।

*-ਤਾਹਿਰਾ ਸਰਾ*

ਕਵਿਤਾ : **ਰੋਜ਼ੀ ਮਾਨ**

## ਸਦਕੇ ਜਾਵਾਂ

ਸਦਕੇ ਜਾਵਾਂ
ਜੱਗ ਵੈਰੀ 'ਤੋਂ,
ਤੋੜਨ ਚੱਲਿਆ ਮੈਨੂੰ
ਹੋਰ ਜੋੜ ਗਿਆ।

ਖੇਡ ਕੰਡਿਆਂ ਵਾਲੀ
ਰਸਤੇ 'ਚ ਖਲਾਰ,
ਸਾਫ਼, ਖੁੱਲ੍ਹੇ ਰਾਹ
ਵੱਲ ਮੋੜ ਗਿਆ।

ਹਰ ਪਾਸੇ
ਉੱਚੀ ਰੌਲ਼ਾ ਪਾ,
ਕਰ ਪੂਰੀ ਮੇਰੀ
ਇਹ ਲੋੜ ਗਿਆ।

ਜੋ ਡਰ ਤੇ ਵਹਿਮ
ਕੋਈ ਦਿਲ ਵਿਚ ਸਨ,
ਵੱਸਦਾ ਰਹੇ
ਸਭ ਤੋੜ ਗਿਆ।

ਐਵੇਂ ਸਾਂ ਮਾਰਦੀ
ਹੱਥ-ਪੱਲਾ,
ਉਹ ਆਪ ਫੜਾ
ਹੱਥ ਡੋਰ ਗਿਆ।

ਮੇਰੇ ਨਿੱਕੇ ਸੁਪਨੇ
ਭੰਨ ਕੇ ਉਹ,
ਇਕ ਨਵੀਂ ਚੜ੍ਹਾ ਕੇ
ਲੋਰ ਗਿਆ।

ਨਾ ਕਹਿੰਦੋਂ ਕੁਝ
ਡਰ ਜਾਂਦੀ ਮੈਂ,
ਪਾ ਰੌਲ਼ਾ
ਕਰ ਕਠੋਰ ਗਿਆ।

ਪਰਥਾਓ ਜੋ ਕੀਤਾ
ਮੇਰੇ 'ਤੇ,
ਸਭ ਤੋਂ ਉੱਚੀ ਕੰਧ
ਭੋਰ ਗਿਆ।

ਮੈਂ ਸਦਕੇ ਜਾਵਾਂ।

# ਕਿੱਸਾ ਕਮਿਊਨਿਸਟ ਲਹਿਰਾਂ ਦੀਆਂ ਪ੍ਰਾਪਤੀਆਂ ਅਪ੍ਰਾਪਤੀਆਂ ਦਾ

*ਜਗਜੀਤ ਸਿੰਘ ਆਨੰਦ*

*2021 ਜਗਜੀਤ ਸਿੰਘ ਆਨੰਦ ਜੀ ਦਾ ਜਨਮ ਸ਼ਤਾਬਦੀ ਵਰ੍ਹਾ ਹੈ। ਸੁਕੀਰਤ ਉਨ੍ਹਾਂ ਦੀ ਬਹੁ-ਵਿਧਾਈ ਵਾਰਤਕ ਦੀਆਂ ਕੁਝ ਭੁੱਲੀਆਂ-ਵਿਸਰੀਆਂ ਵੰਨਗੀਆਂ ਇਕੱਤਰ ਕਰ ਰਿਹਾ ਹੈ ਤਾਂ ਜੋ ਵੱਖ-ਵੱਖ ਸਾਹਿਤਕ ਪਰਚਿਆਂ ਵਿਚ ਛਪਾ ਕੇ ਉਨ੍ਹਾਂ ਨੂੰ ਯਾਦ ਕੀਤਾ ਜਾ ਸਕੇ। ਇਸੇ ਆਸ਼ਾ ਲਈ ਸੁਕੀਰਤ ਵੱਲੋਂ ਵਾਹਗਾ ਲਈ ਭੇਜੇ ਗਏ ਲੇਖਾਂ ਵਿਚੋਂ ਇਕ ਲੇਖ ਵਾਹਗਾ ਦੇ ਪਾਠਕਾਂ ਨਾਲ ਸਾਂਝਾ ਕਰ ਰਹੇ ਹਾਂ। ਇਸ ਦੇ ਨਾਲ ਹੀ ਜਗਜੀਤ ਸਿੰਘ ਆਨੰਦ ਜੀ ਦੀ ਸ਼ਖ਼ਸੀਅਤ ਅਤੇ ਉਨ੍ਹਾਂ ਦੀ ਪ੍ਰਤਿਭਾਂ ਨੂੰ ਦਰਸਾਉਂਦਾ ਬਲਬੀਰ ਪਰਵਾਨਾ ਦਾ ਲੇਖ ਵੀ ਪ੍ਰਕਾਸ਼ਿਤ ਕਰ ਰਹੇ ਹਾਂ।*

1938 ਦੇ ਉਸ ਪਹਿਲੇ ਇਕੱਠ ਤੋਂ ਲੈ ਕੇ ਜਿਹੜਾ ਪੁਰਾਣੀ ਅਨਾਰਕਲੀ ਤੇ ਯੂਨੀਵਰਸਿਟੀ ਦੇ ਖੇਡ ਮੈਦਾਨ ਨੂੰ ਜਾਂਦੀ ਸੜਕ ਦੇ ਪਰਲੇ ਸਿਰੇ ’ਤੇ ਇੱਕ ਵਾਹਵਾ ਖੁੱਲ੍ਹੀ-ਡੁੱਲ੍ਹੀ ਧਰਮਸ਼ਾਲਾ ਦੇ ਵੱਡੇ ਮੋਕਲੇ ਚੁਬਾਰੇ ਵਿਚ ਹੋਇਆ ਸੀ ਤੇ ਜਿਸ ਵਿਚ ਪੰਜਾਬ ਭਰ ਦੇ 73 ਕਮਿਊਨਿਸਟ ਆਪਣੀ ਇਕ ਨੀਮ-ਗੁਪਤ ਕਾਨਫਰੰਸ ਲਈ ਜੁੜੇ ਸਨ ਘੱਟ-ਵੱਧ ਸੱਠ ਸਾਲ ਤੱਕ ਮੈਂ ਭਾਰਤੀ ਕਮਿਊਨਿਸਟ ਪਾਰਟੀ ਦੀ ਪਹਿਲੀ ਪਾਲ ਵਿਚ ਹੀ ਕੰਮ ਕਰਦਾ ਰਿਹਾ। ਹੁਣ ਜਥੇਬੰਦਕ ਪੱਖੋਂ ਨਾਤਾ ਭਾਵੇਂ ਰਸਮੀ ਜਿਹਾ ਹੀ ਰਹਿ ਗਿਆ ਹੈ ਹਾਂ ਤਾਂ ਉਨ੍ਹਾਂ ਗਿਣਵੇਂ ਕਮਿਊਨਿਸਟਾਂ ਵਿਚੋਂ ਹੀ ਜਿਹੜੇ ਨਵੀਂ ਸਦੀ ਦਾ ਦੂਜਾ ਸਾਲ ਅੱਧਾ ਬੀਤ ਜਾਣ ਦੇ ਬਾਵਜੂਦ ਅੱਜ ਵੀ ਕਾਰਜਸ਼ੀਲ ਹਨ। ਜੁੜਿਆ ਰਿਹਾ ਭਾਵੇਂ ਸਾਰਾ ਸਿਆਸੀ ਜੀਵਣ ਇਕ ਪਾਰਟੀ-ਭਾਰਤੀ ਕਮਿਊਨਿਸਟ ਪਾਰਟੀ ਨਾਲ ਪਰ ਇਸ ਪਾਰਟੀ ਵਿਚੋਂ ਟੁੱਟ ਕੇ ਜਦੋਂ ਮਾਰਕਸੀ ਪਾਰਟੀ ਬਣ ਗਈ ਅਤੇ ਉਸ ਵਿਚੋਂ ਨਿਕਲ ਕੇ ਬਣੇ ਇਕ ਤੇ ਪਿੱਛੇ ਦੂਜੇ ਨਕਸਲੀ ਕਮਿਊਨਿਸਟਾਂ ਗਰੋਹਾਂ ਦੀ ਗਿਣਤੀ ਡੇਢ ਦਰਜਨ ਤੋਂ ਵੀ ਟੱਪ ਗਈ, ਕੋਸ਼ਿਸ਼ ਮੈਂ ਸਦਾ ਇਹ ਕੀਤੀ ਕਿ ਸਾਰੀਆਂ ਵੰਨਗੀਆਂ ਦੇ ਕਮਿਊਨਿਸਟਾਂ ਨਾਲ ਸੰਬਧ ਸਦਭਾਵਨਾ ਵਾਲੇ ਹੀ ਰਹਿਣ। ਮਾਰਕਸੀ ਪਾਰਟੀ ਵਿਚ ਜਾਣ ਵਾਲੇ ਸਾਥੀ ਜਿੰਨ੍ਹਾਂ ਵਿਚ ਫੌਜਾ ਸਿੰਘ ਭੁੱਲਰ ਵਰਗੇ ਮੇਰੇ ਜਿਗਰੀ ਯਾਰ ਵੀ ਸਨ। ਜਦੋਂ ਮੈਨੂੰ ਸੁਧਾਰਵਾਦੀ ਤੇ ਕਾਂਗਰਸ ਪੱਖੀ ਸਮਝਦੇ ਸਨ ਤਾਂ ਉਨ੍ਹਾਂ ਨਾਲੋਂ ਵੀ ਕਾਹਲੇ-ਬਾਲੇ ਨਕਸਲੀ ਕਮਿਊਨਿਸਟਾਂ ਵਲੋਂ ਮੈਨੂੰ ਉੱਕਾ ਹੀ ਗਇਆ-ਗੁਜ਼ਰਿਆ ਸਮਝਣ ਉੱਤੇ ਮੈਨੂੰ ਅਚੰਭਾ ਨਹੀਂ ਸੀ ਹੁੰਦਾ। ਸਗੋਂ ਮੈਂ ਤਾਂ ਟੁੱਟੀ-ਜਾਣਾ ਬਣੀ-ਜਾਣ ਅਤੇ ਅੱਗੇ ਤੋਂ ਅੱਗੇ ਤੁਰੀ ਜਾਣ ਵਿਚ ਉਨ੍ਹਾਂ ਦਾ ਕਦੇ ਦੋਸ਼ ਹੀ ਨਹੀਂ ਸੀ ਸਮਝਿਆ। ਕਸੂਰ ਉਨ੍ਹਾਂ ਦਾ ਤਾਂ ਏਨਾਂ ਹੀ ਸੀ ਕਿ ਮਾਰਕਸੀ ਪਾਰਟੀ ਬਣਾਉਣ ਵੇਲੇ ਮਾਂ-ਪਾਰਟੀ ਨਾਲੋਂ ਟੁੱਟਣ ਵਾਲਿਆਂ ਆਗੂਆਂ ਜੋ ਸਬਕ ਉਨ੍ਹਾਂ ਨੂੰ ਪੜ੍ਹਾਇਆ ਸੀ ਉਸ ਨੂੰ ਉਨ੍ਹਾਂ ਪੱਕੀ ਗੰਢ ਪਾ ਕੇ ਪੱਲੇ ਬੰਨ੍ਹ ਲਿਆ। ਮੇਰੀ ਜਾਚੇ ਉਹ ਇਨਕਲਾਬ ਲਈ ਉਤਾਵਲੇ ਤਾਂ ਬਹੁਤ ਸਨ, ਪਰ ਉਨ੍ਹਾਂ ਦਾ ਮਾਰਕਸਵਾਦ ਬਾਰੇ ਗਿਆਨ ਕੱਚ-ਘਰੜ ਹੀ ਸੀ। ਉਹ ਇਨਕਲਾਬ ਲਈ ਆਪ ਕੁਰਬਾਨ ਹੋਣ ਦਾ ਜਜ਼ਬਾ ਤਾਂ ਕਮਾਲ ਦਾ ਰੱਖਦੇ ਸਨ ਪਰ ਹੋਰਨਾਂ ਨੂੰ ਤਿਆਰ ਕਰਨ ਵਾਸਤੇ ਜਨਤਕ ਜਥੇਬੰਦੀਆਂ ਉਸਾਰਨ-ਚਲਾਉਣ ਦਿਨ ਦੀਵੀਂ ਦੇ ਮਸਲਿਆਂ ਬਾਰੇ ਘੋਲਾਂ ਵਿਚ ਪਾ ਕੇ ਕਾਡਰ ਨੂੰ ਚੰਡਣ-ਘੜਨ ਵਰਗੇ ਚੀੜ੍ਹੇ ਕੰਮਾਂ ਨੂੰ ਨੇਪਰੇ ਚਾੜ੍ਹਨ ਜੋਗਾ ਜੇਰਾ ਨਹੀਂ ਸੀ ਰੱਖਦੇ।

ਜਦੋਂ ਉਹ ਭਾਰਤੀ ਕਮਿਊਨਿਸਟ ਪਾਰਟੀ ਨੂੰ ਹੀ ਗਈ-ਗੁਜ਼ਰੀ ਸੁਧਾਰਵਾਦੀ ਪਾਰਟੀ ਸਮਝਦੇ ਸਨ। ਉਸ ਪਾਰਟੀ ਵਿਚਲੇ ਮੇਰੇ ਵਰਗੇ ਸੱਜੇ-ਪੱਖੀ ਸੋਚ ਦੇ ਧਾਰਨੀ ਗਰਦਾਨੇ ਗਏ ਲੋਕਾਂ ਨੂੰ ਤਾਂ ਉਹ ਅਸਲੋਂ ਨਫਿਟ ਸਮਝਦੇ ਸਨ। ਇਸ ਲਈ ਜਦੋਂ ਸਰਦਾਰ ਪਟੇਲ ਤੋਂ ਤੁਰ ਕੇ ਸਰਦਾਰ ਬਾਦਲ ਤੱਕ ਦੇ ਸਾਰੇ ਸਰਦਾਰਾਂ ਉਨ੍ਹਾਂ ’ਤੇ ਜ਼ੁਲਮਾਂ ਦਾ ਝੱਖੜ ਝੁਲਾਉਣ ਵੱਲ ਮੂੰਹ ਭਰ ਲਿਆ ਅਤੇ ਜਦੋਂ ਪਾਰਲੀਮੈਂਟ ਦੇ ਅੰਦਰ ਬਾਹਰ ਉਨ੍ਹਾਂ ਦੇ ਹੱਕ ਵਿਚ ਮੇਰੇ ਵਰਗਿਆਂ ਜੋ ਲਿਖਿਆ-ਬੋਲਿਆ ਸੀ ਉਹ ਉਨ੍ਹਾਂ ਨੂੰ ਪੁਹਣਾ ਤੱਕ ਪਹੁੰਦਾ ਨਹੀਂ ਸੀ। ਨਾ ਇਹ ਗੱਲ ਉਨ੍ਹਾਂ ਦੀ ਸੋਚ ਦੀ ਉਣਤਰ-ਬਣਤਰ ਉੱਤੇ ਕਾਟ ਕਰਦੀ ਕਿ ਜਦੋਂ ਜਿੰਨ੍ਹਾਂ ਮਾਰਕਸੀ ਪਾਰਟੀ ਵਾਲਿਆਂ ਵਿਚੋਂ ਉਹ ਨਿਕਲ ਕੇ ਆਏ ਸਨ। ਉਹ ਤਾਂ ਉਨ੍ਹਾਂ ਨੂੰ ਗਦਾਰ ਤੇ ਸੀ ਆਈ ਏ ਦੇ ਏਜੰਟ ਤੱਕ ਆਖ ਕੇ ਭੰਡਦੀ ਸੀ, ਪਰ ਅਸੀਂ ਉਨ੍ਹਾਂ ਦੀ

ਵਿਚਾਰਧਾਰਕ ਸੋਚ ਤੇ ਪਹੁੰਚ ਨੂੰ ਸਖ਼ਤ ਊਣੀ-ਪੌਣੀ ਸਮਝਦੇ ਹੋਏ ਵੀ ਉਨ੍ਹਾਂ ਦੀਆਂ ਇਨਕਲਾਬੀ ਭਾਵਨਾਵਾਂ ਦੇ ਕਦਰਦਾਨ ਰਹੇ ਅਤੇ ਉਨ੍ਹਾਂ ਵਿਰੁੱਧ ਤਸ਼ੱਦਦ ਨੂੰ ਸਖ਼ਤੀ ਨਾਲ ਨਿੰਦਦੇ ਰਹੇ।

ਇਹ ਸੋਚ-ਪਹੁੰਚ ਮੇਰੀ ਨਿੱਜੀ ਨਹੀਂ ਸੀ.ਪੀ.ਆਈ ਵਾਲਿਆਂ ਅਸਾਂ ਸਾਰਿਆਂ ਦੀ ਰਹੀ ਹੈ। ਅਤੇ ਜਿੱਥੇ ਤੱਕ ਕਾਮਰੇਡ ਮੋਹਿਤ ਸੇਨ ਵਲੋਂ ਖੜੀ ਕੀਤੀ ਯੂਨਾਈਟਿਡ ਕਮਿਊਨਿਸਟ ਪਾਰਟੀ ਜਾਂ ਸਾਡੇ ਪ੍ਰਾਂਤ ਵਿਚ ਕਾਮਰੇਡ ਜਗਜੀਤ ਸਿੰਘ ਲਾਇਲਪੁਰੀ ਵਲੋਂ ਬਣਾਈ ਵੱਖਰੀ ਕਮਿਊਨਿਸਟ ਪਾਰਟੀ ਦਾ ਸੁਆਲ ਹੈ। ਸਖ਼ਤ ਮਤਭੇਦਾਂ ਦੇ ਬਾਵਜੂਦ ਅਸੀਂ ਉਨ੍ਹਾਂ ਦੇ ਕੱਟੜ ਵਿਰੋਧ ਵਾਲਾ ਵਤੀਰਾ ਕਦੇ ਨਹੀਂ ਅਪਣਾਇਆ। ਹੋਰ ਤਾਂ ਹੋਰ ਹੁਣ ਆ ਕੇ ਜਦੋਂ ਕਾਮਰੇਡ ਮੰਗਤ ਰਾਮ ਪਾਸਲਾ ਨੇ ਪੰਜਾਬ ਵਿਚ ਕਾਮਰੇਡ ਸੁਰਜੀਤ ਵਿਰੁੱਧ ਬਗਾਵਤ ਦਾ ਝੰਡਾ ਚੁੱਕਿਆ ਹੈ। ਅਸੀਂ ਉਸ ਨਾਲ ਸਹਿਮਤੀ ਜਾਂ ਅਸਹਿਮਤੀ ਨੂੰ ਲਾਂਭੇ ਰੱਖ ਕੇ ਉਸ ਦੇ ਲਿਖਣ-ਬੋਲਣ ਮਿਲਣ-ਵਰਤਣ ਦੇ ਗੁਣਾਂ ਦੀ ਪ੍ਰਸੰਸਾ ਕਰਨ ਪੱਖੋਂ ਕਦੇ ਪਿੱਛੇ ਨਹੀਂ ਰਹੇ। ਤਦ ਵੀ ਅਸੀਂ ਭਾਰਤੀ ਕਮਿਊਨਿਸਟ ਲਹਿਰ ਅੰਦਰ ਪਈਆਂ ਵੰਡੀਆਂ ਬਾਰੇ ਹਮੇਸ਼ਾਂ ਚਿੰਤਤ ਰਹੇ ਹਾਂ ਅਤੇ ਹੁਣ ਵੀ ਸਾਡੀ ਰੀਝ ਹੈ ਕਿ ਜੇ ਉਹ ਸਾਰੇ ਇੱਕ ਨਹੀਂ ਹੋ ਸਕਦੇ ਤਾਂ ਆਪਣੇ ਤਫਰਕੇ ਘਟਾਉਣ-ਮਿਟਾਉਣ ਵੱਲ ਤਾਂ ਮੂੰਹ ਕਰਨ, ਕਿਉਂਕਿ ਅਜਿਹਾ ਕੀਤੇ ਬਗ਼ੈਰ ਅਜੋਕੀ ਅਤਿਅੰਤ ਨਾਜ਼ੁਕ ਅਵਸਥਾ ਵਿਚ ਦੇਸ਼ ਅੰਦਰਲੀਆਂ ਫਾਸ਼ਿਸ਼ਟ ਫਿਰਕੂ ਤਾਕਤਾਂ ਨਾਲ ਲੋਹਾ ਲੈਣ ਤੇ ਉਨ੍ਹਾਂ ਨੂੰ ਪਛਾੜਨ ਦੇ ਸਮਰੱਥ ਨਹੀਂ ਹੋ ਸਕਦੇ।

ਇਹ ਹੈ ਪਿਛੋਕੜ ਜਿਸ ਵਿਚ ਅਸੀਂ ਮਾਰਕਸੀ ਕਮਿਊਨਿਸਟ ਪਾਰਟੀ ਵਲੋਂ ਪੱਛਮੀ ਬੰਗਾਲ ਦੀ ਖੱਬੇ-ਪੱਖੀ ਸਰਕਾਰ ਦੇ ਸਿਲਵਰ ਜੁਬਲੀ ਸਮਾਗਮ ਦੀ ਗੱਲ ਕਰਨੀ ਹੈ, ਜਿਹੜਾ ਅਜੇ ਇਕ ਦਿਨ ਪਹਿਲਾਂ ਜਲੰਧਰ ਦੇ ਦੇਸ਼ਭਗਤ ਹਾਲ ਵਿਚ ਜੋੜਿਆ ਗਿਆ।

ਸਵੇਰੇ-ਸਵੇਰੇ ਪਈ ਬਰਖਾ ਰੁੱਤ ਦੀ ਪਹਿਲੀ ਵੱਡੀ ਬਾਰਸ਼ ਕਾਰਨ ਜਲੰਧਰ ਦੀਆਂ ਸੜਕਾਂ, ਬਜ਼ਾਰ ਤੇ ਉਸ ਨੂੰ ਪਹੁੰਚਣ ਵਾਲੇ ਰਾਹ ਪੈਂਡੇ ਸਾਰੇ ਜਲ-ਥਲ ਹੋ ਗਏ। ਇਸ ਕਾਰਨ ਇਹ ਸਮਾਗਮ ਸਵੇਰੇ ਯਾਰਾਂ ਵਜੇ ਦੀ ਥਾਂ ਦੁਪਹਿਰ ਇਕ ਵਜੇ ਦੇ ਕਰੀਬ ਹੀ ਆਪਣੀ ਚਾਲ ਫੜ ਸਕਿਆ। ਦੂਰੋਂ ਨੇੜਿਓਂ ਪਾਰਟੀ ਦੇ ਸਮਰਥਕ ਕਿਰਨਮ-ਕਿਰਨੀ ਆਉਂਦੇ ਗਏ ਅਤੇ ਅੰਤ ਨੂੰ ਨਾ ਸਿਰਫ਼ ਦੇਸ਼ ਭਗਤ ਯਾਦਗਾਰ ਦਾ ਉਪਰਲਾ ਵੱਡਾ ਹਾਲ ਹੀ ਭਰ ਗਿਆ, ਸਗੋਂ ਹਾਜ਼ਰੀ ਉਸ ਤੋਂ ਵਾਫਰ ਹੋ ਗਈ। ਜੇ ਕੋਈ ਗੱਲ ਖਟਕਦੀ ਸੀ ਤਾਂ ਸਿਰਫ਼ ਇਹ ਕਿ ਜਦੋਂ ਬੰਦਿਆਂ ਦੀ ਗਿਣਤੀ ਇਕ ਹਜ਼ਾਰ ਦੇ ਨੇੜੇ-ਤੇੜੇ ਪਹੁੰਚ ਗਈ, ਬੀਬੀਆਂ ਮੁਸ਼ਕਲ ਨਾਲ ਅੱਧਾ ਸੈਂਕੜਾ ਹੀ ਟੱਪ ਸਕੀਆਂ।

ਮੈਨੂੰ ਪੁਰਾਣੀ ਗੱਲ ਯਾਦ ਆ ਗਈ, 1956 ਵਾਲੀ ਸਾਂਝੀ ਪਾਰਟੀ ਦੀ ਪਾਲਘਾਟ ਕਾਂਗਰਸ ਪਿੱਛੋਂ ਜੋੜੇ ਗਏ ਜਥੇਬੰਦੀ ਦੀ ਹਾਲਤ ਵਿਚਾਰਨ ਲਈ ਕੀਤੇ ਗਏ ਸੂਬਾ ਪਲੈਨਮ ਦੀ। ਪਾਲਘਾਟ ਵਿਚ ਲਏ ਗਏ ਰਾਜਸੀ ਫੈਸਲਿਆਂ ਨੇ ਸਣੇ ਇਸ ਹਕੀਕਤ ਦੀ ਪ੍ਰਵਾਨਗੀ ਦੇ ਕੇ ਭਾਰਤ ਦੀ ਆਜ਼ਾਦੀ ਸੱਚੀ ਹੈ ਤਾਂ ਸਭ ਨੂੰ ਉਤਸ਼ਾਹਤ ਕੀਤਾ ਪਰ ਜਥੇਬੰਦੀ ਵਿਚ ਖੜੋਤ ਨੂੰ ਤੋੜਨ ਬਾਰੇ ਲੰਮੇ ਚੌੜੇ ਬਹਿਸ-ਮੁਬਾਹਿਸਆਂ ਦੇ ਬਾਵਜੂਦ ਕੋਈ ਗੱਲ ਨਹੀਂ ਸੀ ਬਣ ਰਹੀ। ਤਦੇ ਸਾਡੇ ਇਕ ਨਾਮਵਰ ਬੁੱਧੀਜੀਵੀ ਮੈਂਬਰ ਓ.ਪੀ. ਮੋਹਨ ਨੇ, ਜਿਹੜਾ ਉਨ੍ਹੀਂ ਦਿਨੀਂ ਤਾਂ ਅੰਬਾਲੇ ਪ੍ਰੋਫੈਸਰੀ ਕਰਦਾ ਸੀ ਪਰ ਪਿਛੋਂ ਜਲੰਧਰ ਦੇ ਦੁਆਬਾ ਕਾਲਜ ਦਾ ਸਫਲ ਪ੍ਰਿੰਸੀਪਲ ਵੀ ਰਿਹਾ, ਆਪਣੀ ਵਾਰੀ ਆਉਣ ਤੇ ਆਖਿਆ, "ਪਾਰਟੀ ਅੰਦਰਲੀ ਖੜੋਤ ਟੁੱਟੇ ਵੀ ਕਿਵੇਂ? ਸਾਡੀ ਇਕਵੰਜਾ ਮੈਂਬਰਾਂ ਦੀ ਸੂਬਾ ਕੌਂਸਲ ਵਿਚ ਸਿਰਫ ਇਕ ਇਸਤਰੀ ਮੈਂਬਰ ਹੈ : ਬੀਬੀ ਵਿਮਲਾ ਡਾਂਗ, ਅਤੇ ਤਿੰਨ ਹਿੰਦੂ ਹਨ ਕਾਮਰੇਡ ਸੱਤਪਾਲ ਡਾਂਗ, ਦੇਸ਼ ਰਾਜ ਚੱਢਾ ਤੇ ਮੈਂ। ਪਰ ਅਬਾਦੀ ਪੰਜਾਬ ਦੀ ਪੌਣੇ ਦੋ ਕਰੋੜ ਨੂੰ ਟੱਪ ਗਈ ਹੈ ਜਿਸ ਵਿਚੋਂ ਅੱਧੀਆਂ ਇਸਤਰੀਆਂ ਨੇ ਤੇ ਹਰ ਪੰਜ ਮਰਦਾਂ ਵਿਚ ਦੋ ਹਿੰਦੂ। ਸਾਡੀ ਪਾਰਟੀ ਦਾ ਤਾਂ ਨਾਂਅ ਹੀ ਭਾਰਤੀ 'ਕਮਿਊਨਿਸਟ ਪਾਰਟੀ ਪੰਜਾਬ' ਦੀ ਥਾਂ 'ਸਿੱਖ-ਮਰਦ-ਕਮਿਊਨਿਸਟ ਪਾਰਟੀ ਪੰਜਾਬ' ਹੋਣਾ ਚਾਹੀਦਾ ਹੈ।"

ਮੇਰੇ ਮਨ ਵਿਚ ਆਇਆ ਕਿ ਸਾਂਝੀ ਪਾਰਟੀ ਵੇਲੇ ਦੇ ਉਸ ਪਲੈਨਮ ਨੂੰ ਸੰਤਾਲੀ ਸਾਲ ਹੋ ਚੁੱਕੇ ਹਨ ਵਿਧਾਨ-ਕਾਨੂੰਨ 'ਚ ਢੇਰ ਵਾਧਾ ਹੋ ਚੁੱਕਾ ਹੈ ਇਸਤਰੀਆਂ ਦੇ ਦਰਜੇ ਦਾ। ਪੰਚਣੀਆਂ, ਸਰਪੰਚਣੀਆਂ ਤੇ ਜ਼ਿਲ੍ਹਾ ਪ੍ਰੀਸ਼ਦਾਂ ਦੀ ਮੈਂਬਰੀ ਆਦਿ ਰਾਹੀਂ ਉਨ੍ਹਾਂ ਦੇ ਸਮਾਜੀ ਮਰਾਤਬੇ ਵਿਚ ਵੀ ਚੋਖੀ ਬਿਹਤਰੀ ਆਈ ਹੈ, ਪਰ ਸਾਡੀ ਕਮਿਊਨਿਸਟਾਂ ਦੀ ਗੱਡ ਉੱਥੋਂ ਦੀ ਉੱਥੇ ਹੀ ਫਸੀ ਹੋਈ ਹੈ।

ਖ਼ੈਰ ! ਗੱਲ ਤੁਰੀ ਸੀ ਮਾਰਕਸੀ ਪਾਰਟੀ ਵਲੋਂ ਸਦੋ ਸਿਲਵਰ ਜੁਬਲੀ ਸਮਾਗਮ ਦੀ। ਉਸ ਵਿਚ ਪਹਿਲਾਂ ਸਾਥੀ ਲਹਿੰਬਰ ਸਿੰਘ ਤੱਗੜ ਨੇ ਆਪਣੇ ਵਿਚਾਰ ਰੱਖੇ ਅਤੇ ਇਕੱਠ ਦਾ ਠੁੱਕ ਬੰਨ੍ਹਿਆਂ ਤੇ ਉਪਰੰਤ ਤਕਰੀਰ ਕੀਤੀ

ਪਾਰਟੀ ਦੇ ਸਥਾਪਤ ਸੁਰਜੀਤ ਧੜੇ ਦੇ ਪੰਜਾਬ ਦੇ ਸਕੱਤਰ ਪ੍ਰੋਫੈਸਰ ਬਲਵੰਤ ਸਿੰਘ ਨੇ। ਉਨ੍ਹਾਂ ਨੇ ਕੇਰਲਾ ਸਰਕਾਰ ਵਲੋਂ ਲਗਾਤਾਰ ਪੰਜੀ ਸਾਲ ਰਾਜ ਕਰਦੇ ਰਹਿਣ ਦਾ ਮਹੱਤਵ ਵੀ ਚਿਤਾਰਿਆ ਅਤੇ ਪੰਜਾਬ ਦੀ ਅਜੋਕੀ ਸਿਆਸੀ ਹਾਲਤ ਦਾ ਵਿਸ਼ਲੇਸ਼ਣ ਵੀ ਕੀਤਾ। ਸੂਬੇ ਦੇ ਚਲੰਤ ਹਾਲਾਤ ਬਾਰੇ ਆਪਣੀ ਪਾਰਟੀ ਦਾ ਪੱਖ ਵੀ ਉਨ੍ਹਾਂ ਅਸਰਦਾਇਕ ਢੰਗ ਨਾਲ ਪੇਸ਼ ਕੀਤਾ।

ਉਪਰੰਤ ਮੁੱਖ ਭਾਸ਼ਣ ਹੋਇਆ ਪੱਛਮੀ ਬੰਗਾਲ ਤੋਂ ਆਏ ਖੱਬੇ ਮੋਰਚੇ ਦੀ ਸਰਕਾਰ ਦੇ ਕਿਰਤ ਮੰਤਰੀ ਮੁਹੰਮਦ ਅਮੀਨ ਸਾਹਿਬ ਦਾ। ਉਹ ਬੜੇ ਸੁਲਝੇ ਹੋਏ ਵਿਅਕਤੀ ਹਨ ਅਤੇ ਉਨ੍ਹਾਂ ਦੀ ਉਰਦੂ ਵਿਚ ਕੀਤੀ ਤਕਰੀਰ ਰਵਾਨੀ ਦੇ ਪੱਖੋਂ ਵੀ ਤੇ ਵਿਚ-ਵਿਚ ਸ਼ੇਅਰਾਂ ਦਾ ਛੱਟਾ ਦੇਣ ਦੇ ਪੱਖੋਂ ਵੀ ਅਤੇ ਤੱਥਾਂ ਦਲੀਲਾਂ ਦੇ ਪੱਖੋਂ ਵੀ ਪ੍ਰਭਾਵਸ਼ਾਲੀ ਸੀ। ਖੱਬੇ ਪੱਖੀ ਸਰਕਾਰ ਦੇ ਮੁੱਢਲੇ ਦਿਨਾਂ ਤੋਂ ਲੈ ਕੇ ਉਸ ਵਲੋਂ ਚੁੱਕੇ ਗਏ ਕਦਮਾਂ ਤੇ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਚੰਗੇ ਗੁੰਦਵੇਂ ਢੰਗ ਨਾਲ ਉਨ੍ਹਾਂ ਜ਼ਿਕਰ ਕੀਤਾ। ਇਹ ਵੀ ਦੱਸਿਆ ਕਿ ਕਿਸਾਨਾਂ ਦਾ ਉਨ੍ਹਾਂ ਦੇ ਹਲਾਂ ਹੇਠਲੀ ਜ਼ਮੀਨ ਉੱਤੇ ਕਬਜ਼ਾ ਪੱਕ ਕਰਾ ਕੇ ਸਰਕਾਰ ਨੇ ਆਪਣੇ ਐਲਾਨੇ ਪ੍ਰੋਗਰਾਮ ਨੂੰ ਅਮਲ ਵਿਚ ਲਿਆਂਦਾ ਅਤੇ ਪਿੰਡਾਂ ਦੀਆਂ ਪੰਚਾਇਤਾਂ ਦਾ ਅਧਾਰ ਖੇਤਰ ਵਧਾ ਕੇ ਪੇਂਡੂ ਪੱਛਮੀ ਬੰਗਾਲ ਵਿਚ ਖੱਬੇ ਫਰੰਟ ਦੀਆਂ ਜੜ੍ਹਾਂ ਪੱਕੀਆਂ ਕੀਤੀਆਂ। ਉਨ੍ਹਾਂ ਹੱਕੀ ਮਾਣ ਨਾਲ ਇਸ ਤੱਥ ਦਾ ਜ਼ਿਕਰ ਕੀਤਾ ਕਿ 1984 ਦੇ ਸਿੱਖ-ਵਿਰੋਧੀ ਦੰਗਿਆਂ ਮੌਕੇ ਕਲਕੱਤੇ ਦੇ ਪੰਜਾਬੀ ਇਲਾਕੇ ਭਵਾਨੀਪੁਰ ਸਮੇਤ ਸਿੱਖ ਭਾਈਚਾਰੇ ਦੀ ਅਜਿਹੀ ਡੱਟ ਕੇ ਰਾਖੀ ਕੀਤੀ ਗਈ ਕਿ ਜਦੋਂ ਰਾਜਧਾਨੀ ਦਿੱਲੀ ਸਣੇ ਦੇਸ਼ ਦੇ ਹੋਰਨਾਂ ਹਿੱਸਿਆਂ ਵਿਚ ਸਿੱਖ ਭਾਈਚਾਰੇ ਨੂੰ ਫਿਰਕੂ ਆਤਾਬ ਦਾ ਸ਼ਿਕਾਰ ਬਣਾਇਆ ਜਾ ਰਿਹਾ ਸੀ। ਪੱਛਮੀ ਬੰਗਾਲ ਵਿਚ ਕਿਸੇ ਸਿੱਖ ਦਾ ਵਾਲ ਤੱਕ ਵਿੰਗਾ ਨਾ ਹੋਣ ਦਿੱਤਾ ਗਿਆ।

ਆਪਣੀ ਸਰਕਾਰ ਦੀਆਂ ਸਫਲਤਾਵਾਂ ਦਾ ਸੁਚੱਜਾ ਜ਼ਿਕਰ ਕਰਦਿਆਂ ਉਨ੍ਹਾਂ ਦੱਸਿਆ ਕਿ ਅਜੇ ਕੁਝ ਮਹੀਨੇ ਪਹਿਲਾਂ ਹੋਈਆਂ ਪੰਚਾਇਤੀ ਚੋਣਾਂ ਵਿਚ ਖੱਬਾ ਧੜਾ ਅਸੈਂਬਲੀ ਚੋਣਾਂ ਦੇ ਸਮੇਂ ਨਾਲੋਂ ਵੀ ਵੱਧ ਵੋਟਾਂ ਲੈ ਕੇ ਸਫ਼ਲ ਹੋਇਆ ਅਤੇ ਦੋ-ਤਿਹਾਈ ਤੋਂ ਉੱਪਰ ਪੰਚਾਇਤਾਂ ਉੱਤੇ ਕਾਬਜ਼ ਹੋ ਗਿਆ। ਪਰ ਨਾਲ ਹੀ ਉਨ੍ਹਾਂ ਮੰਨਿਆ ਕਿ ਅੱਜ ਵੀ ਉਨ੍ਹਾਂ ਦੇ ਪ੍ਰਾਂਤ ਦੇ 40 ਫੀਸਦੀ ਲੋਕ ਕਾਂਗਰਸ ਜਾਂ ਤ੍ਰਿਣਾਮੂਲ ਕਾਂਗਰਸ ਆਦਿ ਵਿਰੋਧੀਆਂ ਪਾਰਟੀਆਂ ਦੇ ਹੱਕ ਵਿਚ ਵੋਟਾਂ ਪਾਉਂਦੇ ਹਨ।

ਇਸ ਤਕਰੀਰ ਦੇ ਮਿੱਥੇ ਸਮੇਂ ਤੋਂ ਪਹਿਲਾਂ ਖ਼ਤਮ ਹੋਣ ਦੀ ਹਾਲਤ ਨੂੰ ਵੇਖਦਿਆਂ ਉਨ੍ਹਾਂ ਦੇ ਕੰਨ ਵਿਚ ਕਿਹਾ ਗਿਆ ਕਿ ਉਹ ਤਕਰੀਰ ਹੋਰ ਲਮਕਾਅ ਦੇਣ ਤੇ ਜਿਓਂ ਹੀ ਤਕਰੀਰ ਖ਼ਤਮ ਹੋਈ ਖ਼ਚਾਖਚ ਭਰੇ ਹਾਲ ਵਿਚ ਸਮਾਪਤੀ ਦਾ ਐਲਾਨ ਕਰ ਗਿਆ, ਹਾਲਾਂਕਿ ਵਕਤ ਢਾਈ ਪੌਣੇ ਤਿੰਨ ਵਜੇ ਦਾ ਹੀ ਸੀ ਅਤੇ ਦੂਰੋਂ-ਦੂਰੋਂ ਆਉਣ ਵਾਲਿਆਂ ਕੁਝ ਲੋਕਾਂ ਦੀ ਆਮਦ ਅਜੇ ਰੁਕੀ ਨਹੀਂ ਸੀ। ਇਸ ਗੱਲ ਦਾ ਜ਼ਿਕਰ ਮੈਂ ਇਸ ਲਈ ਕਰ ਰਿਹਾ ਹਾਂ ਕਿ ਹਾਲ ਵਿਚ ਸਾਡੇ ਸਭ ਤੋਂ ਬਜ਼ੁਰਗ ਸਤਿਕਾਰਤ ਸਾਥੀ ਭਗਤ ਸਿੰਘ ਬਿਲਗਾ ਵੀ ਮੌਜੂਦ ਸਨ ਅਤੇ ਮੈਂ ਵੀ। ਉਹ ਤਾਂ ਸਾਹਮਣੇ ਦਰਸ਼ਕਾਂ ਦੀ ਪਹਿਲੀ ਕਤਾਰ ਵਿਚ ਬੈਠੇ ਸਨ, ਪਰ ਮੈਨੂੰ ਪ੍ਰਧਾਨਗੀ ਕਰ ਰਹੇ ਪ੍ਰੋਫੈਸਰ ਬਲਵੰਤ ਸਿੰਘ ਹੁਰਾਂ ਐਨ ਆਪਣੇ ਨਾਲ ਬਿਠਾਇਆ ਅਤੇ ਦੂਜੇ ਪਾਸੇ ਬੈਠੇ ਮੁੱਖ ਮਹਿਮਾਨ ਕਾਮਰੇਡ ਮੁਹੰਮਦ ਅਮੀਨ ਨਾਲ ਵੀ ਮਿਲਾਇਆ। ਇਹ ਮੇਰਾ ਵਹਿਮ ਸੀ ਜਾਂ ਮੈਨੂੰ ਦਿੱਤੇ ਗਏ ਸੱਦੇ ਦੀ ਨਿੱਘੀ ਸੁਰ ਦਾ ਫਲ, ਮੈਂ ਸਮਝਿਆ ਕਿ ਮੈਨੂੰ ਜਦੋਂ ਆਪ ਨਾਲ ਬੁਲਾਇਆ ਗਿਆ ਹੈ, ਬੋਲਣ ਦਾ ਮੌਕਾ ਮੈਨੂੰ ਵੀ ਦਿੱਤਾ ਜਾਏਗਾ। ਕਦੇ ਘੱਟ ਵੱਧ ਹੀ ਹੋਇਆ ਹੈ ਕਿ ਜਲੰਧਰ ਵਿਚ ਕਿਸੇ ਪਬਲਿਕ ਸਮਾਗਮ ਵੇਲੇ ਮੈਂ ਹਾਜ਼ਰ ਹੋਣਾ ਤੇ ਮੈਨੂੰ ਬੁਲਾਇਆ ਨਾ ਜਾਵੇ। ਪਰ ਇਸ ਮੌਕੇ ਤਾਂ ਮੈਂ ਉਚੇਚਾ ਪ੍ਰੋਫੈਸਰ ਬਲਵੰਤ ਸਿੰਘ ਨੂੰ ਆਪਣੀ ਇੱਛਾ ਦੱਸੀ ਸੀ ਅਤੇ ਉਹ ਕਾਮਰੇਡ ਚਰਨ ਸਿੰਘ ਵਿਰਦੀ ਦਾ ਕੰਨੀ ਇਹ ਪਾ ਵੀ ਆਏ ਸਨ।

ਅਜਿਹੇ ਹਾਲਾਤ ਵਿਚ ਭਰਿਆ ਜਲਸਾ ਤੋਰ ਦੇਣ ਦੀ ਛਿਣ ਕੁ ਭਰ ਤਾਂ ਮੈਨੂੰ ਹੈਰਾਨੀ ਹੋਈ ਪਰ ਫਿਰ ਯਾਦ ਆਈ ਇਹ ਗੱਲ ਕਿ ਮਾਰਕਸੀ ਪਾਰਟੀ ਦੇ ਅਚਾਰ ਦਾ ਸ਼ਾਇਦ ਇਹ ਹਿੱਸਾ ਹੀ ਸੀ। ਪਿੱਛੇ ਜਿਹੇ ਜਦੋਂ ਚੰਡੀਗੜ੍ਹ ਵਿਚ ਮਾਰਕਸੀ ਪਾਰਟੀ ਵੱਲੋਂ ਅਜਿਹੇ ਹੀ ਮੌਕੇ ਦੇਸ਼ ਭਗਤ ਯਾਦਗਾਰ ਕਮੇਟੀ ਵਾਲਿਆਂ ਨੂੰ ਪਹੁੰਚਣ ਦਾ ਖ਼ਾਸ ਨਿਉਂਦਾ ਦਿੱਤਾ ਗਿਆ ਸੀ। ਉਨ੍ਹਾਂ ਆਪਣੇ ਜਨਰਲ ਸਕੱਤਰ ਕਾਮਰੇਡ ਗੰਧਰਵ ਸੈਨ ਅਤੇ ਮੋਹਰੀ ਆਗੂਆਂ ਕਾਮਰੇਡ ਚੈਨ ਸਿੰਘ ਚੈਨ ਤੇ ਬੀਬੀ ਸੁਰਿੰਦਰ ਕੁਮਾਰੀ ਸਮੇਤ ਪੰਜ ਵਿਅਕਤੀਆਂ ਦਾ ਡੈਲੀਗੇਸ਼ਨ ਉਚੇਚੇ ਤੌਰ 'ਤੇ ਭੇਜਿਆ ਸੀ। ਤਜ਼ਰਬਾ ਉਨ੍ਹਾਂ ਨੂੰ ਵੀ ਇਹੋ ਜਿਹਾ ਹੀ ਹੋਇਆ ਸੀ।

ਉਨ੍ਹਾਂ ਸੱਜਣਾਂ ਵਾਪਸ ਆ ਕੇ ਦੱਸਿਆ ਕਿ ਚੰਡੀਗੜ੍ਹ ਪਹੁੰਚ ਕੇ ਸਮਾਗਮ ਵਿਚ ਹਾਜ਼ਰੀ ਭਰਨ ਵਾਸਤੇ ਉਹ

ਪਿਛਲੀ ਪਾਲ ਵਿਚ ਬਹਿ ਗਏ ਸਨ। ਸਟੇਜ ਵਾਲਿਆਂ ਨੂੰ ਉਨ੍ਹਾਂ ਦੀ ਆਮਦ ਤਾਂ ਉਸੇ ਘੜੀ ਦਿਸ ਪਈ ਸੀ, ਪਰ ਨਾ ਕਿਸੇ ਨੇ ਉਨ੍ਹਾਂ ਨੂੰ ਸਟੇਜ ਉੱਤੇ ਆਉਣ ਦਾ ਸੱਦਾ ਦਿੱਤਾ ਨਾ ਪਹਿਲੀ ਪਾਲ ਵਿਚ ਬੈਠਣ ਦਾ। ਆਪਣੀ ਸੰਸਥਾ ਦਾ ਸੰਦੇਸ਼ ਵੀ ਪੜ੍ਹੇ ਬਗ਼ੈਰ ਹੀ ਪਰਤਣਾ ਪਿਆ ਸੀ ਉਨ੍ਹਾਂ ਨੂੰ।

ਉਪਰੋਕਤ ਗੱਲ ਦਾ ਚੇਤਾ ਆਉਣ ਦੇ ਨਾਲ ਹੀ ਮੈਨੂੰ ਕੁਝ ਪਿਛਲੀਆਂ ਗੱਲਾਂ ਵੀ ਯਾਦ ਆ ਗਈਆਂ, ਇਕ ਕੇਰਲਾ ਨਾਲ ਜੁੜੀ ਤੇ ਦੂਜੀ ਆਂਧਰਾ ਨਾਲ। ਈ ਐੱਮ ਐੱਸ ਨਬੂੰਦਰੀਪਾਦ ਦੀ ਅਗਵਾਈ ਹੇਠ ਬਣੀ ਕੇਰਲਾ ਦੀ ਵਜ਼ਾਰਤ ਨੂੰ ਜਦੋਂ 28 ਮਹੀਨੇ ਪੂਰੇ ਹੋਣ ਤੋਂ ਪਹਿਲਾਂ ਹੀ ਕੇਂਦਰ ਦੇ ਧੱਕੜਸ਼ਾਹੀ ਦਖ਼ਲ ਨਾਲ ਤੋੜ ਦਿੱਤਾ ਗਿਆ ਸੀ, ਕਮਿਊਨਿਸਟਾਂ ਤੋਂ ਬਾਹਲਰੇ ਹਲਕਿਆਂ ਵਿਚ ਵੀ ਇਸ ਦਾ ਵੱਡਾ ਰੋਸ ਪੈਦਾਂ ਹੋਇਆ ਸੀ। ਉਸ ਵਜ਼ਾਰਤ ਵਿਚ 126 ਦੀ ਅਸੰਬਲੀ ਵਿਚੋਂ ਕਮਿਊਨਿਸਟ ਪਾਰਟੀ ਦੇ (ਉਦੋਂ ਉਹ ਇਕੋਂ ਪਾਰਟੀ ਹੁੰਦੀ ਸੀ) 65 ਮੈਂਬਰ ਚੁਣੇ ਗਏ ਸਨ ਤੇ ਉਨ੍ਹਾਂ ਵਿਚੋਂ ਹੀ ਇਕ ਸਪੀਕਰ ਸੀ। 126 ਦਾ ਅੱਧ ਭਾਵੇਂ 63 ਹੁੰਦਾ ਹੈ, ਬਾਕੀ 64 ਮੈਂਬਰਾਂ ਵਾਲੀ ਅਸੰਬਲੀ ਵਿਚੋਂ (ਸਣੇ ਕਾਨੂੰਨ ਮੰਤਰੀ ਸ੍ਰੀ ਕ੍ਰਿਸ਼ਨਾ ਅਈਅਰ ਦੇ ਜਿਹੜਾ ਕਿ ਪਾਰਟੀ ਮੈਂਬਰ ਨਹੀਂ ਹਮਦਰਦ ਹੀ ਸੀ) ਇਕ ਨੂੰ ਵੀ ਨਹੀਂ ਸਨ ਤੋਰ ਸਕੇ ਵਿਰੋਧ ਵਾਲੇ ਸਾਰੇ ਰਲ ਕੇ। ਨਾ ਪੈਸੇ ਦੇ ਜ਼ੋਰ ’ਤੇ ਨਾ ਹੀ ਵੱਡੇ-ਵੱਡੇ ਮੁਜ਼ਾਹਰਿਆਂ ਨਾਲ।

ਉਪਰੰਤ ਹੋਈਆਂ ਨਵੀਆਂ ਚੋਣਾਂ 1960 ਵਿਚ। ਉਨ੍ਹਾਂ ਵਿਚ ਕਮਿਊਨਿਸਟ ਪਾਰਟੀ ਦੇ ਵੋਟਰਾਂ ਦੀ ਗਿਣਤੀ ਤਾਂ ਮੁਸ਼ਕਲ ਨਾਲ ਦੋ ਕੁ ਫੀਸਦੀ ਹੀ ਘਟੀ ਪਰ ਮੈਂਬਰ ਰਹਿ ਗਏ ਪੈਂਠ੍ਹਾ ਦੀ ਥਾਂ ਸਿਰਫ਼ 29 ਅਤੇ ਇਹ ਇਸ ਗੱਲ ਦੇ ਬਾਵਜੂਦ ਕਿ ਕਮਿਊਨਿਸਟਾਂ ਵਾਲਾ ਉਹ ਰਾਜ ਭ੍ਰਿਸ਼ਟਾਚਾਰ ਤੋਂ ਮੁਕਤ ਸੀ ਤੇ ਲੋਕਾਂ ਦੀ ਸੇਵਾ ਨੂੰ ਸਮਰਪਿਤ ਸੀ।

ਇਹ ਕਿਉਂ ਹੋਇਆ? ਕਿਉਂਕਿ ਕੇਂਦਰ ਦਾ ਦਖ਼ਲ ਸੰਭਵ ਬਣਾਉਣ ਲਈ ਜਿਨ੍ਹਾਂ ਵਿਰੋਧੀ ਪਾਰਟੀਆਂ ਨੇ ਲੋਕਾਂ ਦੀਆਂ ਆਜ਼ਾਦ ਵੋਟਾਂ ਨਾਲ ਬਣੇ ਸੰਸਾਰ ਦੇ ਪਹਿਲੇ ਕਮਿਊਨਿਸਟ ਰਾਜ ਦਾ ਚਲਣਾ ਮੁਹਾਲ ਬਣਾ ਦਿੱਤਾ ਸੀ। ਉਹ ਚੋਣਾਂ ਵੇਲੇ ਵੀ ਆਪਣੇ ਸਿਆਸੀ ਤਫਰਕੇ ਮਿਟਾ ਕੇ ਕਮਿਊਨਿਸਟ ਪਾਰਟੀ ਵਿਰੁੱਧ ਇੱਕ ਮੁੱਠ ਹੋ ਕੇ ਲੜੇ ਸਨ, ਪਰ ਕਮਿਊਨਿਸਟ ਪਾਰਟੀ ਨੇ ਲੜਾਈ ਆਪਣੇ ਸਿਰ ਦੀ ਲੜੀ।

ਜੇ ਸਾਡੀ ਪਾਰਟੀ ਵੀ ਉਨ੍ਹਾਂ ਦੂਜੇ ਲੋਕਾਂ ਦਾ ਸਹਿਯੋਗ ਲੈਣ ਲਈ ਕੋਈ ਸਾਂਝਾ ਫਰੰਟ ਬਣਾਉਣ ਅਤੇ ਇਸ ਤਰ੍ਹਾਂ ਆਪਣਾ ਪਿੜ ਚੌੜਾ ਕਰਨ ਵੱਲ ਵਧਦੀ ਜਿੰਨ੍ਹਾਂ ਨੇ ਥਾਂ ਪਰ ਥਾਂ ਕੇਂਦਰ ਦੀ ਧੱਕੜਸ਼ਾਹੀ ਵਿਰੁੱਧ ਰੋਸ ਜਤਲਾਇਆ ਸੀ ਤਾਂ ਵੋਟਾਂ ਵਿਚ ਤਿੰਨ-ਚਾਰ ਫੀਸਦੀ ਦਾ ਹੋਰ ਵਾਧਾ ਜ਼ਰੂਰ ਹੋ ਜਾਣਾ ਸੀ ਅਤੇ ਨਤੀਜੇ ਹੋਰ ਦੇ ਹੋਰ ਹੋਣੇ ਸਨ। ਪੰਡਿਤ ਨਹਿਰੂ ਦੀ ਅਗਵਾਈ ਵਾਲੀ ਕੇਂਦਰੀ ਸਰਕਾਰ ਨੂੰ ਲੈ ਕੇ ਸਥਾਨਕ ਪੱਧਰ ਵਾਲੇ ਕਮਿਊਨਿਸਟ ਵਿਰੋਧੀਆਂ ਤੱਕ ਦਾ ਧੱਕਾ ਏਨਾ ਪ੍ਰਤੱਖ ਸੀ ਕਿ ਵਿਸ਼ਾਲ ਪਹੁੰਚ ਅਪਣਾ ਕੇ ਜਨਸਮੂਹ ਦੀਆਂ ਜਮਹੂਰੀ ਭਾਵਨਾਵਾਂ ਨੂੰ ਆਪਣੇ ਪੱਖ ਵਿਚ ਲਾਮਬੰਦ ਕਰਨਾ ਔਖਾ ਨਹੀਂ ਸੀ ਹੋਣਾ।

ਪਰ ਕਮਿਊਨਿਸਟਾਂ ਦੀ ਸੋਚ ਤੇ ਪਹੁੰਚ ਦੀ ਸੰਕੀਰਨਤਾ ਦਾ ਇਹ ਪਹਿਲਾ ਪ੍ਰਗਟਾਵਾ ਨਹੀਂ ਸੀ। 6 ਸਾਲ ਪਹਿਲਾਂ 1954 ਵਿਚ ਆਂਧਰਾ ਅੰਦਰ ਵੀ ਇਹੋ ਕੁਝ ਵਾਪਰਿਆ ਸੀ।

ਆਜ਼ਾਦੀ ਪਿੱਛੋਂ ਦੀ ਆਂਧਰਾ ਦੀ ਪਹਿਲੀ ਰਾਜ ਅਸੈਂਬਲੀ ਵਿਚ ਕਮਿਊਨਿਸਟ ਪਾਰਟੀ ਦੇ ਆਪਣੇ 66 ਮੈਂਬਰ ਸਨ ਅਤੇ ਵਿਰੋਧ ਵਾਲੇ ਹੋਰ ਧੜੇ ਵੀ ਵਿਚ ਵਾਰੇ ਸਾਥ ਦਿੰਦੇ ਸਨ। ਅਸੈਂਬਲੀ ਅੰਦਰ ਵੀ ਤੇ ਬਾਹਰ ਵੀ ਉਸ ਕਾਂਗਰਸੀ ਵਜ਼ਾਰਤ ਦਾ ਵਿਰੋਧ ਏਨਾ ਹੋਇਆ ਸੀ ਕਿ ਉਹ ਅਸੈਂਬਲੀ ਅੱਧਵਾਟੇ ਹੀ ਤੋੜਨੀ ਪਈ ਸੀ।

ਨਵੀਆਂ ਚੋਣਾਂ ਵਿਚ ਕਮਿਊਨਿਸਟ ਆਪਣੀ ਜਿੱਤ ਬਾਰੇ ਬਹੁਤ ਆਸਵੰਤ ਸਨ। ਨਤੀਜਿਆਂ ਤੋਂ ਇਕ ਦਿਨ ਪਹਿਲਾਂ ਇੰਨ੍ਹਾਂ ਸਤਰਾਂ ਦੇ ਲੇਖਕ ਨੇ ਸੰਗਰੂਰ ਜ਼ਿਲ੍ਹੇ ਦੇ ਪਿੰਡ ਟੱਲੇਵਾਲ ਵਿਚ ਡੂੰਘੀ ਰਾਤ ਤੱਕ ਇਕ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਆਖਿਆ ਸੀ ਕਿ ਨਵੇਂ ਸੂਰਜ ਦੀ ਟਿੱਕੀ ਨਿਕਲਣ ਨਾਲ ਸਾਰਾ ਆਂਧਰਾ ਲਾਲੋ-ਲਾਲ ਹੋ ਜਾਏਗਾ।

ਪਰ ਨਤੀਜਿਆਂ ਪਿੱਛੋਂ ਪੱਲੇ ਪਈਆਂ ਪਹਿਲੀਆਂ 66 ਦੀ ਥਾਂ ਸਿਰਫ਼ ਚੌਦਾਂ ਸੀਟਾਂ। ਧੱਕਾ ਤਾਂ ਸਾਰੇ ਕਮਿਊਨਿਸਟਾਂ ਨੂੰ ਬਹੁਤ ਲੱਗਾ ਪਰ ਇਹ ਆਂਧਰਾ ਦੀ ਪਾਰਟੀ ਦੇ ਮੋਹਰੀਆਂ ਦੀ ਵਡਿੱਤਣ ਦਾ ਸਬੂਤ ਸੀ ਕਿ ਉਨ੍ਹਾਂ ਡੱਬੇ ਭੰਨ ਲਏ ਜਾਣ ਜਾਂ ਵੋਟਾਂ ਕਰੋਸ਼ੀਏ ਨਾਲ ਕੱਢ ਲਈਆਂ ਜਾਣ ਵਰਗੇ ਦੋਸ਼ ਨਾ ਲਾਏ ਅਤੇ ਆਪਣੀ ਹਾਰ ਨੂੰ ਲੋਕਾਂ ਦੇ ਫੈਂਸਲੇ ਵਜੋਂ ਕਬੂਲਿਆ।

ਪਾਰਟੀ ਅੰਦਰ ਉਸ ਉਪਰੰਤ ਇਸ ਬਾਰੇ ਭਖਵੀਂ ਬਹਿਸ ਚਲਦੀ ਰਹੀ, 1956 ਵਾਲੀ ਇਤਿਹਾਸਕ ਪਾਲਘਾਟ

ਪਾਰਟੀ ਕਾਂਗਰਸ ਤੱਕ। ਪਾਰਟੀ ਅੰਦਰਲੇ ਤਕੜੇ ਹਿੱਸੇ ਨੇ ਆਂਧਰਾ ਚੋਣਾਂ ਵਿਚ ਇਸ ਮਾੜੀ ਕਾਰਕਰਦਗੀ ਲਈ ਅੰਤ ਵਿਚ ਪਾਰਟੀ ਦੀ ਸੰਕੀਰਨ ਦਿੱਖ ਤੇ ਅਮਲ ਨੂੰ ਹੀ ਜ਼ਿੰਮੇਵਾਰ ਠਹਿਰਾਇਆ।

ਅੰਤਲੀ ਗੱਲ ਕਰਨੀ ਹੈ ਸੰਖੇਪ ਵਿਚ ਮੈਂ ਆਪਣੀ ਉਸ ਤਕਰੀਰ ਦੀ ਜਿਹੜੀ ਵਕਤ ਮੰਗਣ ਦੇ ਬਾਵਜੂਦ ਵਕਤ ਮੰਗਣ ਦੇ ਬਾਵਜੂਦ ਨਾ ਮਿਲਣ ਕਾਰਨ ਧਰੀ ਧਰਾਈ ਰਹਿ ਗਈ। ਮੇਰਾ ਇਕ ਨੁਕਤਾ ਤਾਂ ਇਹ ਸੀ ਕਿ ਕਮਿਊਨਿਸਟ ਪਾਰਟੀ ਨੇ ਵੰਡ ਤੋਂ ਪਹਿਲਾਂ ਹੀ ਸਾਂਝੇ ਬੰਗਾਲ ਦੀ ਤਭਾਗਾ ਲਹਿਰ ਤੋਂ ਤੁਰ ਕੇ ਪੱਛਮੀ ਬੰਗਾਲ ਦੀ ਤਿਰੰਗਾ ਲਹਿਰ ਤੱਕ ਜਿਵੇਂ ਕਿਸਾਨਾਂ ਦਾ ਡਟ ਕੇ ਸਾਥ ਦਿੱਤਾ ਸੀ ਅਤੇ ਰਾਜ ਵਿਚ ਆਉਂਦਿਆਂ ਹੀ ਜੋ ਆਖਦੇ ਰਹੇ ਉਹੋ ਕਰ ਵਿਖਾਇਆ ਸੀ। ਉਸੇ ਤੋਂ ਸਬਕ ਲੈ ਕੇ ਜੇ ਕਿਸਾਨ ਜਥੇਬੰਦੀਆਂ ਨੂੰ ਪਾਰਟੀ ਵਿਚ ਪਾੜੇ ਉਪਰੰਤ ਆਪੋ-ਆਪਣੇ ਪਾਵਿਆਂ ਨਾਲ ਨਾ ਬੰਨ੍ਹਿਆ ਜਾਂਦਾ ਅਤੇ ਸਭਨਾਂ ਵਿਚਾਰਾਂ ਦੇ ਕਿਸਾਨਾਂ ਦੀ ਇਕ ਸ਼ਕਤੀਸ਼ਾਲੀ ਲਹਿਰ ਉਸਾਰੀ ਜਾਂਦੀ, ਤਾਂ ਖੱਬਾ ਧੜਾ ਕੇਰਲਾ, ਪੱਛਮੀ ਬੰਗਾਲ ਤੇ ਤ੍ਰਿਪੁਰਾ ਜਾਂਦਾ ਅਤੇ ਮਾਰਕਸੀ ਪਾਰਟੀ ਦੇ ਮੁੜ-ਮੁੜ ਪਾਸ ਕੀਤੇ ਉਨ੍ਹਾਂ ਮਤਿਆਂ ਨੂੰ ਫਲ ਪੈ ਜਾਂਦਾ ਜਿੰਨ੍ਹਾਂ ਰਾਹੀਂ ਉਸ ਵਲੋਂ ਦੇਸ਼ ਦੇ ਹਿੰਦੀ ਪ੍ਰਾਂਤਾਂ ਅੰਦਰ ਲਹਿਰ ਨੂੰ ਵਿਸ਼ਾਲ ਅਧਾਰ ਪ੍ਰਦਾਨ ਕਰਨ ਦੇ ਹੋਕੇ ਦਿੱਤੇ ਜਾਂਦੇ ਰਹੇ ਸਨ। ਪਰ ਹੁਣ ਤੱਕ ਤਾਂ ਹਾਲਤ ਇਹ ਬਣੀ ਹੋਈ ਹੈ ਕਿ ਪੱਛਮੀ ਬੰਗਾਲ ਦੇ ਐਨ ਗੁਆਂਢ ਵਿਚ ਵੱਸਦੇ ਬਿਹਾਰ ਪ੍ਰਾਂਤ ਉੱਤੇ ਵੀ ਖੱਬੇ ਵਿਚਾਰਾਂ ਵਾਲੀਆਂ ਪਾਰਟੀਆਂ ਦਾ ਪ੍ਰਭਾਵ, ਖਾਸ ਕਰ ਮਾਰਕਸੀ ਪਾਰਟੀ ਦਾ ਸੁੰਗੜਿਆ ਹੋਇਆ ਲੱਭਦਾ ਹੈ।

ਮੇਰੀ ਦੂਜੀ ਗੱਲ ਇਹ ਸੀ ਕਿ ਪੱਛਮੀ ਬੰਗਾਲ ਦੀ ਖੱਬੇ ਫਰੰਟ ਦੀ ਸਰਕਾਰ ਨੇ ਇਤਿਹਾਸ ਵਿਚ ਇਸ ਗੱਲ ਦਾ ਤਾਂ ਸੰਸਾਰ ਰਿਕਾਰਡ ਕਾਇਮ ਕਰ ਦਿੱਤਾ ਹੈ ਕਿ ਇਕੋ ਇੱਕ ਪ੍ਰਾਂਤ ਵਿਚ ਪੂਰੇ ਪੰਝੀ ਸਾਲ ਖੱਬਿਆਂ ਦਾ ਬੇਮਿਸਾਲ ਕਬਜ਼ਾ ਰਿਹਾ ਪਰ ਪੱਛਮੀ ਬੰਗਾਲ ਦੀ ਮਾਰਕਸੀ ਪਾਰਟੀ ਆਪ ਉੱਪਰ ਲਿਖੇ ਗਏ 1954 ਤੋਂ 1960 ਵਾਲੇ ਆਂਧਰਾ ਤੇ ਕੇਰਲਾ ਦੇ ਤਜ਼ਰਬਿਆਂ ਤੋਂ ਬੁਨਿਆਦੀ ਸਬਕ ਨਾ ਕੱਢ ਸਕੀ, ਨਹੀਂ ਤਾਂ ਕਾਮਰੇਡ ਜਯੋਤੀ ਬਾਸੂ ਵਰਗੇ ਦੂਜੀਆਂ ਸੈਕੂਲਰ ਧਿਰਾਂ ਵੱਲੋਂ ਸਰਬ ਪ੍ਰਵਾਣਿਤ ਵਿਅਕਤੀ ਨੂੰ ਦੇਸ਼ ਦਾ ਪ੍ਰਧਾਨ ਬਣਾਏ ਜਾਣ ਵਾਲਾ ਮਤਾ ਮਾਰਕਸੀ ਪਾਰਟੀ ਦੀ ਕੇਂਦਰੀ ਕਮੇਟੀ ਵਿਚ ਤਿੰਨ ਵੋਟਾਂ ਦੇ ਫ਼ਰਕ ਨਾਲ ਰੱਦ ਨਹੀਂ ਸੀ ਹੋਣਾ। ਜਿਸ ਭੁੱਲ ਨੂੰ ਕਾਮਰੇਡ ਜਯੋਤੀ ਬਾਸੂ ਨੇ ਚੋਖਾ ਸਮਾਂ ਪਾ ਕੇ ਖੁੱਲ੍ਹੇ ਤੌਰ 'ਤੇ ਆਪਣੀ ਪਾਰਟੀ ਦੀ 'ਇਤਿਹਾਸਕ ਭੁੱਲ ਕਰਾਰ ਦਿੱਤਾ, ਉਸ ਨੂੰ 'ਨਵਾਂ ਜ਼ਮਾਨਾ' ਨੇ ਤਾਂ ਪਹਿਲਾਂ ਤੋਂ ਹੀ ਵਿਚੋਂ ਗਰਦਾਨਿਆ ਸੀ। ਮਾਰਕਸੀ ਪਾਰਟੀ ਵਿਚ ਏਨਾ ਤਫਰਕਾ ਸਿਰਫ਼ ਇਸ ਲਈ ਉਭਰਿਆ ਕਿ ਉਹ ਉਦੋਂ ਵੀ ਅੰਨ੍ਹੇ ਕਾਂਗਰਸ ਵਿਰੋਧ ਤੋਂ ਮੁਕਤ ਨਹੀਂ ਸੀ ਹੋ ਸਕੀ। ਅਤੇ ਹਕੀਕਤ ਇਹ ਸੀ ਕਿ ਪ੍ਰਧਾਨ ਮੰਤਰੀ ਕਾਮਰੇਡ ਜਯੋਤੀ ਬਾਸੂ ਤਦ ਹੀ ਬਣ ਜਾਣੇ ਸਨ ਜਦੋਂ ਕਿ ਉਸ ਵੇਲੇ ਦੀ ਸਭ ਤੋਂ ਵੱਡੀ ਵਿਰੋਧੀ ਪਾਰਟੀ ਕਾਂਗਰਸ (ਜਿਹੜੀ ਅੱਜ 113 ਉੱਤੇ ਖਲੋਤੀ ਹੈ ਤੇ ਉਸ ਵੇਲੇ 140 ਮੈਂਬਰ ਲੋਕ ਸਭਾ ਵਿਚ ਰੱਖਦੀ ਸੀ) ਕਾਮਰੇਡ ਬਾਸੂ ਦੀ ਹਮਾਇਤ ਦਾ ਸਪੱਸ਼ਟ ਸਟੈਂਡ ਲੈ ਚੁੱਕੀ ਸੀ।

ਮੇਰੀ ਤੀਜੀ ਗੱਲ ਇਹ ਸੀ ਕਿ ਮਾਰਕਸੀ ਪਾਰਟੀ ਨੂੰ ਖਾਸ ਕਰਕੇ ਅਤੇ ਦੂਜੀਆਂ ਖੱਬੀਆਂ ਪਾਰਟੀਆਂ ਨੂੰ ਵੀ ਕਾਂਗਰਸ ਵਿਰੋਧੀ ਤੁਅੱਸਬਾਂ ਤੋਂ ਉਪਰ ਉੱਠਣਾ ਚਾਹੀਦਾ ਹੈ, ਅਜਿਹਾ ਤੀਜਾ ਫਰੰਟ ਬਣਾਉਣ ਦਾ ਟਿਲ ਲਾਉਣ ਦੀ ਥਾਂ, ਜਿਸ ਦਾ ਕਨਵੀਨਰ ਮੁਲਾਇਮ ਸਿੰਘ ਦੂਜੀ ਵਾਰ ਦਗਾ ਕਰਕੇ ਦੌੜ ਗਿਆ ਹੈ। ਪਹਿਲੀ ਵਾਰ ਉਹ ਉਦੋਂ ਦੌੜਿਆ ਸੀ ਜਦੋਂ ਕਾਮਰੇਡ ਸੁਰਜੀਤ ਵੱਲੋਂ ਉਸ ਦੀ ਸਹਿਮਤੀ ਲੈ ਕੇ ਸੋਨੀਆ ਗਾਂਧੀ ਪਾਸੋਂ 272 ਲੋਕ ਸਭਾ ਮੈਂਬਰਾਂ ਦੀ ਜਿਹੜੀ ਸੂਚੀ ਹਕੂਮਤ ਬਣਾਉਣ ਲਈ ਪੇਸ਼ ਕੀਤੀ ਗਈ ਸੀ ਉਸ ਤੋਂ ਉਹ ਮੁੜ ਡਿਫੈਂਸ ਮਨਿਸਟਰੀ ਹਾਸਲ ਕਰਨ ਦੀ ਜ਼ਿੱਦ ਵਿਚ ਮੂੰਹ ਮੋੜ ਗਿਆ ਸੀ।

ਇਸ ਗੱਲ ਨੂੰ ਅਸੀਂ ਇਸ ਪ੍ਰਥਾਏ ਪੇਸ਼ ਕਰਨਾ ਜ਼ਰੂਰੀ ਸਮਝਦੇ ਸਾਂ ਜੋ ਮਾਰਕਸੀ ਪਾਰਟੀ ਕਾਂਗਰਸ ਸਮੇਤ ਸਭ ਸੈਕੂਲਰ ਧਿਰਾਂ ਦੇ ਏਕੇ ਲਈ ਲਗਾਤਾਰ ਜਤਨ ਕਰਦੀ ਰਹਿੰਦੀ ਅਤੇ ਦੇਸ਼ ਦੀ ਸਮੁੱਚੀ ਸਿਆਸਤ ਨੂੰ ਮੁੜ-ਮੁੜ ਪੱਛਮੀ ਬੰਗਾਲ ਤੇ ਕੇਰਲਾ ਦੇ ਝਰੋਖੇ ਵਿਚੋਂ ਵੇਖਣ ਪਹੁੰਚ ਤੱਜ ਦੇਂਦੀ, ਤਾਂ ਸਾਨੂੰ ਉਸ ਫਿਰਕੂ ਫਾਸ਼ੀ ਰਾਜ ਦੀਆਂ ਵਧੀਕੀਆਂ ਦਾ ਸਿੰਗਾਰ ਨਹੀਂ ਸੀ ਹੋਣਾ ਪੈਣਾ ਜਿਹੜਾ ਅਟਲ ਬਿਹਾਰੀ ਵਾਜਪਾਈ ਦੀ ਕਮਾਨ ਵਿਚ ਹੁਣ ਤੱਕ ਚੱਲ ਰਿਹਾ ਹੈ ਅਤੇ ਜਿਸ ਦੇ ਤਾਬੜ ਤੋੜ ਲਏ ਦੇਸ਼ ਵਿਰੋਧੀ ਫੈਸਲਿਆਂ ਦਾ ਭੁਗਤਣਾ ਭਾਰਤ ਨੂੰ ਚਿਰਾ ਤੋੜ ਭੋਗਣਾ ਪਏਗਾ।

# ਮੇਰਾ ਬੌਸ, ਮੇਰਾ ਸਾਥੀ, ਮੇਰਾ ਯਾਰ

*ਬਲਬੀਰ ਪਰਵਾਨਾ*

28 ਦਸੰਬਰ 2011 ਦਾ ਦਿਨ ਪਿੰਡ ਮੰਡ ਮੌੜ ਵਿਖੇ ਜਸ ਮੰਡ ਦੇ ਘਰ ਦਾ ਧੁੱਪ ਵਾਲਾ ਵਿਹੜਾ, ਸੁਕੀਰਤ ਨੇ ਕਾਮਰੇਡ ਆਨੰਦ ਜੀ ਦਾ ਨੱਬੇਵਾਂ ਜਨਮ ਦਿਨ ਪਿੰਡ ਮੰਡ ਦੇ ਇਸ ਧੁੱਪ ਭਰੇ ਵਿਹੜੇ 'ਚ ਮਨਾਉਣ ਦਾ ਪ੍ਰਬੰਧ ਕੀਤਾ ਹੋਇਆ ਸੀ। ਬਹੁਤ ਹੀ ਗਿਣਵੇਂ-ਚੌਣਵੇਂ ਪਰਵਾਰਕ ਦੋਸਤ ਸ਼ਾਮਲ ਸਨ ਇਸ ਵਿਚ ਜਰਮਨੀ ਵਾਲਾ ਵਿਸਾਖਾ ਸਿੰਘ ਸੀ, ਅਮਰੀਕਾ ਵਾਲਾ ਵਾਸਦੇਵ ਸਿੰਘ ਪਰਹਾਰ, ਯੂ.ਕੇ ਵਾਲਾ ਸਰਵਣ ਜ਼ਫ਼ਰ ਕੈਨੇਡਾ ਵਾਲਾ ਡਾਕਟਰ ਸਾਧੂ ਸਿੰਘ, ਸ਼ੁਗਲੀ ਪਰਵਾਰ, ਪ੍ਰੀਤਨਗਰ ਪਰਿਵਾਰ, ਚਿੱਤਰਕਾਰ ਸੁਰਜੀਤ ਕੌਰ, ਰਜਨੀਸ਼ ਬਹਾਦਰ ਸਿੰਘ ਤੇ ਮੈਂ। ਸਾਰੇ ਹੀ ਪਰਿਵਾਰਾਂ ਸਮੇਤ ਮੰਡ ਹੁਰਾਂ ਤਾਂ ਸ਼ਾਮਲ ਹੋਣਾ ਹੀ ਸੀ। ਦਿੱਲੀ ਤੋਂ ਸੁਅੰਗਨਾ ਵੀ ਪਰਵਾਰ ਸਮੇਤ ਹਾਜ਼ਰ ਸੀ। ਵਿਹੜੇ 'ਚ ਰੱਖ ਕੇ ਕੇਕ ਕੱਟਿਆ ਗਿਆ । ਚਾਹ-ਕੌਫੀ ਪੀਂਦਿਆਂ, ਖਾਣਾ ਖਾਂਦਿਆਂ ਨਾਲ ਗੱਪਸ਼ਪ ਵੀ ਚੱਲਦੀ ਰਹੀ। ਸਵੇਰੇ ਗਿਆਰਾਂ ਕੁ ਵਜੇ ਸ਼ੁਰੂ ਹੋਇਆ ਇਹ ਸਮਾਗਮ, ਸ਼ਾਮੀਂ ਚਾਰ ਵਜੇ ਤੱਕ ਚੱਲਦਾ ਰਿਹਾ, ਜਦੋਂ ਤੱਕ ਵਿਹੜੇ ਵਿਚ ਧੁੱਪ ਰਹੀ। ਆਨੰਦ ਜੀ ਕੇਕਟ ਕੱਟ ਕੇ ਇਕ ਪਾਸੇ ਕੁਰਸੀ 'ਤੇ ਬਹਿ ਗਏ, ਜਿੱਥੇ ਸਿੱਧੀ ਧੁੱਪ ਪੈਂਦੀ ਸੀ। ਨਾਲ ਹੀ ਉਰਮਿਲਾ ਜੀ ਵੀ। ਸਾਰੇ ਇਕੱਠੇ ਹੋਏ ਆਨੰਦ ਜੀ ਦੇ ਸਾਥੀ ਵੀ ਸਨ ਤੇ ਸ਼ਰਧਾਲੂ ਵੀ। ਉਹਨਾਂ ਲਾਗੇ ਦੋ ਕੁਰਸੀਆਂ ਖਾਲੀ ਪਈਆਂ ਹੋਈਆਂ ਸਨ। ਮੈਂ ਕੋਲ ਜਾ ਕੇ ਉਹਨਾਂ ਦੇ ਗੋਡੇ ਘੁੱਟਦਿਆਂ ਕਿਹਾ, 'ਲੱਗਦਾ ਤੁਸੀਂ ਬੁੜ੍ਹੇ ਹੋ ਗਏ ਹੋ ਕਿ ਅਜੇ ਨਹੀਂ।' ਚਿਹਰੇ ਤੋਂ ਕਮਜ਼ੋਰੀ ਤੇ ਕੁਝ ਥਕੇ-ਥਕੇ ਹੋਣ ਦੇ ਪ੍ਰਭਾਵਾਂ ਦੇ ਬਾਵਜੂਦ ਉਹ ਪੂਰੇ ਬਣੇ-ਤਣੇ ਹੋਏ ਸਨ। ਉਹਨਾਂ ਦਾ ਜਵਾਬ ਮੇਰੀ ਆਸ ਤੋਂ ਬਿਲਕੁਲ ਉਲਟ ਸੀ। ਇੱਕ ਦਿਨ ਹੋਣਾ ਹੀ ਹੁੰਦਾ ਹਰ ਇੱਕ ਨੇ। ਮੈਨੂੰ ਲੱਗਿਆ ਉਹ ਆਨੰਦ ਕਿਤੇ ਗੁਆਚ ਗਏ ਹਨ ਜਿਹੜੇ ਹਰ ਪਲ ਜਵਾਨ, ਹਰ ਪਲ ਰੁਝੇ ਹੋਏ ਤੇ ਅਗਲੇ ਦੀ ਗੱਲ ਦਾ ਸਵਾਇਆ ਜਵਾਬ ਦਿੰਦੇ ਸਨ। ਉਹਨਾਂ ਨੇ ਮੇਰੀ ਵੱਲ ਕੁਝ ਪਲ ਦੇਖਿਆ, ਬਸ ਕੁਝ ਹੀ ਪਲ ਤੇ ਫਿਰ ਆਪਣੇ ਹੱਥਾਂ ਵੱਲ ਦੇਖਣ ਲੱਗ ਪਏ। ਝੁਰੜੀਆਂ ਭਰੇ ਹੱਥ। ਉਹਨਾਂ ਦੀ ਦੋਹਤੀ ਨਿੱਘੀ ਕੇਕ ਖਾਂਦੀ ਹੋਈ ਆਈ ਤੇ ਆਪਣੀ ਪਲੇਟ 'ਚੋਂ ਇਕ ਛੋਟਾ ਜਿਹਾ ਟੁਕੜਾ ਉਸ ਨੇ ਪਿਆਰ ਨਾਲ ਆਨੰਦ ਜੀ ਵੱਲ ਕੀਤਾ, ਜਿਹੜਾ ਉਹਨਾਂ ਨੇ ਖਾ ਲਿਆ। ਮੈਂ ਕੁਝ ਪਲ ਉਹਨਾਂ ਵੱਲ ਦੇਖਦਾ ਰਿਹਾ ਤੇ ਫਿਰ ਗੱਲ ਤੋਰਨ ਲਈ ਕਿਹਾ, "ਤੁਸੀਂ ਕਦੀ-ਕਦੀ ਆਪਣੀ ਕੋਈ ਯਾਦ ਲਿਖ ਦਿਆ ਕਰੋ... ਭਾਵੇਂ ਛੋਟੀ ਹੀ!"

"ਮੇਰਾ ਚੇਤਾ ਚੋਰ ਲੈ ਗਏ ਹਨ।" ਤੇ ਬਸ। ਉਹ ਆਪਣੇ ਪੁੱਠੇ ਹੱਥਾਂ ਵੱਲ ਦੇਖਦੇ ਰਹੇ। ਮੈਂ ਹੋਰ ਕੀ ਗੱਲ ਕਰਦਾ? ਇਕ-ਅੱਧੀ ਹੋਰ ਗੱਲ ਕੀਤੀ ਕਿ ਪਰਹਾਰ ਸਾਹਿਬ ਨੂੰ ਆਖਿਆ ਦੇਖ ਮੈਂ ਕੁਰਸੀ ਤੋਂ ਉੱਠ ਪਿਆ। ਤੇ ਉਸ ਇਕੱਠ ਕੋਲ ਆ ਬੈਠਾ, ਜਿਹੜਾ ਘਰਦੇ ਬਰਾਂਡੇ ਮੂਹਰੇ ਕੁਰਸੀਆਂ ਦਾ ਗੋਲ ਦਾਇਰਾ ਬਣਾਈ ਰਾਜਨੀਤੀ ਦੇ ਬਣਦੇ-ਟੁੱਟਦੇ ਗੱਠਜੋੜਾਂ ਬਾਰੇ ਗਹਿਗੱਚ ਚਰਚਾ 'ਚ ਰੁਝਾ ਹੋਇਆ ਸੀ। ਰਾਜਨੀਤਕ ਸਮੀਕਰਨਾਂ ਦੀ ਰਚਾ... ਕੌਣ ਪੰਜਾਬ ਦੀ ਗੱਦੀ 'ਤੇ ਕਾਬਜ਼ ਹੋਵੇਗਾ? ਸੱਤਾਧਾਰੀਤੇ ਵਿਰੋਧੀ ਧਿਰ ਦੇ ਹਾਂ-ਪੱਖੀ ਤੇ ਨਾਂਹ-ਪੱਖੀ ਪਹਿਲੂਆਂ ਦੀ ਚਰਚਾ ਤੇ ਜਲੰਧਰ ਦੇ ਸੰਭਾਵਿਤ ਉਮੀਦਵਾਰਾਂ ਬਾਰੇ ਕਿਆਸ-ਅਰਾਈਆਂ ਵੀ। ਇਸ ਸਾਰੀ ਚਰਚਾ ਤੋਂ ਹਟਵੇਂ ਬੈਠੇ ਆਨੰਦ ਜੀ ਆਪਣੇ ਆਪ 'ਚ ਮਸਤ ਸਨ, ਪਤਾ ਨਹੀਂ ਕੀ ਸੋਚਦੇ ਹੋਏ! ਮੇਰੇ ਵਾਂਗ ਹਰ ਕੋਈ ਉਹਨਾਂ ਕੋਲ ਜਾਂਦਾ, ਪਰ ਪੰਜ-ਸੱਤ ਮਿੰਟ ਤੋਂ ਬਾਅਦ ਕੋਈ ਗੱਲ ਨਾ ਹੁੰਦੀ ਅਗਾਂਹ ਤੋਰਨ ਲਈ।

ਇਹ ਉਹੀ ਆਨੰਦ ਜੀ ਸਨ ਜਿਹੜੇ ਹਰ ਮਹਿਫਲ ਦਾ ਕੇਂਦਰ ਹੁੰਦੇ ਸਨ। ਤੇ ਭਾਵੇਂ ਉਹਨਾਂ ਦੇ ਵਿਚਾਰਾਂ ਨਾਲ ਸਾਰੇ ਹੀ ਮਤਭੇਦ ਰੱਖਣ ਵਾਲੇ ਕਿਉਂ ਨਾ ਹੋਣ, ਉਹ ਕਿਸੇ ਨੂੰ ਬੋਲਣ ਦਾ ਮੌਕਾ ਘੱਟ ਹੀ ਦਿੰਦੇ। ਤੇ ਫਿਰ ਆਪਣੀ ਗੱਲ ਤੋਂ ਰਤਾ ਵੀ ਇੱਧਰ-ਉੱਧਰ ਨਾ ਹੁੰਦੇ, ਨਾ ਥਿੜਕਦੇ।

ਮੈਂ ਭਾਵੇਂ ਦੋਸਤਾਂ ਦੇ ਗਰੁੱਪ 'ਚ ਬੈਠਾ, ਉਹਨਾਂ ਦੀ ਚਰਚਾ 'ਚ ਸ਼ਾਮਲ ਵੀ ਰਿਹਾ, ਪਰ ਮੇਰਾ ਜ਼ਿਹਨ ਅਨੰਦ ਜੀ ਬਾਰੇ ਹੀ ਸੋਚਦਾ ਰਿਹਾ ਕਿ ਉਮਰ ਦੇ ਪੜਾਅ ਵੀ ਬੰਦੇ ਨੂੰ ਕਿਵੇਂ ਬਦਲ ਜਾਂਦੇ ਹਨ! ਮੇਰੇ ਜਿਹਨ 'ਚ ਆਨੰਦ ਜੀ ਦੇ ਕਈ ਰੂਪ ਆਉਂਦੇ ਰਹੇ...

ਕਾਮਰੇਡ ਜਗਜੀਤ ਸਿੰਘ ਆਨੰਦ ਦੇ ਨਾਅ ਨਾਲ ਕਦੇ ਪਹਿਲੀ ਵਾਰ ਵਾਕਫ ਹੋਇਆ, ਯਾਦ ਨਹੀਂ। ਜੇ ਯਾਦ ਹੈ ਤਾਂ ਸਿਰਫ ਏਨਾ ਕਿ ਇਹ ਮੇਰੇ ਸਕੂਲੀ ਪੜ੍ਹਨ ਦੇ ਦਿਨ ਸਨ। ਗੌਰਮਿੰਟ ਹਾਈ ਸਕੂਲ ਜੰਡਵਾਲ, ਜਿੱਥੋਂ ਮੈਂ ਦਸਵੀਂ ਕੀਤੀ, ਇੱਥੇ ਨਾ ਕੇਵਲ 'ਪ੍ਰੀਤਲੜੀ' ਆਉਂਦੀ ਹੀ ਸੀ, ਸਗੋਂ 1957-58 ਤੋਂ ਲੈ ਕੇ ਇਸ ਦੇ ਬਹੁਤ ਸਾਰੇ ਅੰਕਾਂ ਦੀਆਂ ਸਾਲ ਦਰ ਸਾਲ ਦੀਆਂ ਜਿਲਦਾ ਬੰਨ੍ਹਵਾ ਕੇ ਵੀ ਸਾਂਭੀਆਂ ਹੋਈਆਂ ਸਨ। ਗੁਰਬਖ਼ਸ਼ ਸਿੰਘ 'ਪ੍ਰੀਤਲੜੀ' ਦੇ ਕਾਲਮ 'ਮੇਰੇ ਝਰੋਖੇ 'ਚੋਂ',

ਨਵਤੇਜ ਦੇ ਕਾਲਮ 'ਮੇਰੀ ਧਰਤੀ ਮੇਰੇ ਲੋਕ', ਸਾਥੀ ਲੁਧਿਆਣਵੀ ਦੇ ਕਾਲਮ 'ਸਮੁੰਦਰੋਂ ਪਾਰ' ਤੇ ਕੁਝ ਹੋਰ ਸਥਾਈ ਕਾਲਮਾਂ ਤੇ ਲੇਖਾਂ ਨੇ ਪੜਨ ਦਾ ਅਜਿਹਾ ਚਸਕਾ ਲਾਇਆ ਕਿ ਫਿਰ ਇਸ ਦੀਆਂ ਲਾਇਬਰੇਰੀ 'ਚ ਮੌਜੂਦ ਸਾਰੀਆਂ ਪੁਰਾਣੀਆਂ ਫਾਈਲਾਂ ਕਢਾ-ਕਢਾ ਕੇ ਪੜ੍ਹੀਆਂ। ਇਹਨਾਂ 'ਚ ਕਿਤੇ-ਕਿਤੇ ਆਨੰਦ ਜੀ ਦੇ ਲੇਖ ਵੀ ਹੁੰਦੇ ਪਰ ਬਹੁਤੇ ਰਾਜਨੀਤਕ ਸੁਰ-ਸੇਧ ਵਾਲੇ ਹੀ। ਕਾਲਜ ਜਾ ਕੇ ਸਾਹਿਤ ਪੜ੍ਹਨ ਦਾ ਚਸਕਾ ਲੱਗ ਗਿਆ ਤੇ ਆਪ ਵੀ ਕਵਿਤਾਵਾਂ ਕਹਾਣੀਆਂ ਨੂੰ ਮੂੰਹ ਮਾਰਨ ਲੱਗਾ। ਇਹ ਲਿਖ ਕੇ ਅਖਬਾਰਾਂ ਨੂੰ ਭੇਜ ਛੱਡਦਾ। ਕੁਝ ਛੱਪ ਜਾਂਦੀਆਂ, ਕੁਝ ਰਹਿ ਵੀ ਜਾਂਦੀਆਂ ਪਰ ਇਸ ਕਰਕੇ ਅਖ਼ਬਾਰਾਂ ਦੇ ਸਪਤਾਹਿਕ ਅੰਕ ਨਿਰੰਤਰ ਤੌਰ 'ਤੇ ਦੇਖਣ ਲੱਗਾ। ਹੌਲੀ-ਹੌਲੀ 'ਨਵਾਂ ਜ਼ਮਾਨਾ' ਦਾ ਇਹ ਅੰਕ, ਮੇਰਾ ਹਰਮਨ-ਪਿਆਰਾ ਅੰਕ ਬਣ ਗਿਆ। ਇਸ ਵਿਚ ਆਨੰਦ ਜੀ ਦਾ ਚਲੰਤ ਰਾਜਨੀਤੀ ਬਾਰੇ ਲੇਖ ਲਗਭਗਹਰ ਅੰਕ 'ਚ ਹੀ ਹੁੰਦੇ। ਰਾਜਨੀਤੀ 'ਚ ਵਧੀ ਦਿਲਚਸਪੀ ਕਰਕੇ ਮੈਂ ਇਸ ਨੂੰ ਉਚੇਚ ਨਾਲ ਪੜ੍ਹਨ ਲੱਗਾ। ਇਹ ਸੀ ਆਨੰਦ ਜੀ ਦੀਆਂ ਰਾਜਨੀਤਕ ਲਿਖਤਾਂ ਨਾਲ ਮੇਰੀ ਪਹਿਲੀ ਪਛਾਣ।

1981 ਤੋਂ 83 ਤੱਕ ਮੈਂ ਜਲੰਧਰ 'ਲੋਕ ਲਹਿਰ' ਚ ਸਬ-ਐਡੀਟਰ ਰਿਹਾ। ਕਦੀ-ਕਦੀ 'ਨਵਾਂ ਜਮਾਨਾ' 'ਚ ਲਖਵਿੰਦਰ ਜੌਹਲ, ਰੇਸ਼ਮ, ਬਲਦੇਵ ਬਜਾਵਾ ਜਾਂ ਜਗਜੀਤ ਨੂੰ ਮਿਲਣ ਵੀ ਆ ਜਾਂਦਾ। ਇਹਨਾਂ ਦਿਨਾਂ 'ਚ ਜ਼ੀਰਵੀ ਜੀ ਨਾਲ ਤਾਂ ਮੇਲ ਹੋ ਗਿਆ, ਉਹਨਾਂ ਦਾ ਹਾਸਾ ਨਿਊਜ਼-ਟੇਬਲ 'ਤੇ ਗੂੰਜਦਾ ਰਹਿੰਦਾ ਸੀ ਪਰ ਆਨੰਦ ਦੀ ਇਸ ਸਮੇਂ ਦੌਰਾਨ ਵੀ ਨਾ ਮਿਲੇ। ਉਹ ਉਦੋਂ ਪੰਜਾਬ ਦੀ ਪਾਰਟੀ ਦੇ ਵੱਡੇ ਆਗੂਆਂ 'ਚੋਂ ਸਨ ਤੇ ਰਾਜਨੀਤਕ ਸਰਗਰਮੀਆਂ 'ਚ ਸ਼ਾਇਦ ਬਹੁਤਾ ਬਾਹਰ ਹੀ ਰਹਿੰਦੇ ਸਨ। ਇਸ ਦੌਰ 'ਚ ਮੈਂ ਆਨੰਦ ਜੀ ਦੀਆਂ ਅਨੁਵਾਦ ਕੀਤੀਆਂ ਕਿਤਾਬਾ ਜ਼ਰੂਰ ਪੜ੍ਹ ਲਈਆਂ। 'ਓਲੇ ਬੀਨਕੇਪ', 'ਬਘਿਆੜਾਂ ਦੇ ਵੱਸ', 'ਸਤਰੰਗੀ ਪੀਂਘ' ਤੇ ਇਕ ਦੋ ਹੋਰ ਵੀ। ਮੈਨੂੰ ਉਹਨਾਂ ਦੀ ਅਨੁਵਾਦ ਸ਼ੈਲੀ ਨੇ ਪ੍ਰਭਾਵਿਤ ਕੀਤਾ ਸੀ। ਤੇ ਉਹਨਾਂ ਦੇ ਇਕ ਰਾਜਨੀਤਕ ਆਗੂ ਤੇ ਰਾਜਨੀਤਕ ਸੁਰ ਵਾਲੇ ਪੱਤਰਕਾਰ ਦੇ ਨਾਲ-ਨਾਲ ਅਨੁਵਾਦਕ ਦੀ ਪਛਾਣ ਵੀ ਮੇਰੇ ਮਨ 'ਚ ਸ਼ਾਮਲ ਹੋ ਗਈ। ਫਿਰ ਮੈਂ ਪਿੰਡ ਚਲਿਆ ਗਿਆ ਤੇ ਮਈ 1989 'ਚ 'ਨਵਾਂ ਜ਼ਮਾਨਾ' 'ਚ ਆਉਣ ਤੱਕ ਪਿੰਡ ਹੀ ਰਿਹਾ। ਇਸ ਦੌਰ 'ਚ ਆਨੰਦ ਜੀ ਦੀ ਕੋਈ ਲਿਖਤ ਉਚੇਚ ਨਾਲ ਸ਼ਾਇਦ ਨਾ ਵੀ ਪ੍ਰਾਪਤ ਕੀਤੀ ਹੋਵੇ, ਪਰ ਇਹ ਵੀ ਨਹੀਂ ਹੋਇਆ ਕਿ ਸਾਹਮਣੇ ਆਉਣ 'ਤੇ ਉਸ ਨੂੰ ਅਣਗੌਲਿਆ ਕਰ ਪੰਨਾ ਪਲਟ ਲਿਆ ਹੋਵੇ। ਉਹਨਾਂ ਦੀ ਸ਼ੈਲੀ ਮੈਨੂੰ ਚੰਗੀ ਲੱਗਦੀ ਸੀ, ਭਾਵੇਂ ਰਾਜਨੀਤਕ ਲੇਖਾਂ 'ਚ ਉਨ੍ਹਾਂ ਦੀ ਕਾਂਗਰਸ ਪ੍ਰਤੀ ਹਮਦਰਦੀ ਵਾਲੀ ਪਹੁੰਚ ਮੇਰੇ ਸੰਘੋਂ ਨਾ ਲੰਘਦੀ। ਫਿਰ 'ਨਵਾਂ ਜ਼ਮਾਨਾ' ਚ 'ਚ ਗਿਆ ਤਾਂ ਵੀ ਕਈ ਮਹੀਨੇ ਆਨੰਦ ਜੀ ਨਾਲ ਮੁਲਾਕਾਤ ਦਾ ਮੌਕਾ ਨਾ ਬਣਿਆ। ਅੱਤਵਾਦ ਦੇ ਕਹਿਰ ਵਾਲੇ ਦਿਨ ਸਨ। ਉਹ ਬਹੁਤਾ ਬਾਹਰ ਪਾਰਟੀ ਮੀਟਿੰਗਾਂ, ਰੈਲੀਆਂ 'ਚ ਰੁੱਝੇ ਰਹਿੰਦੇ ਤੇ ਜਦੋਂ ਦਫਤਰ ਆਉਂਦੇ ਤਾਂ ਸਿੱਧੇ ਸਿਰੇ 'ਤੇ ਜਾ ਕੇ ਆਪਣੇ ਕਮਰੇ 'ਚ ਜਾ ਬੈਠਦੇ, ਜਿੱਥੇ ਬਾਬਾ ਬੰਨੋਆਣਾ ਤੇ ਕਾਮਰੇਡ ਮਨੋਹਰ ਲਾਲ ਵੀ ਬੈਠਦੇ ਸਨ। ਅਕਸਰ ਜ਼ੀਰਵੀ ਜੀ ਨੂੰ ਵੀ ਉਹ ਉੱਥੇ ਹੀ ਸੱਦ ਲੈਂਦੇ ਤੇ ਅਖ਼ਬਾਰ ਬਾਰੇ ਜਾਂ ਮੌਜੂਦਾ ਰਾਜਸੀ ਸਥਿਤੀ ਬਾਰੇ ਜਾਂ ਸੰਪਾਦਕੀ ਲਿਖਣ ਬਾਰੇ ਵਿਚਾਰਾਂ ਕਰਦੇ। ਇਹ ਵਿਚਾਰ-ਚਰਚਾ ਕਈ ਵਾਰ ਏਨੀ ਉਤੇਜਿਤ ਤੇ ਗਰਮ ਬਹਿਸਬਾਜ਼ੀ 'ਚ ਬਦਲ ਜਾਂਦੀ ਕਿ ਇਸ ਦੀ ਆਵਾਜ਼ ਸਾਡੇ ਨਿਊਜ਼ ਟੇਬਲ ਤੱਕ ਵੀ ਪੁੱਜ ਜਾਂਦੀ, ਜਿਹੜਾ ਵਿਚਾਲੇ ਇਕ ਕਮਰਾ ਛੱਡ ਕੇ ਸੀ। ਕਈ ਵਾਰ ਉਹ ਨਿਊਜ਼-ਟੇਬਲ 'ਤੇ ਵੀ ਆ ਜਾਂਦੇ, ਪਰ ਇੱਥੇ ਬੈਠਦੇ ਘੱਟ ਹੀ ਸਨ। ਜ਼ੀਰਵੀ ਜੀ ਨਾਲ ਕਿਸੇ ਖ਼ਬਰ ਬਾਰੇ ਜਾਂ ਕਿਸੇ ਲੇਖ ਬਾਰੇ ਗੱਲਾਂ ਕਰਦੇ ਕਈ ਵਾਰ ਉਹ ਅੱਧਾ-ਅੱਧਾ ਘੰਟਾਂ ਵੀ ਲਾ ਦਿੰਦੇ ਪਰ ਰਹਿੰਦੇ ਖੜ੍ਹੇ ਹੀ। ਮੇਰਾ ਕਦੀ ਵਾਰ ਜੀਅ ਕਰਦਾ ਉਹਨਾਂ ਨਾਲ ਗੱਲ ਕਰਨ ਨੂੰ, ਉਹਨਾਂ ਨਾਲ ਹੱਥ ਮਿਲਾਉਣ ਨੂੰ ਪਰ ਉਹ ਰਾਜਨੀਤਕ ਮਾਮਲਿਆਂ 'ਚ ਇੰਨੇ ਖਚਤ-ਪਚਤ ਰਹਿੰਦੇ ਕਿ ਉਹਨਾਂ ਨੂੰ ਸ਼ਾਇਦ ਹੋਰ ਕੁਝ ਜਾਨਣ/ਸੋਚਣ ਦੀ ਵਿਹਲ ਹੀ ਨਹੀਂ ਸੀ। ਕੁਝ ਉਹ ਦਿਨ ਵੀ ਇਹੋ ਜਿਹੇ ਸਨ ! ਕਮਿਊਨਿਸਟ ਲਹਿਰ ਦੇ ਅਣਮੁੱਲੇ ਨਾਇਕ ਅੱਤਵਾਦੀਆਂ ਵਲੋਂ ਸ਼ਹੀਦ ਕੀਤੇ ਜਾ ਰਹੇ ਸਨ। ਪੁਲਿਸ ਤੇ ਪ੍ਰਸ਼ਾਸ਼ਨ ਨਾਕਾਮ ਹੁੰਦਾ ਜਾ ਰਿਹਾ ਸੀ।

ਮੇਰੀ ਉਹਨਾਂ ਨਾਲ ਰਸਮੀ ਮੁਲਾਕਾਤ ਹੋਈ 'ਨਵਾਂ ਜ਼ਮਾਨਾ' 'ਚ ਆਉਣ ਤੋਂ ਸੱਤ-ਅੱਠ ਮਹੀਨੇ ਬਾਅਦ ਉਦੋਂ, ਜਦੋਂ ਆਰਥਕ ਕਾਰਨਾਂ ਕਰਕੇ ਪਾਰਟੀ ਨੇ ਅਖ਼ਬਾਰ ਚਲਾਉਣ ਤੋਂ ਅਸਰੱਥਾ ਪ੍ਰਗਟਾਈ ਤੇ ਆਨੰਦ ਜੀ ਦੀ ਅਗਵਾਈ 'ਚ ਟਰੱਸਟ ਨੇ ਨਿੱਜੀ ਯਤਨਾਂ ਨਾਲ ਇਸ ਨੂੰ ਚਲਾਉਣ ਦਾ ਫੈਸਲਾ ਕਰ ਲਿਆ। ਇਸ ਅਹਿਮ ਮੋੜ 'ਤੇ ਸੰਪਾਦਕੀ ਸਟਾਫ ਦੀ ਹੋਈ ਪਹਿਲੀ ਮੀਟਿੰਗ 'ਚ ਪਾਠਕਾਂ ਦਾ ਘੇਰਾ ਮੋਕਲਾ ਕਰਨ ਤੇ ਆਰਥਕ ਵਸੀਲੇ ਜੁਟਾਉਣ ਲਈ ਨਵੀਆਂ ਤਕਰੀਬਾਂ ਵਿਚਾਰੀਆਂ ਗਈਆਂ। ਸ਼ਹਿਰਾਂ, ਕਸਬਿਆਂ 'ਚ ਪੱਤਰਕਾਰ ਰੱਖਣ, ਸਪਲੀਮੈਂਟ ਕੱਢਣ ਬਾਰੇ ਯੋਜਨਾਵਾਂ ਉਲੀਕੀਆਂ ਗਈਆਂ। ਇਸ ਯੋਜਨਾਬੰਦੀ ਦੌਰਾਨ ਹੀ ਜਦੋਂ ਸਾਰਿਆਂ ਤੋਂ ਰਾਇ ਪੁੱਛੀ ਜਾਣ ਲੱਗੀ ਤਾਂ ਮੇਰੇ ਬੋਲਣ ਤੋਂ ਪਹਿਲਾਂ ਸਤਨਾਮ ਚਾਨੇ ਨੇ ਮੇਰੀ ਜਾਣ-ਪਛਾਣ ਆਨੰਦ ਜੀ ਨੂੰ ਦੱਸੀ। ਉਹਨਾਂ ਦਾ ਫੌਰੀ ਪ੍ਰਤੀਕਰਮ ਸੀ, "ਤੂੰ ਕਵਿਤਾਵਾਂ ਤਾਂ ਬੜੀਆਂ ਵਧੀਆ ਲਿਖਦਾ, ਪਰ ਸਾਡਾ ਸਪਤਾਹਿਕ ਅੰਕ ਏਨਾ ਮਾੜਾ ਕਿਉਂ ਹੈ?" ਮੈਂ ਕੀ ਜਵਾਬ ਦਿੰਦਾ, ਕਿਉਂਕਿ ਮੈਂ ਉਦੋਂ ਨਿਊਜ਼ ਵਾਲੇ ਪਾਸੇ ਸਾਂ। ਫਿਰ ਹਫਤੇ ਦਸ ਦਿਨਾਂ ਬਾਅਦ, ਜਦੋਂ ਵੀ ਆਨੰਦ ਜੀ ਨੂੰ ਚੇਤਾ ਆ ਜਾਂਦਾ, ਉਹ ਇਹ

ਜ਼ਰੂਰ ਕਹਿੰਦੇ, 'ਸਪਤਾਹਿਕ ਅੰਕ 'ਚ ਅਜੇ ਕੋਈ ਸੁਧਾਰ ਨਹੀਂ ਆਇਆ... ਇਸ ਬਾਰੇ ਹੋਰ ਮਿਹਨਤ ਕਰ।" ਮੈਂ ਇਕ ਦੋ ਵਾਰ ਕਿਹਾ ਵੀ ਕਿ ਇਹ ਮੈਂ ਨਹੀਂ ਦੇਖਦਾ, ਮੈਂ ਤਾਂ ਨਿਊਜ਼ ਵਾਲੇ ਪਾਸੇ ਹਾਂ, ਪਰ ਅਗਲੀ ਵਾਰ ਤੱਕ ਉਹਨਾਂ ਨੂੰ ਇਹ ਚੇਤਾ ਭੁਲਿਆ ਹੁੰਦਾ ਤੇ ਫਿਰ ਉਹੋ ਹੀ ਪ੍ਰਤੀਕਿਰਿਆ। ਛੇ ਸੱਤ ਮਹੀਨੇ ਹੋਰ ਇੰਜ ਹੀ ਲੰਘ ਗਏ ਕਿ ਉਹਨਾਂ ਨੇ ਇਸ ਦੀ ਵਿਸਥਾਰ 'ਚ ਯੋਜਨਾ ਉਲੀਕਣ ਲਈ ਮੈਨੂੰ ਤੇ ਸਤਨਾਮ ਚਾਨੇ ਨੂੰ ਆਪਣੇ ਕਮਰੇ 'ਚ ਸੱਦ ਲਿਆ। ਮੈਂ ਜਦੋਂ ਇਹ ਅੰਕ ਤਰਸੇਮ ਕਲੇਰ ਕੋਲ ਹੋਣ ਬਾਰੇ ਦੱਸਿਆ ਤਾਂ ਉਹਨਾਂ ਨੇ ਤੁਰੰਤ ਫੈਸਲਾ ਲੈ ਲਿਆ, "ਅੱਜ ਤੋਂ ਇਹ ਤੂੰ ਦੇਖੇਂਗਾ!"

"ਪਰ ਜੀ, ਮੈਂ ਦੇਖਾਂਗਾ ਕਦੋਂ? ਮੇਰੀ ਤਾਂ ਨਿਊਜ਼ 'ਤੇ ਡਿਊਟੀ ਹੈ।"

"ਤੈਨੂੰ ਦੋ ਘੰਟਿਆਂ ਦੀ ਉਧਰੋਂ ਛੁੱਟੀ... ਤੂੰ ਦੋ ਵਜੇ ਆਉਂਦਾ ਹੈ ਨਾਂ! ਦੋ ਤੋਂ ਚਾਰ ਇਹ ਦੇਖਿਆ ਕਰ।"

ਇਸ ਮੁਲਾਕਾਤ ਤੋਂ ਬਾਅਦ ਫਿਰ ਮੈਂ ਉਹਨਾਂ ਦੇ ਹੋਰ ਤੋਂ ਹੋਰ ਨੇੜੇ ਹੁੰਦਾ ਗਿਆ। ਲੱਗਭਗ ਹਰ ਹਫਤੇ ਦੇ ਸ਼ੁਰੂ 'ਚ, ਉਸ ਹਫਤੇ ਛੱਪਣ ਵਾਲੇ ਮੈਟਰ ਬਾਰੇ ਚਰਚਾ ਹੁੰਦੀ। ਕੁਝ ਵੱਡੇ ਨਾਵਾਂ ਦੇ ਆਏ ਰਾਜਨੀਤਕ ਲੇਖ, ਜਿਹੜੇ ਕਿ ਉਹਨਾਂ ਦੇ ਨਾਂਅ 'ਤੇ ਆਉਂਦੇ ਸਨ, ਉਹਨਾਂ ਦਾ ਕਹਿਣਾ ਹੁੰਦਾ ਕਿ ਇਹਨਾਂ ਨੂੰ ਸਪਤਾਹਿਕ ਅੰਕ 'ਚ ਛਾਪਿਆ ਜਾਵੇ। ਆਉਣ ਵਾਲੀਆਂ ਸਾਹਿਤਕ ਰਚਨਾਵਾਂ ਵੀ ਅਕਸਰ ਬਹੁਤੀਆਂ ਵੱਡੇ ਸਾਹਿਤਕਾਰਾਂ ਦੀਆਂ ਹੁੰਦੀਆਂ, ਪਰ ਜਿਹੜੀਆਂ ਪਹਿਲਾਂ ਹੀ ਕਿਤੇ ਨਾ ਕਿਤੇ ਹੋਰ ਸਾਹਿਤਕ ਪੇਪਰ 'ਚ ਛਪੀਆਂ ਵੀ ਹੁੰਦੀਆਂ। ਉਸ ਛਪੇ ਹੋਏ ਦੀ ਫੋਟੋਕਾਪੀ ਉਹ 'ਨਵਾਂ ਜ਼ਮਾਨਾ' ਲਈ ਭੇਜ ਦਿੰਦੇ ਸਨ। ਜਦੋਂ ਸਪਤਾਹਿਕ ਅੰਕ ਤੇ ਸਾਹਿਤਕ ਪੱਤਰਕਾਰੀ ਨੂੰ ਕੁਝ ਸਮਝਣ ਲੱਗ ਪਿਆ ਤਾਂ ਮੈਂ ਉਹਨਾਂ ਨੂੰ ਕਿਹਾ, "ਸਾਨੂੰ ਪਹਿਲਾਂ ਕਿਤੇ ਹੋਰ ਛਪੀਆਂ ਰਚਨਾਵਾਂ ਨੂੰ ਮੁੜ ਛਾਪਣਾ ਬੰਦ ਕਰ ਦੇਣਾ ਚਾਹੀਦਾ ਹੈ ਸਪਤਾਹਿਕ ਅੰਕ 'ਚ।"

"ਕਿਉਂ? ਉਹਨਾਂ ਦਾ ਹਾਕਮਾਨਾ ਪ੍ਰਤੀਕਰਮ ਸੀ।

"ਕਿਉਂਕਿ ਜਿਸ ਪਾਠਕ ਨੇ ਉਹ ਪਹਿਲਾਂ ਹੀ ਪੜ੍ਹੀਆਂ ਹੋਣਗੀਆਂ, ਉਹ ਮੁੜ 'ਨਵਾਂ ਜਮਾਨਾਂ' 'ਚ ਕਿਉਂ ਪੜ੍ਹੇਗਾ... ਤੇ ਫਿਰ ਕਿਉਂ ਖਰੀਦੇਗਾ ਅਖ਼ਬਾਰ ?

"ਹਰ ਪਰਚੇ ਦੇ ਪਾਠਕਾਂ ਦਾ ਘੇਰਾ ਆਪਣਾ-ਆਪਣਾ ਹੁੰਦਾ ਹੈ!"

"ਪਰ ਕੁਝ ਸਾਂਝਾ ਵੀ ਹੁੰਦਾ ਹੈ ਤੇ ਉਹਨਾਂ ਦਾ ਕੀ ਕਸੂਰ ਕਿ ਉਹਨਾਂ ਨੂੰ ਉਹ ਮੈਟਰ ਮੁੜ ਪਰੋਸਿਆ ਜਾਵੇ, ਜਿਹੜਾ ਉਹ ਪਹਿਲਾਂ ਹੀ ਪੜ੍ਹ ਚੁੱਕੇ ਹੁੰਦੇ ਹਨ।"

ਉਹਨਾਂ ਨੂੰ ਤਰਕ ਠੀਕ ਲੱਗਿਆ ਤੇ ਉਹਨਾਂ ਦੇ ਇਕਦਮ ਫੈਸਲਾ ਲੈ ਲਿਆ 'ਠੀਕ ਹੈ'। ਪਿੱਛੋਂ ਇਸ ਫੈਸਲੇ ਨਾਲ ਬੜਾ ਰੌਲਾ ਪਿਆ ਤੇ ਬਹੁਤੇ ਔਖੇ ਉਹੀ ਸਾਹਿਤਕਾਰ ਸਨ ਜਿਹੜੇ ਪਾਰਟੀ ਦੇ ਬਹੁਤੇ ਨੇੜੇ ਸਨ। ਇੰਨ੍ਹਾਂ 'ਚੋਂ ਇਕ ਨੇ ਤਾਂ ਤੇਰਾ ਸਿੰਘ ਚੰਨ ਦੇ ਨਾਂਅ ਮੇਰੇ ਖਿਲਾਫ ਲੰਮੀ ਚੌੜੀ ਚਿੱਠੀ ਵੀ ਲਿਖੀ, ਜਿਸ ਦਾ ਸਾਰ ਅੰਸ਼ ਕੁਝ ਇਸ ਤਰ੍ਹਾਂ ਸੀ : ਕਿ ਬਲਬੀਰ ਪਰਵਾਨਾ ਨਕਸਲੀ ਹੈ। ਉਹ ਨਕਸਲੀ ਨੀਤੀਆਂ ਤੇ ਉਸ ਰਾਜਨੀਤੀ ਨਾਲ ਜੁੜੇ ਲੇਖਕਾਂ ਨੂੰ 'ਨਵਾਂ ਜ਼ਮਾਨਾ' 'ਚ ਬਹੁਤਾ ਉਭਾਰ ਰਿਹਾ ਹੈ। ਉਹ ਨਕਸਲੀਆਂ ਦੇ ਪੇ-ਰੋਲ 'ਤੇ ਹੈ ਵਗੈਰਾ-ਵਗੈਰਾ। ਇਹ ਭਾਸ਼ਾ ਉਹੋ ਜਿਹੀ ਹੀ ਸੀ, ਜਿਹੋ ਜਿਹੀ ਕਮਿਊਨਿਸਟ ਅਕਸਰ ਵਰਤਦੇ ਹਨ ਜਦੋਂ ਉਹਨਾਂ ਨੇ ਕਿਸੇ ਵਿਰੋਧੀ 'ਤੇ ਚਿੱਕੜ ਉਛਾਲੀ ਕਰਨੀ ਹੋਵੇ।

ਚੰਨ ਜੀ ਉਦੋਂ ਪਾਰਟੀ ਦੇ ਸਾਹਿਤਕ ਵਿੰਗ ਦੇ ਇੰਚਾਰਜ ਹੁੰਦੇ ਸਨ। ਕਿਸੇ ਮੀਟਿੰਗ 'ਚ ਚੰਨ ਜੀ ਨੇ ਉਹ ਚਿੱਠੀ ਆਨੰਦ ਜੀ ਨਾਲ ਵਿਚਾਰੀ ਹੋਵੇਗੀ। ਉਹਨਾਂ ਨੇ ਉੱਥੇ ਪਾਰਟੀ ਵਿੰਗ 'ਚ ਕੀ ਜਵਾਬ ਦਿੱਤਾ, ਇਹ ਮੈਨੂੰ ਨਹੀਂ ਪਤਾ। ਪਰ ਪਿਛੋਂ ਇਕ ਦਿਨ ਉਹਨਾਂ ਨੇ ਆਪਣੇ ਕਮਰੇ 'ਚ ਸੱਦ ਕੇ ਉਹ ਚਿੱਠੀ ਮੈਨੂੰ ਪੜ੍ਹਾਈ। ਜਦੋਂ ਮੈਂ ਚਿੱਠੀ ਪੜ੍ਹ ਹਟਿਆ ਤਾਂ ਉਹਨਾਂ ਨੇ ਕਿਹਾ, "ਹੁਣ ਤੂੰ ਇਸ ਚਿੱਠੀ ਨੂੰ ਭੁੱਲ ਜਾ... ਉਸ ਲੇਖਕ ਦੀ ਰਚਨਾ ਬਾਰੇ ਵਿਚਾਰਦਿਆਂ, ਕਦੀ ਇਸ ਚਿੱਠੀ ਦੀ ਚੋਭ ਤੇਰੇ ਮਨ 'ਚ ਨਹੀਂ ਆਉਣੀ ਚਾਹੀਦੀ... ਤੈਨੂੰ ਪੜ੍ਹਾਈ ਤਾਂ ਕਰਕੇ ਹੈ ਕਿ ਬਹੁਤ ਕੁਝ ਏਨਾ ਸੌਖਾ ਨਹੀਂ ਹੁੰਦਾ, ਜਿੰਨਾਂ ਤੂੰ ਸਮਝਦਾ ਹੈ... ਪਰ ਕੈਰੀ ਆਨ... ਮੈਂ ਤੇਰੇ ਨਾਲ ਹਾਂ" ਪਿੱਛੋਂ ਉਹਨਾਂ ਦੀ ਇਹ ਗੱਲ ਮੇਰੇ ਬੜੇ ਕੰਮ ਆਈ, ਤੇ ਅੱਜ ਤੱਕ ਆ ਰਹੀ ਹੈ ਕਿ ਕਿਸੇ ਨਾਲ ਤੁਹਾਡੇ ਜਿੰਨੇ ਮਰਜ਼ੀ ਵਿਰੋਧ ਹੋਣ, ਜਿੰਨ੍ਹਾਂ ਮਰਜ਼ੀ ਪਾੜਾ ਹੋਵੇ ਜਾਂ ਫਿਰ ਦੋਸਤੀ ਵੀ, ਪਰ ਰਚਨਾ ਵਿਚਾਰਨ ਵੇਲੇ ਤੁਹਾਡੇ ਸਾਹਮਣੇ ਸਿਰਫ ਰਚਨਾ ਹੀ ਹੋਣੀ ਚਾਹੀਦੀ ਹੈ, ਆਪਣੀਆਂ ਮਾਨਸਿਕ ਸੰਕੀਰਨਤਾਵਾਂ ਨਹੀਂ।

ਪਰ ਸਾਡੇ ਸੰਬੰਧ ਸਦਾ ਏਨੇ ਸਹਿਜਭਾਵੀ ਵੀ ਨਹੀਂ ਰਹੇ। ਇਕ ਵਾਰ ਬੜਾ ਤਕਰਾਰ ਵੀ ਹੋ ਗਿਆ। ਕਾਰਨ ਸੀ ਕਿ "ਐਤਵਾਰਤਾ' ਅੰਕ ਦੇ ਇਕ ਲੇਖ 'ਚ, ਪਰੂਫ ਦੀਆਂ ਬਹੁਤ ਵੱਡੀਆਂ ਗਲਤੀਆਂ ਰਹਿ ਗਈਆਂ ਸਨ। ਲੇਖ ਵੀ ਚਲੰਤ ਰਾਜਨੀਤੀ ਬਾਰੇ ਹੋਣ ਕਰਕੇ, ਹਰ ਇਕ ਦਾ ਧਿਆਨ ਪਹਿਲਾਂ ਉਸ 'ਤੇ ਹੀ ਗਿਆ ਤੇ ਗਲਤੀਆਂ ਬਾਰੇ ਇਕ-ਦੋ ਜਣਿਆਂ ਨੇ ਉਹਨਾਂ ਨੂੰ ਫੋਨ ਵੀ ਕਰ ਦਿੱਤਾ। ਪਹਿਲਾਂ ਕਿਤੇ ਉਹਨਾਂ ਦੀ ਮੀਟਿੰਗ ਸੀ। ਬਾਅਦ ਦੁਪਹਿਰ ਉਹ ਦਫਤਰ ਆਏ ਤਾਂ ਆਉਂਦਿਆਂ ਹੀ ਮੈਨੂੰ ਆਪਣੇ ਕਮਰੇ 'ਚ ਸੱਦ ਲਿਆ, "ਦੱਸ, ਇਸਦਾ ਕੀ ਜੁਆਬ ਹੈ?" ਉਹ ਗੁੱਸੇ ਨਾਲ ਉੱਬਲੇ ਪਏ ਸਨ। ਉਹਨਾਂ ਨੇ ਲੇਖ 'ਤੇ ਗਲਤੀਆਂ ਲਾ-ਲਾ ਕੇ ਅਖ਼ਬਾਰ ਦਾ ਉਹ ਪੰਨਾ ਨੀਲਾ ਕੀਤਾ ਹੋਇਆ ਸੀ।

"ਇਹ ਤਾਂ ਤੁਸੀਂ ਪਰੂਫ-ਰੀਡਰਾਂ ਨੂੰ ਪੁੱਛੋ !"

"ਮੈਂ ਉਹਨਾਂ ਨੂੰ ਕਿਉਂ ਪੁੱਛਾਂ?...ਇੰਚਾਰਜ ਤੂੰ ਹੈਂ।"

"ਇੰਚਾਰਜ ਹਾਂ ਕਿ ਜੇ ਰਚਨਾ 'ਚ ਕੋਈ ਵਿਚਾਰਧਾਰਕ ਗੜਬੜ ਹੈ ਤਾਂ... ਜੇ ਇਹ ਰਚਨਾ ਕਿਸੇ ਹੋਰ ਕਾਰਨ ਕਰਕੇ ਕਮਜ਼ੋਰ ਹੈ ਤਾਂ...?"

"ਮੈਨੂੰ ਕੁਝ ਨਹੀਂ ਪਤਾ... ਅੱਜ ਤੋਂ ਤੂੰ ਆਪਣੇ ਸਫਿਆਂ ਦੇ ਪਰੂਫ ਵੀ ਦੇਖੇਂਗਾ।"

"ਆਨੰਦ ਜੀ, ਮੈਨੂੰ ਇੰਨਾਂ ਕੰਮ ਕਿਵੇਂ ਦੇਖ ਸਕਦਾ ਹਾਂ? ਦਸ ਸਫਿਆਂ ਦਾ ਮੈਟਰ ਵੀ, ਫਿਰ ਪਰੂਫ ਵੀ..." 'ਐਤਵਾਰਤਾ' ਦੇ ਛੇ ਸਫਿਆਂ ਦੇ ਨਾਲ ਵੀਰਵਾਰ ਨੂੰ ਛੱਪਣ ਵਾਲੇ ਚਾਰ ਸਫੇ "ਵੀਰਵਾਰਤਾ' ਦੇ ਵੀ ਮੈਂ ਦੇਖਦਾ ਸਾਂ।

"ਘਰ ਲੈ ਜਾਇਆ ਕਰ... ਮੈਂ ਗ਼ਲਤੀ ਨਹੀਂ ਟਾਲਰੇਟ ਕਰ ਸਕਦਾ।" ਉਹਨਾਂ ਦਾ ਗੁੱਸਾ ਹੋਰ ਵੱਧ ਗਿਆ ਸੀ।

"ਘਰ ਮੈਂ ਹੋਰ ਵੀ ਕੁਝ ਪੜ੍ਹਦਾ-ਲਿਖਦਾ ਹੁੰਦਾ ਹੈ... ਜਾਂ ਮੈਂ ਦਫਤਰ 'ਚ ਹੋਰ ਕਿਸੇ ਨਾਲੋਂ ਘੱਟ ਕੰਮ ਕਰਦਾ ਹਾਂ... "ਮੈਨੂੰ ਆਪਣਾ ਰੋਸ ਜਾਗਿਆ ਕਿ ਪੂਰਾ ਮਨ ਲਾ ਕੇ ਕੰਮ ਕਰਨ ਦਾ ਇਹ ਸਿਲਾ !

"ਨਹੀਂ, ਇਹ ਤੈਨੂੰ ਦੇਖਣੇ ਹੀ ਪੈਣਗੇ !"

"ਠੀਕ ਹੈ, ਜੇ ਤੁਹਾਨੂੰ ਲੱਗਦਾ ਕਿ ਮੈਂ ਸਹੀ ਕੰਮ ਨਹੀਂ ਕਰ ਰਿਹਾ ਹਾਂ, ਜਾਂ ਘੱਟ ਕੰਮ ਕਰ ਰਿਹਾ ਹਾਂ ਤਾਂ ਤੁਸੀਂ ਹੋਰ ਬੰਦਾ ਰੱਖ ਲਓ... ਮੈਂ ਅਸਤੀਫਾ ਦੇ ਦਿੰਦਾ ਹਾਂ... "ਸਥਿਤੀ ਦਾ ਇਹ ਕਲਾਈਮੈਕਸ ਕੋਈ ਹੋਰ ਮੋੜ ਲੈਂਦਾ, ਇਸ ਤੋਂ ਪਹਿਲਾਂ ਹੀ ਉਹਨਾਂ ਨੂੰ ਕੁਝ ਮਿਲਣ ਵਾਲੇ ਆ ਗਏ। ਜਿਉਂ ਹੀ ਮਿਲਣ ਵਾਲਿਆਂ ਨੇ ਦਰਵਾਜ਼ਾ ਖੋਲ੍ਹਿਆ, ਉਹਨਾਂ ਮੈਨੂੰ ਕਿਹਾ, "ਤੂੰ ਹੁਣ ਚੱਲ...ਇਸ ਦੀ ਗੱਲ ਬਾਅਦ 'ਚ ਕਰਦੇ ਹਾਂ !" ਮੈਂ ਉੱਠ ਆਇਆ ਪਰ ਆਪਣੇ ਕੈਬਨ 'ਚ ਆ ਕੇ ਮੇਰਾ ਕੋਈ ਕੰਮ ਕਰਨ ਨੂੰ ਚਿੱਤ ਨਾ ਕੀਤਾ। ਲੱਗਦਾ ਕਿ ਜਿੱਥੇ ਗੱਲ ਪੁੱਜ ਚੁੱਕੀ ਹੈ, ਹੁਣ ਅਸਤੀਫੇ ਤੋਂ ਬਿਨਾਂ ਹੋਰ ਕੋਈ ਬਦਲ ਹੀ ਨਹੀਂ ? ਮੈਂ ਉਸ ਦਿਨ ਸਾਢੇ ਪੰਜ ਦੀ ਬਜਾਏ ਛੇ ਵਜੇ ਤੱਕ ਬੈਠਾ ਰਿਹਾ, ਉਨ੍ਹਾਂ ਦਾ ਬੁਲਾਵਾ ਉਡੀਕਦਾ ਤੇ ਉਦੋਂ ਹੀ ਗਿਆ ਜਦੋਂ ਉਹ ਸੰਪਾਦਕੀ ਲਿਖਾ ਕੇ ਚਲੇ ਗਏ। ਦੂਸਰੇ ਦਿਨ ਦਫਤਰ ਦੀਆਂ ਪੌੜੀਆਂ ਚੜ੍ਹਦਿਆਂ ਮੈਂ ਇਸ ਗੱਲ ਲਈ ਮਨੋਂ ਤਿਆਰ ਹੋ ਕੇ ਆਇਆ ਸੀ ਕਿ ਇਹ ਦਿਨ ਸ਼ਾਇਦ ਮੇਰਾ ਦਫਤਰ 'ਚ ਆਖ਼ਰੀ ਦਿਨ ਹੀ ਹੋਵੇ ! ਮਨ ਦੀ ਇਸੇ ਉੱਥਲ-ਪੁੱਥਲ ਕਰਕੇ ਮੈਂ ਆਪਣੀ ਕੁਰਸੀ 'ਤੇ ਆ ਕੇ ਬਹਿ ਤਾਂ ਗਿਆ ਪਰ ਕੋਈ ਕੰਮ ਨਾ ਕੀਤਾ। ਮਨ ਹੀ ਮਨ ਆਉਣ ਵਾਲੇ ਦ੍ਰਿਸ਼ ਕਲਪਦਾ ਰਿਹਾ। ਦਫਤਰ ਆਉਂਦਿਆਂ ਹੀ, ਉਹਨਾਂ ਨੇ ਮੇਰੇ ਕੈਬਿਨ ਦਾ ਦਰਵਾਜ਼ਾ ਰਤਾ ਕੁ ਖੋਲ੍ਹ ਕੇ ਹੁਕਮ ਵਾਂਗ ਆਖਿਆ, "ਤੂੰ ਮੇਰੇ ਕਮਰੇ 'ਚ ਆ।" ਆਪਣੇ ਕੈਬਿਨ 'ਚੋਂ ਨਿਕਲਣ ਤੋਂ ਪਹਿਲਾਂ ਮੈਂ ਇਕ ਵਾਰ ਸਾਹਮਣੇ ਮੇਜ਼ 'ਤੇ ਪਈਆਂ ਫਾਈਲਾਂ ਤੇ ਕੁਰਸੀ ਨੂੰ ਇਕ ਭਰਵੀਂ ਨਜ਼ਰ ਨਾਲ ਦੇਖਿਆ ਤੇ ਫਿਰ ਉਹਨਾਂ ਦੇ ਕਮਰੇ ਦਾ ਦਰਵਾਜ਼ਾ ਖੋਲ੍ਹ ਅੰਦਰ ਜਾ ਵੜਿਆ, "ਹਾਂ ਜੀ ?!'

"ਕੱਲ੍ਹ ਮੈਂ ਕੁਝ ਜ਼ਿਆਦਾ ਹੀ ਕਹਿ ਗਿਆ... ਅਸਲ 'ਚ ਮੈਂ ਖ਼ੁਦ ਆਪਣੀ ਨਿੱਜੀ ਜ਼ਿੰਦਗੀ ਤੇ ਪੱਤਰਕਾਰਤਾ ਜਾਂ ਰਾਜਨੀਤੀ 'ਚ ਕਦੀ ਫਰਕ ਨਹੀਂ ਰੱਖਿਆ। ਖ਼ੈਰ... ਤੂੰ ਜਿੰਨਾ ਕੁ ਹੋਰ ਧਿਆਨ ਦੇ ਸਕਦਾ ਹੈ, ਦੇ ਤੇਰੇ ਕੰਮ ਤੋਂ ਮੈਨੂੰ ਕੋਈ ਸ਼ਿਕਾਇਤ ਨਹੀਂ..." ਉਹਨਾਂ ਨੇ ਬੜੇ ਸਹਿਜਭਾਵੀ ਢੰਗ ਨਾਲ ਕਿਹਾ।

"ਆਨੰਦ ਜੀ...।" ਮੈਂ ਹੈਰਾਨ ਪਰੇਸ਼ਾਨ ਸਾਂ। ਬਹੁਤਾ ਇਸ ਲਈ ਵੀ ਕਿ ਮੈਂ ਤਾਂ ਬਿਲਕੁੱਲ ਹੀ ਕੁਝ ਹੋਰ ਸੋਚਿਆ-ਕਲਪਿਆ ਹੋਇਆ ਸੀ।

"ਓ ਕੇ... ਜੇ ਹੋਰ ਕੋਈ ਗੱਲ ਹੋਈ ਤਾਂ ਬਾਅਦ 'ਚ ਕਰ ਲਵਾਂਗੇ... ਫਿਲਹਾਲ ਮੈਂ ਅਖ਼ਬਾਰ ਦੇਖ ਲਵਾਂ...।"

ਇਸ ਘਟਨਾ ਤੋਂ ਬਾਅਦ ਕਈ ਮੌਕੇ ਅਜਿਹੇ ਵੀ ਆਏ, ਜਦੋਂ ਮੈਨੂੰ ਉਹਨਾਂ ਦੀ ਕਿਸੇ ਗਲ ਨਾਲ, ਇਕ ਸੌ ਅੱਸੀ ਦਾ ਮਤਭੇਦ ਵੀ ਆਇਆ ਤਾਂ ਵੀ ਪਰ ਮੈਂ ਉਹਨਾਂ ਦਾ ਬਹੁਤਾ ਮੋੜ ਨਾ ਦਿੱਤਾ। ਬਸ ਗੱਲ ਨੂੰ ਹਲਕੀ ਜਿਹੀ ਟਵਿਸਟ ਦੇ ਕੇ ਛੱਡ ਦਿੱਤਾ, "ਠੀਕ ਹੈ ਜੀ... ਕੱਲ੍ਹ ਨੂੰ ਜੋ ਵੀ ਤੁਸੀਂ ਮੈਨੂੰ ਹੁਕਮ ਕਰੋਗੇ, ਉਹੀ ਕਰ ਲਵਾਂਗੇ।" ਤੇ ਬਸ... ਦੂਸਰੇ ਦਿਨ ਫਿਰ ਸਾਡੀ ਲਗਭਗ ਸਹਿਮਤੀ ਬਣ ਜਾਂਦੀ ਸੀ। "ਐਤਵਾਰਤਾ" ਪੰਜਾਬੀ ਦੇ ਸਾਹਿਤ, ਸਭਿਆਚਾਰ ਤੇ ਖੱਬੀ ਰਾਜਨੀਤੀ ਦੇ ਹਲਕਿਆਂ 'ਚ ਏਨੀ ਸੰਜੀਦਗੀ ਨਾਲ ਪੜ੍ਹਿਆ, ਵਿਚਾਰਿਆ ਜਾਂਦਾ ਹੈ ਤਾਂ ਇਸ ਪਿੱਛੇ ਉਹਨਾਂ ਦੀ ਸਖ਼ਸ਼ੀਅਤ ਦੇ ਇਸ ਹਾਂਦਰੂ ਪੱਖ ਦਾ ਬਹੁਤ ਵੱਡਾ ਹੱਥ ਹੈ ਕਿ ਉਹਨਾਂ ਨੇ ਮੈਨੂੰ ਪੂਰੀ ਖੁੱਲ੍ਹ ਦਿੱਤੀ ਕੰਮ ਕਰਨ ਦੀ। ਤੇ ਪਰਚੇ ਦੇ ਮੁੱਖ-ਸੰਪਾਦਕ ਹੁੰਦਿਆਂ ਵੀ ਕਦੀ ਮੇਰੇ 'ਤੇ ਕੁਝ ਠੋਸਿਆ ਨਾ।

ਪਰਚੇ ਤੋਂ ਬਾਹਰ ਨਿੱਜੀ ਜ਼ਿੰਦਗੀ 'ਚ ਵਿਚਰਨ ਦਾ ਮੇਰਾ ਘੇਰਾ ਵੀ ਵੱਖਰਾ ਸੀ ਤੇ ਰਾਜਨੀਤੀ ਵੀ। ਮੇਰੇ ਉਸ ਘੇਰੇ 'ਚ ਆਨੰਦ ਜੀ ਦੀ ਕਾਂਗਰਸ ਵੱਲ ਪਹੁੰਚ ਦੀ ਸਦਾ ਹੀ ਨੁਕਤਾਚੀਨੀ ਹੁੰਦੀ, ਜਿਸ ਬਾਰੇ ਮੇਰਾ ਅਕਸਰ ਜਵਾਬ ਹੁੰਦਾ "ਉਹ

ਮੁੱਖ ਸੰਪਾਦਕ ਹਨ... ਉਹ ਕੀ ਲਿਖਦੇ ਹਨ, ਤੁਸੀਂ ਉਹਨਾਂ ਨਾਲ ਗੱਲ ਕਰੋ।" ਉਂਜ ਭਾਵੇਂ ਅੰਦਰੋਂ ਮੈਂ ਖ਼ੁਦ ਵੀ ਉਹਨਾਂ ਦੀ ਗੱਲ ਨਾਲ ਹੀ ਸਹਿਮਤ ਹੁੰਦਾ ਤੇ ਕਈ ਵਾਰ ਮੈਂ ਆਨੰਦ ਜੀ ਨਾਲ ਇਸ ਬਾਰੇ ਚਰਚਾ ਵੀ ਕਰਦਾ।

"ਇਹ ਮੇਰੀ ਰਾਜਨੀਤੀ ਹੈ, ਮੇਰਾ ਵਿਸ਼ਵਾਸ ਹੈ... ਤੇਰੇ ਘੇਰੇ ਵਾਲੇ ਬਹੁਤੇ ਜਾਂ ਤਾਂ ਕਿਤਾਬਾਂ ਪੜ੍ਹਨ ਵਾਲੇ ਹਨ ਜਾਂ ਤੱਤੇ ਕਾਮਰੇਡ..." ਮੈਂ ਚੁੱਪ ਕਰ ਜਾਂਦਾ।

1991 'ਚ ਉਹਨਾਂ ਦੀ ਕਿਤਾਬ ਛਪੀ 'ਚੇਤੇ ਦੀ ਚੰਗੇਰ' 'ਚੋਂ। ਇਹ ਉਹਨਾਂ ਦੀਆਂ ਕਮਿਊਨਿਸਟ ਲਹਿਰ ਬਾਰੇ ਯਾਦਾਂ ਹਨ। ਇਹ ਕਿਤਾਬ ਬੜੀ ਪਸੰਦ ਕੀਤੀ ਗਈ। ਮੈਂ ਉਹਨਾਂ ਨੂੰ ਕਿਹਾ, "ਆਨੰਦ ਜੀ, ਤੁਸੀਂ "ਐਤਵਾਰਤਾ' 'ਚ ਲਹਿਰ ਬਾਰੇ ਯਾਦਾਂ ਲਿਖਣੀਆਂ ਕਿਉਂ ਨਹੀਂ ਸ਼ੁਰੂ ਕਰਦੇ?"

'ਚੇਤੇ ਦੀ ਚੰਗਰੇ' ਵਾਲੇ ਲੱਗਭਗ ਬਹੁਤੇ ਲੇਖ "ਆਰਸੀ' 'ਚ ਛਪੇ ਸਨ। ਉਹਨਾਂ ਨੇ ਇਕ ਦੋ ਲਿਖਾਈਆਂ, ਜਿੰਨ੍ਹਾਂ ਨੂੰ ਪਾਠਕਾਂ ਦਾ ਭਰਪੂਰ ਹੁੰਗਾਰਾ ਮਿਲਿਆ ਤੇ ਹੌਲੀ-ਹੌਲੀ ਫਿਰ ਉਹ 'ਐਤਵਾਰਤਾ' 'ਚ ਇਹ ਯਾਦਾਂ ਦੀਆਂ ਲੜੀਆਂ ਲਿਖਾਉਣ ਲੱਗੇ। ਬਾਕੀ ਦਿਨ ਰਾਜਨੀਤੀ ਬਾਰੇ ਤੇ 'ਐਤਵਾਰਤਾ' 'ਚ ਲਹਿਰ ਬਾਰੇ ਯਾਦਾਂ। ਹੁਣ ਜੇ ਮੈਂ ਕਦੀ ਉਹਨਾਂ ਦੀ ਰਾਜਨੀਤਕ ਪਹੁੰਚ ਬਾਰੇ ਕੋਈ ਗੱਲ ਕਰਦਾ ਤਾਂ ਉਹ ਹੱਸ ਕੇ ਕਹਿੰਦੇ ਕਿ ਕਾਂਗਰਸ ਨਾਲ ਰਲ ਕੇ ਹੀ ਕਮਿਊਨਿਸਟ ਲਹਿਰ ਦਾ ਕੁਝ ਸੰਵਰ ਸਕਦਾ ਹੈ। ਇਹ ਗੱਲਾਂ ਜਿੰਨ੍ਹਾਂ ਚਿਰ ਅਸੀਂ ਨਹੀਂ ਸਮਝਾਂਗੇ, ਨਾ ਇਸ ਮੁਲਕ ਦਾ ਕੁਝ ਬਣ ਸਕੇਗਾ ਤੇ ਨਾ ਕਮਿਊਨਿਸਟ ਲਹਿਰ ਦਾ।" ਇਸ ਦੇ ਬਾਵਜੂਦ ਉਹ ਬਹੁਤੀ ਵਾਰ ਸੰਪਾਦਕੀ ਜਾਂ ਕੋਈ ਹੋਰ ਲੇਖ ਲਿਖਾਉਣ ਲੱਗਿਆਂ, ਮੈਨੂੰ ਕੋਲ ਬੈਠਾ ਲੈਂਦੇ। ਜੇ ਮੈਂ ਕਦੀ ਕਿਹਾ ਕਿ ਆਪਣੀ ਕਿਹੜੀ ਇਸ ਮਸਲੇ ਬਾਰੇ ਰਾਏ ਰਲਣੀ ਹੈ ਤਾਂ ਕਹਿੰਦੇ, "ਮੈਂ ਇਹ ਜਾਨਣਾ ਚਾਹੁੰਦਾ ਹਾਂ ਕਿ ਵਿਰੋਧ ਦੀ ਰਾਇ ਇਸ ਬਾਰੇ ਕੀ ਹੈ।" ਸਾਡੇ 'ਚ ਇਕ ਅਜਿਹਾ ਵਿਸ਼ਵਾਸ ਬਣ ਗਿਆ ਸੀ ਕਿ ਮੈਂ ਆਪਣੀ ਰਾਏ ਬੇਝਿਜਕ ਉਹਨਾਂ ਨੂੰ ਦੇ ਸਕਦਾ ਹਾਂ। ਕਈ ਵਾਰ ਅਸੀਂ ਕਿਸੇ ਰਾਜਨੀਤਕ ਮਸਲੇ ਬਾਰੇ ਘੰਟਾ-ਘੰਟਾ ਵੀ ਬਹਿਸਦੇ ਰਹਿੰਦੇ ਪਰ ਉਹਨਾਂ ਨੇ ਕਦੀ ਇਹ ਨਾ ਆਖਿਆ, "ਤੂੰ ਮੇਰੀ ਗੱਲ ਮੰਨਦਾ ਕਿਉਂ ਨਹੀਂ?" ਕੋਈ ਵੀ ਰਾਇ ਬੇਬਾਕੀ ਨਾਲ ਉਹਨਾਂ ਨੂੰ ਦਿੱਤੀ ਜਾ ਸਕਦੀ ਸੀ। ਭਾਵੇਂ ਇਸ ਆਪਸੀ ਸਮਝਦਾਰੀ ਦਾ ਮੇਰੀ ਇਕ ਬੇਵਕੂਫੀ ਕਰਕੇ ਬੜਾ ਗਲਤ ਦ੍ਰਿਸ਼ ਵੀ ਬਣ ਗਿਆ ਸੀ। ਗੱਲ ਗਦਰੀ ਬਾਬਿਆਂ ਦੇ ਮੇਲੇ ਦੀ ਹੈ। ਸੰਨ ਪੱਕਾ ਤਾਂ ਯਾਦ ਨਹੀਂ ਪਰ ਇਹ 2002 ਜਾਂ 2003 ਦੀ ਗੱਲ ਹੋਵੇਗੀ। ਅਸੀਂ ਦਸ-ਬਾਰਾਂ ਦੋਸਤ ਮੇਲੇ ਦੇ ਪੰਡਾਲ ਦੇ ਮੂਹਰੇ ਖੜੇ ਸਾਂ। ਵਿਚ ਕੁਝ ਲੇਖਕ ਸਨ ਤੇ ਕੁਝ ਕਾਮਰੇਡ ਵੀ, ਪੰਜਾਬ ਦੇ ਵੱਖ-ਵੱਖ ਕੋਨਿਆਂ 'ਚੋਂ ਆਏ ਹੋਏ, ਮੇਰੀ ਮਿੱਤਰ-ਮੰਡਲੀ। ਉਧਰੋਂ ਗੇਟ ਵੱਲੋਂ ਆਨੰਦ ਜੀ ਆਏ ਤੇ ਉਹਨਾਂ ਸਾਰਿਆਂ ਨਾਲ ਹੱਥ ਮਿਲਾਉਂਦਿਆਂ ਸੁਭਾਵਿਕ ਹੀ ਮੈਨੂੰ ਪੁੱਛਿਆ, "ਕਿਵੇਂ ਮੇਰਾ ਅੱਜ ਵਾਲਾ ਲੇਖ ਪੜ੍ਹਿਆ?"

'ਹਾਂ ਜੀ।'

"ਕਿਵੇਂ ਖ਼ਾਸ ਨਹੀਂ ਜੀ... ਤੁਹਾਡੇ ਹਾਣ ਦਾ ਨਹੀਂ ਲੱਗਾ ਇਹ ਲੇਖ।" ਗੱਲ ਮੂੰਹੋਂ ਨਿਕਲ ਗਈ ਪਰ ਉਸੇ ਪਲ ਮੈਨੂੰ ਅਹਿਸਾਸ ਹੋ ਗਿਆ, ਮੈਨੂੰ ਇਹ ਗੱਲ ਇੱਥੇ ਨਹੀਂ ਸੀ ਕਹਿਣੀ ਚਾਹੀਦੀ, ਇਸ ਤਰ੍ਹਾਂ ਖੁਲ੍ਹੇਆਮ ਪਬਲਿਕ 'ਚ... ਪਰ ਗੱਲ ਤਾਂ ਕਹੀ ਜਾ ਚੁੱਕੀ ਸੀ!

"ਹੋਰ ਪੁੱਛੋ ਜੀ ਇਸ ਨੂੰ!" ਢਾਣੀ 'ਚੋਂ ਕਿਸੇ ਨੇ ਕਿਹਾ।

"ਇਹ ਇਸ ਦੀ ਰਾਏ ਹੈ... ਮੈਂ ਇੰਝ ਨਹੀਂ ਸਮਝਦਾ।" ਤੇ ਉਹ ਹੱਸ ਕੇ ਪੰਡਾਲ ਵੱਲ ਚਲੇ ਗਏ। ਪਿੱਛੋਂ ਵੀ ਇਹ ਗੱਲ ਕਈ ਵਾਰ ਹੁੰਦੀ ਰਹੀ, ਸਗੋਂ ਹੁਣ ਤੱਕ ਵੀ ਕਿਸੇ ਨਾ ਕਿਸੇ ਰੂਪ 'ਚ ਛਿੜ ਜਾਂਦੀ ਹੈ ਕਿ "ਪਰਵਾਨਾ ਆਨੰਦ ਦੀ ਪਰਵਾਹ ਨਹੀਂ ਕਰਦਾ!" ਜਦੋਂ ਕਿ ਗੱਲ ਇਸ ਦੇ ਬਿਲਕੁੱਲ ਉਲਟ ਹੈ। ਮੈਂ ਜਿੰਨੀ ਪਰਵਾਹ ਉਹਨਾਂ ਦੀ ਕਰਦਾ ਸਾਂ ਜਾਂ ਹੁਣ ਵੀ ਕਰਦਾ ਹਾਂ, ਓਨੀ ਮੈਂ ਬਹੁਤ ਘੱਟ ਲੋਕਾਂ ਦੀ ਕੀਤੀ ਹੈ। ਇਹ ਮੈਂ ਹੀ ਨਹੀਂ, ਪੰਜਾਬ ਭਰ 'ਚੋਂ ਤੇ ਬਦੇਸ਼ਾਂ ਤੋਂ ਵੀ ਬਹੁਤ ਸਾਰੇ ਲੇਖਕ, ਕਮਿਊਨਿਸਟ ਕਾਰਕੁੰਨ ਉਹਨਾਂ ਨੂੰ ਕਿਸੇ ਤਰ੍ਹਾਂ ਮੰਨਦੇ ਹਨ।

ਪਿਛਲੇ ਪੰਜ ਛੇ ਸਾਲਾਂ ਤੋਂ ਸਿਹਤ ਦੇ ਕਾਰਨਾਂ ਕਰਕੇ, ਉਹ ਭਾਵੇਂ ਦਫ਼ਤਰ ਨਹੀਂ ਆਉਂਦੇ, ਪਰ ਦੋ ਚਾਰ ਜਾਣੇ ਹਰ ਹਫਤੇ ਜ਼ਰੂਰ ਅਜਿਹੇ ਮਿਲਣ ਵਾਲੇ ਆਉਂਦੇ ਹਨ, ਜਿਹੜੇ ਆਨੰਦ ਜੀ ਦੇ ਸ਼ਰਧਾਲੂ ਹੋਣ ਤੱਕ ਭਗਤ ਹੁੰਦੇ ਹਨ। ਉਹ ਉਹਨਾਂ ਬਾਰੇ ਗੱਲਾਂ ਕਰਦੇ ਹਨ। ਉਹਨਾਂ ਦੀ ਸਿਹਤ ਬਾਰੇ ਪੁੱਛਦੇ ਹਨ। ਇਹ ਸਾਰੇ ਹੀ ਇਉਂ ਗੱਲਾਂ ਕਰਦੇ ਹਨ। ਜਿਵੇਂ ਉਹ ਕਮਿਊਨਿਸਟ ਆਗੂ ਜਾਂ ਸਿਰਮੌਰ ਪੱਤਰਕਾਰ ਨਹੀਂ, ਸਗੋਂ ਉਹਨਾਂ ਦਾ ਕੋਈ ਨੇੜਲਾ ਦੋਸਤ ਹੋਵੇ, ਉਹਨਾਂ ਦਾ ਆਪਣਾ ਯਾਰ। ਤੇ ਮੈਂ... 'ਨਵਾਂ ਜ਼ਮਾਨਾ' 'ਚ ਪਹਿਲੇ ਚਾਰ ਕੁ ਸਾਲਾਂ ਦਾ ਵਕਫਾ ਛੱਡ ਕੇ, ਲੱਗਭਗ 1992-93 ਤੋਂ, ਮੈਂ ਉਹਨਾਂ ਨਾਲ ਉਵੇਂ ਵਿਚਰਿਆ ਹਾਂ, ਜਿਵੇਂ ਆਪਣੇ ਦੋਸਤਾਂ ਨਾਲ ਵਿਚਰਦਾ ਹਾਂ। ਉਹ ਮੇਰੇ ਬੌਸ ਵੀ ਹਨ, ਕਾਮਰੇਡ ਸਾਥੀ ਵੀ, ਯਾਰ ਵੀ... ਪਰ ਇਹਨਾਂ 'ਚੋਂ ਜੇ ਕੋਈ ਸੁਰ ਵੱਧ ਭਾਰੂ ਹੈ ਤਾਂ ਉਹ ਅਖ਼ੀਰਲੀ ਹੀ ਕਿ ਮੈਂ ਆਪਣੇ ਕਿਸੇ ਵੀ ਨੇੜਲੇ ਦੋਸਤ ਵਾਂਗ, ਉਹਨਾਂ ਨਾਲ ਕੋਈ ਵੀ ਗੱਲ ਖੁੱਲ੍ਹ ਕੇ ਕਰ ਸਕਦਾ ਹਾਂ।

# ਸੁੱਚਾ ਭਿੱਲਾ

*ਮਕਸੂਦ ਸਾਕਿਬ*

ਮੁੰਡਪੁਣੇ ਵਿਚ ਮੈਨੂੰ ਵੱਡਿਆਂ ਨਾਲ ਜੁੜ ਕੇ ਬਹਿਣ ਦਾ ਬੜਾ ਭੁੱਸ ਸੀ। ਜਿਹੜੇ ਵੇਲੇ ਮੇਰੇ ਹਾਣੀ ਮੁੰਡੇ ਲੰਮੀ ਘੋੜੀ, ਛੂਹਣ ਛੁਹਾਈ, ਬਾਂਦਰ ਕਿੱਲਾ ਜਾਂ ਕੋਟਲਾ ਛਪਾਕੀ ਖੇਡਦੇ ਪਏ ਹੁੰਦੇ, ਉਸ ਵੇਲੇ ਮੈਂ ਦਾਰੇ ਵਿਚ ਵੜ ਕੇ ਬੈਠਾ ਹੁੰਦਾ। ਮੈਨੂੰ ਆਪਣੇ ਹਾਣੀਆਂ ਨਾਲ ਰਲ਼ ਕੇ ਖੇਡਣਾ ਚੰਗਾ ਨਹੀਂ ਸੀ ਲੱਗਦਾ। ਕਦੇ ਆਉਂਦਿਆਂ ਜਾਂਦਿਆਂ ਉਨ੍ਹਾਂ ਮੈਨੂੰ ਖੇਡਦਿਆਂ ਵੇਖ ਵੀ ਲੈਣਾ ਤਾਂ ਉਨ੍ਹਾਂ ਨੂੰ ਨੱਸਦਿਆਂ ਭੱਜਦਿਆਂ ਤੇ ਰੌਲਾ ਪਾਉਂਦਿਆਂ ਵੇਖ ਕੇ ਮੇਰਾ ਮਨ ਕਾਹਲਾ ਜਿਹਾ ਪੈ ਜਾਂਦਾ ਤੇ ਮੈਂ ਛੇਤੀ ਨਾਲ ਉਥੋਂ ਟੁਰ ਪੈਂਦਾ। ਦਾਰੇ ਵਿਚ ਬਹਿਣ ਦਾ ਮੈਨੂੰ ਬੜਾ ਚੱਸ ਆਉਂਦਾ ਸੀ। ਵੱਡੇ ਵਡੇਰੇ ਗੱਲੀਂ ਜੁਟੇ ਹੁੰਦੇ, ਹੁੱਕੇ ਦੀ ਨਾਲ ਫਿਰਦੀ ਟੁਰੀ ਜਾਂਦੀ ਤੇ ਵੰਨ ਸੁਵੰਨੀਆਂ ਗੱਲਾਂ ਦੇ ਲੌਆਂ ਦੇ ਲੌਅ ਇੰਜ ਉਸਰਦੇ ਲੱਗੇ ਆਉਂਦੇ ਜਿਵੇਂ ਜਵਾਰ, ਏਧਰੋਂ ਇਕ ਲੌਅ ਵੱਢ ਕੇ ਹਟੋ, ਉਧਰੋਂ ਦੂਜਾ ਲੌਅ ਤਿਆਰ ਹੋਇਆ ਹੁੰਦਾ ਏ। ਸਮਝ ਤੇ ਵਿਚੋਂ ਮੈਨੂੰ ਵਿਰਲੀ ਈ ਆਉਂਦੀ ਸੀ ਪਰ ਗੱਲਾਂ ਦਾ ਇੰਜ ਇਕ ਤੋਂ ਇਕ ਚੜ੍ਹੀ ਆਵਣ ਬਹੁੰ ਨਿਵੇਕਲਾ ਜਾਪਦਾ ਸੀ ਤੇ ਉਹਦਾ ਚੱਸ ਸਵਾਦ ਵੀ ਢੇਰ ਆਉਂਦਾ ਸੀ।

ਸੂਰਜ ਡੁੱਬਣ ਪਿੱਛੋਂ ਦਾਰੇ ਵਿਚ ਜਿੰਨੇ ਵੀ ਬੰਦੇ ਬਹਿੰਦੇ ਸਨ, ਬਾਬੇ ਹੁਕਮੇ ਦਾ ਉਨ੍ਹਾਂ ਵਿਚੋਂ ਨੰਬਰ ਸੀ। ਕਿਸੇ ਵੀ ਮੇਲ, ਕਿਸੇ ਵੀ ਵੰਨ ਦੀ ਗੱਲ ਛਿੜੀ ਹੁੰਦੀ ਬਾਬਾ ਹੁਕਮਾ ਹੁੰਗਾਰਾ ਭਰਦਾ ਹੋਇਆ ਵਿਚ ਸਾਹ ਰਲਾਂਦਾ ਤਾਂ ਵੇਖਦਿਆਂ ਈ ਵੇਖਦਿਆਂ ਗੱਲ ਕਿੱਥੇ ਦੀ ਕਿੱਥੇ ਅੱਪੜ ਜਾਂਦੀ। ਇੰਜ ਈ ਹੁੰਦਾ ਜਿਵੇਂ ਝੱਟ ਕਰਕੇ ਗੱਲ ਨੂੰ ਚਾਰ ਚੰਨ ਈ ਲੱਗ ਜਾਂਦੇ। ਓੜਕ ਦਾਰੇ ਵਿਚ ਉਹ ਇਕੱਲਾ ਈ ਬੋਲਣ ਵਾਲਾ ਰਹਿ ਜਾਂਦਾ। ਹੋਰਨਾਂ ਸਭਨਾਂ ਦੇ ਮੂੰਹਾਂ ਨੂੰ ਤੇ ਜਿਵੇਂ ਜਿੰਦਰੇ ਵੱਜ ਜਾਂਦੇ। ਕੰਨਾਂ ਦੀਆਂ ਬਾਰੀਆਂ ਜ਼ਰੂਰ ਲੱਥ ਜਾਂਦੀਆਂ। ਦਾਰੇ ਵਿਚ ਹਰ ਕੋਈ ਉਹਦੀ ਗੱਲ ਸੁਣਦਿਆਂ ਸਾਹ ਲੈਣਾ ਭੁੱਲ ਜਾਂਦਾ।

ਬਾਬਾ ਹੁਕਮਾ ਗੱਲ ਵਿਚ ਰਲਦਿਆਂ ਸਾਰ ਹਰ ਇਕ ਨੂੰ ਲਾਟੂ ਵਾਂਗ ਸਵਾਂ ਦੇਂਦਾ ਤੇ ਫੇਰ ਗੱਲਾਂ ਦੇ ਲੌਅ ਵਿਚੋਂ ਨਿਖੇੜ ਕੇ ਕੱਢੀ ਹੋਈ ਗੱਲ ਉਹਦੇ ਮੂੰਹੋਂ ਆਪ-ਮੁਹਾਰੇ ਵਧਦੀ ਟੁਰੀ ਜਾਂਦੀ ਜਿਵੇਂ ਕੌੜੀ ਵੱਲ ਨਹੀਂ ਵਧਦੀ ਤੇ ਸੁਣਦਿਆਂ ਸੁਣਦਿਆਂ ਉਹ ਕੌੜੀ ਵੱਲ ਪੂਰੇ ਆਲ-ਦੁਆਲੇ ਨੂੰ ਕੱਜ ਲੈਂਦੀ। ਬਾਬੇ ਹੁਕਮੇ ਦੇ ਲਫ਼ਜ਼ਾਂ ਨਾਲ ਈ ਉਹਨੂੰ ਹੱਥ ਹੱਥ ਜੇਡੇ ਚੌੜੇ ਪੱਤਰ ਲੱਗਦੇ ਤੇ ਫੇਰ ਜਦੋਂ ਉਹ ਵੱਲ ਸੂਹੇ, ਸਾਵੇ, ਨੀਲੇ ਤੇ ਪੀਲੇ ਫੁੱਲ ਕੱਢਦੀ ਤਾਂ ਦਾਰੇ ਵਿਚ ਬੈਠੇ ਹਰ ਸੁਨੇਰ ਦੇ ਮੂੰਹੋਂ ਆਪ ਧਰਾਪ ਈ ਨਿਕਲ ਜਾਂਦਾ, 'ਵਾਹ ਬਾਬਾ ਹੁਕਮਿਆ ਨਹੀਂ ਰੀਸਾ ਵਈ ਤੇਰੀਆਂ। ਐਡੀ ਪੜ੍ਹਿਆਂ ਵਾਲੀ ਗੱਲ ਤੈਥੋਂ ਬਿਨਾਂ ਕੋਈ ਹੋਰ ਨਹੀਂ ਕਰ ਸਕਦਾ।'

ਸੱਚੀ ਪੁੱਛੋ ਤੇ ਮੈਂ ਦਾਰੇ ਵਿਚ ਵੱਡਿਆਂ ਨਾਲ ਜਿਹੜਾ ਘੁਸਰ ਕੇ ਬਹਿੰਦਾ ਸਾਂ ਉਹਦਾ ਇਕੋ ਇਕ ਕਾਰਨ ਬਾਬਾ ਹੁਕਮਾ ਤੇ ਉਹਦੀ ਗੱਲਬਾਤ ਸੀ। ਉਹ ਆਪ ਵੀ ਮੇਰਾ ਬਹੁੰ ਉਚੇਚ ਕਰਦਾ ਸੀ। ਦਾਰੇ ਦੇ ਵੇਲੇ ਤੋਂ ਵਾਹਵਾ ਅਗਦੀਂ ਈ ਮੈਂ ਘਰੋਂ ਨਿਕਲ ਕੇ ਬਾਬੇ ਹੁਕਮੇ ਦੇ ਵਿਹੜੇ ਦਾ ਗੇੜਾ ਲਾ ਆਉਂਦਾ ਹੁੰਦਾ ਸਾਂ। ਇਹ ਤਸੱਲੀ ਕਰਨ ਲਈ ਪਈ ਉਹ ਦਾਰੇ ਵਿਚ ਆਉਂਦਾ ਪਿਆ ਏ ਜਾਂ ਨਹੀਂ ?

'ਸੁਣਾ ਫੇਰ ਬਿੱਲੋ, ਅੱਬੇ ਤੇਰੇ ਦਾ ਕੋਈ ਚਿੱਠੀ ਪੱਤਰ ਆਇਆ ਏ ਕਿ ਨਹੀਂ ?' ਉਹ ਮੇਰੇ ਨਾਲ ਕੋਈ ਹੋਰ ਗੱਲ ਸ਼ੁਰੂ ਕਰਨ ਤੋਂ ਪਹਿਲਾਂ ਰੋਜ਼ ਦਿਹਾੜੀ ਇਹੋ ਪੁੱਛਦਾ।

ਮੈਂ ਰੋਜ਼ ਦਿਹਾੜੀ ਅੱਗੋਂ ਉਹਨੂੰ ਇਹੋ ਜੁਆਬ ਦੇਂਦਾ, 'ਆਹੋ ਬਾਬਾ, ਅੱਜ ਈ ਉਹਦੀ ਚਿੱਠੀ ਆਈ ਏ, ਤੈਨੂੰ ਬੜੀ ਸਲਾਮ ਦੁਆ ਲਿਖੀ ਹੋਈ ਸੂ।'

ਉਹ ਮੇਰਾ ਜੁਆਬ ਸੁਣ ਕੇ ਆਪਣੀਆਂ ਵੱਡੀਆਂ ਵੱਡੀਆਂ ਬੱਗੀਆਂ ਮੁੱਛਾਂ ਹੇਠੋਂ ਮੁਸਕਰਾਂਦਾ ਤੇ ਫੇਰ ਹੋਰ ਵੀ ਚਿੱਟੀ ਦੁੱਧ ਦਾੜ੍ਹੀ ਵਿਚ ਉਂਗਲਾਂ ਫੇਰਨ ਲੱਗ ਪਵੰਦਾ। ਉਹਦੇ ਮੁਸਕਰੇਵੇਂ ਤੇ ਦਾੜ੍ਹੀ ਵਿਚ ਉਂਗਲਾਂ ਫੇਰਨ ਤੋਂ ਕਈ ਵਾਰੀ ਮੈਨੂੰ ਇੰਜ ਜਾਪਦਾ ਜਿਵੇਂ ਉਹਨੂੰ ਪਤਾ ਹੋਵੇ ਪਈ ਦੂਰ ਪਰਦੇਸ ਵਿਚ ਗਿਆ ਬੰਦਾ ਰੋਜ਼ ਕਿਵੇਂ ਚਿੱਠੀ ਲਿਖ

ਸਕਦਾ ਏ ਤੇ ਉਹਦੀ ਲਿਖੀ ਰੋਜ਼ ਕਿਵੇਂ ਏਥੇ ਪੁੱਜ ਸਕਦੀ ਏ ? ਮੈਂ ਇਕ ਦਿਹਾੜੇ ਉਹਨੂੰ ਏਸ ਬਾਰੇ ਪੁੱਛਿਆ ਤੇ ਉਹ ਆਪਣੇ ਮੂੰਹੋਂ ਈ ਮੰਨ ਗਿਆ, 'ਓ ਬਿੱਲੋ ਪੁੱਤਰ, ਤੇਰਾ ਪਿਉ ਆਪਣਾ ਯਾਰ ਵੀ ਏ ਤੇ ਭਰਾ ਵੀ। ਮੈਂ ਜਦੋਂ ਤੁਹਾਡੀ ਜੂਹੇ ਆਣ ਕੇ ਵੱਸਿਆ ਸਾਂ ਤਾਂ ਉਹਨੇ ਮੇਰਾ ਐਨਾ ਕੁ ਸਾਥ ਦਿੱਤਾ ਸੀ ਜਿੰਨਾ ਕੋਈ ਕੂੜ ਮਾਰ ਲਵੇ। ਸੱਚੀ ਤੇ ਇਹੋ ਈ ਆ ਪਈ ਅੱਜ ਜਿਹੜਾ ਮੈਂ ਏਥੇ ਵਸਦਾ ਪਿਆਂ ਤੇਰੇ ਪਿਉ ਦੀ ਮਿਹਰਬਾਨੀ ਦਾ ਈ ਸਿੱਟਾ ਏ। ਹੁਣ ਉਹ ਚਾਰ ਵਲਾਇਤਾਂ ਪਾਰ ਬੈਠਾ ਹੋਇਆ ਏ ਤੇ ਜੇ ਅਸੀਂ ਚਿੱਠੀ ਪੱਤਰ ਦੇ ਪੱਜੀਂ ਉਹਦਾ ਹਾਲ ਚਾਲ ਵੀ ਨਾ ਪੁੱਛੀਏ ਤਾਂ ਸਾਡੇ ਤੋਂ ਅਗਲੀ ਗੱਲ ਕਿਵੇਂ ਹੋ ਸਕਦੀ ਹੈ ?'

ਚਿੱਠੀ ਪੱਤਰ ਰਾਹੀਂ ਮੇਰੇ ਅੱਬੇ ਦਾ ਹਾਲ ਪੁੱਛਣ ਮਗਰੋਂ ਬਾਬਾ ਰੋਜ਼ ਦਿਹਾੜੀ ਇਕ ਹੋਰ ਗੱਲ ਵੀ ਕਰਦਾ ਹੁੰਦਾ ਸੀ। ਆਂਹਦਾ ਹੁੰਦਾ ਸੀ, 'ਆਹ ਸੁੱਚਾ ਤਿੱਲਾ ਹੱਥ ਆ ਜਾਏ ਨਾ ਕਿਧਰੋਂ ਫੇਰ ਮੈਂ ਤੇਰੇ ਪਿਉ ਨੂੰ ਇਹੋ ਜਿਹੀ ਬਾਂਕੀ ਤੇ ਫੁੱਲ ਤੋਂ ਵੀ ਹੌਲੀ ਜੁੱਤੀ ਸਿਉਂ ਕੇ ਘੱਲਾਂ ਕਿ ਪੈਰੀਂ ਪਾ ਕੇ ਕਿਤੇ ਬੰਨੇ ਨਿਕਲੇ ਤਾਂ ਮੇਮਾਂ ਉਹਦੇ ਪੈਰਾਂ ਵੱਲ ਈ ਬਿੱਟ ਬਿੱਟ ਤੱਕਦੀਆਂ ਰਹਿ ਜਾਣ। ਪਰ ਹੁਣ ਸੁੱਚਾ ਤਿੱਲਾ ਕਿੱਥੋਂ ? ਜਦੋਂ ਕਦੀ ਆਉਂਦਾ ਸੀ ਉਦੋਂ ਹਰ ਤਿੰਨੀਂ ਚਹੁੰ ਮਹੀਨੀਂ ਬੜੀ ਰੀਝ ਨਾਲ ਜੁੱਤੀ ਸਿਉਂ ਕੇ ਦਈਦੀ ਸੀ ਉਹਨੂੰ।' ਐਨੀ ਗੱਲ ਕਰਕੇ ਬਾਬਾ ਹੁਕਮਾ ਚੁੱਪ ਹੋ ਜਾਂਦਾ ਜਿਵੇਂ ਕਿਸੇ ਡੂੰਘੀ ਸੋਚ ਵਿਚ ਪੈ ਗਿਆ ਹੋਵੇ।

'ਚੰਗਾ ਬਾਬਾ ਮੈਂ ਫੇਰ ਜਾਨਾਂ। ਤੂੰ ਦਾਰੇ ਵਿਚ ਆਉਂਦਾ ਪਿਆ ਏਂ ਨਾ, ਅੱਜ ਰਾਤੀਂ ?' ਮੈਂ ਉਹਦੇ ਵਿਹੜਿਓਂ ਨਿਕਲਣ ਤੋਂ ਪਹਿਲਾਂ ਪੁੱਛਦਾ।

ਉਹ ਮੂੰਹੋਂ ਕੁਝ ਆਖਣ ਦੀ ਥਾਂ ਮਾੜਾ ਜਿਹਾ ਆਪਣਾ ਸਿਰ ਹਿਲੂਣ ਛੱਡਦਾ।

ਬਾਬਾ ਹੁਕਮਾ ਕਸਬ ਵੱਲੋਂ ਮੋਚੀ ਸੀ। ਸਾਡੀ ਜੂਹ ਵਿਚ ਈ ਉਹਦਾ ਅੱਡਾ ਸੀ, ਜਿਥੇ ਉਹਦੇ ਪੁੱਤਰ ਭਤਰੀਏ ਜੁੱਤੀਆਂ ਸੀਉਂਦੇ ਸਨ। ਬਾਬਾ ਹੁਕਮਾ ਕਦੇ ਆਪ ਵੀ ਸੀਉਂਦਾ ਹੋਣਾ ਏ ਮੇਰੇ ਜੰਮਣ ਤੋਂ ਪਹਿਲਾਂ। ਮੈਂ ਤੇ ਜਦੋਂ ਦੀ ਹੋਸ਼ ਸੰਭਾਲੀ ਸੀ ਉਹਨੂੰ ਧਾਗੇ ਨਾਲ ਮੋਮ ਲਾਉਣ ਤੇ ਵੱਟੀ ਤੇ ਔਜ਼ਾਰ ਤ੍ਰਿਖੇ ਕਰਨ ਤੋਂ ਅੱਡ ਕੋਈ ਹੋਰ ਕੰਮ ਕਰਦਿਆਂ ਨਹੀਂ ਸੀ ਵੇਖਿਆ। ਅੱਬਾ ਮੇਰਾ ਆਂਹਦਾ ਹੁੰਦਾ ਸੀ, 'ਬਾਬੇ ਹੁਕਮੇ ਤੋਂ ਵਧੀਆ ਜੁੱਤੀ ਸੀਊਣ ਵਾਲਾ ਸਾਡੇ ਇਲਾਕੇ ਵਿਚ ਨਾ ਕਦੀ ਹੋਇਆ ਏ ਤੇ ਨਾ ਈ ਕਦੀ ਹੋਣਾ ਏ। ਵਰ੍ਹਿਆਂ ਤੋਂ ਕੰਮ ਛੱਡਿਆ ਹੋਇਆ ਸੂ ਪਰ ਜੇ ਹੁਣ ਵੀ ਕੰਮ ਤੋਂ ਬਹਿ ਜਾਵੇ, ਆਹ ਮੁੰਡੇ ਤੇ ਉਹਦੀ ਧੂੜ ਨੂੰ ਨਾ ਅੱਪੜ ਸਕਣ। ਐਵੇਂ ਤੇ ਨਹੀਂ ਨਾ ਆਂਹਦੇ, ਬੱਲੇ ਬਈ ਫਲਾਣਿਆ, ਤੂੰ ਤਾਂ ਇੰਜ ਟੁਰਨਾ ਏ ਜਿਵੇਂ ਹੁਕਮੇ ਦੇ ਖਲੇ ਪਾਏ ਹੋਏ ਨੇ।'

ਕੰਮ ਬਾਬੇ ਹੁਕਮੇ ਦੇ ਪੁੱਤਰ ਭਤਰੀਏ ਕਰਦੇ ਸਨ। ਪਰ ਜਿਥੋਂ ਤਾਈਂ ਨਾਂ ਦੀ ਗੱਲ ਸੀ ਉਹ ਬਾਬੇ ਹੁਕਮੇ ਦਾ ਈ ਵਜਦਾ ਸੀ। ਉਹਦੇ ਨਾਂ ਪਿੱਛੇ ਈ ਦੁਨੀਆ ਦੂਰੋਂ-ਦੂਰੋਂ ਜੁੱਤੀਆਂ ਸਿਵਾਉਣ ਲਈ ਸਾਡੇ ਜੂਹੇ ਆਉਂਦੀ ਸੀ। ਅੱਗੋਂ ਉਹ ਥੋੜ੍ਹਾ ਕੀਤਿਆਂ ਸਾਈ ਬਿਆਨਾ ਨਹੀਂ ਸਨ ਫੜਦੇ। ਜੇ ਫੜਦੇ ਸਨ ਤਾਂ ਤਿੰਨਾਂ-ਤਿੰਨਾਂ, ਚਹੁੰ-ਚਹੁੰ ਮਹੀਨਿਆਂ ਤੋਂ ਘੱਟ ਦਾ ਕਾਰਾ ਨਹੀਂ ਸਨ ਕਰਦੇ। ਜੇ ਕੋਈ ਚੋਖਾ ਈ ਕਾਹਲਾ ਹੁੰਦਾ ਤਾਂ ਉਹਨੂੰ ਸਾਫ਼ ਚਿੱਟੇ ਲਫ਼ਜ਼ਾਂ ਵਿਚ ਨਾਂਹ ਕਰ ਛੱਡਦੇ, 'ਮੀਆਂ ਜੀ ! ਅਸੀਂ ਕਾਹਲੀ ਦਾ ਤੇ ਕੰਮ ਈ ਨਹੀਂ ਕੀਤਾ ਕਦੀ। ਤੁਸੀਂ ਕਿਤੇ ਹੋਰ ਦਿਓਂ ਸੀਵਾਂ ਲਵੋ। ਸਾਥੋਂ ਸੀਵਾਣੀ ਜੇ ਤਾਂ ਸਬਰ ਨਾਲ ਸੀਵਾਂਗੇ।' ਓੜਕ ਅਗਲੇ ਨੂੰ ਉਨ੍ਹਾਂ ਦੀ ਮੰਨਣੀ ਈ ਪੈਂਦੀ।

ਮੈਨੂੰ ਬੜੀ ਰੀਝ ਸੀ ਬਾਬੇ ਹੁਕਮੇ ਨੂੰ ਕੰਮ ਕਰਦਿਆਂ ਵੇਖਣ ਦੀ। ਇਹ ਰੀਝ ਮੇਰੇ ਮਨ ਵਿਚ ਉਹਦੀਆਂ ਗੱਲਾਂ ਸੁਣ ਸੁਣ ਕੇ ਈ ਜਾਗੀ ਸੀ। ਮੈਂ ਸੋਚਦਾ ਸਾਂ ਪਈ ਉਹ ਦਾਰੇ ਵਿਚ ਬੈਠਾ ਐਡੇ ਚੱਸ ਨਾਲ ਜਿਹੜੀਆਂ ਗੱਲਾਂ ਕਰ ਲੈਂਦਾ ਏ ਇਹਦੇ ਪਿੱਛੇ ਜ਼ਰੂਰ ਉਹਦੇ ਕਸਬ ਕਲਾ ਦਾ ਹੱਥ ਏ। ਪਰ ਇਹ ਰੀਝ ਜਦੋਂ ਵੀ ਮੇਰੇ ਮਨ ਵਿਚ ਜਾਗਦੀ, ਮੈਨੂੰ ਉਹਦੀ 'ਆਹ ਸੁੱਚਾ ਤਿੱਲ ਲੱਭ ਪਵੇ ਨਾ ਕਦੀ' ਵਾਲੀ ਗੱਲ ਚੇਤੇ ਆ ਜਾਂਦੀ। ਮੈਂ ਸੋਚਦਾ ਕੀ ਇਹ ਸੁੱਚਾ ਤਿੱਲਾ ਸਾਡੇ ਦੇਸ਼ ਵਿਚ ਨਹੀਂ ਹੁੰਦਾ। ਜੇ ਕਦੀ ਮੈਨੂੰ ਇਹਦੀ ਦੱਸ ਪੈ ਜਾਵੇ ਤਾਂ ਮੈਂ ਆਪ ਮੁੱਲ ਤਾਰ ਕੇ ਬਾਬੇ ਨੂੰ ਲਿਆ ਦੇਵਾਂ ਤੇ ਫੇਰ ਆਖਾਂ, ਲੈ ਬਾਬਾ ਇਹੋ ਈ ਆ ਸੁੱਚਾ ਤਿੱਲਾ ਜਿਹਨੂੰ ਚੇਤੇ ਕਰਦਾ ਹੁੰਦਾ ਸੈਂ...ਲੈ ਆਇਆ ਪਿਆ ਈ। ਹੁਣ ਤੂੰ ਅੱਡੇ 'ਤੇ ਬਹਿ ਕੇ ਮੇਰੇ ਪਿਉ ਦੀ ਜੁੱਤੀ ਸੀਊਂ। ਮੈਂ ਤੈਨੂੰ ਕੰਮ ਕਰਦੇ ਨੂੰ ਤਾਂ ਵੇਖਾਂ, ਭਲਾ ਕਿਵੇਂ ਕਰਨਾ ਏਂ।' ਪਰ ਬੜੀ ਸਾਫ਼ ਗੱਲ ਏ ਪਈ ਸੁੱਚਾ ਤਿੱਲਾ ਜਿਹਦੀ ਗੱਲ ਬਾਬਾ ਹੁਕਮਾ ਐਡਾ ਹਰਖ ਨਾਲ ਕਰਦਾ ਸੀ ਉਹਦੀ ਦੱਸ ਮੈਨੂੰ ਅਸਲੋਂ ਈ ਲਵੇ ਛੋਹਰ ਨੂੰ ਕਿੱਥੋਂ ਪੈਣੀ ਸੀ।

ਮੈਂ ਤੇ ਬਾਬਾ ਹੁਕਮਾ ਦੋਵੇਂ ਦਾਰੇ ਵਿਚੋਂ ਉੱਠ ਕੇ ਰਾਤ ਨੂੰ ਇਕੱਠੇ ਈ ਘਰਾਂ ਨੂੰ ਪਰਤਦੇ ਹੁੰਦੇ ਸਾਂ। ਮੈਂ ਰੋਜ਼ ਨਿਸ਼ਚਾ

ਧਾਰਦਾ ਪਈ ਅੱਜ ਰਾਤੀਂ ਬਾਬੇ ਨੂੰ ਇਹ ਸੁੱਚੇ ਤਿੱਲੇ ਬਾਰੇ ਸਰਪਰ ਪੁੱਛਣਾ ਏ, ਪਰ ਰੋਜ਼ ਰਾਤ ਨੂੰ ਘਰੇ ਮੁੜਦਿਆਂ ਇਹ ਗੱਲ ਮੈਨੂੰ ਭੁੱਲ ਜਾਂਦੀ। ਬਾਬਾ ਰਾਹ ਵਿਚ ਕੋਈ ਨਾ ਕੋਈ ਫੇਰ ਅਜਿਹੀ ਗੱਲ ਛੇੜ ਛੱਡਦਾ ਸੀ ਜਿਹੜੀ ਕਿਸੇ ਹੋਰ ਪਾਸੇ ਚਿੱਤ ਹੋਵਣ ਈ ਨਹੀਂ ਸੀ ਦੇਂਦੀ।

ਇਕ ਰਾਤ ਉਂਜ ਈ ਅਸੀਂ ਦਾਰੇ ਵਿਚੋਂ ਇਕੱਠੇ ਪਰਤਦੇ ਪਏ ਸਾਂ ਕਿ ਮੈਨੂੰ ਇਕੋ ਵਾਰੀ ਸੁੱਚੇ ਤਿੱਲੇ ਦਾ ਚੇਤਾ ਆ ਗਿਆ ਤੇ ਮੈਂ ਬਾਬੇ ਨੂੰ ਪੁੱਛ ਈ ਲਿਆ, 'ਬਾਬਾ ਅੱਜ ਇਹ ਤੇ ਦੱਸ ਪਈ ਕਿ ਇਹ ਤਿੱਲਾ ਏਥੋਂ ਕਿੱਧਰੋਂ ਨਹੀਂ ਮਿਲਦਾ ?'

'ਮਿਲਦਾ ਏ ਪੁੱਤਰ, ਪਰ ਉਹ ਸੁੱਚਾ ਨਹੀਂ ਹੁੰਦਾ।' ਉਸ ਵਲਦਾ ਦਿੱਤਾ।

'ਤੇ ਫੇਰ ਸੁੱਚਾ ਕਿਥੋਂ ਮਿਲਦਾ ਏ ?' ਮੈਂ ਪੁੱਛਿਆ।

'ਕਦੇ ਏਧਰੋਂ ਮਿਲਦਾ ਹੁੰਦਾ ਸੀ। ਹੁਣ ਮੈਂ ਵੇਖਿਆ ਏ ਉਧਰ ਵੀ ਸੁੱਚਾ ਤਿੱਲਾ ਕੋਈ ਨਹੀਂ ਰਿਹਾ। ਖੋਟ ਹੀ ਖੋਟ ਹੋ ਗਿਆ ਏ ਦੋਹੀਂ ਪਾਸੀਂ।' ਉਹ ਬੜੀ ਡੂੰਘੀ ਜਿਹੀ ਵਾਜ ਵਿਚ ਬੋਲਿਆ।

'ਬਾਬਾ ਓਧਰੋਂ ਕਿਧਰੋਂ ?'

'ਪਾਰਲੇ ਬੰਨੇ ਦੀ ਗੱਲ ਪਿਆ ਕਰਨਾਂ।'

'ਪਾਰਲੇ ਬੰਨੇ ਦੀ, ਕਿਹੜਾ ਪਾਰਲਾ ਬੰਨਾ ?' ਮੈਨੂੰ ਉਹਦੀ ਗੱਲ ਦੀ ਸਮਝ ਨਾ ਆਈ।

'ਹੱਦੋਂ ਪਾਰਲਾ ਬਿੱਲੋ, ਹੋਰ ਕਿਹੜਾ ? ਪਿਉ ਤੇਰੇ ਨੂੰ ਤਿੱਲੇ ਵਾਲੀ ਜੁੱਤੀ ਪਾਉਣ ਦਾ ਬੜਾ ਸ਼ੌਕ ਸੀ। ਮੈਂ ਵੀ ਹਮੇਸ਼ ਤਿੱਲੇ ਦਾ ਈ ਕੰਮ ਕੀਤਾ ਸੀ। ਏਥੋਂ ਈ ਮੇਰਾ ਉਹਦਾ ਸਲੂਕ ਪਿਆਰ ਬਣਿਆ। ਆਵੇਂ ਨਾ ਝੱਟ ਏਥੇ ਲੱਕੜ ਤੇ ਬਹਿ ਜਾਈਏ ਘੜੀ। ਫੇਰ ਚੱਲਾਂਗੇ। ਨਾਲੇ ਜਿਹੜੀ ਗੱਲ ਛੇੜੀ ਓ ਉਹਨੂੰ ਪੂਰਿਆਂ ਕਰਦਿਆਂ ਚਲੀਏ।'

ਅਸੀਂ ਦੋਵੇਂ ਜਣੇ ਤੇਲੀਆਂ ਦੀ ਕੰਧ ਨਾਲ ਵਰ੍ਹਿਆਂ ਤੋਂ ਪਈ ਪੁਰਾਣੀ ਲੱਕੜ 'ਤੇ ਬਹਿ ਗਏ।

'ਮਗਰੋਂ ਅਸੀਂ ਅੰਬਰਸਰ ਜ਼ਿਲ੍ਹੇ ਦੇ ਆਂ।' ਬਾਬੇ ਨੇ ਗੱਲ ਦਾ ਮੁੱਢ ਬੰਨ੍ਹਿਆ। 'ਤਰਨ ਤਾਰਨ ਤਹਿਸੀਲ ਵਿਚ ਪਿੰਡ ਹੁੰਦਾ ਸੀ ਸਾਡਾ, ਨਾਂ ਕੀ ਲੈਣਾ ਏ। ਉਂਜ ਵੀ ਮੈਂ ਦਿਲ ਦਾ ਚੋਖਾ ਹੌਲਾ ਆਂ। ਐਵੇਂ ਬੇਸਵਾਦੀ ਹੋਵੇਗੀ। ਇਹੋ ਜੁੱਤੀਆਂ ਸੀਊਣ ਦਾ ਕਸਬ ਸੀ ਸਾਡੇ ਉਥੇ ਵੀ। ਜਿਵੇਂ ਏਥੇ ਅੱਲ੍ਹਾ ਦਾ ਢੇਰ ਤਰਸ ਏ ਇੰਜ ਹੀ ਉਥੇ ਵੀ ਬੜੀ ਖ਼ੈਰ ਸੀ। ਸਾਨੂੰ ਪੰਜਾਂ ਭਰਾਵਾਂ ਨੂੰ ਪਿਉ ਸਣੇ ਕੰਮ ਕਰਦਿਆਂ ਵਾਰ ਨਹੀਂ ਸੀ ਆਉਂਦਾ। ਚਾਰ ਚਹੁੰ ਹੱਦੀਂ ਸਾਡੀਆਂ ਸੀਤੀਆਂ ਜੁੱਤੀਆਂ ਈ ਪਾਂਦੀ ਸੀ। ਉਜਾੜੇ ਪਏ, ਹਰ ਪਾਸੇ ਅੱਗਾਂ ਲੱਗੀਆਂ, ਦੁਨੀਆ ਕੁੱਤਿਆਂ ਬਿੱਲਿਆਂ ਤੇ ਚੂਹਿਆਂ ਵਾਂਗੂੰ ਮਾਰੀ ਜਾਣ ਲੱਗੀ ਤਾਂ ਸਾਡੀਆਂ ਨੀਂਦਰਾਂ ਵੀ ਹਰਾਮ ਹੋਵਣ ਲੱਗ ਪਈਆਂ। ਪਿੰਡ ਵਾਲਿਆਂ ਸਾਨੂੰ ਬਥੇਰੀ ਤਸੱਲੀ ਦਿੱਤੀ, ਸਾਡੇ ਹੁੰਦਿਆਂ ਕੋਈ ਤੁਹਾਡੀ ਧੂੜ ਵਲ ਨਹੀਂ ਵੇਖਣ ਲੱਗਾ...ਤੁਸੀਂ ਚੁੱਪ ਕਰਕੇ ਏਥੇ ਈ ਟਿਕੇ ਰਵ੍ਹੋ। ਪਰ ਸਾਡੇ ਤੋਂ ਉਥੇ ਟਿਕਣਾ ਦਿਨੋ-ਦਿਨ ਔਖਾ ਹੁੰਦਾ ਜਾਂਦਾ ਸੀ। ਜਿਵੇਂ ਜਿਵੇਂ ਲੋਕਾਂ ਦੇ ਮਰਨ ਦੀਆਂ ਖ਼ਬਰਾਂ ਅੱਪੜੀਆਂ ਅਸੀਂ ਹੋਰ ਤ੍ਰੁੱਠ ਜਾਂਦੇ। ਓੜਕ ਅਸੀਂ ਹਰ ਸ਼ੈ ਸਾਂਭ ਕੁੰਜ ਕੇ ਟੁਰ ਪਏ ਉਥੋਂ। ਸਾਰਾ ਪਿੰਡ ਛੱਡਣ ਆਇਆ ਸਾਨੂੰ ਬਰੂਹਾਂ ਤਾਈਂ। ਹੱਦ ਸਾਥੋਂ ਕੋਈ ਬਹੁਤੀ ਦੁਰਾਡੀ ਨਹੀਂ ਸੀ ਪਰ ਜਿਹੜੀ ਰੱਤ ਦੀ ਹਨੇਰੀ ਝੁੱਲੀ ਹੋਈ ਸੀ ਉਹਦੇ ਪਾਰੋਂ ਵਰ੍ਹਿਆਂ ਦੇ ਪੰਧ 'ਤੇ ਜਾ ਖਲੋਤੀ ਸੀ। ਰਾਹ ਵਿਚ ਸਾਨੂੰ ਹੋਰ ਵੀ ਕਈ ਟਾਬਰੀਆਂ ਰਲੀਆਂ ਉੱਜੜ ਕੇ ਏਧਰ ਨੂੰ ਆਉਂਦੀਆਂ ਹੋਈਆਂ। ਇੰਜ ਅਸੀਂ ਵਾਹਵਾ ਸਾਰੇ ਲੋਕ ਹੋ ਗਏ। ਉਦੋਂ ਅਸੀਂ ਹੱਦ 'ਤੇ ਅੱਪੜੇ ਈ ਪਏ ਸਾਂ ਜਦੋਂ ਹੋਣੀ ਨੇ ਸਾਡੇ ਉੱਤੇ ਆਪਣਾ ਵਾਰਾ ਕੀਤਾ। ਏਧਰੋਂ ਉੱਜੜ ਕੇ ਜਾਂਦਿਆਂ ਦਾ ਇਕ ਜਥਾ ਆ ਪਿਆ ਸਾਨੂੰ। ਤੀਹ ਚਾਲੀ ਮਾਰੇ ਗਏ। ਸਾਡੇ ਤੇ ਮਰਨ ਵਾਲਿਆਂ ਵਿਚ ਮੈਥੋਂ ਵੱਡੇ ਤਿੰਨ ਭਰਾ ਤੇ ਸਾਡਾ ਪਿਉ ਵੀ ਸੀ। ਮੈਨੂੰ ਵੀ ਡਾਢੀਆਂ ਸੱਟਾਂ ਵੱਜੀਆਂ। ਅਗਲਾ ਪੰਧ ਅਸਾਂ ਫੇਰ ਪੁੱਤਰਾ ਸੂਲਾਂ 'ਤੇ ਈ ਕੀਤਾ। ਬੜੀਆਂ ਮੁਸ਼ਕਲਾਂ ਨਾਲ ਅਸੀਂ ਹੱਦਾਂ ਲੰਘੇ। ਪਹਿਲਾਂ ਤੇ ਕਿੰਨਾ ਚਿਰ ਏਧਰ ਕੈਂਪ ਵਿਚ ਪਏ ਰਹੇ। ਮੁੜ ਏਥੋਂ ਚੁਕਿਓ ਨੇ ਤੇ ਸ਼ੇਖ਼ੂਪੁਰੇ ਲਿਆ ਸੁਟਿਓ ਨੇ। ਥਾਂ ਉਂਜ ਸਾਨੂੰ ਸਿਰ ਲੁਕਾਣ ਲਈ ਵਾਹਵਾ ਈ ਚੰਗੀ ਜੁੜ ਗਈ। ਲਾਲਿਆਂ ਦਾ ਜਹਾਜ਼ ਜੇਡਾ ਘਰ ਸੀ। ਬੜਾ ਈ ਸੋਹਣਾ ਤੇ ਰੀਝਾਂ ਦਾ ਬਣਿਆ ਹੋਇਆ। ਜਿਵੇਂ ਦੇ ਇਨ੍ਹਾਂ ਚੰਦਰਿਆਂ ਦੇ ਬਣੇ ਹੁੰਦੇ ਨੇ। ਸਗਵਾਂ ਉਂਜੇ ਦਾ ਸਗੋਂ ਉਹਦੇ ਤੋਂ ਵੀ ਕੁਝ ਵੱਧ। ਲਾਲੇ ਢੇਰ ਸੌਖੇ ਬੰਦੇ ਜਾਪਦੇ ਸਨ। ਅਸੀਂ ਕਦੇ ਅਜਿਹੇ ਘਰ ਸੁਫ਼ਨੇ ਵਿਚ ਵੀ ਨਹੀਂ ਸਨ ਵੇਖੇ। ਛੱਜਿਆਂ, ਰੌਸਾਂ ਤੇ ਝਰੋਖਿਆਂ ਵਾਲੇ ਘਰ। ਉੱਚੀਆਂ ਛੱਤਾਂ ਤੇ ਖੁੱਲ੍ਹੀਆਂ ਬਾਰੀਆਂ ਵਿਚ ਸੋਹਣੀਆਂ ਕਾਰਨਸਾਂ ਤੇ ਲੱਕੜ ਦੀਆਂ ਅਲਮਾਰੀਆਂ। ਸੱਚੀ ਦੱਸਾਂ ਤੇ ਸਾਨੂੰ ਉਥੇ ਰਹਿੰਦਿਆਂ ਡਰ ਆਵੇ। ਇਹੋ ਈ

ਜਾਪੇ ਹੁਣੇ ਮਾਲਕਾਂ ਆ ਜਾਣਾ ਏ ਤੇ ਸਾਨੂੰ ਕੱਢ ਦੇਣਾ ਏ ਉਨ੍ਹਾਂ ਆਪਣੇ ਐਡੇ ਸੋਹਣੇ ਘਰ ਵਿਚੋਂ। ਤਾਂ ਵੀ ਅਸੀਂ ਦੜ ਵੱਟ ਕੇ ਟਿਕੇ ਰਹੇ। ਟੱਬਰ ਵਿਚ ਹੁਣ ਮੈਂ ਹੀ ਸਾਰਿਆਂ ਤੋਂ ਵੱਡਾ ਸਾਂ। ਨਿੱਕਾ ਅਸਲੋਂ ਹੌਲਾ ਸੀ। ਆਪੇ ਕੋਈ ਕੰਮ ਵਿੱਢਣ ਜੋਗਾ ਨਹੀਂ ਸੀ। ਦੁੱਖਾਂ ਤੇ ਗ਼ਮਾਂ ਦੀ ਫੰਡੀ ਹੋਈ ਵਡੇਰੀ ਮਾਂ, ਮੋਏ ਹੋਏ ਭਰਾਵਾਂ ਦਾ ਜੀਆ-ਜੰਤ, ਦੋ ਨਿੱਕੇ ਭੈਣ-ਭਰਾ ਫੇਰ ਮੇਰੀ ਆਪਣੀ ਇਆਲਦਾਰੀ। ਐਡੀ ਵੱਡੀ ਗੱਡ ਮੈਨੂੰ ਕੱਲੇ ਨੂੰ ਈ ਚੁੱਕਣੀ ਪੈਣੀ ਸੀ। ਬੰਨੇ ਕਿਸੇ ਕੰਮ ਦਾ ਨਾ ਕੋਈ ਹੱਜ ਸੀ ਤੇ ਨਾ ਕੋਈ ਵਨ। ਪੱਲੇ ਅੱਲ੍ਹਾ ਵਾਲੀ ਕੋਈ ਸ਼ੈ ਨਹੀਂ ਸੀ ਜਿਹੜੀ ਵੇਚ ਵੱਟ ਕੇ ਆਪਣਾ ਅੱਡਾ ਈ ਲਾ ਬਹਿੰਦੇ ਕਿਤੇ। ਸਾਰੀ ਦਿਹਾੜੀ ਉਰ੍ਹਾਂ-ਪਰ੍ਹਾਂ ਠੁੱਡੇ ਖਾ ਕੇ ਜਿਹੜਾ ਛਿੱਲੜ ਲੱਭਦਾ ਉਹਦੇ ਨਾਲ ਡੰਗ ਨਾ ਲੰਘਦਾ। ਕਦੀ ਸੋਚਿਆ ਵੀ ਨਹੀਂ ਸੀ ਇੰਜ ਅਨਾ-ਅਨਾ ਕਰਦਿਆਂ ਫਿਰਨ ਦਾ। ਰੋ ਪਿੱਟ ਕੇ ਵੇਲਾ ਕੱਢਿਆ। ਧੂੜ ਤੇ ਭੁੱਬਲ ਥੋੜ੍ਹਾ ਬਹਿਣ ਲੱਗੀ ਤਾਂ ਨਿੱਕੇ ਮੋਟੇ ਕੰਮਾਂ ਕਾਰਾਂ ਦੀ ਨਿੰਮ੍ਹੀ ਨਿੰਮ੍ਹੀ ਜੋਤ ਮੁੜ ਜਗਣੀ ਚਾਲੂ ਹੋਈ। ਉਦੋਂ ਈ ਮੈਨੂੰ ਸੁੱਚੇ ਤਿੱਲੇ ਵਾਲਾ ਰਾਹ ਵਿਖਾਈ ਦਿੱਤਾ। ਏਧਰ ਸੁੱਚੇ ਤਿੱਲੇ ਦਾ ਲੰਮਾ ਕਾਲ ਸੀ। ਉਧਰ ਮੇਰੇ ਹਿਸਾਬ ਨਾਲ ਕੋਈ ਧੁਰ ਧਜ ਨਹੀਂ ਸੀ। ਦਿਲ ਵਿਚ ਆਈ ਕਿਉਂ ਨਾ ਉਧਰੋਂ ਲਿਆ ਕੇ ਏਧਰ ਵੇਚਾਂ। ਆਸਿਓਂ ਪਾਸਿਓਂ ਸੂਹ ਕੱਢੀ ਤਾਂ ਪਤਾ ਲੱਗਾ ਪਈ ਕਿੰਨੇ ਈ ਲੋਕ ਸਨ ਜਿਹੜੇ ਹੱਦ ਟੱਪ ਕੇ ਓਧਰ ਜਾਂਦੇ ਸਨ ਤੇ ਕਈਆਂ ਵੰਨਾਂ ਦੀਆਂ ਚੀਜ਼ਾਂ ਵਸਤਾਂ ਲਿਆ ਕੇ ਏਧਰ ਖੱਟੀਆਂ ਖੱਟਦੇ ਪਏ ਸਨ। ਹੱਦ ਤੇ ਪਾਹਰਤ ਬੜੀ ਸੀ ਪਰ ਜਿੰਨੀ ਕਰੜੀ ਅੱਜ ਸੁਣਨ ਵਿਚ ਆਉਂਦੀ ਏ, ਐਨੀ ਕਰੜੀ ਨਹੀਂ ਸੀ। ਹੱਦ ਦਾ ਕੰਮ ਕਰਨ ਵਾਲੇ ਰਾਤ ਦੇ ਹਨੇਰੇ ਵਿਚ ਅਡੋਲ ਈ ਪਾਰ ਉਰਾਰ ਹੋ ਜਾਂਦੇ ਸਨ। ਪਾਹਰਵਾਂ ਨੂੰ ਖ਼ਬਰ ਵੀ ਨਹੀਂ ਸੀ ਹੁੰਦੀ।

ਲੈ ਬਈ ਮੈਂ ਵੀ ਟੁਰ ਪਿਆ ਭੁੱਖਾਂ ਦਾ ਮਾਰਿਆ ਤੇ ਫਾਕਿਆਂ ਦਾ ਕੁਠਾ ਏਸੇ ਵਾਟੇ। ਪਹਿਲੇ ਫੇਰੇ ਈ ਸਾਰੇ ਡਰ ਡੁੱਕਰ ਲਹਿ ਗਿਆ। ਦੂਜਾ ਫੇਰਾ ਮੇਰਾ ਪਹਿਲੇ ਤੋਂ ਵੀ ਚੰਗਾ ਰਿਹਾ। ਘਰ ਦੀ ਦਾਲ ਰੋਟੀ ਦਾ ਆਸਰਾ ਬਣਨ ਲੱਗ ਪਿਆ। ਓਧਰੋਂ ਲਿਆਂਦਾ ਸੁੱਚਾ ਤਿੱਲਾ ਦੂਣੇ ਭਾਅ ’ਤੇ ਏਧਰ ਵਿਕ ਜਾਂਦਾ ਸੀ ਤੇ ਚਾਰ ਛਿੱਲਾਂ ਚੰਗੀਆਂ ਲੱਭ ਪੈਂਦੀਆਂ ਸਨ। ਤਰੀਜੇ ਫੇਰੇ ਮੈਂ ਗਿਆ ਮੁੜ...ਪਰ ਨਪਿਆ ਗਿਆ। ਅਗਲਿਆਂ ਬਾਜ਼ਾਰ ਵਿਚ ਈ ਆਣ ਫੜਿਆ ਮੈਨੂੰ। ਕਾਗ਼ਜ਼ ਪੱਤਰ ਹੈ ਕੋਈ ਨਹੀਂ ਸੀ ਮੇਰੇ ਕੋਲ ਹੱਦ ਟੱਪਣ ਦਾ। ਉਨ੍ਹਾਂ ਮਾਂ ਦਿਆਂ ਖਸਮਾਂ ਪਹਿਲਾਂ ਤੇ ਬਣਾ ਕੇ ਘੜਿਆ ਮੈਨੂੰ ਉਥੇ ਬਾਜ਼ਾਰ ਵਿਚ ਈ, ਫੇਰ ਮੋਟਰ ਵਿਚ ਪਾ ਕੇ ਲੈ ਗਏ ਤੇ ਹਵਾਲਾਤ ਵਿਚ ਲਿਜਾ ਸੁੱਟਿਓ ਨੇ। ਮੇਰੇ ਤੇ ਪ੍ਰਾਣ ਈ ਟੁੱਟ ਗਏ ਜਦੋਂ ਮੈਂ ਆਪਣੇ ਪਿਛਲੇ ਜੀਆਂ ਦਾ ਸੋਚਿਆ। ਮੈਨੂੰ ਤੇ ਲੱਗ ਗਏ ਪਛਤਾਵੇ, ਝੂਰਾਂ ਮੈਂ ਆਪਣੇ ਆਪ ਨਾਲ ਉਸ ਕਾਲ ਕੋਠੜੀ ਵਿਚ ਪਿਆ ਹੋਇਆ, ‘ਕੀ ਲੋੜ ਸੀ ਏਸ ਕੁੱਤੇ ਕੰਮ ਵਿਚ ਵੜਨ ਦੀ। ਦਿਹਾੜੀ ਟੱਪਾ ਕਰਕੇ ਈ ਵੇਲਾ ਟਪਾਈ ਰੱਖਦਾ ਤੇ ਉਹ ਚੰਗਾ ਨਹੀਂ ਸੀ ? ਏਥੇ ਬੇ-ਤਵਾਨਿਆ ਤੇ ਬੇ-ਪਰਾਣਿਆ ਹੋ ਕੇ ਪੈਣ ਨਾਲੋਂ। ਹੁਣ ਦੋ ਨਹੀਂ ਤੇ ਡੂਢ ਵਰ੍ਹਾ ਤੇ ਇਹ ਆਉਣ ਨਹੀਂ ਦੇਣ ਲੱਗੇ ਬੰਨੇ। ਪਿੱਛੋਂ ਘਰ ਵਾਲਿਆਂ ਦਾ ਕੌਣ ਵਾਲੀ ਵਾਰਸ ਹੋਵੇਗਾ ? ਸਾਰੀ ਰਾਤ ਇਨ੍ਹਾਂ ਈ ਖ਼ਿਆਲਾਂ ਦੀਆਂ ਹਾਠਾਂ ਨਾਲ ਰੂਹ ਬਾਵਰਾ ਹੁੰਦਾ ਰਿਹਾ, ਹੱਡਾਂ ਵਿਚੋਂ ਨਿਕਲਦੀਆਂ ਚੀਸਾਂ ਵੀ ਕਿਹੜਾ ਕਰਾਰ ਲੈਣ ਪਈਆਂ ਦੇਂਦੀਆਂ ਸਨ।

ਸਵੇਰ ਹੋਈ ਤਾਂ ਹੱਥਕੜੀ ਮਾਰ ਕੇ ਇਕ ਮਜਿਸਟ੍ਰੇਟ ਦੇ ਲਿਜਾ ਪੇਸ਼ ਕੀਤੇ ਨੇ। ਮਜਿਸਟ੍ਰੇਟ ਵਾਹਵਾ ਪਕਰੋਟ ਉਮਰ ਦਾ ਗੋਰਾ ਚਿੱਟਾ ਗੱਭਰੂ ਸੀ। ਉਹਨੂੰ ਵੇਖ ਕੇ ਮੇਰੇ ਤੇ ਲੂੰ ਕੰਡੇ ਈ ਖਲੋ ਗਏ। ਐਨਕ ਲਾਈ, ਕਾਗ਼ਜ਼ਾਂ ਤੇ ਨੀਵੀਂ ਪਾਈ ਬੈਠਾ ਸੀ। ਸ਼ਕਲੋਂ ਈ ਬੇਕਿਰਕ ਜਿਹਾ ਬੰਦਾ ਜਾਪਦਾ ਸੀ। ਮੇਰਾ ਦਿਲ ਆਖੇ ਇਹਨੇ ਡੂਢ ਦੋ ਵਰ੍ਹੇ ਅਰਮਾਨ ਨਾਲ ਹੀ ਬੰਨ੍ਹ ਛੱਡਣਾ ਏ। ਜਿੰਨਾ ਚਿਰ ਉਹ ਨੀਵੀਂ ਪਾਈ ਬੈਠਾ ਰਿਹਾ ਮੈਂ ਉਹਦੇ ਵੱਲ ਈ ਤੱਕਦਾ ਰਿਹਾ। ਫੇਰ ਉਹਨੇ ਕਾਗ਼ਜ਼ਾਂ ਤੋਂ ਨਿਗਾਹ ਚਾਈ। ਮੇਰੇ ਵੱਲ ਡਿੱਠਾ, ਨਾਲ ਈ ਹੇਠਾਂ ਬੈਠੇ ਹੋਏ ਇਕ ਅਦਾਲਤੀ ਕਰਿੰਦੇ ਨੂੰ ਕੁਝ ਪੁੱਛਿਓਸ ਤੇ ਫੇਰ ਸਾਹਵਾਂ ਮੇਰੇ ਵੱਲ ਵੇਖਦਾ ਹੋਇਆ ਬੋਲਿਆ, ‘ਹਾਂ ਬਈ, ਤੂੰ ਬਾਰਡਰ ਟੱਪ ਕੇ ਆਇਆ ਏਂ ?’

ਮੈਂ ਅੱਗੋਂ ਵਾਜ ਵਿਚ ਆਖਿਆ, ‘ਸਰਦਾਰ ਬਹਾਦਰ, ਆਇਆ ਤੇ ਮੈਂ ਬਾਰਡਰ ਟੱਪ ਕੇ ਈ ਆਂ, ਇਹਦੇ ਵਿਚ ਜ਼ਰੀ ਸ਼ੱਕ ਨਹੀਂ। ਪਰ ਆਇਆ ਭੁੱਖ ਦਾ ਮਾਰਿਆ ਆਂ। ਹੁਣ ਜੇ ਤੁਸਾਂ ਮੈਨੂੰ ਏਥੇ ਜੇਲ੍ਹ ਵਿਚ ਚਾ ਸੁੱਟਿਆ ਤਾਂ ਮੇਰਾ ਸਾਰਾ ਟੱਬਰ ਭੁੱਖਾ ਮਰ ਜਾਵੇਗਾ। ਇਕ ਵਾਰੀ ਗੁਨਾਹ ਕਰੀਏ ਤਾਂ ਰੱਬ ਵੀ ਮਾਫ਼ ਕਰ ਛੱਡਦਾ ਏ, ਤੁਸੀਂ ਵੀ ਮੈਨੂੰ ਮੁਆਫ਼ੀ ਦੇ ਦਿਉ।’

ਉਹ ਫੇਰ ਹੇਠਾਂ ਬੈਠੇ ਕਰਿੰਦੇ ਨਾਲ ਕੁਝ ਘੁਸਰ-ਮੁਸਰ ਕਰਨ ਲੱਗ ਪਿਆ। ਮੇਰੀਆਂ ਗੱਲਾਂ ਦਾ ਉਹਦੇ ’ਤੇ ਜਿਵੇਂ ਕੁਝ ਅਸਰ ਈ ਨਹੀਂ ਸੀ ਹੋਇਆ। ਮੈਂ ਮੁੜ ਆਪਣੇ ਦਿਲ ਨੂੰ ਆਖਿਆ, ‘ਲੈ ਬਈ ਏਥੋਂ ਤੇ ਸੌਖੀ ਜਿੰਦ ਨਹੀਂ

ਛੁੱਟਦੀ ਦਿਸਦੀ।'

'ਅਦਾਲਤ ਜਿੰਨੀ ਗੱਲ ਪੁੱਛੇ ਉਹਨੂੰ ਉਤਨਾ ਈ ਜਵਾਬ ਦੇਣਾ ਏ, ਵਾਧੂ ਗੱਲਾਂ ਦੀ ਕੋਈ ਲੋੜ ਨਹੀਂ।' ਉਹਨੇ ਮੈਨੂੰ ਟਕੋਰਿਆ।

ਮੈਂ ਅੱਗੋਂ ਹੱਥ ਚਾ ਬੱਧੇ, 'ਮੁਆਫ਼ੀ ਦੇ ਦਿਉ ਸਾਹਬ ਬਹਾਦਰ।'

'ਓਧਰ ਕਿਹੜੇ ਸ਼ਹਿਰ ਦਾ ਰਹਿਣ ਵਾਲਾ ਏਂ ?'

'ਜਨਾਬ ਸ਼ੇਖ਼ੂਪੁਰੇ ਦਾ।'

ਸਾਹਿਬ ਨੇ ਮੇਰੇ ਮੂੰਹ ਵੱਲ ਕੁਝ ਨੀਝ ਨਾਲ ਤੱਕਿਆ ਤੇ ਰਤਾ ਕੁ ਕੁਰਸੀ ਤੇ ਕਵਾਸਾ ਵੀ ਹੋਇਆ, 'ਸ਼ੇਖ਼ੂਪੁਰੇ ਕਿੱਥੋਂ ਦਾ ?'

'ਜੀ ਖੰਡ ਪੁਰੀਆਂ ਦਾ ਮਹੱਲਾ ਆਖਦੇ ਨੇ ਉਹਨੂੰ।'

'ਏਧਰੋਂ ਗਿਆ ਹੋਇਆ ਏਂ ਤੂੰ ?'

'ਆਹੋ ਸਾਹਬ ਬਹਾਦਰ, ਏਧਰ ਈ ਰਹਿੰਦੇ ਹੁੰਦੇ ਸਾਂ ਅਸੀਂ ਪਹਿਲੋਂ।'

'ਕਿੰਨਾ ਚਿਰ ਹੋ ਗਿਆ ਈ ਖੰਡ ਪੁਰੀਆਂ ਦੇ ਮੁਹੱਲੇ ?' ਸਾਹਬ ਨੂੰ ਜਿਵੇਂ ਖੰਡ ਪੁਰੀਆਂ ਦੇ ਮੁਹੱਲੇ ਦੀ ਕੋਈ ਗੱਲ ਚੇਤੇ ਸੀ।

'ਸਾਹਬ, ਤੁਸੀਂ ਕਿਧਰੇ ਓਥੋਂ ਦੇ ਰਹਿਣ ਵਾਲੇ ਤਾਂ ਨਹੀਂ ?' ਮੇਰੇ ਮੂੰਹੋਂ ਅਚਨਚੇਤੀ ਨਿਕਲ ਗਿਆ।

ਉਹਨੇ ਇਕ ਘੂਰੀ ਜਿਹੀ ਵੱਟ ਕੇ ਮੇਰੇ ਵੱਲ ਵੇਖਿਆ, 'ਨਹੀਂ, ਅਜਿਹੀ ਕੋਈ ਗੱਲ ਨਹੀਂ।' ਤੇ ਫੇਰ ਉਹ ਆਪਣੀ ਥਾਉਂ ਤੇ ਅਦਾਲਤ ਵਿਚ ਈ ਬਣੇ ਹੋਏ ਆਪਣੇ ਕਮਰੇ ਵਿਚ ਚਲਾ ਗਿਆ। ਮੈਨੂੰ ਵੀ ਉਹਨੇ ਇਕੱਲੇ ਨੂੰ ਉਥੇ ਈ ਸੱਦਿਆ।

ਮੈਨੂੰ ਸੋਫੇ ਉੱਤੇ ਬਿਠਾ ਕੇ ਉਹ ਕੁਰਸੀ ਚੁੱਕ ਕੇ ਮੇਰੇ ਸਾਹਮਣੇ ਹੋ ਬੈਠਾ, 'ਅੱਛਾ, ਤੂੰ ਖੰਡ ਪੁਰੀਆਂ ਦੇ ਮੁਹੱਲੇ ਰਹਿੰਨਾ ਏ ਉਥੇ। ਕਿੱਥੇ ਕਰਕੇ ਭਲਾ ?' ਉਸ ਮੈਨੂੰ ਬੜੇ ਸਹਿਜ ਨਾਲ ਪੁੱਛਿਆ।

ਮੈਂ ਸਮਝ ਗਿਆ, ਸਾਹਬ ਉਥੋਂ ਦਾ ਰਹਿਣ ਵਾਲਾ ਨਹੀਂ ਤਾਂ ਫੇਰ ਉਥੇ ਗਿਆ ਆਇਆ ਜ਼ਰੂਰ ਹੋਇਆ ਏ...ਹੁਣ ਉਹੋ ਯਾਦਾਂ ਘੇਰੀ ਬੈਠੀਆਂ ਨੇ ਇਹਨੂੰ। 'ਲਾਲਿਆਂ ਦੇ ਨਾਂ 'ਤੇ ਵੱਜਦੀ ਉਹ ਗਲੀ, ਲਾਲਿਆਂ ਦੀ ਗਲੀ ਕਰਕੇ।' ਮੈਂ ਉਹਨੂੰ ਦੱਸਿਆ।

'ਤੂੰ ਖੰਡ ਪੁਰੀਆਂ ਦੇ ਮੁਹੱਲੇ ਲਾਲਿਆਂ ਦੀ ਗਲੀ ਵਿਚ ਰਹਿੰਨਾ ਏਂ।' ਉਹਦੇ ਉੱਤੇ ਕੁਝ ਹੋਰਵੀਂ ਜਿਹੀ ਵਰਤਣ ਲੱਗ ਪਈ, 'ਘਰ ਦਾ ਪਤਾ ਦੱਸ ਹਾਂ ਭਲਾ ਜਿਹਦੇ ਵਿਚ ਤੂੰ ਬੈਠਾ ਹੋਇਆ ਏਂ।' ਉਹ ਉਤਾਵਲਾ ਜਿਹਾ ਹੋ ਗਿਆ।

'ਲਾਲਿਆਂ ਦਾ ਘਰ ਈ ਸੁਣਨ ਵਿਚ ਆਉਂਦਾ ਏ ਉਹ।' ਮੈਂ ਆਖਿਆ।

ਉਹਨੂੰ ਤੇ ਜਿਵੇਂ ਸੱਚੀਂ-ਮੁੱਚੀਂ ਕਰੰਟ ਜਿਹਾ ਲੱਗਾ ਹੋਵੇ ਮੇਰੀ ਗੱਲ ਨਾਲ। ਕੁਰਸੀ ਪਿਛਾਂਹ ਰੇੜ੍ਹ ਕੇ ਹੇਠਾਂ ਗਲੀਚੇ ਉੱਤੇ ਮੇਰੇ ਪੈਰਾਂ ਕੋਲ ਹੋ ਬੈਠਾ ਤੇ ਬਿੱਟ ਬਿੱਟ ਮੇਰਾ ਮੂੰਹ ਤੱਕਣ ਲੱਗ ਪਿਆ। ਸਮਝ ਤੇ ਅੱਗੇ ਵੀ ਮੈਨੂੰ ਕਿਸੇ ਗੱਲ ਦੀ ਨਹੀਂ ਸੀ ਆਉਂਦੀ ਪਈ, ਹੁਣ ਤੇ ਉੱਕਾ ਮੇਰੇ ਪਰਾਣ ਗਵੀਚ ਗਏ ਕੇ। ਉਹ ਮੁਨਸਫ਼ ਹੋ ਕੇ ਇਕ ਮੁਲਜ਼ਮ ਦੇ ਪੈਰਾਂ ਕੋਲ ਬੈਠਾ ਹੋਇਆ ਸੀ। ਇਕ ਅਜਿਹੇ ਮੁਲਜ਼ਮ ਦੇ ਪੈਰਾਂ ਕੋਲ ਜਿਹੜਾ ਆਪੋਂ ਝੋਲੀ ਅੱਡ ਕੇ ਉਹਦੇ ਕੋਲੋਂ ਮਿਹਰ ਪਿਆ ਮੰਗਦਾ ਸੀ। ਮੈਂ ਉਹਨੂੰ ਹੱਥ ਬੰਨੇ ਤੇ ਉਤਾਂਹ ਕੁਰਸੀ 'ਤੇ ਹੋ ਬਹਿਣ ਦਾ ਤਰਲਾ ਕੀਤਾ ਪਰ ਉਹ ਕੋਈ ਨਾ ਮੰਨਿਆ। ਮੈਂ ਆਪ ਥੱਲੇ ਉਹਦੇ ਕੋਲ ਹੋ ਬਹਿਣਾ ਚਾਹਿਆ ਤਾਂ ਉਹਨੇ ਮੈਨੂੰ ਮੋਢਿਓਂ ਥੱਲੇ ਨਾ ਲੱਥਣ ਦਿੱਤਾ। ਮੈਂ ਆਖਿਆ, 'ਸਾਹਬ ਕੋਈ ਵੇਖ ਲਵੇ ਤਾਂ ਕੀ ਆਖੇ ?'

'ਤੂੰ ਛੱਡ ਏਸ ਗੱਲ ਨੂੰ ਤੇ ਮੈਨੂੰ ਇਹ ਦੱਸ ਬਰੀ ਹੋਣਾ ਈ ਕਿ ਜੇਲ੍ਹੇ ਜਾਣਾ ਈ ?' ਉਹ ਮੇਰੀਆਂ ਅੱਖਾਂ ਵਿਚ ਝਾਕਦਾ ਹੋਇਆ ਬੋਲਿਆ।

'ਸਾਹਬ ਬਰੀ ਕਰ ਦੇਵੋ ਤਾਂ ਤੇਰੇ ਜਿਹਾ ਇਕ ਨਹੀਂ ਏਸ ਦੁਨੀਆ 'ਤੇ, ਮੈਂ ਤੇਰੇ ਨਾਲ ਵਾਅਦਾ ਕਰਨਾ ਮੁੜ ਇੰਜ ਹੱਦ ਟੱਪ ਕੇ ਨਾ ਆਵਾਂਗਾ ਕਦੇ ਏਸ ਬੰਨੇ।'

'ਮੈਂ ਤੈਨੂੰ ਬਰੀ ਕਰ ਦੇਨਾਂ ਪਰ ਪਹਿਲੋਂ ਤੈਨੂੰ ਮੇਰੀ ਇਕ ਸ਼ਰਤ ਮੰਨਣੀ ਪਵੇਗੀ। ਦੱਸ ਮੰਨੇਂਗਾ ?'

'ਬੱਚਿਆਂ ਵਾਲਿਆ ਤੂੰ ਇਕ ਆਹਨਾਂ ਏਂ, ਮੈਂ ਤੇਰੀਆਂ ਦਸ ਸ਼ਰਤਾਂ ਮੰਨਣ ਨੂੰ ਤਿਆਰ ਆਂ।'

'ਸ਼ਰਤ ਇਹ ਈ ਪਈ ਤੂੰ ਮੈਨੂੰ ਉਸ ਲਾਲਿਆਂ ਵਾਲੇ ਘਰ ਬਾਰੇ ਦੱਸ, ਉਥੇ ਕੀ ਕੀ ਏ ਤੇ ਕਿਵੇਂ ਕਿਵੇਂ ਦਾ ਬਣਿਆ ਹੋਇਆ ਏ। ਮੈਂ ਤੈਨੂੰ ਛੱਡ ਦਿਆਂਗਾ।' ਉਹ ਹਾੜਾ ਪਾਂਦਾ ਬੋਲਿਆ।

ਪਹਿਲੋਂ ਤੇ ਲੱਗਾ ਇਹ ਸ਼ਰਤ ਪੂਰੀ ਕਰਨਾ ਮੇਰੇ ਜਿਹੇ ਗਲਾਪੜੀ ਬੰਦੇ ਲਈ ਕਿਹੜੀ ਔਖੀ ਗੱਲ ਏ। ਪਰ ਜਦੋਂ ਮੈਂ ਸ਼ੁਰੂ ਹੋਵਣ ਲੱਗਾ ਤਾਂ ਮੈਨੂੰ ਕੁਝ ਚੇਤੇ ਈ ਨਾ ਆਵੇ। ਬੜਿਆਂ ਔਖਿਆਂ ਸੌਖਿਆਂ ਹੋ ਕੇ ਮੈਂ ਅੜਦਿਆਂ ਅੜਦਿਆਂ ਬੋਲਣਾ ਸ਼ੁਰੂ ਕੀਤਾ। ਬਾਹਰੋਂ ਗਲੀ ਤੋਂ ਸ਼ੁਰੂ ਹੋਇਆ ਮੈਂ। ਥੜੀ ਦੱਸੀ, ਬੂਹਾ ਦੱਸਿਆ। ਬੂਹੇ ਦੀ ਉਤਲੀ ਮਹਿਰਾਬ ਵਿਚ ਸੱਜੀ ਖੱਬੀ ਨੁੱਕਰੇ ਸੁੰਢਾਂ ਚਾਈ ਪਿਛਲਿਆਂ ਪੈਰਾਂ 'ਤੇ ਖਲੋਤੇ ਹਾਥੀਆਂ ਦੀਆਂ ਚਾਂਦੀ ਰੰਗੀਆਂ ਮੂਰਤੀਆਂ ਦੱਸੀਆਂ। ਫੇਰ ਮੈਂ ਅੰਦਰ ਵਿਹੜੇ ਵਿਚ ਫੁੱਲਾਂ ਦੀਆਂ ਕਿਆਰੀਆਂ ਤੋਂ ਟੁਰਦਾ ਹੋਇਆ ਚੌਂਕੇ ਵੱਲ ਆਇਆ, ਦਿਮਾਗ਼ 'ਤੇ ਜ਼ੋਰ ਪਾ ਕੇ ਜੋ ਜੋ ਮੈਨੂੰ ਚੇਤੇ ਆਇਆ, ਉਹ ਮੈਂ ਉਹਨੂੰ ਦੱਸਿਆ। ਉਹ ਨੀਵੀਂ ਪਾਈ ਮੇਰੀਆਂ ਗੱਲਾਂ ਸੁਣਦਾ ਪਿਆ ਸੀ। ਅਸਲੋਂ ਅਡੋਲ ਹੋਇਆ ਬੈਠਾ। ਮੈਨੂੰ ਤੇ ਉਹ ਸਾਹ ਲੈਂਦਾ ਵੀ ਨਹੀਂ ਸੀ ਜਾਪਦਾ ਪਿਆ। ਮੈਂ ਚੌਂਕੇ ਤੋਂ ਨਿਕਲ ਕੇ ਹੁਣ ਉਸ ਘਰ ਦੇ ਪਸਾਰ ਵੱਲ ਵਧਿਆ, ਜਿਹਦੇ ਵਿਚ ਅਸੀਂ ਟਿਕੇ ਹੋਏ ਸਾਂ। ਪਸਾਰ ਦੀਆਂ ਜਿੰਨੀਆਂ ਚੀਜ਼ਾਂ ਮੈਨੂੰ ਚੇਤੇ ਆਈਆਂ, ਮੈਂ ਦੱਸੀਆਂ। ਪਰ ਜਦੋਂ ਮੈਂ ਹਾਲ ਕਮਰੇ ਵਿਚ ਵੜਨ ਲੱਗਾ ਤਾਂ ਮੈਨੂੰ ਚੇਤੇ ਆਇਆ ਪਈ ਪਸਾਰ ਦੀ ਇਕ ਥਾਂ ਬਾਬਤ ਤੇ ਮੈਂ ਭੁੱਲ ਈ ਗਿਆ ਸਾਂ। ਮੈਂ ਹਾਲ ਕਮਰੇ ਵਿਚ ਵੜਦਾ ਵੜਦਾ ਪਰਤ ਆਇਆ, ਪਸਾਰ ਦੀ ਇਕ ਥਾਂ ਦਾ ਦੱਸਣ ਦਾ ਮੈਨੂੰ ਚੇਤਾ ਈ ਨਹੀਂ ਰਿਹਾ। ਇਹ ਸੱਜੀ ਕੰਧ ਵਿਚ ਬਣਿਆ ਹੋਇਆ ਇਕ ਵੱਡਾ ਸਾਰਾ ਆਲਾ ਏ, ਬੜਾ ਈ ਸੋਹਣਾ। ਐਨਾ ਸੋਹਣਾ ਕਿ ਵੇਖਦਿਆਂ ਭੁੱਖ ਲਹਿੰਦੀ ਏ ਇਹਨੂੰ ਤੇ ਇਹਦੇ ਕੰਢਿਆਂ ਉੱਤੇ ਜਿਹੜੇ ਵੇਲ ਬੂਟੇ ਨਕਸ਼ੇ ਹੋਏ ਨੇ, ਉਨ੍ਹਾਂ ਦੀ ਤੇ ਸੋਭਾ ਮੈਂ ਕਰ ਈ ਨਹੀਂ ਸਕਦਾ...।'

ਅਜੇ ਇਹ ਗੱਲ ਮੇਰੇ ਮੂੰਹ ਵਿਚ ਈ ਸੀ ਕਿ ਉਹਦਾ ਗਲੀਚੇ ਉੱਤੇ ਬੈਠੇ ਦਾ ਉੱਚੀ ਸਾਰੀ ਰੋਣ ਨਿਕਲ ਗਿਆ। ਉਹ ਮੇਰੇ ਗੋਡਿਆਂ ਉੱਤੇ ਸਿਰ ਰੱਖ ਕੇ ਉੱਚੀ-ਉੱਚੀ ਹਟਕੋਰੇ ਭਰਦਾ ਹੋਇਆ ਬਾਲਾਂ ਵਾਂਗੂੰ ਰੋਂਦਾ ਪਿਆ ਸੀ। ਮੇਰਾ ਸਾਰਾ ਵਜੂਦ ਇਕ ਅਵੱਲੀ ਜਿਹੀ ਪੀੜ ਨਾਲ ਭਰ ਗਿਆ ਤੇ ਮੇਰੀਆਂ ਆਪਣੀਆਂ ਅੱਖਾਂ ਸਿੰਜ ਗਈਆਂ।

ਰੋਂਦਿਆਂ ਰੋਂਦਿਆਂ ਉਸ ਐਨਾ ਈ ਆਖਿਆ, 'ਉਸ ਆਲੇ ਵਿਚ ਈ ਤਾਂ ਮੈਂ ਨਿੱਕਾ ਹੁੰਦਾ ਆਪਣਾ ਬਸਤਾ ਰੱਖਦਾ ਹੁੰਦਾ ਸਾਂ।' ਮੇਰਾ ਆਪਣਾ ਹਓਕਾ ਨਿਕਲ ਗਿਆ। ਇਹ ਸੁਣ ਕੇ ਤੇ ਮੈਂ ਉਹਦੇ ਸਿਰ ਨੂੰ ਪਲੋਸਦਾ ਹੋਇਆ ਇਹ ਵੀ ਭੁੱਲ ਗਿਆ ਕਿ ਮੈਂ ਮੁਲਜ਼ਮ ਆਂ ਤੇ ਉਹ ਮੁਨਸਫ਼। ਸਗੋਂ ਹੁਣ ਮੈਂ ਉਹਨੂੰ ਆਂਹਦਾ ਪਿਆ ਸਾਂ, 'ਸਾਹਬ ਜੇਰਾ ਰੱਖ, ਇਹ ਤੇ ਹੋਣੀ ਦੀਆਂ ਕਰਨੀਆਂ ਨੇ। ਕੀ ਕਰ ਸਕਦੇ ਆਂ ਅਸੀਂ ਇਨ੍ਹਾਂ ਅੱਗੇ।' ਝੱਕ ਕੁ ਮਗਰੋਂ ਉਹ ਧਰਵਾਸ ਵਿਚ ਹੋਇਆ ਤੇ ਅੰਦਰ ਈ ਬਣੇ ਗੁਸਲਖਾਨੇ ਵਿਚ ਜਾ ਵੜਿਆ।

ਮੁੜ ਕੇ ਅਦਾਲਤ ਲਾਇਓਸ। ਬੜੇ ਧਿਆਨ ਨਾਲ ਮੇਰਾ ਮੁਕੱਦਮਾ ਸੁਣਿਆ ਤੇ ਫੇਰ ਇਹ ਆਖ ਕੇ ਮੇਰੀ ਹੱਥਕੜੀ ਪੁੱਟ ਦੇਣ ਦਾ ਹੁਕਮ ਦਿਤੋਸ, 'ਮੁਲਜ਼ਮ ਬਲੈਕੀਆ ਨਹੀਂ, ਸਾਰੀ ਗੱਲ ਕੱਥ ਤੋਂ ਪਤਾ ਲੱਗਾ ਏ ਕਿ ਮੁਲਜ਼ਮ ਨੂੰ ਆਪਣੇ ਘਰ ਦੀ ਯਾਦ ਸਤਾਇਆ ਤੇ ਉਹ ਪੰਥ ਕਰਕੇ ਹੱਦ ਤਾਈਂ ਅੱਪੜ ਗਿਆ। ਉਹਦਾ ਪਿੰਡ ਹੱਦ ਨਾਲ ਲਗਦੇ ਇਲਾਕੇ ਵਿਚ ਏ। ਏਸ ਲਈ ਮੁਲਜ਼ਮ ਨੂੰ ਆਪਣੇ ਦਿਲ 'ਤੇ ਵਸ ਨਾ ਰਿਹਾ ਤੇ ਉਹ ਹੱਦ ਟੱਪ ਕੇ ਉਰਲੇ ਬੰਨ੍ਹੇ ਆ ਗਿਆ। ਪਰ ਏਸ ਪਾਸਿਓਂ ਮੁਲਜ਼ਮ ਨੂੰ ਆਪਣੇ ਪਿੰਡ ਦਾ ਰਾਹ ਨਹੀਂ ਸੀ ਆਉਂਦਾ ਤਾਂ ਉਹ ਧੱਕੇ ਠੁੱਡੇ ਖਾਂਦਾ ਸ਼ਹਿਰ ਅੱਪੜ ਗਿਆ। ਜਿਥੇ ਪੁਲਿਸ ਨੇ ਉਹਨੂੰ ਫਿਰਦਿਆਂ ਹੋਇਆਂ ਪਕੜ ਵਿਚ ਲੈ ਲਿਆ। ਮੁਲਜ਼ਮ ਤੋਂ ਕੋਈ ਸ਼ੈਅ ਬਰਾਮਦ ਨਹੀਂ ਹੋਈ। ਨਾ ਈ ਕੋਈ ਅਜਿਹੀ ਸ਼ੈ ਲੱਭੀ ਏ ਜਿਹਦੇ ਤੋਂ ਸਾਬਤ ਹੋ ਸਕੇ ਪਈ ਉਹ ਉਚੇਰੇ ਇਰਾਦੇ ਨਾਲ ਹੱਦ ਟੱਪਣ ਦਾ ਗੁਨਾਹਗਾਰ ਏ। ਏਸ ਪਾਰੋਂ ਅਦਾਲਤ ਉਹਨੂੰ ਇੱਜ਼ਤ ਆਬਰੂ ਨਾਲ ਬਰੀ ਕਰਦੀ ਏ।'

ਬਰੀ ਕਰਕੇ ਮੈਨੂੰ ਉਹ ਆਪ ਘਰ ਲੈ ਆਇਆ। ਆਪਣੀ ਘਰ ਵਾਲੀ ਨਾਲ ਮੈਨੂੰ ਮਿਲਵਾਇਓਸ। ਉਹਨੂੰ ਆਖਣ ਲੱਗਾ, 'ਵੇਖ ਕੁਸ਼ੱਲਿਆ, ਅੱਜ ਸਾਡੇ ਸ਼ੇਖੂਪੁਰੇ ਵਾਲੇ ਘਰ ਦੀ ਖੁਸ਼ਬੋਈ ਆਪ ਟੁਰ ਕੇ ਆ ਗਈ ਓ ਸਾਡੇ ਤਾਈਂ।' ਇਹ ਸੁਣ ਕੇ ਉਹਦੀ ਘਰ ਵਾਲੀ ਚਾਵਾਂ ਨਾਲ ਭਰ ਗਈ ਤੇ ਵੀਰ ਜੀ ਵੀਰ ਜੀ ਆਂਹਦੀ ਦਾ ਮੂੰਹ ਸੁੱਕਣ ਲੱਗ ਪਿਆ। ਮੈਂ ਉਨ੍ਹਾਂ ਦੇ ਘਰ ਬਿਲੋ ਪੁੱਤਰ ਦੋ ਕਿ ਤਿੰਨ ਦਿਨ ਰਿਹਾ। ਇਨ੍ਹਾਂ ਦਿਨਾਂ ਵਿਚ ਉਨ੍ਹਾਂ ਮੇਰੀਆਂ ਉਹ ਖਾਤਰਾਂ ਕੀਤੀਆਂ ਪਈ ਤੈਨੂੰ ਕੀ ਦੱਸਾਂ ? ਮੈਂ ਜਿਥੇ ਪੈਰ ਧਰਦਾ ਉਥੇ ਉਹ ਅਗਦੀ ਈ ਹੱਥਾਂ ਦੀਆਂ ਤਲੀਆਂ ਚਾ

ਵਿਛਾਉਂਦੇ। ਐਨਾ ਪਿਆਰ ਐਨਾ ਪਿਆਰ ਕਿ ਮੈਨੂੰ ਉਨ੍ਹਾਂ ਤੋਂ ਸੰਗ ਆਵੇ। ਰਹਿ ਰਹਿ ਕੇ ਦਿਲ ਵਿਚ ਇਹ ਸੋਚ ਉੱਭਰੇ ਪਈ ਇਨ੍ਹਾਂ ਦੇ ਪਿਆਰ ਦਾ ਵਲਦਾ ਦੇਣ ਲਈ ਰੱਬ ਕਰਦਾ ਮੇਰੇ ਕੋਲ ਕੋਈ ਸ਼ੈ ਹੁੰਦੀ।

ਉਹ ਮੇਰੇ ਨਾਲ ਘੰਟਿਆਂ ਬੱਧੀ ਆਪਣੇ ਪਿਛਲੇ ਘਰ ਦੀਆਂ ਗੱਲਾਂ ਕਰਦਾ ਰਹਿੰਦਾ। ਉਹਨੂੰ ਆਪਣੇ ਘਰ ਦੀ ਇਕ ਇਕ ਸ਼ੈ ਇੰਜ ਚੇਤੇ ਸੀ ਪਈ ਮੈਂ ਵੀ ਹੈਰਾਨ ਰਹਿ ਜਾਂਦਾ। ਫਲਾਣੀ ਥਾਓਂ ਕਲੀ ਭੁਰੀ ਹੋਈ ਏ, ਫਲਾਣੇ ਬੂਹੇ ਉੱਤੇ ਇਹ ਨਕਸ਼ ਬਣੇ ਹੋਏ ਨੇ। ਉਹ ਕੋਈ ਗੱਲ ਈ ਤੇ ਨਹੀਂ ਸੀ ਰਹਿਣ ਦੇਂਦਾ ਬਾਕੀ। ਮੈਂ ਉਸ ਘਰ ਵਿਚ ਰਹਿੰਦਾ ਪਿਆ ਸਾਂ ਪਰ ਮੈਨੂੰ ਉਨ੍ਹਾਂ ਗੱਲਾਂ ਦਾ ਕੁਝ ਪਤਾ ਨਹੀਂ ਸੀ ਜਿਹੜੀਆਂ ਉਹ ਪੂਰੇ ਵੇਰਵੇ ਨਾਲ ਦੱਸਦਾ ਰਹਿੰਦਾ ਸੀ।


ਉਹਨੇ ਆਪ ਈ ਨੱਸ ਭੱਜ ਕਰਕੇ ਮੇਰੇ ਕਾਗ਼ਜ਼ ਬਣਵਾਏ, ਬਾਜ਼ਾਰ ਵਿਚੋਂ ਸਾਡੇ ਪੂਰੇ ਟੱਬਰ ਲਈ ਐਨੀਆਂ ਕੁ ਸ਼ੈਵਾਂ ਮੁੱਲ ਲੈ ਦਿੱਤੀਆਂ ਕਿ ਵੱਡਾ ਸਾਰਾ ਇਕ ਸੰਦੂਕ ਭਰਿਆ ਗਿਆ। ਫੇਰ ਉਹ ਦੋਵੇਂ ਜੀ ਮੈਨੂੰ ਆਪਣੀ ਮੋਟਰ ’ਤੇ ਹੱਦ ਪਾਰ ਕਰਾਉਣ ਆਏ। ਵਿਛੜਨ ਤੋਂ ਪਹਿਲਾਂ ਅਸੀਂ ਗੱਲਵਕੜੀ ਪਾ ਕੇ ਇੰਜ ਧਾਈਂ ਮਾਰ ਮਾਰ ਕੇ ਰੋਏ ਜਿਵੇਂ ਅਸਲੋਂ ਸਕੇ ਹੋਈਏ, ਸਗੋਂ ਸਕਿਆਂ ਤੋਂ ਵੀ ਵੱਧ। ਛੇਕੜਲੀ ਵਾਰ ਮਿਲਦਿਆਂ ਉਹ ਮੈਨੂੰ ਆਖਣ ਲੱਗਾ, ‘ਇਕ ਕੰਮ ਕਰੀਂ ਪਿਛਲੀ ਨਿੱਕੀ ਕੋਠੜੀ ਵਿਚ ਮਾਂ ਨੂੰ ਆਖੀਂ ਹਰ ਜੁੰਮੇਰਾਤ ਦੀਵਾ ਜਗਾਇਆ ਕਰੇ। ਮੇਰੀ ਮਾਂ ਉਥੇ ਕਿਸੇ ਤੁਹਾਡੇ ਈ ਫਕੀਰ ਦੇ ਨਾਂ ਦਾ ਦੀਵਾ ਜਗਾਇਆ ਕਰਦੀ ਸੀ। ਦੂਜਾ ਤਿੱਲੇ ਦਾ ਚਿੱਤ ਚੇਤਾ ਨਾ ਕਰੀਂ। ਤੈਨੂੰ ਘਰ ਬੈਠੇ ਨੂੰ ਜਿੰਨਾ ਚਾਹਵੇ ਤਿੱਲਾ ਅੱਪੜ ਜਾਇਆ ਕਰਸੀ। ਉਂਜ ਵੀ ਉਹਨੇ ਮੇਰੇ ਸਾਮਾਨ ਵਿਚ ਵਾਹਵਾ ਸਾਰਾ ਤਿੱਲਾ ਬੰਨ੍ਹ ਦਿੱਤਾ ਹੋਇਆ ਸੀ। ਬਸ ਫੇਰ ਮੈਂ ਪਾਰਲਿਓਂ ਉਰਲੇ ਬੰਨੇ ਆ ਗਿਆ। ਪਾਰਲਾ ਬੰਨਾ ਜਿਹੜਾ ਕਦੇ ਮੇਰਾ ਸੀ ਤੇ ਉਰਲਾ ਬੰਨਾ ਜਿਹੜਾ ਕਦੇ ਉਹਦਾ ਸੀ।

ਬਾਬਾ ਹੁਕਮਾ ਹਨੇਰੇ ਵਿਚ ਮੈਨੂੰ ਆਪਣੀ ਪੱਗ ਨਾਲ ਅੱਖਾਂ ਪੂੰਝਦਾ ਹੋਇਆ ਦਿਸਿਆ। ਫੇਰ ਉਹ ਪਹਿਲੇ ਤੋਂ ਵੀ ਨੀਵੀਂ ਵਾਜ ਵਿਚ ਬੋਲਣ ਲੱਗ ਪਿਆ—ਸੁੱਚਾ ਤਿੱਲਾ ਮੈਨੂੰ ਘਰ ਬੈਠੇ ਨੂੰ ਈ ਮਿਲਦਾ ਰਿਹਾ ਬਾਰਡਰ ਪੁਲਿਸ ਦੇ ਬੰਦਿਆਂ ਹੱਥ। ਉਸ ਤਿੱਲੇ ਦੀ ਕਮਾਈ ਤੋਂ ਈ ਮੈਂ ਆਪਣਾ ਅੱਡਾ ਲਾਇਆ ਤੇ ਮੁੜ ਕੇ ਪਿਉ ਦਾਦੇ ਦਾ ਕਸਬ ਛੋਹਿਆ। ਸਭ ਤੋਂ ਪਹਿਲਾਂ ਮੈਂ ਉਨ੍ਹਾਂ ਦੋਵਾਂ ਜੀਆਂ ਦੇ ਜੋੜੇ ਬਣਾ ਕੇ ਘੱਲੇ, ਤਿੱਲੇ ਨਾਲ ਗੱਚ। ਮੇਚੇ ਮੈਂ ਉਨ੍ਹਾਂ ਤੋਂ ਲਏ ਤੇ ਨਹੀਂ ਸੀ ਪਰ ਮੇਰੇ ਦਿਮਾਗ਼ ਵਿਚ ਉੱਕਰੇ ਹੋਏ ਸਨ। ਅੱਜ ਵੀ ਉਨ੍ਹਾਂ ਦੇ ਮੇਚੇ ਦੀਆਂ ਜੁੱਤੀਆਂ ਬਣਾ ਸਕਨਾ ਮੈਂ। ਪਰ ਹੁਣ ਤੇ ਉਨ੍ਹਾਂ ਦਾ ਕੁਝ ਪਤਾ ਈ ਨਹੀਂ ਪਈ ਕਿੱਥੇ ਨੇ ? ਉਦੋਂ ਮੈਂ ਤਿੰਨੀਂ ਚੌਹਵੀਂ ਮਹੀਨੀਂ ਜੁੱਤੀਆਂ ਬਣਾ ਕੇ ਘੱਲ ਛੱਡਦਾ ਸਾਂ ਉਨ੍ਹਾਂ ਨੂੰ। ਬੜੇ ਰਾਜ਼ੀ ਹੁੰਦੇ ਸੀ ਉਹ ਮੇਰੀ ਏਸ ਮਾੜੀ ਜਿਹੀ ਸੇਵਾ ’ਤੇ। ਫੇਰ ਸਾਡੇ ਤੋਂ ਉਨ੍ਹਾਂ ਵਾਲਾ ਘਰ ਖੁੱਸ ਗਿਆ। ਕਿਸੇ ਨੇ ਕਲੇਮ ਵਿਚ ਪਵਾ ਲਿਆ ਸੀ। ਸਾਡੇ ਕੋਲ ਤੇ ਕੋਈ ਲਿਖਤ ਪੜ੍ਹਤ ਹੈ ਨਹੀਂ ਸੀ। ਏਸ ਲਈ ਨਿਕਲ ਆਏ ਉਥੋਂ ਦੂਜੀ ਵਾਰ ਉੱਜੜ ਕੇ। ਇਹ ਉਜਾੜਾ ਪਹਿਲੇ ਉਜਾੜੇ ਤੋਂ ਵੀ ਡਾਹਢਾ ਦੁੱਖ ਭਰਿਆ ਸੀ।

ਉਥੋਂ ਅਸੀਂ ਤੁਹਾਡੇ ਵਾਲੀ ਜੂਹ ਵਿਚ ਆ ਟਿਕੇ। ਇਥੇ ਤੇਰੇ ਪਿਉ ਨਾਲ ਭਰਾਵਾਂ ਤੋਂ ਵੀ ਵੱਧ ਪਿਆਰ ਪੈ ਗਿਆ। ਏਥੇ ਵੀ ਮੈਨੂੰ ਉਹਦਾ ਘੱਲਿਆ ਤਿੱਲਾ ਅੱਪੜਦਾ ਰਿਹਾ। ਇਕ ਦਿਨ ਤੇਰੇ ਪਿਉ ਨੂੰ ਮੈਂ ਸਾਰੀ ਗੱਲ ਦੱਸੀ ਤੇ ਹੱਸ ਕੇ ਆਖਣ ਲੱਗਾ, ‘ਤੂੰ ਕਿਤੇ ਉਸ ਬਾਂਦਰ ਜਿਹੇ ਦੀ ਗੱਲ ਤੇ ਨਹੀਂ ਕਰਦਾ ਪਿਆ, ਮਨੋਹਰ ਲਾਲ ਦੀ। ਉਹ ਤੇ ਮੇਰਾ ਚੰਗਾ ਭਲਾ ਜਾਣੂ ਹੁੰਦਾ ਸੀ। ਏਥੇ ਜਦੋਂ ਪੜ੍ਹਦਾ ਹੁੰਦਾ ਸੀ, ਅਸੀਂ ਰਲ ਕੇ ਖੇਡਦੇ ਹੁੰਦੇ ਸਾਂ।’

ਸਾਡੇ ਉੱਤੇ ਤੇ ਸਾਰੇ ਆਲ–ਦਵਾਲੇ ਉੱਤੇ ਕੁਝ ਚਿਰ ਡੂੰਘੀ ਚੁੱਪ ਵਰਤੀ ਰਹੀ। ਫੇਰ ਬਾਬਾ ਹੁਕਮਾ ਮੈਨੂੰ ਆਖਣ ਲੱਗਾ, ‘ਚੱਲ ਬਿੱਲੋ ਚਲੀਏ ਏਥੋਂ, ਕਵੇਲਾ ਹੋ ਗਿਆ ਏ ਐਵੇਂ ਤੇਰੀ ਮਾਂ ਭਰਮ ਕਰਦੀ ਹੋਵੇਗੀ।’ ਅਸੀਂ ਦੋਵੇਂ ਲੱਕੜ ਤੋਂ ਉੱਠ ਖਲੋਤੇ ਤੇ ਫੇਰ ਚੁੱਪ ਚਾਨ ਗਲੀ ਵਿਚ ਟੁਰ ਪਏ, ਆਪੋ ਆਪਣੇ ਘਰਾਂ ਨੂੰ।

**ਮਕਸੂਦ ਸਾਕਿਬ** (ਜਨਮ ਅਪ੍ਰੈਲ 4, 1955) ਪਾਕਿਸਤਾਨ ਦਾ ਬਿਹਤਰੀਨ ਕਥਾਕਾਰ ਹੈ। ਉਹ ਲੇਖਕ ਹੋਣ ਦੇ ਨਾਲ–ਨਾਲ ਸੰਪਾਦਕ ਤੇ ਪ੍ਰਕਾਸ਼ਕ ਵੀ ਹੈ। ਉਸਨੇ 1986 ਤੋਂ 1997 ਤਕ ‘ਮਾਂ ਬੋਲੀ’ ਨਾਂ ਦਾ ਪਰਚਾ ਕੱਢਿਆ ਤੇ ਹੁਣ ਉਹ 1998 ਤੋਂ ‘ਪੰਚਮ’ ਨਾਂ ਦੀ ਮਾਸਿਕ ਪੱਤ੍ਰਿਕਾ ਦਾ ਸੰਪਾਦਨ ਕਰਦਾ ਹੈ। ਉਸ ਨੂੰ ਪੂਰਬੀ ਤੇ ਪੱਛਮੀ ਪੰਜਾਬ ਵਿਚ ਸਰਵੋਤਮ ਸਰਵੋਤਮ ਸਾਹਿਤਕ ਰਸਾਲੇ ਪ੍ਰਕਾਸ਼ਿਤ ਕਰਨ ਲਈ ‘ਭਾਈ ਵੀਰ ਸਿੰਘ ਪੁਰਸਕਾਰ’ ਵੀ ਮਿਲ ਚੁੱਕਾ ਹੈ। ਉਹ ਆਪਣੀ ਪਤਨੀ ਫ਼ੈਜ਼ਾ ਰਾਣਾ ਨਾਲ ਮਿਲ ਕੇ ਪਬਲੀਕੇਸ਼ਨ ਹਾਊਸ ਵੀ ਚਲਾ ਰਿਹਾ ਹੈ।



# ਮੌਤ ਕਥਾ

## ਆਸ਼ੂਤੋਸ਼ ਭਾਰਦਵਾਜ

ਅਨੁਵਾਦ : *ਨਛੱਤਰ*

ਆਸ਼ੂਤੋਸ਼ ਭਾਰਦਵਾਜ ਨੇ ਅਗਸਤ 2011 ਤੋਂ ਸਤੰਬਰ 2015 ਤਕ ਇੰਡੀਅਨ ਐਕਸਪ੍ਰੈਸ ਦੇ ਲਈ ਮੱਧ ਭਾਰਤ ਦੇ ਮਾਓਵਾਦੀ ਇਲਾਕਿਆਂ ਦੀ ਖ਼ਬਰ ਨਵੀਸੀ ਕੀਤੀ ਸੀ। ਉਸ ਨੇ ਫ਼ਰਜ਼ੀ ਮੁਕਾਬਲੇ, ਆਦਿਵਾਸੀ ਸੰਘਰਸ਼, ਮਾਓਵਾਦੀ ਵਿਦਰੋਹ ਬਾਰੇ ਲਗਾਤਾਰ ਲਿਖਿਆ, ਜਿਸ ਲਈ ਉਸ ਨੂੰ ਖ਼ਬਰ ਨਵੀਸੀ ਦੇ ਬਹੁਤ ਸਾਰੇ ਸਨਮਾਨ ਮਿਲੇ। ਇਸੇ ਦੌਰਾਨ ਉਸ ਨੇ ਅਣਗਿਣਤ ਦਿਨ ਅਤੇ ਰਾਤਾਂ ਮਾਓਵਾਦੀਆਂ, ਸੁਰੱਖਿਆ ਦਸਤਿਆਂ ਅਤੇ ਉਨ੍ਹਾਂ ਦੇ ਅਖੌਤੀ ਮੁਖਬਰਾਂ ਦੇ ਨਾਲ ਸੰਘਣੇ ਜੰਗਲਾਂ ਵਿਚ ਸਥਿਤ ਉਨ੍ਹਾਂ ਦੇ ਖ਼ੁਫ਼ੀਆ ਅੱਡਿਆਂ ਉੱਤੇ ਬੰਦੂਕਾਂ ਅਤੇ ਬਾਰੂਦੀ ਸੁਰੰਗਾਂ ਦੇ ਵਿਚਕਾਰ ਗੁਜ਼ਾਰੇ ਸਨ। ਜਿਥੇ ਜੀਵਨ ਅਤੇ ਮੌਤ ਦਾ ਫ਼ਰਕ ਸਿਰਫ਼ ਇਕ ਸੰਜੋਗ ਰਹਿ ਜਾਂਦਾ ਹੈ। ਜਿਥੇ ਮਹੂਆ ਅਤੇ ਤਾੜੀ ਸਰੂਰ ਨਹੀਂ ਸਗੋਂ ਬਦਲੇ ਦਾ ਰੂਪਕ ਬਣਦੇ ਹਨ। ਦੋ ਵਰ੍ਹਿਆਂ ਬਾਅਦ ਉਹ ਪਿੱਛੇ ਮੁੜ ਕੇ ਦੇਖਦਾ ਹੈ। ਆਪਣੀਆਂ ਪੁਰਾਣੀਆਂ ਡਾਇਰੀਆਂ ਅਤੇ ਖ਼ਬਰਾਂ ਫਰੋਲਦਾ ਹੈ। ਆਪਣੇ ਧੁਰ ਅੰਦਰ ਦਰਜ ਲਹੂ ਦੀਆਂ ਅਣਗਿਣਤ ਕਥਾਵਾਂ ਵਰਤਮਾਨ ਦੀਆਂ ਉਂਗਲਾਂ ਨਾਲ ਪਲਟਦਾ ਹੈ ਅਤੇ ਇਹ ਹਾਸਲ ਕਰਦਾ ਹੈ ਕਿ ਇਹ ਵਕਫ਼ਾ ਮੌਤ ਨੂੰ ਦੇਖਣ ਦੀ ਇਕ ਨਵੀਂ ਦ੍ਰਿਸ਼ਟੀ ਦਿੰਦਾ ਹੈ, ਪਿਛਲੀ ਨਜ਼ਰ ਅਤੇ ਦਰਜ ਹੋਏ ਸ਼ਬਦਾਂ ਦਾ ਇਸਲਾਹ ਵੀ ਕਰਦਾ ਹੈ। ਮੌਤ ਦੇ ਇਸਲਾਹ ਦੀ ਇਹ ਚੌਥੀ ਕਿਸ਼ਤ...।

## ਦੰਡਕਾਰਣ

*ਸੁਪਨਾ-5*

ਪਿਛਲੀ ਸਦੀ ਦਾ ਸਭ ਤੋਂ ਅਨੋਖਾ ਰੂਸੀ ਤੋਹਫ਼ਾ ਕੀ ਸੀ ? ਲਾਲ ਕ੍ਰਾਂਤੀ ? ਪਿਛਲੇ ਸੱਠਾਂ ਵਰ੍ਹਿਆਂ ਵਿਚ ਇਸ ਗ੍ਰਹਿ ’ਤੇ ਸਭ ਤੋਂ ਜ਼ਿਆਦਾ ਪ੍ਰਚਲਤ ਰੂਸੀ ਸ਼ਬਦ ਕਿਹੜਾ ਰਿਹਾ ? ਲੈਨਿਨ, ਸਟਾਲਿਨ, ਟ੍ਰਾਟਸਕੀ ਜਾਂ ਬਰੌਡਸਕੀ ? ਤਾਰਕੋਵਸਕੀ, ਟਾਲਸਟਾਏ ਜਾਂ ਦਾਸਤੋਵਸਕੀ ? ਗਰਬਾਚੋਵ, ਗਲਾਸਨੋਸਤ ? ਨਹੀਂ, ਕਲਾਸ਼ਿਨਕੋਵ ਉਰਫ਼ ਅਵਤੋਮਾਤ ਕਲਾਸ਼ਿਨਕੋਵ-47, ਸੰਤਾਲੀ ਨਹੀਂ ਫੌਰਟੀ ਸੈਵਨ।

ਇਹ ਬੰਦੂਕ ਬਹੁਤ ਕੰਮਬਖਤ, ਬਹੁਤ ਕਮੀਨੀ ਅਤੇ ਕਰਾਰੀ ਚੀਜ਼ ਹੋਈ ਹੈ। ਬਸਤਰ ਵਿਚ ਕਾਲੀ ਧਾਤੂ ਚਮਕਦੀ ਹੈ। ਸਕੂਲ ਦੇ ਐੱਨ.ਸੀ.ਸੀ. ਦੇ ਦਿਨੀਂ ਪੱਥਰ ਯੁਗੀ ਥ੍ਰੀ-ਨਟ-ਥ੍ਰੀ ਚਲਾਈ ਸੀ। ਆਰਮੀ ਦੇ ਸ਼ੂਟਿੰਗ ਗਰਾਊਂਡ ਵਿਚ ਨਿਸ਼ਾਨਾ ਲਾਉਣ ਦਾ ਅਭਿਆਸ ਕਰਨ ਜਾਂਦੇ ਸਾਂ। ਜ਼ਮੀਨ ’ਤੇ ਲੰਮੇ ਪੈ ਉਦੋਂ ਰਾਇਫਲ ਦਾ ਬੱਟ ਮੋਢੇ ’ਤੇ ਟਿਕਾ ਦੂਰ ਪੁਤਲੇ ਨੂੰ ਗੋਲੀ ਨਾਲ ਵਿੰਨ੍ਹਦੇ ਸਾਂ ਤਾਂ ਬਹੁਤ ਜ਼ਿਆਦਾ ਮਸਤੀ ਭਰਿਆ ਝਟਕਾ ਮੋਢੇ ਨੂੰ ਲੱਗਦਾ ਸੀ। ਗਣਤੰਤਰ ਦਿਨ ਦੀ ਪਰੇਡ ਦੌਰਾਨ ਉਸ ਰਾਇਫਲ ਦੇ ਬੱਟ ਦੀ ਧਮਕ ਅੱਜ ਵੀ ਚੇਤਿਆਂ ਨੂੰ ਝੰਜੋੜਦੀ ਹੈ। ਇਹ ਬੰਦੂਕ ਜਿਸ ਨੂੰ ਅਸੂਲ ਅਨੁਸਾਰ ਹੁਣ ਤਕ ਸੇਵਾ ਮੁਕਤ ਹੋ ਜਾਣਾ ਚਾਹੀਦਾ ਸੀ, ਅੱਜ ਵੀ ਉਤਰ ਪ੍ਰਦੇਸ਼ ਦੇ ਸਿਪਾਹੀਆਂ ਕੋਲ ਅਤੇ ਰੇਲਵੇ ਦੇ ਸੁਰੱਖਿਆ ਗਾਰਡ ਕੋਲ ਦਿਖ ਜਾਂਦੀ ਹੈ।

ਪਰ ਸੁਕਮਾ ਵਿਚ ਐੱਸ.ਐੱਲ.ਆਰ. ਅਰਥਾਤ ਸੈਲਫ ਲੋਡਿੰਗ ਰਾਇਫਲ ਅਤੇ ਮਾਨਵ ਇਤਿਹਾਸ ਦੀ ਸਭ ਤੋਂ ਵੱਧ ਨਸ਼ਿਆ ਦੇਣ ਵਾਲੀ ਮਾਰਕ ਹਮਲਾ ਬੰਦੂਕ ਏ.ਕੇ. 47 ਹੈ। ਭਾਰਤੀ ਆਜ਼ਾਦੀ ਦੇ ਵਰ੍ਹੇ ਦੌਰਾਨ ਕਿਸੇ ਰੂਸੀ ਕਾਰਖਾਨੇ ਦੀ ਕਾਢ ਅਤੇ ਇਜਾਦ ਹੋਏ ਇਸ ਹਥਿਆਰ ਦੇ ਹੁਣ ਤਕ ਲਗਭਗ ਗਿਆਰਾਂ ਕਰੋੜ ਚਿਹਰੇ ਸੂਰਜ ਦੇਖ ਚੁੱਕਿਆ ਹੈ। ਇਸ ਦੀ ਸਭ ਤੋਂ ਨਜ਼ਦੀਕੀ ਵਿਰੋਧੀ ਐੱਮ-16 ਸਿਰਫ਼ ਅੱਸੀ ਲੱਖ। ਇਕ ਬੰਦੂਕ ਦੀ ਕਮਾਨ ਆਪਣੇ ਚਾਲੀ ਪੰਜਾਹ ਵਰ੍ਹੇ ਦੀ ਜ਼ਿੰਦਗੀ ਵਿਚ ਦਸ ਬਾਰਾਂ ਇਨਸਾਨਾਂ ਨੇ ਹੀ ਚੁੱਕੀ ਹੋਵੇ ਤਾਂ ਲਗਭਗ ਸਵਾ ਸੌ ਕਰੋੜ ਭਾਰਤ ਦੀ ਆਬਾਦੀ ਜਿੰਨੇ ਹੋਂਠ ਇਸ ਨੂੰ ਚੁੰਮ ਚੁੱਕੇ ਹਨ।

ਇਸ ਦਾ ਜਿਸਮ, ਜ਼ੋਰ ਅਤੇ ਜ਼ਹਿਰ ਗਰਮ ਮੱਖਣ ਵਿਚ ਚਾਕੂ ਵਾਂਗ ਦੁਸ਼ਮਣ ਦੀ ਛਾਤੀ ਚੀਰਦਾ ਹੈ। ਖੁਰਸ਼ਚੋਵ ਦੀ ਸੈਨਾ ਨੇ 1956 ਦਾ ਹੰਗਰੀ ਵਿਦਰੋਹ ਇਸੇ ਬੰਦੂਕ ਨਾਲ ਕੁਚਲਿਆ ਸੀ। ਵੀਅਤਨਾਮ ਯੁੱਧ ਵਿਚ ਇਸ ਨੇ ਹੀ ਅਮਰੀਕੀ ਬੰਦੂਕ ਐੱਮ-14 ਨੂੰ ਤਬਾਹ ਕੀਤਾ ਸੀ।

ਅਮਰੀਕੀ ਸਿਪਾਹੀ ਆਪਣੇ ਹਥਿਆਰ ਸੁੱਟ, ਮਰੇ ਪਏ

ਵੀਅਤਨਾਮੀ ਸਿਪਾਹੀਆਂ ਦੀਆਂ ਏ.ਕੇ–47 ਚੁੱਕ ਲੈਂਦੇ ਸਨ। ਰੂਸ ਤੋਂ ਤੁਰਦਾ ਇਹ ਹਥਿਆਰ ਪੂਰੇ ਸੋਵੀਅਤ ਖੇਮੇ ਅਤੇ ਗੁੱਟ ਨਿਰਲੇਪ ਦੇਸਾਂ ਨੂੰ ਐਸਕਪੋਰਟ ਅਤੇ ਸਮਗਲਿੰਗ ਰਾਹੀਂ ਪਹੁੰਚਦਾ ਸੀ।

ਸੀਤ ਯੁੱਧ ਦੌਰਾਨ ਨਾਟੋ ਸੈਨਾ ਆਪਣੇ ਸਮੁੱਚੇ ਤਕਨੀਕੀ ਜ਼ੋਰ ਦੇ ਬਾਵਜੂਦ ਇਸ ਬੰਦੂਕ ਦਾ ਤੋੜ ਨਹੀਂ ਸੀ ਲੱਭ ਸਕੀ। ਪਿਛਲੇ ਸੱਠ ਸਾਲਾਂ ਦੌਰਾਨ ਦੁਨੀਆ ਭਰ ਦੇ ਹਥਿਆਰਬੰਦ ਵਿਦਰੋਹ ਇਸੇ ਦੀ ਗੋਲੀ ਦੀ ਨੋਕ ਦੁਆਰਾ ਹੀ ਲਿਖੇ ਗਏ। ਦੱਖਣੀ ਅਮਰੀਕਾ ਜਾਂ ਇਰਾਕ ਜਾਂ ਸੀਰੀਆ ਅਤੇ ਪੱਛਮੀ ਅਧਿਕਾਰ ਦੇ ਵਿਰੋਧ ਵਿਚ ਖੜ੍ਹੇ ਹਰ ਇਕ ਛਾਪਾ ਮਾਰ ਲੜਾਕੇ ਦਾ ਹਥਿਆਰ ਇਹੋ ਬੰਦੂਕ ਹੀ ਸੀ।

ਇਹ ਬਹੁਤ ਦਿਲਚਸਪ ਪਹਿਲੂ ਹੈ ਕਿ ਸੋਵੀਅਤ ਫ਼ੌਜ ਨੂੰ ਅੰਤ ਉਸੇ ਦੇ ਹਥਿਆਰ ਨੇ ਹੀ ਹਰਾਇਆ। ਸੋਵੀਅਤ ਕਿਲ੍ਹੇ ’ਤੇ ਪਹਿਲਾ ਅਤੇ ਫੈਸਲਾਕੁਨ ਵਾਰ ਇਸੇ ਬੰਦੂਕ ਨੇ ਹੀ ਕੀਤਾ। 1979 ਵਿਚ ਅਫਗਾਨ ਯੁੱਧ ਦੇ ਦੌਰਾਨ ਅਮਰੀਕਾ ਨੇ ਪੂਰੀ ਦੁਨੀਆਂ ਤੋਂ ਏ.ਕੇ–47 ਇਕੱਠੀ ਕਰ ਅਫ਼ਗਾਨੀਆਂ ਨੂੰ ਵੰਡਵਾਈ ਅਤੇ ਲਾਲ ਸੈਨਾ ਆਪਣੀ ਹੀ ਬਣਾਈ ਬੰਦੂਕ ਦਾ ਸਾਹਮਣਾ ਨਾ ਕਰ ਸਕੀ। ਦਸ ਸਾਲ ਬਾਅਦ ਜਦੋਂ ਸੋਵੀਅਤ ਟੈਂਕ ਅਫਗਾਨੀ ਪਹਾੜੀਆਂ ਤੋਂ ਵਾਪਸ ਪਰਤੇ ਤਾਂ ਥੱਕੇ ਹਾਰੇ ਸਿਪਾਹੀਆਂ ਦੀਆਂ ਬੰਦੂਕਾਂ ਦਾ ਜਖੀਰਾ ਅਫ਼ਗਾਨੀ ਲੜਾਕੇ ਖੋਹ ਚੁੱਕੇ ਸਨ।

ਕਈ ਸਾਲ ਬਾਅਦ ਅਮਰੀਕਾ ਨੂੰ ਵੀ ਇਸ ਬੰਦੂਕ ਦਾ ਸੁਆਦ ਅਫ਼ਗਾਨ ਯੁੱਧ ਵਿਚ ਦੇਖਣਾ ਪਿਆ। ਤਾਲਿਬਾਨੀ ਛੋਕਰੇ ਇਸੇ ਕਲਾਸ਼ੀਨਕੋਵ ਦਾ ਘੋੜਾ ਚੁੰਮਦੇ ਸਨ, ਇਸ ਦੀ ਨਾਲੀ ਨਾਲ ਜੁੜੇ ਗਰਨੇਡ ਲਾਂਚਰ ਦੀ ਗੁਲੇਲ ਬਣਾ, ਅਮਰੀਕੀ ਹੈਲੀਕਾਪਟਰ ਅਸਮਾਨੋਂ ਫੁੰਡ ਪਹਾੜੀਆਂ ਵਿਚ ਡੇਗ ਲੈਂਦੇ ਸਨ। ਅਜੇ ਤਕ ਇੰਨਾ ਮਾਰਕ ਅਤੇ ਭਰੋਸੇਮੰਦ ਹਥਿਆਰ ਨਹੀਂ ਬਣਿਆ। ਅਫ਼ਰੀਕੀ ਰੇਗਿਸਤਾਨ, ਸਾਇਬੇਰੀਆ ਦੀ ਬਰਫ਼ ਜਾਂ ਦਲਦਲ–ਚਿੱਕੜ ਵਿਚ ਦੱਬ ਦਿਓ, ਸਾਲ ਬਾਅਦ ਬਾਹਰ ਕੱਢੋ ਤਾਂ ਇਹ ਪਹਿਲਾਂ ਵਾਂਗ ਹੀ ਨਿਸ਼ਾਨੇ ਲਈ ਤਿਆਰ–ਬਰ–ਤਿਆਰ ਮਿਲੇਗਾ। ਪੂਰੇ ਦੇਸਾਂ ਦੀਆਂ ਫ਼ੌਜਾਂ ਇਸੇ ਦੇ ਹੀ ਮੂਲ ਰੂਪ ਨੂੰ ਲਾਇਸੰਸੀ ਜਾਂ ਬਿਨਾਂ ਲਾਇਸੰਸ ਢਾਲਦੀਆਂ ਨੇ। ਚੀਨੀ ਟਾਈਪ–56, ਇਜ਼ਰਾਇਲ ਦੀ ਗਲਿਲ ਜਾਂ ਭਾਰਤੀ ਇੰਸਾਸ—ਸਾਰੀਆਂ ਇਸੇ ਦੀਆਂ ਹੀ ਅੱਧੀ ਰਾਤ ਦੀਆਂ ਨਜਾਇਜ਼ ਸੰਤਾਨਾਂ ਹਨ।

ਸ਼ਾਇਦ ਇਕੋ ਇਕ ਇਹੋ ਬੰਦੂਕ ਹੈ ਜਿਸ ਬਾਰੇ ਪੱਤਰਕਾਰਾਂ ਅਤੇ ਸੈਨਾਪਤੀਆਂ ਨੇ ਕਿਤਾਬਾਂ ਲਿਖੀਆਂ ਹਨ। ‘ਦ ਵੈਪਨ ਦੈਟ ਚੇਂਜਡ ਦਾ ਫੇਸ ਆਫ਼ ਵਾਰ’, ‘ਦ ਗੰਨ ਦੈਟ ਚੇਂਜਡ ਦ ਵਰਲਡ’। ਸਮੁੱਚੇ ਮਨੁੱਖੀ–ਇਤਿਹਾਸ ਵਿਚ ਕਿਸੇ ਇਕੱਲੇ ਹਥਿਆਰ ਨੇ ਇੰਨੀਆਂ ਲਾਸ਼ਾਂ ਦੇ ਢੇਰ ਨਹੀਂ ਲਾਏ ਹੋਣੇ, ਜਿੰਨੇ ਇਸ ਬੰਦੂਕ ਨੇ ਲਾਏ ਹਨ। ਪਰਮਾਣੂ ਬੰਬ ਸੈਨਾਪਤੀਆਂ ਦੀ ਕੈਦ ’ਚ ਹੁੰਦਾ ਹੋਏਗਾ ਅਤੇ ਰਾਜਨੀਤਕ ਯੁੱਧਬੰਦੀ ਸੰਬੰਧੀ ਕਾਰਨ ਹੁੰਦੇ ਹੋਣਗੇ ਉਸਦੇ ਬਟਨ ਵਿਚ ਲੁਕੇ ਹੋਏ। ਪਰ ਅੰਗੂਠੇ ਨਾਲ ਦੀ ਉਂਗਲ ਦੀ ਛੋਹ ਨਾਲ ਬਹੁਤ ਜ਼ਿਆਦਾ ਕੰਬਦਾ ਇਹ ਹਥਿਆਰ ਕੋਈ ਮਰਿਆਦਾ ਨਹੀਂ ਜਾਣਦਾ। ਇਹ ਸੱਚਾ ਕਮਿਊਨਿਜ਼ਮੀ ਬੜੀ ਆਸਾਨੀ ਨਾਲ ਮਿਲਣ ਵਾਲਾ ਹੁਸੀਨ ਔਜ਼ਾਰ ਹੈ।

ਪੂਰੀ ਦੁਨੀਆ ਵਿਚ ਸਭ ਤੋਂ ਜ਼ਿਆਦਾ ਸਮਗਲ ਹੁੰਦੀ ਹੈ ਇਹ ਬੰਦੂਕ। ਕਈ ਥਾਈਂ ਮਸਲਨ ਮੰਗੋਲੀਆ ਵਿਚ ਛਟਾਂਕ ਭਰ ਡਾਲਰ ਦੇ ਕੇ ਤੁਸੀਂ ਇਸ ਨੂੰ ਮੋਢੇ ’ਤੇ ਟੰਗ ਸ਼ਿਕਾਰ ਲਈ ਨਿਕਲ ਸਕਦੇ ਹੋ। ਝੋਲੇ ਵਿਚ ਪਈ ਹੋਈ ਹਫ਼ਤੇ ਭਰ ਦੀ ਸਬਜ਼ੀ ਭਾਜੀ ਤੋਂ ਵੀ ਹਲਕੀ ਅਤੇ ਸਸਤੀ। ਇਕੋ ਇਕ ਬੰਦੂਕ ਜਿਹੜੀ ਕਿਸੇ ਦੇਸ ਦੇ ਰਾਸ਼ਟਰੀ ਝੰਡੇ ਉੱਤੇ ਦਰਜ ਹੈ। ਮੌਜਮਬੀਕ ਨੇ ਉਪਨਿਵੇਸ਼ ਰਾਜ ਦੇ ਵਿਰੁੱਧ ਹਥਿਆਰਬੰਦ ਸੰਘਰਸ਼ ਦੇ ਬਾਅਦ ਮਿਲੀ ਆਪਣੀ ਮੁਕਤੀ ਦੇ ਪ੍ਰਤੀਕ ਦੇ ਤੌਰ ’ਤੇ ਮੰਨ ਇਸ ਨੂੰ ਆਪਣੇ ਝੰਡੇ ਦੇ ਵਿਚਕਾਰ ਥਾਂ ਦਿੱਤੀ।

ਨਾਲੀ ਵਿਚੋਂ ਉਬਲਦੀ ਚਮਕਦੇ ਪਿੱਤਲ ਦੀ ਅੱਗ। ਇਕੋ ਝਟਕੇ ਨਾਲ ਹੱਥਾਂ ਵਿਚ ਪੀਲੀ ਧਾਤੂ ਦਾ ਜਾਲ ਬੁਣ ਦਏਗੀ। ਸੱਠ ਸੈਕਿੰਡ ਅਰਥਾਤ ਛੇ ਸੌ ਗੋਲੀਆਂ ਦੀ ਆਫ਼ਤਾਬ। ਪਿਛਲੀ ਗੋਲੀ ਦਾ ਧੂੰਆਂ ਅਗਲੀ ਨੂੰ ਖ਼ੁਦ ਹੀ ਚੈਂਬਰ ਵਿਚ ਖਟਾਕ ਦੇਣੇ ਅੜਾ ਦਏਗਾ। ਇਕ ਸੈਕਿੰਡ ਅਰਥਾਤ ਢਾਈ ਹਜ਼ਾਰ ਫੁਟ ਦੌੜ ਲਗਾਏਗੀ ਇਸ ਦੀ ਗੋਲੀ। ਹਥੇਲੀ ਦਾ ਝਟਕਾ ਅਤੇ ਦੂਸਰੀ ਰਸਦ ਪੇਟੀ ਉਰਫ ਮੈਗਜੀਨ ਲੋਡ। ਕੈਂਚੀ ਸਾਇਕਲ ਚਲਾਉਣ ਜਾਂ ਰੋਟੀ ਬੇਲਣ ਤੋਂ ਕਿਤੇ ਮਾਸੂਮ ਇਸ ਦਾ ਘੋੜਾ। ਸਾਇਕਲ ਲੜਖੜਾਏਗੀ, ਡੇਗ ਦਏਗੀ, ਗੋਡੇ ਛਿੱਲੇ ਜਾਣਗੇ, ਚਕਲੇ ’ਤੇ ਆਟੇ ਦਾ ਪੇੜਾ ਬੇਡੌਲ ਹੋਏਗਾ, ਅੱਗ ਅਤੇ ਆਟੇ ਦਾ ਮੇਲ ਬੈਠ ਨਹੀਂ ਸਕੇਗਾ ਪਰ ਇਹ ਚੀਤਾ ਬੇਫ਼ਿਕਰ ਮਾਰ ਕਰੇਗਾ ਅਤੇ ਕਰਦਾ ਰਹੇਗਾ। ਮੋਢੇ ਉੱਤੇ ਟੰਗਿਆ ਕਮਸਿਨ ਕਰਾਰਾ ਅਤੇ ਅੰਗੂਠੇ ਲਾਗਲੀ ਉਂਗਲ ’ਤੇ ਟਿਕਿਆ ਸੋਖ ਸ਼ਰਾਰਾ। ਥੋੜ੍ਹਾ ਜਿਹਾ ਹੇਠਾਂ ਰਸਦ ਪੇਟੀ ਦਾ ਬੇਮਿਸਾਲ ਹੁਸੀਨ ਕੋਣ। ਧਰਤੀ ’ਤੇ ਅਜਿਹੀ ਕੋਈ ਬੰਦੂਕ ਨਹੀਂ ਜਿਸ ਦੀਆਂ ਅੰਤੜੀਆਂ ਇਸ ਤਰ੍ਹਾਂ ਮੁੜਦੀਆਂ ਹੋਣ।

ਇਹ ਬਹੁਤ ਮੁਸ਼ਕਲ ਕਾਮਨਾ ਹੈ। ਇਸ ਦੇ ਸਾਹਮਣੇ ਮਨੁੱਖ ਜਾਤੀ ਨੂੰ ਪ੍ਰਾਪਤ ਸਭ ਸ਼ੌਕ ਜਾਂ ਆਦਤਾਂ ਬੇਢੰਗ ਅਤੇ ਬੇਬਸ। ਭਾਵੇਂ ਤੁਸੀਂ ਅਹਿੰਸਾ ਦੇ ਪੱਕੇ ਭਗਤ ਹੋਵੋ, ਪਰ ਇਸ ਹਥਿਆਰ ਦਾ ਸੰਗ ਕਰੋਗੇ ਤਾਂ ਇਹ ਤੁਹਾਨੂੰ ਆਪਣੇ ਆਪ ਉਕਸਾਏਗਾ, ਤੁਹਾਡੀ ਰੂਹ ਨੂੰ ਪਾਗਲ ਕਰ ਦਏਗਾ ਅਤੇ ਤੁਹਾਨੂੰ ਕਿਸੇ ਹੋਰ ਕੰਮ ਲਾਇਕ ਨਹੀਂ ਛੱਡੇਗਾ। ਨਵੇਂ ਬਣੇ ਸਿਪਾਹੀ ਦਾ ਪਹਿਲਾ ਸਪਨਾ, ਚਲਾਕ ਲੜਾਕੇ ਦੀ ਆਖ਼ਰੀ ਮਸ਼ੂਕਾ। ਨਕਸਲੀ ਗੁਰੀਲਾ ਲੜਾਕਾ ਜਦੋਂ ਇਹ ਦੱਸੇਗਾ ਕਿ ਕਿਉਂ ਉਸਦੇ ਮੋਢੇ ਤੋਂ ਇਹ ਹਥਿਆਰ ਨਹੀਂ ਉਤਰਦਾ ਤਾਂ ਉਸ ਦੀਆਂ ਅੱਖਾਂ ਦੀਆਂ ਪੁਤਲੀਆਂ ਚਮਕਣਗੀਆਂ।

ਕੀ ਇੰਨਾ ਨਸ਼ੀਲਾ ਹਥਿਆਰ ਕ੍ਰਾਂਤੀ ਦਾ ਸਾਰਥੀ ਹੋ ਸਕਦਾ ਹੈ ? ਲੜਾਕੇ ਦੱਸਦੇ ਹਨ ਕਿ ਕ੍ਰਾਂਤੀ ਸ਼ਾਸਤਰ ਨੂੰ ਵਿਚਾਰ ਹੀ ਨਹੀਂ, ਇਸ ਹਥਿਆਰ ਸੰਗ ਤਮੀਜ਼, ਈਮਾਨ ਅਤੇ ਜਜ਼ਬਾਤ ਦੀ ਵੀ ਜ਼ਰੂਰੀ ਲਗਾਮ ਅਸੰਭਵ ਹੈ। ਕੀ ਚੱਲਣ ਲਈ ਤਿਆਰ ਪੀਲਾ ਕਾਰਤੂਸ ਸੁਪਨਾ ਦੇਖ ਸਕਦਾ ਹੈ ? ਜਾਂ ਗੋਲੀ ਦੀ ਨੋਕ ਭਵਿੱਖ ਦਾ ਜਨਮ ਅੱਖਰ ਲਿਖ ਸਕਦੀ ਹੈ, ਉਹ ਜੋਤਿਸ਼, ਜਿਸ ਦੀ ਮਰਿਆਦਾ ’ਤੇ ਥੱਕਿਆ ਵਰਤਮਾਨ ਪਸਰ ਸਕੇ ਅਤੇ ਅਗਲੀਆਂ ਪੀੜ੍ਹੀਆਂ ਸੁਰੱਖਿਅਤ ਰਹਿ ਸਕਣ ?

ਸਿਰਫ਼ ਦੋ ਚੀਜ਼ਾਂ ਆਪਾਂ ਜਾਣਦੇ ਹਾਂ। ਪਹਿਲੀ, ਅਫ਼ਗਾਨੀਆਂ ਨੂੰ ਇਸ ਹਥਿਆਰ ਨਾਲ ਖੇਡਦੇ ਦੇਖ ਉਸ ਰੂਸੀ ਸਿਪਾਹੀ ਨੇ ਆਖਿਆ ਸੀ—ਜੇ ਮੈਨੂੰ ਪਤਾ ਹੁੰਦਾ ਕਿ ਮੇਰੀ ਕਾਢ ਦਾ ਇਹ ਹਸ਼ਰ ਹੋਏਗਾ ਤਾਂ ਮੈਂ ਘਾਹ ਕੱਟਣ ਦੀ ਮਸ਼ੀਨ ਈਜਾਦ ਕਰਨੀ ਸੀ।

ਦੂਜੀ—ਜਦੋਂ ਤੋਪ ਦਾ ਮੁਕਾਬਲਾ ਹੋਵੇ ਤਾਂ ਅਖ਼ਬਾਰ ਕੱਢੋ। ਕਿਉਂਕਿ ਮਿਖਾਇਲ ਹਿਸਟਰੀ ’ਚ ਕਲਾਸ਼ਿਨਕੋਵ ਬਚਪਨ ’ਚ ਕਵਿਤਾਵਾਂ ਲਿਖਦੇ ਸਨ ਅਤੇ ਫ਼ੌਜ ਵਿਚ ਭਰਤੀ ਹੋਣ ਦੇ ਬਾਵਜੂਦ ਕਵਿਤਾਵਾਂ ਲਿਖਦੇ ਰਹੇ ਸਨ।

ਕੀ ਇਤਿਹਾਸ ਦੇ ਸਭ ਤੋਂ ਖ਼ਤਰਨਾਕ ਹਥਿਆਰ ਦੀ ਰਚਨਾ ਵੀ ਕਿਸੇ ਅਸਫਲ ਰੂਸੀ ਕਵੀ ਨੇ ਹੀ ਕਰਨੀ ਸੀ ?

### *ਵਿਸਥਾਪਨ ਛੇ*

ਸੁਕਮਾ—ਅਠਾਈ ਅਪ੍ਰੈਲ ਦੋ ਹਜ਼ਾਰ ਬਾਰਾਂ।

ਅੱਜ ਅੱਠਵਾਂ ਦਿਨ ਹੈ। ਅਸੀਂ ਸਾਰੇ ਲਗਭਗ ਪਹਿਲੀ ਹੀ ਰਾਤ ਇਥੇ ਆ ਗਏ ਸਾਂ। ਕੋਈ ਰਾਏਪੁਰ ਤੋਂ, ਕੋਈ ਉੜੀਸਾ, ਆਂਧਰਾ ਪ੍ਰਦੇਸ਼ ਤੇ ਦਿੱਲੀ ਤੋਂ। ਅਸੀਂ ਲਗਭਗ ਪੰਜਾਹ ਰਿਪੋਰਟਰ ਅਤੇ ਕੈਮਰਾਮੈਨ ਹੋਵਾਂਗੇ। ਉਸ ਚੱਪੇ ਕੁ ਜਿੰਨੇ ਕਸਬੇ ਵਿਚ ਰੁਕਣ ਦਾ ਕੋਈ ਟਿਕਾਣਾ ਨਹੀਂ, ਅਸੀਂ ਸਾਰੇ ਪੀ.ਡਬਲਯੂ.ਡੀ. ਗੈਸਟ ਹਾਊਸ ਅਤੇ ਨਵੇਂ ਹੀ ਬਣੇ ਆਫ਼ੀਸਰਜ਼ ਕਲੱਬ ਵਿਚ ਰੁਕੇ ਹਾਂ। ਇਥੇ ਸਿਰਫ਼ ਇਕ ਦੋ ਢਾਬੇ ਅਤੇ ਇਕ ਰਾਜਸਥਾਨੀ ਭੋਜਨਾਲਿਆ ਹੈ। ਸਾਡੀ ਸਵੇਰ ਦੀ ਚਾਹ ਥਾਣੇ ’ਚ ਹੁੰਦੀ ਹੈ।

ਟੀ.ਵੀ. ਚੈਨਲਾਂ ਦੀਆਂ ਓ.ਪੀ. ਵੈਨਾਂ ਨੇ ਕਲਕਟਰ ਦੇ ਘਰ ਦੇ ਸਾਹਮਣੇ ਲੰਗਰ ਸੁੱਟ ਲਿਆ ਹੈ। ਹਰ ਦਸ ਮਿੰਟ ਵਿਚ ਮਾਇਕਧਾਰੀ ਰਿਪੋਰਟਰ ਬ੍ਰੇਕਿੰਗ ਨਿਊਜ਼ ਉਗਲਦੇ ਹਨ—ਕਲਕਟਰ ਨੂੰ ਆਂਧਰਾ ਦੀ ਸੀਮਾ ਦੇ ਲਾਗੇ ਦੇਖਿਆ ਗਿਆ ਹੈ। ਦੋ ਹਜ਼ਾਰ ਨਕਸਲੀਆਂ ਨੇ ਕਲਕਟਰ ਨੂੰ ਘੇਰਿਆ ਹੋਇਆ ਹੈ। ਸੂਹ ਲੈਣ ਵਾਲੇ ਜਹਾਜ਼ ਨੇ ਸੰਘਣੇ ਜੰਗਲਾਂ ਨੂੰ ਛਾਣ ਕਲਕਟਰ ਦੀ ਲੋਕੇਸ਼ਨ ਪਤਾ ਕਰ ਲਈ ਹੈ।

ਕੁਝ ਪੱਤਰਕਾਰ ਇਨ੍ਹਾਂ ਚੀਕਦੀਆਂ ਖ਼ਬਰਾਂ ’ਤੇ ਹੱਸਦੇ ਹਨ। ਸਾਨੂੰ ਆਪਣਾ ਫਰਜੀਵਾੜਾ ਬਹੁਤ ਚੰਗੀ ਤਰ੍ਹਾਂ ਪਤਾ ਹੈ।

ਇਸ ਜਨਵਰੀ ਵਿਚ ਦਾਂਤੇਵਾੜਾ ਨੂੰ ਕੱਟ ਕੇ ਬਣਾਇਆ ਗਿਆ ਸੁਕਮਾ ਦੇਸ਼ ਦੇ ਸਭ ਤੋਂ ਜ਼ਿਆਦਾ ਜੰਗਲੀ ਜ਼ਿਲ੍ਹਿਆਂ ਵਿਚੋਂ ਇਕ ਹੈ। ਇਸ ਦਾ ਕੋਂਟਾ ਤਹਿਸੀਲ ਵਾਲਾ ਹਿੱਸਾ ਸ਼ਾਇਦ ਸਭ ਤੋਂ ਜ਼ਿਆਦਾ ਦਰਖ਼ਤਾਂ ਵਾਲੀ ਇਕਾਈ ਹੈ। ਇੱਕੀ ਸੌ ਵਰਗ ਕਿਲੋਮੀਟਰ ਉੱਚਾ ਨੀਵਾਂ ਦੰਡਕਾਰਣ ਸਿਰਫ਼ ਕੋਂਟਾ ਵਿਚ। ਦਿੱਲੀ ਅਤੇ ਬੰਬਈ ਨੂੰ ਮਿਲਾ ਕੇ ਬਣੇ ਖੇਤਰਫਲ ਤੋਂ ਵੀ ਜ਼ਿਆਦਾ ਵੱਡਾ ਹੋਵੇਗਾ। ਨਕਸਲ-ਪੁਲਿਸ ਹਿੰਸਾ ਲਈ ਦਾਂਤੇਵਾੜਾ ਨੂੰ ਬਦਨਾਮ ਕੋਂਟਾ ਨੇ ਹੀ ਕੀਤਾ ਹੈ। ਇਸੇ ਕੋਂਟਾ ਵਿਚ ਤਾੜਮੇਟਲਾ ਹੋਇਆ। ਅਪ੍ਰੈਲ ਦੋ ਹਜ਼ਾਰ ਦਸ। ਸੁਤੰਤਰ ਭਾਰਤ ਦਾ ਸਭ ਤੋਂ ਖ਼ਤਰਨਾਕ ਨਕਸਲੀ ਹਮਲਾ, 76 ਸੈਨਿਕ। ਇਰਾਬੋਰ—ਤੇਤੀ ਮੌਤਾਂ। ਚਿੰਗਾਵਰਮ ’ਚ ਮੁਸਾਫ਼ਰ ਬੱਸ ਭਸਮ—ਲਗਭਗ ਤੀਹ ਜਾਨਾਂ ਗਈਆਂ। ਰਾਹਤ ਕੈਂਪ ’ਤੇ ਹਮਲਾ—ਦਰਜਨਾਂ ਔਰਤਾਂ, ਬੱਚੇ ਅੱਗ ਵਿਚ ਜਿਉਂਦੇ ਸੁਆਹ।

ਇਸੇ ਕੋਂਟਾ ਵਿਚ ਬਦਨਾਮ ਸਲਮਾ ਜੜੂਮ ਵਧਿਆ ਫੁੱਲਿਆ। ਦੋ ਹਜ਼ਾਰ ਛੇ। ਸੁਤੰਤਰ ਭਾਰਤ ਦਾ ਸ਼ਾਇਦ ਇਕੱਲਾ ਉਦਾਹਰਣ ਜਦੋਂ ਚੁਣੀ ਹੋਈ ਸਰਕਾਰ ਨੇ ਨਾਗਰਿਕਾਂ ਨੂੰ ਬੰਦੂਕ ਦੇ, ਉਨ੍ਹਾਂ ਨੂੰ ਨਕਸਲੀਆਂ ਦੇ ਵਿਰੁੱਧ ਲੜਾਈ ਵਿਚ ਝੋਕ ਦਿੱਤਾ। ਜੰਗਲ ਵਿਚ ਰਹਿੰਦੇ ਆਦਿਵਾਸੀਆਂ ਨੂੰ ਬੇਘਰੇ ਕਰ ਉਨ੍ਹਾਂ ਨੂੰ ਆਪਣੇ ਹੀ ਭਾਈਆਂ ਦਾ ਪੱਕੇ ਤੌਰ 'ਤੇ ਦੁਸ਼ਮਣ ਬਣਾ ਦਿੱਤਾ। ਪਿਛਲੇ ਦਸ ਸਾਲਾਂ ਵਿਚ ਪੂਰੇ ਦੇਸ਼ ਵਿਚ ਕਿਤੇ ਵੀ ਇੰਨੀਆਂ ਹੱਤਿਆਵਾਂ ਨਹੀਂ ਹੋਈਆਂ ਹੋਣਗੀਆਂ, ਜਿੰਨੀਆਂ ਉਸ ਇਲਾਕੇ ਵਿਚ ਹੋਈਆਂ ਸਨ। ਕਤਲ—ਰਾਜਧਾਨੀ ਕੋਂਟਾ।

ਆਂਧਰਾ ਪ੍ਰਦੇਸ਼ ਅਤੇ ਉੜੀਸਾ ਦੀ ਸਰਹੱਦ ਨਾਲ ਲਗਦੇ ਇਸ ਕੋਂਟਾ ਵਿਚ ਸੁਕਮਾ ਦੇ ਕਲਕਟਰ ਨੂੰ ਅਗਵਾ ਕੀਤਾ ਹੋਇਆ ਹੈ ਅਤੇ ਇਸੇ ਜੰਗਲ ਵਿਚ ਹੀ ਅਸੀਂ ਰਿਪੋਰਟਰ ਫਸੇ ਹੋਏ, ਜ਼ਿਲ੍ਹੇ ਦੇ ਮੁੱਖ ਦਫ਼ਤਰ ਵਿਚ ਟਿਕੇ ਹਾਂ। ਦੋ ਚਾਰ ਕਾਹਲੇ ਮੋਟਰ ਸਾਇਕਲ 'ਤੇ ਦੰਡਕਾਰਣ ਘੁੰਮਣ ਆਏ ਨੇ। ਮੈਂ ਦੋ ਰਾਤਾਂ ਅੰਦਰ ਵੀ ਗੁਜ਼ਾਰ ਆਇਆ ਹਾਂ। ਮੈਂ ਦੰਡਕਾਰਣ ਅੰਦਰਲੀਆਂ ਕਈ ਮਚਾਣਾਂ ਲੱਭ ਲਈਆਂ ਨੇ। ਕਲਕਟਰ ਦਾ ਥਹੁ-ਪਤਾ ਤਾਂ ਨਹੀਂ ਲੱਗਿਆ ਪਰ ਏ.ਕੇ-47 ਵਾਲੇ ਜਿਨ੍ਹਾਂ ਵਰਦੀਧਾਰੀਆਂ ਨੇ ਉਸ ਨੂੰ ਬੰਦੀ ਬਣਾਇਆ ਹੋਇਆ ਹੈ, ਉਨ੍ਹਾਂ ਨਾਲ ਮੇਰੀ ਮੁਲਾਕਾਤ ਹੋਈ ਹੈ। ਉਹ ਸਪਸ਼ਟ ਹਨ—ਕੀ ਸਾਡੇ ਕੋਲ ਕੋਈ ਹੋਰ ਬਦਲ ਸੀ ?

ਲਾਲਧਾਰੀਆਂ ਨੂੰ ਕੋਈ ਮਤਲਬ ਨਹੀਂ ਕਿ ਉਹ ਨੌਜੁਆਨ ਅਤੇ ਬਹੁਤ ਜ਼ਿਆਦਾ ਸੰਵੇਦਨਸ਼ੀਲ ਕਲਕਟਰ ਗਵੇਰਾ ਦਾ ਫੈਨ ਹੈ। ਮੋਟਰ ਸਾਇਕਲ ਡਾਇਰੀ ਉਸ ਦੀ ਬੁਕ ਸੈਲਫ ਵਿਚ ਚਮਕਦੀ ਹੈ। ਉਹ ਦਮੇ ਦਾ ਮਰੀਜ਼ ਵੀ ਹੈ। ਉਸਦੀ ਪਤਨੀ ਉਸਦੇ ਜਨਮ ਲੈਣ ਵਾਲੇ ਬੱਚੇ ਨਾਲ ਜਿਉ ਰਹੀ ਹੈ। ਜਿਹੜੇ ਰਿਪੋਰਟਰ ਅੰਦਰ ਜਾ ਆਏ ਹਨ, ਉਹ ਉਨ੍ਹਾਂ ਤੋਂ ਆਪਣੇ ਪਤੀ ਦੀ ਖੋਜ ਖ਼ਬਰ ਬਾਰੇ ਪੁੱਛਦੀ ਹੈ।

ਆਰੰਭਕ ਦਿਨੀਂ ਅਸੀਂ ਬਹੁਤ ਰੋਮਾਂਚਿਤ ਸੀ। ਸਾਡੇ ਵਿਚੋਂ ਜ਼ਿਆਦਾਤਰ ਲਈ ਬੰਦੀ ਬਣਾਉਣ ਵਾਲੀ ਉਹ ਪਹਿਲੀ ਰਿਪੋਰਟਿੰਗ ਸੀ। ਅਸੀਂ ਉਤੇਜਿਤ ਸੀ ਪਰ ਅੱਜ ਅੱਠਵਾਂ ਦਿਨ ਹੈ ਅਤੇ ਅਣਮਨੁੱਖੀ ਲਗਦੇ ਹੋਣ ਦਾ ਫ਼ਿਕਰ ਕੀਤੇ ਬਿਨਾਂ ਕਹੀਏ ਤਾਂ ਅਸੀਂ ਅੱਕਣ ਲੱਗੇ ਹਾਂ। ਕੁਝ ਵੀ ਤਾਂ ਨਹੀਂ ਵਾਪਰ ਰਿਹਾ। ਰਾਏਪੁਰ ਵਿਚ ਵਿਚੋਲਗੀ ਕਰਨ ਵਾਲਿਆਂ ਨਾਲ ਚੱਲ ਰਹੀ ਗੱਲਬਾਤ, ਜੰਗਲ ਵਿਚ ਕਲਕਟਰ ਲਈ ਭਿਜਵਾਈ ਗਈ ਦਵਾਈ, ਰਿਹਾਈ ਲਈ ਸੁਕਮਾ ਵਿਚ ਕੱਢੀ ਗਈ ਸ਼ਾਂਤੀ ਰੈਲੀ।

"ਰਿਹਾਈ ਨਹੀਂ ਹੁੰਦੀ ਤਾਂ ਨਾ ਸਹੀ, ਹੁਣ ਵਾਪਸ ਮੁੜ ਚੱਲਦੇ ਹਾਂ।" ਹੁਣ ਲਗਭਗ ਸਾਰੇ ਰਿਪੋਰਟਰ ਆਖਣ ਲੱਗ ਪਏ ਹਨ। ਕਈਆਂ ਦੀ ਤਾਂ ਸ਼ਿਫ਼ਟ ਵੀ ਬਦਲੀ ਜਾ ਚੁੱਕੀ ਹੈ, ਉਨ੍ਹਾਂ ਨੂੰ ਵਾਪਸ ਬੁਲਾ ਦੂਸਰਿਆਂ ਨੂੰ ਭੇਜ ਦਿੱਤਾ ਗਿਆ ਹੈ। ਸਰੀਰਕ ਥਕਾਵਟ ਨਹੀਂ ਇਹ ਮਾਨਸਿਕ ਕੈਦ ਹੈ।

ਇਹ ਰਿਪੋਰਟਿੰਗ ਦੀ ਤ੍ਰਾਸਦੀ ਹੈ। ਬੰਜਰ ਜ਼ਮੀਨ ਵਿਚ ਹਲ ਜੋੜਨਾ, ਹਰ ਰੋਜ਼ ਉਸੇ ਘਟਨਾ ਦਾ ਨਵੇਂ ਹਰਫ਼ਾਂ ਵਿਚ ਦੁਬਾਰਾ ਲਿਖਣਾ। ਇਕ ਲਗਭਗ ਮਰੀ ਹੋਈ ਖ਼ਬਰ 'ਚ ਇਸ ਆਸ ਨਾਲ ਸਾਹ ਚਾਲੂ ਕਰਨ ਲਈ ਯਤਨ ਕਰਨੇ ਕਿ ਸ਼ਾਇਦ ਸਾਹ ਚੱਲ ਪਵੇ ਅਤੇ ਉਹ ਪਲ ਝੱਟ ਫੜ ਲਿਆ ਜਾਏ। ਆਪਣੀ ਬਾਈਲਾਇਨ ਮੁਰਦੇ ਦੇ ਨਾਲ ਰੋਜ਼ ਸਵੇਰੇ ਦੇਖਣਾ—ਆਪਣੀ ਆਵਾਜ਼ ਦੀ ਨਾ ਸਹੇ ਜਾਣ ਵਾਲੀ ਘਟਦੀ ਕੀਮਤ ਅਤੇ ਅਪਮਾਨ ਹੈ।

ਕੀ ਅਸੀਂ ਵੀ ਬੰਦੀ ਬਣਾਏ ਜਾ ਚੁੱਕੇ ਹਾਂ ? ਇਕ ਮਰੀ ਹੋਈ ਟਾਹਣੀ ਜਿਹੜੀ ਵਕਤ ਨਾਲੋਂ ਕੱਟ ਸੁਕਮਾ ਦੇ ਅਸਮਾਨ ਵਿਚ ਲਟਕ ਗਈ ਹੈ।

"ਪਿਛਲੇ ਦਸ ਸਾਲਾਂ ਵਿਚ ਜਲੀਆਂ ਅਤੇ ਝੁਲਸੀਆਂ ਹੋਈਆਂ ਪੰਜ ਸੌ ਲਾਸ਼ਾਂ ਦੇਖ ਚੁੱਕਿਆ ਹਾਂ। ਕੱਟੇ ਹੋਏ ਹੱਥ, ਬੇਪਛਾਣ ਚਿਹਰੇ...ਤੁਸੀਂ ਨਵੇਂ ਲੋਕ ਹੋ। ਕਲਕਟਰ ਦਾ ਬੰਦੀ ਬਣਾਏ ਜਾਣਾ ਤੁਹਾਡੇ ਲਈ ਵੱਡੀ ਚੀਜ਼ ਹੈ। ਇਥੇ ਕਿੰਨੇ ਗਾਇਬ ਹੋਏ, ਕੋਈ ਹਿਸਾਬ ਨਹੀਂ...ਇਕ ਹੋਰ ਚਲਾ ਜਾਏਗਾ ਤਾਂ ਕੋਈ ਫ਼ਰਕ ਨਹੀਂ।" ਇਹ ਦਾਂਤੇਵਾੜਾ ਦਾ ਪੱਤਰਕਾਰ ਹੈ। ਉਮਰ ਜ਼ਿਆਦਾ ਨਹੀਂ, ਪੈਂਤੀ-ਸੈਂਤੀ ਦੇ ਨੇੜੇ-ਤੇੜੇ ਹੋਏਗਾ। "ਪਹਿਲਾਂ ਮੈਂ ਵੀ ਭੱਜ ਕੇ ਘਟਨਾ ਸਥਲ 'ਤੇ ਜਾਂਦਾ ਸੀ, ਹੁਣ ਘਰੇ ਬੈਠੇ ਫ਼ੋਨ 'ਤੇ ਖ਼ਬਰਾਂ ਮਿਲ ਜਾਂਦੀਆਂ ਨੇ ।" ਉਹ ਕਹਿੰਦਾ ਹੈ।

ਉਸਦੀ ਆਵਾਜ਼ ਦੀ ਠੰਢੀ ਉਦਾਸੀਨਤਾ ਡਰਾਉਂਦੀ ਹੈ। ਕੀ ਅਸੀਂ ਅਤੇ ਸਾਡਾ ਭਵਿੱਖ ਇਸ ਮੁਰਦਾ ਜੰਗਲ ਦੀ ਦਲਦਲ ਵਿਚ ਧਸਦਾ ਜਾ ਰਿਹਾ ਹੈ ? ਕੀ ਆਪਣੇ ਆਪ ਨੂੰ ਬਚਾਈ ਰੱਖਣ ਲਈ ਸਾਨੂੰ ਇਥੋਂ ਨਿਕਲ ਜਾਣਾ ਚਾਹੀਦਾ ਹੈ ਤਾਂ ਜੋ ਇਹ ਮੂਰਖਤਾ ਸਾਡੀਆਂ ਜੜ੍ਹਾਂ ਨਾ ਸੁਕਾ ਦੇਵੇ ?

ਕਿਸੇ ਕੋਲ ਕੋਈ ਜੁਆਬ ਨਹੀਂ। ਲਾਗੇ ਹੀ ਉੜੀਸਾ ਦਾ ਮਲਕਾਨਗਿਰੀ ਹੈ, ਜਿਥੇ ਪਿਛਲੇ ਸਾਲ ਕਲਕਟਰ ਨੂੰ

ਬੰਦੀ ਬਣਾਇਆ ਗਿਆ ਸੀ। ਮਾਓਵਾਦੀਆਂ ਨੇ ਉਸ ਨੂੰ ਨੌਵੇਂ ਦਿਨ ਛੱਡਿਆ ਸੀ। ਕੱਲ੍ਹ ਨੌਵਾਂ ਦਿਨ ਹੈ ਪਰ ਅਜੇ ਸੁਕਮਾ ਵਿਚ ਕੋਈ ਹਲਚਲ ਨਹੀਂ ਹੋ ਰਹੀ।

ਦੰਡਕਾਰਣ ਵਿਚ ਬਹੁਤ ਹੀ ਘੱਟ ਆਦਿਵਾਸੀ ਘਰ ਹੋਣਗੇ ਜਿਨ੍ਹਾਂ ਦੇ ਕਿਸੇ ਮੈਂਬਰ ਨੇ ਨਕਸਲ ਪੁਲਿਸ ਯੁੱਧ ਵਿਚ ਬਲੀ ਨਾ ਦਿੱਤੀ ਹੋਵੇ ਜਾਂ ਉਸ ਯੁੱਧ ਵਿਚ ਸ਼ਾਮਲ ਨਾ ਹੋਇਆ ਹੋਵੇ। ਇਹ ਅਸਲ ਯੁੱਧ ਹੈ। ਮਾਓਵਾਦੀਆਂ ਨੇ ਆਪਣੇ ਬਿਆਨ ਵਿਚ ਆਖਿਆ ਵੀ ਸੀ ਕਿ ਕਲਕਟਰ ਦੇ ਨਾਲ ਅੰਤਰਰਾਸ਼ਟਰੀ ਨਿਯਮਾਂ ਅਨੁਸਾਰ ਯੁੱਧਬੰਦੀ ਵਾਲਾ ਵਰਤਾਓ ਹੋਏਗਾ। ਪਰ ਉਨ੍ਹਾਂ ਨੇ ਇਹ ਨਹੀਂ ਦੱਸਿਆ ਕਿ ਪਤਾ ਨਹੀਂ ਕਿੰਨੇ ਆਦਿਵਾਸੀਆਂ ਨੂੰ ਉਹ ਬੰਦੀ ਬਣਾਉਣ ਤੋਂ ਪਹਿਲਾਂ ਜਾਂ ਬਾਅਦ ਵਿਚ ਮਾਰ ਦਿੰਦੇ ਹਨ। ਮਾਰਨ ਤੋਂ ਬਾਅਦ ਉਨ੍ਹਾਂ ਨੂੰ ਕੁਹਾੜੀ ਨਾਲ ਵੱਢ ਦਿੰਦੇ ਹਨ। ਫੇਰ ਵੀ ਸਰਕਾਰ ਇਸ ਨੂੰ ਯੁੱਧ ਨਹੀਂ ਸਿਰਫ਼ ਕਨਫਲਿਕਟ ਦੱਸਦੀ ਹੈ। ਹੁੰਦੇ ਹੋਣਗੇ ਉਨ੍ਹਾਂ ਦੇ ਰਾਜਨੀਤਕ ਪੈਮਾਨੇ।

ਇਸ ਜੰਗਲ ਵਿਚ ਸਾਡੇ ਵਿਚੋਂ ਵੀ ਕਈ ਕਲਕਟਰ ਦੇ ਬਹਾਨੇ ਆਪਣੀ ਰਿਹਾਈ ਦਾ ਇੰਤਜ਼ਾਰ ਕਰ ਰਹੇ ਹਨ। ਕੁਝ ਨਹੀਂ ਬਦਲੇਗਾ। ਅੱਜ ਰਾਤ ਜਿਹੜਾ ਅਸੀਂ ਏਥੇ ਆਖ ਤੇ ਸੋਚ ਰਹੇ ਹਾਂ, ਉਹ ਆਪਣੇ ਸ਼ਹਿਰ ਜਾ ਭੁੱਲ ਜਾਵਾਂਗੇ, ਸੁਕਮਾ ਦੀ ਗਰਮੀ, ਧੁੱਪ ਵਿਚ ਝੁਲਸੀ ਹੋਈ ਚਮੜੀ, ਬੇਇੰਤਹਾ ਪਿਆਸ ਅਤੇ ਭੁੱਖ, ਸੜਕਾਂ ’ਤੇ ਖੜ੍ਹੀਆਂ ਐਂਟੀ ਲੈਂਡ ਮਾਈਨ ਗੱਡੀਆਂ, ਗਰਨੇਡ ਲਾਂਚਰਧਾਰੀ ਸਿਪਾਹੀ। ਇਥੇ ਗੋਲੀਆਂ ਬਿਨਾਂ ਰੁਕੇ ਚਲਦੀਆਂ ਰਹਿੰਦੀਆਂ ਹਨ।

### *ਮੌਤ ਕਥਾ-ਤਿੰਨ*

ਇਕ ਸਭਿਅਤਾ ਸ਼ਾਇਦ ਮੁਰਦਿਆਂ ਦੇ ਨਾਲ ਆਪਣੇ ਸੰਬੰਧ ਦੇ ਸ਼ੀਸ਼ੇ ਵਿਚ ਦਿਖਾਈ ਦਿੰਦੀ ਹੈ। ਕੀ ਉਹ ਹਮੇਸ਼ਾ ਲਈ ਮਰ ਚੁੱਕੇ ਹਨ। ਕੀ ਉਹ ਕਦੇ ਕਦਾਈਂ ਜਾਂ ਅਕਸਰ ਮਿਲਣ ਆਉਂਦੇ ਰਹਿੰਦੇ ਹਨ। ਕੀ ਉਹ ਆਪਣੇ ਜਨਮ ਤੋਂ ਪਹਿਲੇ ਅਤੇ ਆਖ਼ਰੀ ਸਹਿਯਾਤਰੀ ਹਨ ਅਤੇ ਕਿਸੇ ਅਮਰ ਪ੍ਰੇਮ ਦੇ ਸਾਥੀ ਵਾਂਗ ਹਮੇਸ਼ਾ ਨਾਲ ਰਹਿੰਦੇ ਹਨ ?

ਦੋ ਹਜ਼ਾਰ ਚੌਦਾਂ ਗਰਮੀਆਂ ਦੀਆਂ ਉਹ ਰਾਤਾਂ ਜਦੋਂ ਮੈਂ ਬਨਾਰਸ ਵਿਚ ਚੋਣ ਰਿਪੋਰਟਿੰਗ ਦੇ ਬਾਅਦ ਦੇਰ ਰਾਤ ਤਕ ਗੰਗਾ ਦੇ ਘਾਟ ’ਤੇ ਭਟਕਦਾ ਰਹਿੰਦਾ ਸਾਂ। ਅਚਾਨਕ ਮੈਂ ਖ਼ੁਦ ਨੂੰ ਉਨ੍ਹਾਂ ਮਰੇ ਹੋਇਆਂ ਦੇ ਪਰਛਾਵਿਆਂ ਵਿਚ ਕੈਦ ਮਹਿਸੂਸ ਕੀਤਾ, ਜਿਨ੍ਹਾਂ ਬਾਰੇ ਮੈਂ ਖ਼ਬਰ ਨਵੀਸ ਦੇ ਤੌਰ ’ਤੇ ਲਿਖਦਾ ਆਇਆ ਸਾਂ। ਮੈਂ ਉਨ੍ਹਾਂ ਗਰਮੀਆਂ ਵਿਚ ਉਸ ਸਾਲ ਦੀਆਂ ਸਭ ਤੋਂ ਜ਼ੋਰਦਾਰ ਚੋਣਾਂ ਕਵਰ ਕਰਨ ਲਈ ਬਨਾਰਸ ਵਿਚ ਸਾਂ। ਪ੍ਰਧਾਨ ਮੰਤਰੀ ਦੀ ਕੁਰਸੀ ਦੇ ਦੋ ਦਾਅਵੇਦਾਰ ਆਪੋ-ਆਪਣੇ ਰਾਜਾਂ ਨੂੰ ਛੱਡ ਕੇ ਕਾਸ਼ੀ ਦੀ ਜ਼ਮੀਨ ’ਤੇ ਜੰਗ ਲੜਨ ਆ ਗਏ ਸਨ।

ਇਹ ਪਰਛਾਵੇਂ ਹਮੇਸ਼ਾ ਮੇਰਾ ਪਿੱਛਾ ਕਰਦੇ ਆਏ ਸਨ ਪਰ ਮੈਂ ਸ਼ਾਇਦ ਹੀ ਕਦੇ ਉਨ੍ਹਾਂ ਨਾਲ ਮੁਖ਼ਾਤਬ ਹੋਇਆ ਹੋਵਾਂਗਾ। ਸ਼ਾਇਦ ਇਸ ਭੈਅ ਕਾਰਨ ਉਨ੍ਹਾਂ ਨੂੰ ਹਮੇਸ਼ਾ ਨਕਾਰਦਾ ਹੀ ਆਇਆ ਸਾਂ ਕਿ ਜੇ ਉਨ੍ਹਾਂ ਨੂੰ ਭੋਰਾ ਭਰ ਵੀ ਥਾਂ ਮਿਲੀ ਤਾਂ ਉਹ ਮੇਰੀ ਪੱਤਰਕਾਰੀ ਜ਼ਿੰਦਗੀ ਬਾਰੇ ਸਵਾਲ ਕਰਨਗੇ, ਉਸ ਨੂੰ ਖਾਰਜ ਵੀ ਕਰ ਦੇਣਗੇ ਪਰ ਉਨ੍ਹਾਂ ਰਾਤਾਂ ਨੂੰ ਉਹ ਡਰਾਉਣੇ ਪਰਛਾਵੇਂ ਮਣੀਕਰਣਿਕਾ ਦੀਆਂ ਬੁਝੀਆਂ ਲਾਟਾਂ ਉੱਤੇ ਸਵਾਰ ਹੋ ਮੇਰੇ ਵੱਲ ਆ ਰਹੇ ਸਨ। ਮਣੀਕਰਣਿਕਾ ਦੀ ਲਾਟ ਕਦੇ ਬੁਝਦੀ ਨਹੀਂ ਸੀ। ਇਕ ਸਨਾਤਨ ਸ਼ਮਸ਼ਾਨ ਜਿਥੇ ਪੂਰਾ ਸ਼ਹਿਰ, ਮਰਨ ਵਾਲੇ ਦੇ ਭੋਜਨ ਦਾ ਉਤਸਵ ਮਨਾਉਂਦਾ ਸੀ ਪਰ ਫੇਰ ਵੀ ਉਸਦੇ ਜਲਣ ਲਈ ਲੱਕੜਾਂ ਅਤੇ ਪਾਥੀਆਂ ਹਮੇਸ਼ਾ ਘੱਟ ਰਹਿ ਜਾਂਦੀਆਂ ਸਨ। ਘਿਓ ਪਿਘਲ ਜਾਂਦਾ ਸੀ, ਪਾਥੀਆਂ ਬੁਝ ਜਾਂਦੀਆਂ ਸਨ ਪਰ ਅੱਧ-ਜਲਿਆ ਮੁਰਦਾ ਸ਼ਾਂਤ ਨਹੀਂ ਸੀ ਹੁੰਦਾ।

ਮੈਂ ਦਸ਼ਾਸ਼ਵਮੇਘ ਦੀ ਉਸ ਛੋਟੀ ਜਿਹੀ ਲੌਂਜ ਵਿਚ ਠਹਿਰਿਆ ਹੋਇਆ ਸਾਂ ਜਿਥੇ ਕਦੇ ਬਰ੍ਹਮਾ ਨੇ ਮੌਤ ਦੇਵਤਾ ਸ਼ਿਵ ਨੂੰ ਖ਼ੁਸ਼ ਕਰਨ ਲਈ ਦਸ ਘੋੜਿਆਂ ਦੀ ਬਲੀ ਦਿੱਤੀ ਸੀ। ਉਹ ਫਿਨਲੈਂਡ ਤੋਂ ਆਈ ਸੀ ਅਤੇ ਉਸੇ ਹੀ ਲਾਜ਼ ਵਿਚ ਠਹਿਰੀ ਹੋਈ ਸੀ। ਉਹ ਵੱਖ-ਵੱਖ ਸਭਿਆਚਾਰਾਂ ਵਿਚ ਮੌਤ ਦੇ ਅਰਥਾਂ ਬਾਰੇ ਇਕ ਡਾਕੂਮੈਂਟਰੀ ਬਣਾ ਰਹੀ ਸੀ।

“ਤੁਹਾਨੂੰ ਹਿੰਦੋਸਤਾਨੀਆਂ ਨੂੰ ਮੌਤ ਤੋਂ ਡਰ ਨ੍ਹੀਂ ਲੱਗਦਾ ? ਤੁਸੀਂ ਆਪਣੇ ਨਜ਼ਦੀਕੀਆਂ ਨੂੰ ਆਪਣੇ ਸਾਹਮਣੇ ਜਲਦਾ ਦੇਖਦੇ ਹੋ। ਮੌਤ ਦਾ ਉਤਸਵ ਮਨਾਉਂਦੇ ਹੋ। ਆਮ ਤੌਰ ’ਤੇ ਯੂਰਪ ਵਿਚ ਮੌਤ ‘ਓਲਡ ਏਜ਼ ਹੋਮ’ ਤਕ ਸਿਮਟੀ ਹੋਈ ਹੈ। ਲੋਕ ਉਸ ਤੋਂ ਮੂੰਹ ਲੁਕਾਉਂਦੇ ਨੇ, ਆਪਣੇ ਮੁਰਦੇ ਨੂੰ ਕਾਲੇ ਤਾਬੂਤ ਵਿਚ ਬੰਦ ਕਰਕੇ ਚੁੱਪਚਾਪ ਦੂਰ ਲੈ ਜਾ ਕੇ ਦਫ਼ਨਾ ਦਿੰਦੇ ਨੇ।” ਜੂਡਿਥ ਮੇਈ ਬੋਲੀ ਸੀ।

ਮਣੀਕਰਣਿਕਾ ਦੀ ਸੁਨਹਿਰੀ ਨੁਕੀਲੀ ਕਟਾਰ ਨੇ ਹਨੇਰੀ ਹਵਾ ਨੂੰ ਚੀਰਦੇ ਹੋਏ ਅਸਮਾਨ ਵਿਚ ਬਹੁਤ ਵੱਡੀ ਮੂਰਤੀ ਬਣਾਈ, ਲੱਗਿਆ ਇਹ ਪੀਲਾ ਸਰਾਰਾ ਗੰਗਾ ਨੂੰ ਡੀਕ ਜਾਵੇਗਾ।

ਮੈਂ ਆਪਣੇ ਮੋਇਆਂ ਨੂੰ ਕਿਵੇਂ ਆਪਣੀ ਕਾਇਆ ਅੰਦਰ ਸੰਭਾਲਦਾ ਹਾਂ ? ਮੇਰੀ ਰੂਹ ਦੇ ਕਿਸ ਖੋਲ ਵਿਚ ਉਨ੍ਹਾਂ ਨੇ ਆਪਣੀ ਪੱਕੀ ਥਾਂ ਬਣਾਈ ਹੋਈ ਹੈ ? ਕੀ ਕੋਈ ਮੈਨੂੰ ਦੇਖ ਕੇ ਦੱਸ ਸਕੇਗਾ ਕਿ ਕਿੰਨੇ ਮੁਰਦੇ ਮੇਰੇ ਸਾਹ-ਕਣਾਂ ਦੁਆਰਾ ਜੀਵਨ ਸਾਹ ਹਾਸਲ ਕਰਦੇ ਨੇ ?

* * *

ਡਾਕ ਟਿਕਟ ਜਾਂ ਪੁਰਾਣੇ ਸਿੱਕਿਆਂ ਦੇ ਕਿਸੇ ਸ਼ੌਕੀਨ ਵਾਂਗ ਤੂੰ ਪਿਛਲੇ ਤਿੰਨ ਸਾਲਾਂ ਵਿਚ ਕਿਸ ਕਿਸ ਦੇ ਮੁਰਦੇ ਇਕੱਠੇ ਕੀਤੇ ਹਨ। ਆਪਣੀ ਫਾਇਲ ਦੇ ਪੰਨਿਆਂ ਉੱਤੇ ਉਨ੍ਹਾਂ ਨੂੰ ਸੰਭਾਲ ਕੇ ਰੱਖਿਆ ਹੋਇਆ ਹੈ। ਤੈਨੂੰ ਅਕਸਰ ਉਹ ਨਾਵਲਕਾਰ ਯਾਦ ਆਉਂਦਾ ਹੈ ਜਿਹੜਾ ਤਿਤਲੀਆਂ ਦਾ ਸ਼ੌਦਾਈ ਸੀ, ਤਿਤਲੀਆਂ ਫੜਨ ਲਈ ਉਹ ਅਕਸਰ ਹੀ ਲੰਬੇ ਸਫ਼ਰਾਂ 'ਤੇ ਨਿਕਲ ਪੈਂਦਾ ਸੀ। ਅਣਗਿਣਤ ਰੰਗਾਂ ਤੇ ਆਕਾਰ ਦੀਆਂ ਤਿਤਲੀਆਂ ਉਸਦੇ ਰਚਨਾ ਸੰਸਾਰ ਨੂੰ ਭਰਪੂਰ ਅਤੇ ਮੁਕੰਮਲ ਕਰਦੀਆਂ ਸਨ। ਉਸਦਾ ਇਕ ਮਹਾਨ ਨਾਵਲ ਅਜਿਹੀ ਹੀ ਇਕ ਯਾਤਰਾ ਤੋਂ ਜਨਮਿਆ ਸੀ। ਤੈਨੂੰ ਅਕਸਰ ਲੱਗਦਾ ਹੈ ਕਿ You are diagnosed to be diseased with the deceased.

ਤੇਰੇ ਨਾਲ ਜੁਦਾ ਹੋਣ ਵਾਲੇ ਸਾਥੀ, ਗੁਪਤਚਰ, ਹਮਸਾਏ, ਉਹ ਜੇਹੜੇ ਤੇਰੇ ਜੀਵਨ ਦੇ ਮੀਲ ਪੱਥਰ ਅਤੇ ਦਿਸ਼ਾ-ਸੂਚਕ ਸੰਕੇਤ ਹਨ। ਦੰਡਕਾਰਣ ਨਾਲ ਤੂੰ ਹੁਣ ਤਕ ਲਗਭਗ ਦੋ ਸੌ ਮੌਤਾਂ ਤਾਂ ਦਰਜ ਕਰ ਚੁੱਕਿਆ ਹੀ ਹੋਵੇਂਗਾ। ਮਾਓਵਾਦੀ ਅਤੇ ਭਾਰਤੀ ਸੈਨਾ ਵਿਚਕਾਰ ਚੱਲ ਰਹੀ ਜੰਗ ਵਿਚ ਮਾਰੇ ਗਏ ਇਨਸਾਨ। ਬੱਚੀਆਂ, ਗਰਭਵਤੀ ਔਰਤਾਂ, ਖਾਖੀਧਾਰੀ, ਕ੍ਰਾਂਤੀਕਾਰੀ ਪ੍ਰੇਮੀ, ਟੰਗਾਂ ਦੇ ਵਿਚਕਾਰ ਲੱਗੀ ਗੋਲੀ ਨਾਲ ਖ਼ਤਮ ਹੋਈ ਲੜਕੀ—ਇਹ ਸਭ ਤੇਰੇ ਵਿਸ਼ੇ ਰਹੇ ਹਨ, ਜਿਹੜੇ ਖੋਜੀ ਪੱਤਰਕਾਰਾਂ ਲਈ ਮਿਲੀਆਂ ਟਰਾਫ਼ੀਆਂ ਉੱਤੇ ਉਕਰੇ ਹੋਏ ਹਨ। ਅਸਲ ਵਿਚ ਸਿਰਫ਼ ਤੂੰ ਹੀ ਜਾਣਦਾ ਹੈਂ ਕਿ ਤੂੰ ਉਨ੍ਹਾਂ ਦਾ ਵਿਸ਼ਾ ਹੈਂ। ਉਹ ਤੇਰੇ ਤੋਂ ਖ਼ੁਦ ਨੂੰ ਲਿਖਵਾਉਂਦੇ ਹਨ। ਉਹ ਲਿਖਵਾਉਣ ਵਾਲੇ ਹਨ ਤੇ ਤੂੰ ਉਨ੍ਹਾਂ ਦਾ ਨਾਇਕ ਏਂ।

ਤੂੰ ਉਨ੍ਹਾਂ ਦੀ ਸ਼ਰਧਾਂਜਲੀ ਲਿਖਦਾ ਏਂ, ਉਨ੍ਹਾਂ ਦੇ ਰਿਸ਼ਤੇਦਾਰ ਉਨ੍ਹਾਂ ਨੂੰ ਦਫ਼ਨਾ ਦਿੰਦੇ ਹਨ ਪਰ ਉਹ ਬੁਝਣੋਂ ਇਨਕਾਰ ਕਰ ਦਿੰਦੇ ਹਨ। ਸ਼ਾਇਦ ਇਕ ਦਿਨ ਕਿਸੇ ਅਣਜਾਣੇ ਪਰਦੇਸ ਵਿਚ ਉਹ ਡੈੱਥ ਰਿਪੋਰਟਰ ਨੂੰ ਮਿਲਣ ਆਉਣਗੇ। ਇਕ ਲੜਕਾ ਸਿਰ ਦੇ ਪਿਛਲੇ ਹਿੱਸੇ ਵਿਚ ਲੱਗੀ ਉਸ ਗੋਲੀ ਨੂੰ ਦਿਖਾਏਗਾ ਜਿਸ 'ਤੇ ਤੇਰਾ ਧਿਆਨ ਨਹੀਂ ਸੀ ਗਿਆ। ਇਕ ਭੂਆ ਭੱਜੀ ਆਏਗੀ ਕਿ ਤੂੰ ਇਹ ਤਾਂ ਲਿਖ ਦਿੱਤਾ ਕਿ ਉਸਦਾ ਪੰਦਰਾਂ ਵਰ੍ਹਿਆਂ ਦਾ ਭਤੀਜਾ ਨਕਸਲੀ ਨਹੀਂ ਸੀ। ਉਸਦੀ ਪੁਲਿਸ ਨੇ ਹੱਤਿਆ ਕਰ ਦਿੱਤੀ ਸੀ ਪਰ ਇਹ ਭੁੱਲ ਗਿਆ ਕਿ ਉਸਦੀ ਦੇਹ 'ਤੇ ਖੰਜਰ ਦੇ ਇਕ ਨਹੀਂ, ਦੋ ਨਿਸ਼ਾਨ ਵੀ ਸਨ।

ਤੂੰ ਉਦੋਂ ਘਿਰ ਚੁੱਕਿਆ ਹੋਵੇਂਗਾ ਤੇ ਬਚ ਕੇ ਭੱਜ ਜਾਣਾ ਚਾਹੇਂਗਾ ਪਰ ਉਹ ਉਸ ਜਰਮਨ ਲੇਖਕ ਦੇ ਬਾਰੇ 'ਚ ਯਾਦ ਦਿਵਾਉਂਦੇ ਹੋਏ ਤੇਰਾ ਗਲਾਵਾਂ ਫੜ ਤੈਨੂੰ ਆਪਣੇ ਵਿਚਕਾਰ ਘੜੀਸ ਲੈਣਗੇ, ਜਿਸ ਨੇ ਇਹ ਲਿਖਿਆ ਸੀ—"ਇਕ ਇਨਸਾਨ ਕਿਸੇ ਚੀਜ਼ ਵਿਚ ਉਸਤਾਦੀ ਨਹੀਂ ਪ੍ਰਾਪਤ ਕਰ ਸਕਦਾ ਜਦੋਂ ਤਕ ਉਸਨੇ ਉਸ ਵਿਚ ਨਾਮਰਦੀ ਦਾ ਅਨੁਭਵ ਨਾ ਕੀਤਾ ਹੋਵੇ—ਇਹ ਨਪੁੰਸਕਤਾ ਕਿਸੇ ਵਿਸ਼ੇ ਦੇ ਨਾ ਤਾਂ ਆਰੰਭ ਵਿਚ ਪਰਗਟ ਹੁੰਦੀ ਹੈ ਅਤੇ ਨਾ ਹੀ ਉਸ ਨਾਲ ਜੂਝਣ ਤੋਂ ਪਹਿਲਾਂ। ਅਸਲ 'ਚ ਉਹ ਉਸਦੇ ਵਿਚਕਾਰ ਦਿਲ 'ਚ ਰਹਿੰਦੀ ਹੈ।

ਤੀਹ ਜੂਨ ਦੋ ਹਜ਼ਾਰ ਬਾਰਾਂ ਦੀ ਦੁਪਹਿਰ ਬਸਤਰ ਦੇ ਵਿਚਕਾਰ ਇਕ ਦੂਰ ਦੁਰਾਡੇ ਪਿੰਡ ਸਾਰਕੇਗੁੜਾ। ਪੰਦਰਾਂ ਲਾਸ਼ਾਂ ਤੈਨੂੰ ਘੂਰ ਰਹੀਆਂ ਸਨ। ਫੁਲ ਕੇ ਸੜੀ ਹੋਈ, ਕਾਲੀ ਅਤੇ ਸਖ਼ਤ ਹੋ ਚੁੱਕੀ ਲਾਸ਼, ਜਿਹੜੀ ਕਿਸੇ ਤੂੜੀ ਭਰੇ ਹੋਏ ਜਾਨਵਰ ਦਾ ਅਹਿਸਾਸ ਕਰਾ ਰਹੀ ਸੀ। ਛੱਤੀ ਘੰਟੇ ਪਹਿਲਾਂ ਪੁਲਿਸ ਦੇ ਹਥਿਆਰਾਂ ਨੇ ਇਹ ਦਲੀਲ ਦਿੰਦੇ ਹੋਏ ਉਨ੍ਹਾਂ ਨੂੰ ਛੁਹਿਆ ਸੀ ਕਿ ਇਹ ਹਨੇਰੇ ਵਿਚ ਸ਼ਹਿ ਲਾ ਕੇ ਬੈਠੇ ਹੋਏ ਮਾਓਵਾਦੀ ਸਨ ਜਿਨ੍ਹਾਂ ਤੋਂ ਖਾਖੀਧਾਰੀਆਂ ਨੇ ਆਪਣੀ ਰੱਖਿਆ ਕਰਨੀ ਸੀ। ਪੁਲਿਸ ਅਨੁਸਾਰ ਛੱਤੀਸਗੜ੍ਹ ਦੀ ਉਹ ਸਭ ਤੋਂ ਵੱਡੀ ਮਾਓਵਾਦੀ ਮੁੱਠਭੇੜ ਸੀ।

ਤੂੰ ਉਨ੍ਹਾਂ ਨੂੰ ਜਲਾਏ ਜਾਣ ਤੋਂ ਪਹਿਲਾਂ ਉਨ੍ਹਾਂ ਦੇ ਪਿੰਡ ਪਹੁੰਚ ਗਿਆ ਸੀ। ਇਹ ਪਹਿਲਾ ਮੌਕਾ ਸੀ ਜਦੋਂ ਤੇਰੀ ਨਜ਼ਰ ਨੇ ਇਕ ਤੋਂ ਜ਼ਿਆਦਾ ਮੌਤਾਂ ਦਰਜ ਕੀਤੀਆਂ ਸਨ। ਕਈ ਮਰਨ ਵਾਲਿਆਂ ਦੇ ਪਿੰਡਿਆਂ ਉੱਤੇ ਖੰਜਰ ਦੇ ਸਾਫ਼ ਨਿਸ਼ਾਨ ਸਨ ਅਰਥਾਤ ਉਨ੍ਹਾਂ ਨੂੰ ਦੂਰੋਂ ਆਉਂਦੀਆਂ ਗੋਲੀਆਂ ਨਾਲ ਨਹੀਂ ਸਗੋਂ ਇਕਦਮ ਨੇੜਿਓਂ ਖੰਜਰਾਂ ਨਾਲ

ਪਰੁੰਨਿਆ ਗਿਆ ਸੀ। ਉਨ੍ਹਾਂ ਦੇ ਰਿਸ਼ਤੇਦਾਰ ਚੀਖ ਚੀਖ ਤੈਨੂੰ ਬੋਲਦੇ ਸਨ। ਆਪਣੇ ਮਰਨ ਵਾਲਿਆਂ ਦੇ ਉਪਰਲੇ ਕਫ਼ਨ ਨੂੰ ਚੁੱਕ ਕੇ ਇਕਦਮ ਨੰਗੀ ਦੇਹ ਦਿਖਾਉਂਦੇ ਸਨ ਕਿ ਤੂੰ ਸਬੂਤ ਦੇ ਤੌਰ 'ਤੇ ਉਹ ਤਸਵੀਰ ਲਵੇਂ ਕਿ ਉਨ੍ਹਾਂ ਨੂੰ ਗੋਲੀ ਨਾਲ ਨਹੀਂ ਮਾਰਿਆ ਗਿਆ ਸਗੋਂ ਆਖ਼ਰੀ ਸਾਹਾਂ ਤਕ ਬੇਰਹਿਮੀ ਨਾਲ ਤੜਫ਼ਾਇਆ ਗਿਆ ਸੀ। ਤੂੰ ਆਪਣੇ ਆਪ ਨੂੰ ਨੀਲੀਆਂ ਪੈ ਚੁੱਕੀਆਂ ਲਾਸ਼ਾਂ ਦੀਆਂ ਤਸਵੀਰਾਂ ਖਿੱਚਣ ਲਈ ਤਿਆਰ ਨਹੀਂ ਸੀ ਕਰ ਸਕਿਆ ਪਰ ਲਗਾਤਾਰ ਖ਼ਬਰ ਦਿੱਤੀ ਸੀ ਕਿ ਉਹ ਬੇਦੋਸ਼ੇ ਆਦਿਵਾਸੀ ਸਨ, ਉਸ ਸਮੇਂ ਦਾ ਕੇਂਦਰੀ ਗ੍ਰਹਿ ਮੰਤਰੀ ਜਿਸ ਨੂੰ ਬਦਨਾਮ ਨਕਸਲੀ ਦੱਸ ਰਿਹਾ ਸੀ, ਉਹ ਅਸਲ ਵਿਚ ਇਕ ਪੰਦਰਾਂ ਸਾਲ ਦਾ ਬੱਚਾ ਸੀ, ਜਿਹੜਾ ਥਾਣੇ ਦੇ ਲਾਗਲੇ ਹੋਸਟਲ ਵਿਚ ਰਹਿੰਦਾ ਸੀ।

ਸੀ.ਆਰ.ਪੀ.ਐੱਫ਼. ਨੇ ਸਬੂਤਾਂ ਦੀ ਘਾਟ ਕਾਰਨ ਤੇਰੀ ਖ਼ਬਰ ਨੂੰ ਝੂਠੀ ਆਖ ਦਿੱਤਾ ਸੀ। ਭਾਰਤੀ ਸਟੇਟ ਦਾਅਵਾ ਕਰਦੀ ਸੀ ਕਿ ਉਸਨੇ ਸਾਰੀਆਂ ਲਾਸ਼ਾਂ ਦਾ ਪੋਸਟ ਮਾਰਟਮ ਕਰ ਲਿਆ ਸੀ। ਉਸ ਪੋਸਟ ਮਾਰਟਮ ਦੀ ਵੀਡੀਓਗ੍ਰਾਫੀ ਵੀ ਹੋਈ ਜਿਸ ਵਿਚ ਕਿਸੇ ਵੀ ਦੇਹ ਉੱਤੇ ਖੰਜਰ ਦਾ ਕੋਈ ਨਿਸ਼ਾਨ ਨਹੀਂ ਸੀ। ਸਾਰੇ ਲੋਕ ਗੋਲੀ ਨਾਲ ਹੀ ਮਰੇ ਸਨ। ਤੂੰ ਤਿੰਨ ਦਿਨ ਦੇ ਅੰਦਰ ਉਸ ਪੋਸਟ ਮਾਰਟਮ ਦਾ ਵੀਡੀਓ ਪ੍ਰਾਪਤ ਕਰ ਲਿਆ ਸੀ। ਦੇਸ ਦੇ ਸਭ ਤੋਂ ਵੱਡੇ ਅਰਧ-ਸੈਨਿਕ ਬਲ ਦੇ ਸੈਨਾਪਤੀ ਨੇ ਸਾਫ਼ ਝੂਠ ਬੋਲਿਆ ਕਿਉਂਕਿ ਵੀਡੀਓ ਵਿਚ ਦਿਸਦੀ ਦੇਹ ਚਾਕੂ ਦੇ ਨਿਸ਼ਾਨਾਂ ਨਾਲ ਪੂਰੀ ਤਰ੍ਹਾਂ ਵਿੰਨੀ ਹੋਈ ਸੀ।

ਇਸ ਤੋਂ ਤੁਰੰਤ ਬਾਅਦ ਉਸ ਮਾਮਲੇ ਦੀ ਤਫ਼ਤੀਸ਼ ਲਈ ਹਾਈਕੋਰਟ ਦੇ ਸੇਵਾ-ਮੁਕਤ ਜੱਜ ਦੀ ਪ੍ਰਧਾਨਗੀ ਵਿਚ ਇਕ ਆਯੋਗ ਬਣਾਇਆ ਗਿਆ। ਦੋ ਸਾਲ ਬਾਅਦ, ਜੁਲਾਈ ਦੋ ਹਜ਼ਾਰ ਚੌਦਾਂ, ਤੂੰ ਉਸ ਆਯੋਗ ਦੇ ਸਾਹਮਣੇ ਆਪਣੇ ਹਲਫੀਆ ਬਿਆਨ ਵਿਚ ਤਸਵੀਰ ਨਾ ਲੈ ਸਕਣ ਦਾ ਕਾਰਨ ਦੱਸਿਆ ਸੀ—ਇੰਨੀਆਂ ਲਾਸ਼ਾਂ ਦੇਖ ਮੈਂ ਘਬਰਾ ਗਿਆ ਸਾਂ। ਮੈਨੂੰ ਇਹ ਅਣਮਨੁੱਖੀ ਲੱਗਿਆ ਕਿ ਮੈਂ ਉਨ੍ਹਾਂ ਮਰੇ ਬੱਚਿਆਂ ਦੀਆਂ (ਇਕ ਬਾਰਾਂ ਸਾਲ ਦੀ ਬੱਚੀ ਦੀ ਸੀ) ਨੰਗੀਆਂ ਤਸਵੀਰਾਂ ਆਪਣੇ ਕੈਮਰੇ ਅਤੇ ਲੈਪਟੌਪ ਵਿਚ ਕੈਦ ਕਰ ਸਿਰਫ਼ ਇਸ ਲਈ ਰੱਖ ਲਵਾਂ ਕਿ ਮੈਨੂੰ ਸਬੂਤ ਮਿਲ ਜਾਏਗਾ ਅਤੇ ਮੇਰੀ ਖ਼ਬਰ ਕਿਤੇ ਜ਼ਿਆਦਾ ਪ੍ਰਮਾਣਿਕ ਹੋ ਜਾਏਗੀ।

ਪੁਲਸ ਦਾ ਵਕੀਲ ਬੋਲਦਾ ਸੀ ਕਿ ਉਹ ਕਿਵੇਂ ਮੰਨਣ ਕਿ ਮੈਂ ਸੱਚਮੁੱਚ ਹੀ ਖੰਜਰ ਦੇ ਨਿਸ਼ਾਨ ਦੇਖੇ ਸਨ। ਤੁਸੀਂ ਨਾ ਯਕੀਨ ਕਰੋ, ਪਰ ਮੇਰੇ ਪਾਠਕ ਨੂੰ ਮੇਰੀ ਨਜ਼ਰ ਉੱਤੇ ਪੂਰਾ ਭਰੋਸਾ ਹੈ।

ਉਹ ਪਹਿਲਾ ਵਾਕਿਆ ਸੀ। ਉਸ ਤੋਂ ਬਾਅਦ ਆਖੇ ਜਾਣ ਵਾਲੀ ਕਥਿਤ ਮਾਨਸਿਕਤਾ ਦੇ ਅਖੌਤੀ ਪ੍ਰਸ਼ਨਾਂ ਨੇ ਤੈਨੂੰ ਕਦੇ ਨਹੀਂ ਛੂਹਿਆ। ਤੂੰ ਬਿਨਾਂ ਕਿਸੇ ਡਰ ਦੇ ਮੁਰਦਿਆਂ ਦੀਆਂ ਤਸਵੀਰਾਂ ਲਈਆਂ। ਤੂੰ ਡਿਸਗਰੇਸ ਨਾਵਲ ਦੇ ਨਾਇਕ ਵਾਂਗ ਹੁੰਦਾ ਗਿਆ ਸੀ ਜਿਹੜਾ ਪਹਿਲੀ ਵਾਰ ਮਾਸੂਮਾਂ ਨੂੰ ਮਾਰਨ ਵਿਚ ਸਹਾਇਤਾ ਕਰਦੇ ਸਮੇਂ ਝਿਜਕਦਾ ਸੀ ਪਰ ਹੌਲੀ ਹੌਲੀ ਉਹ ਮੌਤ ਦਾ ਆਦੀ ਹੁੰਦਾ ਜਾਂਦਾ ਹੈ। ਉਨ੍ਹਾਂ ਨੂੰ ਆਰਾਮ ਨਾਲ ਗੱਠੜੀ ਵਿਚ ਬੰਨ੍ਹ ਸਪੁਰਦੇ-ਖਾਕ ਕਰਨ ਲਈ ਲੈ ਜਾਂਦਾ ਹੈ।

* * *

ਦਿਨ ਭਰ ਦੀ ਰਿਪੋਰਟਿੰਗ ਤੋਂ ਬਾਅਦ ਸਿਗਰਾ ਚੌਕ ਤੇ ਇਕ ਹੋਟਲ 'ਚ ਰਾਤ ਦੇ ਖਾਣੇ ਲਈ ਬੈਠਾ ਹਾਂ। ਉਹ ਮੇਰੇ ਤੋਂ ਇਕ ਮੇਜ਼ ਦੂਰ ਹੈ ਪਰ ਕੁਝ ਦੇਰ ਬਾਅਦ ਬਿਨਾਂ ਕਿਸੇ ਝਿਜਕ ਦੇ ਮੇਰੇ ਸਾਹਮਣੇ ਆ ਬੈਠ ਜਾਂਦੀ ਹੈ। ਮੈਂ ਬਨਾਰਸ ਪਹਿਲੀ ਵਾਰ ਆਇਆ ਹਾਂ। ਜਿਹੜਾ ਅਕਸ ਇਸ ਸ਼ਹਿਰ ਬਾਰੇ ਮੇਰੇ ਅੰਦਰ ਹੈ (ਹੋ ਸਕਦਾ ਹੈ ਇਕਦਮ ਗ਼ਲਤ ਹੋਵੇ) ਉਸ ਅਨੁਸਾਰ ਮੈਂ ਕਲਪਨਾ ਹੀ ਨਹੀਂ ਕਰ ਸਕਦਾ ਕਿ ਕੋਈ ਲੜਕੀ ਰਾਤ ਪੌਣੇ ਦਸ ਵਜੇ ਖ਼ੁਦ ਕਿਸੇ ਅਣਜਾਣ ਲੜਕੇ ਦੇ ਸਾਹਮਣੇ ਆ ਬੈਠ ਜਾਏ। ਮੇਰਾ ਖਾਣਾ ਆ ਚੁੱਕਿਆ ਹੈ, ਉਸਨੇ ਕੁਝ ਪੈਕ ਕਰਾਉਣ ਦਾ ਆਰਡਰ ਕੀਤਾ ਹੈ ਅਰਥਾਤ ਉਥੇ ਸਿਰਫ਼ ਉਹ ਖਾਣਾ ਲੈਣ ਆਈ ਹੈ। ਮੈਂ ਉਸ ਨੂੰ ਸਮਝਣ ਵਿਚ ਅਸਮਰਥ ਹਾਂ, ਉਹ ਸ਼ਾਇਦ ਮੇਰੀ ਨਾਕਾਮੀ ਪੜ੍ਹ ਰਹੀ ਹੈ। ਹੌਲੀ ਜਿਹੇ ਆਖਦੀ ਹੈ—ਕੁਝ ਖ਼ਾਸ ਨਹੀਂ, ਬਸ ਉਂਝ ਹੀ। ਉਸਦਾ ਘਰ ਨਜ਼ਦੀਕ ਹੀ ਹੈ। ਉਹ ਘਰ 'ਚ ਇਕੱਲੀ ਹੈ। ਅਸਲ ਵਿਚ ਉਹ ਇਸ ਸ਼ਹਿਰ ਵਿਚ ਇਕੱਲੀ ਹੈ। ਉਸਦਾ ਅੱਜ ਖਾਣਾ ਬਣਾਉਣ ਨੂੰ ਮਨ ਨਹੀਂ ਕੀਤਾ। ਉਸਦਾ ਆਰਡਰ ਪੈਕ ਹੋ ਕੇ ਆ ਗਿਆ ਹੈ ਪਰ ਮੇਰਾ ਖਾਣਾ ਅਜੇ ਖਤਮ ਨਹੀਂ ਹੋਇਆ। ਮੇਜ਼ ਉੱਤੇ ਪਈ ਮੇਰੀ ਨੋਟਬੁੱਕ ਅਤੇ ਕੈਮਰੇ ਤੋਂ ਉਸ ਨੂੰ ਪਤਾ ਲੱਗ ਗਿਆ ਹੈ ਕਿ ਮੈਂ ਏਥੋਂ ਦਾ ਨਹੀਂ ਹਾਂ। ਉਹ ਚੰਡੀਗੜ੍ਹੋਂ ਹੈ ਅਤੇ ਗੋਧੌਲੀਆ 'ਚ ਕਿਸੇ ਬੈਂਕ ਵਿਚ ਕੰਮ ਕਰਦੀ ਹੈ। ਦੋ ਤਿੰਨ ਮਹੀਨੇ ਪਹਿਲਾਂ ਹੀ ਪੀ.ਓ. ਦਾ ਇਮਤਿਹਾਨ ਪਾਸ ਕਰਨ

ਤੋਂ ਬਾਅਦ ਉਥੇ ਉਸਦੀ ਪਹਿਲੀ ਨੌਕਰੀ ਲੱਗੀ ਹੈ। ਉਸਦਾ ਇਕ ਬੇਟਾ ਵੀ ਹੈ। ਉਹ ਆਪਣੇ ਨਾਨਾ ਨਾਨੀ ਕੋਲ ਚੰਡੀਗੜ੍ਹ ਰਹਿੰਦਾ ਹੈ। ਬੇਟੇ ਦਾ ਪਿਤਾ ਹਿਮਾਚਲ ਵਿਚ ਕਿਸੇ ਬੈਂਕ ਵਿਚ ਕੰਮ ਕਰਦਾ ਹੈ।

"ਕਿੰਨਾ ਵੱਡਾ ਏ ਤੁਹਾਡਾ ਬੇਟਾ ?"

"ਏਹ ਪੁੱਛੋ, ਕਿੰਨਾ ਛੋਟਾ ਏ।" ਉਹ ਪਹਿਲਾਂ ਹੱਸਦੀ ਹੈ ਫੇਰ ਆਪਣੇ ਅੰਦਰਲਾ ਦਰਦ ਲੁਕੋਏ ਬਿਨਾਂ ਆਖਦੀ ਹੈ, "ਸਿਰਫ਼ ਛੇ ਮਹੀਨੇ ਦਾ। ਏਥੇ ਰੱਖ ਨ੍ਹੀਂ ਸਕਦੀ। ਕੌਣ ਖ਼ਿਆਲ ਰੱਖੇਗਾ ?"

"ਤੁਸੀਂ ਪੱਤਰਕਾਰ ਓ...ਮੇਰੀ ਟ੍ਰਾਂਸਫਰ ਲਈ ਕਿਸੇ ਨੂੰ ਆਖ ਸਕਦੇ ਓ ? ਬੇਬੀ ਦੇ ਨਾਲ ਰਹਿਣ ਦੀ ਗਰਾਊਂਡ 'ਤੇ ਟ੍ਰਾਂਸਫਰ ਨਹੀਂ ਹੋ ਸਕਦੀ ?"

ਉਹ ਮੋਬਾਇਲ ਫੋਨ ਵਿਚੋਂ ਆਪਣੇ ਬੱਚੇ ਦੀ ਤਸਵੀਰ ਦਿਖਾਉਂਦੀ ਹੈ। ਉਸਦੇ ਹੱਸਣ ਅਤੇ ਰੋਣ ਦੀਆਂ ਆਵਾਜ਼ਾਂ ਵੀ ਸੁਣਾਉਂਦੀ ਹੈ। ਮੈਂ ਕਦੇ ਬੱਚੇ ਨੂੰ ਦੇਖਦਾ ਹਾਂ ਅਤੇ ਕਦੇ ਉਸ ਨੂੰ ਜੋ ਅਚਾਨਕ ਹੀ ਉਸ ਰਾਤ ਆਪਣਾ ਜੀਵਨ ਇਕ ਅਨਜਾਣ ਸ਼ਖ਼ਸ ਦੇ ਸਾਹਮਣੇ ਖੋਲ੍ਹੀ ਜਾ ਰਹੀ ਹੈ। ਲਗਭਗ ਸਵਾ ਦਸ ਵਜੇ ਅਸੀਂ ਬਾਹਰ ਨਿਕਲਦੇ ਹਾਂ। ਉਸ ਨੂੰ ਬਨਾਰਸ ਤੋਂ ਨਫ਼ਰਤ ਹੈ। ਧੂੜ ਅਤੇ ਗਰਮੀ ਤੋਂ ਬਿਨਾ ਉਸ ਨੂੰ ਕੁਝ ਦਿਖਾਈ ਨਹੀਂ ਦਿੰਦਾ। ਦਸ਼ਾਸਵਮੇਘ ਉਹ ਕਦੇ ਨਹੀਂ ਗਈ। ਅਸੀਂ ਰਿਕਸ਼ੇ ਰਾਹੀਂ ਦਸ਼ਾਸਵਮੇਘ ਪਹੁੰਚਦੇ ਹਾਂ। ਕਿਸ਼ਤੀ ਲੰਗਰ ਸੁੱਟ ਗੰਗਾ ਵਿਚ ਠਹਿਰੀ ਹੋਈ ਹੈ। ਚੋਣਾਂ ਦਾ ਮਾਹੌਲ ਹੈ, ਅਣਗਿਣਤ ਪੁਲਿਸ ਵਾਲੇ ਗਸ਼ਤ 'ਤੇ ਹਨ। ਕੁਝ ਲੋਕ ਪੌੜੀਆਂ ਉੱਤੇ ਸੁੱਤੇ ਪਏ ਹਨ, ਉਨ੍ਹਾਂ ਨੂੰ ਦੇਖ ਕਦੇ ਮੈਨੂੰ ਲੱਗਦਾ ਹੈ ਜਿਵੇਂ ਉਹ ਗੰਗਾ ਯਾਤਰੂ ਹੋਣ। ਕਦੇ ਖ਼ਿਆਲ ਆਉਂਦਾ ਹੈ ਕਿ ਸ਼ਾਇਦ ਉਹ ਕਾਸ਼ੀ ਦੇ ਹੀ ਰਹਿਣ ਵਾਲੇ ਹੋਣ ਅਤੇ ਰਾਤੀਂ ਗੰਗਾ ਕਿਨਾਰੇ ਸੌਣ ਲਈ ਆ ਗਏ ਹੋਣ। ਮੈਂ ਇਹ ਵੀ ਮਹਿਸੂਸ ਕਰਦਾ ਹਾਂ ਕਿ ਮੈਂ ਹਰ ਵਾਰ ਇਸ ਨਦੀ ਨੂੰ ਉਸਦੇ ਅਸਲੀ ਨਾਂ ਨਾਲ ਬੁਲਾਉਣਾ ਅਤੇ ਲਿਖਣਾ ਚਾਹੁੰਦਾ ਹਾਂ। ਇਕ ਫਿਕਰੇ ਵਿਚ ਜੇ ਦਸ ਵਾਰ ਵੀ ਆਏਗੀ ਤਾਂ ਵੀ ਸ਼ਾਇਦ ਗੰਗਾ ਹੀ ਲਿਖਾਂਗਾ ਪਰ ਕਿਸੇ ਹੋਰ ਨਾਂ ਦਾ ਉਪਯੋਗ ਨਹੀਂ ਕਰੂੰਗਾ।

ਅਸੀਂ ਘੁੰਮਦੇ ਰਹਿੰਦੇ ਹਾਂ। ਉਸਦੇ ਸਹੁਰੇ ਲਖਨਊ ਹਨ ਪਰ ਬੱਚਾ ਆਪਣੇ ਨਾਨਕੇ ਹੈ। ਦਾਦੇ-ਦਾਦੀ ਕੋਲ ਰਹੇਗਾ ਤਾਂ ਵਿਗੜ ਜਾਏਗਾ। ਬਹੁਤ ਬੈਕਵਰਡ ਲੱਗਦੇ ਨੇ। ਲਵ ਮੈਰਿਜ ਸੀ। ਅਜੇ ਤਿੰਨ ਸਾਲ ਹੀ ਬੀਤੇ ਨੇ ਪਰ ਉਸ ਨੂੰ ਅਕੇਵਾਂ ਹੋਣ ਲੱਗਿਆ ਹੈ। "ਮੈਥੋਂ ਝੂਠ ਬੋਲਿਆ ਗਿਆ ਸੀ," ਉਹ ਦੱਸਦੀ ਹੈ। ਰਾਤ ਵੇਲੇ ਖਿੜਦੀ ਗੰਗਾ ਨੂੰ ਦੇਖ ਉਹ ਹੈਰਾਨ ਹੁੰਦੀ ਹੈ। ਉਸ ਨੂੰ ਨਹੀਂ ਸੀ ਪਤਾ ਕਿ ਬਨਾਰਸ ਵਿਚ ਅਜਿਹਾ ਘਾਟ ਵੀ ਹੋਏਗਾ ਜਿਥੇ ਲੜਕੇ ਉਸ ਸਮੇਂ ਵੀ ਕ੍ਰਿਕਟ ਖੇਡ ਰਹੇ ਹੋਣਗੇ। ਲਗਭਗ ਪੌਣੇ ਬਾਰਾਂ ਵਜੇ ਅਸੀਂ ਰਿਕਸ਼ੇ 'ਤੇ ਵਾਪਸ ਮੁੜ ਪੈਂਦੇ ਹਾਂ। ਮੈਂ ਉਸ ਨੂੰ ਸਿਗਰਾ ਛੱਡਦਾ ਹਾਂ ਅਤੇ ਆਪ ਅੱਸੀ ਤੇ ਆਪਣੀ ਲੌਂਜ ਵੱਲ ਮੁੜ ਜਾਂਦਾ ਹਾਂ। ਅੱਜ ਸੱਤ ਮਈ ਹੈ ਤੇ ਦਿਨ ਬੁੱਧਵਾਰ। ਕੱਲ੍ਹ ਅਤੇ ਪਰਸੋਂ ਏਥੇ ਵੱਡੀ ਚੋਣ ਰੈਲੀ ਹੈ। ਮੈਂ ਬਹੁਤ ਬੁਰੀ ਤਰ੍ਹਾਂ ਰੁੱਝਿਆਂ ਰਹਾਂਗਾ। ਦਸ ਨੂੰ ਸੈਕਿੰਡ ਸੈਟਰਡੇ, ਉਸਦੀ ਛੁੱਟੀ ਹੈ। ਉਹ ਦਸ ਦੀ ਸਵੇਰ ਚੰਡੀਗੜ੍ਹ ਨਿਕਲ ਜਾਏਗੀ। ਗਿਆਰਾਂ ਐਤਵਾਰ ਅਤੇ ਬਾਰਾਂ ਨੂੰ ਚੋਣ ਦੀ ਛੁੱਟੀ। ਪੂਰਾ ਹਫ਼ਤਾ ਗੁਜ਼ਾਰ ਕੇ ਆਏਗੀ ਉਹ। ਉਦੋਂ ਤਕ ਮੈਂ ਇਥੋਂ ਜਾ ਚੁੱਕਾ ਹੋਵਾਂਗਾ।

* * *

ਬਨਾਰਸ ਵਿਚ ਮੈਨੂੰ ਅਕਸਰ ਇਕ ਦੁਕਾਨ ਦਿਖਾਈ ਦਿੰਦੀ ਸੀ—'ਮੁਰਦਿਆਂ ਨੂੰ ਜਲਾਉਣ ਦਾ ਸਮਾਨ ਏਥੇ ਮਿਲਦਾ ਹੈ।' ਪਾਥੀਆਂ, ਲੱਕੜਾਂ, ਗਾਂ ਦਾ ਘਿਉ। ਮੈਨੂੰ ਹਮੇਸ਼ਾ ਸ਼ੱਕ ਹੁੰਦਾ ਸੀ ਕਿ ਉਹ ਗਾਂ ਦਾ ਨਹੀਂ ਹੁੰਦਾ ਹੋਏਗਾ, ਉਸ ਵਿਚ ਮਿਲਾਵਟ ਜ਼ਰੂਰ ਹੁੰਦੀ ਹੋਏਗੀ। ਮੁਰਦਿਆਂ ਕੋਲ ਪਛਾਣਨ ਦਾ ਕੋਈ ਸਾਧਨ ਨਹੀਂ ਕਿ ਘਿਉ ਅਸਲੀ ਹੈ ਜਾਂ ਨਹੀਂ। ਜੇ ਉਹ ਪਰਖ ਵੀ ਲੈਣ ਤਾਂ ਸ਼ਾਇਦ ਕਿਸੇ ਨੂੰ ਦੱਸ ਨਹੀਂ ਸਕਣਗੇ। ਅਜਿਹਾ ਤਾਂ ਸ਼ਾਇਦ ਨਹੀਂ ਹੁੰਦਾ ਹੋਏਗਾ ਕਿ ਕੋਈ ਆਪਣੇ ਮਾਤਾ ਪਿਤਾ ਦੀ ਦੇਹ ਉੱਤੇ ਪਾਉਣ ਤੋਂ ਪਹਿਲਾਂ ਉਸ ਨੂੰ ਚੱਖ ਕੇ ਦੇਖੇ ਕਿ ਸ਼ੁੱਧ ਗਾਂ ਦਾ ਹੀ ਹੈ ਜਾਂ ਨਹੀਂ। ਸ਼ਾਇਦ ਕੋਈ ਸੱਚਾ ਪਿਤਾ ਭਗਤ ਅਜਿਹਾ ਕਰਦਾ ਵੀ ਹੋਏਗਾ।

ਮੇਰੀ ਅਕਸਰ ਹੀ ਇਹ ਇੱਛਾ ਹੁੰਦੀ ਸੀ ਕਿ ਮੈਂ ਦੁਕਾਨਦਾਰ ਨੂੰ ਪੁੱਛਾਂ ਕਿ ਉਸਦੇ ਗਾਹਕ ਸਮਾਨ ਕਿਵੇਂ ਮੰਗਦੇ ਹਨ। ਕੀ ਕੋਈ ਪੈਮਾਨਾ ਨਿਸ਼ਚਿਤ ਹੈ ? ਉਦਾਹਰਣ ਲਈ ਇਕ ਮੁਰਦੇ ਲਈ ਪੰਦਰਾਂ ਕਿੱਲੋ ਲੱਕੜਾਂ, ਚਾਰ ਕਿੱਲੋ ਘਿਉ, ਪੰਜ ਕਿੱਲੋ ਪਾਥੀਆਂ ਜਾਂ ਇਹ ਮੁਰਦੇ ਦੇ ਕੱਦਕਾਠ ਅਨੁਸਾਰ ਬਦਲਦਾ ਰਹਿੰਦਾ ਹੈ। ਹੋ ਸਕਦਾ ਹੈ ਜੇ ਕੋਈ ਬੰਦਾ ਬਹੁਤ ਮੋਟਾ ਹੋਵੇ ਤਾਂ ਉਸਦੇ ਰਿਸ਼ਤੇਦਾਰ ਪੱਚੀ ਜਾਂ ਤੀਹ ਕਿੱਲੋ ਲੱਕੜਾਂ ਮੰਗਦੇ ਹੋਣ। ਕਿਵੇਂ ਮੰਗਦੇ ਹੋਣਗੇ ?

ਚਾਲੀ ਕਿੱਲੋ ਲੱਕੜਾਂ ਕਹਿੰਦੇ ਹੋਏ ਉਨ੍ਹਾਂ ਦੇ ਚਿਹਰੇ ਉੱਤੇ ਥੋੜ੍ਹੀ ਜਿਹੀ ਸ਼ਰਮਿੰਦਗੀ ਵੀ ਆ ਜਾਂਦੀ ਹੋਏਗੀ ਕਿ ਉਨ੍ਹਾਂ ਦਾ ਬੰਦਾ ਇੰਨਾ ਖਾਂਦਾ-ਪੀਂਦਾ ਸੀ। ਬਹੁਤ ਹੀ ਮਰੀਅਲ ਔਰਤ ਦਾ ਪੰਜ-ਛੇ ਕਿੱਲੋ ਲੱਕੜਾਂ ਨਾਲ ਹੀ ਸਰ ਜਾਂਦਾ ਹੋਏਗਾ। ਉਸਦੇ ਰਿਸ਼ਤੇਦਾਰਾਂ ਨੂੰ ਸ਼ਾਇਦ ਮੰਗਣ ਤੇ ਜ਼ਿਆਦਾ ਹੀਣ-ਭਾਵਨਾ ਹੁੰਦੀ ਹੋਏਗੀ। ਦੁਕਾਨਦਾਰ ਵੀ ਘੂਰ ਕੇ ਸ਼ੱਕ ਦੀ ਨਿਗਾਹ ਨਾਲ ਦੇਖਦਾ ਹੋਏਗਾ ਕਿ ਇੰਨੇ ਬੇਦਰਦ ਲੋਕ ਨੇ ਜਿਨ੍ਹਾਂ ਨੇ ਆਪਣੀ ਬੁੱਢੀ ਮਾਂ ਨੂੰ ਭੁੱਖੇ ਮਰਨ ਲਈ ਛੱਡ ਦਿੱਤਾ ਹੋਏਗਾ।

ਭਾਵੇਂ ਇਕ ਹੀ ਨਦੀ ਦੇ ਦੋਵੇਂ ਕਿਨਾਰੇ ਸਿਰਫ਼ ਕੁਝ ਕੁ ਸੌ ਕਦਮਾਂ ਦੇ ਫ਼ਾਸਲੇ ’ਤੇ ਹਨ। ਪਰ ਅੱਸੀ ਅਤੇ ਦਸ਼ਾਸ਼ਵਮੇਘ ਵਿਚ ਇਕ ਬੁਨਿਆਦੀ ਫ਼ਰਕ ਹੈ। ਦਸ਼ਾਸ਼ਵਮੇਘ ਦੀ ਹਵਾ ਵਿਚ ਇਕ ਅਜੀਬ ਜਿਹੀ ਬੇਸਮਝੀ ਹੈ ਪਰ ਫੇਰ ਵੀ ਉਸ ਅੰਦਰ ਇਕ ਅਜਿਹੀ ਸਾਂਝ ਰਚੀ ਹੋਈ ਹੈ ਜਿਹੜੀ ਮੇਰੀ ਬਹੁਤ ਆਪਣੀ ਹੈ ਪਰ ਜਿਸ ਨੂੰ ਮੈਂ ਸਾਇਦ ਕਦੇ ਵੀ ਅਪਣਾਉਣ ਦੀ ਹਿੰਮਤ ਨਹੀਂ ਕਰ ਸਕਾਂਗਾ। ਕੀ ਇਹ ਮੈਨੂੰ ਨਹੀਂ ਪਤਾ ਕਿ ਇਨ੍ਹਾਂ ਪੌੜੀਆਂ ਵਿਚ ਕੁਝ ਅਜਿਹਾ ਹੈ ਜਿਹੜਾ ਮੈਨੂੰ ਆਪਣੇਪਣ ਦਾ ਅਹਿਸਾਸ ਕਰਾਉਂਦਾ ਹੈ। ਮੈਂ ਦੋਵੇਂ ਹੀ ਥਾਵਾਂ ਅੱਸੀ ਅਤੇ ਦਸ਼ਾਸ਼ਵਮੇਘ ਦੀ ਲੌਂਜ ਵਿਚ ਠਹਿਰਿਆ ਹੋਇਆ ਹਾਂ। ਦਸ਼ਾਸ਼ਵਮੇਘ ਤੋਂ ਅੱਸੀ ਵੱਲ ਆਉਣ ’ਤੇ ਹਵਾ ਜਿਵੇਂ ਪਰਾਈ ਜਿਹੀ ਹੋਣ ਲੱਗਦੀ ਹੈ। ਉਸਦੇ ਆਪਣੇ ਪਣ ਦੇ ਤੁਪਕੇ ਡਿੱਗਣ ਲੱਗਦੇ ਨੇ ਅਤੇ ਅੰਤ ’ਚ ਬਸ ਓਨਾ ਕੁ ਹੀ ਆਪਣਾਪਣ ਬਚਿਆ ਰਹਿੰਦਾ ਹੈ ਜਿੰਨਾ ਕੁ ਆਦਮੀ ਨੂੰ ਇਹ ਮਹਿਸੂਸ ਹੁੰਦਾ ਰਹੇ ਕਿ ਹੁਣ ਉਹ ਬਨਾਰਸ ਦੇ ਆਖ਼ਰੀ ਕਿਨਾਰੇ ’ਤੇ ਹੈ। ਇਕ ਕਦਮ ਹੋਰ, ਫੇਰ ਇਹ ਸ਼ਹਿਰ ਪਿੱਛੇ ਰਹਿ ਜਾਏਗਾ।

ਅਤੇ ਦਸ਼ਾਸ਼ਵਮੇਘ ਤੋਂ ਮਣੀਕਰਣਿਕਾ ਦਾ ਰਸਤਾ ? ਇਹ ਸ਼ਾਇਦ ਧਰਤੀ ਉੱਤੇ ਮੌਤ ਦਾ ਸਥਾਈ ਮਕਾਨ ਹੈ, ਖ਼ਾਸ ਕਰਕੇ ਰਾਤ ਸਮੇਂ ਜਦੋਂ ਘਾਟ ’ਤੇ ਜਲਦੇ ਸਟ੍ਰੀਟ ਲੈਂਪ ਦੀ ਨਾਰੰਗੀ ਰੌਸ਼ਨੀ ਮਣੀਕਰਣਿਕਾ ਦੀਆਂ ਅਵਾਰਾ ਲਾਟਾਂ ਵਿਚ ਸਮਾ ਜਾਂਦੀ ਹੈ ਅਤੇ ਜੀਉਣ-ਮਰਨ ਦਾ ਭੇਤ ਮਿਟਣ ਲੱਗਦਾ ਹੈ। ਇਸ ਰਸਤੇ ਉੱਤੇ ਚੱਲਣ ਤੇ ਅਚਾਨਕ ਖ਼ੁਦ ਨੂੰ ਬਰਗਮੈਨ ‘ਦੀ ਸੈਵੰਥ ਸੀਲ’ ਦਾ ਨਾਇਕ ਮਹਿਸੂਸ ਕਰਨ ਲੱਗਦਾ ਹਾਂ। ਮੌਤ ਨਾਲ ਸ਼ਤਰੰਜ ਖੇਡਣ ਜਾ ਰਿਹਾ ਹਾਂ, ਜਿਥੇ ਹਾਰ ਦੀ ਇਕ ਅਜਿਹੀ ਬਾਜ਼ੀ ਪਹਿਲਾਂ ਹੀ ਨਿਸ਼ਚਿਤ ਹੈ।

ਮਈ ਦੀਆਂ ਇਨ੍ਹਾਂ ਰਾਤਾਂ ਵਿਚ ਮਣੀਕਰਣਿਕਾ ਤੇ ਦੇਰ ਤਕ ਦੀ ਬੇਚੈਨੀ ਅਤੇ ਗੰਗਾ ਦੇ ਪਾਣੀ ਵਿਚ ਜਲਦੀਆਂ ਚਿਤਾਵਾਂ ਦੇ ਪੀਲੇ ਪਰਛਾਵੇਂ ਦੇਖਦੇ ਹੋਏ ਅਕਸਰ ਪਿਆਰ ਵਿਚ ਕੀਤੇ ਹੋਏ ਉਹ ਗੁਨਾਹ ਯਾਦ ਆਉਂਦੇ ਹਨ ਜਿਨ੍ਹਾਂ ਦੀ ਮਾਫ਼ੀ ਇਸ ਜੀਵਨ ਵਿਚ ਸੰਭਵ ਨਹੀਂ ਹੋਏਗੀ। ਜਾਂ ਤਾਂ ਜੀਵਨ ਮਾਫ਼ ਹੋਣ ਦਾ ਮੌਕਾ ਨਹੀਂ ਦਏਗਾ ਅਤੇ ਜੇ ਮੌਕਾ ਮਿਲ ਵੀ ਗਿਆ ਤਾਂ ਗੁਨਾਹ ਕਬੂਲ ਕਰਨ ਦੀ ਹਿੰਮਤ ਨਹੀਂ ਹੋਏਗੀ। ਚਿਹਰਾ ਲੁਕੋਏ ਹੀ ਚੁੱਪਚਾਪ ਮੌਤ ਵੱਲ ਵੱਧ ਜਾਣਾ ਹੋਏਗਾ। ਵ



ਚਰਚਿਤ ਨੌਜਵਾਨ ਕਥਾਕਾਰ ਅਤੇ ਪੱਤਰਕਾਰ ਆਸ਼ੂਤੋਸ਼ ਭਾਰਦਵਾਜ ਮੱਧ ਭਾਰਤ ਦੇ ਨਕਸਲ ਇਲਾਕੇ ਵਿਚ ਆਪਣੀ ਖ਼ਬਰਨਵੀਸੀ ਲਈ ਜਾਣਿਆ ਜਾਂਦਾ ਹੈ। ਉਸ ਨੂੰ ਇਸ ਕੰਮ ਲਈ ਕਾਫ਼ੀ ਪੁਰਸਕਾਰ ਮਿਲੇ ਹਨ। ਉਸ ਦੇ ਸਾਹਿਤਕ ਨਿਬੰਧਾਂ ਅਤੇ ਡਾਇਰੀ ਦਾ ਇਕ ਸੰਗ੍ਰਹਿ ਛੇਤੀ ਹੀ ਪ੍ਰਕਾਸ਼ਿਤ ਹੋਣ ਵਾਲਾ ਹੈ। ਉਸ ਨੂੰ ਕ੍ਰਿਸ਼ਨ ਬਲਦੇਵ ਵੈਦ ਫੈਲੋਸ਼ਿਪ ਮਿਲੀ ਹੈ। ਉਹ ਭਾਰਤੀ ਉੱਚ ਅਧਿਐਨ ਸੰਸਥਾਨ, ਸ਼ਿਮਲਾ ਵਿਚ ਫੈਲੋ ਹੈ।



E-mail : abharwdaj@gmail.com, Mob : 09406001949

ਅਨੁਵਾਦਕ : 9313292863, E-mail : nachhatar2003@gmail.com

*ਮੋਹਨਜੀਤ*

**ਵਣ ਕੰਬਿਆ**

ਆਖ਼ਰ ਤਾਂ ਸਿਰੇ ਲੱਗਣੀ ਏ
ਸਿਰੇ ਨਾ ਲੱਗੀ ਸਿਰੇ ਵੱਲ ਤੁਰੇਗੀ

ਬੜੇ ਬਦਨੀਤੇ ਦਿਨ ਨੇ
ਬਦਸ਼ਗਨੀ ਹੈ ਰੁੱਤ
ਬਟਨ ਟੁੱਟੇ
ਕਾਚ ਖੁੱਲ੍ਹੇ
ਕਾਫ਼ੀਆ ਮਿਲਦਾ ਨਹੀਂ, ਰਦੀਫ਼ ਗੁੰਮ ਹੈ

ਤਾਲਾਬੰਦੀ ਤਾਂ ਕੱਲ੍ਹ ਦੀ ਗੱਲ ਹੈ
ਆਉਣ-ਜਾਣ 'ਤੇ ਕੱਲ੍ਹ ਤੋਂ ਪਹਿਰੇ ਨੇ
ਘਰ ਵਿਚ ਤਾਂ ਪਹਿਲਾਂ ਈ ਬੰਦ ਹਾਂ
ਪੰਛੀ ਹੈ ਕਿ ਤੜਫ਼ਦਾ ਹੈ
ਫੜਫੜਾਉਂਦਾ ਹੈ
ਥਾਂ-ਥਾਂ 'ਤੇ ਪਿੰਜਰੇ ਨੇ
ਥਾਂ-ਥਾਂ 'ਤੇ ਪਰਦੇ ਨੇ

ਦਾਇਰੇ ਨੇ ਉਨ੍ਹਾਂ ਦੀ ਮਰਜ਼ੀ ਦੇ
ਦਿਨੋਂ ਦਿਨ ਸਾਹ ਘੁੱਟ ਰਿਹਾ
ਲੋਕ ਵਰ੍ਹਿਆਂ ਦੇ ਵਰ੍ਹੇ ਅੱਗੇ ਜਾ ਚੁੱਕੇ
ਅਸੀਂ ਸਦੀਆਂ ਪੁਰਾਣੇ ਸੁਪਨੇ ਲੈ ਰਹੇ
ਲੋਕ ਮਿੱਥਾਂ ਤੋਂ ਬਾਹਰ ਆ ਰਹੇ
ਅਸੀਂ ਮਿੱਥਾਂ ਦੇ ਉਹਲੇ ਧੱਸ ਰਹੇ

ਇਹ ਜੋ ਸਭ ਕੁਝ ਹੋ ਰਿਹਾ
'ਬੰਦੀ' ਈ ਤਾਂ ਹੈ
'ਬੇਬਸੀ'
'ਵਿਚਾਰਗੀ'

ਗੱਡੀ ਵੀ ਉਨ੍ਹਾਂ ਦੀ
ਗੱਡੀਵਾਨ ਵੀ
ਧਵੱਜ ਵੀ ਉਨ੍ਹਾਂ ਦਾ
ਰੰਗ ਵੀ
ਮੁਹਾਂਦਰਾ ਵੀ

ਮੰਦਰ ਵੀ ਉਨ੍ਹਾਂ ਦਾ
ਪੰਡਤ ਵੀ
ਜਜਮਾਨ ਵੀ
ਸਮੱਗਰੀ ਵੀ
ਪ੍ਰਸਾਦਿ ਵੀ

ਗਿਰਜ਼ ਵੀ ਉਨ੍ਹਾਂ ਦਾ
ਪਾਦਰੀ ਵੀ
ਰੱਬ ਵੀ
ਸਲੀਬ ਵੀ
ਤਕਦੀਰ ਵੀ

•

ਕੱਲ੍ਹ ਫਿਰ ਭੀੜ ਨੇ ਮਾਰਿਆ
ਪਹਿਲਾਂ ਵੀ ਮਾਰੇ ਨੇ
ਆਮ ਤਰ੍ਹਾਂ ਦੇ ਬੰਦੇ, ਸਾਊ
ਤੇਰੇ ਜਿਹੇ ਮੇਰੇ ਜਿਹੇ
ਕੰਮ ਕਰਦੇ ਤੇ ਖਾਂਦੇ

ਭੀੜ ਨੇ ਜਿਨ੍ਹਾਂ ਨੂੰ ਮਾਰਿਆ
ਏਸੇ ਧਰਤੀ ਦੇ ਸਨ
ਏਥੇ ਈ ਵਿਗਸੇ, ਪਲੇ, ਜਵਾਨ ਹੋਏ
ਮਾਂ ਪਿਓ ਦੇ ਲਾਡਲੇ
ਭੈਣਾਂ ਦੇ ਵੀਰ
ਮਾਂਗਾਂ ਦੇ ਸੂਹੇ ਸੰਧੂਰ

•

ਉਦੋਂ ਤਾਂ ਭਲਾ ਗ਼ੁਲਾਮੀ ਸੀ
ਮਾਰਦੇ ਸਨ—ਗ਼ੁਲਾਮਾਂ ਨੂੰ
                    ਕਿਰਤੀਆਂ ਨੂੰ
ਬੰਦਿਆਂ ਦੇ ਪਸ਼ੂਆਂ 'ਚ ਫ਼ਰਕ ਨਹੀਂ ਸੀ

ਉਦੋਂ ਤਾਂ ਗ਼ੁਲਾਮੀ ਦਾ ਦੌਰ ਸੀ
ਵਾਰਾ ਪਹਿਰਾ ਮਾਲਕਾਂ ਦਾ
ਮੰਡੀਆਂ 'ਚ ਵਿਕਦੇ ਗ਼ੁਲਾਮ
ਬੰਦੇ ਵਸਤਾਂ ਤੇ ਮਾਲ ਸਨ
ਕੰਮ ਕਰਦੇ
ਜ਼ੁਲਮ ਸਹਿੰਦੇ
ਤਸ਼ੱਦਦ ਈ ਤਸ਼ੱਦਦ ਸੀ ਚੁਫ਼ੇਰੇ
ਕੁਝ ਵੀ ਪੁੱਛਣਾ ਗੁਨਾਹ ਸੀ
                    ਜ਼ੁਰਮ ਸੀ

ਉਦੋਂ ਤਾਂ ਭਲਾ ਗ਼ੁਲਾਮੀ ਸੀ
ਮਾਲਕਾਂ ਦਾ ਵਾਰਾ ਪਹਿਰਾ ਸੀ

ਉਥੇ ਜਿੱਥੇ ਤਾਨਾਸ਼ਾਹੀਆਂ ਸਨ
ਜ਼ੋਰ-ਸ਼ਾਹੀਆਂ
ਜ਼ਾਰ-ਸ਼ਾਹੀਆਂ
ਜੰਗ ਹੋਏ
ਯੁੱਧ ਹੋਏ
ਲੱਖਾਂ ਮਰੇ ਤਸੀਹੇ—ਘਰਾਂ ਵਿਚ
ਗੈਸ-ਚੈਂਬਰਾਂ 'ਚ ਲੱਖਾਂ ਲੂਹੇ ਗਏ, ਦਮ ਘੁੱਟ ਕੇ ਮਰੇ
ਚੁਫ਼ੇਰੇ ਬਰਛੀਆਂ, ਛਵੀਆਂ, ਤੇਗ਼-ਧਾਰਾਂ, ਭਾਲੇ
ਗੋਲੀਆਂ, ਬੰਬ ਤੇ ਤੋਪਾਂ ਸਨ
ਮੰਡੀ ਸੀ
ਮੁੱਲ ਸੀ
ਮਾਲਕ ਸੀ
ਤਸ਼ੱਦਦ ਸੀ
ਭੁੱਖ-ਮਰੀ ਸੀ
ਘਿਰਣਾ ਈ ਘਿਰਣਾ ਸੀ ਚੁਫ਼ੇਰੇ
ਬੰਦਾ ਮਾਰਨਾ ਤਮਾਸ਼ਾ ਸੀ
ਦਿਲਲਗੀ ਸੀ, ਹਾਸਾ ਸੀ
ਉਦੋਂ ਤਾਂ ਭਲਾ ਗ਼ੁਲਾਮੀ ਸੀ
ਤਾਨਾਸ਼ਾਹੀ ਸੀ

ਅੱਜ ਵੀ ਅੱਥਰੂਆਂ ਦੀ ਖੇਡ ਖੇਡੀ ਜਾ ਰਹੀ

ਬਹੁਤ ਪਹਿਲਾਂ ਦੀ ਗੱਲ ਹੈ
ਕੰਮ ਲੈਂਦੇ
ਕੋੜਿਆਂ ਦੇ ਨਾਲ ਮਾਰਦੇ
ਹਥੌੜਿਆਂ ਦੇ ਨਾਲ ਮੱਥਾ ਪਾੜਦੇ
ਇਕ ਦੂਜੇ ਨੂੰ ਭਿੜਾਉਂਦੇ
ਤਰ੍ਹਾਂ-ਤਰ੍ਹਾਂ ਦੇ ਹਥਿਆਰਾਂ ਨਾਲ
ਹੱਦ ਕਿ ਇਕ ਧਿਰ ਦੀ ਮੌਤ ਹੋ ਜਾਂਦੀ
ਮਰਦੇ ਵੇਖਣਾ ਅੱਯਾਸ਼ੀ ਸੀ
ਲਹੂ ਵਗਦਾ ਵੇਖਣਾ
ਤਮਾਸ਼ਾ ਸੀ

ਮੱਦ ਪੀਂਦੇ ਤੇ ਵੇਖਦੇ
ਹੋਰ ਪੀਂਦੇ, ਹੋਰ ਲਹੂ ਡੁੱਲ੍ਹਦਾ

ਅੱਜ ਤਾਂ ਲੋਕ-ਰਾਜ ਹੈ
ਅੱਜ ਵੀ
ਭੀੜ ਮਾਰਦੀ ਹੈ
ਵੇਖਦੀ ਹੈ

ਗੱਲ ਫ਼ਿਤਰਤ ਦੀ ਹੈ

ਕਿਸੇ ਤਾਰੀਖ਼ਦਾਨ ਨੇ, ਦੇਸ਼ ਦੇ ਸਰਵਉੱਚ
ਹਾਕਮਾਂ ਬਾਰੇ ਕਿਹਾ—
‘ਵਿਰੋਧ ਦੀ ਆਵਾਜ਼ ਦੱਬਣ ਵਾਸਤੇ
ਉਹ ਰੰਬਾ ਵਗਾਹ ਕੇ ਮਾਰਦੀ ਸੀ
ਮਾਰਦਾ ਤਲਵਾਰ ਇਹ’
ਸ਼ਾਬਾਸ਼ੇ...ਬਈ...ਸ਼ਾਬਾਸ਼ੇ...

ਇਕਤਾਰਾ ਨਹੀਂ ਵੱਜਦਾ, ਯਮਲੇ ਦਾ
ਬਹੁਤ ਚਿਰ ਹੋਇਆ ਕਦੇ ਰਬਾਬ ਨਹੀਂ ਵੱਜੀ
ਖ਼ੁਰਮ ਦੀ ਵਾਦੀ ਚੁੱਪ ਹੈ
ਕਿੱਥੇ ਹੈ ਸ਼ਹਿਨਾਈ, ਬਿਸਮਿੱਲਾ ਖਾਂ !
ਵੱਜਦੀ ਸੀ ਜੋ ਗੰਗਾ ਦੇ ਘਾਟ ’ਤੇ ?
ਬਾਮਿਆਨ ਦੀ ਵਾਦੀ ’ਚ
ਭਿੱਖੂ ਨਹੀਂ ਦਿਸਦੇ

ਕੈਸੀ ਹਵਾ ਚੱਲੀ ਹੈ !
ਬੋਲਦਾ ਨਹੀਂ ਕਾਗ਼ ਬੰਨੇ ’ਤੇ
ਪਾਰਕ ਵੱਲ ਦੀ ਬਾਰੀ—
ਬੰਦ ਹੈ ਚਿਰੋਕੀ

ਉਦੋਂ ਤਾਂ ਤਾਨਾਸ਼ਾਹੀ ਸੀ
’ਕੱਲੇਕਾਰੇ ਦਾ ਜ਼ੋਰ ਸੀ
ਨਾਂ ਵੀ ’ਕੱਲੇਕਾਰੇ ਦਾ
’ਕੱਲੇਕਾਰੇ ਦੀ ਹਕੂਮਤ ਸੀ
ਤਰਾਤਸਕੀ ਏਸੇ ਤਰ੍ਹਾਂ ਮਾਰਿਆ ਗਿਆ
ਲੋਰਕਾ ਤੇ ’ਚ ਗਵੇਰਾ
ਹੋਰ ਲੱਖਾਂ
ਸੂਫ਼ੀ ਮੰਸੂਰ ਵਰਗੇ
ਜਿਨ੍ਹਾਂ ਨੂੰ ਦੋਸਤ ਦਾ
ਫੁੱਲ ਵੀ ਪੱਥਰ ਜਾਪਿਆ
ਸਰਮਦ ਜਿਹਾ ਮਹਾਂ ਫ਼ਕੀਰ

ਉਦੋਂ ਤਾਂ ’ਕੱਲੇਕਾਰੇ ਦੀ ਹਕੂਮਤ ਸੀ
ਧਰਮ ਦੇ ਪਰਦੇ ਓਹਲੇ
ਜ਼ੋਰ ਪੀਂਘਾਂ ਝੂਟਦਾ ਸੀ

ਇਹੋ ਜਿਹੇ ਵੇਲੇ
ਕਦੇ ਕੋਇਲ ਬੋਲਦੀ ਸੁਣੀ ਹੈ ?

•

ਬੱਚਾ ਕਹਿੰਦਾ ਹੈ :
‘ਪਾਪਾ ! ਹਾਕਮ ਦੀ ਗੱਲ ਸਮਝ ਨਹੀਂ ਆਉਂਦੀ’
‘ਵੱਡੇ ਇਵੇਂ ਈ ਬੋਲਦੇ, ਬੇਟਾ !
ਬੱਚਾ ਮੇਰੇ ਵੱਲ ਵੇਖਦਾ ਹੈ ਕਹਿਣਾ ਚਾਹੁੰਦਾ—

‘ਤੁਹਾਡੀ ਗੱਲ ਤਾਂ ਮੈਂ ਸਮਝਦਾ ਹਾਂ’

ਮੈਂ ਵੱਡਾ ਨਹੀ, ਬੇਟਾ!
ਹਾਕਮ ‘ਤਾਕਤੀ’ ਹੈ
‘ਤਾਕਤੀ’, ‘ਗੁੱਛਾ-ਮੁੱਛਾ’ ਬੋਲਦੇ
ਗੁੱਛਾ-ਮੁੱਛਾ ਵਿਚਾਰਦੇ
ਵਿਹਾਰਦੇ

ਉਨ੍ਹਾਂ ਦੀ ਭਾਸ਼ਾ
ਉਨ੍ਹਾਂ ਵਰਗੇ ਈ ਸਮਝਦੇ
ਤੇਰੀ ਮੇਰੀ ਸਮਝ ਤੋਂ ਬਾਹਰ ਹੈ ਇਹ,
ਏਸ ਵਿਚ ਉਮਰ ਦਾ ਕੋਈ ਤਕਾਜ਼ਾ ਨਹੀਂ
ਤਕਾਜ਼ਾ ਹੈ—ਗਰਜ਼ ਦਾ
ਹਿੱਤ ਦਾ
ਸਵਾਰਥ ਦਾ

ਜਿਨ੍ਹਾਂ ਸਮਝਣੀ ਉਨ੍ਹਾਂ ਦੀ ਭਾਸ਼ਾ
ਬਿਨਾਂ ਮਾਤਰਾ ਤੋਂ ਸਮਝਦੇ
ਇਹ ਅੱਖਰ ਨਹੀਂ ‘ਇਸ਼ਾਰੇ’ ਦੀ ਭਾਸ਼ਾ ਹੈ
ਦਿਨ ਹੋਏ ਜਾਂ ਰਾਤ
ਚੰਦਰਮਾ ਚਮਕਦਾ ਹੋਏ
ਜਾਂ ਲੱਗਾ ਹੋਏ ਗ੍ਰਹਿਣ
ਇਹ ਦਾਇਰਿਆਂ ’ਚ
ਰੰਗਾਂ ’ਚ ਘੁੰਮਦੀ ਹੈ
ਇਹ ‘ਦੰਭ’ ‘ਖੇਖਣ’ ਦੀ ਭਾਸ਼ਾ
ਇਹ ਭਾਸ਼ਾ ਨਹੀਂ ਬੀਨ ਹੈ
ਇਸ ’ਤੇ ਮੇਲਦੇ ਨੇ ਸਰਾਪ, ਨਾਗ
ਏਸ ਵਿਚ ‘ਕਿਰਿਆ’ ਜਾਂ ‘ਕਾਲ’ ਨਹੀਂ ਹੁੰਦਾ
‘ਡੰਗ’ ਹੈ ਇਹਦੇ ਵਿਆਕਰਣ ਦਾ

ਇਹ ਭਾਸ਼ਾ ਬੁੱਲਿਆਂ ਤੇ ਸ਼ਾਹ ਹੁਸੈਨਾਂ ਦੀ ਨਹੀਂ
ਬੇਟਾ! ਨਾ ਵਾਰਿਸ ਸ਼ਾਹਾਂ ਦੀ
ਏਸ ਲਈ ਤੇਰੀ ਸਮਝ ਤੋਂ
ਮੇਰੀ ਸਮਝ ਤੋਂ
ਬਾਹਰ ਹੈ

ਇਹ ਜੋ ਨਿਹੱਥੇ
ਭੁੱਖ ਦੇ ਮਾਰੇ, ਲਿਤਾੜੇ
ਪਾਲ਼ੇ ’ਚ ਠਰਦੇ
ਧੁੱਪ ’ਚ ਲੂਸਦੇ ਕਾਮੇ
ਮੈਂ ਇਨ੍ਹਾਂ ਨੂੰ ਵੇਖਿਆ
ਵੇਖਿਆ, ਵੇਖ ਕੇ ਚੁੱਪ ਰਿਹਾ
ਅੰਦਰੋਂ ਕੰਬਿਆ

## ਇਸ ਲਈ ਉਦਾਸ ਹਾਂ

ਦੁਨੀਆ 'ਚ ਜਿਥੇ ਕਿਤੇ ਵੀ
ਕਲਾ ਹੈ, ਸੌਂਦਰਯ ਹੈ
ਕਲਮ ਦਾ ਜਲੌਂ, ਵੈਭਵ
ਇਨ੍ਹਾਂ ਕਰਕੇ ਹੈ
ਇਨ੍ਹਾਂ ਬਣਾਇਆ ਸੀ ਯੂਨਾਨ, ਇਸਤੰਬੋਲ
ਅਸਮਾਨ ਛੂੰਹਦੇ ਗਿਰਜ਼ੇ, ਮਕਬਰੇ, ਮਜ਼ਾਰ
ਆਲੀਸ਼ਾਨ ਮਸਜਦਾਂ, ਲਾਠਾਂ, ਪਿਰਾਮਿਡ, ਮੀਨਾਰ
ਕੋਣਾਰਕ, ਅਜੰਤਾ, ਅਲੋਰਾ, ਤਾਜ਼
ਗੱਚਕਾਰੀ, ਬੁੱਤ ਤਰਾਸ਼ੀ 'ਚ ਕੌਣ ਸੀ ਇਨ੍ਹਾਂ ਦੇ ਮੇਚ ਦਾ!
ਮੀਨਾਕਾਰੀ, ਚਿੱਤਰਕਾਰੀ, ਮੋਹਰਾਕਸ਼ੀ, ਮੋਜ਼ੇਕ
ਅਦਭੁੱਤ ਦਿਓ-ਕੱਦ ਡਾਟਾ

ਜਲ੍ਹਿਆਂਵਾਲਾ, ਪੱਥਰ ਦੀ ਸੂਹੀ ਲਾਟ
ਵੱਡੇ ਪੱਥਰੀ-ਬੂਹਿਆਂ 'ਤੇ ਯਕਸ਼ ਯਕਸ਼ਣੀਆਂ
ਜਿੰਨੀ ਵੱਡੀ ਕਲਾ
ਓਨੀ ਵੱਡੀ ਵਗਾਰ
ਇਨ੍ਹਾਂ ਕਰਕੇ ਹੈ
ਇਹ, ਜੋ ਪਰਵਾਸੀ ਨੇ
ਸੈਂਕੜੇ ਕੋਹਾਂ ਦੇ ਸਫ਼ਰ 'ਤੇ

ਇਹ ਕਿਰਤੀ, ਕਾਮੇ ਤੇ ਮਜੂਰ
ਬੱਚੇ, ਬੁੱਢੇ, ਸੁਆਣੀਆਂ ਤੇ ਬੁੱਢੜੀਆਂ
ਮੈਲੀਆਂ ਚੁੰਨੀਆਂ, ਪਾਟੀਆਂ ਧੋਤੀਆਂ
ਅੱਧੋ ਰਾਣੇ ਵੇਸ, ਗੰਢੀਆਂ ਵੱਧਰੀਆਂ
ਇਕ ਕੋਠੜੀ ਤੇ ਕਈ ਕਈ ਜੀਅ
ਗਰਮੀ, ਹੁੰਮਸ ਤੇ ਸਲ੍ਹਾਭ
ਇੱਟਾਂ ਦੇ ਚੁੱਲ੍ਹੇ 'ਤੇ ਨਿੱਕ-ਸੁੱਕ
ਇਹ ਨੇ ਉਹ
ਜਿਨ੍ਹਾਂ ਬਣਾਏ—
ਕਿਲ੍ਹੇ, ਬੁੰਗੇ, ਛਤਰੀਆਂ, ਅਟਾਰੀਆਂ

ਤੁਰੇ ਜਾਂਦੇ ਪਰਵਾਸੀਆਂ ਦੇ ਕਾਫ਼ਲੇ
ਸਾਈਕਲਾਂ 'ਤੇ
ਰਿਕਸ਼ਿਆਂ 'ਤੇ
ਠੇਲ੍ਹਿਆਂ 'ਤੇ
ਸੁੱਤੇ ਤੇ ਜਾਗਦੇ
ਸਿਰਾਂ ਉੱਤੇ ਗੱਠੜੀਆਂ
ਇਹੋ ਇਨ੍ਹਾਂ ਦੇ ਘਰ
ਇਹੋ ਮਹਿਲ ਮਾੜੀਆਂ

ਇਹ ਨੇ 'ਲੋਕ'
ਜਿਨ੍ਹਾਂ ਤੋਂ ਬਣਿਆ 'ਲੋਕ ਤੰਤਰ'
ਇਨ੍ਹਾਂ ਦੇ ਸਿਰ 'ਤੇ ਉੱਸਰੇ ਅੰਬਾਰ
ਇਨ੍ਹਾਂ ਦੇ ਸਿਰ 'ਤੇ ਉੱਸਰੇ ਉਡਾਣ
ਇਹੋ ਨੇ ਸੱਤਾ ਦੇ ਥੰਮ੍ਹ
ਤੁਰੇ ਜਾਂਦੇ ਤਪਦੀਆਂ ਸੜਕਾਂ
            ਪਟੜੀਆਂ, ਪਗਡੰਡੀਆਂ ਤੇ
ਇਨ੍ਹਾਂ ਦਾ 'ਰਾਜ'
ਲੋਕ-ਰਾਜ
ਨੰਗਿਆਂ ਪੈਰਾਂ ਦਾ 'ਰਾਜ'
ਪਾਟਿਆਂ ਝੱਗਿਆਂ ਦਾ 'ਰਾਜ'
'ਲੋਕ ਰਾਜ'
ਕੋਈ ਯੂਪੀ, ਉੱਤਰਾਖੰਡ, ਕੋਈ ਬਿਹਾਰ

ਆਸਾਮ ਤੇ ਬੰਗਾਲ, ਯੂਪੀ
ਇਕੋ ਜਿਹੇ ਕੱਪੜੇ, ਸਰੀਰ, ਹਾਵਭਾਵ
ਵਲਵਲੇ, ਚਾਹਤਾਂ, ਦਿਲਚਸਪੀਆਂ
ਨਾਲਿਆਂ ਨੂੰ ਪਾਰ ਕਰਦੇ ਆਏ ਨੇ, ਨਦੀਆਂ ਨੂੰ
ਪੁਲਿਸ ਦੇ ਡੰਡੇ ਸਹਾਰਦੇ
ਆਏ ਨੇ ਤਹਿ ਕਰਕੇ ਦੂਰੀਆਂ
ਚਿਹਰੇ 'ਤੇ ਥਕਾਨ
ਜਿਸਮ ਵਿਚ ਥਰਥਰਾਹਟ
ਤੁਰਨ ਲਈ ਟੰਗਾਂ ਦੇ ਵਾਹਨ
ਸੌਣ ਲਈ ਵੱਟ ਬੰਨਾ
            ਅੰਬਰ ਦੀ ਛੱਤ
            ਸਬਰ ਦਾ ਚੁੱਲ੍ਹਾ ਚੌਂਕਾ

ਪਿੰਡ ਤੋਂ ਸ਼ਹਿਰ ਦਾ
ਸ਼ਹਿਰੋਂ ਪਿੰਡ ਦਾ, ਪਰਵਾਸ
ਘਰ ਤੋਂ ਬਾਹਰ
ਬਾਹਰੋਂ ਘਰ ਦਾ ਪਰਵਾਸ
ਘੱਟਾ ਉੱਡਦਾ
ਨ੍ਹੇਰੀਆਂ ਤੇ ਲਿਸ਼ਕਦਾ ਅਸਮਾਨ
ਚੋਰੀ ਦਾ, ਨਾ ਯਾਰੀ ਦਾ ਡਰ
ਕੱਪੜਿਆਂ ਦਾ ਲੀੜਿਆਂ ਦਾ
ਪਸ਼ੂਆਂ ਦਾ, ਢੋਰਾਂ ਦਾ
ਗਹਿਣਿਆਂ ਦਾ, ਗੱਟਿਆਂ ਦਾ
ਬਿਨਾਂ ਕਿਸੇ ਡਰ ਤੋਂ
ਭੈਅ ਤੋਂ ਪਰਵਾਸ!

ਮੋਇਆਂ ਲਈ ਨਾ ਕਬਰਾਂ
ਢੰਗ ਦੀ ਨਾ ਪੂਜਾ, ਇਬਾਦਤ, ਮੜ੍ਹੀ ਨਾ ਮੂਰਤੀ

ਤੁਰੇ ਜਾਂਦੇ ਨੇ ਲੋਕ

ਪੁੱਛਦਾਂ—
ਪਿੰਡ ਵਿਚ ਭਲਾ ਉਹ ਕੀ ਹੈ ਜੋ ਸ਼ਹਿਰ ਵਿਚ ਨਹੀਂ ਸੀ ?
ਮਹਿਲ ਨੇ ਹਵੇਲੀਆਂ ਜਾਂ ਬਾਗ਼ ?
ਜ਼ਮੀਨਾਂ ਜਾਇਦਾਦਾਂ ?
ਕੀ ਪਿੰਡ ਇੰਨਾ ਸਾਫ਼ ਸੁਥਰਾ ਹੈ ?
ਪਿੰਡਾਂ ਵਿਚ ਨੇ
ਵਾਧੂ ਦਵਾਖਾਨੇ ਤੇ ਡਾਕਟਰ ?
ਨਰਸਾਂ ਤੇ ਦਾਈਆਂ ?
ਟੀਕੇ, ਟਿੱਕੀਆਂ ਤੇ ਕੈਪਸੂਲ ?
ਮਾਲ, ਡੰਗਰ, ਫ਼ਸਲ ?
ਸਬਜ਼ੀਆਂ ਤੇ ਫ਼ਲ ਫਰੂਟ ?
ਕੀ ਲਾਗ ਕਰਕੇ ਤੁਰੇ ਜਾਂਦੇ ਨੇ ਪਿੰਡਾਂ ਨੂੰ ?

ਰਾਜਨੀਤੀ ਸੱਤਾ ਦਾ ਸ਼ੁਗਲ ਹੈ
ਸਾਇੰਸ ਮਿੱਥ ਦੇ ਦਾਇਰੇ 'ਚ ਖੜ੍ਹੀ ਹੈ
ਮਿਤੀਆਂ ਦੀ ਸ਼ਤਰੰਜ ਖੇਡੀ ਜਾ ਰਹੀ
ਸਾਇੰਸ ਨੂੰ ਤਿਲਕ ਕੀਤਾ ਜਾ ਰਿਹਾ
ਹਾਕਮ ਅਸ਼ਟਾਂਗ ਮੁਦਰਾ 'ਚ ਹੈ
ਕੋਰੋਨਾ ਦਿਹੁੰ ਰਾਤ ਵਧ ਰਿਹਾ

ਥਾਲੀ ਟੁਣਕਦੀ ਹੈ
ਟੱਲੀ ਵੱਜ ਰਹੀ
ਡੂੰਘੀ ਰਾਤ ਹੈ ਛੱਤੀ 'ਤੇ ਪੜਛੱਤੀ 'ਤੇ ਬਾਲਕੋਨੀ ਵਿਚ
ਘਿਰਣਾ ਮੂੰਹ ਚਿੜਾਉਂਦੀ ਹੈ
ਦਿੱਲੀ ਵਿਚ
ਵਾਸ਼ਿੰਗਟਨ ਵਿਚ
ਗੋਡਾ ਧੌਣ ਨੱਪ ਰਿਹਾ
ਸਾਹ ਘੁੱਟਦਾ ਫਲਾਈਡ ਦਾ, ਮੁਰਾਦ ਦਾ
ਭੀੜ ਹਿੰਸਾ 'ਤੇ ਉਤਾਰੂ ਹੈ

ਸ਼ਹਿ ਕੇ ਬੈਠੀ ਹੈ ਰਾਜਨੀਤੀ
ਡੀ.ਜੇ. 'ਤੇ ਗਵਾਂਢਣ ਨੱਚ ਰਹੀ
ਥਾਲੀ ਟੁਣਕਦੀ ਹੈ
ਹਾਕਮ ਦਾ ਬਹਾਨਾ ਹੈ
ਕੋਰੋਨਾ ਵਾਜ ਸੁਣ ਕੇ ਦੌੜ ਜਾਏਗਾ

ਦੜੀ ਬੈਠੀ ਰਾਜਨੀਤੀ
ਫਾਸ਼ੀ ਹੱਸ ਰਿਹਾ

ਕਾਫ਼ਲਾ ਤੁਰ ਰਿਹਾ
ਬੱਚਾ ਦੁੱਧ ਮੰਗਦਾ ਹੈ

ਥਾਲੀ ਟੁਣਕਦੀ ਹੈ
ਢੋਲਕੀ ਵੱਜਦੀ ਹੈ
ਸੱਤਾ ਯੋਗ ਦੀ ਮੁਦਰਾ 'ਚ ਹੈ

ਪਰਵਾਸ ਜਾਰੀ ਹੈ
ਕਿਰਤੀ ਵਾਹੋ ਦਾਹੀ ਤੁਰ ਰਿਹਾ
ਕੋਰੋਨਾ ਵਧ ਰਿਹਾ
ਸ਼ਹਿਰ ਮੱਚ ਰਿਹਾ

ਪਰਵਾਸੀ ਕਤਾਰੀਂ ਖੜ੍ਹੇ ਨੇ
ਸੰਗਤ ਲੰਗਰ ਵੰਡ ਰਹੀ
ਸੜਕ 'ਤੇ ਪੁਲਿਸ ਦਾ ਪਹਿਰਾ
ਪਟੜੀ ਜਾਗਦੀ ਹੈ
ਕਿਰਤੀ ਪਟੜੀ 'ਤੇ ਸੁੱਤੇ ਨੇ, ਥੱਕੇ ਟੁੱਟੇ ਨੇ
ਕਿਰਤੀ ਟੁੱਕੜੇ ਟੁੱਕੜੇ ਨੇ
ਸੁਆਣੀ ਵੈਣ ਪਾਉਂਦੀ ਹੈ
ਸਾਊ ਰੋ ਰਿਹਾ
ਪਤਨੀ ਵਿਆਕੁਲ ਹੈ
ਬੱਚਾ ਦੁੱਧ ਮੰਗਦਾ ਹੈ

ਰੇਲ ਪ੍ਰਬੰਧਨ ਖ਼ਫ਼ਾ ਹੈ
ਕਿਰਤੀ ਪਟੜੀ 'ਤੇ ਪਏ ਨੇ
ਨੇਮਾਂ ਦਾ ਉਲੰਘਣ ਹੈ
ਉਹ ਜੋ ਉਡੀਕਦੇ ਨੇ ਪਿੱਛੇ ਪਿੰਡਾਂ ਵਿਚ
ਬੇਖ਼ਬਰ ਨੇ
ਕੋਈ ਅਖ਼ਬਾਰ ਨਹੀਂ
ਨਾ ਕੋਈ ਪੜ੍ਹਨ ਵਾਲਾ
ਕਾਫ਼ਲਾ ਤੁਰ ਰਿਹਾ
ਹਨੇਰੀ ਰਾਤ ਪੱਸਰੀ
ਚੌਂਪਾਸੇ ਈ ਹੋਣੀ
ਹੋਣੀ ਨੱਚ ਰਹੀ
ਮੌਤ ਹੱਸ ਰਹੀ

ਅੰਬਰ ਨ੍ਹੇਰੇ 'ਚ ਲੁਕਿਆ ਹੈ
ਧਰਤੀ ਡਰ 'ਚ ਘਿਰੀ ਹੈ

ਪਟਾਕੇ ਵੱਜ ਰਹੇ
ਸ਼ੋਰ ਸਿਖ਼ਰ 'ਤੇ ਹੈ
ਕੋਰੋਨੇ ਨਾਲ ਲੜਨ ਵਾਲਿਆਂ ਨੂੰ ਸੌ ਸਲਾਮ !
ਸੌ ਸਲਾਮ !!
ਸੌ ਸਲਾਮ !!!
ਰੌਸ਼ਨੀ ਤੋਂ ਡਰਦੀ ਹੈ ਲਾਗ, ਹਾਕਮ ਆਖਦਾ—

ਅਸਮਾਨ ਰੁਸ਼ਨਾਓ
ਟਾਰਚ ਜਲਾਓ

ਕੈਸੀ ਦੀਵਾਲੀ ਹੈ !
ਦਹਿਸ਼ਤ ਹੈ ਵਹਿਸ਼ਤ ਹੈ !!
ਸੱਤਾ ਪਟਾਕੇ ਨਾਲ ਹੈ
ਚੁਫ਼ੇਰੇ ਘੁੰਮ ਰਹੀ ਸੱਤਾ
ਮਿੱਥ ਦਾ ਉੱਡਣ-ਖਟੋਲਾ ਉੱਡ ਰਿਹਾ

ਗੱਡੀ ਦੀ ਉਡੀਕ ! ਗੱਡੀ ਕਦੋਂ ਆਏਗੀ ?
ਔਰਤ ਪਲੇਟ ਫਾਰਮ 'ਤੇ ਲੇਟੀ ਹੈ
ਬੱਚਾ ਲੀੜਾ ਖਿੱਚਦਾ ਹੈ
ਚੌਫ਼ੇਰੇ ਵੇਖਦਾ
ਕੋਲੋਂ ਕੋਈ ਮੁਸਾਫ਼ਰ ਲੰਘਦਾ
ਕਹਿੰਦਾ—
'ਵਿਚਾਰੀ ਮਰ ਗਈ'
ਬੱਚਾ ਹੈਰਾਨ ਹੈ
ਭੁੱਖਾ ਹੈ
ਹੁਣੇ ਤਾਂ ਠੀਕ ਠਾਕ ਸੀ, ਮਾਂ !

ਦੀਵੇ ਮੋਮਬੱਤੀਆਂ ਜਗਾਓ !
ਮੂੰਹ 'ਤੇ ਗਮਸ਼ਾ ਲਉ !
ਮਾਸਕ ਲਗਾਓ !
ਇਕ ਦੂਜੇ ਤੋਂ
ਦੂਰੀ ਬਣਾਓ !

ਬੱਚਾ ਪੁੱਛਦਾ ਹੈ—
'ਹਾਕਮ ਕੀ ਬੋਲਦਾ ਹੈ ?
ਪੋਂਹਦੀ ਕਿਉਂ ਨਹੀਂ ਭਾਸ਼ਾ ?
ਆਪਣੀ ਕਿਉਂ ਨਹੀਂ ਲੱਗਦੀ ?
ਤੁਸੀਂ ਤਾਂ ਕਹਿੰਦੇ ਸੀ—ਭਾਸ਼ਾ ਆਪਣਾ ਬਣਾ ਲੈਂਦੀ'

'ਭਾਸ਼ਾ ਦੀ ਅਮੀਰੀ ਹੁੰਦੀ ਹੈ'

ਬੱਚੇ ਨੂੰ ਕੀਕਣ ਸਮਝਾਵਾਂ !
(ਉਦਾਸੀ ਨੂੰ ਕੀਕਣ ਛੁਪਾਵਾਂ !)
ਦਿਲ 'ਚੋਂ ਨਿਕਲਣ ਵਾਲੀ ਚੀਜ਼ ਹੀ
ਦਿਲ ਨੂੰ ਛੂੰਹਦੀ ਹੈ
ਇਹੋ ਸੱਚ ਹੈ
ਪ੍ਰਕਿਰਤੀ ਦਾ ਸੱਚ

ਬੱਚਾ ਪੁੱਛਦਾ ਹੈ—
'ਹਾਕਮ ਕਿਹੜੀ ਭਾਸ਼ਾ ਬੋਲਦਾ ਹੈ ?

ਭਲਾ, ਹਾਕਮ ਕਵੀ ਹੈ ?
ਸ਼ਬਦਾਂ ਦੀ ਲੈਅ ਮਿਲਾਉਂਦਾ ਹੈ
ਆਖ਼ਿਰ ਕੀ ਚਾਹੁੰਦਾ ਹੈ ?'

ਹਾਕਮ ਚਾਹੁੰਦਾ ਹੈ—
'ਗੱਲ ਦੀ ਸਮਝ ਨਾ ਆਏ
ਸੱਤਾ ਦੀ ਇਹੋ ਕਾਰਾਗਰੀ ਹੈ
ਜਾਂ ਕਹਿ ਲਓ ਜਾਦੂਗਰੀ ਹੈ'

ਬੱਚਾ ਪੁੱਛਦਾ ਹੈ—
ਜੋ ਸਮਝ ਆਉਂਦੇ ਨੇ
ਉਹ ਵੀ ਤਾਂ ਸੱਤਾਵਾਨ ਸਨ
ਜਿਨ੍ਹਾਂ ਦੇ ਜਨਮ ਦਿਨ-ਤਿਉਹਾਰ ਹੁੰਦੇ ਨੇ ?
ਸੱਚ ਦੇ ਪ੍ਰਤੀਕ ਸਨ
ਨੇਕੀ ਦੇ
ਉਹ ਆਉਣ ਵਾਲੀਆਂ ਨਸਲਾਂ ਦੀ
ਸੁੱਖ ਮੰਗਦੇ ਸਨ
ਉਨ੍ਹਾਂ ਉਹ ਰੁੱਖ ਲਾਏ ਸਨ
ਜਿਨ੍ਹਾਂ ਨੂੰ ਵੇਖ ਕੇ
ਨੰਨ੍ਹੇ ਮੁੰਨਿਆਂ ਨੇ ਚੁਹਲ ਕਰਨੇ ਸਨ
ਉਹ ਜੋ ਕਹਿੰਦੇ ਸੀ
ਪੂਰਾ ਉੱਤਰਦੇ ਸਨ
ਤਾਂ ਹੀ ਕੰਧਾਂ, ਪੱਥਰਾਂ 'ਤੇ ਉਨ੍ਹਾਂ ਦੇ ਬੋਲਾਂ
ਦਾ ਜੱਸ ਲਿਖਿਆ
ਉਨ੍ਹਾਂ ਦੇ ਸੱਚੇ ਬੋਲ
ਸਤੰਭਾਂ 'ਤੇ ਉੱਕਰੇ ਗਏ
ਜੋ ਸਦੀਆਂ ਤੋਂ ਰਾਹ ਵਿਖਾਉਂਦੇ ਆ ਰਹੇ
ਬਾਲਮੀਕੀ ਸਨ ਉਹ
ਕਬੀਰ ਸਨ
ਨਾਨਕ ਸਨ
ਰਵੀਦਾਸ
ਗ਼ਦਰੀ ਬਾਬੇ ਸਨ
ਟੈਗੋਰ ਸਨ ਉਹ
ਜ਼ਾਕਿਰ ਹੁਸੈਨ ਸਨ
ਉਹ ਇਸ ਲਈ ਸਮਝ ਆਉਂਦੇ ਨੇ
ਡੁੱਲ੍ਹ ਡੁੱਲ੍ਹ ਪੈਂਦਾ ਸੁਹੱਪਣ ਉਨ੍ਹਾਂ ਦਾ
ਉਨ੍ਹਾਂ ਦੀ ਸੱਤਾ ਲੋਕਾਂ ਲਈ ਸੀ
ਉਨ੍ਹਾਂ ਦਾ ਉੱਦਮ
ਉਨ੍ਹਾਂ ਦਾ ਮੋਹ ਮੁਹੱਬਤ
ਲੋਕਾਂ ਲਈ ਸੀ
ਉਨ੍ਹਾਂ ਦੀ ਜ਼ਿੰਦਗੀ, ਸੰਘਰਸ਼ ਲੋਕਾਂ ਦਾ

ਉਹ ਖ਼ੁਦ ਹੀ ਲੋਕ ਸਨ

•

ਭਾਸ਼ਾ ਲੋਰੀ, ਸੁਹਾਗ, ਬਿਰਹੜਾ
ਸਦੀਆਂ ਤੋਂ ਗਾਏ ਜਾ ਰਹੇ
ਭਾਸ਼ਾ ਨਾਲ ਮਾਂ
ਤਾਰਿਆਂ ਦੀ ਮੰਜੀ ਬਣਾਉਂਦੀ
ਤਾਰਿਆਂ ਨੂੰ ਰਿਸ਼ੀ ਕਹਿੰਦੀ
ਬੱਦਲ ਤੇ ਬਿਜਲੀ ਰਲ ਕੇ
ਲੁਕਣ-ਮੀਟੀ ਖੇਡਦੇ
ਭਾਸ਼ਾ ਪਾਣੀ 'ਚ ਉੱਠੀ ਲਹਿਰ ਦਾ
ਬਣਨਾ ਤੇ ਮਿਟਣਾ ਹੈ
ਭਾਸ਼ਾ ਪੁੱਤਰ ਬਿਨਾਂ ਬਾਪ ਦਾ ਹੇਰਵਾ ਹੈ
ਕਿਸੇ ਦੋਸਤ ਨੇ ਲਿਖਿਆ ਹੈ—
'ਹਵਾ ਦਾ ਰੁਮਕਣਾ ਭਾਸ਼ਾ
ਤੇ ਖਿੜਨਾ ਫੁੱਲ ਦਾ ਭਾਸ਼ਾ
ਖ਼ੁਸ਼ਬੂ ਵੀ ਤਾਂ ਭਾਸ਼ਾ ਹੈ'

ਐ ਮੇਰੇ ਹੋਣਹਾਰ !
ਸੱਤਾ ਦੀ ਭਾਸ਼ਾ ਨੂੰ ਉਹ ਰੰਗ
ਬਿਲਕੁਲ ਨਹੀਂ ਭਾਉਂਦੇ
ਜੋ ਬਸੰਤ ਰੁੱਤ ਦੇ ਰੰਗ ਨੇ
ਸੂਹੇ, ਅਸਮਾਨੀ, ਸਾਵੇ, ਬਸੰਤੀ
ਸੱਤਾ ਦੇ ਚਿਹਰੇ 'ਤੇ ਤੂੰ ਮੁਸਕਾਨ ਵੇਖੀ ਹੈ, ਕਦੇ ?
ਜਾਂ ਬੱਚਿਆਂ ਨਾਲ ਇਨ੍ਹਾਂ ਦਾ ਰੰਗ ਤਮਾਸ਼ਾ ?
ਤੇ ਸਉਣ ਦੇ ਦਿਨ ਸ਼ਰਬਤੀ ?

ਸੱਤਾ ਦੀ ਭਾਸ਼ਾ ਨਹੀਂ ਚੰਨ ਸੂਰਜ ਦੀ ਭਾਸ਼ਾ

ਸੱਤਾ ਨੂੰ ਲੋਕਾਂ ਦੀ ਭਾਸ਼ਾ ਨਹੀਂ ਆਉਂਦੀ

ਸੱਤਾ ਦੀ ਭਾਸ਼ਾ
ਝਾਕੀਆਂ ਦੀ ਭਾਸ਼ਾ ਏ, ਵਿਖਾਵੇ ਦੀ
ਵਖਰੇਵੇਂ ਦੀ
ਚਾਪਲੂਸੀ ਦੀ

•

ਜੇ. ਐੱਨ. ਯੂ.
ਹਜ਼ਾਰਾਂ ਏਕੜ 'ਚ ਫੈਲਿਆ ਹੈ ਅਕਲ ਸਾਗਰ
ਜ਼ਹਾਨਤ ਦਾ ਬਰੇ-ਸਗੀਰ
ਚਹੁੰ ਦਿਸ਼ਾਵਾਂ 'ਚੋਂ ਆਉਂਦੇ ਜਗਿਆਸੂ
ਜਿਵੇਂ ਆਉਂਦੇ ਸੀ ਕਦੇ ਨਾਲੰਦਾ-ਤਕਸ਼ਿਲਾ 'ਚ
ਵਿੰਹਦੇ, ਘੋਖਦੇ ਵਿਰਾਸਤ ਦੀ ਸਕਾਫ਼ਤ ਨੂੰ
ਆਉਂਦੇ ਲਾਮੇ, ਇਜਰਾਈਲੀ, ਅਫ਼ਰੀਕੀ ਫ਼ਲਸਤੀਨੀ ਤੇ ਹੋਰ ਕਈ

ਰੈਣ ਬਸੇਰੇ ਲੰਮ ਸੁਲੰਮੇ
ਇਕ ਦੂਸਰੇ ਰੰਗਾਂ 'ਚ ਲਾਉਂਦੇ ਤਾਰੀਆਂ
ਫੁੱਟਦੇ ਨਵੇਂ ਅੰਕੁਰ
ਮਹਿਕ ਉਥੇ ਤੀਕ ਪਹੁੰਚਦੀ ਜਿਥੇ ਤੀਕਰ ਨਹੀਂ ਸੀ
ਕਾਹਦੀ ਯੂਨੀਵਰਸਿਟੀ ! ਆਵਾ ਏ !
ਦਿਮਾਗ਼ ਪੱਕਦੇ
ਮੱਥੇ ਲਿਸ਼ਕਦੇ
ਦੇਸ਼ ਦੇ ਬਹੁਤੇ ਮੱਥੇ ਏਸੇ ਆਵੇ 'ਚ ਪੱਕੇ ਨੇ
ਦਰਸ਼ਨ ਦਾ ਸੰਗਮ
ਵਿਆਕਰਣ ਤੋਂ ਰਾਜਨੀਤੀ ਤੱਕ
ਸੰਕਲਪ ਤੋਂ ਸਿਧਾਂਤ ਤਕ ਹੁੰਦੀਆਂ ਬਹਿਸ਼ਾਂ ਗੋਸ਼ਟੀਆਂ, ਸੰਵਾਦ
ਸਾਂਝੀ ਜ਼ਮੀਨ, ਸਾਂਝਾ ਅਸਮਾਨ

•

ਵਿਹੜਾ ਮੋਹਕਲਾ ਕਵਿਤਾ ਮੇਰੀ ਨਿੱਕੀ
ਵੇਖੀਆਂ ਕੁਝ ਇਕ ਬਹਾਰਾਂ ਮੈਂ ਵੀ ਏਥੋਂ ਦੀਆਂ
ਬੁੱਧਖਾਨਾ ਸੀ ਭਗਵਾਨ ਜੋਸ਼ ਦਾ
          ਤੇ ਮੈਂ ਸ਼ਾਇਰ ਨਿਮਾਣਾ
ੳ...ਅ...ਹੀ ਪੜ੍ਹ ਸਕਿਆ
ਜ਼ੈੱਨ ਸਾਧੂਆਂ ਆਸ਼ਰਮਾਂ ਵਿਚ
ਜਿੰਨ੍ਹ ਕੁ ਹੋਏ ਵੇਖੇ ਚੰਡੂਖਾਨੇ, ਭੂਤਵਾੜੇ, ਢਾਬੇ, ਵੇਖੇ
ਰੁਮਾਲੀ ਰੋਟੀਆਂ, ਕਬਾਬ ਤੇ ਮਸਤੀ ਮਲੰਗੀ

ਸੋਚਦਾਂ ਇਹ ਜੋ ਥੋੜ੍ਹਾ-ਬਹੁਤਾ ਲਈ ਫਿਰਦਾਂ
ਉਥੋਂ ਦੀ ਦੇਣ ਹੈ

ਇਥੇ ਕਿਤੇ ਤੂੰ ਸੈਂ
ਜਿਹਨੂੰ ਵੇਖ ਕੇ ਚੰਨ ਸੂਰਜ ਚੜ੍ਹਦੇ ਅਸਤਦੇ
ਆਉਂਦਾ ਸਲੀਕਾ
ਜਿਊਣ ਜਾਚ
ਸੰਗਤ ਵਿਚ ਬੈਠਣ ਨੂੰ ਜੀਅ ਕਰਦਾ
ਤੇਰਾ ਚਿਹਰਾ, ਤੇਰਾ ਲਿਬਾਸ ਵੇਖ ਕੇ
ਤੁਰਨਾ ਸਿੱਖਿਆ, ਵਿਚਰਨਾ
ਮੁਸਕਾਉਣਾ
ਨੱਪ ਕੇ ਬੁੱਲ੍ਹ ਰੋਣਾ, ਅੱਥਰੂ ਵਹਾਉਣੇ
ਬਣਾਏ ਦੋ ਚਾਰ ਦੋਸਤ ਯਾਰ
ਜਿਨ੍ਹਾਂ ਸਹਾਰੇ
ਜੀਅ ਰਿਹਾਂ

ਤੇਰੇ ਪਦ ਚਿੰਨ੍ਹਾਂ 'ਤੇ ਤੁਰ ਕੇ
ਪੜ੍ਹਨੀਆਂ ਸਿੱਖੀਆਂ ਕਿਤਾਬਾਂ
ਗੀਤ ਗਾਉਣੇ
ਇਕਲਾਪਾ ਹੰਢਾਉਣਾ

ਚੁੱਪ ਜੀਣਾ
ਫੁੱਲ ਪੱਤਿਆਂ ਦੇ ਰੰਗ ਮਾਨਣੇ
ਤੇ ਸੋਚਣਾ—
ਜੋ ਕੁਝ ਵੀ ਲਿਆ ਹੈ
ਬਹੁਤ ਕੁਝ ਹੈ

•

ਹਾਕਮ ਨੂੰ ਨਾਮੰਜ਼ੂਰ ਰੰਗਾਂ ਦਾ ਮੇਲਾ
ਖੁੱਲ੍ਹੇ ਕੁਰਤੇ, ਜੀਨਾਂ, ਦਗ਼ਦੇ ਮੱਥੇ
ਵੱਖੋ ਵੱਖਰੇ ਲਿਬਾਸ, ਬੋਲੀਆਂ,
ਚੀਜ਼ਾਂ ਨੂੰ ਵੇਖਣ ਦੇ ਤਰੀਕੇ

ਹਾਕਮ ਚਾਹੁੰਦਾ—
ਉਹੀ ਹੋਏ ਜੋ ਉਹ ਚਾਹੁੰਦਾ
ਹਾਕਮ ਨੂੰ ਚੁਭਦੇ
ਵੰਨ-ਸੁਵੰਨੇ ਸ਼ਬਦ
ਟੱਪੇ ਤੇ ਢੋਲੇ
ਹੱਸਦੀਆਂ, ਖੇਡਦੀਆਂ, ਜੋਬਨ-ਮੱਤੀਆਂ
ਲੈਂਦੀਆਂ ਵਾਰੀ ਦਾ ਵੱਟਾ
ਲਾਹੁੰਦੀਆਂ ਵਾਰੀ ਦਾ ਵੱਟਾ
ਸੰਵਾਦੀ ਬਿਰਤੀ ਵਾਲੀਆਂ

ਹਾਕਮ ਭਰਮੀ ਸੋਚਦਾ—
ਵਰਗਾਉਂਦੇ ਲੋਕਾਂ ਨੂੰ ਇਹ ਮੁੰਡੇ ਕੁੜੀਆਂ
ਸਾਜ਼ਸ਼ੀ, ਖਰੂਦੀ, ਚਾਲਬਾਜ਼
ਪਤਾ ਨਹੀਂ ਕਦੋਂ ਇਹ ਪੜ੍ਹਦੇ ਲਿਖਦੇ
ਕਦੋਂ ਤੇ ਕੀ ਸਿਖਾਉਂਦੇ ਇਨ੍ਹਾਂ ਦੇ ਉਸਤਾਦ
ਅੱਗ ਲਾਉਂਦੇ
ਜਿਧਰ ਦੀ ਲੰਘਦੇ

ਮਿੱਥ ਦੀ ਅਲਫ਼-ਬੇ ਨਹੀਂ ਆਉਂਦੀ
ਸ਼ਾਸਤਰਾਂ ਦਾ ੳ...ਅ...
ਪਰੰਪਰਾ ਦੇ ਇਲਮ ਤੋਂ ਕੋਰੇ
ਸੰਸਕਾਰ ਵਿਹੂਣੇ

ਬਾਰ-ਬਾਰ ਬੁੜਬੁੜਾਉਂਦਾ ਹਾਕਮ—
ਇਹ ਕੇਹੇ ਬੁੱਧੀਜੀਵੀ ?
ਹਰ ਗੱਲ ਉੱਤੇ ਕਰਦੇ ਬਹਿਸ
ਗੋਸ਼ਟੀ ਨੂੰ ਬਹਿਸਬਾਜ਼ੀ ਆਖਦਾ
ਡੇਰਿਆਂ ਵਾਲੇ ਇਹਦੇ ਦਿਲਰੁਬਾ
ਜੋ ਮੁੱਦਿਆਂ ਵਿਚ ਅੱਵਲ ਆਉਂਦੇ
ਯੂਥ ਨੂੰ ਨਿਮਨ-ਸਮਝੀ ਆਖਦਾ, 'ਆਕਸਫ਼ੋਰਡੀ'

ਹਾਕਮ ਮੱਥਿਆਂ 'ਚ ਨਹੀਂ, ਦੀਵੇ ਪਾਣੀ 'ਚ ਬਾਲ਼ਦਾ

ਨੇੜ੍ਹੇ 'ਚ ਤਾੜੀ ਮਾਰਦਾ

ਹਾਕਮ ਮੇਰੇ ਦੇਸ਼ ਦਾ
ਪਾੜ੍ਹਿਆਂ ਨੂੰ ਆਫ਼ਤਬਾਜ਼ ਆਂਹਦਾ
'ਫਲਸਫੀ' ਆਖ ਕੇ ਹਾਸਾ ਉਡਾਉਂਦਾ
ਛਾਤੀ ਵਿਖਾਉਂਦਾ
ਕਹਿੰਦਾ ਹੈ—ਮੈਂ ਸਭ ਨੂੰ ਨੂੜ ਦਾਂਗਾ
ਅਕਲ ਦੇ ਖੂਹ ਸਾਰੇ ਪੂਰ ਦਾਂਗਾ

ਅਸਲ 'ਆਧੁਨਿਕਤਾ' ਲਿਆਵਾਂਗਾ ਮੈਂ ਦੇਸ਼ ਵਿਚ
ਮੈਂ ਮਨ ਦੀ ਬਾਤ ਪਾਵਾਂਗਾ

ਮੈਂ ' 'ਕੱਲਾ' ਨਹੀਂ
ਮੈਂ 'ਬਹੁਤ' ਹਾਂ
'ਬਹੁਤਵਾਦ' ਮੇਰਾ ਧਰਮ ਹੈ
ਇਹ ਮੇਰਾ ਨਾਅਰਾ ਹੈ ਅੰਤਰਜ਼ਾਤ ਹੈ
ਇਹੋ ਮਨ ਦੀ ਬਾਤ ਹੈ

ਉਹ ਜੋ ਦਿਸਦੀ ਸੀ, ਉੱਛਲਦੀ ਕੁੱਦਦੀ
ਬੰਗਲਾ ਫ਼ੈਸ਼ਨੀ, ਧੋਤੀ ਪਹਿਨਦੀ
ਡੂੰਘੀਆਂ ਅੱਖਾਂ ਤੇ ਤਿੱਖੇ ਬੋਲਾਂ ਵਾਲੀ
ਇਕ ਹਨੇਰੀ ਰਾਤ
ਸਾਡੇ 'ਬਹੁਤਿਆਂ' ਨੇ ਚੁੱਪ ਕਰਾ ਦਿੱਤੀ
ਉਹਦੀ ਢਾਹਣੀ ਨੂੰ ਵੀ ਬੰਦਾ ਬਣਾਇਆ
ਅਸੀਂ ਏਦਾਂ ਦੀ 'ਭਾਸ਼ਾ' ਬੋਲਦੇ
ਮੱਥੇ 'ਤੇ ਬੱਝੀਆਂ ਪੱਟੀਆਂ ਤੇ ਬਾਂਹਾਂ ਬੱਝੀਆਂ
ਸਾਡੀ 'ਭਾਸ਼ਾ' ਦਾ ਲਿਖਤ ਰੂਪ ਹੈ
ਉਹ ਤਾਂ ਮਹਾਂਮਾਰੀ ਸੀ ਦੇਸ਼ ਵਿਚ
ਨਹੀਂ ਤਾਂ...

ਅਸੀਂ ਸੱਚ ਦਾ 'ਇਤਿਹਾਸ' ਲਿਖਦੇ ਆ ਰਹੇ
ਪਹਿਲਾਂ ਵੀ ਲਿਖਿਆ ਸੀ
ਹੁਣ ਵੀ ਲਿਖਾਂਗੇ
ਇਹ ਕੋਈ ਨਵੀਂ ਗੱਲ ਨਹੀਂ

ਸਮਝਦਾ ਹਾਕਮ—
'ਆਈਸ਼ੀ' ਇਕ ਹੈ—ਕੁੜੀ ਦਾ ਨਾਮ ਹੈ
ਕਮਲਾ ਹੈ ਹਾਕਮ!
ਆਈਸ਼ੀ—ਇਕ ਨਹੀਂ ਅਨਿਕ ਨੇ, ਮੁੰਡੇ ਤੇ ਕੁੜੀਆਂ
ਆਈਸ਼ੀ ਕਾਜ਼ ਦਾ ਨਾਂ ਹੈ ਦਲੀਲ ਦਾ
ਸਿਧਾਂਤ ਦਾ
ਸੰਘਰਸ਼ ਦਾ
ਆਈਸ਼ੀ ਹੱਕ ਦਾ ਨਾਂ ਹੈ

ਸਾਂਝ ਦਾ

ਮੁੰਡੇ ਕੁੜੀਆਂ ਸੋਚਦੇ—
ਜ਼ਿੰਦਗੀ ਕਰਤੱਵ ਹੈ, ਫ਼ਰਜ਼ ਹੈ
ਭੀੜ ਪੈਣ 'ਤੇ ਸੜਕਾਂ 'ਤੇ ਨਿਕਲਣ ਦਾ ਨਾਂ ਜ਼ਿੰਦਗੀ ਹੈ
ਰਾਸ਼ਟਰ ਮੰਜ਼ਿਲ ਹੈ ਮੁਕਾਮ ਹੈ

ਆਈਸ਼ੀ ਜਿੱਥੇ ਵੀ ਹੈ—
ਸਿੱਧੀ ਸਾਧੀ, ਨੇਕ ਨੀਯਤ
ਵਿਖਾਵੇ ਤੋਂ ਪਰ੍ਹੇ ਹੈ
ਜ਼ਮੀਨ ਦੀ ਧੀ ਹੈ
ਭੌਂਅ ਦਾ ਨਾਮ ਆਈਸ਼ੀ

•

ਸ਼ਾਹੀਨ ਬਾਗ਼
ਵਿਚਾਰਾਂ ਦੇ ਵਖਰੇਵੇਂ ਦਾ ਨਵਾਂ ਅੰਦਾਜ਼
ਸ਼ਾਹੀਨ ਬਾਗ਼-ਮਾਨਵੀ ਇਤਿਹਾਸ, ਵੱਖਰਾ ਪੈਂਤਰਾ
ਗੂੜ੍ਹੇ ਅੱਖਰਾਂ ਵਾਲੀ ਲਿਖਤ
ਲਿਖਣਾ ਲੋਚਦੇ :
ਬਿਰਧ, ਬੱਚੇ, ਨੌਜਵਾਨ, ਮੁਟਿਆਰਾਂ ਤੇ ਗੱਭਰੂ
ਦਾਦੀਆਂ, ਨਾਨੀਆਂ, ਸਿਆਣੀਆਂ ਸੁਆਣੀਆਂ
ਬੋਲਣ ਦੀ ਆਜ਼ਾਦੀ, ਲਿਖਣ ਦੀ
ਮਜ਼ਹਬ ਦੀ, ਫ਼ਿਰਕੇ ਦੀ, ਇਲਾਕੇ ਦੀ

ਸ਼ਾਹੀਨ ਬਾਗ਼—ਮੁਹੱਬਤ ਦੀ ਆਜ਼ਾਦੀ
ਸੰਗਤ ਦੀ, ਸੁਹਬਤ ਦੀ
ਸ਼ਾਹੀਨ ਬਾਗ਼—ਇਨਸਾਨੀ ਤਾਰੀਖ਼ ਦੇ
ਵਰਕੇ 'ਤੇ ਉੱਕਰਿਆ ਸੁਨਹਿਰੀ ਬਾਬ
ਸ਼ਾਹੀਨ ਬਾਗ਼
ਸ਼ਾਹੀਨ ਬਾਗ਼

ਗੂੜ੍ਹੇ ਅੱਖਰਾਂ ਵਾਲਾ ਸਫ਼ਾ

ਸ਼ਾਹੀਨ ਬਾਗ਼—
ਹੱਕ ਦਾ ਪ੍ਰਤੀਕ, ਨਿਆਂ ਦਾ
ਸੌਂਦਰਯ ਦਾ, ਸੰਵਿਧਾਨ ਦਾ
ਉਹ ਸਭ ਕੁਝ ਦਾ ਜੋ ਵੀ ਚੰਗਹ ਹੈ, ਸੁਹਾਣਾ ਹੈ

ਨਿਸ਼ਾਨ ਹੈ
ਧਰਮ ਨਿਰਪੱਖਤਾ
ਤਬਕਿਆਂ ਦਾ
ਵਿਹੜਿਆਂ ਦਾ
ਬਸਤੀਆਂ ਦਾ

ਸ਼ਾਹੀਨ ਬਾਗ਼

ਪ੍ਰਤੀਕ ਹੈ—ਰੋਹ ਦਾ, ਰੋਸ ਦਾ, ਪ੍ਰਤੀਰੋਧ ਦਾ
ਘੋਲ ਦਾ, ਸੰਘਰਸ਼ ਦਾ, ਜੱਦੋਜਹਿਦ ਦਾ
ਗਤੀ ਦਾ
ਸਦ ਗਤੀ ਦਾ


ਸ਼ਾਹੀਨ ਬਾਗ਼
ਸੱਥ ਹੈ
ਚੌਪਾਲ ਹੈ
ਵਿਚਾਰਕਾਂ ਦੀ, ਚਿੰਤਕਾਂ ਦੀ
ਮੰਚ ਹੈ

ਮੈਦਾਨ ਹੈ—ਬੁੱਧੀਮਾਨਾਂ ਦਾ
ਲੋਕਾਂ ਦਾ
ਸ਼ਾਹੀਨ ਬਾਗ਼—
ਗ਼ਦਰੀਆਂ
ਭਗਤ ਸਿੰਘਾਂ
ਤਲੀ 'ਤੇ ਸੀਸ ਧਰ ਕੇ ਜੂਝਣ ਵਾਲਿਆਂ ਦੀ ਸੰਗਤ ਹੈ
ਸ਼ਾਹੀਨ ਬਾਗ਼—ਜਾਗਦੇ ਲੋਕਾਂ ਦੀ ਭੋਂਅ
ਜਦ ਵੀ ਖ਼ਤਰੇ ਵਿਚ ਪੈਂਦੀ ਆਜ਼ਾਦੀ
ਉੱਠਦੇ ਲੋਕ ਚੇਤਨਾ ਦੇ ਬਾਲਦੇ ਦੀਵੇ

ਸ਼ਾਹੀਨ ਬਾਗ਼—
ਆਉਂਦੇ ਨੇ ਸ਼ਾਇਰ
ਕਹਿੰਦੇ ਸਲਾਮ
ਪੜ੍ਹਦੇ ਕਵੀ ਕਵਿਤਾ ਦੇ ਦਿਲ-ਟੁੰਬਵੇਂ ਬੰਦ
ਪੜ੍ਹਿਆ ਜਾਂਦਾ ਕਲਾਮ ਸੂਫ਼ੀਆਂ ਦਾ
ਕੱਵਾਲ ਪੜ੍ਹਦੇ ਕੱਵਾਲੀਆਂ
ਵੱਜਦ ਵਿਚ ਆਉਂਦੇ
ਨਮਨ-ਸ਼ਾਹੀਨ ਬਾਗ਼

ਮੈਂ ਵੀ ਪੜ੍ਹਾਂਗਾ ਕਿਸੇ ਦਿਨ ਕਵਿਤਾ

ਵ



ਮੋਬਾ. 98113-98223

## ਗ਼ਜ਼ਲਾਂ : **ਸ਼ਸ਼ੀਕਾਂਤ ਉੱਪਲ**

— 1 —

ਅਰਸ਼ ਹੀ ਹੁੰਦੀ ਨਹੀਂ ਹੈ ਸ਼ਰਤ ਉੱਡਣ ਵਾਸਤੇ।
ਨੀਂਦ ਹੀ ਲਾਜ਼ਿਮ ਨਹੀਂ ਹੈ ਖ਼੍ਵਾਬ ਵੇਖਣ ਵਾਸਤੇ।

ਜ਼ਿੰਦਗੀ ਨੂੰ ਸਮਝਣਾ ਔਖਾ ਹੈ ਵਹਿਸ਼ਤ ਤੋਂ ਬਗ਼ੈਰ
ਅਕਲ ਹੀ ਕਾਫ਼ੀ ਨਹੀਂ ਹੈ ਇਸ ਨੂੰ ਸਮਝਣ ਵਾਸਤੇ।

ਹਾਰਿਆ ਹਾਂ ਜੰਗ ਬੇਸ਼ੱਕ, ਦਿਲ ਨਹੀਂ ਹਾਂ ਹਾਰਿਆ
ਬੱਸ ਜ਼ਰਾ ਕੁ ਵਕਤ ਹੀ ਚਾਹੀਦੈ ਸੰਭਲਣ ਵਾਸਤੇ।

ਭਾਵੇਂ ਕਿੰਨਾ ਸਖ਼ਤ ਹੋਵੇ, ਇਕ ਪੱਥਰ ਦੇ ਲਈ
ਫੁੱਲ ਦੀ ਇਕ ਚੋਟ ਹੀ ਕਾਫ਼ੀ ਹੈ ਟੁੱਟਣ ਵਾਸਤੇ।

ਆਪਣੀ ਮਿੱਟੀ ਨਾਲ ਕਿੱਥੋਂ ਤਕ ਬਗ਼ਾਵਤ ਠੀਕ ਸੀ
ਉਨ੍ਹਾਂ ਮੋਹਲਤ ਹੀ ਨਾ ਦਿੱਤੀ ਮੈਨੂੰ ਸੋਚਣ ਵਾਸਤੇ।

ਜਾਚ ਆਈ ਹੀ ਨਹੀਂ ਨੱਚਣ ਦੀ ਪਾ ਕੇ ਘੁੰਗਰੂ
ਭਾਲਦਾ ਹਾਂ ਮੈਂ ਕੋਈ ਜ਼ੰਜੀਰ ਨੱਚਣ ਵਾਸਤੇ।

— 2 —

ਵਕਤ ਦਾ ਹਰ ਇਕ ਤਸੀਹਾ ਹੱਸ ਕੇ ਜਰਨਾ ਪਿਆ।
ਜਿਊਣ ਖ਼ਾਤਿਰ ਮੈਨੂੰ ਇਹ ਸਮਝੌਤਾ ਵੀ ਕਰਨਾ ਪਿਆ।

ਹੋਰਾਂ ਨਾਲੋਂ ਵੱਖਰਾ ਕੁਝ ਸੋਚਣਾ ਵੀ ਜੁਰਮ ਹੈ
ਆਪਣੇ ਇਸ ਜੁਰਮ ਦੇ ਅਹਿਸਾਸ ਤੋਂ ਡਰਨਾ ਪਿਆ।

ਇਕ ਸਮੁੰਦਰ ਮੇਰੀਆਂ ਅੱਖਾਂ ’ਚ ਲਹਿਰਾਇਆ ਉਦੋਂ
ਆਪ ਅਪਣੀ ਪਿਆਸ ’ਤੇ ਪੱਥਰ ਜਦੋਂ ਧਰਨਾ ਪਿਆ।

ਫਿਰ ਨਵੇਂ ਇਕ ਜ਼ਖ਼ਮ ਦੀ ਸੌਗ਼ਾਤ ਸੀ ਉਹ ਦੇ ਰਿਹਾ
ਫਿਰ ਮੇਰੇ ਦਿਲ ਦੇ ਪੁਰਾਣੇ ਜ਼ਖ਼ਮ ਨੂੰ ਭਰਨਾ ਪਿਆ

ਮੈਨੂੰ ਫਿਰ ਇਕ ਬੂੰਦ ਦੀ ਇੱਜ਼ਤ ਬਚਾਉਣ ਵਾਸਤੇ
ਅੱਗ ਦਾ ਮੂੰਹ ਜ਼ੋਰ ਦਰਿਆ ਡੁੱਬ ਕੇ ਤਰਨਾ ਪਿਆ।

ਸੰਘਣੇ ਰੁੱਖਾਂ ਦੀ ਗੂੜ੍ਹੀ ਛਾਂ ਨੂੰ ਬਲਦਾ ਵੇਖ ਕੇ
ਮੇਰੀਆਂ ਅੱਖਾਂ ਤੋਂ ਮੀਂਹ ਨੂੰ ਦੇਰ ਤਕ ਵਰ੍ਹਨਾ ਪਿਆ।

—3—

ਇਹ ਭਿਆਨਕ ਦ੍ਰਿਸ਼ ਪਹਿਲਾਂ ਮੈਂ ਕਦੇ ਤੱਕਿਆ ਨਹੀਂ।
ਫੁੱਲਾਂ ਦੇ ਮੌਸਮ ’ਚ ਰੁੱਖਾਂ ’ਤੇ ਕੋਈ ਪੱਤਾ ਨਹੀਂ।

ਦਰਿਆ ਕੰਢੇ ਰੇਤ ਉੱਤੇ ਲਿਖਿਆ ਹੈ ਲਹਿਰਾਂ ਨੇ ਜੋ
ਮੈਂ ਅਜਿਹਾ ਅੱਜ ਤੀਕਰ ਕਿਧਰੇ ਵੀ ਪੜ੍ਹਿਆ ਨਹੀਂ।

ਆਪਣੇ ਹੀ ਆਪ ਨੂੰ ਭੁੱਲਿਆ ਜ਼ਮਾਨਾ ਹੋ ਗਿਆ
ਆਪਣੇ ਹੀ ਆਪ ਨੂੰ ਇਉਂ ਭੁੱਲਣਾ ਚੰਗਾ ਨਹੀਂ।

ਅੱਜ ਸ਼ੀਸ਼ੇ ਵਿਚ ਖ਼ੁਦ ਨੂੰ ਵੇਖਿਆ ਤਾਂ ਜਾਪਿਆ
ਅਸਲ ਵਿਚ ਜਿੱਦਾਂ ਦਾ ਹਾਂ ਮੈਂ ਓਦਾਂ ਦਾ ਦਿਸਦਾ ਨਹੀਂ।

ਮੈਂ ਹੀ ਮਕਤਲ ਵਿਚ ਖਲੋਤਾ ਰਹਿ ਗਿਆ ਸਭ ਮੁੜ ਗਏ
ਹੋਰ ਕੋਈ ਮੇਰੇ ਵਰਗਾ ਦੂਸਰਾ ਝੱਲਾ ਨਹੀਂ।

ਪਰਤ ਆਇਆ ਹਾਂ ਸਫ਼ਰ ਨੂੰ ਮੈਂ ਅਧੂਰਾ ਛੱਡ ਕੇ
ਰਸਤਿਆਂ ਦੇ ਪੈਰ ਵਿਚ ਹੁਣ ਇਕ ਵੀ ਕੰਡਾ ਨਹੀਂ।

ਪਹਿਨਿਆ ਹੋਇਆ ਹੈ ਜਿਸ ਨੂੰ ਰੂਹ ਨੇ ਮੇਰੀ ‘ਸ਼ਸ਼ੀ’
ਦਰਅਸਲ ਉਹ ਜਿਸਮ ਮੇਰਾ ਹੋ ਕੇ ਵੀ ਮੇਰਾ ਨਹੀਂ।

— 4 —

ਮੈਂ ਅਜੇ ਜਿਉਂਦਾ ਹਾਂ ਇਸ ਗੱਲ ’ਤੇ ਭਰੋਸਾ ਰਹਿਣ ਦੇ।
ਰਹਿਣ ਦੇ ਥੋੜਾ ਕੁ ਚਿਰ ਤੂੰ ਇਹ ਭੁਲੇਖਾ ਰਹਿਣ ਦੇ।

ਚੁਣ ਰਿਹਾ ਹਾਂ ਮੈਂ ਤਾਂ ਸੁੱਕੀਆਂ ਡਾਲੀਆਂ ਤੋਂ ਮੌਨ ਹੁਣ
ਮੈਨੂੰ ਇਸ ਵੀਰਾਨਗੀ ਵਿਚ ਤੂੰ ਇਕੱਲਾ ਰਹਿਣ ਦੇ।

ਬੁੱਢੀਆਂ ਅੱਖਾਂ ’ਚ ਹਾਲੇ ਤੀਕ ਹੈ ਥੋੜੀ ਨਮੀ
ਜੰਡ ’ਤੇ ਉਮੀਦ ਦੇ ਤਰਕਸ਼ ਨੂੰ ਟੰਗਿਆ ਰਹਿਣ ਦੇ।

ਮੈਂ ਵੀ ਆਪਣੀ ਸੋਚ ਵਿਚ ਹਾਂ ਮੁਬਤਲਾ ਏਸੇ ਤਰ੍ਹਾਂ
ਜਾਲ ਦੇ ਵਿਚ ਕੀੜੇ ਨੂੰ ਏਦਾਂ ਹੀ ਫਸਿਆ ਰਹਿਣ ਦੇ।

ਧਰਤ ਦੇ ਮੱਥੇ ’ਤੇ ਸੂਰਜ ਟਿੱਕੇ ਵਾਂਗੂੰ ਲਿਸ਼ਕਦੈ
ਏਸ ਨੂੰ ਨਜ਼ਰਾਂ ਦੇ ਕੈਨਵਸ ਵਿਚ ਸਜਿਆ ਰਹਿਣ ਦੇ।

ਤੂੰ ਸਫ਼ਰ ਦੀ ਬਾਤ ਪਾ ਇਸ ਨੂੰ ਹੁੰਗਾਰਾ ਭਰਨ ਦੇ
ਆਪਣੇ ਇਕਲਾਪੇ ਨੂੰ ਆਪਣੇ ਨਾਲ ਟੁਰਦਾ ਰਹਿਣ ਦੇ।



ਮੈਂ ਤਾਂ ਹਰਫ਼ਾਂ ਨਾਲ ਕੇਵਲ ਸੱਚ ਚਿਤਰਾਂਗਾ ‘ਸ਼ਸ਼ੀ’
ਤੂੰ ਸਮੇਂ ਦੀ ਅੱਖ ਵਿਚ ਮੈਨੂੰ ਰੜਕਦਾ ਰਹਿਣ ਦੇ।

# ਕਵਿਤਾਵਾਂ : **ਬਲਦੇਵ ਚੱਕ ਸਕੰਦਰ**

—1—

ਹੇ ਭਾਈ
ਸੱਚ ਬੋਲ, ਸਦਾ ਸੱਚ ਬੋਲ
ਜਿੰਨਾ ਕੁ ਆਰਾਮ ਨਾਲ ਪਚ ਜਾਵੇ
ਓਨਾ ਕੁ ਸੱਚ...ਜ਼ਰੂਰ ਬੋਲ।
ਸ਼ੇਰਾਂ, ਬਿੱਲੀਆਂ ਦੀਆਂ ਬਾਤਾਂ 'ਚ ਲਪੇਟ ਕੇ
ਕਾਂਵਾਂ, ਚਿੜੀਆਂ ਦੀਆਂ ਕਹਾਣੀਆਂ 'ਚ ਸਮੇਟ ਕੇ
ਸੱਚ ਬੋਲ।
ਬੰਦਿਆਂ ਦਾ ਨਾਂਅ ਨਾ ਲਈਂ
ਵੈਰ ਪੈ ਜਾਂਦੇ ਹੁੰਦੇ ਨੇ
ਪਿਆਲੇ ਜ਼ਹਿਰ ਦੇ
ਹੱਥੀਂ ਫੜਾ ਦੇਂਦੇ ਹੁੰਦੇ ਨੇ।

ਸੰਗਮਰਮਰੀ ਇਮਾਰਤਾਂ ਨਾਲ
ਮੱਥਾ ਨਾ ਲਾ ਬੈਠੀਂ
ਔਖਾ ਹੋਵੇਂਗਾ।
ਬੜੇ ਭਾਰੇ ਪੱਥਰ ਨੇ
ਹਿਲਾਉਣੇ ਮੁਸ਼ਕਿਲ ਹੁੰਦੇ ਨੇ।

ਬੜੀ ਸਮਝਦਾਰੀ ਨਾਲ
ਕੁਝ ਗਿਣੇ ਚੁਣੇ ਲੋਕਾਂ ਵਿਚ
ਪੁੱਠੇ-ਸਿੱਧੇ ਸਿਧਾਂਤਾਂ ਤੇ
ਪੋਲੀ ਪੋਲੀ ਸੱਟ ਮਾਰੀਂ
ਨਾ ਪੀੜ ਹੋਵੇ ਕਿਸੇ ਨੂੰ
ਨਾ ਇਲਜ਼ਾਮ ਲੱਗੇ
ਜ਼ਮਾਨਾ ਸਫ਼ਾਈਆਂ ਨਹੀਂ ਮੰਗਦਾ
ਮੁਆਫ਼ੀਆਂ ਮੰਗਦਾ ਹੈ।

ਹੇ ਭਾਈ
ਉਹ ਸੱਚ
ਜੋ ਚੰਗੀਆਂ ਰੂਹਾਂ ਨੂੰ ਟੁੰਬ ਜਾਵੇ
ਪਰ ਕੋਈ ਦਾਨਵ ਇਸ ਦੀ
ਖ਼ੁਸ਼ਬੋ ਨਾ ਸੁੰਘ ਪਾਵੇ
ਇਹੋ ਜਹੇ ਸੱਚ
ਲੱਭ ਲੱਭ ਕੇ ਬੋਲ
ਹੇ ਭਾਈ
ਸਦਾ ਸੱਚ ਬੋਲ।

—2—

ਮੈਂ ਅੱਜ ਥੋੜ੍ਹਾ ਥੋੜ੍ਹਾ ਖ਼ੁਸ਼ ਹੋ ਜਾਵਾਂ
ਤਾਂ ਕੋਈ ਇਤਰਾਜ਼ ਤਾਂ ਨਹੀਂ ?

ਬਾਪੂ ਨੇ ਮਾਇਆ ਲੱਗੀ
ਚਿੱਟੀ ਪੱਗ 'ਤੇ ਹਲਕਾ ਹਲਕਾ
ਪਾਣੀ ਤਰੌਂਕ ਲਿਆ ਹੈ
ਉਹ ਬਿਨਾਂ ਸ਼ੀਸ਼ੇ ਦੇ
ਪੋਚ ਪੋਚ ਕੇ ਬੰਨ੍ਹੇਗਾ
ਨਿੱਕਾ ਜਿਹਾ ਤੁਰਲਾ ਕੱਢੇਗਾ।

ਕਾਲੀ ਕਰੋਮ ਦੀ ਲੱਕੀ ਜੁੱਤੀ ਨੂੰ
ਪੁਰਾਣੇ ਪਰਨੇ ਦੇ ਪਾਟੇ ਕਿਨਾਰੇ ਨਾਲ
ਰੀਝ ਨਾਲ ਪੂੰਝੇਗਾ

ਸਾਈਕਲ ਦੀ ਜੰਗਾਲ਼ੀ ਮਾਹਲ 'ਤੇ
ਟੋਕੇ ਦੇ ਕਾਲੇ ਤੇਲ ਨੂੰ
ਤੀਲ੍ਹੇ 'ਤੇ ਵਲ੍ਹੇਟੀ ਲੀਰ ਨਾਲ
ਘੁੰਡੀਆਂ ਛੱਡ ਛੱਡ ਛੂਹੇਗਾ।

ਉਸ ਮੱਸਿਆ ਜਾਣਾ ਹੈ
ਗੁਰੂ ਘਰ ਮੱਥਾ ਟੇਕ, ਇਸ਼ਨਾਨ ਕਰ
ਘਰ ਦਾ ਨਿਕ-ਸੁੱਕ ਲਿਆਣਾ ਹੈ

ਮਾਂ ਪਰੌਂਠੀਆਂ ਲਾਹੁੰਦੀ ਹੈ
ਚੁੱਲ੍ਹੇ ਦੀ ਸੋਨ ਰੰਗੀ ਅੱਗ
ਉਹਦੇ ਚਿਹਰੇ 'ਤੇ ਗਿੱਧਾ ਪਾਉਂਦੀ ਹੈ
ਸੋਹਣਾ ਸੂਰਜ ਚੜ੍ਹਿਆ ਹੈ
ਸਾਡਾ ਵਿਹੜਾ ਖਿੜਿਆ ਹੈ

ਮੈਂ ਇਹ ਸੋਚ ਸੋਚ
ਅੱਜ ਖ਼ੁਸ਼ ਹੋ ਜਾਵਾਂ
ਤਾਂ ਕੋਈ ਇਤਰਾਜ਼ ਤਾਂ ਨਹੀਂ ?

— 3 —

ਪਿਆਰੇ ਮਿੱਤਰ
ਤੂੰ ਹਾਲੇ ਨਾ ਆਈਂ...ਮੇਰੇ ਕੋਲ
ਹਾਲੇ ਤਾਂ ਤੂੰ
ਪੜ੍ਹਨਾ ਹੈ, ਲਿਖਣਾ ਹੈ
ਚੰਗੀ ਜਹੀ ਨੌਕਰੀ ਲੱਭਣੀ ਹੈ

ਘਰ ਬਣਾਉਣਾ ਹੈ
ਘਰ ਵਸਾਉਣਾ ਹੈ

ਬੀਵੀ ਦੇ ਸੁਫ਼ਨੇ ਨੇ
ਮਾਂ ਪਿਉ ਦੇ ਚਾਅ ਨੇ
ਬੱਚਿਆਂ ਦੀਆਂ ਰੀਝਾਂ ਨੇ
ਅਫ਼ਸਰਾਂ ਦੀਆਂ, ਦਫ਼ਤਰਾਂ ਦੀਆਂ ਉਮੀਦਾਂ ਨੇ
ਤਰੱਕੀਆਂ ਨੇ, ਜ਼ੁੰਮੇਵਾਰੀਆਂ ਨੇ
ਜ਼ਿੰਦਗੀ ਦੀਆਂ ਹੋਰ ਵੀ ਕਈ
ਦੁਸ਼ਵਾਰੀਆਂ ਨੇ

ਹਾਲੇ ਤਾਂ ਤੂੰ ਉੱਡਣਾ ਹੈ
ਦੂਰ ਦੁਰਾਡੋਂ ਦੁਨੀਆ ਦੇ
ਅਜੂਬਿਆਂ ਨੂੰ ਤੱਕਣਾ ਹੈ
ਕਈ ਖੋਜਾਂ ਕਰਨੀਆਂ ਨੇ
ਕਈ ਮੌਜਾਂ
ਕਿਤੇ ਭਰੀਆਂ ਥਾਲੀਆਂ ਦਾ
ਸਵਾਦ ਮਾਨਣਾ ਹੈ
ਕਿਤੇ ਤਾਲੀਆਂ ਦੀ
ਗੂੰਜ ਦਾ ਆਨੰਦ।

ਪਿਆਰੇ ਮਿੱਤਰ
ਤੂੰ ਹਾਲੇ ਨਾ ਆਈਂ...ਮੇਰੇ ਕੋਲ
ਜ਼ਰਾ ਵਿਹਲਾ ਹੋ ਕੇ ਆਈਂ
ਜ਼ਰਾ ਟਾਈਮ ਕੱਢ ਕੇ ਆਈਂ
ਕਈ ਗੱਲਾਂ ਹੁੰਦੀਆਂ ਨੇ
ਜੋ ਕਰਨੀਆਂ ਹੁੰਦੀਆਂ ਨੇ।

— 4 —

ਕੁਝ ਵੀ ਤਾਂ
ਸਦਾ ਲਈ ਗ਼ਾਇਬ ਨਹੀਂ ਹੁੰਦਾ
ਜੋ ਚਲੇ ਜਾਂਦੇ ਹਨ
ਪਿੱਛੇ ਕਦੀ ਪੈੱਨ, ਕਦੀ ਪੈਂਟ
ਭੁੱਲ ਜਾਵਣ।
ਯਾਦਾਂ ਤਾਂ ਬੇਸ਼ੁਮਾਰ
ਕਿ ਸਾਂਭੀਆਂ ਨਾ ਜਾਵਣ
ਪੁਰਾਣੀਆਂ ਚਿੱਠੀਆਂ, ਫੋਟੋਆਂ ਤੇ ਗਾਣਿਆਂ ’ਚੋਂ
ਮੁੜ ਮੁੜ ਉੱਗ ਆਵਣ

ਸਭਨਾਂ ਜੀਆਂ ਮਿਲ ਕੇ

ਸ਼ਾਮ ਨੂੰ ਸੈਰ ਲਈ ਜਾਣਾ
ਰਾਤ ਦੀ ਰੋਟੀ ਖਾਂਦਿਆਂ
ਰਿਸ਼ਤੇਦਾਰੀਆਂ 'ਚ ਹੁੰਦੀਆਂ
ਬੇਤੁਕੀਆਂ ਬਾਤਾਂ 'ਤੇ ਹੱਸੀ ਜਾਣਾ
ਕੁਝ ਵੀ ਤਾਂ
ਸਦਾ ਲਈ ਗ਼ਾਇਬ ਨਹੀਂ ਹੁੰਦਾ

— 5 —

ਬੜੀ ਤਿਲਕਣ ਬਾਜ਼ੀ ਹੈ
ਸੰਭਲ ਸੰਭਲ ਕੇ ਪੈਰ ਧਰੀ ਦਾ
ਸੋਚ ਸੋਚ ਕੇ ਬੋਲੀ ਦਾ।

ਤੋਲ ਤੋਲ ਕੇ
ਵਿਹਾਰ ਹੁੰਦੇ।
ਇਕ ਹੱਥ ਦੇਣਾ
ਇਕ ਹੱਥ ਲੈਣਾ
ਪੈਸਾ ਵੀ ਗਿਣ-ਗਿਣ ਕੇ
ਪਿਆਰ ਵੀ ਮਿਣ-ਮਿਣ ਕੇ।

ਇਹ ਹਵਾ ਹੀ
ਹੋਰ ਹੈ
ਹੁਣ, ਹਰ ਕੋਈ
ਮੂੰਹ ਜ਼ੋਰ ਹੈ
ਇਹ ਨਵੀਂ ਦੁਨੀਆਂ ਦਾ
ਨਵਾਂ ਨਜ਼ਾਮ ਹੈ

ਅੱਜ ਮੇਰੀ
ਬਿਜਲੀ ਮਹਿੰਗੀ ਹੈ
ਕੱਲ੍ਹ ਮੇਰਾ ਡੀਜ਼ਲ ਮਹਿੰਗਾ ਸੀ
ਨਾ ਕਰਜ਼ਾ ਲਹਿੰਦਾ ਹੈ
ਨਾ ਰਾਤ ਗੁਜ਼ਰਦੀ ਹੈ।

ਲੜਿਆ ਵੀ ਨਹੀਂ ਜਾਂਦਾ
ਮਰਿਆ ਵੀ ਨਹੀਂ ਜਾਂਦਾ
ਕਿਸੇ ਨੂੰ ਕੁਝ ਕਿਹਾ ਵੀ ਨਹੀਂ ਜਾਂਦਾ

ਬੜੀ ਤਿਲਕਣ ਬਾਜ਼ੀ ਹੈ
ਬੋਚ ਬੋਚ ਕੇ ਪੈਰੀ ਧਰੀ ਦਾ
ਸੋਚ ਸੋਚ ਕੇ
ਬੋਲੀ ਦਾ।

ਕਵਿਤਾਵਾਂ : **ਪ੍ਰਦੀਪ ਬੋਸ**



## ਗ਼ੈਰ-ਬਰਾਬਰੀ ਦੇ ਖ਼ਿਲਾਫ਼

ਜਦੋਂ ਬੀਬਾ-ਬਿੱਲਾ ਬਾਘੜ-ਬਿੱਲਾ ਬਣ ਜਾਵੇ ਤਾਂ
ਉਹ ਆਪਣੇ ਹੀ ਕਾਨੂੰਨ ਬਣਾਉਂਦਾ ਹੈ
ਅਤੇ ਘਰ ਵਾਲਿਆਂ ਨੂੰ ਸਤਾਉਂਦਾ ਹੈ
ਉਹ ਬੂਬਾ ਨਾਂ ਵਾਲਾ ਕਾਰਟੂਨ ਨਹੀਂ ਰਹਿ ਜਾਂਦਾ
ਸਗੋਂ ਜਿਉਂਦਾ ਜਾਗਦਾ ਇਕ ਕਿਰਦਾਰ ਹੋ ਜਾਂਦਾ ਹੈ।

ਕਿਸੇ ਵੀ ਜੰਗ ਤੋਂ ਪਹਿਲਾਂ ਜ਼ਰੂਰੀ ਹੈ ਕਿ
ਆਪਣੇ ਨਹੁੰਆਂ, ਦੰਦਾਂ ਅਤੇ ਜਬਾੜਿਆਂ ਨੂੰ ਪਰਖ ਲਿਆ ਜਾਵੇ
ਪਤਾ ਨਹੀਂ ਕਦੋਂ ਘੱਲੂਘਾਰੇ ਦੀ ਰਣਨੀਤੀ
ਰਾਜਨੀਤੀ ਵਿਚ ਤਬਦੀਲ ਹੋ ਜਾਵੇ
ਅਤੇ ਤੁਹਾਨੂੰ ਆਪਣੀ ਵਫ਼ਾਦਾਰੀ ਸਾਬਤ ਕਰਨੀ ਪਵੇ।

ਗ਼ੈਰ-ਬਰਾਬਰੀ ਦੀ ਇਸ ਲੰਮੀ ਲੜਾਈ ਖ਼ਿਲਾਫ਼
ਸਾਨੂੰ ਲਾਮਬੰਦ ਹੋਣਾ ਪਊ
ਇਸ ਲੜਾਈ ਵਿਚ ਨਾ ਤਾਂ ਉਦਰੇਵਾਂ ਤਾਰੀ ਹੋ ਸਕਦੈ
ਨਾ ਹੀ ਹਉਮੈ ਦੀ ਕੋਈ ਜ਼ਿੱਦ ਚੱਲੂ
ਅਤੇ ਨਾ ਹੀ ਹੋਂਦ ਦਾ ਕੋਈ ਰੌਲਾ ਰਹੁ।

ਅਨਿਆਂ ਦੇ ਖ਼ਿਲਾਫ਼ ਲੜਨਾ ਕੋਈ ਗੁਨਾਹ ਨਹੀਂ
ਸਗੋਂ ਇਹ ਇਕ ਨੇਅਮਤ ਹੈ
ਜਿਸ ਦੀ ਬਖਸ਼ੀਸ਼ ਫਤਿਹ ਹੈ

## ਹਾਰਟ ਅਟੈਕ

ਮਾਘ ਦੀ ਮੱਸਿਆ
ਅੱਜ ਦੀ ਰਾਤ ਅਚਾਨਕ ਲਾਈਟ ਚਲੀ ਗਈ
ਮੈਂ ਹਨੇਰੇ ਵਿਚ ਇਕੱਲਾ ਰੌਸ਼ਨੀ ਨੂੰ ਭਾਲਦਾ
ਇੰਜ ਜਾਪਦੈ ਮੈਨੂੰ ਹਾਰਟ ਅਟੈਕ ਹੋ ਰਿਹਾ ਹੈ
ਅਤੇ ਮੇਰੀਆਂ ਨਸਾਂ ਵਿਚ ਪਾਰਾ ਘੁਲ਼ਦਾ ਜਾ ਰਿਹਾ ਹੈ
ਮੇਰੀ ਬੀਅਰ ਪੀਣ ਦੀ ਇੱਛਾ
ਬੜੀ ਤੀਬਰ ਹੋ ਕੇ ਜਾਗਦੀ ਹੈ

ਪਰ ਮੇਰੇ ਮੁੰਡੇ ਮੈਨੂੰ ਕਾਰ ਵਿਚ ਪਾ ਕੇ
ਹਸਪਤਾਲ ਦੇ ਆਈ ਸੀ ਯੂ ਵਿਚ ਭਰਤੀ ਕਰ ਦੇਂਦੇ ਹਨ

ਅਗਲੇ ਦਿਨ
ਬਾਈਪਾਸ ਮਗਰੋਂ ਨਵਾਂ ਦਿਨ ਚੜ੍ਹਦਾ ਹੈ।

ਮੋਬ. 9950591235

# ਬਸਤੀਵਾਦੀ ਚਿੰਤਨ ਅਤੇ ਸੁਕਰਾਤ ਦਾ ਬਿੰਬ

*ਹਰਵਿੰਦਰ ਸਿੰਘ*

ਪੰਜਾਬ ਵਿਚ ਬਰਤਾਨਵੀ ਨਿਜ਼ਾਮ ਸਥਾਪਤ ਹੋਣ ਨਾਲ ਵੱਖਰੀ ਤਰ੍ਹਾਂ ਦੇ ਮਾਹੌਲ, ਸਭਿਆਚਾਰ, ਪ੍ਰਸ਼ਾਸਨਿਕ ਢਾਂਚਾ ਅਤੇ ਸਿਆਸਤ ਦਾ ਉਭਾਰ ਹੋਇਆ। ਇਸ ਨਿਜ਼ਾਮ ਦੇ ਪ੍ਰਭਾਵ ਅਧੀਨ ਨਵ-ਜਾਗ੍ਰਿਤੀ, ਨਵੀਆਂ ਪਛਾਣਾਂ, ਅਸਹਿਮਤੀ, ਨਵਾਂ ਸਿੱਖਿਆ ਢਾਂਚਾ, ਹੀਣਭਾਵਨਾ, ਤੌਖ਼ਲਾ ਅਤੇ ਭਾਈਚਾਰਕ ਸੰਬੰਧਾਂ 'ਚ ਕਸ਼ੀਦਗੀ ਦਾ ਮਾਹੌਲ ਆਦਿ ਵਰਤਾਰੇ ਮਿਸ਼ਰਤ ਰੂਪ 'ਚ ਕਾਰਜਸ਼ੀਲ ਸਨ। ਇੰਨ੍ਹਾਂ ਖੋਜ ਕਾਰਜਾਂ ਰਾਹੀਂ ਬਸਤੀਵਾਦੀ ਚਿੰਤਕ ਪੰਜਾਬੀ ਮਾਨਸਿਕਤਾ ਨੂੰ ਸਮਝਣ ਅਤੇ ਬਰਤਾਨਵੀ ਹਕੂਮਤ ਪੈਰ ਪੱਕੇ ਕਰਨ ਦੇ ਆਹਰ 'ਚ ਸਨ। ਇਸ ਸੰਕ੍ਰਾਂਤੀ ਦੇ ਦੌਰ 'ਚ ਪੁਰਾਣੇ ਦੀ ਟੁੱਟ-ਭੱਜ ਅਤੇ ਨਵਾਂ ਹੋਂਦ ਧਾਰਨ ਕਰ ਰਿਹਾ ਸੀ। ਮੁਖ਼ਤਸਰ ਲਫ਼ਜ਼ਾਂ ਵਿਚ ਪੰਜਾਬੀਅਤ 'ਚ ਪਈਆਂ ਤਰੇੜਾਂ ਖਾਈ ਦਾ ਰੂਪ ਧਾਰਨ ਕਰ ਰਹੀਆਂ ਸਨ। ਪੰਜਾਬੀਅਤ 'ਚ ਪਏ ਪਾੜ ਦੇ ਕਾਰਨ ਸਿਰਫ਼ ਬਰਤਾਨਵੀਂ ਹਕੂਮਤ ਦੌਰਾਨ ਹੀ ਨਹੀਂ ਸਨ ਪਨਪੇ; ਇਸ ਤੋਂ ਪਹਿਲਾਂ ਵੀ ਪੰਜਾਬ 'ਚ ਲੰਮੇ ਸਮੇਂ ਤੋਂ ਆਪੋ-ਆਪਣੀਆਂ ਧਾਰਮਿਕ ਪਛਾਣਾਂ ਗੂੜ੍ਹੀਆਂ ਹੋ ਚੁੱਕੀਆਂ ਸਨ। ਅੰਗਰੇਜ਼ੀ ਸਾਮਰਾਜ ਨੇ ਪੰਜਾਬੀਅਤ ਨੂੰ ਵੰਡੇ ਜਾਣ ਦੀ ਸੰਭਾਵਨਾ/ਗੁੰਜਾਇਸ਼ ਨੂੰ ਤਲਾਸ਼ ਕੀਤਾ।

ਬਸਤੀਵਾਦੀ ਸੱਤਾ 'ਚ ਸ਼ਕਤੀਸ਼ਾਲੀ ਰਾਜ ਪ੍ਰਬੰਧ ਦੇ ਨਾਲ-ਨਾਲ ਪ੍ਰਕਾਸ਼ਨ ਸਭਿਆਚਾਰ, ਪ੍ਰਚਾਰਕ ਮਸ਼ੀਨਰੀ ਇਸਾਈ ਮੱਤ ਦੇ ਪ੍ਰਚਾਰ ਲਈ ਨਿਰਸੰਦੇਹ ਜਥੇਬੰਦ ਸਨ ਪਰ ਉਨ੍ਹਾਂ ਸਥਾਨਕ ਕਬੀਲਿਆਂ, ਜਾਤਾਂ ਦੀ ਕਿੱਤਾਮੁਖੀ ਜਾਣਕਾਰੀ, ਇਤਿਹਾਸਕ ਸ੍ਰੋਤਾਂ ਦੇ ਅਧਿਐਨ ਲਈ ਸਥਾਨਕ ਅਤੇ ਵਿਦੇਸ਼ੀ ਵਿਦਵਾਨਾਂ ਨੂੰ ਹਾਇਰ ਕੀਤਾ; ਕਈ ਅੰਗਰੇਜ਼ ਚਿੰਤਕਾਂ ਨੇ ਭਾਸ਼ਾ, ਸਭਿਆਚਾਰ ਦੇ ਖੇਤਰਾਂ 'ਚ ਸਲਾਹੁਣਯੋਗ ਕਾਰਜ ਕੀਤੇ। ਬਸਤੀਵਾਦ ਦੀਆਂ ਜਥੇਬੰਦੀਆਂ ਨੇ ਸੂਤਰਬੱਧ ਢੰਗ ਨਾਲ ਆਪਣੇ ਉਦੇਸ਼ ਦੀ ਪੂਰਤੀ ਲਈ ਕਾਰਜ ਆਰੰਭ ਕੀਤੇ। ਬਸਤੀਵਾਦੀ ਚਿੰਤਕਾਂ ਨੇ ਆਪਣੇ ਆਪ ਨੂੰ 'ਸਰਬਉੱਚ', 'ਉੱਤਮ', 'ਕੁਲੀਨ' ਕੌਮ ਦਾ ਹੋਣ ਦਾ ਪ੍ਰਚਾਰ ਕਰਕੇ, ਸਥਾਨਕ ਸਭਿਆਚਾਰਾਂ ਭਾਸ਼ਾਵਾਂ 'ਚ 'ਹੀਣ-ਭਾਵਨਾ', ਅਵਿਕਸਤ, ਪਛੜੇ ਹੋਣ ਦਾ ਭਰਮ ਸਿਰਜਿਆ। ਉਨ੍ਹਾਂ ਆਪਣੇ ਪ੍ਰਚਾਰ ਢੰਗ ਨਾਲ ਪੰਜਾਬ ਦੇ ਗਿਅਨ ਸਰੋਤਾਂ 'ਚ ਰਲਾ ਪਾਏ ਅਤੇ ਤੱਥਾਂ ਦੀ ਆਪਣੇ ਹਿੱਤਾਂ ਅਨੁਸਾਰ ਵਿਆਖਿਆ ਕੀਤੀ।

ਉਪਰੋਕਤ ਕਾਰਣਾ ਕਰਕੇ ਆਮ ਵਾਕਫ਼ੀਅਤ ਰੱਖਣ ਵਾਲੀ ਆਵਾਮ ਦੀ ਮਾਨਸਿਕਤਾ ਵਿਚ ਬਰਤਾਨਵੀ ਹਕੂਮਤ ਦਾ ਚਿਹਰਾ, ਉਦਾਰਵਾਦੀ, ਤਰੱਕੀ ਪਸੰਦ, ਸਥਾਨਕ ਲੋਕਾਂ ਲਈ 'ਰੱਬ ਦੇ ਦੂਤ' ਵਾਲਾ ਨਜ਼ਰ ਆਉਂਦਾ ਸੀ, ਜਦਕਿ ਅੰਗਰੇਜ਼ੀ ਸਾਮਰਾਜ ਅਤੇ ਉਸ ਦੇ ਕਈ ਚਿੰਤਕ ਨਸਲਪ੍ਰਸਤ, ਹਿੰਸਕ ਅਤੇ ਸਥਾਨਕ ਲੋਕਾਂ 'ਚ ਘਿਰਣਾਯੋਗ ਵਰਤਾਰਿਆਂ ਨੂੰ ਅੰਜਾਮ ਦੇਣ ਵਾਲੇ ਸਨ। ਅੰਗਰੇਜ਼ ਮੈਕਸਮੂਲਰ ਨੇ ਆਪਣੇ ਦੋਸਤਾਂ ਨੂੰ ਲਿਖੀਆਂ ਚਿੱਠੀਆਂ 'ਚ ਕਬੂਲ ਕੀਤਾ ਕਿ ਮੈਂ ਇਹੋ ਜਿਹਾ ਕੰਮ ਕਰ ਦਿੱਤਾ ਜਿਸ ਦੀ ਸਦੀਆਂ ਬਾਅਦ ਹਿੰਦੋਸਤਾਨੀਆਂ ਨੂੰ ਸਮਝ ਆਏਗੀ। ਪੰਜਾਬੀਆਂ ਦੀ ਦੇਹ 'ਤੇ ਕੀਤੀ ਹਿੰਸਾ ਦੇ ਜ਼ਖ਼ਮ ਸ਼ਾਇਦ ਸਮੇਂ ਨਾਲ ਭਰ ਜਾਣ, ਪਰ ਇੰਨ੍ਹਾਂ ਦੁਆਰਾ ਕੀਤੀ ਸ਼ਬਦ-ਭਾਸ਼ਾਈ ਹਿੰਸਾ ਨੇ ਸਥਾਨਕ ਲੋਕਾਈ ਦੇ ਮਨ ਵਿਚ 'ਹੀਣ-ਭਾਵਨਾ', 'ਪਛੜਿਆ', ਅਵਿਕਸਤ ਹੋਣ ਦਾ ਭਰਮ ਫਰੀਜ਼ ਹੋ ਗਿਆ।


ਟ੍ਰੈਕਟ ਨੰ: ੩੫੨

ਇਕ ਈਸ੍ਰਰਵਾਦੀ

ਸੁਕਰਾਤ ਹਕੀਮ

ਦਾ

ਸੰਛੇਪ ਜੀਵਨ ਚਰਿਤ੍ਰ

ਜਿਸਨੂ

ਖਾਲਸਾ ਟ੍ਰੈਕਟ ਸੋਸਾਇਟੀ ਅੰਮ੍ਰਿਤਸਰ

(ਰਜਿਸਟਰਡ ਮੁਤਾਬਕ ਐਕਟ ੨੧ ਸੰਨ ੬੦)ਨੇ

ਵਜ਼ੀਰ ਹਿੰਦ ਪ੍ਰੈਸ ਅੰਮ੍ਰਿਤਸਰ ਵਿਚ ਭਾਈ ਬਹਾਦਰ ਸਿੰਘ ਮੈਨੇਜਰ ਦੇ ਯਤਨ ਨਾਲ ਛਪਵਾ ਯਾ ॥

**ਫਰੈਂਕ ਲੂਗਾਰਡ ਬ੍ਰੇਨ ਦਾ ਪੇਂਡੂ ਸੁਕਰਾਤ** : ਇਸ ਦੀ ਇਕ ਮਿਸਾਲ ਸਾਂਝੀ ਕਰ ਸਕਦੇ ਹਾਂ। ਅੰਗਰੇਜ਼ ਅਫ਼ਸਰਸ਼ਾਹ, ਫਰੈਂਕ ਲੂਗਾਰਡ ਬ੍ਰੇਨ (ਭਵਤਠੀਂ ਸ਼ਜੀਤਰਾ ਟਵਤਚਠਗ) ਆਈ.ਸੀ.ਐੱਸ. ਗੁੜਗਾਉਂ (ਫਿਰ ਜੇਹਲਮ) ਦੀ ਪੁਸਤਕ ਣਥਡਵਤਖਗਦ ਰਠ ਤਠ ਯਠਰਿਤਠ ਨਰਸਸਗੀਗ (ਦਾ

ਪੰਜਾਬੀ ਅਨੁਵਾਦ ਪੇਂਡੂ ਜਾਂ ਦਿਹਾੜੀ ਸੁਕਰਾਤ) ਹੈ। ਇਹ ਪੁਸਤਕ ਔਕਸਫੌਰਡ ਯੂਨੀਵਰਸਿਟੀ ਪ੍ਰੈੱਸ, ਬੰਬਈ-ਮਦਰਾਸ ਤੋਂ 1930 'ਚ ਪ੍ਰਕਾਸ਼ਿਤ ਹੋਈ। ਇਸ ਅਨੁਵਾਦਤ ਪੁਸਤਕ ਦੇ ਪੰਜਾਬੀ ਸੰਸਕਰਣ ਦਾ ਇਸ਼ਤਿਹਾਰ 1930ਵਿਆਂ ਦੌਰਾਨ ਫੁਲਵਾੜੀ ਅਤੇ ਹੋਰ ਰਸਾਲਿਆਂ 'ਚ ਛਪਦਾ ਰਿਹਾ ਹੈ। ਐਫ਼.ਐੱਲ ਬ੍ਰੇਨ ਭਾਰਤੀ ਪਿੰਡਾਂ ਦੀ ਉੱਨਤੀ, ਵਿਕਾਸ ਦੀਆਂ ਸਕੀਮਾਂ, ਯੋਜਨਾਵਾਂ ਦਾ ਪ੍ਰਮੁੱਖ ਸਲਾਹਕਾਰ ਸੀ। ਉਸ ਨੇ ਇੰਗਲੈਂਡ ਦੇ ਪਿੰਡਾਂ ਦੀ ਤਰਜ਼ 'ਤੇ ਪੰਜਾਬ ਦੇ ਪਿੰਡਾਂ ਨੂੰ ਵਿਕਸਤ ਕਰਨ ਦੀ ਯੋਜਨਾ ਬਣਾਈ। ਇਸੇ ਤਰੱਦਦ ਤਹਿਤ ਉਸ ਨੇ ਲੋਕਾਂ ਨੂੰ ਸੁਰੱਖਿਅਤ ਕਰਨ ਲਈ ਸੁਕਰਾਤ ਦਾ 'ਕਾਲਪਨਿਕ ਕਿਰਦਾਰ ਘੜਿਆ; ਬ੍ਰੇਨ ਦਾ ਸੁਕਰਾਤ ਗੁੜਗਾਉਂ ਜ਼ਿਲ੍ਹੇ ਦੇ ਪਿੰਡਾਂ ਦੇ ਵਿਹੜਿਆਂ, ਘਰਾਂ 'ਚ ਜਾ ਕੇ 'ਸੰਵਾਦੀ ਵਿਧੀ' ਰਾਹੀਂ ਸਥਾਨਕ ਵਸਨੀਕਾਂ ਨੂੰ ਪੜ੍ਹਾਈ, ਜਾਤ-ਪਾਤ, ਰਹਿਣ-ਸਹਿਣ, ਖਾਣ-ਪਹਿਨਣ, ਸਿੱਖਿਆ, ਨੈਤਿਕਤਾ-ਸਦਾਚਾਰ, ਸਫ਼ਾਈ-ਸੁਧਾਰ ਸੰਬੰਧੀ ਵਿਖਿਆਨ ਦਿੰਦਾ ਸੀ। ਕਿਸੇ ਅਫ਼ਸਰਸ਼ਾਹ ਵਲੋਂ ਲੋਕ ਭਲਾਈ ਸੰਬੰਧੀ ਸੁਰੱਖਿਅਤ ਕਰਨਾ ਨੈਤਿਕ ਫ਼ਰਜ਼ ਹੈ। ਇਹ 'ਸਿਖਲਾਈ' ਇੱਥੋਂ ਤੱਕ ਤਾਂ ਠੀਕ ਲਗਦੀ ਹੈ; ਪਰ ਸਦਾਚਾਰ, ਸਿੱਖਿਆ-ਸੁਧਾਰ ਦੇ ਨਾਂ 'ਤੇ ਵਰਤੀ ਗਈ ਭਾਸ਼ਾ 'ਹਿੰਸਾ' ਬਣ ਜਾਂਦੀ ਹੈ। ਇਸ ਪੁਸਤਕ ਵਿਚ ਸਦਾਚਾਰ ਦੇ ਓਹਲੇ, ਤੈਹਾਂ 'ਚ ਨਸਲਪ੍ਰਸਤੀ, ਹਿੰਸਾ, ਹਿਕਾਰਤ ਅਤੇ ਆਪਣੇ ਆਪ ਨੂੰ 'ਉੱਤਮ' ਸਿੱਧ ਕਰਨ ਦੀ ਭਾਵਨਾ ਪ੍ਰਬਲ ਰੂਪ 'ਚ ਸਾਹਮਣੇ ਆਉਂਦੀ ਹੈ। ਮਿਸਾਲ ਵਜੋਂ :

ਸੁਕਰਾਤ : ਤੁਸੀਂ ਰੇਲਗੱਡੀ ਬਣਾ ਸਕਦੇ ਓ?

ਜ਼ਿਮੀਂਦਾਰ : ਜੀ ਅਸੀਂ ਕੋਈ ਇੰਜੀਨੀਅਰ ਤਾਂ ਨਹੀਂ!

ਸੁਕਰਾਤ : ਤਾਂ ਏਨੀ ਗੱਲੀਂ ਤੁਹਾਡੇ ਤੇ ਪਸ਼ੂਆਂ ਵਿਚ ਕੋਈ ਫ਼ਰਕ ਤਾਂ ਨਹੀਂ ਹੋਇਆ? ਕਿਉਂ ਜੋ ਤੁਸੀਂ ਇੰਨ੍ਹਾਂ 'ਚੋਂ ਇਕ ਵੀ ਨਹੀਂ ਬਣ ਸਕਦੇ?

ਬ੍ਰੇਨ (Brayne) ਇਸ ਬੌਧਿਕ ਫਰੇਬ ਵਰਤ ਕੇ ਸੁਕਰਾਤ ਦੇ ਬਿੰਬ ਪੱਛਮੀ ਪਦਾਰਥ ਵਿੱਦਿਆ ਤੇ ਹਉਂਵਾਦੀ ਰੁਚੀਆਂ ਦਾ ਪ੍ਰਗਟਾਵਾ ਕਰ ਜਾਂਦਾ ਹੈ। ਇਹ ਬਸਤੀਵਾਦੀ ਚਿੰਤਨ, ਅਨੁਵਾਦ ਅਤੇ ਵਿਆਖਿਆ ਦਾ ਅਛੋਪਲਾ ਸੰਸਾਰ ਹੈ। ਦਰਅਸਲ, ਸੁਕਰਾਤ ਦੇ ਬਹਾਨੇ ਇਹ ਪੱਛਮੀ ਚਿੰਤਕਾਂ ਦੀਆਂ 'ਟਾਹਰਾਂ' ਹਨ, ਜੋ ਸਥਾਨਕ ਸਭਿਆਚਾਰ ਅਤੇ ਵਸਨੀਕਾਂ ਨੂੰ 'ਅਤਿ ਨੀਵੀਂ' ਸ਼੍ਰੇਣੀ ਦਾ ਦਰਜਾ ਦਿੰਦੇ ਹਨ।

**ਬਸਤੀਵਾਦੀ ਚਿੰਤਨ ਅਤੇ ਭਾਈ ਵੀਰ ਸਿੰਘ** : ਪੰਜਾਬ ਦੀ ਬਦਲੀ ਹੋਈ ਫਿਜ਼ਾ ਵਿਚ ਭਾਸ਼ਾ, ਧਾਰਮਿਕ ਪਛਾਣਾਂ, ਸਥਾਨਕ ਸਭਿਆਚਾਰਾਂ ਅਤੇ ਆਪੋ-ਆਪਣੀ ਕੌਮੀਅਤ ਨੂੰ ਬਚਾਉਣ ਲਈ ਜਥੇਬੰਦਕ ਤੌਰ 'ਤੇ ਹੀਲੇ-ਵਸੀਲੇ ਹੋਣ ਲੱਗੇ। ਬਰਤਾਨਵੀ ਹਕੂਮਤ ਨੇ ਆਪਣੇ ਮਿਸ਼ਨਰੀ ਮਨੋਰਥ ਤਹਿਤ ਧਾਰਮਿਕ ਸਮੂਹਾਂ ਨੂੰ 'ਨਿਵੇਕਲੇ' ਹੋਣ ਦੀ ਸ਼ਹਿ ਦਿੱਤੀ। ਦੂਜੇ ਪੰਜਾਬ ਵਿਚ ਈਸਾਈ ਮੱਤ ਦੇ ਪ੍ਰਚਾਰ ਲਈ ਟਰੈਕਟ, ਪ੍ਰਕਾਸ਼ਨਾਵਾਂ, ਧਰਮ ਪਰਿਵਰਤਨ ਰਾਹੀਂ ਯਤਨ ਹੋਣ ਲੱਗੇ। ਮਿਸ਼ਨਰੀਆਂ ਦੇ ਪ੍ਰਚਾਰ ਨਾਲ ਪੰਜਾਬ ਦੀ ਭਾਈਚਾਰਕ ਸਾਂਝ ਵਿਚ ਕਸ਼ੀਦਗੀ ਦਾ ਮਾਹੌਲ ਪਨਪਿਆ। ਸਥਾਨਕ ਪਛਾਣਾਂ ਦੁਵੱਲੇ ਵਿਰੋਧਾਂ 'ਚੋਂ ਆਪਣਾ ਭਵਿੱਖ ਤਲਾਸ਼ਣ 'ਚ ਰੁੱਝ ਗਈਆਂ। ਆਪਣੀਆਂ ਪਛਾਣਾਂ ਨੂੰ 'ਸਰਵੋਤਮ' ਤੇ ਸਰਬਕਾਲੀ ਸਿੱਧ ਕਰਨ ਲਈ ਯਤਨ ਹੋਏ। ਭਾਈ ਵੀਰ ਸਿੰਘ ਨੇ ਕੌਰ ਸਿੰਘ ਧੂਪੀਆ ਨਾਲ ਮਿਲ ਕੇ 1896 ਈ. ਵਿਚ ਖ਼ਾਲਸਾ ਟ੍ਰੈਕਟ ਸੁਸਾਇਟੀ ਅਤੇ ਦੋ-ਮਾਸਿਕ 'ਨਿਰਗੁਣੀਆਰਾ' ਰਸਾਲਾ ਸ਼ੁਰੂ ਕੀਤਾ। ਭਾਈ ਸਾਹਿਬ ਦੇ ਇਹ ਖ਼ਾਸ ਯਤਨ 1862 'ਚ ਕਾਇਮ ਕੀਤੀ 'ਅਮਰੀਕਨ ਟ੍ਰੈਕਟ ਸੁਸਾਇਟੀ' ਅਤੇ ਰਸਾਲਾ 'ਨੂਰ ਅਸ਼ਫ਼ਾਂ' ਦੀ ਤਰਜ਼ 'ਤੇ ਪ੍ਰਕਾਸ਼ਨ ਲੜੀ ਆਰੰਭ ਕੀਤੀ। ਭਾਈ ਵੀਰ ਸਿੰਘ ਅਤੇ ਟ੍ਰੈਕਟ ਸੁਸਾਇਟੀ ਨੇ ਸਮੇਂ ਅਤੇ ਸਮਾਜ ਦੀਆਂ ਲੋੜਾਂ ਮੁਤਾਬਿਕ ਧਾਰਮਿਕ, ਭਾਈਚਾਰਕ, ਸਿੱਖ ਇਤਿਹਾਸ, ਰਸੋਈ ਪ੍ਰਬੰਧ, ਸਦਾਚਾਰ, ਕੁਰੀਤੀ ਸੁਧਾਰ, ਉੱਚ ਵਿੱਦਿਆ, ਪਦਾਰਥ ਵਿੱਦਿਆ, ਆਮ ਸਿੱਖਿਆ ਉਪਦੇਸ਼ ਸੰਬੰਧੀ ਟ੍ਰੈਕਟ ਪ੍ਰਕਾਸ਼ਿਤ ਕੀਤੇ। ਭਾਈ ਵੀਰ ਸਿੰਘ ਨੇ ਬਸਤੀਵਾਦੀ ਚਿੰਤਨ ਅਤੇ ਉਨ੍ਹਾਂ ਦੀਆਂ ਧਾਰਨਾਵਾਂ ਦੇ ਸਮਾਨਾਂਤਰ ਪੂਰਬੀ ਚਿੰਤਨ, ਮਾਨਤਾਵਾਂ, ਗੌਰਵ ਅਤੇ ਧਾਰਨਾਵਾਂ ਨੂੰ ਸਥਾਪਿਤ ਕਰਨ ਦਾ ਅਹਿਦ ਧਾਰਿਆ। ਭਾਈ ਵੀਰ ਸਿੰਘ ਦੀ ਸਖ਼ਸ਼ੀਅਤ ਸਾਹਿਤਕ-ਇਤਿਹਾਸਕ, ਸੰਸਥਾਗਤ, ਪ੍ਰਕਾਸ਼ਕ ਦੇ ਹਵਾਲੇ ਨਾਲ ਬਹੁ-ਪਰਤੀ ਅਤੇ ਜਟਿਲਤਾ ਵਾਲੀ ਹੈ।

1914 'ਚ ਭਾਈ ਵੀਰ ਸਿੰਘ ਨੇ ਖ਼ਾਲਸਾ ਸਮਾਚਾਰ 'ਚ 'ਫਿਲਾਸਫ਼ਰ ਅਤੇ ਫ਼ਕੀਰ' ਨਾਂ ਦਾ ਲੰਮਾ ਲੇਖ ਲੜੀਵਾਰ ਛਾਪਿਆ। ਬਾਅਦ ਵਿਚ ਇਹ ਲੇਖ 'ਸਭ ਤੋਂ ਵੱਡਾ ਸਤਿਗੁਰ ਨਾਨਕ' ਦੇ ਸਿਰਲੇਖ ਅਧੀਨ 'ਗੁਰੂ ਨਾਨਕ ਚਮਤਕਾਰ' ਵਿਚ ਸ਼ਾਮਿਲ ਕੀਤਾ। ਇਸ ਲੇਖ ਵਿਚ ਭਾਈ ਵੀਰ ਸਿੰਘ ਨੇ ਗੁਰੂ ਨਾਨਕ ਦੇ ਵਿਚਾਰਾਂ ਨੂੰ ਵੱਖ-ਵੱਖ ਪਰਮ ਮਨੁੱਖਾਂ (ਮਹਾਤਮਾ ਬੁੱਧ, ਕਨਫਿਊਸ਼ਸ਼, ਈਸਾ, ਵੇਦਕ ਰਿਸ਼ੀ, ਜੋਰਾਸ਼ਟਰ, ਮੁਹੰਮਦ ਸਾਹਿਬ, ਗੌਰੰਗ, ਰਾਮਾਨੁਜ, ਵੱਲਭ) ਦਾਰਸ਼ਨਿਕਾਂ (ਸੰਕਰਾਚਾਰਯ, ਸੁਕਰਾਤ, ਪਲੈਟੋ, ਅਰਸਤੂ, ਕਾਂਟ, ਸ਼ਾਪਨਹਿਊਰ, ਬਰਗਸਾਂ ਆਦਿ) ਅਤੇ ਵੱਖ-ਵੱਖ ਅਨੁਸ਼ਾਸਨਾਂ ਸੰਬੰਧੀ ਗੁਰੂ ਨਾਨਕ ਅਤੇ ਸਾਇੰਸ ਆਦਿ ਸੰਬੰਧੀ ਕਿਤੇ ਭਰਵਾਂ ਅਤੇ ਕਿਤੇ ਸੰਖੇਪ ਰੂਪ 'ਚ ਚਿੰਤਨ ਕੀਤਾ। ਭਾਈ ਵੀਰ ਸਿੰਘ ਦੇ ਇਸ ਯਤਨ ਨੂੰ ਪੰਜਾਬੀ ਅਤੇ ਪੂਰਬੀ ਚਿੰਤਨ ਦੀ ਮੌਲਿਕਤਾ ਅਤੇ ਬਸਤੀਵਾਦੀ ਮਾਨਸਿਕਤਾ ਦੇ

ਗਿਲਾਫ਼ ਨੂੰ ਉਧੇੜਨ ਵਜੋਂ ਸਮਝਿਆ ਜਾ ਸਕਦਾ ਹੈ। ਬਰਤਾਨਵੀ ਹਕੂਮਤ ਦੌਰਾਨ ਉਤਪਾਦਤ ਸਾਹਿਤ ਚਿੰਤਨ ਕਿਸੇ ਨਾ ਕਿਸੇ ਵਰਤਾਰੇ, ਘਟਨਾ, ਮਾਹੌਲ, ਲਹਿਰ ਆਦਿ ਦਾ ਪ੍ਰਤੀਕਰਮ ਜਾਂ ਪ੍ਰਤੀਉੱਤਰ ਹੈ। ਉਸ ਸਮੇਂ ਦੀ ਗਿਆਨ ਪਰੰਪਰਾ ਭਾਵੇਂ ਮੌਲਿਕ ਤੌਰ 'ਤੇ ਕੋਈ ਚਿੰਤਨ ਨਹੀਂ ਕਰਦੀ; ਪਰ ਆਪਣੀਆਂ ਰਵਾਇਤਾਂ, ਮਾਨਤਾਵਾਂ, ਅਸਤਿੱਤਵ ਨੂੰ ਬਚਾਈ ਰੱਖਣ ਲਈ ਪੂਰਬਲੇ ਚਿੰਤਨ ਦੀ ਵਿਆਖਿਆ, ਅਨੁਵਾਦ ਕਾਰਜ ਵਿਸ਼ਾਲ ਪੱਧਰ 'ਤੇ ਹੋਏ।

**ਸੁਕਰਾਤ ਦੇ ਸੰਵਾਦਾਂ ਦਾ ਉਲਥਾ ਅਤੇ ਭਾਈ ਵੀਰ ਸਿੰਘ** : ਖ਼ਾਲਸਾ ਟ੍ਰੈਕਟ ਸੁਸਾਇਟੀ ਦੀ ਸਥਾਪਨਾ ਤੋਂ ਲੈ ਕੇ ਭਾਈ ਵੀਰ ਸਿੰਘ ਦੇ ਜੀਵਨ-ਕਾਲ ਦੌਰਾਨ ਲਗਪਗ 1158 ਦੇ ਕਰੀਬ ਟ੍ਰੈਕਟ ਵੱਖ-ਵੱਖ ਵਿਸ਼ਿਆਂ 'ਤੇ ਪ੍ਰਕਾਸ਼ਿਤ ਹੋਏ। ਇਹ ਦਾਅਵਾ ਹਰਗਿਜ਼ ਨਹੀਂ ਕਿ ਸਾਰੇ ਟ੍ਰੈਕਟ ਭਾਈ ਵੀਰ ਸਿੰਘ ਦੁਆਰਾ ਰਚਿਤ ਹਨ, ਪਰ ਬਹੁਤ ਵਿਦਵਾਨ ਇਕਮੱਤ ਹਨ ਕਿ ਸੁਸਾਇਟੀ ਦੇ ਲੇਖਣ ਦਾ ਬਹੁਤਾ ਕਾਰਜ ਭਾਈ ਵੀਰ ਸਿੰਘ ਜ਼ਿੰਮੇ ਸੀ। ਖੋਜ ਚਿੰਤਨ ਤੱਥਾਂ ਦੀ ਭਾਲ ਕਰਦਾ ਹੈ ਪਰ ਇੰਨ੍ਹਾਂ ਦਾ ਮੁਲਾਂਕਣ ਅਤੇ.... ਕਰਨਾ ਸਮੇਂ ਦੀ ਲੋੜ ਹੈ। ਉਨ੍ਹਾਂ ਦੇ ਕੁਝ ਨਿੱਜੀ ਕਾਗਜ਼ਾਤ, ਸੰਸਥਾ ਨਾਲ ਪੱਤਰਾਚਾਰ ਅਤੇ ਖੋਜੇ ਗਏ ਤੱਥਾਂ ਅਨੁਸਾਰ ਸੁਕਰਾਤ ਦਾ ਮੁਕੱਦਮਾ, ਸੰਵਾਦ ਅਤੇ ਉਸ ਦੇ ਚਿੰਤਨ ਦੀ ਸਮਕਾਲਤਾ ਸੰਬੰਧੀ ਟ੍ਰੈਕਟ ਤਿੰਨ ਪੜਾਵਾਂ 'ਚ ਲਿਖੇ ਤੇ ਉਥਲਾਏ ਗਏ।

1. **ਇਕ ਈਸ਼ਵਰਵਾਦੀ ਮਹਾਤਮਾ** : ਭਾਈ ਵੀਰ ਸਿੰਘ ਨੇ ਟ੍ਰੈਕਟ 'ਇਕ ਈਸ਼ਵਰਵਾਦੀ ਸੁਕਰਾਤ ਹਕੀਮ ਦਾ ਸੰਖੇਪ ਜੀਵਨ ਚਰਚਿਤ' ਵਿਚ ਭਾਈ ਵੀਰ ਸਿੰਘ ਨੇ ਸੁਕਰਾਤ ਦੇ ਜੀਵਨ ਦੀਆਂ ਪ੍ਰਮੁੱਖ ਘਟਨਾਵਾਂ ਦਾ ਸੰਖੇਪ ਖ਼ਾਕਾ ਤਿਆਰ ਕੀਤਾ ਅਤੇ ਉਸ ਦੇ ਹਾਲਾਤ 'ਤੇ ਢੁਕੱਵੀਆਂ ਗੁਰਬਾਣੀ ਦੀਆਂ ਪਕੰਤੀਆਂ ਨੂੰ ਦਰਜ ਕੀਤਾ। ਦੂਜੇ ਸ਼ਬਦਾਂ 'ਚ ਭਾਈ ਸਾਹਿਬ ਦਾ ਇਹ ਯਤਨ ਸੁਕਰਾਤ ਦੀ ਸਮਕਾਲਤਾ, ਸਿਦਕ, ਵਿਚਾਰਾਂ ਦੀ ਪਰਪੱਕਤਾ ਦੇ ਨਾਲ-ਨਾਲ ਬਾਣੀ ਦੇ ਸਰਬਕਾਲੀ ਪ੍ਰਸੰਗ ਉਲੇਖ ਚਿਤਰਦਾ ਹੈ। ਭਾਈ ਵੀਰ ਸਿੰਘ ਵਲੋਂ ਸੁਕਰਾਤ ਨੂੰ 'ਇਕ ਈਸ਼ਵਰਵਾਦੀ ਮਹਾਤਮਾ' ਆਖਣ ਦਾ ਅਰਥ ਅਤੇ ਲੋੜ 20ਵੀਂ ਸਦੀ ਦੇ ਮੁੱਢਲੇ ਦਹਾਕੇ ਦੀ ਸਮਾਜਕ, ਧਾਰਮਿਕ, ਰਾਜਨੀਤੀ ਅਤੇ ਭਾਈਚਾਰਕ ਕਸ਼ੀਦਗੀ 'ਚੋਂ ਸਮਝਿਆ ਜਾ ਸਕਦਾ ਹੈ।

2. **ਸੁਕਰਾਤ ਦੇ ਅੰਤ ਵਾਕ** : ਦੂਜੀ ਵਾਰ ਭਾਈ ਵੀਰ ਸਿੰਘ ਨੇ 'ਸੁਕਰਾਤ ਦੇ ਅੰਤਮ ਵਾਕ' ਬਾਰੇ ਲੇਖ-ਲੜੀ 1916 'ਚ ਪ੍ਰਕਾਸ਼ਿਤ ਕੀਤੀ। ਇੰਨ੍ਹਾਂ ਟ੍ਰੈਕਟਾਂ ਵਿਚ ਲੰਮੀ ਭੂਮਿਕਾ ਦੇ ਨਾਲ-ਨਾਲ ਮੇਲੀਟਸ ਨਾਲ ਸੁਆਲ-ਜਵਾਬ ਸੁਕਰਾਤ ਦਾ ਮੁਕਦਮਾ ਲੰਮੇ ਵਿਖਿਆਨਾਂ ਦਾ ਉਲਥਾ ਕੀਤਾ ਹੈ।

3. **ਪਹਿਲਾ ਅਨੁਵਾਦ** : ਸੁਕਰਾਤ ਦਾ ਉਲਥਾ ਭਾਈ ਵੀਰ ਸਿੰਘ ਨੇ ਸਤੰਬਰ 1936 'ਚ ਵੀ ਪ੍ਰਕਾਸ਼ਿਤ ਕੀਤਾ। ਇੰਨ੍ਹਾਂ ਟ੍ਰੈਕਟਾਂ ਵਿਚ ਸੁਕਰਾਤ ਦੇ ਨੇੜਲੇ ਮਿੱਤਰਾਂ ਯੂਥੀਫਾਇਰਨ, ਕ੍ਰਿਟੋ, ਫੀਡੋ, ਦਾ ਉਲਥਾ ਪਲੈਟੋ (ਅਫ਼ਲਾਤੂਨ) ਦੀਆਂ ਲਿਖਤਾਂ 'ਚੋਂ ਕੀਤਾ ਹੈ; ਇਸ ਗੱਲ ਦਾ ਭਾਈ ਵੀਰ ਸਿੰਘ ਨੇ ਟ੍ਰੈਕਟ ਦੀ ਭੂਮਿਕਾ 'ਚ ਵਿਸ਼ੇਸ਼ ਜ਼ਿਕਰ ਕੀਤਾ ਹੈ। ਉਨ੍ਹਾਂ ਸੁਕਰਾਤ ਦੇ ਵਿਚਾਰਾਂ ਦਾ ਉਲਥਾ ਕਰਨ ਦਾ ਮਨੋਰਥ ਪੰਜਾਬੀ ਨੂੰ ਗਿਆਨ ਪੱਖੋਂ ਅਮੀਰ ਕਰਨਾ ਮਿਥਿਆ ਸੀ। ਭਾਈ ਸਾਹਿਬ ਨੇ ਉਲਥਾ ਕਰਦਿਆਂ ਸੰਕਲਪਕ ਸ਼ਬਦਾਵਲੀ ਸੰਬੰਧੀ ਅਨੁਵਾਦ 'ਚ ਪੰਜਾਬੀ ਦੇ ਪ੍ਰਚੱਲਤ ਸ਼ਬਦਾਂ ਦੀ ਵਰਤੋਂ ਵਧੇਰੇ ਕੀਤੀ। ਇਸ ਅਨੁਵਾਦ ਦੀ ਭਾਸ਼ਾ 'ਉਚਾਰਣ ਅੰਸ਼ਾਂ' ਦੇ ਆਧਾਰ 'ਤੇ ਲਿਖਤਬੱਧ ਕੀਤੀ। ਮੇਰੀ ਜਾਚੇ ਇਹ ਸੁਕਰਾਤ ਸੰਬੰਧੀ ਪੰਜਾਬੀ ਭਾਸ਼ਾ 'ਚ ਕੀਤਾ ਗਿਆ ਪਹਿਲਾ ਕਾਰਜ ਹੈ।

**ਲਿਖਤ ਦਾ ਸਮੱਸਿਆਕਾਰ** : ਭਾਈ ਵੀਰ ਸਿੰਘ ਦੀ ਲਿਖਤ ਪ੍ਰਤੀ ਵਿਦਵਾਨਾਂ ਤੇ ਪਾਠਕਾਂ ਦੀ ਪਹੁੰਚ ਆਪਣੇ ਆਪ 'ਚ ਇਕ ਸਮੱਸਿਆਕਾਰ ਹੈ। ਭਾਈ ਵੀਰ ਸਿੰਘ ਦੇ ਸਾਨੂੰ ਦੋ ਤਰੀਕੇ ਤੇ ਪਾਠਕ ਮਿਲਦੇ ਹਨ। ਇਕ ਉਹ ਜਿਹੜੇ ਪ੍ਰਬੁੱਧ ਵਿਦਵਾਨ, ਚਿੰਤਕ, ਆਲੋਚਕ ਹਨ; ਜਿੰਨ੍ਹਾਂ ਦੀ ਚਿੰਤਨ ਦਿਸ਼ਾ ਪ੍ਰਾਪਤ ਸਰੋਤਾਂ ਦੇ ਆਧਾਰ ਅਤੇ ਵੱਖ-ਵੱਖ ਅਨੁਸ਼ਾਸਨ ਵਿਧੀਆਂ ਤੋਂ ਉਰਜਿਤ ਹੁੰਦੀ ਹੈ। ਪਰ ਉਹ ਵਿਸ਼ੇਸ਼ ਚਿੰਤਨ ਦ੍ਰਿਸ਼ਟੀ ਦੇ ਪ੍ਰਭਾਵ ਅਧੀਨ ਭਾਈ ਵੀਰ ਸਿੰਘ ਦੀਆਂ ਲਿਖਤਾਂ ਦਾ ਵਸਤੂਗਤ ਅਧਿਐਨ ਕਰਦਿਆਂ 'ਜੋ ਹੈ' ਦੀ ਥਾਵੇਂ 'ਜੋਨਹੀਂ ਹੈ' 'ਤੇ ਕੇਂਦਰਿਤ ਹੋ ਜਾਂਦੇ ਹਨ। ਅਜਿਹਾ ਕਰਦਿਆਂ ਸਾਹਿਤ-ਵਸਤੂ 'ਸਵੀਕਾਰਨ' ਦੀ ਥਾਂ 'ਨਕਾਰਨ' ਦੇ ਰਾਹ ਪੈ ਜਾਂਦੀ ਹੈ ਅਤੇ ਨਤੀਜਨ ਚਿੰਤਨ, ਸਰਬਾਂਗੀ ਮੁਲਾਂਕਣ ਦੀ ਥਾਂ 'ਵਿਸ਼ੇਸ਼ਣਬਾਜ਼ੀ' ਬਣ ਜਾਂਦਾ ਹੈ। ਭਾਈ ਵੀਰ ਸਿੰਘ ਦਾ ਦੂਜਾ ਪਾਠਕ ਵਰਗ 'ਸ਼ਰਧਾਲੂ ਬਿਰਤੀ' ਵਾਲਾ ਹੈ; ਜੋ ਭਾਈ ਸਾਹਿਬ ਦੀਆਂ ਲਿਖਤਾਂ ਦੀ ਸਲਾਹੁਤਾ, ਪ੍ਰਚਾਰ ਅਤੇ ਕਿਤਾਬਾਂ ਵੰਡਣ ਦਾ ਕਾਰਜ ਨਿਭਾਉਂਦੇ ਹਨ। ਅਜਿਹੇ ਪਾਠਕ ਖੋਜ, ਚਿੰਤਨ ਅਤੇ ਗਿਆਨਾਤਮਕ ਪੱਧਰ 'ਤੇ ਮੁਲਾਂਕਣ ਕਰਨ ਦੀ ਬਿਰਤੀ ਤੋਂ ਖੁੰਝ ਜਾਂਦੇ ਹਨ। ਭਾਈ ਵੀਰ ਸਿੰਘ ਨੇ ਆਪਣੇ ਚਿੰਤਨ, ਸਾਹਿਤ-ਇਤਿਹਾਸ, ਸੰਪਾਦਨਾ, ਪੱਤਰਕਾਰੀ ਰਾਹੀਂ ਜਾਂਦੇ ਹਨ। ਭਾਈ ਵੀਰ ਸਿੰਘ ਨੇ ਆਪਣੇ ਚਿੰਤਨ, ਸਾਹਿਤ-ਇਤਿਹਾਸ, ਸੰਪਾਦਨਾ, ਪੱਤਰਕਾਰੀ ਰਾਹੀਂ ਉਨ੍ਹਾਂ ਮੁੱਦਿਆਂ ਨੂੰ ਸਾਹਮਣੇ ਲਿਆਂਦਾ ਜਿੰਨ੍ਹਾਂ ਦਾ ਬਸਤੀਵਾਦ ਦੁਆਰਾ ਲਿਆਂਦੀ ਗਈ ਆਧੁਨਿਕਤਾ ਦੀ ਹਨੇਰੀ ਵਿਚ ਗੁੰਮ-ਗੁਆਚ ਜਾਣਾ ਤੈਅ ਸੀ। ਉਨ੍ਹਾਂ ਦੀ ਪੰਜਾਬੀ ਸਾਹਿਤ ਨੂੰ ਦੇਣ ਵੱਡਮੁੱਲੀ ਅਤੇ ਇਤਿਹਾਸਕ ਹੈ।

# ਗੋਰਾ ਜੱਟ

*ਜਿੰਦਰ*

"ਵੱਡਿਆ ਸਰਦਾਰਾ, ਫਸ ਗਏ ਨਾ ਕੁੰਡੀਆਂ ਦੇ ਸਿੰਙ। ਹੁਣ ਪਤਾ ਲੱਗੂ ਕਿਸ ਭਾਅ ਵਿਕਦੀ ਆ......।" ਮੇਰੇ ਮੂੰਹੋਂ ਵਾਰ-ਵਾਰ ਇਹੀ ਨਿਕਲਿਆ। ਮੈਂ ਸ਼ਿਵਾਜ਼ ਰੀਗਲ ਦੀ ਬੋਤਲ ਖੋਲ੍ਹੀ। ਵੱਡਾ ਪੈੱਗ ਪੀਤਾ। ਮੁੱਛਾਂ 'ਤੇ ਪੁੱਠਾ ਹੱਥ ਫੇਰਿਆ। ਮੈਨੂੰ ਆਪਣੇ ਹੀ ਤਰ੍ਹਾਂ ਦੀ ਖੁਸ਼ੀ ਮਹਿਸੂਸ ਹੋਣ ਲੱਗੀ। ਸਾਰੇ ਦਿਨ ਦੀ ਥਕਾਵਟ ਭੁੱਲ ਗਈ। ਮਨ 'ਚ ਆਇਆ ਕਿ ਬੱਕਰੇ ਬੁਲਾਵਾਂ। ਠੀਕ ਉੱਦਾਂ ਹੀ ਜਿੱਦਾਂ ਮੇਰਾ ਭਾਪਾ ਸ਼ਰੀਕਾਂ ਦੀ ਹਵੇਲੀ ਕੋਲੋਂ ਲੰਘਦਿਆਂ ਹੋਇਆਂ ਬੁਲਾਉਂਦਾ ਹੁੰਦਾ ਸੀ। ਨਿੰਦਰ ਨੂੰ ਬਾਂਹੋਂ ਫੜ ਕੇ ਪੁੱਛਾਂ, "ਵੱਡਿਆ ਸਰਦਾਰਾ, ਹੁਣ ਦੱਸ......।"

ਦੂਜਾ ਪੈੱਗ ਪੀਣ ਪਿੱਛੋਂ ਮੈਨੂੰ ਆਪਣੇ ਇਸ ਵਿਹਾਰ 'ਤੇ ਹੈਰਾਨੀ ਹੋਣ ਲੱਗੀ ਕਿ ਮੈਂ ਇੰਨੀ ਗੱਲ ਸੁਣ ਕੇ ਹੀ ਕਿਉਂ ਛਾਲਾਂ ਮਾਰਨ ਲੱਗਾ। ਇਹ ਕਿਹੜੀ ਜੱਗੋਂ ਤੇਰਵੀਂ ਗੱਲ ਹੋਣ ਲੱਗੀ। ਅਜਿਹਾ ਤਾਂ ਹਰ ਦਿਨ ਵਾਪਰਦਾ ਰਹਿੰਦਾ ਹੈ। ਮੇਰੀਆਂ ਨਜ਼ਰਾਂ ਸਾਹਮਣੇ ਜੀਤੀ ਦਾ ਚਿਹਰਾ ਆ ਗਿਆ। ਮੈਂ ਤਾਂ ਉਸਨੂੰ ਆਪਣੀ ਵੱਡੀ ਧੀ ਦੇ ਥਾਂ 'ਤੇ ਰੱਖਦਾ ਹਾਂ। ਜੰਮੀ ਤਾਂ ਇੱਧਰ ਸੀ ਪਰ ਉਸ ਨੂੰ ਇੱਧਰ ਦੀ ਹਵਾ ਨਹੀਂ ਲੱਗੀ। ਡੈਡੀ-ਮੰਮੀ ਦੇ ਸਾਹਾਂ 'ਚ ਜੀਉਂਦੀ। ਇਕੱਲਾ ਬੱਚਾ ਮਾਪਿਆਂ ਦੀ ਜਿੰਦ-ਜਾਨ ਹੁੰਦਾ ਹੈ। ਉਹ ਉਸ ਨੂੰ ਦੇਖ-ਦੇਖ ਫੁਲੇ ਨਾ ਸਮਾਉਂਦੇ। ਉਨ੍ਹਾਂ ਤਾਂ ਹੋਣਾ ਹੀ ਹੋਣਾ ਸੀ। ਮੈਂ ਆਪ ਹੁੰਦਾਂ। ਮੈਂ ਹਮੇਸ਼ਾ ਉਸ ਨੂੰ ਪਿਆਰ ਕੀਤਾ। ਮੈਂ ਆਪ ਉਸਦੀ ਨਿੱਕੀ ਹੁੰਦੀ ਦੀ ਪੋਟੀ ਧੋਤੀ ਹੈ। ਨੁਹਾਇਆ ਹੈ। ਅਮਨਦੀਪ ਆਪਣੇ ਕਸਟਮਰ ਨੂੰ ਭੁਗਤਾ ਰਹੀ ਹੁੰਦੀ ਤਾਂ, ਜੇ ਮੈਂ ਘਰੇ ਹੁੰਦਾ, ਉਸ ਦੇ ਸਾਰੇ ਕੰਮ ਮੈਨੂੰ ਆਪ ਕਰਨੇ ਪੈਂਦੇ। ਮੈਂ ਕਦੇ ਸੂਕ ਨਹੀਂ ਮੰਨੀ। ਮੈਨੂੰ ਕਦੇ ਲੱਗਿਆ ਹੀ ਨਹੀਂ ਕਿ ਉਹ ਨਿੰਦਰ ਦੀ ਕੁੜੀ ਹੈ। ਮੈਂ ਇੱਧਰੋਂ ਜਾ ਕੇ ਇੰਡੀਆ 'ਚ ਵਿਆਹ ਕਰਵਾਇਆ ਸੀ। ਨਿੰਦਰ ਮੇਰੇ ਵਿਆਹ ਤੋਂ ਪੰਜ ਸਾਲ ਪਹਿਲਾਂ ਇੰਡੀਆ ਤੋਂ ਇੱਥੇ ਆਇਆ ਸੀ। ਘਰ ਤੇ ਕੰਮ ਦੀ ਸਮੱਸਿਆ ਕਰਕੇ ਉਨ੍ਹਾਂ ਬੱਚਾ ਪੈਦਾ ਕਰਨ 'ਚ ਦੇਰੀ ਕੀਤੀ ਸੀ। ਪਹਿਲਾ ਬੱਚਾ ਤੇ ਉਹ ਵੀ ਕੁੜੀ। ਨਿੰਦਰ ਨੇ ਮੁੰਡਿਆਂ ਵਾਲੇ ਚਾਅ ਕੀਤੇ। ਉਨ੍ਹਾਂ ਦੇ ਪੰਜਾਂ ਭਰਾਵਾਂ 'ਚ ਇਹ ਪਹਿਲੀ ਕੁੜੀ ਸੀ।

ਉਨ੍ਹੀਂ ਦਿਨੀਂ ਬੀਬੀ ਇੰਡੀਆ ਤੋਂ ਆਈ ਸੀ। ਨਿੰਦਰ ਤੇ ਸੱਤੀ ਕੰਮ 'ਤੇ ਜਾਣ ਲੱਗੇ ਬੀਬੀ ਤੇ ਜੀਤੀ ਨੂੰ ਸਾਡੇ ਵੱਲ ਛੱਡ ਜਾਂਦੇ। ਅਮਨਦੀਪ ਨੇ ਘਰੇ ਹੀ ਬਿਊਟੀ ਪਾਰਲਰ ਦਾ ਕੰਮ ਖੋਲ੍ਹਿਆ ਸੀ। ਉਹ ਆਪਣੇ ਕਸਟਮਰ ਨੂੰ ਤੋਰ ਕੇ ਬੀਬੀ ਕੋਲ ਆ ਬੈਠਦੀ। ਮਾਂ ਧੀ ਅਗਲੀਆਂ-ਪਿਛਲੀਆਂ ਹੋਈਆਂ ਬੀਤੀਆਂ ਛੇੜ ਲੈਂਦੀਆਂ। ਜੀਤੀ ਖਿਡਾਉਣਿਆਂ ਨਾਲ ਖੇਡਦੀ-ਖੇਡਦੀ ਦਾਦੀ ਜਾਂ ਭੂਆ ਦੇ ਪੱਟਾਂ 'ਤੇ ਸਿਰ ਰੱਖ ਕੇ ਸੌਂ ਜਾਂਦੀ। ਵਾਪਸੀ 'ਤੇ ਉਹ ਬੀਬੀ ਤੇ ਜੀਤੀ ਨੂੰ ਆਪਣੇ ਨਾਲ ਲੈ ਜਾਂਦੇ। ਇਹ ਸਿਲਸਿਲਾ ਦੋ ਸਾਲ ਚੱਲਿਆ। ਉਦੋਂ ਤੀਕ ਜਦੋਂ ਤੀਕ ਉਨ੍ਹਾਂ ਆਪਣਾ ਘਰ ਨਾ ਖਰੀਦ ਲਿਆ। ਮੈਂ ਉਨ੍ਹਾਂ ਦੇ ਘਰੇ ਜਾਂਦਾ ਤਾਂ ਜੀਤੀ ਮੇਰੀਆਂ ਲੱਤਾਂ ਨੂੰ ਚੁੰਬੜ ਜਾਂਦੀ, "ਫੁਫ ਜੀ ਆ ਦੈਏ.... ਫੁਫ ਜੀ ਆ ਦੈਏ.....।"

ਮੈਨੂੰ ਤਾਂ ਆਪਣਾ ਖਾਸ ਸਮਝ ਕੇ ਹੀ ਜੀਤੀ ਨੇ ਫੋਨ ਕੀਤਾ ਸੀ। "ਫੁਫੜ ਜੀ, ਡੈਡੀ ਨੂੰ ਸਮਝਾਓ। ਮੇਰੀ ਜ਼ਿੰਦਗੀ 'ਚ ਫਾਲਤੂ ਦਖਲ-ਅੰਦਾਜ਼ੀ ਨਾ ਕਰਨ। ਮੈਂ ਵਿਆਹ ਆਪਣੀ ਮਰਜ਼ੀ ਨਾਲ ਕਰਾਉਣਾ। ਜੇ ਉਨ੍ਹਾਂ ਡੁਚਰ ਡਾਹਿਆ ਤਾਂ ਮੈਂ ਘਰ ਛੱਡ ਜਾਣਾ।"

ਮੈਂ ਦੋ ਪੈੱਗ ਲਾ ਲਏ ਸਨ ਪਰ ਮੇਰਾ ਸਿਰ ਅਜੇ ਤਾਈਂ ਘੁੰਮਿਆ ਨਹੀਂ ਸੀ। ਜਿੰਨਾ ਮੈਂ ਜੀਤੀ ਬਾਰੇ ਸੋਚਦਾ ਗਿਆ, ਉੱਨਾ ਹੀ ਪ੍ਰੇਸ਼ਾਨ ਹੁੰਦਾ ਗਿਆ। ਨਿੰਦਰ ਨੇ ਛੇਤੀ ਕਿਤੇ ਮੰਨਣਾ ਨਹੀਂ। ਕਿਤੇ ਕੁੜੀ ਘਰੋਂ ਦੌੜ ਕੇ ਵਿਆਹ ਨਾ ਕਰਵਾ ਲਵੇ। ਮੇਰੇ ਸਰਕਲ 'ਚ ਅਨੇਕਾਂ ਬੰਦੇ ਸਨ, ਜਿਨ੍ਹਾਂ ਆਪਣੇ ਮੁੰਡੇ-ਕੁੜੀਆਂ ਦਾ ਵਿਰੋਧ ਕੀਤਾ। ਮੁੰਡੇ-ਕੁੜੀਆਂ ਨੇ ਇਕ ਵਾਰ ਘਰ ਛੱਡ ਦਿੱਤਾ, ਮੁੜ ਉਨ੍ਹਾਂ ਆਪਣੇ ਮਾਂ-ਪਿਓ ਵੱਲ ਮੂੰਹ ਨਹੀਂ ਕੀਤਾ।

ਅਮਨਦੀਪ ਨੇ ਕੰਮ ਤੋਂ ਆਉਂਦਿਆਂ ਹੀ ਮੇਰੇ ਵੱਲ ਹੈਰਾਨੀ ਨਾਲ ਦੇਖਿਆ ਪਰ ਪੁੱਛਿਆ ਨਾ। ਦਗੜ-ਦਗੜ ਕਰਦੀ ਪੌੜੀਆਂ ਚੜ੍ਹ ਗਈ। ਕੱਪੜੇ ਬਦਲ ਕੇ ਤੇ ਚਾਹ ਦਾ ਕੱਪ ਬਣਾ ਕੇ ਮੇਰੇ ਪੱਟ 'ਤੇ ਆਪਣਾ ਗੋਡਾ ਟਿਕਾ ਕੇ ਬੋਲੀ, "ਅੱਜ ਆਪਾਂ ਸ਼ੌਪਿੰਗ ਕਰਨ ਵੀ ਜਾਣਾ ਸੀ।"

"ਚਲਾਂਗੇ। ਤੂੰ ਚਾਹ ਤਾਂ ਪੀ ਲੈ ਗਮ ਨਾਲ।" ਮੈਂ ਉਸ ਦਾ ਮਨ ਰੱਖਣ ਲਈ ਕਹਿ ਦਿੱਤਾ। ਪਰ ਮੈਨੂੰ ਲੱਗਿਆ ਕਿ ਉਸ ਨੇ ਕੋਈ ਖਾਸ ਗੱਲ ਕਰਨੀ ਹੈ। ਜਦੋਂ ਉਸ ਨੂੰ ਮੇਰੀ ਅਹਿਮ ਲੋੜ ਹੋਵੇ ਜਾਂ ਆਪਣੀ ਕੋਈ ਗੱਲ ਮੰਨਵਾਉਣੀ ਹੋਵੇ, ਉਦੋਂ ਹੀ ਉਹ ਮੇਰੇ ਕੋਲ ਐਦਾਂ ਐਕਟਿੰਗ ਕਰਦੀ ਹੈ। ਮੈਂ ਇਸ ਨੂੰ ਐਕਟਿੰਗ ਕਹਿੰਦਾ ਹਾਂ ਤੇ ਉਹ ਪਿਆਰ।

ਬੋਤਲ ਦਾ ਲੇਬਲ ਪੜ੍ਹ ਕੇ ਉਸ ਪੁੱਛਿਆ, "ਅੱਜ ਕੋਈ ਖਾਸ ਗੈਸਟ ਆਇਆ ਸੀ?"

ਮੈਂ ਨਾਂਹ 'ਚ ਸਿਰ ਹਿਲਾਇਆ।

"ਫੇਰ ਕਿਹੜੀ ਖੁਸ਼ੀ ਮਨਾ ਰਹੇ ਹੋ?"

"ਐਵੇਂ ਨੁਕਲ ਪਾਣੀ ਨੂੰ ਮਨ ਕਰ ਆਇਆ।"

"ਮੈਥੋਂ ਕਿਉਂ ਝੂਠ ਬੋਲਦੇ ਹੋ। ਮੈਂ ਤੁਹਾਡੀ ਰਗ-ਰਗ ਦੀ ਵਾਕਿਫ ਆਂ। ਕੰਜੂਸ ਮੱਖੀ ਚੂਸ ਅੱਜ ਕਿੱਦਾਂ ਸਹਿਨਸ਼ਾਹ ਬਣ ਗਏ। ਸਿਵਾਲ ਈਗਲ ਦੀ ਬੋਤਲ ਤੁਸੀਂ ਉਦੋਂ ਖੋਲ੍ਹਦੇ ਹੋ ਜਦੋਂ ਤੁਹਾਡਾ ਕੋਈ ਖਾਸ ਦੋਸਤ ਆਇਆ ਹੋਵੇ ਜਾਂ ਤੁਹਾਡੇ ਕੋਲੋਂ ਖੁਸ਼ੀ ਸਾਂਭੀ ਨਾ ਜਾਂਦੀ ਹੋਵੇ। ਲੱਗਦਾ ਅੱਜ ਤੁਹਾਨੂੰ ਕੁਝ ਐਕਸਟ੍ਰਾ ਔਰਡੀਨਰੀ ਸ਼ੈਅ ਮਿਲੀ ਆ।" ਉਹ ਮੇਰੇ ਨਾਲ ਢੁੰਬੜ ਕੇ ਬੈਠ ਗਈ। ਹੌਲੀ-ਹੌਲੀ ਚਾਹ ਪੀਂਦੀ ਹੋਈ ਕਿਸੇ ਡੂੰਘੀ ਸੋਚ 'ਚ ਗੁਆਚੀ ਰਹੀ। ਮੈਂ ਉਸ ਤੋਂ ਕੁਝ ਨਾ ਪੁੱਛਿਆ। ਅਰਵਿੰਦਰ ਦੇ ਵਿਆਹ ਮਗਰੋਂ ਉਹ ਮੇਰੇ ਵੱਲੋਂ ਅਵੇਸਲੀ ਹੋ ਗਈ ਸੀ। ਘੱਟ-ਵੱਧ ਹੀ ਸਲਾਹੀਂ ਪੈਂਦੀ। ਮੈਂ ਉਸ ਤੋਂ ਪਹਿਲਾਂ ਕੰਮ ਤੋਂ ਆ ਜਾਂਦਾ। ਚਾਹ ਦਾ ਕੱਪ ਪੀ ਕੇ ਉਹ ਰੋਟੀ ਪਕਾ ਕੇ ਰੱਖ ਦਿੰਦੀ। ਆਪਣਾ ਪਸੰਦੀਦਾ ਪ੍ਰੋਗਰਾਮ ਦੇਖਦੀ। ਬੈੱਡ ਰੂਮ 'ਚ ਜਾ ਕੇ ਸੌਣ ਦੀ ਕਰਦੀ।

ਮੈਂ ਪੈੱਗ ਪਾਉਣ ਲੱਗਾ ਤਾਂ ਉਸ ਮੇਰਾ ਹੱਥ ਫੜ ਲਿਆ, "ਅਜੇ ਪੰਜ ਵਜੇ ਆ। ਅੱਜ ਆਪਾਂ ਭਾਜੀ ਵੱਲ ਜਾਣਾ।"

"ਭਾਜੀ ਵੱਲ ਜਾਣਾ ਤਾਂ ਸਾਡੇ ਸਿਡਿਊਲ 'ਚ ਸ਼ਾਮਿਲ ਨ੍ਹੀਂ ਸੀ," ਮੈਂ ਸਭ ਕੁਝ ਜਾਣਦਿਆਂ ਹੋਇਆਂ ਵੀ ਪੁੱਛਿਆ। ਅਸੀਂ ਅੱਜ ਕੱਲ੍ਹ ਉਨ੍ਹਾਂ ਵੱਲ ਜਾਣਾ ਘਟਾਇਆ ਹੈ। ਜੇ ਲੋੜ ਪਵੇ ਤਾਂ ਫੋਨ ਕਰ ਲੈਂਦੇ ਹਾਂ। ਹੁਣ ਅਸੀਂ ਪਹਿਲਾਂ ਵਾਂਗ ਖੁੱਲ੍ਹਦੇ ਨਹੀਂ। ਝਕਦੇ-ਝਕਦੇ ਗੱਲਾਂ ਕਰਦੇ ਹਾਂ। ਰਸਮੀ ਜਿਹੀਆਂ। ਐਦਾਂ ਜਿੱਦਾਂ ਇੱਕ ਦੂਜੇ ਤੋਂ ਪਿਛਾ ਛੁਡਾ ਰਹੇ ਹੋਈਏ। ਇਹ ਉਹੀ ਨਿੰਦਰ ਸੀ ਜਿਹੜਾ ਮੇਰੇ ਬਿਨਾਂ ਜਿਉਂਦਾ ਨਹੀਂ ਰਹਿ ਸਕਦਾ ਸੀ। ਜੇ ਮੈਂ ਦੋ ਦਿਨ ਨਾ ਮਿਲਦਾ ਤਾਂ ਉਸ ਦੇ ਭਾਅ ਦੀ ਬਣ ਜਾਂਦੀ। ਕੰਮ ਤੋਂ ਸਿੱਧਾ ਹੀ ਮੈਨੂੰ ਮਿਲਣ ਆ ਜਾਂਦਾ। ਮੈਂ ਮੂੰਹੋਂ ਗੱਲ ਕੱਢਦਾ, ਉਹ ਇਕਦਮ ਹਾਂ, ਹੋ ਜਾਊ, ਕਹਿੰਦਾ। ਉਹ ਉਹਲਿਆਂ 'ਚ ਨਹੀਂ ਸਿੱਧੀਆਂ ਗੱਲਾਂ ਕਰਨ 'ਚ ਵਿਸ਼ਵਾਸ ਰੱਖਦਾ ਸੀ। ਮੈਨੂੰ ਉਸ ਦੇ ਵਿਆਹ ਤੋਂ ਪਹਿਲਾਂ ਕਈ ਵਾਰ ਉਸ ਦੇ ਜਕੜਬੰਦ ਵੀ ਸੁਣਨੇ ਪਏ। "ਸਾਡੇ ਪਿੰਡ 'ਚ ਕਿਸੇ ਦਾ ਵਿਆਹ ਹੁੰਦਾ ਤਾਂ ਬੱਕਰੇ ਦਾ ਸਿਰ ਵੱਢਣ ਲਈ ਮੈਨੂੰ ਬੁਲਾ ਲੈਂਦੇ ਜਾਂ ਮੈਂ ਆਪ ਚਲੇ ਜਾਂਦਾ। ਕਿਸੇ ਸਿਆਣੇ ਨੂੰ ਬੱਕਰੇ ਦੇ ਕੰਨ ਫੜਾ ਕੇ, ਮੈਂ ਦੋਹਾਂ ਹੱਥਾਂ ਨਾਲ ਕ੍ਰਿਪਾਨ ਫੜ ਕੇ, ਬੱਕਰੇ ਦਾ ਸਿਰ, ਕੰਨਾਂ ਕੋਲੋਂ ਇੱਕ ਵਾਰ 'ਚ ਵੱਢ ਸੁੱਟਦਾ। ਅਗਲੇ ਪਲ 'ਚ ਕ੍ਰਿਪਾਨ ਹੇਠਾਂ ਸੁੱਟ ਕੇ ਬੱਕਰੇ ਦੀ ਧੌਣ ਫੜ ਲੈਂਦਾ ਕਿਤੇ ਖੂਨ ਬਾਹਰ ਨਾ ਨਿਕਲੇ।" ਜਾਂ "ਆਪਣੇ ਖੂਹ 'ਚ ਮੈਂ ਨਹਾਉਂਦਾ। ਮੈਂ ਟਿੰਡਾਂ ਫੜ ਕੇ ਨ੍ਹੀਂ, ਸਿੱਧੀ ਉਪਰੋਂ ਪੁੱਠੀ ਛਾਲ ਮਾਰਦਾ। ਮਜਾਲ ਆ ਕਿ ਕਦੇ ਮਾੜੀ ਜਿੰਨੀ ਵੀ ਖਰੋਚ ਆਈ ਹੋਵੇ। ਖੂਹ 'ਚ ਨਹਾ ਕੇ ਬੜਾ ਸੁਆਦ ਆਉਂਦਾ ਸੀ।" ਸਾਡੀ ਦੋਸਤੀ ਦਾ ਆਧਾਰ ਫਗਵਾੜਾ ਸ਼ਹਿਰ ਸੀ। ਦੋਹਾਂ ਨੂੰ ਫਗਵਾੜੇ ਨਾਲ ਲਗਾਓ ਸੀ। ਦੋਹਾਂ ਦੇ ਫਗਵਾੜੇ ਨੇੜੇ ਪਿੰਡ ਸਨ। ਸਾਊਥਾਲ ਦੀ ਬੇਕਰੀ 'ਚ ਮੈਂ ਹੀ ਉਸ ਨੂੰ ਕੰਮ 'ਤੇ ਲਗਵਾਇਆ ਸੀ। ਸਾਡੀਆਂ ਬਹੁਤੀਆਂ ਗੱਲਾਂ ਫਿਲਮਾਂ ਬਾਰੇ ਹੁੰਦੀਆਂ। ਮੈਂ ਵਿਨੋਦ ਖੰਨਾ ਦਾ ਫੈਨ ਸੀ। ਉਹ ਜੋਗਿੰਦਰ ਦਾ। ਮੈਂ ਹੁੱਬ ਕੇ ਦੱਸਦਾ, "ਵਿਨੋਦ ਖੰਨੇ ਨੇ 'ਮੇਰੇ ਆਪਣੇ' 'ਚ ਲਗਾਤਾਰ ਦੋ ਸੌ ਘਸੁੰਨ ਮਾਰੇ।" ਉਹ ਕਹਿੰਦਾ, "ਤੂੰ ਜੋਗਿੰਦਰ ਦੀ ਫਿਲਮ 'ਬਿੰਦੀਆ ਔਰ ਬੰਦੂਕ' ਦੇਖ।" ਵੀਕਇੰਡ 'ਤੇ ਅਸੀਂ ਇਕੱਠੇ ਹੀ ਫਿਲਮ ਦੇਖਦੇ। ਵਾਪਸੀ 'ਤੇ ਨਹਿਰ ਕੰਢੇ ਪੈਂਦੇ ਪੱਬ 'ਚ ਆ ਬੈਠਦੇ। ਦੋ ਪੁਆਇੰਟ ਪੀਣ ਮਗਰੋਂ ਉਸ ਕੋਲੋਂ ਆਪਣਾ ਆਪ ਸੰਭਾਲਿਆ ਨਾ ਜਾਂਦਾ। ਉਹ ਮੇਰੇ ਕੰਨ ਕੋਲ ਆਪਣਾ ਮੂੰਹ ਕਰਕੇ ਕਹਿੰਦਾ, "ਮੇਰਾ ਜੀ ਕਰਦਾ ਕਿ ਉੱਚੀ ਉੱਚੀ ਗਾਵਾਂ— ਮੈਂ ਹੂੰ ਬੋਤਲ ਬੰਦ ਸ਼ਰਾਬ।" ਮੈਂ ਉਸ ਨੂੰ ਘੂਰਦਾ, "ਅਗਲਿਆਂ ਨੇ ਬਾਹੋਂ ਫੜ ਕੇ ਸਾਨੂੰ ਬਾਹਰ ਦਾ ਰਾਹ ਦਿਖਾ ਦੇਣਾ।" ਮੇਰੇ ਕਹੇ ਨੂੰ ਉਹ ਮੰਨ ਜਾਂਦਾ। ਇਹੀ ਉਸ ਦੀ ਵੱਡੀ ਸਿਫਤ ਸੀ। ਪਾਰਕ ਕੋਲ ਆ ਕੇ, ਮੈਂ ਉਸ ਨੂੰ ਛੇੜਦਾ, "ਹੁਣ ਤੂੰ ਚੀਕ ਮਾਰ ਕੇ ਕਹਿ— ਰੰਗਾ ਖੁਸ਼।" ਉਹ ਮੋਰ ਵਾਂਗੂੰ ਪੈਲਾਂ ਪਾਉਣ ਲੱਗ ਜਾਂਦਾ। ਸੁਰ 'ਚ ਗਾਉਂਦਾ : ਮੈਂ ਹੂੰ ਬੋਤਲ ਬੰਦ ਸ਼ਰਾਬ। ਮੈਂ ਹੱਸ-ਹੱਸ ਕੇ ਲੋਟ-ਪੋਟ ਹੁੰਦਾ। ਉਹ ਆਪਣਾ ਰਾਂਝਾ ਰਾਜ਼ੀ ਕਰਕੇ ਹੀ ਹਟਦਾ। ਮੈਂ ਉਸ ਦਾ ਨਾਂ ਨਿੰਦਰ ਰੰਗਾ ਰੱਖ ਲਿਆ ਸੀ। ਮੈਂ ਜਦੋਂ ਉਸ ਨੂੰ ਨਿੰਦਰ ਰੰਗਾ ਕਹਿ ਕੇ ਆਵਾਜ਼ ਮਾਰਦਾ ਤਾਂ ਉਹ ਖੁਸ਼ ਹੋ ਜਾਂਦਾ। ਉਨ੍ਹਾਂ ਦੇ ਘਰ ਦਾ ਜੁਆਈ ਬਣਨ ਪਿੱਛੋਂ ਉਸ ਨੇ ਨਹੀਂ, ਮੈਂ ਇਕ ਦੂਰੀ ਬਣਾਉਣੀ ਸ਼ੁਰੂ ਕੀਤੀ ਸੀ। ਹੁਣ ਮੈਂ ਉਸ ਨੂੰ ਭਾਜੀ ਕਹਿਣਾ ਸ਼ੁਰੂ ਕਰ ਦਿੱਤਾ ਸੀ।

"ਨ੍ਹੀਂ ਸੀ ਤਾਂ ਹੁਣ ਸ਼ਾਮਿਲ ਕਰ ਲਓ।" ਉਹ ਔਖੀ ਜਿਹੀ ਬੋਲੀ।

"ਤੈਨੂੰ ਚੰਗਾ-ਭਲਾ ਪਤਾ ਆ ਕਿ ਅਰਤਿੰਦਰ ਦੇ ਵਿਆਹ ਪਿੱਛੋਂ ਦਾ ਉਹ ਮੇਰੇ ਨਾਲ ਸਿੱਧੇ ਮੂੰਹ ਗੱਲ ਨ੍ਹੀਂ ਕਰਦਾ।"

"ਆਪਾਂ ਉਸ ਕਰਕੇ ਨ੍ਹੀਂ, ਜੀਤੀ ਕਰਕੇ ਜਾਣਾ.....।"

* * *

ਅਰਤਿੰਦਰ ਦੇ ਵਿਆਹ ਤੋਂ ਪਹਿਲਾਂ ਨਿੰਦਰ ਨੇ ਖ਼ੂਬ ਝਝੂਬਾਟਾ ਪਾਈ ਰੱਖਿਆ ਸੀ। ਇੱਕ ਦਿਨ ਤਾਂ ਉਸ ਇੱਥੋਂ ਤੀਕ ਕਹਿ ਦਿੱਤਾ ਸੀ ਕਿ ਉਸ ਨੇ ਵਿਆਹ 'ਤੇ ਨਹੀਂ ਆਉਣਾ। ਆਉਣਾ ਕੀ- ਕਦੇ ਸਾਡੇ ਘਰ ਨਹੀਂ ਵੜਨਾ। ਜੇ ਆ ਵੀ ਗਿਆ ਤਾਂ ਮਾਮੇ ਦੀ ਮਿਲਣੀ ਨਹੀਂ ਕਰਨੀ। ਮੇਰੇ ਕੋਲ ਹਰ ਗੱਲ ਦਾ ਬਦਲ ਹੁੰਦਾ ਹੈ। ਜੇ ਉਹ ਨਾ ਆਇਆ ਤਾਂ ਮੈਂ ਉਸ ਦੀ ਥਾਂ 'ਤੇ ਆਪਣੇ ਦੋਸਤ ਲਛਮਣ ਦੀ ਮਿਲਣੀ ਕਰਵਾ ਦੇਣੀ। ਬਾਅਦ ਦੀ ਬਾਅਦ 'ਚ ਦੇਖੀ ਜਾਊ। ਵਿਰੋਧ ਤਾਂ ਅਮਨਦੀਪ ਨੇ ਵੀ ਕੀਤਾ ਸੀ ਪਰ ਮੈਂ ਉਸ ਨੂੰ ਮੰਨਾ ਲਿਆ ਸੀ। ਕੁੜੀ ਨੂੰ ਮੁੰਡਾ ਪਸੰਦ ਸੀ, ਮੇਰੇ ਲਈ ਇਹੀ ਸਭ ਤੋਂ ਵੱਡੀ ਗੱਲ ਸੀ। ਨਾ ਤਾਂ ਮੈਨੂੰ ਮੁੰਡਾ ਲੱਭਣਾ ਪਿਆ। ਨਾ ਹੀ ਕਿਸੇ ਰਿਸ਼ਤੇਦਾਰ ਜਾਂ ਦੋਸਤ ਨੂੰ ਕਹਿਣਾ ਪਿਆ। ਔਕਸਫੋਰਡ 'ਚ ਆਖਰੀ ਸਮੈਸਟਰ 'ਚ ਪੜ੍ਹਦਿਆਂ ਹੋਇਆਂ ਅਰਤਿੰਦਰ ਨੇ ਪੰਕਜ ਨੂੰ ਆਪਣਾ ਜੀਵਨ ਸਾਥੀ ਚੁਣ ਲਿਆ। ਪਹਿਲੀ ਵਾਰ ਡੇਟਿੰਗ 'ਤੇ ਜਾਣ ਲੱਗੀ ਨੇ ਮੈਥੋਂ ਪੁੱਛਿਆ ਸੀ। ਮੈਂ ਬੱਚਿਆਂ ਦੀ ਪਸੰਦ ਨੂੰ ਆਪਣੀ ਪਸੰਦ 'ਚ ਸ਼ਾਮਿਲ ਕਰ ਲੈਂਦਾ ਹਾਂ। ਉਨ੍ਹਾਂ ਦੀ ਖ਼ੁਸ਼ੀ ਨੂੰ ਆਪਣੀ ਖ਼ੁਸ਼ੀ ਸਮਝਦਾ ਹਾਂ। ਮੈਂ ਇੱਕ ਵਾਰ ਵੀ ਅਰਤਿੰਦਰ ਨੂੰ ਨਾਂਹ ਨਹੀਂ ਕੀਤੀ। ਜਿਨ੍ਹਾਂ ਨੇ ਆਪਣੇ ਧੀਆਂ-ਪੁੱਤਾਂ ਨੂੰ ਰੋਕਿਆ, ਮੈਂ ਉਨ੍ਹਾਂ ਦਾ ਹਸ਼ਰ ਦੇਖਿਆ।

ਮੈਂ ਤੇ ਅਮਨਦੀਪ ਨਾਨਕਿਆਂ ਨੂੰ ਵਿਆਹ ਦਾ ਕਾਰਡ ਦੇਣ ਗਏ ਤਾਂ ਨਿੰਦਰ ਦਾ ਮੂੰਹ ਫੁਲਿਆ ਹੋਇਆ ਸੀ। ਉਸ ਸਾਨੂੰ ਚਾਹ-ਪਾਣੀ ਦਾ ਵੀ ਨਾ ਪੁੱਛਿਆ। ਕਾਰਡ ਤੇ ਮਿਠਾਈ ਦੇ ਡੱਬਿਆਂ ਵੱਲ ਦੇਖਿਆ ਨਾ।

ਮੈਂ ਅਮਨਦੀਪ ਨੂੰ ਚੱਲਣ ਲਈ ਇਸ਼ਾਰਾ ਕੀਤਾ।

ਮੈਂ ਜਾਣ ਲਈ ਉੱਠਿਆ ਤਾਂ ਨਿੰਦਰ ਬੋਲਿਆ, "ਤੈਨੂੰ ਜੱਟ ਹੋ ਕੇ ਕਮੀਣਾਂ ਦੇ ਕੁੜੀ ਮੰਗਣ ਲੱਗਿਆਂ ਸ਼ਰਮ ਨ੍ਹੀਂ ਆਈ?"

"ਭਾਜੀ, ਇਸ 'ਚ ਸ਼ਰਮ ਵਾਲੀ ਕਿਹੜੀ ਗੱਲ ਆ। ਅਸੀਂ ਤਾਂ ਕੁੜੀ ਦੀ ਖ਼ੁਸ਼ੀ ਲਈ ਕੀਤਾ," ਮੈਥੋਂ ਪਹਿਲਾਂ ਹੀ ਅਮਨਦੀਪ ਨੇ ਉਸ ਦੀ ਗੱਲ ਦਾ ਜੁਆਬ ਦਿੱਤਾ।

"ਕੁੜੀਏ, ਤੂੰ ਤਾਂ ਇੱਥੇ ਆ ਕੇ ਸਭ ਕੁਸ਼ ਭੁੱਲ ਗਈਂ ਪਰ ਮੈਨੂੰ ਕੁਸ਼ ਨ੍ਹੀਂ ਭੁੱਲਿਆ। ਭਾਪੇ ਤੇ ਛੀਂਵਿਆਂ ਦੇ ਚੰਨਣ ਦਾ ਕਿੰਨਾ ਉੱਠਣ-ਬੈਠਣ ਸੀ। ਦੋਵੇਂ ਪਗ-ਵੱਟ ਭਰਾ ਬਣੇ। ਪਰ ਜਦੋਂ ਆਪਣੇ ਸਤਨਾਮ ਦਾ ਵਿਆਹ ਹੋਇਆ ਤਾਂ ਭਾਪੇ ਨੇ ਝਿਊਰ, ਨਾਈ, ਲੁਹਾਰ ਦੇ ਨਾਲ ਹੀ ਚੰਨਣ ਨੂੰ ਵੀ ਲਾਗੀ ਵਜੋਂ ਲਾਗ ਦਿੱਤਾ।"

"ਨਿੰਦਰ ਸਿੰਹਾਂ ਇਹ ਇੰਗਲੈਂਡ ਆ। ਤੇਰਾ ਪਿੰਡ ਨ੍ਹੀਂ। ਇੱਥੇ ਬੱਚਿਆਂ ਦੀ ਚਲਦੀ ਆ। ਮਾਪਿਆਂ ਦੀ ਨ੍ਹੀਂ।" ਮੈਂ ਤੈਸ਼ 'ਚ ਆ ਗਿਆ।

"ਕੀ ਇਥੇ ਆ ਕੇ ਅਸੀਂ ਜੱਟ ਨ੍ਹੀਂ ਰਹੇ।"

"ਜੱਟ ਹਾਂ ਪਰ ਕਿਸੇ ਦੂਜੇ ਨੂੰ ਇਸ ਗੱਲ ਨਾਲ ਕੀ।"

"ਜੇ ਤੂੰ ਛੀਂਵਿਆਂ ਦੇ ਕੁੜੀ ਵਿਆਹ ਦਿੱਤੀ ਤਾਂ ਸਾਨੂੰ ਆਪਣੀਆਂ ਕੁੜੀਆਂ ਦੇ ਵਿਆਹ ਕਰਨੇ ਔਖੇ ਹੋ ਜਾਣੇ।"

"ਤੂੰ ਜੀਤੀ ਲਈ ਮੁੰਡਾ ਲੱਭਦੇ-ਲੱਭਦੇ ਨੇ ਕੁੜੀ ਤੀਹਾਂ ਸਾਲਾਂ ਦੀ ਕਰ ਲਈ। ਜੇ ਇੱਕ ਦੋ ਸਾਲ ਮੁੰਡਾ ਨਾ ਲੱਭਿਆ ਤਾਂ ਮੱਥੇ 'ਚ ਹੱਥ ਮਾਰ ਕੇ ਰੋਵੇਂਗਾ।" ਮੈਨੂੰ ਪਤਾ ਸੀ ਕਿ ਸਿੱਧਿਆਂ ਹੋਇਆਂ ਬਿਨਾਂ ਗੱਲ ਨਹੀਂ ਬਣਨੀ, ਮੈਂ ਆਪਣੀ ਸੁਰ ਪਹਿਲਾਂ ਨਾਲੋਂ ਤਿੱਖੀ ਕਰ ਦਿੱਤੀ।

"ਮੇਰੀ ਗੱਲ ਛੱਡ। ਤੂੰ ਆਪਣੀ ਕਰ।"

"ਮੈਂ ਬਹੁਤ ਕੁਸ਼ ਸੋਚ ਕੇ ਹਾਂ ਕੀਤੀ। ਜੇ ਮੈਂ ਕੁੜੀ ਦੀ ਗੱਲ ਨਾ ਮੰਨਦਾ ਤਾਂ ਉਸ ਘਰੋਂ ਦੌੜ ਕੇ ਵਿਆਹ ਕਰਵਾ ਲੈਣਾ ਸੀ। ਐਦੂੰ ਚੰਗਾ ਨ੍ਹੀਂ ਕਿ ਬੱਚੇ ਜਿੱਥੇ ਉਹ ਚਾਹੁੰਦੇ ਨੇ, ਅਸੀਂ ਉਥੇ ਹੀ ਉਨ੍ਹਾਂ ਦਾ ਵਿਆਹ ਕਰ ਦਈਏ।"

ਅਮਨਦੀਪ ਨੇ ਮੈਨੂੰ ਇਸ਼ਾਰਾ ਕਰਕੇ ਇੱਥੇ ਹੀ ਗੱਲ ਖਤਮ ਕਰਨ ਲਈ ਕਿਹਾ।

"ਜੇ ਮੇਰੀ ਕੁੜੀ ਹੁੰਦੀ ਤਾਂ ਮੈਂ ਗਲ ਘੁਟ ਕੇ ਮਾਰ ਦਿੰਦਾ।"

"ਇਹ ਕਹਿਣਾ ਸੌਖਾ ਹੁੰਦਾ। ਕਰਨਾ ਬੜਾ ਔਖਾ। ਕਿਤੇ ਅੱਜ ਕੱਲ੍ਹ ਜੋਗਿੰਦਰ ਦੀ ਕੋਈ ਫਿਲਮ ਤਾਂ ਨ੍ਹੀਂ ਦੇਖੀ?"

ਉਸ ਨਾਂਹ ਵਿਚ ਸਿਰ ਹਿਲਾਇਆ।

"ਆਹ ਆਪਣੇ ਸ਼ਹਿਰ ਵਾਲਾ ਰਮੇਸ਼ ਚੰਦਰ ਹੈ ਨਾ। ਇਕ ਦਿਨ ਉਸ ਦੀ ਕੁੜੀ ਆਪਣੇ ਕਾਲੇ ਫਰੈਂਡ ਨਾਲ ਘਰੇ ਆਈ। ਦੋਵੇਂ ਜਣੇ ਆ ਕੇ ਫਰੰਟ-ਰੂਮ 'ਚ ਬੈਠ ਗਏ। ਦੋਹਾਂ ਨੇ ਖਾਧਾ-ਪੀਤਾ। ਤੀਜੇ ਦਿਨ ਕੁੜੀ ਦਾ ਫਰੈਂਡ ਫੇਰ ਆ ਗਿਆ। ਕੁੜੀ ਨੇ ਆਪਣੇ ਪਿਓ ਨੂੰ ਕਿਹਾ ਕਿ ਉਸ ਦਾ ਫਰੈਂਡ ਉਸ ਦੇ ਨਾਲ ਹੀ ਬੈੱਡ ਰੂਮ 'ਚ ਸੌਂਵੇਂਗਾ। ਪਿਓ ਨੇ ਅੱਗੋਂ ਕੁਸ਼ ਨਾ ਕਿਹਾ। ਇਹੀ ਇੰਗਲੈਂਡ ਦਾ ਦਸਤੂਰ ਆ। ਅਸੀਂ ਬੱਚਿਆਂ ਦੀ ਗੱਲ ਮੰਨਣੀ ਆ। ਉਨ੍ਹਾਂ ਨੇ ਸਾਡੀ ਨ੍ਹੀਂ। ਉਨ੍ਹਾਂ ਅਗਲਿਆਂ ਰਾਹਾਂ 'ਤੇ ਤੁਰਨਾ।" ਮੇਰੀ ਪੂਰੀ ਗੱਲ ਸੁਣਿਆਂ ਬਗੈਰ ਹੀ ਉਹ ਦਗੜ-ਦਗੜ ਕਰਦਾ ਪੌੜੀਆਂ ਚੜ੍ਹ ਗਿਆ।

ਨਿੰਦਰ ਵਿਆਹ 'ਤੇ ਤਾਂ ਨਾਨਕਾ ਛੱਕ ਲੈ ਕੇ ਆਇਆ ਪਰ ਰਿਹਾ ਪਿੱਛੇ-ਪਿੱਛੇ ਹੀ। ਘੁਟਿਆ-ਵਟਿਆ। ਮੈਂ ਕਿਸੇ ਵੀ ਕੰਮ ਲਈ ਆਵਾਜ਼ ਮਾਰੀ ਤਾਂ ਉਸ ਦਾ ਜੁਆਬ ਮਿਲਿਆ, "ਕੋਈ ਨਾ ਤੁਸੀਂ ਆਪੇ ਕਰ ਲਓ।" ਜਦੋਂ ਕੁੜੀ ਦੀ ਰੋਟੀ ਕੱਢੀ ਤਾਂ ਮੈਂ ਆਪ ਉਸ ਕੋਲ ਗਿਆ। ਪਰ ਉਹ ਮੇਰੇ ਨਾਲ ਨਾ ਤੁਰਿਆ।

* * *

ਗੱਲ ਉਹੀ ਹੋਈ ਸੀ ਜੋ ਮੈਂ ਤੁਰਨ ਲੱਗਿਆਂ ਸੋਚੀ ਸੀ। ਅਸੀਂ ਅੱਧਾ ਘੰਟਾ ਫਰੰਟ ਰੂਮ 'ਚ ਬੈਠੇ ਰਹੇ। ਨਿੰਦਰ ਹੇਠਾਂ ਨਾ ਆਇਆ। ਸੱਤੀ ਨੇ ਇੱਕ ਵਾਰ ਫੇਰ ਚਾਹ ਦਾ ਪੁੱਛਿਆ ਤਾਂ ਅਮਨਦੀਪ ਨੇ ਕਿਹਾ, "ਇਨ੍ਹਾਂ ਨੇ ਚਾਹ ਕਿੱਥੋਂ ਪੀਣੀ ਆਂ। ਜੂਸ ਦਾ ਗਲਾਸ ਲੈ ਆਓ।"

ਟ੍ਰੇਅ 'ਚ ਜੂਸ ਦੇ ਗਲਾਸ ਲਿਆ ਕੇ ਸੱਤੀ ਮੇਰੇ ਸਾਹਮਣੇ ਸੈਟੀ 'ਤੇ ਆ ਬੈਠੀ, "ਸਰੂਪ ਇਨ੍ਹਾਂ ਦੀ ਮੱਤ ਨੂੰ ਕੀ ਹੋਈ ਜਾਂਦਾ। ਕਿਸੇ ਦੀ ਗੱਲ ਸੁਣਦੇ ਹੀ ਨ੍ਹੀਂ। ਇਹੀ ਰਟ ਲਾਈ ਹੋਈ ਆ ਕਿ ਜੇ ਕੁੜੀ ਨੇ ਗੋਰੇ ਨਾਲ ਵਿਆਹ ਕਰਵਾ ਲਿਆ ਤਾਂ ਉਸ ਨੇ ਕੁਸ਼ ਖਾ ਕੇ ਮਰ ਜਾਣਾ... ਇਨ੍ਹਾਂ ਨੂੰ ਕੋਈ ਪੁੱਛਣ ਵਾਲਾ ਹੋਵੇ ਕਿ ਐਡੇ ਸੋਹਣੇ ਤੇ ਸੁਨੱਖੇ ਮੁੰਡੇ ਮਿਲਦੇ ਨੇ ਅੱਜ ਕੱਲ੍ਹ।"

"ਭਾਬੀ, ਇਹ ਉਹੀ ਫਰੈਂਚ ਮੁੰਡਾ ਏ ਜਿਹੜਾ ਜੀਤੀ ਨਾਲ ਕੰਮ ਕਰਦਾ?" ਮੈਂ ਪੁੱਛਿਆ।

"ਹਾਂ... ਹਾਂ.. ਉਹੀ ਆ।"

"ਮੈਂ ਦੇਖਿਆ। ਉਹ ਜੱਸੀ ਤੇ ਕਮਲ ਦੇ ਵਿਆਹ 'ਤੇ ਆਇਆ ਸੀ। ਪੰਜਾਬੀ ਸੂਟ ਪਾ ਕੇ, ਕਿੰਨਾ ਫੱਬਦਾ ਸੀ। ਜੋ ਜੋ ਹਨੀ ਸਿੰਘ ਦੇ ਗਾਣੇ 'ਤੇ ਨੱਚਦਾ।" ਮੇਰੀਆਂ ਨਜ਼ਰਾਂ ਅੱਗੇ ਉਸ ਦਾ ਚਿਹਰਾ ਪ੍ਰਤੱਖ ਆਣ ਪ੍ਰਗਟ ਹੋਇਆ।

"ਹਾਂ... ਹਾਂ... ਉਹੀ ਆ। ਆਪਣੇ ਘਰੇ ਕਦੇ ਨ੍ਹੀਂ ਆਇਆ। ਕੁੜੀ-ਮੁੰਡਾ ਬਾਹਰ ਹੀ ਮਿਲਦੇ ਆ। ਮੈਨੂੰ ਤਾਂ ਉਸ ਦਾ ਬੜਾ ਮੋਹ ਆਉਂਦਾ, " ਸੱਤੀ ਦੇ ਚਿਹਰੇ ਤੋਂ ਉਸ ਦੀ ਖੁਸ਼ੀ ਡੁੱਲ੍ਹ ਡੁੱਲ੍ਹ ਪੈਂਦੀ ਸੀ। ਕੁੜੀ ਦੀ ਉਮਰ ਬੱਤੀਆਂ ਸਾਲਾਂ ਤੋਂ ਉਪਰ ਹੋ ਗਈ ਸੀ। ਮਾਂ ਲਈ ਇਸ ਤੋਂ ਜ਼ਿਆਦਾ ਖੁਸ਼ੀ ਦੀ ਘੜੀ ਕਿਹੜੀ ਹੋ ਸਕਦੀ ਹੈ।

* * *

ਅਜਿਹੇ ਵੇਲੇ ਮੈਨੂੰ ਮੇਰੇ ਨਾਲ ਕੰਮ ਕਰਦੇ ਖਾਲਿਦ ਦੀ ਸੁਣਾਈ ਗੱਲ ਯਾਦ ਆ ਹੀ ਜਾਂਦੀ ਹੈ।

ਰੌਲਿਆਂ ਵੇਲੇ ਲਾਹੌਰ ਦੇ ਲਾਗੇ ਕਿਸੇ ਪਿੰਡ 'ਚ ਰਹਿੰਦੇ ਨਿਰੰਜਣ ਸਿੰਘ ਨੇ ਜ਼ਮੀਨ ਦੀ ਖਾਤਿਰ ਧਰਮ ਬਦਲ ਲਿਆ। ਉਹ ਨਿਰੰਜਣ ਸਿੰਘ ਤੋਂ ਨੂਰ ਮੁਹੰਮਦ ਬਣ ਗਿਆ। ਫੇਰ ਮੌਲਵੀ। ਕਈ ਸਾਲ ਲਾਹੌਰ ਦੀ ਹੀਰਾ ਮੰਡੀ 'ਚ ਰਾਤਾਂ ਰੰਗੀਨ ਕਰਦਾ ਰਿਹਾ। ਆਪਣੇ ਚਾਰੇ ਮੁੰਡੇ ਵਿਆਹ ਲਏ। ਪਰ ਆਪਣੀਆਂ ਦੋਵੇਂ ਧੀਆਂ ਨਾ ਵਿਆਹੀਆਂ। ਕੋਈ ਰਿਸ਼ਤੇ ਬਾਰੇ ਪੁੱਛਦਾ ਜਾਂ ਰਿਸ਼ਤਾ ਮੰਗਦਾ ਤਾਂ ਉਹ ਕੋਈ ਨਾ ਕੋਈ ਬਹਾਨਾ ਬਣਾ ਕੇ ਟਾਲ ਦਿੰਦਾ। ਘਰਵਾਲੀ ਰਤਨਾ ਉਰਫ ਰਹਿਮਤੇ ਵੀ ਆਪਣਾ ਫਿਕਰ ਜਾਹਿਰ ਕਰਦੀ, "ਧੀਆਂ ਨੂੰ ਆਪਣੇ ਘਰੇ ਤੋਰ ਕੇ ਆਪਾਂ ਜ਼ੁੰਮੇਵਾਰੀਆਂ ਤੋਂ ਫਾਰਿਗ ਹੋਈਏ। ਦੱਸੋ ਕਦੇ ਕਿਸੇ ਨੇ ਧੀਆਂ ਨੂੰ ਆਪਣੇ ਘਰੀਂ ਰੱਖਿਆ।" ਨੂਰ, ਜਿਸ ਨੂੰ ਹੁਣ ਲੋਕ ਨੂਰਾ ਕਹਿੰਦੇ ਸਨ, ਅੱਗੇ ਟੁੱਟ ਕੇ ਪੈ ਜਾਂਦਾ।" ਤੈਨੂੰ ਕਾਹਦੀ ਕਾਹਲੀ ਪਈ ਆ? ਉਹ ਆਪਣੀ ਕਿਸਮਤ ਦਾ ਹਿਜਕ ਖਾਂਦੀਆਂ।" ਜੁਆਨ ਧੀਆਂ ਨੂੰ ਦੇਖ ਕੇ ਮਾਂ ਨੂੰ ਕਿੱਥੋਂ ਚੈਨ ਆਉਂਦਾ। ਨੀਂਦ ਆਉਂਦੀ।" ਕੁੜੀਆਂ ਇੱਕੀ-ਬਾਈ ਸਾਲਾਂ ਦੀਆਂ ਹੋ ਗਈਆਂ ਤਾਂ ਉਹ ਸਿੱਧੀ ਪੈ ਗਈ।" ਤੂੰ ਉਨ੍ਹਾਂ ਨੂੰ ਉਦੋਂ ਹੀ ਵਿਆਹੇਂਗਾ ਜਦੋਂ ਉਹ ਮੂੰਹੋਂ ਕਹਿਣਗੀਆਂ।" ਉਹ ਜ਼ਿਆਦਾ ਹੀ ਖਹਿੜੇ ਪੈ ਜਾਂਦੀ ਤਾਂ ਨੂਰਾ ਮਸੀਤੇ ਕੱਪ ਬੈਠਦਾ। ਕੁੜੀਆਂ ਦੀ ਵਿਆਹ ਦੀ ਉਮਰ ਲੰਘ ਗਈ। ਇਕ ਦਿਨ ਅੱਕੀ ਸੱਤੀ ਨੇ ਉਸ ਨੂੰ ਬਾਹੋਂ ਫੜ ਕੇ ਪੁੱਛ ਹੀ ਲਿਆ।" ਚਲ, ਤੂੰ ਵਿਆਹ ਨਾ ਕਰ। ਪਰ ਇਹ ਤਾਂ ਦੱਸ ਦੇ, ਤੂੰ ਕੁੜੀਆਂ ਦੇ ਵਿਆਹ ਕਿਉਂ ਨ੍ਹੀਂ ਕਰਦਾ ਚਾਹੁੰਦਾ।" ਨੂਰੇ ਨੇ ਰੋਣ ਵਰਗਾ ਮੂੰਹ ਬਣਾ ਕੇ

ਕਿਹਾ, "ਮੈਂ ਜਿਉਂਦਿਆਂ ਜੀਅ ਮੁਸਲਮਾਨਾਂ ਦੇ ਘਰੇ ਆਪਣੀਆਂ ਧੀਆਂ ਨ੍ਹੀਂ ਤੋਰ ਸਕਦਾ।" ਰਹਿਮਤੇ ਨੇ ਪੁੱਛਿਆ, "ਮੁੰਡੇ ਤਾਂ ਮੁਸਲਮਾਨਾਂ ਦੇ ਘਰੇ ਵਿਆਹੇ ਹੈ ਨਾ।" ਉਸ ਦਾ ਜੁਆਬ ਸੀ, "ਜੱਟ ਵਿਆਹ ਕੇ ਤਾਂ ਲਿਆ ਸਕਦਾ ਪਰ ਆਪਣੀ ਧੀ ਕਿਸੇ ਹੋਰ ਧਰਮ ਦੇ ਜੱਟ ਦੇ ਘਰੇ ਨ੍ਹੀਂ ਤੋਰ ਸਕਦਾ। ਮੇਰੇ ਜਿਊਂਦੇ ਜੀ ਤਾਂ ਇਹ ਵਿਆਹ ਨ੍ਹੀਂ ਹੋ ਸਕਦੇ। ਮੇਰੇ ਮਰਨ ਮਗਰੋਂ ਜੋ ਮਰਜ਼ੀ ਕਰ ਲਿਓ।"

"ਫੇਰ ਕੀ ਹੋਇਆ?" ਮੈਂ ਖਾਲਿਦ ਤੋਂ ਪੁੱਛਿਆ।

"ਹੋਣਾ ਕੀ ਸੀ, ਕੁੜੀਆਂ ਨੂੰ ਦੁਹਾਜੂਆਂ ਨਾਲ ਨਰੜ ਦਿੱਤਾ। ਇਹ ਸਾਰਾ ਪੁਆੜਾ ਧਰਮ ਦੇ ਪਰੋਪਕਾਰਾਂ ਨੇ ਪਾਇਆ।"

"ਸਾਡੇ ਵੱਲ ਵੀ ਐਦਾਂ ਹੀ ਆ।"

"ਮੀਆਂ ਬੀਵੀ ਰਾਜ਼ੀ ਤਾਂ ਕਿਆ ਕਰੇਗਾ ਕਾਜ਼ੀ, ਵਾਲੀ ਗੱਲ ਹੋਣੀ ਚਾਹੀਦੀ ਆ। ਆਹ ਕੀ ਗੱਲ ਹੋਈ ਕਿ ਸਾਡੇ ਕਿਸੇ ਮੁੰਡੇ ਨੇ ਸਿੱਖਾਂ ਦੀ ਕੁੜੀ ਨਾਲ ਵਿਆਹ ਕਰਵਾ ਲਿਆ ਤਾਂ ਸਿੱਖਾਂ ਨੂੰ ਉਦੋਂ ਤਾਈਂ ਚੈਨ ਨ੍ਹੀਂ ਆਉਣਾ ਜਿੰਨਾ ਚਿਰ ਉਨ੍ਹਾਂ ਨੇ ਸਾਡੀਆਂ ਦੋ-ਤਿੰਨ ਕੁੜੀਆਂ ਨਾਲ ਲਾਵਾਂ ਫੇਰੇ ਨਾ ਲਏ।"

"ਅਸੀਂ ਪੰਜਾਬ ਤੋਂ ਆ ਕੇ ਵੀ ਆਪਣੇ ਸੰਸਕਾਰ ਮੋਢਿਆਂ 'ਤੇ ਚੁੱਕੀ ਫਿਰਦੇ ਆਂ। ਇਹ ਕਿੰਨਾ ਕੁ ਚਿਰ ਹੋਵੇਗਾ। ਤੀਜੀ ਪੀੜ੍ਹੀ ਨੇ ਇਨ੍ਹਾਂ ਦੀ ਇੱਕ ਨ੍ਹੀਂ ਮੰਨਣੀ।"

* * *

ਮੈਂ ਜਾਣ ਲਈ ਉੱਠਿਆ ਤਾਂ ਨਿੰਦਰ ਪੌੜੀਆਂ ਉਤਰਦਾ ਦਿੱਸਿਆ। ਉਸ ਨੇ ਮੇਰੇ ਨਾਲ ਓਪਰਿਆਂ ਵਾਂਗ ਹੱਥ ਮਿਲਾਇਆ। ਅਮਨਦੀਪ ਨੂੰ ਪਿਆਰ ਦਿੱਤਾ। ਨੀਵੀਂ ਪਾ ਕੇ ਬੈਠ ਗਿਆ। ਉਸ ਦਾ ਮੱਥਾ ਤਿਊੜੀਆਂ ਨਾਲ ਭਰਿਆ ਪਿਆ ਸੀ। ਉਸ ਦੇ ਚਿਹਰੇ ਤੋਂ ਐਦਾਂ ਲੱਗਦਾ ਸੀ ਜਿੰਦਾਂ ਉਹ ਬਹੁਤ ਥੱਕਿਆ-ਟੁੱਟਿਆ ਹੋਵੇ। ਇੱਕ ਦੋ ਵਾਰ ਖੰਘਿਆ। ਇਸ ਵੇਲੇ ਤਾਂ ਉਹ ਪੂਰਾ ਕਾਇਮ-ਸੈਮ ਹੁੰਦਾ। ਲੱਗਦਾ ਉਸ ਨੇ ਅਜੇ ਆਪਣੀ ਸ਼ਾਮ ਰੰਗੀਨ ਨਹੀਂ ਕੀਤੀ। ਜਿੰਨਾ ਚਿਰ ਉਹ ਦੋ ਪੈੱਗ ਨਹੀਂ ਲਾਉਂਦਾ, ਉੱਨਾ ਚਿਰ ਉਸ ਨੇ ਖੁੱਲ੍ਹਣਾ ਨਹੀਂ। ਮੈਂ ਉਹਨੂੰ ਛੇੜਿਆ, "ਭਾਜੀ ਘਰੇ ਹੈ ਜਾਂ ਕਿ ਮੈਂ ਆਪਣੀ ਕਾਰ 'ਚੋਂ ਬੋਤਲ ਕੱਢ ਲਿਆਵਾਂ?" ਉਸ ਮੇਰੀ ਗੱਲ ਦਾ ਜੁਆਬ ਨਾ ਦਿੱਤਾ। ਗੋਡਿਆਂ 'ਤੇ ਸਾਰਾ ਭਾਰ ਪਾ ਕੇ ਮਸਾਂ-ਮਸਾਂ ਸੈਟੀ ਤੋਂ ਉੱਠਿਆ ਜਿੰਦਾਂ ਬਹੁਤ ਦੂਰ ਜਾਣਾ ਹੋਵੇ। ਪੌੜੀ ਹੇਠਾਂ ਬਣੀ ਛੋਟੀ ਜਿਹੀ ਲੁਕਵੀਂ ਅਲਮਾਰੀ 'ਚੋਂ ਬੋਤਲ ਕੱਢ ਲਿਆਇਆ। ਰਸੋਈ 'ਚੋਂ ਦੋ ਗਲਾਸੀਆਂ ਫੜ ਲਿਆਇਆ। ਉਸ ਨੇ ਸੱਤੀ ਨੂੰ ਕਿਹਾ, "ਤੁਸੀਂ ਦੋਵੇਂ ਕਿਚਨ 'ਚ ਜਾਓ। ਸਾਡੇ ਖਾਣ-ਪੀਣ ਦਾ ਪ੍ਰਬੰਧ ਕਰੋ। ਜਦੋਂ ਲੋੜ ਪਈ ਮੈਂ ਆਪੇ ਆਵਾਜ਼ ਮਾਰ ਲਵਾਂਗਾ।"

ਦੋ ਪੈੱਗ ਪੀਣ ਤਕ ਮੈਂ ਜੀਤੀ ਬਾਰੇ ਕੋਈ ਗੱਲ ਨਾ ਛੇੜੀ। ਮੈਂ ਚਾਹੁੰਦਾ ਸੀ ਕਿ ਉਹ ਆਪ ਹੀ ਗੱਲ ਛੇੜੇ। ਪਰ ਉਹ ਆਪਣੀ ਆਦਤ ਮੁਤਾਬਕ ਨਾ ਖੁੱਲ੍ਹਿਆ ਜਾਂ ਕਹਿ ਲਓ, ਉਸ ਆਪਣੇ ਪੱਤੇ ਨਾ ਖੋਲ੍ਹੇ। ਇੱਧਰ-ਉੱਧਰ ਦੀਆਂ ਗੱਲਾਂ ਕਰੀ ਗਿਆ। ਜ਼ਿਆਦਾ ਆਪਣੇ ਪਿੰਡ ਬਾਰੇ। ਮੈਂ ਉਸ ਨੂੰ ਛੇੜਿਆ, "ਹੁਣ ਕਦੇ ਬੱਕਰੇ ਦੀ ਧੌਣ ਵੱਢਣ ਨੂੰ ਮਨ ਕਰਦਾ ਹੁੰਦਾ ਕਿ ਨ੍ਹੀਂ?" ਉਸ ਨਾਂਹ 'ਚ ਸਿਰ ਮਾਰਿਆ। "ਇਸ ਵਾਰੀ ਪਿੰਡ ਗਿਆ ਤਾਂ ਖੂਹ 'ਚ ਛਾਲਾਂ ਮਾਰ-ਮਾਰ ਕੇ ਖੂਬ ਨ੍ਹਾਹੀਂ।" ਉਸ ਜੁਆਬ ਦਿੱਤਾ, "ਹੁਣ ਖੂਹ ਕੀ, ਮੋਟਰਾਂ ਵਾਲੇ ਖੂਹ ਵੀ ਨ੍ਹੀਂ ਰਹੇ। ਸਿੱਧੇ ਸਬਮਰਸੀਬਲ ਬੋਰ ਹੁੰਦੇ।" ਐਦਾਂ ਹੀ ਮੈਂ ਉਸ ਕੋਲੋਂ ਪੁਰਾਣੀਆਂ ਗੱਲਾਂ ਪੁੱਛੀ ਗਿਆ। ਪਰ ਉਸ ਆਪ ਕੋਈ ਪਹਿਲ ਨਾ ਕੀਤੀ। ਫੇਰ ਲੰਬੀ ਚੁੱਪ ਵੱਟ ਲਈ। ਮੈਨੂੰ ਘਰ ਜਾਣ ਦੀ ਕੋਈ ਕਾਹਲੀ ਨਹੀਂ ਸੀ। ਜੇ ਜ਼ਿਆਦਾ ਸਮਾਂ ਲੱਗਾ ਤਾਂ ਮੈਂ ਇੱਥੇ ਹੀ ਸੌਂ ਜਾਣਾ। ਸਵੇਰ ਨੂੰ ਇੱਥੋਂ ਹੀ ਤੁਰ ਕੇ ਆਪਣੀ ਜੌਬ 'ਤੇ ਚਲੇ ਜਾਣਾ।

ਤੀਜਾ ਪੈੱਗ ਉਸ ਪਹਿਲਾਂ ਨਾਲੋਂ ਡਬਲ ਕਰ ਦਿੱਤਾ। ਸੱਤੀ ਆਮਲੇਟ ਰੱਖਣ ਆਈ ਤਾਂ ਉਸ ਮੱਥੇ 'ਤੇ ਸੌ ਵਟ ਪਾ ਕੇ ਕਿਹਾ, "ਜੁਆਈ ਭਾਈ ਦੀ ਐਦਾਂ ਸੇਵਾ ਕਰੀਦੀ ਆ। ਘੰਟਾ ਲਾ ਦਿੱਤਾ ਆਮਲੇਟ ਬਣਾਉਣ ਲੱਗੀ ਨੇ। ਉਡੀਕਦੀ ਹੋਣੀ ਆ ਕਿ ਕਦੋਂ ਕੁਕੜੀ ਆਂਡਾ ਦੇਵੇ ਤੇ ਤੂੰ ਆਮਲੇਟ ਬਣਾ ਕੇ ਲਿਆਵੇਂ। ਖੜ੍ਹੀ ਮੇਰੇ ਮੂੰਹ ਵੱਲ ਕੀ ਦੇਖਦੀ ਆਂ। ਫਰਿਜ਼ 'ਚ ਲੈੱਗ-ਪੀਸ ਪਏ ਨੇ। ਓਵਨ 'ਚ ਗਰਮ ਕਰਕੇ ਲਿਆ।"

ਮੈਨੂੰ ਲੱਗਾ ਕਿ ਹੁਣ ਗੱਲ ਕੀਤੀ ਜਾ ਸਕਦੀ ਹੈ। ਪਹਿਲ ਉਹ ਕਰੇ ਜਾਂ ਮੈਂ, ਇਸ ਨਾਲ ਕਿਹੜਾ ਕੋਈ ਫਰਕ ਪੈਣਾ। ਫੇਰ ਮੇਰੀਆਂ ਨਜ਼ਰਾਂ, ਸਾਹਮਣੇ ਦੀਵਾਰ 'ਤੇ ਲੱਗੀ ਜੀਤੀ ਦੀ ਫੋਟੋ 'ਤੇ ਗਈਆਂ। ਕਿੰਨੀ ਮਾਸੂਮ ਜਿਹੀ ਕੁੜੀ ਹੈ। ਉਹ ਆਪਣੀ ਬੋਲ-ਚਾਲ ਨਾਲ ਹਰੇਕ ਨੂੰ ਮੋਹ ਲੈਂਦੀ ਹੈ। ਅਜਿਹੀ ਧੀ ਦੀਆਂ ਖੁਸ਼ੀਆਂ ਲਈ ਬੰਦਾ ਸੌ ਝੂਠ ਬੋਲ

ਸਕਦਾ ਹੈ। ਸੌ ਕੁਰਬਾਨੀਆਂ ਕਰ ਸਕਦਾ ਹੈ। ਸੌ ਪੁੱਠੇ-ਸਿੱਧੇ ਕੰਮ ਕਰ ਸਕਦਾ ਹੈ।

"ਭਾਜੀ ਫੇਰ ਕੀ ਸੋਚਿਆ?" ਰਸੋਈ ਦੀ ਨੁੱਕਰ 'ਚ ਖੜ੍ਹੀ ਸੱਤੀ ਨੇ ਮੈਨੂੰ ਗੱਲ ਤੋਰਨ ਦੀ ਸੈਨਤ ਮਾਰੀ। ਪਰ ਆਪ ਨਿੰਦਰ ਦੇ ਕੌੜੇ ਸੁਭਾਅ ਕਰਕੇ ਨੇੜੇ ਨਾ ਆਈ।

"ਜੱਟ ਦਾ ਪੁੱਤ ਆਪਣੀ ਧੀ ਨੂੰ ਕਿਸੇ ਹੋਰ ਜਾਤ ਦੇ ਮੁੰਡੇ ਨਾਲ ਕਿੱਦਾਂ ਵਿਆਹ ਸਕਦਾ?" ਉਸ ਨੇ ਮੈਨੂੰ ਹੀ ਸੁਆਲ ਕਰ ਦਿੱਤਾ।

"ਆਪਣੇ ਵਿਚਲੇ ਜੱਟ ਨੂੰ ਦੋ ਮਹੀਨਿਆਂ ਲਈ ਪਿੰਡ ਭੇਜ ਦੇ," ਮੈਂ ਉਸ ਦੀ ਗੱਲ ਨੂੰ ਹਾਸੇ 'ਚ ਪਾ ਕੇ ਕਿਹਾ।

"ਅਸੀਂ ਸੰਧੂ ਜੱਟ ਹੁੰਨੇ ਆਂ। ਤੁਹਾਡੇ ਵਰਗੇ ਢੁੱਡੂ ਵਿਰਕ ਨ੍ਹੀਂ।" ਉਹ ਮੇਰੀ ਗੱਲ ਦਾ ਵਟ ਖਾ ਗਿਆ।

"ਜੇ ਕੁੜੀ ਨੇ ਕੋਰਟ ਮੈਰਿਜ ਕਰਵਾ ਲਈ....?" ਮੈਂ ਪੁੱਛਿਆ।

"ਮੈਨੂੰ ਆਪਣੀ ਧੀ ਦਾ ਪਤਾ। ਉਹ ਆਪਣੇ ਪਿਉ ਦੀ ਹਾਂ ਤੋਂ ਬਿਨਾਂ ਵਿਆਹ ਨ੍ਹੀਂ ਕਰਾ ਸਕਦੀ। ਇਹ ਮੈਂ ਸੌ ਪਰਸੈਂਟ ਗ੍ਰਾਂਟੀ ਦਿੰਨਾ।" ਉਹ ਉੱਚੀ ਆਵਾਜ਼ 'ਚ ਬੋਲਿਆ ਜਿੱਦਾਂ ਇਹ ਗੱਲ ਘਰ ਦੀਆਂ ਕੰਧਾਂ ਨੂੰ ਵੀ ਸੁਣਾਉਣਾ ਚਾਹੁੰਦਾ ਹੋਵੇ।

"ਸਾਨੂੰ ਆਪਣੇ ਬੱਚਿਆਂ ਦੀ ਖ਼ੁਸ਼ੀ ਬਾਰੇ ਵੀ ਸੋਚਣਾ ਪੈਂਦਾ।" ਮੈਂ ਆਪਣੀ ਨਿਮਰ ਸੁਰ ਨੂੰ ਆਪਣੇ ਕੰਟ੍ਰੋਲ 'ਚ ਰੱਖਿਆ।

"ਅਜਿਹੀ ਖ਼ੁਸ਼ੀ ਨੂੰ ਸਿਰ 'ਚ ਮਾਰਨਾ ਜਿਹੜੀ ਸਾਰੀ ਉਮਰ ਨੀਂਦ ਹਰਾਮ ਕਰੇ। ਫਰਾਲੇ ਵਾਲੇ ਕਸ਼ਮੀਰੇ ਨੇ ਆਪਣੀ ਧੀ ਦਾ ਵਿਆਹ ਗੋਰੇ ਨਾਲ ਕਰ ਦਿੱਤਾ। ਪੱਬ 'ਚ ਬੈਠਾ ਜਿਉਂ ਗੋਰੇ ਦੀਆਂ ਵਡਿਆਈਆਂ ਕਰੇ, ਸਾਹ ਹੀ ਨਾ ਲਵੇ। 'ਜਦੋਂ ਮੈਂ ਜਾਨਾ ਗੋਰੇ ਨੂੰ ਚਾਅ ਚੜ੍ਹ ਜਾਂਦਾ। ਅੱਗੇ-ਪਿੱਛੇ ਦੌੜਿਆ ਫਿਰਦਾ। ਐਵੇਂ ਸਾਡੇ ਲੋਕ ਗੋਰਿਆਂ ਨੂੰ ਮਾੜੇ ਸਮਝਦੇ ਨੇ।' ਇੱਕ ਦਿਨ ਉਹ ਕੁੜੀ ਦੇ ਘਰੇ ਗਿਆ। ਸਹੁਰਾ-ਜੁਆਈ ਕੱਠੇ ਪੀਣ ਬੈਠ ਗਏ। ਕਸ਼ਮੀਰੇ ਨੇ ਗੋਰੇ ਦੇ ਲਿਆਂਦੇ ਕੌਫੀ ਟੇਬਲ 'ਤੇ ਲੱਤਾਂ ਪਸਾਰ ਲਈਆਂ। ਗੋਰਾ ਉਸ ਨੂੰ ਟੁੱਟ ਕੇ ਪੈ ਗਿਆ, 'ਯੂ ਸਟੂਪਿਡ ਉਲਡ ਮੈਨ, ਮੂਵ ਯੂਅਰਜ਼ ਸਮੀਲੀ ਫੀਟ ਫਰੌਮ ਮਾਈ ਕੌਫੀ ਟੇਬਲ।' ਕਸ਼ਮੀਰੇ ਨੇ ਨਮੋਸ਼ੀ ਮੰਨਦਿਆਂ ਹੋਇਆਂ ਆਪਣੇ ਪੈਰ ਮੇਜ਼ ਦੇ ਹੇਠਾਂ ਨੂੰ ਤਾਂ ਕੀ ਕਰਨੇ ਸੀ, ਕੁਰਸੀ ਦੇ ਹੇਠਾਂ ਨੂੰ ਕੱਠੇ ਕਰ ਲਏ। ਪਰ ਜ਼ਾਹਿਰ ਨਾ ਹੋਣ ਦਿੱਤਾ। ਜਿੱਦਾਂ ਕੁਸ਼ ਹੋਇਆ ਹੀ ਨਾ ਹੋਵੇ। ਇੱਕ ਹੋਰ ਪੈੱਗ ਲਾਉਣ ਮਗਰੋਂ ਗੋਰਾ ਵੀ ਨੌਰਮਲ ਹੋ ਗਿਆ। ਅਗਲੇ ਪੈੱਗ ਪਿੱਛੋਂ ਲੋਰ 'ਚ ਆ ਕੇ ਕਸ਼ਮੀਰੇ ਨੇ ਫੇਰ ਕੌਫੀ ਟੇਬਲ 'ਤੇ ਲੱਤਾਂ ਪਸਾਰ ਲਈਆਂ। ਗੋਰੇ ਨੇ ਉਸ ਨੂੰ ਬਾਂਹੋਂ ਫੜ ਕੇ ਝੰਜੋੜਾ ਮਾਰਿਆ। ਲਾਲ-ਪੀਲਾ ਹੁੰਦਿਆਂ ਕਿਹਾ, 'ਯੂ ਉਲਡ ਪਰਿਕ! ਡੂਨੌਂਟ ਯੂ ਨੋ ਹਓ ਟੂ ਸਿਟ ਇਨ ਲਿਵਿੰਗ ਰੂਮ।' ਕਸ਼ਮੀਰ ਮੁੜ ਕੇ ਆਪਣੀ ਧੀ ਦੇ ਘਰੇ ਨ੍ਹੀਂ ਗਿਆ। ਹੁਣ ਉਹ ਗੋਰੇ ਨੂੰ ਮਣ-ਮਣ ਪੱਕੇ ਦੀਆਂ ਗਾਲ੍ਹਾਂ ਕੱਢਦਾ...।"

"ਕਸੂਰ ਗੋਰੇ ਦਾ ਨ੍ਹੀਂ, ਕਸ਼ਮੀਰੇ ਦਾ ਸੀ। ਉਸ ਨੂੰ ਗੋਰਿਆਂ ਵਾਂਗੂੰ ਵਿਚਰਣਾ ਚਾਹੀਦਾ ਸੀ। ਇਹ ਵੀ ਕੀ ਹੋਈ ਬੈਠਣ ਵਾਲੀ ਗੱਲ। ਕੁਸ਼ ਮੈਨਰ ਵੀ ਹੁੰਦੇ ਆ ਨਾ। ਮੇਰਾ ਇੱਕ ਕਲਾਸਫੈਲੋ ਅਮਰੀਕਾ 'ਚ ਵਰਜੀਨੀਆ ਸਟੇਟ 'ਚ ਰਹਿੰਦਾ। ਉਸ ਦੀ ਮਾਸੀ ਦੀਆਂ ਦੋ ਕੁੜੀਆਂ। ਉਨ੍ਹਾਂ ਨੇ ਇੱਕ ਕੁੜੀ ਗਰੇਵਾਲਾਂ ਦੇ ਮੁੰਡੇ ਨਾਲ ਵਿਆਹ ਦਿੱਤੀ। ਗਰੇਵਾਲਾਂ ਨੇ ਕੁੜੀ ਦੀ ਜ਼ਿੰਦਗੀ ਰੋਲ ਕੇ ਰੱਖ ਦਿੱਤੀ। ਦੂਜੀ ਕੁੜੀ ਨੇ ਆਪਣੀ ਮਰਜ਼ੀ ਨਾਲ ਇੱਕ ਕਾਲੇ ਨਾਲ ਵਿਆਹ ਕਰਵਾ ਲਿਆ। ਕਾਲੇ ਨੇ ਕੁੜੀ ਨੂੰ ਰੱਜਵਾਂ ਪਿਆਰ ਦਿੱਤਾ। ਤੂੰ ਸਾਡੇ ਵੱਲ ਦੇਖ ਲੈ। ਪੰਕਜ ਕਿੰਨਾ ਬੀਬਾ ਮੁੰਡਾ। ਸਾਡੀ ਕਿੰਨੀ ਇੱਜ਼ਤ ਕਰਦਾ। ਅਸੀਂ ਇਕ ਵਾਰ ਮੀਆਂ-ਬੀਵੀ ਉਨ੍ਹਾਂ ਦੇ ਘਰੇ ਚਲੇ ਜਾਈਏ, ਸਾਡੇ ਪੈਰਾਂ ਹੇਠ ਹੱਥ ਦੇਣ ਤੱਕ ਜਾਂਦਾ। ਆਹ ਜਾਤਾਂ ਬੰਦੇ ਨੇ ਬਣਾਈਆਂ। ਗੁਰੂ ਗ੍ਰੰਥ ਸਾਹਿਬ 'ਚ ਵੀ ਆਉਂਦਾ- ਮਾਨਸ ਕੀ ਜਾਤ ਸਭੈ ਏਕ ਪਛਾਣੀਏ.......।"

ਮੇਰਾ ਕਿਹਾ-ਸਮਝਾਇਆ ਬੇਅਰਥ ਰਿਹਾ ਸੀ।

ਮੈਂ ਅਮਨਦੀਪ ਨੂੰ ਕਿਹਾ, "ਕੁੱਤੇ ਦੀ ਪੂਛ ਕਦੇ ਸਿੱਧੀ ਨ੍ਹੀਂ ਹੋ ਸਕਦੀ।"

ਐਲਬਰੋ ਰੋਡ 'ਤੇ ਆ ਕੇ ਮੈਂ ਜੇਬ 'ਚ ਹੱਥ ਮਾਰਿਆ ਤਾਂ ਮੈਨੂੰ ਮੇਰੀ ਐਨਕ ਨਾ ਲੱਭੀ। ਮੈਂ ਪੈਂਟ ਦੀਆਂ ਜੇਬਾਂ ਫਰੋਲੀਆਂ। ਅਮਨਦੀਪ ਨੂੰ ਕਿਹਾ, "ਬੱਲੀਏ, ਮੇਰੀ ਐਨਕ ਤਾਂ ਸਹੁਰਿਆਂ ਦੇ ਘਰੇ ਰਹਿ ਗਈ। ਆਪਾਂ ਬਹੁਤੀ ਦੂਰ ਨ੍ਹੀਂ ਆਏ ਅਜੇ। ਮੈਨੂੰ ਇੱਥੇ ਉਤਾਰ ਦੇ। ਤੂੰ ਜਾ ਕੇ ਐਨਕ ਫੜ ਲਿਆ। ਮੇਰਾ ਖਿਆਲ ਆ ਕਿ ਟੇਬਲ 'ਤੇ ਪਈ ਹੋਣੀ ਆ।" ਅਮਨਦੀਪ ਨੇ ਪਰਲੇ ਪਾਸੇ ਵਾਲਾ ਰੋਡ ਲੈ ਲਿਆ। ਘਰ ਅੱਗੇ ਮੁੜ ਗੱਡੀ ਲਿਆ ਰੋਕੀ। ਮੈਂ ਅੰਦਰ ਜਾਣ ਤੋਂ ਨਾਂਹ ਕਰ ਦਿੱਤੀ ਤਾਂ ਉਹ ਬੋਲੀ, "ਉਹ ਤੁਹਾਡਾ ਪੁਰਾਣਾ ਬੇਲੀ ਆ। ਸਾਲੇ ਦੇ ਘਰ ਨਾ ਸਈਂ— ਯਾਰ ਦੇ ਘਰ ਚਲੇ

ਆਓ।" ਉਹ ਅਜਿਹਾ ਤੀਰ ਚਲਾਉਂਦੀ ਹੈ ਜਿਸ ਦੀ ਮੇਰੇ ਕੋਲ ਕੋਈ ਕਾਟ ਨਹੀਂ ਹੁੰਦੀ। ਨਿੰਦਰ ਇਕੱਲਾ ਬੈਠਾ ਸੀ। ਮੈਨੂੰ ਮੁੜ ਆਇਆ ਦੇਖ ਕੇ ਬੋਲਿਆ, "ਬੱਲੇ-ਬੱਲੇ ਪਰਾਹੁਣੇ ਫੇਰ ਮੁੜ ਆਏ।" ਮੈਂ ਐਨਕ ਚੁੱਕ ਕੇ ਵਾਪਸ ਜਾਣ ਨੂੰ ਮੁੜਿਆ ਤਾਂ ਉਹ ਬੋਲਿਆ, "ਹੁਣ ਆਇਆਂ ਤਾਂ ਇੱਕ ਪੈੱਗ ਲਾ ਜਾ। ਜੀਤੀ ਵੀ ਕੰਮ ਤੋਂ ਆ ਗਈ।" ਮੈਨੂੰ ਬੈਠਣਾ ਪਿਆ। ਜੀਤੀ ਮੈਨੂੰ ਜੱਫੀ ਪਾ ਕੇ ਮਿਲੀ। ਮੈਂ ਉਸ ਨੂੰ ਪਿਆਰ ਦਿੱਤਾ, "ਸਾਡੀ ਧੀ ਬਹੁਤ ਸਿਆਣੀ ਆ। ਇਹਨੇ ਆਪਣਾ ਲਾਈਫ ਪਾਰਟਨਰ ਗੋਰਾ ਚੁਣਿਆ।" ਫੇਰ ਮੈਂ ਨਿੰਦਰ ਵੱਲ ਮੂੰਹ ਕਰਕੇ ਕਿਹਾ, "ਜੇ ਇਹ ਕਿਸੇ ਮੁਸਲਮਾਨ ਜਾਂ ਵਿਹੜੇ ਵਾਲੇ ਨਾਲ ਕੋਰਟ ਮੈਰਿਜ ਕਰ ਲੈਂਦੀ ਤਾਂ ਅਸੀਂ ਕੀ ਕਰ ਲੈਣਾ ਸੀ। ਠੀਕ ਆ ਨਾ ਭਾਜੀ?"

"ਇਹ ਤੇਰੀ ਗੱਲ ਮੰਨਣ ਵਾਲੀ ਆ।" ਨਿੰਦਰ ਹੌਸਲੇ ਨਾਲ ਬੋਲਿਆ। ਅਸੀਂ ਦੋ-ਦੋ ਪੈੱਗ ਲਾਏ। ਹਾਸਾ-ਮਖੌਲ ਕੀਤਾ।

ਮੇਰੀਆਂ ਗੱਲਾਂ ਦਾ ਕਿੰਨਾ ਅਸਰ ਹੋਇਆ, ਇਸ ਦਾ ਅੰਦਾਜ਼ਾ ਮੈਂ ਝਕਦਮ ਨਾ ਲਾ ਸਕਿਆ। ਮੈਂ ਜਾਣ ਲਈ ਉੱਠਿਆ ਤਾਂ ਉਹ ਬੋਲਿਆ, "ਅਮਨ ਕਾਰ ਤੂੰ ਚਲਾ ਕੇ ਲੈ ਜਾਈਂ।" ਅਮਨਦੀਪ ਮਿਲਣ ਲਈ ਅਗਾਂਹ ਨੂੰ ਹੋਈ ਤਾਂ ਉਸ ਕਿਹਾ, "ਭਾਜੀ, ਮੁੰਡੇ ਨੂੰ ਦੇਖਿਆਂ ਤਾਂ ਭੁੱਖ ਲਹਿੰਦੀ ਆ। ਇਨ੍ਹਾਂ ਦੇ ਨਿਆਣੇ ਇਨ੍ਹਾਂ ਨਾਲੋਂ ਵੀ ਜ਼ਿਆਦਾ ਸੋਹਣੇ ਹੋਣੇ। ਹੁਣ ਪਾਧਾ ਨਾ ਪੁੱਛੋ। ਮੁੰਡੇ ਨੂੰ ਘਰੇ ਸੱਦ ਕੇ ਵਿਆਹ ਪੱਕਾ ਕਰਨ ਦੀ ਕਰੋ.....।"

* * *

ਜੀਤੀ ਤੇ ਨੈਕਲੈਸ ਨੇ ਚੁੱਪ ਚਾਪ ਕੋਰਟ ਮੈਰਿਜ ਕਰ ਲਈ। ਨਿੰਦਰ ਨੂੰ ਪਤਾ ਲੱਗਾ ਤਾਂ ਉਹ ਬੜਾ ਕਲਪਿਆ। ਸ਼ਰਾਬ ਪੀ ਕੇ ਜੀਤੀ ਨੂੰ ਵੱਧ-ਘੱਟ ਬੋਲਿਆ। ਜੀਤੀ ਨੇ ਦੋ-ਚਾਰ ਵਾਰ ਉਸ ਦੀਆਂ ਬੇਸਿਰ-ਪੈਰ ਗੱਲਾਂ ਨੂੰ ਬਰਦਾਸ਼ਤ ਕੀਤਾ। ਅੱਕ ਕੇ ਆਪਣੇ ਡੈਡੀ ਦਾ ਫੋਨ ਨੰਬਰ ਬਲਾਕ ਕਰ ਦਿੱਤਾ। ਉਹ ਆਪਣੀ ਮੰਮੀ ਨੂੰ ਫੋਨ ਕਰ ਲੈਂਦੀ। ਸੱਤੀ ਵੀ ਹਫ਼ਤੇ ਦਸੀਂ ਦਿਨੀਂ ਧੀ ਨਾਲ ਆਪਣਾ ਦੁੱਖ ਸੁੱਖ ਸਾਂਝਾ ਕਰ ਲੈਂਦੀ। ਕਦੇ-ਕਦੇ ਨਿੰਦਰ ਮੈਨੂੰ ਫੋਨ ਕਰਦਾ। ਸੋਫੀ ਨਹੀਂ। ਪੂਰਾ ਕਾਇਮ ਹੋ ਕੇ। ਮੈਂ ਹੂੰ-ਹਾਂ ਕਰ ਛੱਡਦਾ। ਉਹ ਜੀਤੀ ਨਾਲੋਂ ਨੈਕਲੈਸ ਨੂੰ ਜ਼ਿਆਦਾ ਗਾਲ੍ਹਾਂ ਕੱਢਦਾ। ਇੱਕੋ ਗੱਲ ਵਾਰ-ਵਾਰ ਕਰਦਾ, "ਗੋਰਾ ਮੇਰੀ ਧੀ ਨੂੰ ਵਰਗਲਾ ਕੇ ਲੈ ਗਿਆ। ਉਹ ਤਾਂ ਵਿਚਾਰੀ ਇੰਨੀ ਜੋਗੀ ਨ੍ਹੀਂ ਸੀ।" ਇੱਕ ਦਿਨ ਸੱਤੀ ਦਾ ਫੋਨ ਆਇਆ ਤਾਂ ਮੈਂ ਕਿਹਾ, "ਜੇ ਭਾਜੀ ਜੀਤੀ ਬਿਨਾਂ ਨ੍ਹੀਂ ਰਹਿ ਸਕਦਾ ਤਾਂ ਉਸ ਨਾਲ ਸਮਝੌਤਾ ਕਰ ਲਵੇ।" ਸੱਤੀ ਨੇ ਦੱਸਿਆ, "ਉਹਦੀ ਜਾਨ ਕੁੜੀ 'ਚ ਵੱਸਦੀ ਆ। ਹੁਣ ਉਹ ਢਿੱਲਾ ਪੈ ਗਿਆ। ਪਰ ਕੁੜੀ ਆਕੜ ਗਈ। ਕਹਿੰਦੀ-ਪਹਿਲਾਂ ਨੈਕਲੈਸ ਨੂੰ ਜਵਾਈ ਮੰਨੋ।" ਮੈਂ ਪੁੱਛਿਆ, "ਜਦੋਂ ਜਵਾਈ ਬਣ ਗਿਆ ਤਾਂ ਭਾਜੀ ਨੂੰ ਜਵਾਈ ਮੰਨਣ 'ਚ ਕੀ ਇਤਰਾਜ਼ ਆ?" ਸੱਤੀ ਦਾ ਕਹਿਣਾ ਸੀ, "ਇਹੀ ਗੱਲ ਤਾਂ ਉਨ੍ਹਾਂ ਦੇ ਖਾਨੇ 'ਚ ਨ੍ਹੀਂ ਪੈਂਦੀ। ਕਹਿੰਦੇ ਕੁੜੀ ਜਦੋਂ ਮਰਜ਼ੀ ਆ ਜਾਵੇ। ਗੋਰੇ ਨੂੰ ਘਰੇ ਨ੍ਹੀਂ ਵੜਣ ਦੇਣਾ।"

ਸਾਨੂੰ ਇੱਕ ਨਵੇਂ ਖਦਸੇ ਨੇ ਘੇਰ ਲਿਆ ਕਿ ਜੇ ਨਿੰਦਰ ਦੀ ਸ਼ਰਾਬ ਪੀਣ ਦੀ ਮਾਤਰਾ ਐਦਾਂ ਹੀ ਵੱਧਦੀ ਗਈ ਤਾਂ ਜਾਂ ਤਾਂ ਉਸ ਨੇ ਆਪਣੇ ਫੇਫੜੇ ਗਾਲ ਲੈਣੇ ਜਾਂ ਸੋਚ ਸੋਚ ਕੇ ਪਾਗਲ ਹੋ ਜਾਣਾ। ਉਹ ਆਪਣੀ ਧੀ ਨੂੰ ਦੇਖਿਆਂ ਬਿਨਾਂ ਨਹੀਂ ਰਹਿ ਸਕਦਾ। ਉਹ ਤਾਂ ਕਹਿੰਦਾ ਹੁੰਦਾ ਸੀ ਕਿ ਉਸ ਜੀਤੀ ਦਾ ਵਿਆਹ ਉਸ ਮੁੰਡੇ ਨਾਲ ਕਰਨਾ ਜਿਹੜਾ ਘਰ ਜਵਾਈ ਬਣਨ ਨੂੰ ਮੰਨੇ।

ਐਦਾਂ ਓਦਾਂ ਕਰਦਿਆਂ ਚਾਰ ਸਾਲ ਬੀਤ ਗਏ।

ਜੀਤੀ ਦਾ ਮੁੰਡਾ ਦੋ ਸਾਲਾਂ ਦਾ ਹੋ ਗਿਆ। ਉਸ ਨੇ ਆਪਣੇ ਮੁੰਡੇ ਦੇ ਜਨਮ ਦਿਨ 'ਤੇ ਨਿੰਦਰ ਤੇ ਸੱਤੀ ਨੂੰ ਆਉਣ ਲਈ ਫੋਨ ਕੀਤਾ। ਨੈਕਲੈਸ ਨੇ ਵੀ ਫੋਨ ਕੀਤਾ। ਸੱਤੀ ਨੇ ਅਮਨਦੀਪ ਕੋਲੋਂ ਸਲਾਹ ਮੰਗੀ। ਅਮਨਦੀਪ ਨੇ ਕਿਹਾ, "ਪਾਧਾ ਨਾ ਪੁੱਛੋ। ਮੈਂ ਭਾਜੀ ਨੂੰ ਹੁਣੇ ਫੋਨ ਕਰਦੀ ਆਂ ਕਿ ਕੁੜੀ ਨਾ ਸਹੀ ਆਪਣੇ ਦੋਹਤੇ ਨੂੰ ਤਾਂ ਦੇਖਣ ਜਾਉ।

ਸੱਤੀ ਤੇ ਉਹਨੂੰ ਪੈਰਿਸ ਦੇ ਹਵਾਈ ਅੱਡੇ ਤੋਂ ਮਹਿੰਗੀ ਕਾਰ 'ਚ ਨੈਕਲੈਸ ਦੇ ਵੱਡੇ ਘਰ ਲੈ ਜਾਇਆ ਗਿਆ। ਪੰਜਵੇਂ ਦਿਨ ਨਿੰਦਰ ਦਾ ਫੋਨ ਆਇਆ, "ਸਰੂਪ ਉਹ ਤਾਂ ਸਾਡੇ ਨਾਲੋਂ ਬਹੁਤ ਤਕੜੇ ਨੇ। ਛੋਟੀ ਜਿਹੀ ਪਾਰਟੀ ਰੱਖੀ ਸੀ। ਗਿਣਤੀ-ਮਿਣਤੀ ਦੇ ਬੰਦੇ ਸੀ। ਪਰ ਸੇਵਾ ਵੱਲੋਂ ਕੋਈ ਕਮੀ ਨ੍ਹੀਂ ਸੀ। ਬਹੁਤ ਮਹਿੰਗੀ ਸ਼ਰਾਬ। ਮੈਨੂੰ ਤਾਂ ਹੁਣ ਨਾਂ ਵੀ ਯਾਦ ਨ੍ਹੀਂ ਆ ਰਹੇ। ਕੱਲ੍ਹ ਕੁੜਮ ਸਾਹਿਬ ਆਪਣਾ ਫਾਰਮ ਹਾਊਸ ਦਿਖਾਉਣ ਲੈ ਗਏ। ਦੋ ਸੌ ਖਤਿਆਂ ਦਾ ਮਾਲਕ ਆ ਆਪਣਾ ਜੁਆਈ। ਪੰਦਰਾਂ-ਵੀਹ ਤਾਂ ਘੋੜੇ ਹੀ ਹੋਣੇ ਨੇ। ਦੋ ਵੱਡੇ ਟਰੈਕਟਰ। ਇੱਕ ਛੋਟਾ ਟਰੈਕਟਰ ਖੇਤਾਂ 'ਚ ਘੁੰਮਾਉਣ ਲਈ। ਮੈਂ ਆਪਣੇ ਕੁੜਮ ਨੂੰ ਦੱਸਿਆ ਕਿ ਅਸੀਂ ਜੱਟ-ਫਾਰਮਰ ਹੁੰਦੇ ਆਂ। ਉਹ ਸੁਣ ਕੇ ਬੜਾ ਖੁਸ਼ ਹੋਇਆ। ਸਭ ਤੋਂ ਵੱਡੀ ਗੱਲ ਤਾਂ ਇਹੀ ਆ ਕਿ ਉਹ ਵੀ ਸਾਡੇ ਵਾਂਗ ਜੱਟ ਨੇ। ਗੋਰੇ ਜੱਟ...ਚਲ ਹੁਣ ਅਮਨ ਨਾਲ ਗੱਲ ਕਰਾ.....।" ਵ

ਕਵਿਤਾ : **ਭਾਈ ਬਲਦੀਪ ਸਿੰਘ**

## ਧੰਨੁ ਧੰਨੁ ਤੂੰ ਪਟਨਾ ਨਗਰੀ

ਧੰਨੁ ਧੰਨੁ ਤੂੰ ਪਟਨਾ ਨਗਰੀ
ਜਹਾਂ ਜਨਮੁ ਲੀਯੋ ਗੋਵਿੰਦੁ ਰਾਏ
ਧੰਨੁ ਧੰਨੁ ਤੂੰ ਪਟਨਾ ਨਗਰੀ
ਜਹਾਂ ਵਿਸਰਾਮ ਕੀਉ ਗੁਰੂ ਤੇਗ਼ ਬਹਾਦੁਰ ਰਾਏ

ਧੰਨੁ ਧੰਨੁ ਤੂੰ ਮਾਤਾ ਗੰਗੇਹਃ
ਜਿਸੁ ਪ੍ਰਥਮ ਸਨਾਨ ਕਰਿ ਸੁਹਾਗਣਾਇਓ
ਹਰਿ ਗੋਵਿੰਦ ਰਾਉ ਤੁਮਹਃ
ਕਲਪਤ ਜਲੁ ਤਰੰਗਣਾ ਠਾਂਡਾਏਓ

ਗੰਗੋਤ੍ਰੀਯੋਂ ਜਲ ਬੂੰਦਨ ਵਿਆਕੁਲੀ
ਦੌੜੀ ਭਾਗੀਨ ਪਟਨਾ ਸਹਰ
ਪਗ ਛੂਹਿਣੇ ਆਇਯੋ ਕੇ
ਕਿ ਹਰਿ ਵਰੁ ਪਾਇਓਨੇ
ਤਰਸ ਤਰਸਤ ਦਰਸ ਦਰਸਤ
ਖਿੜ ਖਿੜ ਹਰਖਤ ਜਬੁ
ਗੋਬਿੰਦ ਰਾਓ ਪਗੁਨਨ ਧਰਤਤ

ਜਲੁ ਛਲਕਤ ਛਲਕਤ
ਛਲਕ ਛਲਕ ਛਲ
ਛਲ ਛਲ ਛਲ ਛਲ
ਰਿਮਿਝਿਮਿ ਰਿਮਿਝਿਮਿ
ਬਦੁਰਾ ਝੂਮ ਝੂਮ ਕਰ
ਮੇਘਾ ਗਾਇਓ ਹਰਿ ਗੁਣਣ ਕੌਂ
ਸੀਤਲ ਸੀਤਲ ਹਵਾ ਚਲਤ
ਦਾਮਿਨੀ ਦਮਕ ਦਮਕ ਦਮੁ ਦਮਕਤ ਦਮਕਤ
ਖੜਕ ਖੜਕ ਖੜ ਖੜਕਤ ਖੜਕਤ ਖੜ ਖੜ ਖੜ ਖੜ
ਖੜਖੜਾਕ ਤੜਤੜਾਕ ਤੜ ਤੜ ਤੜ ਤੜ ਧੜ ਧੜ ਧੜ ਧੜ
ਭੰਮ ਭੰਮ ਭੰਮ ਭੰਮ ਭੋਲਾ ਬੋਲਤ
ਮੋਰ ਮਨ ਅਬ ਕਤਊਂ ਨ ਡੋਲਤ

ਬ੍ਰਹਮਦਾਇਕ ਬਿਸਨ ਦੇਵੀ ਦੇਵਾਇਕ
ਫੂਲਨ ਬਰਖਾ ਬਰਖਾਨਾਈਂ
ਰਾਧਿਕਾ ਦੌਰੀ ਭਗੁ ਆਈਂ

ਹਰਿ ਗੋਪਾਲੁ ਰਾਏ ਖਿਡਾਵਨ ਕੋ
ਕਾਹਨ ਜਬ ਬੰਸੁਰੀ ਮੁਖ ਛੁਹਾਈਂ
ਰਾਗੁ ਰਾਗਿਨ–ਨਣਨਣੀਆਂ
ਗੁਰ ਸ਼ਬਦੁ ਗਾਵਨੁ ਆਈਂ
ਕਿੰਨਰ ਗਣ ਗਾਂਧਰਵ ਮੁਣੀ
ਪੀਰ ਪੈਕਾਂਬਰ ਹਰਿ ਸਿਫ਼ਤਾਈਂ
ਹਜ਼ਰਤ ਮੁਹੰਮਦੀਸ ਸੀਸ ਹਲਾਈਂ
ਸਭਨ ਮਿਲ ਕਰੁ ਤਾਲੁ ਦਈਨ

ਮਹਾਂਵੀਰ ਬੌਂਧਾਦਿਕ ਮੁਸਕਾਵਤ
ਧੰਨੁ ਧੰਨੁ ਕਰਤ ਦਿਨਰ ਰੈਈਨ
ਕਿ ਤ੍ਯਾਗ ਮੂਰਤਿ
ਸਾਂਤਿ ਰੂਪੀ
ਅਕਾਲ ਸਰੂਪੀ
ਧ੍ਯਾਨ ਧਰੂਪੀ
ਮਾਤਾ ਗੁਜਰੀ ਕੀ ਕੁੱਖਨੋਂ ਜਨਮਿਯੋਂ
ਸੁਖ ਸਾਂਤਹਿ ਕਰਨਣ ਕਉ
ਦੂਰਮਤਿ ਦਰਨਣੇ ਕਉ—ਕਿਰਪਾਈ !



ਕਵਿਤਾਵਾਂ : **ਸ਼ਾਇਰ ਜਸਵੀਰ**

## ਰਹਿਰਾਸ ਵੇਲੇ

ਦਿਨ ਢਲੇ
ਉਦਾਸ ਨਈਂ ਹੋਈ ਦਾ।
ਅੱਖੀਆਂ ਭਰ ਭਰ
ਇਉਂ ਨਈਂ ਰੋਈ ਦਾ।
ਚੁੱਪ ਕਰ
ਮੇਰੀ ਲਾਡਾਂ ਜਾਈ।

ਆ ਕੋਈ ਆਸ ਦਾ
ਦੀਵਾ ਬਾਲੀਏ।
ਇਸ ਚੁੱਪ ਨੂੰ
ਕੋਈ ਬੋਲ ਦੇਈਏ।
ਬੋਲਣ ਨਾਲ ਹੀ
ਚੁੱਪ ਟੁੱਟਦੀ ਹੁੰਦੀ।

ਮੰਨਿਆ ਕਿ
ਹਰ ਚੁੱਪ ਵਿਚ
ਕੁਝ ਅਜਿਹੇ ਅਰਥ ਹੁੰਦੇ
ਜਿਨ੍ਹਾਂ ਲਈ ਕਿ
ਸ਼ਬਦਾਂ ਦੀ ਥੋੜ੍ਹ ਜਾਪੇ
ਸਮਝਦੇ ਨੇ ਏਨਾ ਕੁ ਮਾਪੇ।

ਮੇਰੀ ਲਾਡਾਂ ਜਾਈ
ਮੈਨੂੰ ਪਤਾ ਕਿ
ਦੁੱਖ ਵੇਲੇ
ਹੱਸਿਆ ਨਈਂ ਜਾ ਸਕਦਾ
ਪਰ ਰੋਣਾ ਕੋਈ ਹੱਲ ਤਾਂ ਨਈਂ
ਇਹ ਜੀਵਣ ਦਾ ਵਲ ਤਾਂ ਨਈਂ

ਚੱਲ ਉੱਠ
ਮੇਰੇ ਨਾਲ ਤੁਰ
ਅਰਦਾਸ ਕਰੀਏ
ਆਸਾਂ ਨੂੰ ਬੂਰ ਪੈਂਦਾ
ਸੱਚੇ ਦਿਲੋਂ ਕਹੀ ਗੱਲ
ਸੱਚ ਹੁੰਦੀ।

ਇਸ ਢਹਿੰਦੀ ਉਮਰੇ
ਤੂੰ ਮੇਰਾ ਢਾਰਸ

ਮੈਂ ਕਹਿੰਦਾ ਢਾਰਸ
ਬਸ ਅੱਖਰ ਬੁੱਝਾ
ਕਿ ਲੜ ਲੱਗੀ ਦਾ
ਲੜ ਨਈਂ ਛੱਡੀ ਦਾ
ਰਹਿਰਾਸ ਵੇਲੇ।

ਤੇਰਾ ਵੀਰ
ਤੇਰੀ ਅਪਣੱਤ ਵਿਚ
ਭੱਜਿਆ ਆਵੇਗਾ
ਤੂੰ ਆਸ ਰੱਖੀਂ
ਕਿ ਦਿਲ ਨੂੰ ਦਿਲ ਦਾ ਰਾਹ ਹੁੰਦਾ ਹੈ

**ਨਜ਼ਮਗਾਹ**

ਆਪੋ ਆਪਣੀ ਥਾਂ ਹੁੰਦੀ ਏ
ਪਿਓ ਹੁੰਦਾ ਏ ਮਾਂ ਹੁੰਦੀ ਏ
ਧੁੱਪ ਹੁੰਦੀ ਏ ਛਾਂ ਹੁੰਦੀ ਏ
ਇਥੇ ਮੁੱਕਦੇ ਹੋਂਦ ਦੇ ਮਸਲੇ
ਇਹ ਹੋਣੀਂ-ਥੀਣੀਂ ਤਾਂ ਹੁੰਦੀ ਏ।

ਦੁੱਖ 'ਤੇ ਹੱਸ ਹਰ ਵਾਰ ਨਈਂ ਹੁੰਦਾ
ਬੋਲ ਕੇ ਦੱਸ ਹਰ ਵਾਰ ਨਈਂ ਹੁੰਦਾ
ਜਿਹੜਾ ਕਹਿੰਦਾ ਪਿਆਰ ਨਈਂ ਹੁੰਦਾ
ਉਸ ਨੂੰ ਆਖੋ ਖ਼ੁਦ ਨੂੰ ਖੋਜੇ
ਆਪਾ ਆਪੇ ਮਾਰ ਨਈਂ ਹੁੰਦਾ।

ਪੈਰਾਂ ਮੱਲੇ ਰਾਹ ਦੀ ਗੱਲ ਹੈ
ਆਉਂਦੇ ਜਾਂਦੇ ਸਾਹ ਦੀ ਗੱਲ ਹੈ
ਮਰ ਮਰ ਜਿਉਂਦੇ ਚਾ ਦੀ ਗੱਲ ਹੈ
ਜਿਥੇ ਸ਼ਾਇਰਾਂ ਮਜਲਸ ਕੀਤੀ
ਇਹ ਤਾਂ ਨਜ਼ਮਗਾਹ ਦੀ ਗੱਲ ਹੈ।

ਸੋਚਾਂ ਆਪਣਾ ਝੱਲ ਮੁਕਾਵਾਂ
ਕਿਉਂ ਨਾ ਏਸੇ ਪਲ ਮੁਕਾਵਾਂ
ਅੰਦਰਲੀ ਹਲਚਲ ਮੁਕਾਵਾਂ
ਭਟਕਾਂ ਅਟਕਾਂ ਕਿਹੜੀ ਗੱਲੋਂ
ਜਾਂਦੀ ਵਾਰੀ ਗੱਲ ਮੁਕਾਵਾਂ।

**ਨਜ਼ਮਾਂ ਦੀ ਮਜਲਿਸ**

ਨਜ਼ਮਾਂ ਦੀ ਮਜਲਿਸ ਲੱਗੀ
ਅੱਖਰ ਗਵਾਹ ਨੀਂ ਮਾਏਂ।

ਬਹਿਰਾਂ ਦੇ ਵਿਚ ਪਰੋਏ
ਸ਼ਾਇਰਾਂ ਦੇ ਚਾ ਨੀਂ ਮਾਏਂ।

ਡਿੱਠੀ ਜਿਸ ਰੋਜ਼ ਫ਼ਕੀਰੀ
ਉਸ ਤੋਂ ਕੀ ਅੱਧ ਅਮੀਰੀ
ਓਸੇ ਦੇ ਨਾਵੇਂ ਕਰੜੇ
ਝੱਲੇ ਨੇ ਸਾਹ ਨੀਂ ਮਾਏ।

ਧਰਤੀ ਦੇ ਹਾਣ ਦੀ ਹੋਵੇ
ਏਨਾ ਤਾਂ ਜਾਣਦੀ ਹੋਵੇ
ਆਪੇ ਤੋਂ ਬਾਹਰ ਨਾ ਚੰਗੀ
ਵਗਦੀ ਜੋ 'ਵਾ ਨੀਂ ਮਾਏ।

ਧਰਤੀ ਤੇ ਧੀਆਂ ਸੁਣਿਆ
ਦੋਹਾਂ ਨੇ ਖ਼ਾਬ ਹੈ ਬੁਣਿਆ।
ਰੱਬ ਨੇ ਜੋ ਸਾਜ ਬਣਾਈ
ਰੱਖਣੀ ਵਸਾ ਨੀਂ ਮਾਏ।

## ਹੋਂਦ

ਤੇਰਾ ਸਿਰ ਜੇ ਆਵਦਾ ਹੁੰਦਾ
ਖਿੜਿਆ ਫੁੱਲ ਗੁਲਾਬ ਦਾ ਹੁੰਦਾ
ਤੂੰ ਫੇ ਪੁੱਤ ਪੰਜਾਬ ਦਾ ਹੁੰਦਾ।

ਸਿਰ ਦੀ ਬਾਜ਼ੀ ਲਾ ਕੇ ਵੇਖੀਂ
ਆਪੇ ਨੂੰ ਅਜਮਾ ਕੇ ਵੇਖੀਂ
ਪੀਤਾ ਆਬ ਚਨਾਬ ਦਾ ਹੁੰਦਾ।

ਇੰਞ ਤੂੰ ਕਿਧਰੇ ਵਿਕਣਾ ਨਾ ਸੀ
ਰੂਹ ਤੇਰੀ ਨੇ ਟਿਕਣਾ ਨਾ ਸੀ
ਮਸਲਾ ਕਦ ਖੁਆਬ ਦਾ ਹੁੰਦਾ।

ਕਲਮ ਤੇਰੀ ਨੇ ਸੱਚ ਕਹਿਣਾ ਸੀ
ਕੱਚ ਨੂੰ ਆਖ਼ਰ ਕੱਚ ਕਹਿਣਾ ਸੀ
ਸੁੱਤਾ ਨਾ, ਜੇ ਤੂੰ ਜਾਗ ਦਾ ਹੁੰਦਾ।



ਸ਼ਾਇਰ ਜਸਵੀਰ
ਮੋਬਾ : 77430-29901

# ਸੌੜੀ ਰਾਸ਼ਟਰਵਾਦੀ ਸਿਆਸਤ 'ਚੋਂ ਨਿਕਲੀ ਪੰਜਾਬ ਦੀ ਵੰਡ ਤੇ ਆਪਸੀ ਵੱਢ-ਟੁੱਕ

*ਜਸਪਾਲ ਸਿੰਘ ਸਿੱਧੂ*

ਚੌਹੱਤਰ ਸਾਲ ਪਹਿਲਾਂ, 1947 ਵਿੱਚ ਆਪਸੀ ਵਿਰੋਧੀ ਰਾਸ਼ਟਰਵਾਦਾਂ (ਨੈਸ਼ਨਲਿਜ਼ਮ) ਦੀ ਟੱਕਰ ਨੇ ਸਿਰਫ ਪੰਜਾਬ ਦੇ ਟੁੱਕੜੇ ਹੀ ਨਹੀਂ ਕਰਵਾਏ ਬਲਕਿ ਪੰਜਾਬੀਆਂ ਦੀ ਆਪਸ ਵਿੱਚ ਇੰਨੀ ਭਿਆਨਕ ਵੱਢ-ਟੁਕ ਕਰਵਾਈ ਜਿਸ ਦੀ ਮਿਸਾਲ ਦੁਨੀਆਂ ਦੇ ਇਤਿਹਾਸ ਵਿੱਚ ਕਿੱਤੇ ਨਹੀਂ ਮਿਲਦੀ। ਹੈਵਾਨੀਅਤ ਦੀ ਐਸੀ ਭੀਸ਼ਣ ਅੱਗ ਭੜਕੀ ਕੇ ਲੱਖਾਂ ਬੱਚੇ, ਬੁੱਢੇ, ਅਪਾਹਜ ਅਤੇ ਬੇਕਸੂਰ ਜਿੰਦੜੀਆਂ ਭਸਮ ਹੋ ਗਈਆ। ਸਦੀਆਂ ਤੋਂ ਘੁੱਗ ਵੱਸਦੇ ਵਿਹੜੇ ਤਬਾਹ ਹੋ ਗਏ। ਹਜ਼ਾਰਾ ਔਰਤਾਂ ਦੀ ਸ਼ਰੇ-ਬਜ਼ਾਰ ਬੇਪਤੀ ਹੋਈ, ਉਧਾਲੀਆਂ ਗਈਆ।

ਇਸਤਿਆਕ ਅਹਿਮਦ ਨੇ ਲੰਬੀ ਖੋਜ-ਪੜਤਾਲ ਤੋਂ ਬਾਅਦ ਵੰਡ ਉੱਤੇ ਲਿਖੀ ਕਿਤਾਬ "ਪੰਜਾਬ ਬਲੱਡੀਡ, ਪਾਰਟੀਸ਼ਨਡ ਐਂਡ ਕਲੀਨਜ਼ਡ" ਵਿੱਚ ਪੰਜਾਬ ਵਿੱਚ ਮਾਰੇ ਗਿਆ ਦੀ ਗਿਣਤੀ 6 ਤੋਂ 8 ਲੱਖ ਦੱਸੀ ਹੈ। ਪੰਜਾਬ ਵਿੱਚ 1941 ਦੀ ਜਨ ਗਣਨਾ ਮੁਤਾਬਿਕ ਪੰਜਾਬ ਵਿੱਚ ਮੁਸਲਮਾਨਾਂ ਦੀ ਬਹੁਗਿਣਤੀ 55-56 ਪ੍ਰਤੀਸ਼ਤ ਸੀ, 6 ਪ੍ਰਤੀਸ਼ਤ ਅਛੂਤਾਂ ਦਲਿਤਾਂ ਨੂੰ ਮਿਲਾ ਕੇ ਹਿੰਦੂ 29 ਪ੍ਰਤੀਸ਼ਤ ਅਤੇ ਸਿੱਖ 14 ਪ੍ਰਤੀਸ਼ਤ ਅਤੇ ਬਾਕੀ ਡੇਢ ਤੋਂ ਦੋ ਪ੍ਰਤੀਸ਼ਤ ਈਸਾਈ ਸਨ। ਉਸ ਸਮੇਂ  ਦੇ ਪੰਜਾਬ ਦੇ ਗਵਰਨਰ ਜੈਨਕਿਨ ਅਤੇ ਹੋਰ ਲੇਖਕਾਂ ਦਾ ਮਤ ਹੈ ਕਿ ਪੱਛਮੀ ਪੰਜਾਬ ਵਿੱਚੋਂ ਆਏ ਹਿੰਦੂ-ਸਿੱਖ ਰਿਫੂਉਜ਼ੀਰਆਂ ਦੇ ਵਸੇਬੇ ਲਈ ਪੂਰਬੀ ਪੰਜਾਬ ਵਿੱਚੋਂ ਮੁਸਲਮਾਨਾਂ ਦਾ ਵੱਡੇ ਪੱਧਰ ਉੱਤੇ ਜਬਰੀ ਹਿਜ਼ਰਤ ਕਰਵਾਈ ਗਈ। ਇਸੇ ਕਰਕੇ ਹਿੰਸਾ ਵਿੱਚ ਜ਼ਿਆਦਾ ਮੁਸਲਮਾਨ ਮਾਰੇ ਗਏ ਅਤੇ ਜਿਹਨਾਂ ਦੀ ਗਿਣਤੀ ਕਈ ਲੇਖਕ 5 ਲੱਖ ਤੋਂ ਉਪਰ ਦਸਦੇ ਹਨ। ਪੰਜਾਬ ਵਿੱਚ ਤਾਇਨਾਤ ਅੰਗਰੇਜ਼ੀ ਅਫਸਰ ਪੈਂਡਰਲ ਮੂਨ ਲਿਖਦਾ ਕਿ "ਹਿੰਦੂ-ਸਿੱਖਾਂ ਨੇ ਪੰਜਾਬ ਦੀ ਵੰਡ ਵਿੱਚ ਜ਼ਿਆਦਾ ਜਾਇਦਾਤਾਂ ਗਵਾਈਆਂ ਅਤੇ ਮੁਸਲਮਾਨਾਂ ਨੇ ਜ਼ਿਆਦਾ ਜਾਨਾਂ।" ਇਹਨਾਂ ਫਿਰਕਾਪ੍ਰਸਤੀ ਅੱਗ ਦੀ ਲਾਟਾਂ ਵਿੱਚ ਸੜੇ ਲੱਖਾਂ ਕਾਮੇ, ਕੰਮੀ, ਮਜ਼ਦੂਰ, ਗਰੀਬ ਦਲਿਤ ਪਰਿਵਾਰ ਗੁੰਮਨਾਮੀ ਅਤੇ ਅਣਗੌਲੇਪਣ ਦੀ ਡੂੰਘੀਆਂ ਪਰਤਾਂ ਥੱਲੇ ਦਬੇ ਗਏ। ਪੰਜਾਬੀ ਸਿਮਰਤੀ ਵਿੱਚੋਂ ਹੁਣ ਉਹਨਾਂ ਦੇ ਨਾਮ ਵਿਸਰ ਹੀ ਗਏ ਹਨ। 1947 ਤੋਂ ਤਿੰਨ ਚਾਰ ਦਹਾਕਿਆਂ ਬਾਅਦ, ਸੰਵੇਦਨਸ਼ੀਲ ਲੇਖਕ ਉਰਵਾਸੀ ਬੁਤਾਲੀਆਂ ਨੇ ਆਪਣੀ ਪੁਸਤਕ "ਅਦਰ ਸਾਈਡ ਆਫ ਸਾਇਲੈਂਸ: ਵੋਆਸਿਸ ਫਰਾਮ ਪਾਰਟੀਸ਼ਨ ਆਫ ਇੰਡੀਆ" ਵਿੱਚ ਅਜਿਹੇ ਮਾਰੇ ਗਏ ਅਛੂਤਾਂ, ਕੰਮੀਆਂ ਦਾ ਜ਼ੋਰਦਾਰ ਜ਼ਿਕਰ ਕੀਤਾ। ਹੈਰਾਨੀ ਹੁੰਦੀ ਹੈ ਕਿ ਪਾਕਿਸਤਾਨ ਤੋਂ ਜਾਨਾਂ ਬਚਾਕੇ ਦੌੜੇ ਗੈਰ-ਮੁਸਲਮਾਨ ਅਛੂਤਾਂ ਲਈ, ਸਵਰਨ ਜਾਤੀ ਰਿਫੂਉਜ਼ੀਆਂ ਦੇ ਵਿਰੋਧ ਕਰਕੇ, ਭਾਰਤ ਸਰਕਾਰ ਨੂੰ ਵੱਖਰੇ ਕੈਂਪ ਲਾਉਣੇ ਪਏ ਸਨ। ਨਾਮਵਰ ਹਿਸਟੋਰੀਅਨ ਮਹਾਤਮਾ ਗਾਂਧੀ ਦਾ ਪੋਤਰਾ, ਰਾਜ ਮੋਹਨ ਗਾਂਧੀ ਕਹਿੰਦਾ 'ਰੈਡਕਲਿਫ ਲਾਈਨ' ਦੇ ਦੋਨੇ ਪਾਸੀ ਮਾਰੇ ਗਏ ਦਲਿਤਾਂ ਅਤੇ ਕੰਮੀਆ ਦਾ ਦੋਨਾਂ ਮੁਲਕਾਂ ਨੇ ਕੋਈ ਰੀਕਾਰਡ ਨਹੀ ਰੱਖਿਆ। ਕਿਉਂਕਿ ਉਹ ਸਰਕਾਰਾਂ ਦੇ ਰੈਵੀਨਿਊ ਰੀਕਾਰਡ ਵਿੱਚ ਘਰਾਂ ਦੇ ਮਾਲਕ ਵੀ ਨਹੀਂ ਸਨ। ਇਹੋ ਹੀ ਕਾਰਨ ਹੈ ਕਿ ਸੰਤਾਲੀ ਦੀ ਕਤਲੋਗਾਰਦ ਵਿੱਚ ਮਾਰੇ ਗਏ ਪੰਜਾਬੀਆ ਦੀ ਸਹੀ ਗਿਣਤੀ ਨਹੀਂ ਮਿਲਦੀ। ਅੰਦਾਜ਼ੇ ਦਸ ਲੱਖ (ਇਕ ਮਿਲੀਅਨ) ਤੱਕ ਪਹੁੰਚ ਜਾਂਦੇ ਹਨ। ਘੱਟੋਂ ਘੱਟ 90 ਤੋਂ 100 ਲੱਖ ਲੋਕਾਂ ਨੇ ਘਰਾਂ ਤੋਂ ਉਜੜ੍ਹਕੇ ਚੜ੍ਹਦੇ ਅਤੇ ਲਹਿੰਦੇ ਪੰਜਾਬ ਵਿੱਚ ਰਿਫੂਉਜ਼ੀ ਬਣਕੇ ਮੁੜ ਜ਼ਿੰਦਗੀ ਦੀ ਸ਼ੁਰੂਆਤ ਕੀਤੀ। ਉਧਾਲੀਆਂ ਗਈਆਂ ਔਰਤਾਂ ਦੀ ਗਿਣਤੀ ਵੀ ਇੱਕ ਲੱਖ ਦੱਸੀ ਜਾਂਦੀ ਹੈ।

ਭਾਵੇਂ 16 ਅਗਸਤ 1946 ਨੂੰ ਜਿਨਾਹ ਵੱਲੋਂ "ਸਿੱਧੇ ਐਕਸ਼ਨ" (Direct Action) ਦੇ ਸੱਦੇ ਦੇ ਫਲਸਰੂਪ ਬਿਹਾਰ, ਬੰਗਾਲ, ਕੱਲਕੱਤੇ ਵਿੱਚ ਹਿੰਦੂ-ਮੁਸਲਮਾਨਾਂ ਵਿੱਚ ਫਿਰਕੂ ਦੰਗੇ ਭੜ੍ਹਕ ਪਏ ਸਨ। ਪਰ ਪੰਜਾਬ ਸ਼ਾਂਤ ਰਿਹਾ ਸੀ। ਇੱਥੋਂ ਤੱਕ ਕਿ ਜਨਵਰੀ 1947 ਵਿੱਚ ਹਿੰਦੂ ਸਿੱਖ, ਮੁਸਲਮਾਨ ਢਾਬਿਆਂ ਉੱਤੇ ਇਕੱਠੇ ਚਾਹ ਪੀਂਦੇ ਰਹੇ ਸਨ। 20 ਫਰਵਰੀ (1947) ਨੂੰ ਲੰਦਨ ਪਾਰਲੀਮੈਂਟ ਵਿੱਚ ਪ੍ਰਧਾਨ ਮੰਤਰੀ ਐਟਲੀ ਵੱਲ਼ੋਂ ਐਲਾਨ ਕੀਤਾ ਗਿਆ ਕਿ ਅੰਗਰੇਜ਼ੀ ਰਾਜ ਪੂਰਨ ਰੂਪ ਵਿੱਚ ਜੂਨ 1948 ਤੱਕ ਭਾਰਤੀ ਉਪ-ਮਹਾਂਦੀਪ ਵਿੱਚੋਂ ਨਿਕਲ ਆਵੇਗਾ। ਇਸ ਪਿੱਛੋਂ

ਪੰਜਾਬ ਵਿੱਚ ਤੇਜ਼ੀ ਨਾਲ ਤਬਦੀਲੀਆਂ ਆਈਆਂ। ਦੋ ਮਾਰਚ ਨੂੰ ਪੰਜਾਬ ਦੇ ਪ੍ਰੀਮੀਅਮ (ਮੁੱਖ ਮੰਤਰੀ) ਖਿਜ਼ਰ ਟਿਵਾਣਾ ਨੇ ਅਸਤੀਫਾ ਦੇ ਦਿੱਤਾ। ਪ੍ਰਸਾਸ਼ਨ ਗਵਰਨਰ ਜੈਨਕਿਨ ਦੇ ਕੋਲ ਚਲਾ ਗਿਆ। ਤਿੰਨ ਮਾਰਚ ਨੂੰ ਮਾਸਟਰ ਤਾਰਾ ਸਿੰਘ ਨੇ ਲਾਹੌਰ ਵਿੱਚ ਨੰਗੀ ਤਲਵਾਰ ਲਹਿਰਾਉਦਿਆਂ ਪਾਕਿਸਤਾਨ ਦੀ ਮੰਗ ਦਾ ਜਨਤਕ ਤੌਰ ਤੇ ਵਿਰੋਧ ਕਰ ਦਿੱਤਾ। ਅਗਲੇ ਦਿਨ ਸ਼ਹਿਰ ਵਿੱਚ ਹਿੰਦੂਸਿੱਖ ਅਤੇ ਮੁਸਲਮਾਨਾਂ ਦਰਮਿਆਨ ਹਿੰਸਕ ਲੜਾਈਆਂ ਸ਼ੁਰੂ ਹੋ ਗਈਆ ਸਨ।

ਇਸ ਤੋਂ ਤੁਰੰਤ ਬਾਅਦ ਫਿਰਕੂ ਦੰਗੇ ਜਲੰਧਰ, ਅੰਮਿਤਸਰ ਅਤੇ ਹੋਰ ਸ਼ਹਿਰਾਂ/ਕਸਬਿਆਂ ਵਿੱਚ ਫੈਲ ਗਏ। ਮੁਸਲਮਾਨ ਬਹੁਗਿਣਤੀ ਖੇਤਰਾਂ ਖਾਸ ਕਰਕੇ ਰਾਵਲਪਿੰਡੀ ਦੇ ਇਲਾਕੇ ਵਿੱਚੋਂ ਮੁਸਲਮਾਨਾਂ ਦੇ ਹਮਲਿਆਂ ਕਰਕੇ ਉੱਥੋਂ ਘੱਟਗਿਣਤੀ ਹਿੰਦੂ-ਸਿੱਖਾਂ ਨੇ ਪੂਰਬੀ ਪੰਜਾਬ ਵਲ ਹਿਜ਼ਰਤ ਸ਼ੁਰੂ ਕਰ ਦਿੱਤੀ ਸੀ।

ਤਿੰਨ ਜੂਨ 1947 ਨੂੰ ਮਾਊਂਟ ਬੈਂਟਨ ਨੇ ਦੇਸ਼ ਦੇ "ਬਟਵਾਰੇ ਦੀ ਯੋਜਨਾ" ਦਾ ਐਲਾਨ ਕਰ ਦਿੱਤਾ। ਪੰਜਾਬ ਦੀ ਵੰਡ ਦੀ ਅਸਲ ਨਿਸ਼ਾਨਦੇਹੀ ਨੂੰ ਢਾਈ ਮਹੀਨਿਆਂ ਬਾਅਦ 7 ਅਗਸਤ ਨੂੰ ਜਨਤਕ ਕੀਤਾ ਗਿਆ। ਇਨੇ ਲੰਬੇ ਅਰਸੇ ਵਿੱਚ ਬਾਰਡਰ ਦੀ ਅਨਿਸਚਸਤਾ ਕਰਕੇ ਹਿੰਸਕ ਘਟਨਾਵਾਂ ਵਿੱਚ ਵੱਡਾ ਵਾਧਾ ਹੋਇਆ। ਮੁਸਲਮਾਨਾ ਤੇ ਹਿੰਦੂਸਿੱਖ ਧਿਰਾਂ ਵੱਧ ਤੋਂ ਵੱਧ ਇਲਾਕੇ ਉੱਤੇ ਆਪਣੇ ਕਬਜ਼ੇ ਵਿੱਚ ਕਰਨਾ ਚਾਹੁੰਦੀਆਂ ਸਨ। ਜਿਵੇਂ ਅੰਮ੍ਰਿਤਸਰ ਸ਼ਹਿਰ ਉੱਤੇ ਵੀ ਮੁਸਲਿਮ ਲੀਗ ਕਬਜ਼ਾ ਰੱਖਣਾ ਚਾਹੁੰਦੀ ਸੀ ਕਿਉਂਕਿ ਉਥੇ ਮੁਸਲਮਾਨਾਂ ਦੀ ਅਬਾਦੀ ਅੱਧ ਦੇ ਨੇੜੇ 47 ਪ੍ਰਤੀਸ਼ਤ ਸੀ। ਪਰ ਆਲੇ ਦੁਆਲੇ ਪਿੰਡਾਂ ਵਿੱਚ ਸਿੱਖਾਂ ਦੀ ਚੋਖੀ ਵਸੋਂ ਸੀ।

ਉਪ-ਮਹਾਂਦੀਪ ਦੇ ਬਟਵਾਰੇ ਦੀ ਜੜ੍ਹ ਅਸਲ ਵਿੱਚ ਦੇਸ਼ ਦੀ ਅਜ਼ਾਦੀ ਦੀ ਲੜਾਈ ਅਗਵਾਈ ਕਰਦੀ ਕਾਂਗਰਸ ਪਾਰਟੀ ਅਤੇ ਕੁੱਲ ਅਬਾਦੀ ਦੇ 25 ਪ੍ਰਤੀਸ਼ਤ ਮੁਸਲਮਾਨਾਂ ਦੀ ਪ੍ਰਤੀਨਿਧ ਜਮਾਤ, ਮੁਸਲਿਮ ਲੀਗ ਵਿਚਕਾਰ ਕਈ ਕੋਸ਼ਿਸਾਂ ਦੇ ਬਾਵਜੂਦ ਵੀ ਆਪਸ ਵਿੱਚ ਬੇਭਰੋਸਗੀ ਬਣੀ ਰਹੀ ਅਤੇ ਸਿਆਸੀ ਸਮਝੌਤਾ ਨਾ ਹੋ ਸਕਿਆ। ਅਖੀਰ ਉਪਮਹਾਂਦੀਪ ਦਾ ਬਟਵਾਰਾ ਇੰਡੀਆ (ਭਾਰਤ) ਅਤੇ ਪਾਕਿਸਤਾਨ ਦੋ ਨੇਸ਼ਨ-ਸਟੇਟਸ (ਮੁਲਕਾਂ) ਵਿੱਚ ਹੋ ਹੀ ਗਿਆ। 19 ਵੀਂ ਸਦੀ ਦੇ ਅੱਧ ਤੋਂ ਬਹੁਗਿਣਤੀ ਹਿੰਦੂ ਸਮਾਜ ਨੂੰ ਅਧਾਰ ਬਣਾਕੇ ਇੰਡੀਅਨ ਨੈਸ਼ਨਲਿਜ਼ਮ ਦਾ ਉਭਾਰ ਸ਼ੁਰੂ ਹੋਇਆ ਸੀ। ਸਵਾਮੀ ਵਿਵੇਕਾਨੰਦ ਅਤੇ ਅਰਵਿੰਦੋ ਘੋਸ਼ ਵਰਗੇ ਬੰਗਾਲੀ ਬੁੱਧੀਜੀਵੀਆਂ ਨੇ ਇਸ ਉਭਾਰ ਵਿੱਚ ਚੋਖਾ ਹਿੱਸਾ ਪਾਇਆ। ਬੰਗਾਲੀਆਂ ਨੇ ਦੇਸ਼ ਨੂੰ 'ਭਾਰਤ ਮਾਤਾ' ਦੇ ਧਾਰਮਿਕ ਸਕਲੰਪ ਨਾਲ ਜੋੜ ਦਿੱਤਾ ਜਿਹੜਾ ਇਸਲਾਮ ਵਿਰੋਧੀ ਸੀ। ਬੈਂਕਿੰਗ ਚੰਦਰ ਚੈਟਰਜੀ ਨੇ ਨਾਵਲ 'ਆਨੰਦ ਮਠ' ਨੇ ਮੁਸਲਮਾਨਾਂ ਨੂੰ ਜ਼ਾਲਮ/ਖਲਨਾਇਕ ਪੇਸ਼ ਕੀਤਾ "ਜਿਨ੍ਹਾਂ ਨੇ ਭਾਰਤ ਨੂੰ 8 ਸੌ ਸਾਲ ਗੁਲਾਮ ਰੱਖਿਆ।" ਚੈਟਰਜੀ ਵੱਲੋਂ ਲਿਖੇ 'ਬੰਦੇ ਮਾਤਰਮ' ਤਰਾਨੇ ਨੂੰ ਕਾਂਗਰਸ ਨੇ ਆਪਣਾਉਣ ਦੀਆਂ ਲਗਾਤਾਰ ਕੋਸ਼ਿਸ਼ ਕੀਤੀਆਂ। ਮਹਾਤਮਾ ਗਾਂਧੀ ਨੇ 1920 ਵਿੱਚ ਕਾਂਗਰਸ ਨਾਲ ਜੁੜਨ ਪਿੱਛੋ, ਹਿੰਦੂ ਧਾਰਮਿਕ ਪ੍ਰਤੀਕਾਂ, ਜਿਵੇ ਭਾਰਤ ਵਿੱਚ 'ਰਾਮਰਾਜ ਲਿਆਉਣਾ' ਆਦਿ ਦੀ ਵੱਡੇ ਪੱਧਰ ਉੱਤੇ ਵਰਤੋਂ ਕੀਤੀ। ਜਿਸ ਕਰਕੇ, ਛੋਟੀ 'ਵਕੀਲਾਂ ਦੀ ਪਾਰਟੀ' ਕਾਂਗਰਸ ਵੱਡੀ ਦੇਸ਼ ਵਿਆਪੀ ਲੋਕਾਂ ਦੀ ਪਾਰਟੀ ਬਣ ਗਈ ਸੀ। ਪਰ ਮੁਸਲਮਾਨਾਂ ਨੂੰ ਇਹ ਸਭ ਕੁਝ ਧਾਰਮਿਕ ਪੱਧਰ ਉੱਤੇ ਰਾਸ ਨਹੀਂ ਆ ਰਿਹਾ ਸੀ। ਮਹਾਤਮਾ ਗਾਂਧੀ ਨੇ ਆਪਣੇ ਆਪ ਨੂੰ ਸਨਾਤਨ ਹਿੰਦੂ ਵੀ ਦਸਿਆ ਅਤੇ ਹਿੰਦੀ ਦੇ ਹੱਕ ਵਿੱਚ ਤਣ ਗਿਆ।

ਜਿਨਾਹ ਨੇ ਆਪਣੀ ਸਿਆਸੀ ਜ਼ਿੰਦਗੀ ਕਾਂਗਰਸ ਪਾਰਟੀ ਦੇ ਲੀਡਰ ਤੌਰ ਉੱਤੇ ਕੀਤੀ ਸੀ। ਉਸਨੂੰ ਹਿੰਦੂ-ਮੁਸਲਮਾਨ ਏਕਤਾ ਦਾ ਰਾਜਦੂਤ (Ambassador) ਵੀ ਕਿਹਾ ਗਿਆ। ਜਿਸ ਪੱਧਰ ਤੇ ਇੰਡੀਆ ਨੈਸ਼ਨਲਿਜ਼ਮ ਕਾਂਗਰਸ ਦੀਆਂ ਬਹੁਗਿਣਤੀ ਅਧਾਰਤ ਨੀਤੀਆਂ ਉੱਤੇ ਦਿਨ-ਬਦਿਨ ਮਜ਼ਬੂਤ ਹੋਇਆ, ਉਸੇ ਪੱਧਰ ਉੱਤੇ ਮੁਸਲਮਾਨ ਕਾਂਗਰਸ ਤੋਂ ਪਾਸਾ ਵੱਟਕੇ ਮੁਸਲਿਮ ਲੀਗ ਵੱਲ ਜਾਂਦੇ ਰਹੇ। ਕਾਂਗਰਸ ਅਤੇ ਮੁਸਲਿਮ ਲੀਗ ਨੂੰ 1916 ਵਾਲਾ 'ਲਖਨਊ ਪੈਕਟ' ਅਤੇ ਬਾਅਦ ਦੀਆ ਹੋਰ ਕਈ ਸਿਆਸੀ ਕੋਸ਼ਿਸਾਂ ਵੀ ਇੱਕ-ਦੂਜੇ ਦੇ ਨੇੜੇ ਨਾ ਲਿਆ ਸਕੀਆਂ। ਫਿਰ 1937 ਦੀਆਂ ਅਸੈਂਬਲੀ ਵਿੱਚ ਵੱਡੀ ਜਿੱਤ ਪ੍ਰਾਪਤ ਕਰਨ ਮਗਰੋਂ, ਕਾਂਗਰਸ ਨੇ ਮੁਸਲਿਮ ਲੀਗ ਨੂੰ ਰਾਜ ਭਾਗ ਵਿੱਚ ਸਿਰਫ ਹਿੱਸੇਦਾਰੀ ਤੋਂ ਪਰ੍ਹੇ ਨਹੀਂ ਰੱਖਿਆ ਸਗੋਂ, ਮੁਸਲੀਮ ਲੀਗ ਨੂੰ ਤੋੜਨ ਲਈ ਕਾਂਗਰਸ ਅੰਦਰ ਮੁਸਲਮਾਨਾ ਦੀ ਵੱਡੇ ਪੱਧਰ ਉੱਤੇ ਭਰਤੀ ਵੀਂ ਸ਼ੁਰੂ ਕਰ ਦਿੱਤੀ। ਕਾਂਗਰਸ ਦੀ ਇਸ ਚਾਲ ਤੋਂ ਖਫਾ ਹੋਏ ਜਿਨਾਹ ਨੇ 1940 ਵਿੱਚ ਵੱਖਰਾ ਪਾਕਿਸਤਾਨ ਬਣਾਉਣ ਦਾ ਐਲਾਨ ਕਰ ਦਿੱਤਾ ਅਤੇ ਆਪਣੀ ਟੂ-ਨੇਸ਼ਨ ਥੀਉਰੀ ਨੂੰ ਖੂਬ ਪ੍ਰਚਾਰਿਆ ਜਿਸ ਕਰਕੇ ਮੁਸਲਮਾਨਾਂ ਅੰਦਰ ਵੀ ਰਾਸ਼ਟਰਵਾਦ ਪ੍ਰਚੰਡ ਹੋ ਗਿਆ ਸੀ।

ਦੂਜੇ ਪਾਸੇ, ਕਾਂਗਰਸ ਦੇ ਨਰਮ ਹਿੰਦੂ ਨੈਸ਼ਨਲਿਜ਼ਮ ਨੂੰ 1925 ਵਿੱਚ ਸਥਾਪਤ ਹੋਈ ਆਰ. ਐੱਸ. ਐੱਸ. ਅਤੇ ਸਵਾਰਕਰ ਨੇ ਹਿੰਦੂਤਵ ਦੇ ਸੰਕਲਪ ਨੂੰ ਕੱਟੜਤਾ ਦੀ ਪੁੱਠ ਚਾੜ੍ਹ ਦਿੱਤੀ ਸੀ ।ਉਹਨਾਂ ਦਿਨਾਂ ਵਿੱਚ ਪ੍ਰਚਲਤ ਪੱਛਮੀ ਤਰਜ਼ ਵਾਲਾ 'ਨੇਸ਼ਨ ਸਟੇਟ' ਦੇ ਕੇਂਦਰਵਾਦੀ ਰਾਜ ਪ੍ਰਬੰਧ ਦੀ ਸਿਆਸੀ ਸਮਝ ਵਿੱਚੋਂ ਵੀ ਕੌਮੀ ਅਤੇ ਰਾਸ਼ਟਰਵਾਦ ਹੀ ਉਪਜਦਾ ਸੀ। ਜਿਸ ਕਰਕੇ, 1940 ਤੋਂ ਬਾਅਦ ਭਾਰਤ ਵਿੱਚ ਦੋ ਵਿਰੋਧੀ ਰਾਸ਼ਟਰਵਾਦ ਟਕਰਾਉਣ ਲੱਗੇ। ਜਿਸ ਕਰਕੇ, ਦੇਸ਼ ਨੂੰ ਇਕੱਠਾ ਰੱਖ ਕੇ, ਫੈਡਰਲ ਢਾਂਚਾ ਉਸਾਰਨ ਲਈ ਅੰਗਰੇਜ਼ੀ ਰਾਜ ਵੱਲੋਂ 1946 ਵਿੱਲ ਲਿਆਂਦੀ 'ਕੈਬੇਨਿਟ ਪਲੈਨ' ਨੂੰ ਨਹਿਰੂ-ਪਟੇਲ ਨੇ ਪ੍ਰਵਾਨ ਨਹੀਂ ਕੀਤਾ ਸੀ। ਕਾਂਗਰਸ ਵੱਲੋਂ ਪਲੈਨ ਰੱਦ ਕਰਨ ਉੱਤੇ ਜਿਨਾਹ ਨੇ ਜਦੋਂ ਸਖਤ ਪ੍ਰਤੀਕਰਮ ਕੀਤਾ ਤਾਂ ਬਟਵਾਰਾ ਯਕੀਨੀ ਹੋ ਗਿਆ ਸੀ। ਉਸ ਸਮੇਂ ਕਾਂਗਰਸੀ ਲੀਡਰਾਂ ਨੇ ਵੀ ਕਹਿਣਾ ਸ਼ੁਰੂ ਕਰ ਦਿੱਤਾ ਸੀ ਕਿ "ਫੈਡਰਲ ਇੰਡੀਆ ਨਾਲੋਂ ਅਸੀ "ਡਵਾਇਡਡ (ਵੰਡਿਆ ਹੋਇਆ) ਇੰਡੀਆ ਪਸੰਦ ਕਰਦੇ ਹਾ।" ਇਸੇ ਕਰਕੇ, ਕਾਂਗਰਸ ਨੇ 8 ਮਾਰਚ 1947 ਨੂੰ ਮਤਾ ਪਾਕੇ ਇੰਡੀਆ ਦੇ ਬਟਵਾਰੇ ਅਤੇ ਪਾਕਿਸਤਾਨ ਦੇ ਬਣਨ ਉੱਤੇ ਖੁਦ ਹੀ ਮੋਹਰ ਲਾ ਦਿੱਤੀ ਸੀ।

ਕਾਂਗਰਸ ਦੇ ਪਿੱਛੇ ਲੱਗਕੇ ਅਕਾਲੀ ਲੀਡਰਾਂ ਵੀ ਬਟਵਾਰੇ ਲਈ ਤਿਆਰ ਹੋ ਗਏ ਸਨ। ਇਸ ਦੌਰਾਨ ਅਕਾਲੀਆਂ ਨੇ 'ਸਿੱਖ ਨੈਸ਼ਨਲਿਜ਼ਮ' ਉਭਾਰਨ ਉੱਤੇ ਜ਼ੋਰ ਦੇਣਾ ਸ਼ੁਰੂ ਕਰ ਦਿੱਤਾ ਸੀ। ਸਿੱਖ ਪੰਥ ਨੂੰ 'ਸਿੱਖ ਕੌਮ' ਕਹਿਕੇ ਉਹ ਆਪਣੇ ਲਈ ਵੱਖਰੀ ਸਿਆਸੀ ਸਪੇਸ਼ ਅਤੇ ਖਿੱਤਾ ਤਲਾਸ਼ਣ ਲੱਗ ਪਏ ਸਨ।

**ਸਾਥੀ ਧਨਵੰਤਰੀ ਦੀ ਰਿਪੋਰਟ** : ਸ਼ਹੀਦ ਭਗਤ ਸਿੰਘ ਦੇ ਸਾਥੀ ਧੰਨਵਤਰੀ ਵੱਲੋਂ ਉਹਨਾਂ ਪੰਜਬ ਦੇ ਹਾਲਤਾਂ ਬਾਰੇ ਅਗਸਤ 1947 ਦੇ ਅਖੀਰ ਵਿੱਚ ਤਿਆਰ ਕੀਤੀ ਰੀਪੋਰਟ ਵਿੱਚ ਅਹਿਮ ਦਸਤਾਵੇਜ਼ ਹੈ। ਧਨਵੰਤਰੀ ਨੂੰ ਸ਼ਹੀਦ ਭਗਤ ਸਿੰਘ ਨਾਲ ਜੁੜੇ ਕੇਸਾਂ ਵਿੱਚ ਕਾਲੇ ਪਾਣੀਆਂ ਦੀ ਸੱਤ ਸਾਲ ਦੀ ਸਜ਼ਾ ਹੋਈ ਸੀ। ਰਿਹਾ ਹੋਣ ਪਿੱਛੋਂ ਉਹ 1939 ਵਿੱਚ ਲਾਹੌਰ ਕਾਂਗਰਸ ਕਮੇਟੀ ਦਾ ਪ੍ਰਧਾਨ ਚੁਣਿਆ ਗਿਆ। ਪੰਜਾਬ ਵਿੱਚ ਹੋਏ ਕਤਲੇਆਮ ਦਾ ਉਹ ਚਸ਼ਮਦੀਦ ਗਵਾਹ ਹੈ। ਉਸਦੀ 20 ਸਫਿਆਂ ਦੀ ਰੀਪੋਰਟ ਅਤੇ ਇਸ ਸਬੰਧ ਵਿੱਚ ਦਿਗਜ਼ ਕਮਿਊਨਿਸਟ ਨੇਤਾ ਪੀਸੀ ਜੋਸ਼ੀ ਦੀ 10 ਸਫਿਆਂ ਦੀ ਰੀਪੋਰਟ ਇਕੱਠੀਆਂ ਇੱਕ ਕਿਤਾਬ ਦੇ ਰੂਪ ਵਿੱਚ ਸਤੰਬਰ 1947 ਵਿੱਚ ਛਾਪੀਆਂ ਗਈਆ ਸਨ।

ਧਨਵੰਤਰੀ ਗਦਰੀ ਬਾਬੇ ਗੁਰਮੁੱਖ ਸਿੰਘ ਲਲਤੋਂ ਨੂੰ ਨਾਲ ਲੈਕੇ ਨਹਿਰੂ ਪਟੇਲ ਨੂੰ ਪੰਜਾਬ ਦੇ ਹਾਲਾਤਾਂ ਬਾਰੇ ਜਾਣੂ ਕਰਵਾਉਣ ਲਈ 26 ਅਗਸਤ 1947 ਨੂੰ ਅੰਮ੍ਰਿਤਸਰ ਤੋਂ ਦਿੱਲੀ ਲਈ ਰਵਾਨਾ ਹੋਇਆ। ਉਸਨੇ ਆਪਣੀ ਰੀਪਰੋਟ ਵਿੱਚ ਭਰਵੇ ਸੰਕੇਤ ਦਿੱਤੇ ਹਨ ਕਿ ਪੱਛਮੀ ਪੰਜਾਬ ਵਿੱਚੋਂ ਹਿੰਦੂ-ਸਿੱਖ ਅਤੇ ਪੂਰਬੀ ਪੰਜਾਬ ਵਿੱਚ ਮੁਸਲਮਾਨਾਂ ਦੀ ਜ਼ਬਰੀ ਹਿਜ਼ਰਤ ਕਰਾਉਣ ਲਈ ਭਿਆਨਕ ਖੂਨ ਖਰਾਬੇ ਕਰਵਾਏ ਗਏ ਸਨ। ਧਨਵੰਤਰੀ ਲਿਖਦਾ ਕਿ ਕਲਕੱਤੇ, ਨਿਉਖਲੀ, ਬਿਹਾਰ ਅਤੇ ਹੋਰ ਸ਼ਹਿਰਾਂ ਵਿੱਚ ਹਿੰਸਾ ਫਿਰਕੂ ਦੰਗੇ ਸਨ। ਪਰ ਪੰਜਾਬ ਵਿੱਚ ਹੋਈਆਂ ਹਿੰਸਕ ਵਾਰਦਾਤਾਂ ਨੂੰ "ਦੰਗੇ ਨਹੀ ਕਿਹਾ ਜਾ ਸਕਦਾ ਇੱਥੇ ਹਿੰਸਾ ਸਿਆਸੀ ਪਾਰਟੀਆ ਨੇ ਜਥੇਬੰਦਕ ਤਰੀਕੇ ਨਾਲ ਸ਼ੁਰੂ ਕੀਤੀ ਅਤੇ ਫੈਲਾਈ। ਇਹ ਘੱਟ ਗਿਣਤੀਆਂ ਦੇ ਸਫਾਏ ਲਈ ਨਿਰੰਤਰ ਯੁੱਧ ਲੜਿਆ ਜਾ ਰਿਹਾ ਸੀ। ("It was a regular war for extermination for minorities, for Sikhs and Hindus in Western Punjab and fo Muslims in Eastern Punjab")

ਪੰਜਾਬ ਵਿੱਚ ਤਿੰਨਾਂ ਧਾਰਮਿਕ ਭਾਈਚਾਰਿਆਂ ਨੇ ਅੰਦਰੋਂ-ਅੰਦਰੀ ਗੁੰਡਿਆਂ/ਬਦਮਾਸ਼ਾਂ ਅਤੇ ਸਾਬਕਾ ਫੌਜੀਆਂ ਦੇ ਗਰੁੱਪ (Bands) ਤਿਆਰ ਕੀਤੇ ਸਨ। ਆਧੁਨਿਕ ਹਥਿਆਰਾਂ/ਬੰਦੂਕਾਂ ਅਤੇ ਗਰਨੇਡਾਂ ਨਾਲ ਲੈਸ ਕੀਤਾ। ਧਨਵੰਤਰੀ ਉਹਨਾਂ ਨੂੰ ਫਿਰਕਾਪ੍ਰਸਤ ਪਾਰਟੀਆਂ ਦੇ "ਫੌਜੀ ਦਸਤੇ" (Storm troops) ਦਸਦਾ। ਮੁਸਲਿਮ ਲੀਗ ਨੇ ਸਾਬਕਾ ਫੌਜੀ ਅਫਸਰਾਂ ਦੀ ਦੇਖ ਰੇਖ ਥੱਲੇ ਹਥਿਆਰਬੰਦ "ਨੈਸ਼ਨਲ ਗਾਰਡਜ਼" ਨਾਮੀ ਪ੍ਰਾਈਵੇਟ ਸੈਨਾ ਖੜ੍ਹੀ ਕੀਤੀ ਸੀ। ਉਸੇ ਤਰਜ਼ ਤੇ ਅਕਾਲੀਆਂ ਨੇ "ਸ਼ਹੀਦੀ ਦਲ" ਅਤੇ "ਅਕਾਲ ਸੈਨਾ"। ਆਰ.ਐੱਸ.ਐੱਸ. ਅਤੇ ਹਿੰਦੂ ਮਹਾਂਸਭਾ ਦੇ ਦਸਤੇ ਸ਼ਹਿਰਾਂ/ਕਸਬਿਆਂ ਵਿੱਚ ਮੁਸਲਮਾਨਾਂ ਵਿਰੁੱਧ ਸਰਗਰਮ ਸਨ। ਉਹਨਾਂ ਨੇ ਦੇਸੀ ਬੰਬ ਤਿਆਰ ਕਰਨ ਅਤੇ ਮੁਸਲਮਾਨ ਬਸਤੀਆਂ ਵਿੱਚ ਬਰੂਦੀ ਵਿਸਫੋਟ ਕਰਨ ਦੀਆ ਵਾਰਦਾਤਾਂ ਕਰਵਾਈਆ। ਰਾਜ ਮੋਹਨ ਗਾਂਧੀ ਆਪਣੀ ਕਿਤਾਬ "ਪੰਜਾਬ: ਔਰੰਗਜ਼ੇਬ ਟੂ ਮਾਉਂਟ ਬੈਟਨ" ਵਿੱਚ ਲਿਖਦਾ ਕਿ ਉਸ ਸਮੇਂ ਪੰਜਾਬ ਵਿੱਚ ਆਰ.ਐੱਸ.ਐੱਸ ਦੇ 53000 ਵੋਲੰਟੀਅਰ ਸਨ। ਕਪੂਰਥਲਾ ਰਿਆਸਤ ਨੇ ਹਿੰਦੂ ਮਹਾਂਸਭਾ ਅਤੇ

ਆਰ.ਐੱਸ.ਐੱਸ. ਦੇ ਵਰਕਰਾਂ ਨੂੰ ਹਥਿਆਰ ਸਪਲਾਈ ਕੀਤੇ ਅਤੇ ਉਹਨਾਂ ਦੀ ਫੌਜੀ ਸਿਖਲਾਈ ਦੇ ਕੈਂਪ ਵੀ ਲਾਏ। ਉਸ ਸਮੇਂ ਪੰਜਾਬ ਵਿੱਚ ਸ਼ਾਂਤੀ ਬਣਾਈ ਰੱਖਣ ਲਈ, ਭਾਵੇਂ ਕਮਾਂਡਰ ਮਾਉਂਟ ਬੈਂਟਨ ਨੇ ਅੰਗਰੇਜ਼ ਮੇਜਰ ਜਨਰਲ ਰੀਸ (Rees) ਦੀ ਕਮਾਨ ਹੇਠ ਇੱਕ ਪੰਜਾਬ ਬਾਉਂਡਰੀ ਫੋਰਸ (Boundary Force) ਖੜ੍ਹੀ ਕੀਤੀ ਸੀ। ਪਰ ਇਹ ਫੋਰਸ ਅਤੇ ਸੂਬੇ ਦਾ ਪ੍ਰਸ਼ਾਸ਼ਨ ਸਿਰਫ ਦਿਖਾਵੇ ਮਾਤਰ ਹੀ ਰਹਿ ਗਿਆ ਸੀ।

ਧਨਵੰਤਰੀ ਲਿਖਦਾ ਕਿ ਸਿਵਲ ਅਫਸਰਸ਼ਾਹੀ ਤੇ ਪੁਲਿਸ ਧਾਰਮਿਕ ਫਿਰਕਿਆਂ ਵਿੱਚ ਵੰਡੀ ਗਈ ਸੀ ਅਤੇ ਉਹ ਧਾੜ੍ਹਵੀਂ ਜੁੰਡਲੀਆਂ ਦੀ ਸਿੱਧੀ ਮਦਦ ਵਿੱਚ ਉੱਤਰ ਆਈ ਸੀ। ਜਿਵੇਂ 13–14 ਅਗਸਤ ਨੂੰ ਲਾਹੌਰ ਰੇਵਲੇ ਸ਼ਟੇਸ਼ਨ ਉੱਤੇ ਇਕੱਠੇ ਲਗਭਗ 4000 ਹਜ਼ਾਰ ਹਿੰਦੂ–ਸਿੱਖ ਰੀਫਿਊਜੀਆਂ ਉੱਤੇ ਬਲੌਚ ਰੇਜਮੈਂਟ ਦੇ ਫੌਜੀਆਂ ਨੇ ਪਹਿਲਾਂ ਹਥਿਆਰਬੰਦ ਨੈਸ਼ਨਲ ਗਾਰਡਜ਼ ਨੂੰ ਹਮਲੇ ਕਰਨ ਲਈ ਉਸਕਾਇਆਂ ਅਤੇ ਫਿਰ ਖੁਦ ਵੱਢ–ਟੁੱਕ ਵਿੱਚ ਸ਼ਾਮਿਲ ਹੋ ਗਏ। ਸੇਖੂਪੁਰਾ ਵਿੱਚ ਬਲੌਚੀ ਫੌਜੀਆਂ ਨੇ ਹੀ ਮਸ਼ੀਨ ਗੰਨ ਬੀੜ੍ਹ ਕੇ ਸੈਂਕੜੇ ਹਿੰਦੂ–ਸਿੱਖਾਂ ਨੂੰ ਗੋਲੀਆਂ ਨਾਲ ਭੁੰਨ ਸੁੱਟਿਆ। ਇਸੇ ਹੀ ਤਰਜ਼ ਉੱਤੇ ਅੰਮ੍ਰਿਤਸਰ ਤੋਂ ਲਾਹੌਰ ਸਟੇਸ਼ਨ ਦੇ ਨੇੜ੍ਹੇ ਪਹੁੰਚੇ ਇੱਕ ਮੁਸਲਮਾਨ ਕਾਫਲੇ ਉੱਤੇ ਡੋਗਰਾ ਰੇਜਮੈਂਟ ਦੇ ਫੌਜੀਆਂ ਨੇ ਹੀ ਗੋਲੀਆਂ ਚਲਾ ਦਿਤੀਆ। ਅੰਮ੍ਰਿਤਸਰ ਜ਼ਿਲ੍ਹੇ ਦੇ ਖਾਸਾ ਰੇਵਲੇ ਸਟੇਸ਼ਨ ਉੱਤੇ 300 ਮੁਸਲਮਾਨਾਂ ਦੇ ਕਾਫਲੇ ਦੀ ਕਿਸਾਨ ਸਭਾ ਅਤੇ ਲਾਲ ਝੰਡੇ ਫੜੀ ਕਾਮਰੇਡ ਹਿਫਾਜ਼ਤ ਕਰ ਰਹੇ ਸਨ ਜਦੋਂ 19 ਅਗਸਤ ਨੂੰ ਸਿੱਖ ਰੇਜਮੈਂਟ ਦੇ ਫੌਜੀਆਂ ਨੇ ਅਚਾਨਕ ਹਮਲਾ ਕਰਕੇ, ਸਾਰੇ ਮਾਰ ਦਿੱਤੇ।

ਪੂਰਬੀ ਪੰਜਾਬ ਵਿੱਚ ਕਈ ਥਾਂਵੀ ਸੰਵੇਦਨਸ਼ੀਲ ਸਿੱਖਾਂ ਨੇ ਤਲਾਵਾਰਾਂ ਅਤੇ ਨੇਜੇ ਲੈ ਕੇ ਮੁਸਲਮਾਨਾਂ ਦੇ ਕਾਫਲਿਆਂ ਦੀ ਰਾਖੀ ਕੀਤੀ ਅਤੇ ਉਹਨਾਂ ਨੂੰ ਬਾਰਡਰ ਟੱਪਾਕੇ ਵਾਪਸ ਆਏ। ਧਨਵੰਤਰੀ ਅਜਿਹੇ 900 ਮੁਸਲਮਾਨਾਂ ਦੇ ਅੰਮ੍ਰਿਤਸਰ ਦੇ (ਗਦਰੀ ਬਾਬਿਆਂ ਦੇ ਪ੍ਰਭਾਵ ਵਾਲੇ) ਖਾਪੜ੍ਹਖੇੜੀ ਪਿੰਡ ਦੇ ਵਿੱਚ ਲੱਗੇ ਕੈਂਪ ਦਾ ਵੇਰਵਾ ਦਿੱਤਾ। ਦੋਨੋ ਪਾਸੀ ਰਫੂਊਜ਼ੀਆਂ ਦੀਆਂ ਰੇਲ ਗੱਡੀਆਂ ਉੱਤੇ ਹਥਿਆਰਬੰਦ ਧਾੜ੍ਹਵੀਆਂ ਅਤੇ ਲੁਟੇਰੇ ਜੁੰਡਲੀਆਂ ਨੇ ਲਗਾਤਾਰ ਹਮਲੇ ਕੀਤੇ ਸਨ।

**ਅਕਾਲੀ ਲੀਡਰਾਂ ਅਤੇ ਸਿੱਖ ਰਿਆਸਤਾਂ ਦਾ ਰੋਲ** : ਧਨਵੰਤਰੀ ਲਿਖਦਾ ਹੈ ਕਿ ਪੂਰਬੀ ਅਤੇ ਕੇਂਦਰੀ ਪੰਜਾਬ ਦੇ ਬਾਰਾਂ ਜ਼ਿਲ੍ਹਿਆ ਵਿੱਚ ਭਿਆਨਕ ਕਤਲੋਗਾਰਦ ਹੋਈ। ਇਸ ਪਿੱਛੇ ਉਹ "ਸਿੱਖ ਪਲੈਨ" ਕਹਿੰਦਾ ਜਿਸ ਦੇ ਅੰਤਰਗਤ ਪੂਰਬੀ ਪੰਜਾਬ ਵਿੱਚੋਂ ਮੁਸਲਮਾਨਾਂ ਨੂੰ ਪੂਰਨ ਰੂਪ ਵਿੱਚ ਬਾਹਰ ਕੱਢਕੇ ਅਕਾਲੀ ਆਪਣੇ ਪ੍ਰਭਾਵ ਵਾਲਾ ਵੱਖਰਾ ਖਿੱਤਾ ਤਿਆਰ ਕਰਨਾ ਚਾਹੁੰਦੇ ਸਨ। ਪੀ ਸੀ ਜੋਸ਼ੀ ਵੀਂ ਵਕਤੋਂ ਖੁੰਝੇ ਅਕਾਲੀ ਲੀਡਰਾਂ ਵੱਲੋਂ "ਸਿੱਖ ਰਿਆਸਤਾਂ" ਨਾਲ ਮਿਲਕੇ ਕੇਂਦਰੀ ਪੰਜਾਬ ਵਿੱਚ "ਕੰਨਫਡਰੇਸ਼ਨ" ਖੜ੍ਹਾਂ ਕਰਨ ਦੀ ਤਜ਼ਵੀਜ ਦਾ ਵੇਰਵਾ ਦਿੰਦਾ। ਜੋਸ਼ੀ ਅਨੁਸਾਰ, "ਅਕਾਲੀ ਲੀਡਰਾਂ ਨੇ 'ਖਾਲਿਸਤਾਨ' ਸਥਾਪਤ ਕਰਨ ਦੇ ਵੱਡੇ ਦਾਅਵੇ ਵੀ ਕੀਤੇ—ਖਾਲਿਸਤਾਨ ਪੱਖੀ ਇਸ਼ਤਿਹਾਰ ਵੀ ਵੰਡੇ ਗਏ"। ਅਕਾਲੀ ਲੀਡਰਸ਼ਿਪ ਇਕ ਪਾਸੇ ਕਾਂਗਰਸ ਦੀ ਪਿੱਛਲੱਗ ਬਣ ਕੇ ਚਲ ਰਹੀ ਸੀ ਦੂਜੇ ਪਾਸੇ ਅੰਦਰੋਂ ਅੰਦਰੀ ਆਪਣੇ ਲਈ ਵੱਖਰਾ ਖਿੱਤਾ ਤਿਆਰ ਕਰ ਰਹੀ ਸੀ। ਜਿਸ ਕਰਕੇ ਨਹਿਰੂ ਪਟੇਲ ਨੇ ਪੰਜਾਬ ਆ ਕੇ ਅਕਾਲੀਆਂ ਨੂੰ ਉਹਨਾਂ ਗਤੀਵਿਧੀਆਂ ਤੋਂ ਰੋਕਿਆ ਅਤੇ ਧਮਕਾਇਆ ਵੀ।

ਅਕਾਲੀਆਂ ਵੱਲੋਂ ਮੁੜ੍ਹ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਕਾਇਮ ਕਰ ਲੈਣ ਦੀ ਟਾਹਰਾਂ ਦੀ ਪੁਸ਼ਟੀ 1948 ਵਿੱਚ ਪੰਜਾਬ ਸਰਕਾਰ ਵੱਲੋਂ ਛਾਪੀਆਂ ਰੀਪੋਰਟਾਂ ਵੀ ਕਰਦੀਆਂ ਹਨ। "Note on The Sikh Plan", 'The RSS in Panjab', 'The Sikhs in Action'—ਤਿੰਨ ਰੀਪੋਰਟਾਂ ਸੀ ਆਈ ਡੀ ਵੱਲੋਂ ਇਕੱਠੀਆਂ ਕੀਤੀਆਂ ਸੂਚਨਾਵਾਂ ਉੱਤੇ ਅਧਾਰਤ ਹਨ।

ਦੋਨਾਂ ਧਨਵੰਤਰੀ ਅਤੇ ਜੋਸ਼ੀ ਦੀ ਰੀਪੋਰਟਾਂ ਲਿਖਦੀਆਂ ਕਿ ਪਟਿਆਲਾ, ਜੀਂਦ, ਨਾਭਾ ਦੀਆਂ ਸਿੱਖ ਰਿਆਸਤਾਂ ਨੇ ਸ਼ਹੀਦੀ ਜਥਿਆਂ ਨੂੰ ਮਾਡਰਨ ਹਥਿਆਰ ਸਪਲਾਈ ਕੀਤੇ। ਫਰੀਦਕੋਟ ਦੇ ਰਾਜੇ ਨੇ ਮਾਸਟਰ ਤਾਰਾ ਸਿੰਘ ਅਤੇ ਹੋਰ ਅਕਾਲੀ ਲੀਡਰਾਂ ਲਈ ਗੋਲੀ ਸਿਕੇ ਦੇ ਨਾਲ ਨਾਲ ਜੀਪਾਂ ਵੀ ਮੁਹੱਈਆਂ ਕਰਵਾਈਆਂ।

ਇਸ ਦੇ ਉਲਟ, ਬਹਾਵਲਪੁਰ ਰਿਆਸਤ ਦੇ ਨਵਾਬ ਨੇ ਮੁਸਲਿਮ ਲੀਂਗ ਦੇ ਨੈਸ਼ਨਲ ਗਾਰਡਜ਼ ਨੂੰ ਆਧੁਨਿਕ ਹਥਿਆਰ ਵੰਡੇ। ਸਿੱਖ ਕਾਂਗਰਸੀ ਲੀਡਰ ਵੀ ਪਿੱਛੇ ਨਹੀਂ ਰਹੇ। ਜਿਵੇਂ 30 ਜੁਲਾਈ ਨੂੰ ਜਥੇਦਾਰ ਊਧਮ ਸਿੰਘ ਨਾਗੋਕੇ ਨੇ ਖੁੱਦ ਇੱਕ "ਸ਼ਹੀਦੀ ਜਥੇ" ਦੀ ਅਗਵਾਈ ਕਰਕੇ ਮੁਸਲਮਾਨਾਂ ਦੀ ਮਾਝੇ ਵਿੱਚ ਵੱਢ–ਟੁੱਕ ਕਰਵਾਈ।

ਉਸ ਪਾਗਲਪਨ ਦੇ ਦੌਰ ਵਿੱਚ ਸਿੱਖ ਦਸਤਿਆਂ ਨੇ ਅੰਮ੍ਰਿਤਸਰ ਦੇ ਬਜ਼ਾਰਾਂ ਵਿੱਚ ਨੰਗੀਆਂ ਮੁਸਲਮਾਨਾਂ ਔਰਤਾਂ

ਦਾ ਜਲੂਸ ਕੱਢਿਆ। ਪ੍ਰਿੰਸੀਪਲ ਤੇਜਾ ਸਿੰਘ ਇਸ ਘਟਨਾ ਦਾ ਜ਼ਿਕਰ ਆਪਣੀ ਆਤਮਕਥਾ, "ਆਰਸੀ" ਵਿੱਚ ਕਰਦਾ ਇਸਨੂੰ ਸਿੱਖ ਧਰਮ ਵਿਰੋਧੀ ਕਾਰਵਾਈ ਕਹਿੰਦਾ। ਉਹਨਾਂ ਦਿਨਾਂ 'ਚ, ਖਾਲਸਾ ਕਾਲਜ ਦੇ ਗੁਰਦੁਆਰਾ ਵਿੱਚ ਕਥਾ ਕਰਦਿਆਂ ਪ੍ਰਿੰਸੀਪਲ ਤੇਜਾ ਸਿੰਘ ਨੇ ਨੰਗੀਆਂ ਮੁਸਲਮਾਨ ਔਰਤਾਂ ਦੀ ਪਰੇਡ ਉੱਤੇ ਦੁੱਖ ਦਾ ਪ੍ਰਗਟਾਵਾ ਕੀਤਾ ਅਤੇ ਕਿਹਾ "ਉਹ ਤੀਵੀਆਂ ਮੇਰੀਆਂ ਮਾਵਾਂ ਭੈਣਾਂ ਸਨ।" ਕਈ ਨੌਜਵਾਨਾਂ ਸਿੱਖਾਂ ਨੇ ਗੁੱਸੇ ਵਿੱਚ ਉਸਨੂੰ ਕਿਹਾ "ਤੁਸੀਂ ਨੌਜਵਾਨਾਂ ਦੀ ਸਪਿਰਟ ਨੂੰ ਕੁਚਲਨਾ ਚਾਹੁੰਦੇ ਹੋ।" ਪ੍ਰਿੰਸੀਪਲ ਨੇ ਇਹ ਕਹਿਕੇ ਖਹਿੜਾ ਛੁਡਵਾਇਆ "ਗੁਰੂ ਗ੍ਰੰਥ ਸਾਹਿਬ ਦੀ ਤਾਬੇ ਬੈਠ ਕੇ ਮੈਨੂੰ ਇਹੋ ਕੁਝ ਅਹੁੜਿਆ ਜੋ ਮੈਂ ਕਹਿ ਦਿੱਤਾ ਹੈ। ਇੱਥੋਂ ਇਹੋ ਕੁਝ ਕਹਿਣਾ ਬਣਦਾ ਹੈ।"

ਧਨਵੰਤਰੀ ਔਰਤਾਂ ਦੇ ਖੁਲਮਖੁਲੇ ਬਲਤਕਾਰਾਂ ਦਾ ਵੇਰਵਾ ਵੀ ਦਿੰਦਾ। ਅੰਮ੍ਰਿਤਸਰ ਵਰਤਾਰੇ ਦੇ ਬਦਲੇ ਵਿੱਚ ਮੁਸਲਮਾਨ ਗੁੰਡਿਆਂ ਨੇ ਸਿਆਲਕੋਟ ਵਿੱਚ ਹਿੰਦੂ-ਸਿੱਖ ਔਰਤਾਂ ਨੂੰ ਨੰਗਿਆਂ ਕਰਕੇ ਬਜ਼ਾਰਾਂ ਵਿੱਚ ਘੁੰਮਾਇਆ ਸੀ। ਬਹੁਤ ਥਾਵੀਂ ਜਵਾਨ ਲੜਕੀਆਂ ਦੀ ਬੇਪਤੀ ਹੋਣ ਦੇ ਡਰ ਤੋਂ ਮਾਤਾ ਪਿਤਾ ਨੇ ਖੁਦ ਹੀ ਮਾਰ ਦਿੱਤੀਆ ਸਨ। ਅਜਿਹੇ ਹੈਵਾਨੀਅਤ ਦੇ ਮਾਹੌਲ ਵਿੱਚ ਜਵਾਨ ਔਰਤਾਂ ਟੋਬੇ, ਖੂਹਾਂ ਅਤੇ ਨਹਿਰਾਂ ਵਿੱਚ ਖੁਦ ਛਾਲਾ ਮਾਰਕੇ ਮਰ ਗਈਆ ਸਨ।

ਜੋਸ਼ੀ ਅਤੇ ਧਨਵੰਤਰੀ ਦੀ ਰੀਪੋਰਟਾਂ "ਪਾਕਿਸਤਾਨ ਸ਼ਪੈਸਲ" ਉੱਤੇ ਹਮਲੇ ਦੀ ਯੋਜਨਾਂ ਦਾ ਖਾਸ ਜ਼ਿਕਰ ਕਰਦੀਆ ਹਨ। ਇਹ ਸ਼ਪੈਸਲ ਟਰੇਨ 10 ਅਗਸਤ 1947 ਨੂੰ ਸੀਨੀਅਰ ਮੁਸਲਮਾਨ ਸਰਕਾਰੀ ਅਫਸਰਾਂ ਉਹਨਾਂ ਦੇ ਪਰਿਵਾਰਾਂ ਨੂੰ ਲੈ ਕੇ ਦਿੱਲੀ ਤੋਂ ਕਰਾਚੀ ਲਈ ਰਵਾਨਾ ਹੋਈ ਸੀ। ਪੂਰਬੀ ਪੰਜਾਬ ਵਿੱਚੋਂ ਲੰਘਣ ਸਮੇਂ ਇਸ ਗੱਡੀ ਨੂੰ ਉੱਡਾ ਦੇਣ ਲਈ ਹਥਿਆਰਬੰਦ ਗਰੁੱਪ ਪਟਿਆਲੇ ਤੋਂ ਭੇਜਿਆ ਗਿਆ। ਇਸ ਤੋਂ ਵੱਡੀ ਸਾਜਿਸ਼ ਦਾ ਜ਼ਿਕਰ ਅਮਰੀਕਨ ਸੀਨੀਅਰ ਪੱਤਰਕਾਰ ਨਿਸਦ ਹਜ਼ਾਰੀ ਆਪਣੀ ਕਿਤਾਬ "Midnight's Furies" ਵਿੱਚ ਕਰਦਾ। ਮਹੁੰਮਦ ਜਿਨਾਹ ਨੂੰ ਮਾਰਨ ਦੀ ਯੋਜਨਾ ਘੜੀ ਗਈ ਸੀ ਜਿਸਦਾ ਪੁਲਿਸ ਨੂੰ ਅਗਾਊ ਪਤਾ ਲੱਗ ਗਿਆ। ਉਸ ਸਾਜ਼ਿਸ ਦੇ ਵੇਰਵੇ ਮਾਊਂਟ ਬੈਂਟਨ ਨੇ ਨਹਿਰੂ, ਪਟੇਲ, ਜਿਨਾਹ ਵਰਗੇ ਵੱਡੇ ਲੀਡਰਾਂ ਦੀ ਮੀਟਿੰਗ ਵਿੱਚ ਲਾਹੌਰ ਤੋਂ ਬੁਲਾਏ ਅੰਗਰੇਜ਼ ਪਲਿਸ ਅਫਸਰ ਤੋਂ ਪੇਸ਼ ਕਰਵਾਏ ਸਨ। ਗੁੱਸੇ ਵਿੱਚ ਆਏ ਜਿਨਾਹ ਨੇ ਮਾਸਟਰ ਤਾਰਾ ਸਿੰਘ ਵਿਰੁੱਧ ਪੁਲਿਸ ਕੇਸ ਦਰਜ਼ ਕਰਨ ਉੱਤੇ ਜ਼ੋਰ ਦਿੱਤਾ ਸੀ।

ਮਾਸਟਰ ਤਾਰਾ ਸਿੰਘ ਦੀਆਂ ਨੀਤੀਆ ਦਾ ਨਿਚੋੜ ਉਸਦੇ ਭਰਾ ਪ੍ਰਿੰਸੀਪਲ ਨਿਰੰਜਨ ਸਿੰਘ ਆਪਣੀ ਸਵੈ ਜੀਵਨੀ, "ਜੀਵਨ ਵਿਕਾਸ" ਵਿੱਚ ਦਿੰਦਾ (ਸਫਾ 233-34) ਹੈ। "ਮੁਸਲਿਮ ਲੀਗੀ" ਪਾਕਿਸਤਾਨ ਬਣਾਉਣ ਉੱਤੇ ਤੁਲੇ ਹੋਏ ਸਨ— ਉਹਨਾਂ ਨੇ ਹਿੰਦੂਆਂ-ਸਿੱਖਾਂ ਨੂੰ ਮਾਰਨਾ ਵੱਢਣਾ ਸ਼ੁਰੂ ਕਰ ਦਿੱਤਾ। ਅਕਾਲੀ ਚੰਗੇ ਜਥੇਬੰਦ ਸਨ ਤੇ ਮਾਸਟਰ ਤਾਰਾ ਸਿੰਘ ਉਹਨਾਂ ਦਾ ਵਾਹਦ ਲੀਡਰ ਸੀ। ਦੋਨੇਂ ਧਿਰਾਂ ਦਰਮਿਆਨ ਬਰਾਬਰ ਦੀ ਖੜ੍ਹਕਣ ਲੱਗ ਪਈ। ਉਧਰ ਮੁਸਲਮਾਨ 10 ਹਿੰਦੂ-ਸਿੱਖ ਮਾਰਨ, ਇੱਧਰੋਂ ਮਾਸਟਰ ਤਾਰਾ ਸਿੰਘ 10 ਮੁਸਲਮਾਨ ਮਾਰ ਦੇਵੇ। ਉਧਰੋਂ 1000 ਸਰਨਾਰਥੀ ਜਾਨਾਂ ਬਚਾਕੇ ਏਧਰ ਆਉਣ ਇਧਰੋਂ ਮਾਸਟਰ 1000 ਮੁਸਲਮਾਨ ਕੱਢ ਦੇਵੇ। ਦੋਨੇ ਪਾਸੇ ਬੇਅੰਤ ਜੁਲਮ ਹੋਏ, ਇਸੇ ਤਰਜ਼ ਉੱਤੇ ਔਰਤਾਂ ਦੀ ਬੇਪਤੀ। ਮਾਸਟਰ ਤਾਰਾ ਸਿੰਘ ਨੇ ਸਿੱਖਾਂ ਨੂੰ ਤਾਂ ਬਚਾਇਆ ਪਰ ਬਟਵਾਰੇ ਵਿੱਚ ਸਿੱਖੀ ਦੇ ਕੇ। ਸਿੱਖੀ ਗਰੀਬਾਂ ਅਨਾਥਾਂ ਉੱਤੇ ਹੱਥ ਚੁੱਕਣ ਵਿੱਚ ਨਹੀਂ। ਸਿੱਖੀ ਤਾਂ ਭਾਈ ਮਨੀ ਸਿੰਘ ਤੇ ਭਾਈ ਤਾਰੂ ਸਿੰਘ ਵਾਂਗ ਸ਼ਹੀਦ ਹੋਣ ਵਿੱਚ ਹੈ।"

ਪਹਿਲਾਂ 14-15 ਮਈ (1947) ਜਿਨਾਹ ਅਤੇ ਲਿਆਕਤ ਅਲੀ ਖਾਨ ਨੇ ਮਹਾਰਾਜਾ ਪਟਿਆਲਾ ਅਤੇ ਅਕਾਲੀ ਲੀਡਰਾਂ ਨਾਲ ਮੁਲਾਕਾਤਾਂ ਦੌਰਾਨ ਸਿੱਖਾਂ ਨੂੰ ਪਾਕਿਸਤਾਨ ਵਿੱਚ ਰਲਾਉਣ ਲਈ ਖੁੱਲ੍ਹ-ਦਿਲੀ ਵਾਲੀਆਂ ਪੇਸ਼ਕਸਾਂ ਕੀਤੀਆ ਸਨ। ਪਰ ਮਾਸਟਰ ਤਾਰਾ ਸਿੰਘ ਅਤੇ ਖਾਸ ਕਰਕੇ ਉਸ ਸਮੇਂ ਡੀਫੈਂਸ ਮੰਤਰੀ ਬਲਦੇਵ ਸਿੰਘ ਪੂਰਨ ਰੂਪ ਵਿੱਚ ਅੰਦਰੋਂ ਨਹਿਰੂ ਪਟੇਲ ਨਾਲ ਜੁੜ ਚੁੱਕੇ ਸਨ। ਉਹਨਾਂ ਨੇ ਕਾਂਗਰਸ ਨੂੰ ਬਿਨਾਂ ਸ਼ਰਤ ਮਦਦ ਦਿੱਤੀ ਸੀ। ਪੰਜਾਬ ਦੇ ਵੰਡਣ ਨਾਲ ਪਾਕਿਸਤਾਨ ਕਮਜ਼ੋਰ ਬਣ ਗਿਆ ਸੀ। ਇਸੇ ਕਰਕੇ ਜਿਨਾਹ ਨੇ ਮਾਊਂਟ ਬੈਂਟਨ ਨੂੰ ਕਿਹਾ ਸੀ "ਮੈਨੂੰ ਸੁੰਗੜਿਆ (moth-eaten) ਪਾਕਿਸਤਾਨ ਦੇ ਦਿੱਤਾ।" ਅਖਰੀਲੇ ਦਿਨਾਂ ਵਿੱਚ ਗੁਰਦਾਸਪੁਰ ਨੂੰ ਪਾਕਿਸਤਾਨ ਤੋਂ ਬਾਹਰ ਕੱਢਣ ਨੂੰ ਲੀਗ ਲੀਡਰਾਂ ਨੇ ਮਾਊਂਟ ਬੈਂਟਨ ਵੱਲੋਂ ਨਹਿਰੂ ਦੀ ਤਰਫਦਾਰੀ ਕਿਹਾ ਸੀ। ਮਾਊਂਟ ਬੈਟਨ ਬਾਅਦ ਵਿੱਚ ਵੀ ਕਹਿੰਦਾ ਰਿਹਾ "ਕਿ ਪਾਕਿਸਤਾਨ ਨਹੀਂ ਬਚੇਗਾ" (Pakistan is not a viable State)

**ਖ਼ੂਨ ਸਫੈਦ ਨਹੀਂ ਹੋਇਆ** : ਭਾਵੇਂ ਤਿੰਨਾਂ ਧਾਰਮਿਕ ਧਿਰਾਂ ਦੇ ਹਥਿਆਰਬੰਦ ਦਸਤਿਆਂ ਨੇ ਜੰਮ ਕੇ ਫਿਰਕੂ ਕਤਲੇਆਮ ਕਰਵਾਏ ਫਿਰ ਵੀ ਪੰਜਾਬੀਅਤ ਖਤਮ ਨਹੀਂ ਹੋਈ ਸੀ। ਰਾਜ ਮੋਹਨ ਗਾਂਧੀ ਜ਼ੋਰ ਦੇ ਕੇ ਕਹਿੰਦਾ "ਮਾਰਨ ਵਾਲਿਆ ਨਾਲੋਂ ਬਚਾਉਣ ਵਾਲਿਆਂ ਦੀ ਗਿਣਤੀ ਕਿਤੇ ਜ਼ਿਆਦਾ ਸੀ। (outnumbered the killers) "ਜੇ ਬਚਾਉਣ ਵਾਲੇ ਨਾ ਹੁੰਦੇ ਤਾਂ ਪੂਰਬੀ ਪੰਜਾਬ ਤੋਂ 44 ਲੱਖ ਮੁਸਲਮਾਨ ਅਤੇ ਪੱਛਮੀ ਪੰਜਾਬ ਤੋਂ 36 ਲੱਖ ਹਿੰਦੂ ਸਿੱਖ ਕਿਵੇਂ ਇਧਰ ਉਧਰਲੇ ਪੰਜਾਬਾਂ ਵਿੱਚ ਬਚਕੇ ਆ ਜਾਂਦੇ।" ਧਨਵੰਤਰੀ ਵੀ ਕਹਿੰਦਾ ਕਿ ਕਿਸਾਨ ਸਭਾ ਅਤੇ ਕਮਿਊਨਿਸਟ ਵਰਕਰਾਂ ਨੇ ਮੁਸਲਮਾਨ ਕਾਫਲਿਆਂ ਦੀ ਰਾਖੀ ਕਰਦਿਆਂ ਜਾਨਾਂ ਵੀ ਦਿਤੀਆ। ਗਹਿਲ ਸਿੰਘ ਛੱਡਲਵੱਢੀ, ਕੋਟ ਧਰਮਚੰਦ ਪਿੰਡ ਦੇ ਮੇਘ ਸਿੰਘ ਅਤੇ ਸੂਬਾ ਸਿੰਘ ਵਰਗੇ ਕਾਮਰੇਡਾਂ ਨੂੰ ਧਾੜਵੀਆਂ ਨੇ ਮਾਰ ਦਿੱਤਾ ਸੀ। ਇਧਰ-ਉਧਰ ਹਿਜ਼ਰਤ ਕਰ ਰਹੇ ਇੰਡੀਸਟਰੀਅਲ ਵਰਕਰਾਂ ਨੇ ਦੂਜੇ ਧਰਮ ਦੇ ਵਰਕਰ ਸਾਥੀਆਂ ਨੂੰ ਬਚਾਇਆ। ਰੇਲਵੇ ਵਰਕਰ ਯੂਨੀਅਨ ਦੇ ਲੀਡਰ ਕਾਮਰੇਡ ਸ੍ਰੀ ਚੰਦ ਨੇ ਮੁਸਲਮਾਨ ਸਾਥੀ ਲੀਡਰਾਂ ਨੂੰ ਨਾਲ ਲੈ ਕੇ ਲਾਹੌਰ ਵਿੱਚ ਸੈਕੜੇ ਹਿੰਦੂ-ਸਿੱਖਾਂ ਨੂੰ ਸੁਰੱਖਿਅਤ ਕੈਂਪਾਂ ਵਿੱਚ ਪਹੁੰਚਾਇਆ। ਭਾਰਤ ਨਗਰ ਵਿੱਚ ਉਸਦਾ ਆਪਣਾ ਘਰ ਸਰਨਾਰਥੀ ਕੈਂਪ ਬਣ ਗਿਆ ਸੀ। ਇਕ ਦਿਨ ਪੁਲਿਸ ਉਸਨੂੰ ਅਤੇ ਉਸਦੇ ਪਰਿਵਾਰ ਨੂੰ ਥਾਣੇ ਲੈ ਗਈ। ਸਾਥੀਆਂ ਦੇ ਦਬਾ ਹੇਠ ਭਾਵੇਂ ਪੁਲਿਸ ਨੂੰ ਸ੍ਰੀ ਚੰਦ ਨੂੰ ਛੱਡਣਾ ਪਿਆ। ਪਰ ਬਾਹਰ ਨਿਕਲਦਿਆਂ ਹੀ ਉਸ ਉੱਤੇ ਮੁਸਲਮਾਨ ਸਿਪਾਹੀਆਂ ਨੇ ਗੋਲੀ ਚਲਾਕੇ ਉਸਨੂੰ ਅਤੇ ਪਰਿਵਾਰ ਦੇ ਤਿੰਨ ਮੈਂਬਰਾਂ ਨੂੰ ਮਾਰ ਦਿੱਤਾ। ਉਸਦੀ ਪਤਨੀ ਤੇ ਮਾਂ ਸਖ਼ਤ ਜ਼ਖ਼ਮੀ ਹੋ ਗਈਆਂ ਸਨ।

**ਆਰ.ਐੱਸ.ਐੱਸ., ਹਿੰਦੂ ਮਹਾਂਸਭਾ ਅਤੇ ਅਕਾਲੀਆਂ ਦੀ ਆਪਸੀ ਕਸ਼ਮਕਸ਼** : ਪੰਦਰਾਂ ਅਗਸਤ ਨੂੰ ਅਜ਼ਾਦੀ ਦੇ ਜਸ਼ਨ ਤੋਂ ਤੁਰੰਤ ਬਾਅਦ ਨਹਿਰੂ 17 ਅਤੇ 18 ਅਗਸਤ ਨੂੰ ਅੰਮ੍ਰਿਤਸਰ ਆਇਆ। ਸ਼ਾਂਤੀ ਬਹਾਲ ਕਰਨ ਲਈ ਉਸਨੇ ਅਕਾਲੀ ਕਾਂਗਰਸ ਲੀਡਰਾਂ ਅਤੇ ਪੁਲਿਸ, ਫੌਜ ਦੇ ਅਫਸਰਾਂ ਨਾਲ ਮੀਟਿੰਗਾਂ ਕੀਤੀਆ। ਧਨਵੰਤਰੀ ਅਨੁਸਾਰ ਪੰਜਾਬ ਦਾ ਪ੍ਰਸ਼ਾਸ਼ਨ ਢਹਿ ਢੇਰੀ ਹੋ ਚੁੱਕਿਆ ਸੀ। ਮੁਸਲਮਾਨ ਅਫਸਰਾਂ ਦੀਆਂ ਖਾਲੀ ਹੋਈਆਂ ਸਰਕਾਰੀ ਪਦਵੀਆਂ ਉੱਤੇ ਆਰ.ਐੱਸ.ਐੱਸ. ਆਪਣੇ ਬੰਦੇ ਫਿੱਟ ਕਰਨ ਲਈ ਬਜਿਦ ਸੀ। ਉਹ ਬਖਸ਼ੀ ਟੇਕ ਚੰਦ ਨੂੰ ਪੰਜਾਬ ਦਾ ਗਵਰਨਰ ਅਤੇ ਰਾਏ ਬਹਾਦਰ ਬਦਰੀ ਦਾਸ ਨੂੰ ਸੂਬੇ ਦਾ ਪ੍ਰੀਮੀਅਮ ਬਣਾਉਣਾ ਚਾਹੁੰਦੀ ਸੀ। ਉਹ ਹਿੰਦੂਵਾਦੀ ਲੀਡਰ ਜਨਤਕ ਤੌਰ ਤੇ ਨਹਿਰੂ, ਗਾਂਧੀ ਨੂੰ ਧਮਕੀਆਂ ਦੇ ਰਹੇ ਸਨ। ਦੂਜੇ ਪਾਸੇ, ਸਰਗਰਮ ਅਕਾਲੀ ਲੀਡਰ ਵੀ ਸਰਕਾਰ ਉੱਤੇ ਆਪਣਾ ਕੰਟਰੋਲ ਜਮਾਉਣਾ ਚਾਹੁੰਦੇ ਸਨ। ਇਊ ਹਿੰਦੂ ਅਤੇ ਸਿੱਖ/ਅਕਾਲੀ ਲੀਡਰਾਂ ਵਿੱਚਕਾਰ ਆਪਸੀ ਤਕਰਾਰ ਵਧ ਗਿਆ ਸੀ। ਉਰਦੂ ਅਤੇ ਅੰਗਰੇਜ਼ੀ ਮੀਡੀਆਂ ਨੇ ਇਸਨੂੰ "ਪੰਜਾਬ ਸਮੱਸਿਆ" ਦੇ ਤੌਰ ਉੱਤੇ ਉਭਾਰਿਆ ਸੀ। ਉਹੀ ਪੰਜਾਬ ਦੀ ਅੰਦਰੂਨੀ ਲੜ੍ਹਾਈ ਬਾਅਦ ਵਿੱਚ ਜੂਨ 84 ਦੀਆਂ ਅਣਸੁਖਾਵੀਆਂ ਘਟਨਾਵਾਂ ਅਤੇ ਨਵੰਬਰ 84 ਵਿੱਚ ਸਿੱਖ ਨਸਲਕੁਸ਼ੀ ਤੱਕ ਅਪੜ ਗਈ।

**ਇੰਡੀਆ ਇੰਡੀਪੈਨਡੈਂਸ ਬਿਲ** (**India Independence Bill**) : ਬ੍ਰਿਟਿਸ ਪਾਰਲੀਮੈਂਟ ਨੇ ਜਦੋਂ 10 ਜੁਲਾਈ 1947 ਨੂੰ ਭਾਰਤ ਨੂੰ ਅਜ਼ਾਦੀ ਦੇਣ ਵਾਲੇ ਬਿੱਲ ਉੱਤੇ ਬਹਿਸ ਸ਼ੁਰੂ ਹੋਈ ਤਾਂ ਐਲਮ ਡੰਕਨ ਵਰਗੇ ਕਈ ਬ੍ਰਿਟਿਸ ਮੈਂਬਰਾਂ ਨੇ ਕਿਹਾ ਸੀ ਕਿ ਭਾਰਤੀ ਉਪ੍ਰਮਹਾਂਦੀਪ ਦਾ ਵਟਵਾਰਾਂ ਕੋਈ ਵੀ ਸਮੱਸਿਆ ਹੱਲ ਨਹੀਂ ਕਰੇਗਾ, ਸਗੋਂ ਵੰਡ ਦੀ ਲਕੀਰ ਦੋ ਦੁਸ਼ਮਣਾ ਨੂੰ ਆਹਮਣੇ ਸਾਹਮਣੇ ਖੜ੍ਹਾ ਕਰ ਦੇਵੇਗੀ। ਉਹਨਾਂ ਦੀ ਪੇਸ਼ਨਗੋਹੀ ਦਰੁਸਤ ਸਾਬਤ ਹੋਈ। ਪਾਕਿਸਤਾਨ ਅਤੇ ਭਾਰਤ ਦੀਆਂ ਹੁਕਮਰਾਨ ਜਮਾਤਾਂ ਦੀ ਆਪਣੇ ਆਪਣੇ ਦੇਸ਼ ਦੀ ਅੰਦਰੂਨੀ ਸਿਆਸਤ ਉਤੇ ਕਬਜ਼ਾ ਕਰਨ ਲਈ ਕੱਟੜ ਧਾਰਮਿਕ ਰਾਸ਼ਟਰਵਾਦ ਖੜ੍ਹਾ ਕਰਨਾ ਹੌਲੀ ਹੌਲੀ ਉਹਨਾਂ ਦੀ ਲੋੜ ਬਣ ਗਈ। ਭਾਰਤ ਅਤੇ ਪਾਕਿਸਤਾਨ ਦੀ ਦੁਸ਼ਮਣੀ ਨੂੰ ਹਰ ਹੀਲੇ ਬਰਕਰਾਰ ਰੱਖਣਾ ਦੋਨਾਂ ਮੁਲਕਾਂ ਦੀ ਸਿਆਸਤ ਦਾ ਹਿੱਸ ਬਣ ਗਿਆ। ਇਹ ਕੌੜੀ ਸਚਾਈ ਇਧਰ੍ਉਧਰ ਸੰਵੇਦਨਸ਼ੀਲ ਪੰਜਾਬੀਆਂ ਨੂੰ ਰੜਕਦੀ ਰਹਿੰਦੀ ਹੈ।

ਇਸੇ ਕਰਕੇ 18 ਅਗਸਤ 1947 ਨੂੰ ਬ੍ਰਿਟਿਸ ਪਾਰਲੀਮੈਂਟ ਵਿੱਚ ਬਿੱਲ ਪਾਸ ਹੋਣ ਸਮੇਂ ਪ੍ਰਧਾਨ ਮੰਤਰੀ ਕਲੀਮੈਂਟ ਰਿਚਰਡ ਐਟਲੀ ਦੇ ਆਖਰੀ ਸ਼ਬਦਾਂ ਨੂੰ ਦਹਰਾਉਣਾ ਪੰਜਾਬੀਆਂ ਨੂੰ ਸਕੂਨ ਦਿੰਦਾ ਹੈ। "ਇਹ ਮੇਰੀ ਸੰਜੀਦਾ ਇੱਛਾ ਹੈ ਕਿ ਇਹ ਬਟਵਾਰੇ ਦੀ ਲਕੀਰ ਮਿਟ ਜਾਵੇ ਅਤੇ ਕੁਝ ਅਰਸੇ ਬਾਅਦ ਦੋਨੋਂ ਹਿੱਸੇ ਫਿਰ ਇੱਕ ਹੋ ਜਾਣ।" ◉

ਸੰਪਰਕ : 75891-23982 • jaspal.sdh@gmail.com

# ਆਦਮ ਦੀ ਆਵਾਜ਼

*ਬਲਦੇਵ ਚੱਕ ਸਕੰਦਰ*

ਜਿੱਦਾਂ ਮੋਰ ਬੋਲਦੇ ਨੇ, ਚਿੜੀਆਂ ਚਹਿਕਦੀਆਂ ਨੇ, ਕੋਇਲ ਕੂ ਕੂ ਕਰਦੀ ਹੈ; ਏਦਾਂ ਹੀ ਆਦਮੀ ਦੇ ਧੁਰ ਅੰਦਰੋਂ ਇਕ ਆਵਾਜ਼ ਨਿਕਲਦੀ ਹੈ...ਕਦੀ ਹਾਸਾ ਬਣ ਕੇ, ਕਦੀ ਹੂਕ ਬਣ ਕੇ, ਕਦੀ ਕੂਕ ਬਣ ਕੇ, ਕਦੀ ਹਾਅ ਬਣ ਕੇ। ਮੈਂ ਇਸ ਆਦਮ ਦੀ ਆਵਾਜ਼ ਨੂੰ ਸੁਣ ਕੇ, ਪਛਾਣ ਕੇ, ਸਵਾਦ ਲੈਣ ਦਾ ਆਦੀ ਰਿਹਾ ਹਾਂ। ਉਂਝ ਹੀ ਜਿਵੇਂ ਪੁਰਾਣੀਆਂ ਬਾਤਾਂ ਵਿਚ, ਜੰਗਲ ਬੀਆਬਾਨਾਂ ਵਿਚ, ਹਜ਼ਾਰਾਂ ਜਾਨਵਰਾਂ ਵਿਚੋਂ, ਕੋਈ ਦੇਊ ਕਿਸੇ ਆਦਮੀ ਦੀ ਹੋਂਦ ਨੂੰ 'ਆਦਮ ਬੋ, ਆਦਮ ਬੋ' ਕਹਿ ਕੇ ਫੜ ਲੈਂਦਾ, ਉਂਝ ਹੀ ਜਿਵੇਂ ਪੁਰਾਣੇ ਰੇਡੀਓ ਦੀ ਘਰੜ ਘਰੜ ਵਿਚੋਂ ਸਾਨੂੰ ਆਪਣੀ ਪਸੰਦ ਦਾ ਸਟੇਸ਼ਨ ਲੱਭ ਪੈਂਦਾ, ਉਂਝ ਹੀ ਜਿਵੇਂ ਜਸਦੇਵ ਸਿੰਘ ਦੀ ਰੇਲ ਗੱਡੀ ਵਾਂਗ ਸਰਪਟ ਦੌੜਦੀ ਹਾਕੀ ਕਮੈਂਟਰੀ 'ਚੋਂ ਗੋਲ ਹੋਣ ਵਾਲਾ ਪਲ ਫੜ ਲੈਂਦੇ ਸੀ, ਇੰਜ ਹੀ ਪਤਾ ਨਹੀਂ ਕਦੋਂ ਮੈਨੂੰ ਆਦਮ ਦੀ ਆਵਾਜ਼ ਸੁਣਨ ਦਾ ਭੁੱਸ ਪੈ ਗਿਆ।

ਇਕ ਦਿਨ ਬੀਬੀ ਨੇ ਸੋਚਿਆ ਇਹਨੂੰ ਸਕੂਲ ਛੱਡ ਆਵਾਂ। ਗੁਰਦੁਆਰੇ ਦੇ ਥੜ੍ਹੇ ਲਾਗੇ ਇਕ ਵੱਡਾ ਸਾਰਾ ਰੁੱਖ ਸੀ, ਸ਼ਾਇਦ ਬੋਹੜ ਸੀ ਜਾਂ ਪਿੱਪਲ। ਚਾਰ ਨਿਆਣੇ ਬੋਰੀਆਂ ਉੱਤੇ ਫੱਟੀਆਂ ਤੇ ਕੈਦੇ ਲਈ ਬੈਠੇ ਸਨ। ਗੁਰਦੁਆਰੇ ਦਾ ਭਾਈ, ਜੋ ਮੇਰਾ ਪਹਿਲਾ ਮਾਸਟਰ ਸੀ, ਹਾਲੇ ਦਾਤਣ ਚੂਲੀ ਕਰਦਾ ਫਿਰਦਾ ਸੀ। ਮੈਨੂੰ ਉਨ੍ਹਾਂ ਨਿਆਣਿਆਂ 'ਚ ਬਿਠਾ ਕੇ ਉਹ ਸੁਰਖਰੂ ਹੋ ਗਈ ਲੱਗਦੀ ਸੀ। ਮੈਂ ਉਹਦੇ ਪਿੱਛੇ ਨਹੀਂ ਦੌੜਿਆ ਸਾਂ ਤੇ ਨਾ ਹੀ ਉਹਨੂੰ ਜਾਂਦੀ ਨੂੰ ਵੇਖਿਆ। ਉਹ ਪਿੱਛੋਂ ਦੱਸਦੀ ਹੁੰਦੀ ਸੀ, "ਮੈਂ ਸੋਚਿਆ—ਨਿਆਣੇ ਪਹਿਲੇ ਦਿਨ ਸਕੂਲ ਛੱਡਣ ਲੱਗਿਆਂ ਚੂੰ-ਪੈਂ ਕਰਦੇ ਹੀ ਨੇ, ਰੋਂਦੇ ਨੇ, ਇਹ ਵੀ ਉਧਰੇਗਾ, ਲੱਤਾਂ ਛੜੀਆਂ ਮਾਰੇਗਾ। ਪਰ ਨਹੀਂ, ਇਹ ਤਾਂ ਸਿਆਣਿਆਂ ਵਾਂਗੂੰ ਬਹਿ ਗਿਆ ਉਥੇ, ਮੇਰੇ ਵੱਲ ਪਿੱਛਾ ਭੌਂਅ ਕੇ ਵੀ ਨਾ ਵੇਖਿਆ। ਮੇਰਾ ਸਗੋਂ ਗੱਚ ਜਿਹਾ ਭਰ ਗਿਆ ਤੇ ਇਹਦੇ ਜਾਣੀ ਦੀ ਕੋਈ ਪਰਵਾਹ ਹੀ ਨਹੀਂ ਸੀ।" ਮੇਰੀ ਇਸ ਫ਼ਿਤਰਤ ਨੂੰ ਉਹ ਕਦੀ ਕਦੀ ਆਪਹੁਦਰਾ, ਬੇਮੁਥਾਜ, ਨਿਰਮੋਹਾ ਕਹਿ ਕੇ ਨਿਵਾਜਦੀ ਹੁੰਦੀ ਸੀ। ਮੈਨੂੰ ਤਾਂ ਇਨ੍ਹਾਂ ਲਫ਼ਜ਼ਾਂ ਦੇ ਮਾਹਨੇ ਹਾਲੀ ਵੀ ਧੁੰਦਲੇ ਜਹੇ ਨਜ਼ਰ ਆਉਂਦੇ ਨੇ, ਓਦੋਂ ਕਿੱਥੋਂ ਸਮਝ ਆਉਣੀ ਸੀ। ਉਨ੍ਹੀਂ ਹੀ ਦਿਨੀਂ ਘਰ ਵਿਚ ਕਿਸੇ ਲਈ ਨਵੇਂ ਬੂਟ ਆਏ ਸਨ। ਸ਼ਾਇਦ ਮੇਰੇ ਲਈ ਹੀ ਹੋਣੇ, ਯਾਦ ਨਹੀਂ। ਹਾਂ, ਉਹ ਗੱਤੇ ਦਾ ਡੱਬਾ ਜਿਸ ਵਿਚ ਉਹ ਬੂਟ ਆਏ ਸੀ ਤੇ ਜਿਸ ਉੱਤੇ ਇਕ ਸੋਹਣੀ ਜਹੀ ਤਸਵੀਰ ਸੀ, ਮੇਰੇ ਲਈ ਬੜੀ ਅਕਰਸ਼ਿਤ ਚੀਜ਼ ਸੀ। ਮੈਂ ਅਗਲੇ ਦਿਨ ਉਸ ਡੱਬੇ 'ਚ ਆਪਣਾ ਕੈਦਾ ਪਾ ਕੇ ਸਕੂਲ ਲੈ ਗਿਆ। ਏਡੀ ਸੋਹਣੀ ਚੀਜ਼ ਨੂੰ ਭੁੰਜੇ ਕੌਣ ਰੱਖਦਾ। ਬਾਕੀ ਸਭ ਨਿਆਣਿਆਂ ਦੇ ਝੋਲਿਆਂ 'ਚੋਂ ਵੱਖਰਾ ਤੇ ਵਿਲੱਖਣ ਇਹ ਡੱਬਾ ਮੈਂ ਮਾਸਟਰ ਜੀ ਦੇ ਮੇਜ਼ 'ਤੇ ਰੱਖ ਦਿੱਤਾ। ਅਸਲ ਵਿਚ ਉਹ ਮਾਸਟਰ ਜੀ ਨਹੀਂ ਸੀ, ਸਾਡਾ ਬਾਬਾ ਜੀ ਸੀ। ਉਹਨੇ ਨਾ ਮੈਨੂੰ ਡੱਬਾ ਚੁੱਕਣ ਲਈ ਕਿਹਾ, ਨਾ ਮੈਨੂੰ ਝਿੜਕਿਆ। ਕੁਝ ਦਿਨਾਂ ਬਾਅਦ, ਘਰ ਦਾ ਕੰਮਕਾਰ ਕਰ ਕੇ, ਬੀਬੀ ਗੁਰਦੁਆਰੇ ਆਈ, ਛੁੱਟੀ ਹੋਣ ਵਾਲੀ ਸੀ, ਭਾਈ ਜੀ ਨੂੰ ਪੁੱਛਿਆ, "ਬਾਬਾ ਜੀ, ਬੱਚੇ ਦਾ ਪੜ੍ਹਾਈ 'ਚ ਦਿਲ ਲਗਦਾ।" ਮੈਂ ਉਸ ਵੇਲੇ ਮੂੰਹ ਚੁੱਕੀ ਬਾਬੇ ਦੇ ਦਾੜ੍ਹੀ ਮੁੱਛਾਂ 'ਚ ਲੁਕੇ ਮੂੰਹ ਨੂੰ ਲੱਭਣ ਲੱਗ ਪਿਆ ਸੀ। "ਬਹੁਤ ਚੰਗਾ ਨਵਿਸਤਾ ਹੈ ਬੀਬਾ ਇਹਦਾ, ਹਮੇਸ਼ਾ ਪੂਰਾ ਨਾਂ ਲੈ ਕੇ ਬੁਲਾਉਣਾ ਏਸ ਨੂੰ ਤੇ ਇਹਦਾ ਕਦੀ ਮੂੰਹ ਨਾ ਫਿਟਕਾਰਨਾ।" ਇਹ ਆਦਮ ਦੀ ਪਹਿਲੀ ਆਵਾਜ਼ ਸੀ ਜੋ ਮੇਰੇ ਕੰਨੀਂ ਪਈ। ਇਸ ਆਵਾਜ਼ ਨੂੰ ਮੈਂ ਪੱਲੇ ਬੰਨ੍ਹ ਲਿਆ ਤੇ ਇਹਦੇ ਪਿੱਛੇ ਪਿੱਛੇ ਤੁਰਨ ਲੱਗ ਪਿਆ। 'ਮੇਰਾ ਨਵਿਸਤਾ ਚੰਗਾ ਹੈ' ਇਸ ਆਵਾਜ਼ ਨੇ ਮੇਰਾ ਮੁੱਢ ਬੰਨ੍ਹਿਆ ਤੇ ਮੈਂ ਇਸ ਪੌਦ ਨੂੰ ਪਾਣੀ ਦੇਣ ਲੱਗ ਪਿਆ। ਓਸੇ ਦਿਨ ਤੋਂ ਬੀਬੀ ਮੈਨੂੰ ਬਲਦੇਵ ਸਿਹੁੰ ਕਹਿ ਕੇ ਬੁਲਾਉਣ ਲੱਗ ਪਈ। ਨਾ ਕਦੀ ਉਹਨੇ ਆਪ ਕੋਈ ਛੋਟਾ ਨਾਂ ਪਾਇਆ, ਨਾ ਕਿਸੇ ਨੂੰ ਪਾਉਣ ਦਿੱਤਾ। ਉਹਦੇ ਏਦਾਂ ਮੂੰਹ ਭਰ ਕੇ ਨਾਂ ਲੈਂਦਿਆਂ ਹੀ ਮੈਂ ਝੱਟ ਨਿੱਕੇ ਨਿਆਣਿਓਂ ਵੱਡਾ ਜ਼ੁੰਮੇਵਾਰ ਬੰਦਾ ਲੱਗਣ ਲੱਗ ਪੈਂਦਾ।

ਅਸੀਂ ਅੰਬਰਸਰੀਏ ਆਪਣੇ ਤੋਂ ਵੱਡੇ ਭਰਾ ਨੂੰ ਭਾਊ ਕਹਿ ਕੇ ਬੁਲਾਉਂਦੇ ਹੁੰਨੇ ਹਾਂ। ਚਾਚਿਆਂ ਤੇ ਭੂਆ ਹੁਰਾਂ ਪਿਤਾ ਜੀ ਨੂੰ ਭਾਊ ਕਹਿ ਕੇ ਬੁਲਾਉਣਾ ਤਾਂ ਅਸੀਂ ਵੀ ਉਨ੍ਹਾਂ ਨੂੰ ਭਾਊ ਕਹਿਣਾ ਸਿੱਖਗੇ। ਇਕ ਦਿਨ ਭਾਊ ਕੋਈ ਆਪਣੀ

ਪਰਾਣੀ ਗੱਲ ਸੁਣਾਉਣ ਲੱਗ ਪਿਆ। ਕਹਿੰਦਾ—ਜਦੋਂ ਪਾਕਿਸਤਾਨ ਬਣਿਆ ਤਾਂ ਅਸੀਂ ਬਾਰ 'ਚ ਹੁੰਦੇ ਸਾਂ। ਓਥੋਂ ਉੱਠ ਕੇ ਆਏ ਤਾਂ ਏਧਰ ਜ਼ਮੀਨ ਕੁਝ ਵੈਰੋਵਾਲ ਮਿਲੀ, ਤਰਨ ਤਾਰਨ 'ਚ ਪੈਂਦਾ ਇਹ ਪਿੰਡ ਤੇ ਕੁਝ ਟੁਹਾਣੇ ਤਹਿਸੀਲ ਦੇ ਪਿੰਡ ਦਵਾਣੇ ਅਲਾਟ ਹੋਗੀ। ਮੈਂ ਵੱਡਾ ਸੀ, ਬਾਪੂ ਕਹਿੰਦਾ, ਤੂੰ ਉਹ ਸਾਂਭ ਜਾ ਕੇ। ਮੈਂ ਤੇ ਮਾਸੜ ਫ਼ੌਜਾ ਸੌਂਹ, ਦੋ ਜੋਗਾਂ ਬਲਦਾਂ ਦੀਆਂ ਤੇ ਦਸ ਦਸ ਰੁਪਏ ਲੈ ਕੇ ਤੁਰ ਪੇ ਤੜਕੇ ਜਹੇ। ਰਾਹ ਖਹਿੜਾ ਪੁੱਛਦੇ ਪੁਛਾਉਂਦੇ ਤੁਰੇ ਗਏ। ਜਿਥੇ ਰਾਤ ਪੈਣੀ, ਬਲਦ ਕਿਸੇ ਰੁੱਖ ਥੱਲੇ ਬੰਨ੍ਹ ਦੇਣੇ ਤੇ ਘੜੀ ਪਲ ਸੌਂ ਲੈਣਾ। ਰੋਟੀਆਂ ਜੋ ਪੱਲੇ ਬੰਨ੍ਹੀਆਂ ਸੀ, ਕਿਸੇ ਖੂਹ, ਢਾਬ ਜਾਂ ਨਹਿਰ ਨੇੜੇ ਬਹਿ ਖਾ ਲੈਣੀਆਂ। ਦੋ ਦਿਨਾਂ ਬਾਅਦ ਰੋਟੀਆਂ ਵੀ ਮੁੱਕ ਗਈਆਂ ਤੇ ਡੰਗਰਾਂ ਦੇ ਲੱਕ ਵੀ ਨਾਲ ਲੱਗ ਗਏ। ਦੂਰੋਂ ਵੇਖਿਆ ਇਕ ਪਿੰਡ ਹੈ, ਸੋਚਿਆ ਉਥੇ ਹੀ ਰਾਤ ਕੱਟੀਏ। ਪਿੰਡ ਦੇ ਬਾਹਰਵਾਰ ਡੰਗਰ ਡੱਕ ਲਏ। ਡੂੰਘੀਆਂ ਤ੍ਰਿਕਾਲਾਂ ਪੈ ਗਈਆਂ ਸਨ, ਪਿੰਡ 'ਚੋਂ ਕੋਈ ਬੰਦਾ ਪਰਿੰਦਾ ਬਾਹਰ ਤੁਰਦਾ ਫਿਰਦਾ ਨਜ਼ਰ ਨਹੀਂ ਆ ਰਿਹਾ ਸੀ। ਹਾਂ, ਹਨ੍ਹੇਰੇ ਕਰਕੇ ਕੁਝ ਜਨਾਨੀਆਂ ਜੰਗਲ ਪਾਣੀ ਲਈ ਜ਼ਰੂਰ ਨਿਕਲੀਆਂ ਹੋਣਗੀਆਂ।

ਅਸੀਂ ਜੱਕੋਤੱਕੀ ਵਿਚ ਸੀ ਕਿ ਹੁਣ ਕੀ ਕਰੀਏ, ਮੰਗੀਏ ਕਿ ਭੁੱਖੇ ਮਰੀਏ। ਮੈਂ ਮਾਸੜ ਨੂੰ ਕਿਹਾ—ਮਾਸੜਾ, ਪਾਣੀ ਮੰਗਣ ਨੂੰ ਮੰਗਣਾ ਨਹੀਂ ਆਂਹਦੇ...ਚੱਲ ਪਾਣੀ ਲਿਆਉਂਦੇ ਹਾਂ, ਨਾਲੇ ਆਪ ਪੀਂਦੇ ਹਾਂ, ਨਾਲੇ ਗੋਕਿਆਂ ਨੂੰ ਪਿਆਉਂਦੇ ਹਾਂ, ਸਵੇਰ ਹੋਊ ਫੇਰ ਵੇਖੀ ਜਾਊ।

ਮੇਰੀ ਇਹ ਗੱਲ ਦੂਰ ਜਾਂਦੀ ਕਿਸੇ ਜਨਾਨੀ ਨੇ ਸੁਣ ਲਈ ਸੀ। ਉਸ ਘਰ ਪਰਤ ਕੇ ਆਪਣੇ ਘਰ ਵਾਲੇ ਨੂੰ ਕਿਹਾ—ਪਿੰਡ ਦੇ ਬਾਹਰ ਦੋ ਰਾਹੀ ਨੇ, ਮੈਂ ਉਨ੍ਹਾਂ ਦੀ ਆਹ ਗੱਲ ਸੁਣੀ ਹੈ। ਉਹ ਰੱਬ ਦਾ ਬੰਦਾ ਸਾਡੇ ਕੋਲ ਆ ਗਿਆ ਤੇ ਸਾਨੂੰ ਆਖੇ, ਤੁਸੀਂ ਘਰ ਚੱਲੋ। ਸਾਡੇ ਨਾਂਹ ਨਾਂਹ ਕਰਦਿਆਂ ਉਸ ਗੋਕੇ ਖੋਲ੍ਹ ਕੇ ਹਿੱਕ ਲਏ ਤੇ ਅਸੀਂ ਉਹਦੇ ਪਿੱਛੇ ਪਿੱਛੇ ਤੁਰ ਪਏ। ਉਸ ਰਾਤ, ਉਨ੍ਹਾਂ ਸਾਨੂੰ ਰੋਟੀ ਖਵਾਈ, ਬਲਦਾਂ ਨੂੰ ਪਾਣੀ ਤੇ ਪੱਠਾ ਦੱਥਾ ਦਿੱਤਾ। ਭਾਊ ਦੀ ਦੱਸੀ ਇਸ ਆਪ ਬੀਤੀ 'ਚੋਂ ਮੈਨੂੰ ਆਦਮ ਦੀ ਦੂਜੀ ਆਵਾਜ਼ ਸੁਣਾਈ ਦਿੱਤੀ। ਫਿਰ ਇਹ ਆਵਾਜ਼ ਵੀ ਪਹਿਲੀ ਦੇ ਨਾਲ ਰਲ ਗਈ। ਦੋਵੇਂ ਆਵਾਜ਼ਾਂ ਮਿਲ ਕੇ ਆਦਮ ਦੀ ਇਕ ਆਵਾਜ਼ ਬਣ ਗਈਆਂ। ਹੌਲੀ-ਹੌਲੀ ਮੈਨੂੰ ਇਨ੍ਹਾਂ ਆਵਾਜ਼ਾਂ ਦੀ ਪਛਾਣ ਹੋਣ ਲੱਗੀ ਤੇ ਮੈਂ ਇਨ੍ਹਾਂ ਨੂੰ ਗਾਹੇ-ਬਗਾਹੇ ਲੱਭਣ ਲੱਗ ਪਿਆ। ਕਈ ਵਾਰ ਮੈਂ ਗੱਲਾਂ ਕਰਦੇ ਲੋਕਾਂ ਦੇ ਮੂੰਹਾਂ ਵੱਲ ਨੀਝ ਲਾ ਕੇ ਵੇਖਣ ਲੱਗ ਪਿਆ ਕਿ ਸ਼ਾਇਦ ਕੋਈ ਕਤਰਾ 'ਆਦਮ ਦੀ ਆਵਾਜ਼' ਦਾ ਕਿਰ ਪਏ ਤੇ ਮੈਂ ਉਹਨੂੰ ਸਾਂਭ ਲਵਾਂ।

ਵਰ੍ਹਿਆਂ ਬਾਅਦ ਅਸੀਂ ਹਰਿਆਣੇ ਦੇ ਓਸ ਪਿੰਡ ਤੋਂ ਜ਼ਮੀਨ ਵੇਚ ਕੇ ਵਾਪਸ ਪੰਜਾਬ ਪਰਤ ਆਏ। ਤਰਨ ਤਾਰਨ 'ਚ ਪੈਂਦੇ ਪਿੰਡ ਚੱਕ ਸਕੰਦਰ ਵਿਚ ਭਾਊ ਨੇ ਦਸ ਘੁਮਾਂ ਪੈਲੀ ਲਈ ਸੀ। ਹੌਲੀ ਹੌਲੀ ਖੇਤਾਂ ਵਿਚ ਹੀ ਕੱਚਿਆਂ ਕੋਠਿਆਂ ਅੱਗੇ ਫੱਟਿਆਂ ਵਾਲੀਆਂ ਕੰਧਾਂ ਕਰਕੇ ਹਵੇਲੀ ਵਲ ਲਈ। ਸੂਆ ਨਾਲ ਲੱਗਦਾ ਸੀ, ਪਹੀ ਲਾਗੋਂ ਲੰਘਦੀ ਸੀ। ਚੇਤ ਦੀ ਮੱਸਿਆ ਵੇਲੇ ਅਗਲੇ ਪਿੰਡਾਂ ਦੇ ਜੱਟ ਆਪਣੇ ਬਲਦਾਂ ਨੂੰ ਤਰਨ ਤਾਰਨ ਮੱਸਿਆ ਨਵਾਉਣ ਖੜਦੇ। ਉਨ੍ਹਾਂ ਦੇ ਗਲੀਂ ਪਈਆਂ ਟੱਲੀਆਂ ਤੇ ਜੱਟਾਂ ਦੇ ਬੋਲ ਤੜਕੇ ਮੂੰਹ ਹਨ੍ਹੇਰੇ ਹੀ ਪਹੀ 'ਤੇ ਸੁਣਨੇ ਸ਼ੁਰੂ ਹੋ ਜਾਂਦੇ। ਉਨ੍ਹਾਂ ਸਵੇਰੇ ਜਾਣਾ ਤੇ ਸ਼ਾਮਾਂ ਨੂੰ ਪਰਤਣਾ ਹੁੰਦਾ ਸੀ। ਸਾਰਾ ਦਿਨ ਰਾਹ ਵਗਦਾ। ਬੀਬੀ ਨੇ ਕਦੀ ਚਾਹ ਦਾ ਡੋਲ, ਕਦੀ ਲੱਸੀ ਦਾ ਡੋਲ, ਕਦੀ ਰੋਟੀਆਂ ਦਾ ਛਾਬਾ ਭਰ ਕੇ ਸੂਏ ਦੇ ਪੁਲ 'ਤੇ ਜਾ ਖਲੋਣਾ। ਛਟਾਲੇ ਦੇ ਰੁੱਗ ਵੱਢ-ਵੱਢ ਗੋਕਿਆਂ ਨੂੰ ਮੂੰਹੀਂ ਦੇਣੇ। ਓਦੋਂ ਸੜਕਾਂ 'ਤੇ ਲੰਗਰ ਲਾਉਣ ਦਾ ਰਿਵਾਜ ਹਾਲੇ ਨਹੀਂ ਚੱਲਿਆ ਸੀ। ਉਹਨੂੰ ਏਦਾਂ ਰਾਹੀਆਂ ਲਈ ਰੋਟੀ ਬਣਾਉਂਦਿਆਂ, ਵਰਤਾਉਂਦਿਆਂ ਵੇਖਦਾ ਤਾਂ ਮੈਂ ਸੋਚਦਾ—ਬੀਬੀ ਨੇ ਸ਼ਾਇਦ ਭਾਊ ਦੀ ਉਹ ਗੱਲ ਸੁਣੀ ਹੋਣੀ ਹੈ, ਜਦੋਂ ਉਨ੍ਹਾਂ ਨੂੰ ਕੋਈ ਅਜਨਬੀ ਬੰਦਾ ਕਿਸੇ ਡੂੰਘੀ ਸ਼ਾਮ ਵਾਜ ਮਾਰ ਕੇ ਘਰ ਲੈ ਗਿਆ ਸੀ, ਮੂੰਹ ਹੱਥ ਧਵਾਇਆ ਤੇ ਰੋਟੀ ਖਵਾਈ ਸੀ। ਉਸ 'ਆਦਮ ਦੀ ਆਵਾਜ਼' ਹੁਣ ਬੀਬੀ 'ਚ ਜੀਂਦੀ ਸੀ। ਸ਼ਾਇਦ ਇੰਜ ਹੀ ਇਹ ਆਵਾਜ਼ ਪੁਸ਼ਤ-ਦਰ-ਪੁਸ਼ਤ ਸਫ਼ਰ ਕਰਦੀ ਹੈ। ਕਦੀ ਕਦੀ ਉਹ ਸਾਨੂੰ ਕਹਿੰਦੀ, 'ਪੁੱਤ ਰਾਹੀਆਂ ਨੂੰ ਪਾਣੀ ਪਿਆਉਣਾ ਪੁੰਨ ਹੁੰਦਾ।' ਵਿਚੋਂ-ਵਿਚੋਂ ਕੋਈ ਬਜ਼ੁਰਗ ਪਾਂਧੀ ਇਹ ਵੀ ਕਹਿ ਜਾਂਦਾ, 'ਬੀਬੀ ਤੂੰ ਤਾਂ ਏਥੇ ਹੀ ਮੱਸਿਆ ਖੱਟ ਲਈ'।

ਪੈਲੀ ਵਾਲੀ ਗੱਲ ਤਾਂ ਵਿਚੇ ਰਹਿ ਗਈ। ਪੰਜਾਬ ਪੈਲੀ ਲੈਣਾ ਕੋਈ ਸੌਖਾ ਕੰਮ ਨਹੀਂ ਸੀ, ਲੱਖ ਵੇਲਣ ਵੇਲ ਕੇ ਇਹ ਹਾਸਿਲ ਹੋਈ ਸੀ। ਕਿੰਨੇ ਆਂਢੇ ਸਾਂਢੇ, ਕਿੰਨੇ ਵੇਚ ਵੱਟ, ਰੱਬ ਅੱਗੇ ਕਿੰਨੀਆਂ ਅਰਜ਼ੋਈਆਂ ਤੇ ਤਰਲੇ। ਉਹ ਦੱਸਦੀ—ਜਿਹੜੀ ਜ਼ਮੀਨ ਪਾਕਿਸਤਾਨ ਛੱਡੀ ਜ਼ਮੀਨ ਬਦਲੇ ਅਲਾਟ ਹੋਈ ਸੀ ਉਹ ਥੋੜ੍ਹੀ ਸੀ, ਗ਼ੈਰ ਆਬਾਦ ਸੀ, ਨਿਰਾ ਜੰਗਲ। ਕੁਝ ਪੈਲੀ ਹਿੱਸੇ ਠੇਕੇ 'ਤੇ ਲੈਂਦੇ ਸਾਂ; ਵਾਹਣੀ, ਬੀਜਣੀ, ਵੱਢਣੀ ਅਸੀਂ ਤੇ ਅੱਧ ਕਿਸੇ ਹੋਰ ਦਾ। ਮੈਂ ਤੇ ਤੇਰਾ ਭਾਊ ਰੁੱਖਾਂ ਦੇ ਮੁੱਢ ਪੁੱਟ ਪੁੱਟ ਥੱਕ ਗਏ। ਇਕ ਦਿਨ ਮੈਂ ਕੰਡੇ ਤੇ ਭੱਖੜੇ ਮਿੱਧਦੀ ਉਹਦੀ ਰੋਟੀ ਲੈ ਕੇ ਖੇਤੀਂ ਪੁੱਜੀ

ਤਾਂ ਵੇਖਿਆ ਉਹਨੇ ਇਕ ਮੁੱਢ ਹੇਠੋਂ ਦਸ ਬਾਰਾਂ ਸੱਪ ਵੱਢ ਕੇ ਢੇਰ ਲਾਇਆ ਹੋਇਆ ਸੀ। ਮੈਨੂੰ ਵੇਖ ਕੇ ਕਚਿਆਣ ਆਈ ਤੇ ਡਰ ਲੱਗਿਆ। ਰੋਟੀ ਖਾਂਦਿਆਂ ਅਸੀਂ ਚੁੱਪ ਬੈਠੇ ਸਾਂ। ਓਦੋਂ ਮਨ 'ਚੋਂ ਇਕ ਅਰਦਾਸ ਨਿਕਲੀ—ਹੇ ਸੱਚੇ ਪਾਤਸ਼ਾਹ, ਤੇਰੀ ਇਸ ਭੋਂਅ 'ਚ ਸਾਡਾ ਵੀ ਕੋਈ ਹਿੱਸਾ ਹੈ ਤਾਂ ਦੇ। ਪਤਾ ਨਹੀਂ ਕਿਹੜੇ ਵੇਲੇ ਦੀ ਕਹੀ ਪੂਰੀ ਹੋ ਜਾਂਦੀ। ਫਿਰ ਕਿਤੇ ਸਾਲਾਂ ਬਾਅਦ ਸਬੱਬ ਬਣਿਆ ਤੇ ਆਹ ਪੈਲੀ ਸਾਡੇ ਨਾਂਅ ਹੋਈ। ਮੈਂ ਸਮਝ ਗਿਆ, ਸੱਚੇ ਮਨ ਨਾਲ ਨਿਕਲੀ ਆਦਮ ਦੀ ਆਵਾਜ਼ ਰੱਬ ਕੋਲ ਜ਼ਰੂਰ ਪਹੁੰਚਦੀ ਹੈ, ਪਰ ਸੱਚਾ ਮਨ ਕਦੋਂ ਹੁੰਦਾ ਹੈ, ਕੋਈ ਖ਼ਬਰ ਨਾ ਸੂ।

ਇਕ ਦਿਨ ਅਸੀਂ ਸਾਰੇ ਭੈਣ ਭਰਾ ਚੌਂਕੇ 'ਚ ਬੈਠੇ ਰੋਟੀ ਟੁੱਕ ਖਾ ਰਹੇ ਸਾਂ। ਮਾਂ ਚੁੱਲ੍ਹੇ ਮੂਹਰੇ ਬੈਠੀ ਤੱਤੀਆਂ ਤੱਤੀਆਂ ਲਾਹ ਲਾਹ ਵਰਤਾਈ ਜਾ ਰਹੀ ਸੀ। ਭਾਊ ਨੇ ਘਰ ਦੀ ਕੱਢੀ ਦੇ ਇਕ-ਦੋ ਹਾੜੇ ਮਾਰ ਲਏ ਸਨ। ਤਿੱਖੇ ਸਲੂਣੇ ਦਾ ਸਵਾਦ ਵਿੰਹਦਾ ਸਾਨੂੰ ਕਹਿੰਦਾ, 'ਪੁੱਤਰੋ, ਅਸੀਂ ਤੇ ਪੁਗਾ ਤੀ ਆਪਣੀ, ਹੁਣ ਤੁਹਾਡੇ ਲਈ ਆਹ ਪੜੁੱਲ ਬਣਾ ਤਾ, ਜਿੰਨੀਆਂ ਚਾਹੇ ਛਾਲਾਂ ਮਾਰੋ ਇਹਦੇ ਤੋਂ।' ਸਾਡੀਆਂ ਉਸ ਦਿਨ ਮਾਣ ਨਾਲ ਛਾਤੀਆਂ ਭਰ ਆਈਆਂ, ਕਿਸੇ ਸਰੀਕ ਤੋਂ ਘੱਟ ਨਹੀਂ, ਬਰੋਬਰ ਖੜੇ ਸਾਂ ਉਸ ਦਿਨ ਅਸੀਂ। ਕੱਲ੍ਹੀ ਜਾਤ ਨਾਲ ਹੀ ਨਹੀਂ, ਜ਼ਮੀਨ ਨਾਲ ਵੀ। ਮਿੱਟੀ ਦੀ ਮਹਿਕ ਕਿੰਨੀ ਮਿੱਠੀ ਹੁੰਦੀ ਉਸ ਦਿਨ ਕੋਈ ਭਾਊ ਨੂੰ ਪੁੱਛਦਾ। ਮੈਂ ਤਾਂ ਓਦਣ ਆਦਮ ਦੀ ਤੀਜੀ ਆਵਾਜ਼ ਸੁਣੀ, ਜੋ ਛਾਲਾਂ ਮਾਰਨ ਲਈ ਲਲਕਾਰ ਰਹੀ ਸੀ। ਧੁਰ ਅੰਦਰ ਇਕ ਜ਼ਿੱਦ, ਇਕ ਸਿਰੜ ਸਵੈਮਾਣ ਦਾ ਆਗਾਜ਼ ਹੁੰਦਾ ਵੇਖਿਆ। ਆਦਮ ਦੀਆਂ ਇਹ ਆਵਾਜ਼ਾਂ ਮੈਨੂੰ ਸਿਰਜਣ, ਤਰਾਸ਼ਣ ਲੱਗੀਆਂ ਹੋਈਆਂ ਸਨ ਤੇ ਮੈਂ ਇਨ੍ਹਾਂ ਸਾਹਮਣੇ ਇੰਜ ਖੜ੍ਹਾ ਸਾਂ ਜਿਵੇਂ ਕੋਈ ਬੱਚਾ ਨਹਾਉਣ ਵੇਲੇ ਆਪਣੀ ਮਾਂ ਸਾਹਮਣੇ ਖਲੋ ਜਾਂਦਾ, ਅੱਖਾਂ ਮੀਟ ਕੇ, ਹੱਥ ਸੁੱਟ ਕੇ, ਹੁਣ ਭਾਵੇਂ ਜਿੰਨਾ ਮਰਜ਼ੀ ਮਾਂਜ ਲਏ, ਕੂਚ ਲਏ, ਓਦਾਂ ਦਾ ਬਣਾ ਲੈ ਜਿੱਦਾਂ ਦਾ ਉਹ ਉਹਨੂੰ ਸੋਹਣਾ ਲੱਗਦਾ।

ਉਮਰ ਦੇ ਇਸ ਪੜਾਅ ਵਿਚ ਜਦੋਂ ਬੰਦਾ ਬਾਰੀ ਥਾਣੀਂ ਖਾਲੀ ਖਲਾਅ ਨੂੰ ਘੂਰਨ ਜੋਗਾ ਰਹਿ ਜਾਂਦਾ ਹੈ, ਮੈਂ 'ਆਦਮ ਦੀਆਂ ਆਵਾਜ਼ਾਂ' ਇਕੱਠੀਆਂ ਕਰਨ ਦੀ ਕੋਸ਼ਿਸ਼ ਕਰ ਰਿਹਾ ਹਾਂ। ਸੁਣਿਆ ਹੈ, ਡੂੰਘੇ ਖੂਹ ਨਹੀਂ ਸੁੱਕਦੇ ਕਦੀ, ਅੱਜ ਓਸੇ ਖੂਹ 'ਚ ਲੱਜ ਵਗਾਈ ਜਾ ਰਿਹਾ ਹਾਂ। ਕਿਤੇ ਪੜ੍ਹਿਆ ਸੀ, ਥੋਹਰਾਂ ਨੂੰ ਬਹੁਤਾ ਪਾਣੀ ਨਹੀਂ ਚਾਹੀਦਾ, ਮੈਂ ਤੁਬਕਾ ਤੁਬਕਾ ਉਹਦੇ ਮੁੱਢਾਂ 'ਤੇ ਤੌਂਕੀ ਜਾ ਰਿਹਾ ਹਾਂ। ਆਸ਼ਕ ਹਾਂ 'ਆਦਮ ਦੀ ਆਵਾਜ਼' ਦਾ, ਬਸ ਆਸ਼ਕੀ ਨਿਭਾ ਰਿਹਾ ਹਾਂ।

1965 ਦੀ ਲੜਾਈ ਲੱਗੀ ਹੋਈ ਸੀ, ਚੌਥੀ 'ਚ ਪੜ੍ਹਦਾ ਸਾਂ ਮੈਂ। ਪੱਕੀ ਸੜਕ ਦੇ ਨਾਲ ਲੱਗਦਾ ਪ੍ਰਾਇਮਰੀ ਸਕੂਲ ਸੀ। ਸਵੇਰੇ ਉੱਠੇ ਤਾਂ ਨਾਨੀ ਚਾਹ ਬਣਾਉਂਦੀ ਕਹਿ ਰਹੀ ਸੀ, ਰਾਤ ਸਾਰੀ ਰਾਤ ਕਾਨਵਾਈ ਵਗਦੀ ਰਹੀ। ਸਕੂਲ ਨੂੰ ਜਾਂਦਿਆਂ ਵੇਖਿਆ ਮਿਲਟਰੀ ਦੀਆਂ ਗੱਡੀਆਂ, ਕੀੜੀਆਂ ਵਾਂਗ ਲਾਈਨ ਬਣਾਈ, ਇਕੋ ਚਾਲੇ ਫ਼ਿਰੋਜ਼ਪੁਰ ਵੱਲੋਂ ਅੰਬਰਸਰ ਵੱਲ ਜਾ ਰਹੀਆਂ ਸਨ। ਇਹ ਦ੍ਰਿਸ਼ ਕਦੀ ਪਹਿਲਾਂ ਨਹੀਂ ਤੱਕਿਆ ਸੀ। ਲੜਾਈ ਦਾ ਮਤਲਬ ਪਤਾ ਨਹੀਂ ਸੀ, ਇਸ ਲਈ ਕੋਈ ਡਰ ਡੁੱਕਰ ਨਹੀਂ ਸੀ। ਅੱਧੀ ਛੁੱਟੀ ਵੇਲੇ ਕਮਰਿਓਂ ਬਾਹਰ ਨੱਚ ਕੁੱਦ ਰਹੇ ਸਾਂ ਕਿ ਅਸਮਾਨ ਵਿਚ ਦੋ ਤਿੰਨ ਹਵਾਈ ਜਹਾਜ਼ ਹਠਖੇਲੀਆਂ ਕਰਦੇ ਨਜ਼ਰ ਆਏ। ਕਦੀ ਇਕ ਦੂਜੇ ਦੇ ਨੇੜੇ ਆਉਂਦੇ ਤੇ ਕਦੇ ਦੂਰ ਸ਼ੂਟ ਵੱਟ ਜਾਂਦੇ। ਅਸੀਂ ਧੌਣਾਂ ਘੁੰਮਾ ਘੁੰਮਾ ਉਨ੍ਹਾਂ ਦੇ ਇਹ ਕਰਤਬ ਦੇਖ ਰਹੇ ਸਾਂ, ਉਂਗਲਾਂ ਕਰ ਰਹੇ ਸਾਂ। ਔਹ ਗਏ ਔਹ ਗਏ, ਆ ਗਏ ਆ ਗਏ ਹੋ ਰਹੀ ਸੀ। ਹੁਣ ਸਾਡੇ ਮਾਸਟਰ ਵੀ ਨਾਲ ਰਲ ਗਏ ਸਨ। ਏਦਾਂ ਕਦੀ ਘੱਟ ਹੋਇਆ ਸੀ ਕਿ ਮਾਸਟਰ ਵੀ ਉਹੀ ਕੁਝ ਕਰੀ ਜਾਣ, ਜੋ ਨਿਆਣੇ ਕਰਨ ਡਹੇ ਹੋਣ। ਫਿਰ ਉਨ੍ਹਾਂ ਸਾਨੂੰ ਝੱਟ ਪੂਰੀ ਛੁੱਟੀ ਕਰ ਦਿੱਤੀ ਸੀ। ਜਾਉ ਘਰਾਂ ਨੂੰ ਭੱਜ ਜਾਉ। ਅਸੀਂ ਆਪਣੇ ਬਸਤੇ ਫੱਟੀਆਂ ਸੰਭਾਲਦੇ ਸਕੂਲੋਂ ਪਿੰਡ ਵੱਲ ਨੂੰ ਭੱਜ ਨਿਕਲੇ। ਰਾਹ ਵਿਚ ਮੁੜ ਮੁੜ ਖਲੋਂਦੇ, ਉਤਾਂਹ ਵੇਂਹਦੇ ਤੇ ਫੇਰ ਭੱਜਦੇ। ਅਸਾਂ ਦੇਖਿਆ ਇਕ ਜਹਾਜ਼ ਨੂੰ ਅੱਗ ਲੱਗ ਗਈ ਹੈ। ਉਹ ਅਸਮਾਨ ਤੋਂ ਟੁੱਟੀ ਪਤੰਗ ਵਾਂਗ ਝੂਲਦਾ ਹੇਠਾਂ ਨੂੰ ਆ ਰਿਹਾ ਹੈ। ਬਾਕੀ ਦੋਨੋਂ ਜਹਾਜ਼ ਕਿਧਰੇ ਨੱਸ ਗਏ ਸਨ। ਅੱਗ ਲੱਗਾ ਜਹਾਜ਼ ਪਿੰਡ ਵੱਲ ਨੂੰ ਉਤਰਦਾ ਆਉਂਦਾ ਸੀ। ਸਾਡੀ ਜਾਣੇ ਬਲਾ ਕਿ ਕੀ ਹੋਣ ਵਾਲਾ ਸੀ। ਅਗਿਆਨਤਾ 'ਚ ਕਿੰਨੀ ਨਿਡਰਤਾ ਹੈ, ਹੁਣ ਸੋਚੀਦਾ ਹੈ। ਸ਼ਾਇਦ ਏਸੇ ਕਰਕੇ ਫ਼ੌਜੀਆਂ ਨੂੰ ਲੜਾਈ ਵੇਲੇ ਇਹ ਨਹੀਂ ਦੱਸਿਆ ਜਾਂਦਾ ਕਿ ਅਸੀਂ ਕਿਸ ਮੁਹਾਜ਼ 'ਤੇ ਹਾਰ ਰਹੇ ਹਾਂ। ਹਾਂ, ਇਹ ਜ਼ਰੂਰ ਦੱਸਿਆ ਜਾਂਦਾ ਕਿ ਕਿਸ ਮੁਹਾਜ਼ 'ਤੇ ਜਿੱਤ ਰਹੇ ਹਾਂ। ਹਵਾਈ ਜਹਾਜ਼ ਦਾ ਉਹ ਬਲਦਾ ਗੋਲ਼ਾ ਸਾਡੇ ਸਿਰਾਂ ਉੱਤੋਂ ਲੰਘਿਆ, ਪਿੰਡ ਦੇ ਘਰਾਂ ਉੱਤੋਂ ਲੰਘਿਆ ਤੇ ਬਿਲਕੁਲ ਪਿੰਡ ਦੇ ਦੂਜੇ ਕਿਨਾਰੇ ਘਰਾਂ ਤੋਂ ਦੋ ਕਿੱਲੇ ਅਗਾਂਹ ਜ਼ਮੀਨ 'ਚ ਜਾ ਵੜਿਆ। ਕਾਲ਼ੇ ਧੂੰਏਂ ਦਾ ਉੱਚਾ ਅੰਬਾਰ ਉਭਰਿਆ ਤੇ ਅਸਮਾਨੀ ਚੜ੍ਹ ਗਿਆ। ਅਸੀਂ ਘਰੀਂ ਵੜ ਗਏ ਤੇ ਮਾਵਾਂ ਨੇ 'ਹਾਏ ਮੇਰਾ ਪੁੱਤ,

ਹਾਏ ਮੇਰਾ ਪੁੱਤ' ਕਹਿ ਕੇ ਬੁੱਕਲ 'ਚ ਲਕੋ ਲਿਆ। ਬੁੱਢੇ ਨੱਢੇ ਤੇ ਨੌਜਵਾਨ ਗਲੀਆਂ 'ਚ ਦਗੜ ਦਗੜ ਕਰਦੇ ਪਿੰਡ ਦੇ ਓਸ ਪਾਸੇ ਭੱਜ ਗਏ, ਜਿਧਰ ਜਹਾਜ਼ ਡਿੱਗਾ ਸੀ। ਮਿੰਟਾਂ ਸਕਿੰਟਾਂ 'ਚ ਮਿਲਟਰੀ ਦੀਆਂ ਗੱਡੀਆਂ ਮਿੱਟੀ ਉਡਾਉਂਦੀਆਂ, ਹਾਰਨ ਵਜਾਉਂਦੀਆਂ, ਭੀੜ ਨੂੰ ਚੀਰਦੀਆਂ ਅੱਗੇ ਲੰਘ ਗਈਆਂ।

ਸ਼ਾਮੀਂ ਮਾਮੇ ਚਰਨੇ ਨੇ ਦੱਸਿਆ, ਇਹ ਆਪਣਾ ਜਹਾਜ਼ ਸੀ ਜੋ ਪਾਕਿਸਤਾਨ ਵਿਚ ਗੋਲਾਬਾਰੀ ਕਰਕੇ ਆਇਆ ਸੀ ਤੇ ਇਹਦੇ ਪਿੱਛੇ ਪਿੱਛੇ ਦੋ ਪਾਕਿਸਤਾਨੀ ਜਹਾਜ਼ ਆਏ ਤੇ ਉਨ੍ਹਾਂ ਨਾਲ ਹਵਾਈ ਲੜਾਈ ਵਿਚ ਇਹਨੂੰ ਅੱਗ ਲੱਗ ਗਈ ਸੀ। ਉਸ ਇਹ ਵੀ ਦੱਸਿਆ ਕਿ ਇਹਦੇ ਪਾਇਲਟ ਦੀ ਵੀ ਮੌਤ ਹੋ ਗਈ ਹੈ। ਜੇ ਉਹ ਚਾਹੁੰਦਾ ਤਾਂ ਇਸ ਬਲਦੇ ਜਹਾਜ਼ 'ਚੋਂ ਪੈਰਾਸ਼ੂਟ ਨਾਲ ਬਾਹਰ ਵੀ ਆ ਸਕਦਾ ਸੀ ਤੇ ਬਚ ਸਕਦਾ ਸੀ, ਪਰ ਇੰਜ ਕਰਨ ਨਾਲ ਉਹ ਜਹਾਜ਼ ਪਿੰਡ ਉੱਤੇ ਡਿੱਗਣਾ ਸੀ ਤੇ ਕਈ ਜਾਨਾਂ ਚਲੀਆਂ ਜਾਣੀਆਂ ਸਨ। ਉਹ ਪਾਇਲਟ ਓਸ ਜਹਾਜ਼ ਨੂੰ ਆਖ਼ਰੀ ਵਕਤ ਤਕ ਸੰਭਾਲਦਾ ਰਿਹਾ ਜਦ ਤਕ ਪਿੰਡ ਤੋਂ ਅਗਾਂਹ ਨਾ ਨਿਕਲ ਗਿਆ। ਪਰ ਓਸ ਵੇਲੇ ਤਕ ਜਹਾਜ਼ ਏਨਾ ਥੱਲੇ ਆ ਚੁੱਕਾ ਸੀ ਕਿ ਉਹ ਹੁਣ ਬਾਹਰ ਨਹੀਂ ਆ ਸਕਦਾ ਸੀ। ਇਹ ਸਭ ਸੁਣਦਿਆਂ ਹੀ, ਪਾਇਲਟ ਦੇ ਮਨ ਦੀ ਆਵਾਜ਼ ਮੇਰੇ ਧੁਰ ਅੰਦਰ ਜਾ ਵੱਜੀ ਤੇ ਓਥੇ ਹੀ ਸਮਾ ਗਈ।

ਇਸ ਗੱਲ ਨੂੰ ਤਕਰੀਬਨ ਵੀਹ ਸਾਲ ਬੀਤ ਗਏ ਹੋਣਗੇ, ਅਪ੍ਰੈਲ 1984 ਦਾ ਮਹੀਨਾ। ਸਿਆਚਿਨ ਗਲੇਸ਼ੀਅਰ ਤੇ ਇੰਡੀਆ ਦੇ ਕਬਜ਼ੇ ਲਈ ਅਪ੍ਰੇਸ਼ਨ ਮੇਘਦੂਤ ਦੀ ਪਲੈਨਿੰਗ ਪੂਰੀ ਹੋ ਚੁੱਕੀ ਸੀ। ਬੇਸ ਕੈਂਪ ਹੈਲੀਪੈਡ ਤੋਂ ਛੇ ਹੈਲੀਕਾਪਟਰਾਂ ਦਾ ਕਾਫ਼ਲਾ ਇਕ ਇਕ ਕਰਕੇ ਉੱਡਿਆ, ਹਰ ਇਕ ਵਿਚ ਦੋ ਦੋ ਜਣੇ। ਮੈਂ ਸਭ ਤੋਂ ਅਗਲੇ ਹੈਲੀਕਾਪਟਰ ਵਿਚ ਸਾਂ। ਇਹ ਮੇਰੀ ਟੀਮ ਸੀ ਤੇ ਮੈਂ ਉਨ੍ਹਾਂ ਦਾ ਕਪਤਾਨ। ਅਸੀਂ ਸਿਆਚਿਨ ਦੇ ਉੱਤਰੀ ਪਾਸੇ ਸਿਆਲਾ ਵੱਲ ਵਧਦੇ ਜਾ ਰਹੇ ਸਾਂ। ਅੱਜ ਅਸੀਂ ਗਲੇਸ਼ੀਅਰ ਨੂੰ ਆਪਣਾ ਬਣਾ ਲੈਣਾ ਹੈ, ਹਿੰਦੋਸਤਾਨ ਦਾ। ਤਰੰਗਾ ਝੰਡਾ ਮੇਰੇ ਰੁਕਸਕ ਦੀ ਬਾਹਰਲੀ ਪੌਕਟ ਵਿਚ ਹੈ। ਦੇਖਦਾ ਹਾਂ, ਮੀਲਾਂ ਤਕ ਬਰਫ਼ ਦੀ ਸਫ਼ੈਦ ਚਾਦਰ ਵਿਛੀ ਹੋਈ ਹੈ ਜਿਸ ਨੂੰ ਚਾਰੋਂ ਤਰਫ਼ੋਂ ਉੱਚੀਆਂ, ਤਿੱਖੀਆਂ ਚੱਟਾਨਾਂ ਨੇ ਫੜ ਰੱਖਿਆ ਹੈ। ਦਿਨ ਢਲਣ ਵਾਲਾ ਹੈ। ਹੈਲੀਕਾਪਟਰ ਹੌਲੀ ਹੌਲੀ ਹੇਠਾਂ ਆਉਂਦਾ ਹੈ। ਤਾਜੀ ਪਈ ਬਰਫ਼ ਤੋਂ 15-20 ਫੁੱਟ ਉੱਤੇ। ਪੱਖਿਆਂ ਨਾਲ ਉੱਡਦੀ ਬਰਫ਼ ਦਾ ਅੰਬਾਰ ਹੈਲੀਕਾਪਟਰ ਨੂੰ ਘੇਰੀ ਜਾਂਦਾ ਹੈ, ਹੁਣ ਹੋਰ ਹੇਠਾਂ ਨਹੀਂ ਜਾਇਆ ਜਾਣਾ, ਪਾਇਲਟ ਇਸ਼ਾਰਾ ਕਰਦਾ ਹੈ। ਦਰਵਾਜ਼ਾ ਖੋਲ੍ਹਦਿਆਂ ਇਕ ਭਉ ਅੰਦਰ ਖੋਹ ਪਾਉਂਦਾ ਹੈ, ਪਰ ਓਸੇ ਹੀ ਪਲ ਸਾਲਾਂ ਪਹਿਲੇ ਓਸ ਜਲਦੇ ਬਲਦੇ ਡਿੱਗਦੇ ਜਹਾਜ਼ 'ਚੋਂ ਨਿਕਲੀ ਆਵਾਜ਼, ਜੋ ਕਿਧਰੇ ਮੇਰੇ ਮਨ 'ਚ ਲੁਕ ਗਈ ਸੀ, ਫੁੱਟ ਪੈਂਦੀ ਹੈ ਤੇ ਮੈਂ ਹੈਲੀਕਾਪਟਰ ਦੇ ਬਾਹਰ ਬਰਫ਼ ਦੇ ਚਿੱਟੇ ਗੁਬਾਰ ਵਿਚ ਬੇਝਿਜਕ ਛਾਲ ਮਾਰ ਦੇਂਦਾ ਹਾਂ, ਉਡੀਕਦਾ ਹਾਂ ਕਦੋਂ ਮੇਰੇ ਪੈਰ ਧਰਤੀ ਨੂੰ ਛੂਹਣਗੇ, ਕਦੋਂ ਮੈਂ ਮੁੜ ਲੰਮਾ ਸਾਹ ਲਵਾਂਗਾ, ਹੱਥ ਹਲਾਵਾਂਗਾ ਤੇ ਦੂਰ ਤਕ ਦੇਖਾਂਗਾ।

ਬਾਕੀ ਹੈਲੀਕਾਪਟਰ ਵੀ ਹੇਠਾਂ ਆਉਂਦੇ ਹਨ। ਮੇਰੇ ਸਾਰੇ ਸਾਥੀ ਵੀ ਛਾਲਾਂ ਮਾਰ ਜਾਂਦੇ ਹਨ। ਇੰਜ ਲੱਗਦਾ ਅਸੀਂ ਖੂਹਾਂ 'ਚ ਛਾਲਾਂ ਮਾਰੀਆਂ। ਨਰਮ ਬਰਫ਼ ਵਿਚ ਛਾਤੀਆਂ ਤਕ ਧਸ ਗਏ ਸਾਂ। ਇਕ ਪਾਸੇ ਨੂੰ ਫਿਰ ਦੂਜੇ ਪਾਸੇ ਨੂੰ ਲਿਟ ਲਿਟ ਬਾਹਰ ਨਿਕਲਦੇ ਹਾਂ। ਹੈਲੀਕਾਪਟਰ ਜਾ ਚੁੱਕੇ ਹਨ, ਉੱਡੀ ਬਰਫ਼ ਬਹਿ ਗਈ ਹੈ, ਚੁੱਪ ਛਾ ਗਈ ਹੈ। ਮੇਰੇ ਸਾਥੀ ਇਕ ਡੇਢ ਕਿਲੋਮੀਟਰ ਵਿਚ ਖਿਲਰੇ ਪਏ ਨੇ। ਅਸੀਂ ਹਨੇਰੇ ਹੋਣ ਤੋਂ ਪਹਿਲਾਂ ਪਹਿਲਾਂ ਇਕ ਥਾਂ ਇਕੱਠਾ ਹੋਣਾ ਹੈ। ਸੂਰਜ ਸਾਲਤਰੋ ਰਿੱਜ ਦੇ ਪਿੱਛੇ ਲੁਕਦਾ ਜਾ ਰਿਹਾ ਹੈ। ਪਰਬਤਾਂ ਦੇ ਪਰਛਾਵੇਂ ਸਾਨੂੰ ਘੇਰੀ ਜਾ ਰਹੇ ਹਨ। ਸੱਜਾ ਹੱਥ ਸਿਰ ਉੱਤੇ ਦੋ ਤਿੰਨ ਵਾਰ ਘੁਮਾ ਕੇ ਮੈਂ ਸਭ ਨੂੰ ਇਕ ਸੈਂਟਰ ਪਵਾਇੰਟ ਵੱਲ ਵਧਣ ਲਈ ਇਸ਼ਾਰਾ ਕਰਦਾ ਹਾਂ। ਪੋਲੀ ਬੋਰਫ਼ ਵਿਚ ਲੱਤਾਂ ਪੱਟਾਂ ਤਕ ਖੁੱਭ ਰਹੀਆਂ ਹਨ। ਅਸੀਂ ਹੌਲੀ-ਹੌਲੀ ਡੰਡੀਆਂ ਬਣਾਉਂਦੇ ਤਕਰੀਬਨ ਇਕ ਘੰਟੇ ਬਾਅਦ ਇਕ ਥਾਂ ਮਿਲ ਜਾਂਦੇ ਹਾਂ। ਪਿੱਠੂਆਂ 'ਚੋਂ ਛੋਟੇ ਪੱਪ ਟੈਂਟ ਕੱਢ ਕੇ ਲਗਾਉਣੇ ਸ਼ੁਰੂ ਕਰਦੇ ਹਾਂ। ਇਨ੍ਹਾਂ ਦੀਆਂ ਰੱਸੀਆਂ ਬੰਨ੍ਹਣ ਲਈ ਬਰਫ਼ ਨੂੰ ਲਿਤੜਨਾ ਪੈਣਾ ਹੈ, ਪੱਕਾ ਕਰਨਾ ਪੈਣਾ ਹੈ, ਤਾਂ ਹੀ ਇਹਦੇ ਵਿਚ ਕਿੱਲ ਠੁਕਣਗੇ, ਤਾਂ ਹੀ ਟੈਂਟ ਖੜ੍ਹੇ ਹੋਣਗੇ। ਅਸੀਂ ਬਰਫ਼ ਲਿਤੜ ਰਹੇ ਹਾਂ, ਉਂਜ ਹੀ ਜਿਵੇਂ ਪਿੰਡ ਮੂਸਲ ਬੰਨ੍ਹਣ ਵੇਲੇ ਤੂੜੀ ਲਿਤੜਦੇ ਸਾਂ, ਉਂਜ ਹੀ ਜਿਵੇਂ ਗਾਰਾ ਬਣਾਉਣ ਲੱਗਿਆਂ ਪੈਰਾਂ ਨਾਲ ਮਿੱਟੀ ਗੋਂਹਦੇ ਸਾਂ। ਮੀਲਾਂ ਤਕ ਪਸਰੇ ਠੰਢੇ ਚਿੱਟੇ ਸਫ਼ੈਦ ਮੈਦਾਨ ਵਿਚ ਚਾਰ ਪੱਪ ਟੈਂਟਾਂ ਦੀ ਇਕ ਨਿੱਕੀ ਜਿਹੀ ਬਸਤੀ ਵੱਸ ਗਈ ਹੈ। ਹਰ ਟੈਂਟ ਵਿਚ ਇਕ ਨਿੱਕੀ ਜਿਹੀ ਮੋਮਬੱਤੀ ਜਲ ਰਹੀ ਹੈ, ਕਦੀ ਟਿਕ ਕੇ, ਕਦੀ ਹਿਲ ਹਿਲ। ਹਰ ਸ਼ਖ਼ਸ ਦੇ ਸਰੀਰ ਅੰਦਰ ਇਕ ਨਿੱਕਾ ਜਿਹਾ ਦਿਲ ਧੜਕ ਰਿਹਾ ਹੈ, ਕਦੀ ਤੇਜ਼ ਤੇਜ਼, ਕਦੀ ਹੌਲੀ ਹੌਲੀ। ਅਸੀਂ ਦੋ ਦੋ ਜਣੇ ਇਕ ਇਕ ਟੈਂਟ ਵਿਚ ਹਾਂ। ਦੂਜੇ

ਟੈਂਟਾਂ ਵਾਲਿਆਂ ਨਾਲ ਜਾਣ ਬੁੱਝ ਕੇ ਉੱਚੀ-ਉੱਚੀ ਗੱਲਾਂ ਕਰ ਰਹੇ ਹਾਂ ਜਿਵੇਂ ਡਰ ਭਜਾ ਰਹੇ ਹੋਈਏ, ਜਿਵੇਂ ਹੱਲਾਸ਼ੇਰੀ ਦੇ ਰਹੇ ਹੋਈਏ। ਇਹ ਉਹੀ ਆਦਮ ਦੀਆਂ ਆਵਾਜ਼ਾਂ ਹਨ ਜੋ ਸਾਡੇ ਮਨੋਬਲਾਂ ਨੂੰ ਥੰਮੀਆਂ ਦੇ ਰਹੀਆਂ ਹਨ। ਬਾਹਰ ਚੰਦਰਮਾ ਚੜ੍ਹ ਆਇਆ ਹੈ, ਪਾਰਾ ਮਾਈਨਸ ਚਾਲੀ ਵੱਲ ਵਧ ਰਿਹਾ ਹੈ। ਇੰਜ ਲੱਗਦਾ ਹੈ ਜਿਵੇਂ ਅਸੀਂ ਸੰਸਾਰ ਦੇ ਕਿਸੇ ਹੋਰ ਗ੍ਰਹਿ 'ਤੇ ਬੈਠੇ ਹੋਈਏ। ਗਲੇਸ਼ੀਅਰ ਉੱਤੇ ਸਾਡੀ ਇਹ ਪਹਿਲੀ ਰਾਤ ਹੈ। ਕੱਲ੍ਹ ਅਗਰ ਦਿਨ ਚੜ੍ਹ ਗਿਆ ਤਾਂ ਸਾਰੇ ਦਿਨ ਚੜ੍ਹਨਗੇ। ਹੌਲੀ-ਹੌਲੀ ਨੀਂਦ ਨੇ, ਥਕਾਵਟ ਨੇ ਸਭ ਨੂੰ ਆਪਣੇ ਕਲਾਵੇ ਵਿਚ ਵਲ ਲਿਆ ਹੈ।

ਨਵੇਂ ਸੂਰਜ ਦੀਆਂ ਪਹਿਲੀਆਂ ਕਿਰਨਾਂ ਚਿੱਟੇ ਤੰਬੂਆਂ ਅੰਦਰ ਮੱਧਮ ਜਹੀ ਰੌਸ਼ਨੀ ਫੈਲਾ ਦਿੱਤੀ ਹੈ। ਸਾਡੇ ਸਰੀਰਾਂ ਨੇ ਤਰੀੜਾਂ ਲਈਆਂ, ਆਕੜ ਭੰਨੀ ਤੇ ਅਸੀਂ ਜਿਉਂਦਿਆਂ 'ਚ ਹੋ ਗਏ।

ਕੁਝ ਅਣਭੁੱਲ ਯਾਦਾਂ ਹਨ ਜੋ ਸਾਂਭ ਸਾਂਭ ਰੱਖਦਾ ਹਾਂ। ਕੋਸ਼ਿਸ਼ ਕਰਦਾ ਹਾਂ ਸਿਰਫ਼ ਸੁਖਾਵੀਆਂ ਘਟਨਾਵਾਂ ਹੀ ਯਾਦ ਰੱਖਾਂ, ਅਣਸੁਖਾਵੀਆਂ ਨੂੰ ਕਦੀ ਨਹੀਂ ਛੇੜਦਾ। ਬੀਬੀ ਕਹਿੰਦੀ ਹੁੰਦੀ ਸੀ—"ਫੋੜਿਆਂ ਨੂੰ ਨਹੁੰ ਨਹੀਂ ਮਾਰੀਦੇ, ਸਿੱਕੜ ਟੁੱਟ ਜਾਂਦਾ, ਛੇਤੀ 'ਰਾਮ ਨਹੀਂ ਆਉਂਦਾ।"

ਸੁਖਾਵੇਂ ਪਲਾਂ ਨੂੰ ਨਿਹਾਰਨਾ, ਸਾਂਭਣਾ, ਮੁੜ ਮੁੜ ਤੱਕਣਾ, ਬੱਚਿਆਂ ਦੇ ਉਸ ਸ਼ੌਕ ਵਰਗਾ ਹੈ ਜੋ ਰੰਗ ਬਰੰਗੇ ਬਰੰਟਿਆਂ ਨਾਲ ਜੇਬਾਂ ਭਰੀ ਫਿਰਦੇ, ਆਉਂਦੇ ਜਾਂਦੇ ਟਟੋਲਦੇ, ਖਿਲਾਰਦੇ, ਗਿਣਦੇ ਤੇ ਫੇਰ ਪੋਟਲੀ 'ਚ ਬੰਨ੍ਹ ਲੈਂਦੇ। ਟੁੱਟੀਆਂ ਗੋਲੀਆਂ ਨਾ ਸਿੱਧਾ ਰਿੜਦੀਆਂ ਤੇ ਨਾ ਹੀ ਚੰਗੀਆਂ ਭਲੀਆਂ ਗੋਲੀਆਂ ਨੂੰ ਸਿੱਧਾ ਰਿੜਨ ਦੇਂਦੀਆਂ। ਅਣਸੁਖਾਵੇਂ ਪਲ ਟੁੱਟੀਆਂ ਗੋਲੀਆਂ ਵਰਗੇ ਹੀ ਤਾਂ ਹੁੰਦੇ, ਭੁਲਾਉਣੇ ਹੀ ਬਿਹਤਰ।

ਕਹੋ ਤਾਂ ਕੈਲੇ ਦੀ ਗੱਲ ਦੱਸਦਾ ਹਾਂ। ਉਹ ਸਾਡਾ ਸੀਰੀ ਸੀ, ਅਮਲੀ ਸੀ, ਨਾਨਕੇ ਪਿੰਡੋਂ ਆਇਆ ਸੀ। ਜਵਾਨ ਸੀ, ਕਰੜੀ ਹੱਡੀ ਦਾ ਬਣਿਆ ਹੋਇਆ। ਤਿੱਖੇ ਨੈਣ ਨਕਸ਼ ਪਰ ਰੰਗ ਵੱਲੋਂ ਕਾਲਾ ਸ਼ਾਹ। ਤਗੜਾ ਸੀ, ਕੰਮ ਨੂੰ ਲੱਗ ਪਏ ਤਾਂ ਦਿਨ ਰਾਤ ਨਹੀਂ ਵੇਂਹਦਾ ਸੀ। ਧੁੱਪ ਛਾਂ ਦੀ ਪਰਵਾਹ ਨਾ ਕਰਦਾ। ਸਿਰੜੀ ਏਨਾ ਕਿ ਰੋਟੀ ਦੇਣੀ ਤਾਂ ਕਹਿਣਾ ਪਰ੍ਹਾਂ ਰੱਖ ਦੇ, ਪਹਿਲਾਂ ਇਹ ਹੱਥਲਾ ਕੰਮ ਮੁਕਾ ਲਵਾਂ। ਕਣਕਾਂ ਦੀ ਬਿਆਈ ਦੇ ਦਿਨ ਹੋਣੇ, ਹਲਾਂ ਦੀ ਮੰਗ ਪੈਣੀ, ਇਕ ਦੇ ਪਿੱਛੇ ਇਕ ਜੋਗ ਕੇਰਦੀ ਪੋਰਦੀ ਜਾਂਦੀ, ਪਰ ਪੈਲੀਆਂ ਦੀਆਂ ਗੁੱਠਾਂ, ਜੋ ਵਗਣੋਂ ਰਹਿ ਜਾਂਦੀਆਂ, ਨੂੰ ਛਾਂਗਣਾਂ, ਗੋਡਣਾ, ਪੱਧਰਾ ਕਰਨਾ ਤੇ ਬੀਜਣਾ ਕੈਲੇ ਦਾ ਕੰਮ ਹੁੰਦਾ। ਉਹਨੇ ਵੀ ਮਾਂ ਦੇ ਪੁੱਤ ਨੇ ਇਹ ਕੰਮ ਕਰਦਿਆਂ ਰੀਝਾਂ ਲਾਹ ਦੇਣੀਆਂ। ਜੇਹੜੀਆਂ ਗੁੱਠਾਂ ਕਰਮ ਕਰਮ ਗੋਡ ਕੇ ਵੀ ਕੰਮ ਚੱਲ ਸਕਦਾ ਸੀ, ਕੈਲੇ ਨੇ ਉਹੀ ਗੁੱਠਾਂ ਤਿੰਨ ਤਿੰਨ ਕਰਮਾਂ ਤਕ ਬਣਾ ਸਵਾਰ ਦੇਣੀਆਂ। ਵੱਟਾਂ ਨੂੰ ਇੰਜ ਛਾਂਗਣਾ ਜਿਵੇਂ ਤਖਾਣ ਨੇ ਰੱਸੀ ਰੱਖ ਕੇ ਆਰਾ ਚਲਾਇਆ ਹੋਵੇ। ਸਿੱਧੀਆਂ ਸਪਾਟ ਤੇ ਚਿੱਟੀਆਂ ਪੱਟੀਆਂ ਵਰਗੀਆਂ ਵੱਟਾਂ ਤੇ ਸੂਰਜ ਦੀ ਲਿਸ਼ਕੋਰ ਪੈਣੀ, ਮਜਾਲ ਕਿਤੇ ਘਾਹ ਦੀ ਤਿੜ ਵੀ ਬਚੀ ਰਹਿ ਜਾਵੇ। ਫਿਰ ਪੂਰੀ ਮਰਲਾ ਥਾਂ ਗੋਡ ਗੋਡ ਕੇ ਆਟੇ ਵਰਗੀ ਕਰ ਲੈਣੀ, ਨਿੱਕੀਆਂ ਨਿੱਕੀਆਂ ਢੀਮਾਂ ਵੀ ਹੱਥਾਂ ਨਾਲ ਭੋਰ ਭੋਰ ਰੱਖ ਦੇਣੀਆਂ। ਨੀਵੀਂ ਢੂਹੀ ਹੋਇਆ ਉਹ ਕਿੰਨੀ ਕਿੰਨੀ ਦੇਰ ਗੁੱਠਾਂ ਨੂੰ ਸਜਾਉਂਦਾ, ਸਵਾਰਦਾ ਰਹਿੰਦਾ। ਕਦੀ ਆਪਣੇ ਤੱਪਦੇ ਪਿੰਡੇ ਜਾਂ ਭਿੱਜੀਆਂ ਖੁੱਚਾਂ 'ਚੋਂ ਵਗਦੇ ਮੁੜ੍ਹਕੇ ਦੀ ਪਰਵਾਹ ਨਾ ਕਰਦਾ। ਹਾਂ, ਵਿਚੋਂ ਵਿਚੋਂ ਹੀਰ ਵਾਰਸ ਸ਼ਾਹ ਦੀ ਲੰਮੀ ਹੇਕ ਜ਼ਰੂਰ ਲਾ ਲੈਂਦਾ। ਲੋਕ ਆਖਦੇ ਅਮਲੀ ਦਾ ਲੋਰ ਹੁੰਦਾ। ਮੈਨੂੰ ਲਗਦਾ ਬੰਦੇ ਦਾ ਜਨੂੰਨ ਹੁੰਦਾ।

ਮੈਂ ਇਕ ਦਿਨ ਪੁੱਛਿਆ, "ਕੈਲਿਆ, ਇਕ ਨਿੱਕੀ ਜਹੀ ਗੁੱਠ ਤੇ ਏਨਾ ਜ਼ੋਰ ਕਿਉਂ ਲਾਉਂਦਾ।" ਕਹਿੰਦਾ, "ਭਰਾਵਾ, ਬੰਦਾ ਜਿਹੜਾ ਕੰਮ ਕਰੇ, ਭਾਵੇਂ ਉਹ ਹੋਵੇ ਛੋਟਾ ਤੇ ਭਾਵੇਂ ਉਹ ਹੋਵੇ ਵੱਡਾ, ਉਹ ਏਦਾਂ ਕਰੇ ਕਿ ਲਾਗੋਂ ਲੰਘਣ ਵਾਲੇ ਲੋਕ ਖਲੋ ਖਲੋ ਕੇ ਵੇਖਣ। ਫੇਰ ਤਾਂ ਹੋਇਆ ਸਵਾਦ ਕੰਮ ਕਰਨ ਦਾ। ਬੱਸ ਰੂਹ ਖੁਸ਼ ਹੋ ਜੇ, ਆਪਣੀ ਵੀ ਤੇ ਵੇਖਣ ਵਾਲੇ ਦੀ ਵੀ"। ਹੁਣ ਤੁਸੀਂ ਹੀ ਦੱਸੋ ਕਿ ਆਦਮ ਦੀ ਇਹ ਆਵਾਜ਼ ਕੋਈ ਕਿੱਦਾਂ ਭੁਲਾਏ ਤੇ ਕਿਉਂ ਭੁਲਾਏ।

ਦਸਾਂ ਬਾਰ੍ਹਾਂ ਸਾਲਾਂ ਦਾ ਹੋਵੇਗਾ। ਵਾਹਣ ਵਾਹ ਵਾਹ ਪੋਲੀ ਕੀਤੀ ਪੈਲੀ ਨੂੰ ਕੁਝ ਦਿਨ ਪਹਿਲਾਂ ਹੀ ਪਾਣੀ ਦਿੱਤਾ ਸੀ। ਅੱਜ ਸੁਹਾਗਾ ਮਾਰ ਕੇ ਦੁਪਹਿਰੋਂ ਬਾਅਦ ਬਾਪੂ ਨੇ ਹਲ ਜੋਅ ਲਿਆ ਸੀ। ਸੂਰਜ ਦੀ ਤਪਸ਼ ਘਟਦੀ ਜਾ ਰਹੀ ਸੀ। ਲੌਢੇ ਵੇਲੇ ਦੀ ਚਾਹ ਪੀ ਕੇ ਮੈਂ ਵੀ ਪੈਲੀਆਂ ਨੂੰ ਆ ਗਿਆ ਸੀ। ਬਾਪੂ ਨੂੰ ਹਲ ਵਾਹੁੰਦਾ ਵੇਖ ਮੈਂ ਉਹਦੇ ਮਗਰ ਮਗਰ ਤੁਰਨ ਲੱਗ ਪਿਆ। ਵੱਤਰ ਭੋਂ ਹਲ ਦੇ ਫਾਲੇ ਮੋਹਰੇ ਭੁਰ ਭੁਰ ਜਾਂਦੀ ਸੀ। ਮੇਰੇ ਨੰਗੇ ਪੈਰਾਂ ਨੂੰ ਸਿੱਲ੍ਹੀ ਮਿੱਟੀ ਦੀ ਠੰਡਕ ਚੰਗੀ ਲੱਗ ਰਹੀ ਸੀ। ਝੱਕਦਿਆਂ ਝੱਕਦਿਆਂ ਮੈਂ ਬਾਪੂ ਨੂੰ ਕਿਹਾ, 'ਮੈਂ ਵਾਹਵਾਂ'। ਉਹਨੇ ਕਿਹਾ, 'ਹੂੰਅ' ਤੇ ਮੈਂ ਹੌਲੀ ਜਿਹੀ ਆਪਣਾ ਹੱਥ ਹਲ ਦੀ ਹੱਥੀ 'ਤੇ ਰੱਖ ਦਿੱਤਾ। ਬਾਪੂ ਵੀ ਨਾਲ ਨਾਲ ਤੁਰ ਰਿਹਾ ਸੀ। ਮੈਂ ਮਸਾਂ ਹੱਥੀ ਤੋਂ

ਗਿੱਠ ਕੁ ਉੱਚਾ ਹੋਵਾਂਗਾ। ਹਲ ਉੱਛਲ ਰਿਹਾ ਸੀ। ਸ਼ਾਇਦ ਮੈਂ ਹੱਥੀ ਨੂੰ ਹੇਠਾਂ ਓਨੇ ਜ਼ੋਰ ਨਾਲ ਨਹੀਂ ਦਬਾ ਪਾ ਰਿਹਾ ਸਾਂ ਜਿੰਨਾ ਬਾਪੂ ਦਬਾਉਂਦਾ ਹੋਵੇਗਾ। ਉਹਨੇ ਬਲਦਾਂ ਨੂੰ ਰੋਕਿਆ ਤੇ ਬੇਲ ਦੀ ਕਿੱਲੀ ਅਗਲੀ ਮੋਰੀ 'ਚ ਫਸਾ ਦਿੱਤੀ। ਬਲਦਾਂ ਨੂੰ ਹਿੱਕ ਦਿੱਤਾ ਪਰ ਹੁਣ ਹਲ ਉੱਛਲ ਨਹੀਂ ਰਿਹਾ ਸੀ। ਉਹਦਾ ਫਾਲਾ ਥੋੜਾ ਹੋਰ ਜ਼ਮੀਨ ਅੰਦਰ ਵੱਲ ਮੁੜ ਗਿਆ ਸੀ। ਮੈਨੂੰ ਹੁਣ ਹੱਥੀ 'ਤੇ ਬਹੁਤਾ ਭਾਰ ਨਹੀਂ ਪਾਉਣਾ ਪੈ ਰਿਹਾ ਸੀ। ਅੱਧਾ ਕੁ ਸਿਆੜ ਬਾਪੂ ਮੇਰੇ ਨਾਲ ਤੁਰਦਾ ਰਿਹਾ, ਫਿਰ ਇਹ ਆਖ ਕੇ, 'ਧਿਆਨ ਨਾਲ ਵਾਹਵੀਂ, ਡੰਗਰ ਨੂੰ ਫਾਲਾ ਨਾ ਵੱਜ ਜੇ, ਬਿਆਈ ਦੇ ਦਿਨ ਨੇ ਉੱਤੋਂ", ਉਹ ਅੱਡੀ ਨਾਲ ਢੀਮਾਂ ਜਹੀਆਂ ਫੇਂਹਦਾ ਮਕੱਈ ਵਾਲੇ ਖੇਤਾਂ ਨੂੰ ਚਲਾ ਗਿਆ।

ਹਲ ਨੂੰ ਹੱਥ ਪਾਉਣ ਦਾ ਇਹ ਮੇਰਾ ਪਹਿਲਾ ਦਿਨ ਸੀ। ਮੈਂ ਨੀਝ ਲਾ ਕੇ ਪਹਿਲਾਂ ਨਿਕਲੇ ਸਿਆੜ ਨੂੰ ਦੇਖੀ ਜਾ ਰਿਹਾ ਸਾਂ। ਹਲ ਨੂੰ ਇਕ ਟੱਕ ਸਿੱਧਾ ਰੱਖ ਕੇ ਕੋਸ਼ਿਸ਼ ਕਰ ਰਿਹਾ ਸਾਂ ਕਿ ਪਹਿਲਾ ਸਿਆੜ ਤਕਰੀਬਨ ਅੱਧਾ ਭਰਦਾ ਜਾਵੇ ਤੇ ਨਵਾਂ ਸਿਆੜ ਕਿਤੇ ਵਿੰਗਾ ਨਾ ਦਿਸੇ। ਬਲਦ ਵੀ ਸਾਊ ਸਨ, ਬਹੁਤਾ ਉਤਾਂਹ ਠਾਂਹ ਨਹੀਂ ਖਿੱਚ ਰਹੇ ਸਨ। ਉਹ ਆਪਣੀ ਚਾਲੇ ਰਾਹਲ 'ਚ ਘੁੰਮ ਰਹੇ ਸਨ ਤੇ ਮੈਂ ਸਿਰਫ਼ ਸਿਆੜ ਕੱਢਣ ਵਿਚ ਆਪਣੀਆਂ ਨਜ਼ਰਾਂ ਠਹਿਰਾਈਆਂ ਹੋਈਆਂ ਸਨ। ਦਸਾਂ ਪੰਦਰਾਂ ਮਿੰਟਾਂ ਬਾਦ ਇਹ ਰਾਹਲ ਪੂਰੀ ਵਾਹੀ ਜਾਣੀ ਸੀ। ਨਵੀਂ ਰਾਹਲ ਮੱਲਣੀ ਇਕ ਅੱਲ੍ਹੜ ਹਾਲੀ ਲਈ ਵੱਡੀ ਚੁਣੌਤੀ ਹੁੰਦੀ। ਜੇਕਰ ਸਿੱਧੀ ਮੱਲੀ ਗਈ ਤਾਂ ਪਾਸ ਵਰਨਾ ਖੇਤ ਦਾ ਇਕ ਹਿੱਸਾ ਪਹਿਲਾਂ ਵਗ ਜਾਣਾ ਤੇ ਦੂਜਾ ਹਾਲੇ ਬਿਨਾਂ ਵਗਿਆਂ ਹੀ ਰਹਿ ਜਾਣਾ। ਇਹ ਕੁਚੱਜਪੁਣੇ ਦੀ ਨਿਸ਼ਾਨੀ ਹੁੰਦਾ ਤੇ ਹਾਲੀ ਵਾਸਤੇ ਨਿਮੋਸ਼ੀ ਦੀ ਗੱਲ। ਪਹਿਲੀ ਰਾਹਲ ਦੇ ਦੋ ਤਿੰਨ ਸਿਆੜ ਬਾਕੀ ਸਨ ਤੇ ਮੈਨੂੰ ਅਗਲੀ ਰਾਹਲ ਮੱਲਣ ਦੀ ਚਿੰਤਾ ਸਤਾਉਣ ਲੱਗੀ। ਘਬਰਾਇਆ ਨਹੀਂ ਸਾਂ ਮੈਂ ਇਸ ਤੋਂ, ਪਤਾ ਸੀ ਕਿ ਸਿਆਣੇ ਡੰਗਰ ਹਲ ਵਾਹ-ਵਾਹ ਗਿੱਝੇ ਹੁੰਦੇ ਆ, ਆਪੇ ਹੀ ਸਿੱਧੇ ਤੁਰੇ ਜਾਂਦੇ ਆ, ਬਸ਼ਰਤੇ ਕਿ ਕੋਈ ਏਨ੍ਹਾਂ ਨੂੰ ਬਹੁਤਾ ਛੇੜੇ ਨਾ। ਫਿਰ ਜਦੋਂ ਨਵੀਂ ਰਾਹਲ ਲਈ ਮੈਂ ਹੇਠਲੇ ਬਲਦ ਨੂੰ 'ਤੱਤਾ ਤੱਤਾ' ਆਖ ਕੇ ਪਰਾਣੀ ਦੀ ਛਾਂਟ ਉਹਦੇ ਪੁੜਿਆਂ 'ਤੇ ਛੁਹਾਈ ਤਾਂ ਜੋਗ ਝੱਟ ਵੱਟ ਵੱਲ ਨੂੰ ਚੜ੍ਹ ਗਈ। ਚਾਰ ਕੁ ਕਰਮਾਂ ਬਾਅਦ 'ਪੈਰ ਪੈਰ' ਆਖ ਕੇ ਉਹੀ ਛਾਂਟ ਉਤਲੇ ਬਲਦ ਦੇ ਛੁਹਾਈ ਤਾਂ ਉਹ ਤੇਜ਼ ਕਦਮੀਂ ਅੰਦਰ ਨੂੰ ਮੁੜ ਆਇਆ। ਨਵੀਂ ਰਾਹਲ ਸ਼ੁਰੂ ਹੋ ਗਈ ਸੀ। ਮੈਂ ਦੂਰ ਦੂਜੀ ਵੱਟ ਤੇ ਅੰਦਾਜ਼ੇ ਨਾਲ ਪੋਹਲੀ ਦੇ ਨਿੱਕੇ ਜਹੇ ਬੂਟੇ ਦਾ ਨਿਸ਼ਾਨ ਚੁਣਿਆ ਜੋ ਤਕਰੀਬਨ ਪਹਿਲੀ ਰਾਹਲ ਤੋਂ ਓਨਾ ਕੁ ਦੂਰ ਸੀ ਜਿੰਨੀ ਕੁ ਦੂਰੋਂ ਮੈਂ ਬਲਦਾਂ ਨੂੰ ਮੋੜਿਆ ਸੀ। ਇਹ ਸਭ ਕਾਗ਼ਜ਼ ਤੇ ਸਮਾਂਤਰ ਲਾਈਨ ਖਿੱਚਣ ਵਰਗਾ ਹੀ ਸੀ। ਉਸ ਨਿਸ਼ਾਨ ਵੱਲ ਬਲਦ ਆਪ ਹੀ ਵਧਦੇ ਜਾ ਰਹੇ ਸਨ। ਮੇਰਾ ਕੰਮ ਹੱਥੀ ਨੂੰ ਚੰਗੀ ਤਰ੍ਹਾਂ ਸੰਭਾਲਣਾ ਤੇ ਸਿੱਧੇ ਰੱਖਣਾ ਸੀ। ਬਲਦ ਲੰਮੇ ਕਦਮ ਪੁੱਟਦੇ ਰਾਹਲ ਦੇ ਅਗਲੇ ਸਿਰੇ ਪਹੁੰਚਦੇ ਗਏ ਸਨ ਤੇ ਆਪੇ ਹੀ ਵੱਟ ਦੇ ਨਾਲ ਨਾਲ ਮੁੜ ਗਏ। ਮੈਂ ਇਕ ਵੱਡਾ ਸਾਹ ਲਿਆ ਤੇ ਪਿੱਛੇ ਨਿਗਾਹ ਮਾਰ ਕੇ ਵੇਖਿਆ। ਬਿਲਕੁਲ ਇਕ ਆਇਤਕਾਰ ਆਕਾਰ ਉਕਰਿਆ ਗਿਆ ਸੀ। ਮਨ ਖ਼ੁਸ਼ ਸੀ ਪਰ ਮੈਂ ਆਖ਼ਰੀ ਵਕਤ ਤਕ ਆਪਣੇ ਸਿਆੜਾਂ ਨੂੰ ਸਿੱਧਾ ਤੀਰ ਵਰਗਾ ਰੱਖਣਾ ਚਾਹੁੰਦਾ ਸਾਂ। ਬਸ ਏਸੇ ਹੀ ਕੋਸ਼ਿਸ਼ ਵਿਚ ਆਪਣੀ ਸੁੱਧ ਬੁੱਧ ਖੋਈ, ਹਲ, ਪੈਲੀ, ਹੱਥੀ, ਬਲਦ, ਸਿਆੜ, ਰਾਹਲ ਦੇ ਮਿਲਗੋਭੇ ਵਿਚ ਰਲੀ ਮਿਲੀ ਜਾ ਰਿਹਾ ਸਾਂ। ਕਦੀ ਕਦੀ ਪਿੱਛੇ ਭੌਂਅ ਕੇ ਵੇਖਦਾ, ਸਿਆੜਾਂ ਦੀਆਂ ਸਮਾਂਤਰ ਰੇਖਾਵਾਂ ਨਾਲ ਖੇਤ ਭਰਦਾ ਜਾ ਰਿਹਾ ਸੀ। ਪਤਾ ਹੀ ਨਹੀਂ ਲੱਗਾ ਕਦੋਂ ਟਾਹਲੀਆਂ ਦੇ ਪਰਛਾਵੇਂ ਪੈਲੀ ਦੇ ਅੱਧੋਂ ਅਗਾਂਹ ਤਕ ਪਸਰ ਗਏ। ਪਤਾ ਹੀ ਨਹੀਂ ਲੱਗਾ ਕਦੋਂ ਡੂੰਘੀਆਂ ਸ਼ਾਮਾਂ ਢਲ ਗਈਆਂ। ਪਤਾ ਹੀ ਨਹੀਂ ਲੱਗਾ ਕਦੋਂ ਚਾਚੇ ਹੁਰੀਂ ਅਗਲੀਆਂ ਪੈਲੀਆਂ 'ਚੋਂ ਪੱਠਾ ਦੱਥਾ ਵੱਢ ਕੇ ਲਾਗੋਂ ਲੰਘਦੀ ਪਹੀ 'ਤੇ ਪਹੁੰਚ ਗਏ। ਜੱਸਾ ਚਾਚਾ ਕਹਿੰਦਾ, 'ਪਾੜ੍ਹਿਆ, ਤੂੰ ਤੇ ਪੈਲੀ 'ਤੇ ਪੂਰਨੇ ਹੀ ਪਾ ਤੇ'। ਇਹੀ ਗੱਲ ਉਹਨੇ ਰਾਤੀਂ ਰੋਟੀ ਖਾਂਦਿਆਂ ਸਾਰੇ ਟੱਬਰ ਵਿਚ ਫਿਰ ਦੁਹਰਾਈ। ਮੈਨੂੰ ਲੱਗਾ ਕੈਲੇ ਦੀ ਕਹੀ ਗੱਲ ਪੁਗਾਈ ਗਈ, 'ਬਸ ਰੂਹ ਖੁਸ਼ ਹੋ ਜਾਏ, ਆਪਣੀ ਵੀ ਤੇ ਵੇਖਣ ਵਾਲੇ ਦੀ ਵੀ'। ਹੰਡੇ ਵਰਤੇ ਗੋਕਿਆਂ ਦੇ ਲੰਮੇ ਤਜਰਬੇ ਤੇ ਅੱਲੜਪੁਣੇ ਦੇ ਅਨੋਖੇ ਸ਼ੌਕ ਨੇ ਮਿੱਟੀ ਨਾਲ ਮੇਰੀ ਪਹਿਲੀ ਮੁਲਾਕਾਤ ਯਾਦਗਾਰੀ ਬਣਾ ਦਿੱਤੀ ਸੀ।

ਭਾਵੇਂ ਹੁਣ ਮੇਰੇ ਕੋਲ ਆਦਮ ਦੀਆਂ ਆਵਾਜ਼ਾਂ ਦਾ ਢੇਰ ਸਾਰਾ ਜਖ਼ੀਰਾ ਜਮ੍ਹਾਂ ਹੋ ਗਿਆ ਹੈ ਪਰ ਮਨ ਹੈ ਕਿ ਭਰਦਾ ਨਹੀਂ। ਲੱਭਦਾ ਰਹਿੰਦਾ ਹਾਂ ਇਨ੍ਹਾਂ ਆਵਾਜ਼ਾਂ ਦੇ ਖ਼ਜ਼ਾਨੇ ਹਰ ਰੋਜ਼ ਮੈਂ। ਵ



ਬਲਦੇਵ ਚੱਕ ਸਕੰਦਰ
ਸੰਪਰਕ : 84276 40440

ਕਵਿਤਾ : **ਸੁਰਿੰਦਰ ਸੋਹਲ**

## ਕਾਂਸੇ ਦਾ ਧੌਲ਼

1.
ਅਡੋਲ ਖੜ੍ਹੇ
ਕਾਂਸੇ ਦੇ ਧੌਲ਼ ਨੂੰ ਕੀ ਦਿਸਦਾ ਹੈ?
ਕੀ ਸੁਝਦੀ ਹੈ ?
ਅਚਾਨਕ ਤਾਂ
ਫੁੰਕਾਰਾ ਮਾਰ ਨਹੀਂ ਹੁੰਦਾ

ਕਾਂਸੇ ਦਾ ਧੌਲ਼
ਜਦ ਫੁੰਕਾਰਾ ਮਾਰਦਾ ਹੈ
ਇਸ ਦੇ ਸਿੰਙਾਂ 'ਤੇ ਟਿਕੀ
'ਵਾਲ ਸਟਰੀਟੀ ਮੇਦਨੀ'
ਡੋਲਦੀ ਹੈ
ਭੁਚਾਲ ਆਉਂਦਾ ਹੈ
ਤੇ ਬਾਜ਼ਾਰ...!
ਹੋ ਜਾਂਦਾ ਹੈ ਸਿਰ ਭਾਰ

2.
ਉੱਤਰ ਵੱਲ ਮੂੰਹ ਕਰੀ ਖਲੋਤਾ
ਕਾਂਸੇ ਦਾ ਧੌਲ਼
ਆਪਣੇ ਵੱਲ ਆਉਂਦੀ
'ਵੰਨ ਵੇਅ ਟਰੈਫ਼ਿਕ' ਨੂੰ
ਘੂਰੀ ਵੱਟੀ ਨਿਹਾਰਦਾ
ਚੁੱਪ, ਅਡੋਲ, ਅਹਿਲ ਹੈ
ਜੀਵਨ-ਚਾਲ ਦੇ ਗਿੱਟੇ
ਮਾਨਵ ਦੀ ਸੋਚ
ਆਜ਼ਾਦੀ ਦੇ ਗਲ਼ ਵਾਸਤੇ
ਵੱਟ ਰਿਹਾ ਹੈ ਸਾਜ਼ਿਸ਼ੀ ਰੱਸੇ
'ਵਾਲ ਸਟਰੀਟ' ਦੇ ਓਹਲੇ 'ਚ

ਲੋਕ ਰੁਕਦੇ ਨੇ
ਉਸ ਦੇ ਸਿੰਙ ਫੜ-ਫੜ
ਅੰਡਕੋਸ਼ ਛੂਹ-ਛੂਹ
ਫੋਟੋ ਖਿਚਵਾਉਂਦੇ ਨੇ
ਹੱਸਦੇ-ਮੁਸਕਰਾਉਂਦੇ ਨੇ

ਬੇਧਿਆਨੇ
ਬੈਟਰੀ ਪਾਰਕ ਵੱਲ ਜਾਂਦੇ
ਸੋਚਦੇ ਹੀ ਨਹੀਂ
ਕਾਂਸੇ ਦਾ ਧੌਲ਼
ਆਜ਼ਾਦੀ ਦੀ ਦੇਵੀ ਵੱਲ
ਪਾਸਾ ਕਰੀ
ਕਿਉਂ ਖਲੋਤਾ ਹੈ...?

3.
ਗਰਮੀ 'ਚ
ਕਾਂਸੇ ਦਾ ਧੌਲ਼
ਅੱਗ ਵਾਂਗ ਤਪਦਾ ਹੈ
ਪਰ ਹਫ਼ਦਾ ਨਹੀਂ
ਸਰਦੀ 'ਚ
ਯਖ਼ ਹੁੰਦਾ ਹੈ
ਪਰ ਠੁਰ-ਠੁਰ ਨਹੀਂ ਕਰਦਾ
ਮੌਸਮ ਉਸ ਨੂੰ ਛੂਹ ਤਾਂ ਲੈਂਦੇ ਨੇ
ਹਫ਼ਾ, ਠਰਾ ਨਹੀਂ ਸਕਦੇ
ਕਾਂਸੇ ਦਾ ਧੌਲ਼ ਕਿੰਨਾ ਹਠ-ਧਰਮੀ ਹੈ
ਬਾਜ਼ਾਰ ਦੀ ਫ਼ਜ਼ਾ ਨੂੰ
ਸਰਦੀਆਂ 'ਚ ਤਪਾ ਸਕਦਾ
ਗਰਮੀਆਂ 'ਚ ਹਿਮ ਤਰ੍ਹਾਂ ਜਮਾ ਸਕਦਾ

ਕਿੰਨਾ ਹਠ-ਧਰਮੀ ਹੈ
ਕਾਂਸੇ ਦਾ ਧੌਲ਼

ਇਹ 'ਧੌਲ਼ ਧਰਮ
ਦਇਆ ਕਾ ਪੂਤ'
ਕਿਉਂ ਨਹੀਂ ਬਣ ਜਾਂਦਾ...?

ਡਾਊਨ ਟਾਊਨ ਮੈਨਹਾਟਨ 'ਚ ਬਰੌਡਵੇਅ 'ਤੇ ਲੱਗਾ ਕਾਂਸੇ ਦੇ ਬਲ਼ਦ ਦਾ ਬੁੱਤ। ਇਸ ਦਾ ਮੂੰਹ ਉੱਤਰ ਵੱਲ ਹੈ। ਸਟੈਚੂ ਆਫ਼ ਲਿਬਰਟੀ ਇਸ ਤੋਂ ਪੱਛਮ ਦੀ ਦਿਸ਼ਾ ਵੱਲ ਹੈ। ਇਹ ਬਲ਼ਦ ਇਕ ਤਰ੍ਹਾਂ ਨਾਲ਼ ਸਰਮਾਏਦਾਰੀ ਦੇ ਚਿੰਨ੍ਹ ਵਜੋਂ ਦੇਖਿਆ ਜਾਂਦਾ ਹੈ। ਇਸ ਦਾ ਮੂੰਹ ਦੇਖ ਕੇ ਲੱਗਦਾ ਹੈ ਜਿਵੇਂ ਫੁੰਕਾਰਾ ਮਾਰਨ ਹੀ ਲੱਗਾ ਹੋਵੇ। ਸ਼ੇਅਰ-ਬਾਜ਼ਾਰ ਦਾ ਉਤਰਾਅ-ਚੜ੍ਹਾਅ ਜਿਵੇਂ ਇਸ ਦੇ ਫੁੰਕਾਰੇ ਹੀ ਹੋਣ।

ਹਿੰਦੀ ਕਹਾਣੀ

# ਤਾਈ ਦਾ ਸਵੈਟਰ

*ਦੀਪਕ ਭੁੱਲਰ ਸ਼ਰਮਾ*

ਗੇਂਦ ਦਾ ਪਹਿਲਾ ਟੱਪਾ ਮੇਰੀ ਜਮਾਤ ਦੀ ਅਧਿਆਪਕਾ ਨੇ ਪਾਇਆ ਸੀ। ਉਸ ਦਿਨ ਮੇਰਾ ਜਨਮ ਦਿਨ ਸੀ ਤੇਰ੍ਹਵਾਂ।

ਜਮਾਤ ਦੇ ਸਾਥੀ ਬੱਚਿਆਂ ਨੂੰ ਮਿਠਾਈ ਵੰਡਣ ਬਾਰੇ ਪੁੱਛਣ ਲਈ ਜਦ ਮੈਂ ਆਪਣੀ ਅਧਿਆਪਕਾ ਕੋਲ ਗਿਆ ਤਾਂ ਉਹ ਪੁੱਛਣ ਲੱਗੀ, "ਤੇਰਾ ਸਵੈਟਰ ਕਿਹਨੇ ਉਣਿਆ ਏ ? ਬੜਾ ਵਧੀਆ ਨਮੂਨਾ ਏ।"

"ਮੇਰੀ ਮਾਂ ਨੇ," ਰਿਸ਼ਤੇ 'ਚ ਉਹ ਮੇਰੀ ਤਾਈ ਲੱਗਦੀ ਸੀ ਪਰ ਕਈ ਵਰ੍ਹਿਆਂ ਤਕ ਮੈਂ ਉਨ੍ਹਾਂ ਨੂੰ ਆਪਣੀ ਮਾਂ ਸਮਝਦਾ ਰਿਹਾ ਸਾਂ, "ਘਰ 'ਚ ਸਾਰੇ ਹੀ ਉਨ੍ਹਾਂ ਦੇ ਉਣੇ ਸਵੈਟਰ ਹੀ ਪਾਉਂਦੇ ਨੇ।"

"ਅੱਛਾ !" ਮੇਰੀ ਜਮਾਤ ਅਧਿਆਪਕਾ ਨੇ ਆਪਣੀ ਮੰਗ ਰੱਖੀ, "ਕੀ ਤੂੰ ਨਮੂਨਾ ਲਾਹੁਣ ਲਈ ਮੈਨੂੰ ਆਪਣਾ ਸਵੈਟਰ ਲਿਆ ਦੇਵੇਂਗਾ ? ਕੱਲ੍ਹ ਜਾਂ ਪਰਸੋਂ ਜਾਂ ਫਿਰ ਅਗਲੇ ਹਫ਼ਤੇ ?"

"ਉਹ ਆਪਣੇ ਲਈ ਕਦੇ ਨਹੀਂ ਉਣਦੇ ?" ਮੈਥੋਂ ਸੱਚ ਦੱਸਿਆ ਗਿਆ।

"ਅੱਜ ਘਰ ਜਾਂਦਿਆਂ ਹੀ ਪਿਤਾ ਨੂੰ ਕਹਿਣਾ ਕਿ ਉਨ੍ਹਾਂ ਨੂੰ ਉਨ੍ਹਾਂ ਦੇ ਆਪਣੇ ਸਵੈਟਰ ਲਈ ਉੱਨ ਲਿਆ ਦੇਣ...।"

"ਹੁਣ ਆਪਣੇ ਲਈ ਸਵੈਟਰ ਉਣਿਓ, ਅੰਮਾ," ਸ਼ਾਮੀਂ ਜਦ ਤਾਇਆ ਜੀ ਘਰ ਵਾਪਸ ਆਏ ਤਾਂ ਮੈਂ ਗੱਲ ਛੇੜੀ, "ਤੁਹਾਡੇ ਕੋਲ ਇਕ ਵੀ ਸਵੈਟਰ ਨਹੀਂ..." ਆਪਣੇ ਤਾਇਆ ਜੀ ਨਾਲ ਸਿੱਧੀ ਗੱਲ ਕਰਨ ਦੀ ਮੇਰੀ ਸ਼ੁਰੂ ਤੋਂ ਹੀ ਹਿੰਮਤ ਨਹੀਂ ਸੀ ਰਹੀ।

"ਵੇਖੋ," ਤਾਈ ਨੇ ਹੱਸ ਕੇ ਤਾਇਆ ਜੀ ਵੱਲ ਵੇਖਿਆ, "ਕੀ ਕਹਿ ਰਿਹਾ ਏ ?"

"ਹਾਂ, ਅੰਮਾ" ਮੈਂ ਤਾਈ ਨਾਲ ਲਾਡ ਨਾਲ ਚੰਬੜ ਗਿਆ। ਉਹ ਮੈਨੂੰ ਪਿਆਰੀ ਸੀ। ਬਹੁਤ ਪਿਆਰੀ।

"ਵੇਖੋ," ਤਾਇਆ ਜੀ ਦੀ ਹਾਮੀ ਲਈ ਤਾਈ ਜਿਵੇਂ ਕਾਹਲੀ ਪੈ ਗਈ, "ਇਹਨੂੰ ਵੇਖੋ।"

"ਅੱਛਾ, ਉਣ ਲੈ। ਏਨੀਆਂ ਸਾਰੀਆਂ ਬਚੀਆਂ ਹੋਈਆਂ ਉੱਨਾਂ ਨੇ ਤੇਰੇ ਕੋਲ, ਅਲਮਾਰੀ 'ਚ ਰੱਖੀਆਂ ਹੋਈਆਂ। ਤੇਰਾ ਸਵੈਟਰ ਆਰਾਮ ਨਾਲ ਬਣ ਜਾਏਗਾ...।"

ਅਗਲੇ ਦਿਨ ਜਦ ਮੈਂ ਸਕੂਲੋਂ ਪਰਤਿਆ ਤਾਂ ਤਾਈ ਚੌਂਕੜੀ ਮਾਰ ਕੇ ਉੱਨਾਂ ਦਾ ਬਾਜ਼ਾਰ ਲਾਈ ਬੈਠੀ ਸੀ।

ਮੈਨੂੰ ਵੇਖਦਿਆਂ ਹੀ ਪਹਿਲੇ ਦਿਨਾਂ ਵਾਂਗ ਉਹ ਮੇਰੇ ਹੱਥ ਧੁਆਉਣ ਲਈ ਨਾ ਉੱਠੀ...ਵੰਨ-ਸੁਵੰਨੇ ਰੰਗਾਂ ਤੇ ਭਾਂਤ-ਭਾਂਤ ਦੀਆਂ ਆਪਣੀਆਂ ਉੱਨਾਂ ਨੂੰ ਹੀ ਵੱਖੋ-ਵੱਖ ਕਰਨ ਵਿਚ ਰੁੱਝੀ ਰਹੀ।

"ਰੋਟੀ," ਮੈਂ ਚੀਕਿਆ।

"ਚਾਚੀ ਨੂੰ ਆਖ, ਉਹ ਤੈਨੂੰ ਸੰਜੂ ਤੇ ਮੰਜੂ ਦੇ ਨਾਲ ਰੋਟੀ ਪਾ ਦੇਵੇ," ਤਾਈ ਆਪਣੀ ਜਗ੍ਹਾ ਤੋਂ ਨਾ ਹਿੱਲੀ, "ਇਧਰ ਜੇ ਇਹ ਉੱਨਾਂ ਉਲਝ ਗਈਆਂ ਤਾਂ ਹੋਰ ਨਵੀਂ ਮੁਸੀਬਤ ਖੜੀ ਹੋ ਜਾਵੇਗੀ। ਤੇਰੇ ਪਿਤਾ ਜੀ ਦੇ ਆਉਣ ਤੋਂ ਪਹਿਲਾਂ ਮੈਂ ਇਨ੍ਹਾਂ ਨੂੰ ਸਮੇਟ ਲੈਣਾ ਚਾਹੁੰਦੀ ਹਾਂ...।"

ਉਨ੍ਹੀਂ ਦਿਨੀਂ ਅਸੀਂ ਇਕੱਠੇ ਰਹਿੰਦੇ ਸੀ। ਦਾਦਾ-ਦਾਦੀ, ਤਾਇਆ-ਤਾਈ, ਵਿਚਕਾਰਲੀ ਭੂਆ, ਛੋਟੀ ਭੂਆ, ਮੇਰੇ ਮਾਂ-ਪਿਤਾ ਜੀ, ਜਿਨ੍ਹਾਂ ਨੂੰ ਮੈਂ ਅੱਜ ਵੀ ਚਾਚਾ-ਚਾਚੀ ਕਹਿ ਕੇ ਹੀ ਸੱਦਦਾ ਹਾਂ ਅਤੇ ਮੇਰੇ ਤੋਂ ਵੱਡੇ ਉਨ੍ਹਾਂ ਦੇ ਦੋ ਹੋਰ ਬੇਟੇ ਸੰਜੂ ਅਤੇ ਮੰਜੂ...।

ਮੈਥੋਂ ਪਹਿਲਾਂ ਤਾਇਆ ਜੀ ਅਤੇ ਤਾਈ ਨੇ ਆਪਣੇ ਗ੍ਰਹਿਸਥ ਜੀਵਨ ਦੇ ਪੂਰੇ ਗਿਆਰਾਂ ਵਰ੍ਹੇ ਬੇਔਲਾਦ ਹੀ ਕੱਢੇ ਸਨ।

ਰੋਜ਼ ਦੁਪਹਿਰੇ ਲੰਮੀ ਨੀਂਦ ਸੌਣ ਵਾਲੀ ਤਾਈ ਉਸ ਦਿਨ ਦੁਪਹਿਰੇ ਵੀ ਆਪਣੀਆਂ ਉੱਨਾਂ ਛਾਂਟਣ ਲੱਗੀ ਰਹੀ।

"ਅੱਜ ਦੁਪਹਿਰੇ ਤੁਸੀਂ ਸੁੱਤੇ ਨਹੀਂ ?" ਆਪ ਨੀਂਦ ਦਾ ਠੌਂਕਾ ਲਾ ਕੇ ਉੱਠਦਿਆਂ ਹੀ ਮੈਂ ਪੁੱਛਿਆ।

"ਸੋਚ ਰਹੀ ਹਾਂ ਕਿ ਆਪਣਾ ਸਵੈਟਰ ਚਿਤਰਾ-ਮਿਤਰਾ ਰੱਖਾਂ ਜਾਂ ਇਕੋ ਤਰ੍ਹਾਂ ਦੀ ਪਲਾਈ ਵਾਲੀਆਂ ਉੱਨਾਂ ਨੂੰ ਕਿਸੇ ਇਕ ਗੂੜ੍ਹੇ ਰੰਗ ਵਿਚ ਉਣ ਲਵਾਂ ?"

"ਚਿਤਰਾ-ਮਿਤਰਾ ਰੱਖੋ, ਚਿਤਰਾ-ਮਿਤਰਾ।" ਰੰਗਾਂ ਦਾ ਵਖਰੇਵਾਂ ਤੇ ਸਮਾਯੋਜਨ ਮੈਨੂੰ ਬਚਪਨ ਤੋਂ ਹੀ ਆਪਣੇ ਵੱਲ ਖਿੱਚਦਾ ਰਿਹਾ ਹੈ।

ਹੈਰਾਨੀ ਨਹੀਂ, ਜੋ ਮੈਂ ਅੱਜ ਕੱਲ੍ਹ ਚਿਤਰਕਲਾ ਵਿਚ ਹੀ ਖੋਜ ਕਰ ਰਿਹਾ ਹਾਂ।

ਸ਼ਾਮੀਂ ਘਰ ਪਰਤੇ ਤਾਇਆ ਜੀ ਨੂੰ ਵੀ ਤਾਈ ਨੂੰ ਆਵਾਜ਼ ਮਾਰਨੀ ਪਈ, "ਕਿੱਥੇ ਐਂ ?"

ਤਾਈ ਦਾ ਨਾਂ ਤਾਇਆ ਜੀ ਦੇ ਮੂੰਹੋਂ ਮੈਂ ਇਕ ਵਾਰ ਵੀ ਨਹੀਂ ਸੀ ਸੁਣਿਆ।

ਇਹ ਜ਼ਰੂਰ ਸੁਣਿਆ ਹੈ ਕਿ ਸੰਨ ਸਤਵੰਜਾ ਵਿਚ ਜਦੋਂ ਉਹ ਵਿਆਹ ਕੇ ਇਸ ਘਰ ਵਿਚ ਆਈ ਸੀ ਤਾਂ ਉਨ੍ਹਾਂ ਦਾ ਨਾਂ ਸੁਣ ਕੇ ਤਾਏ ਨੇ ਨੱਕ ਚੜ੍ਹਾਇਆ ਸੀ, "ਵੀਰਾਂ ਵਾਲੀ ?"

ਆਪਣਾ ਨਾਂ ਤਾਈ ਨੂੰ ਉਹਦੀ ਨਾਨੀ ਤੋਂ ਮਿਲਿਆ ਸੀ। ਸੰਨ ਚਾਲੀ ਵਿਚ। ਜਵਾਈ ਦੀ ਨਿਰਾਸ਼ਾ ਦੂਰ ਕਰਨ ਲਈ ਉਨ੍ਹਾਂ ਤਸੱਲੀ 'ਚ ਕਿਹਾ ਸੀ, "ਇਹ ਵੀਰਾਂ ਵਾਲੀ ਹੈ। ਇਹਦੇ ਮਗਰ ਵੀਰਾਂ ਦੀ ਫ਼ੌਜ ਤੁਰੀ ਆਉਂਦੀ ਹੈ...।"

ਪੰਜਾਬੀ ਵਿਚ ਭਰਾ ਨੂੰ ਵੀਰ ਕਿਹਾ ਜਾਂਦਾ ਹੈ ਤੇ ਸੱਚੀਮੁੱਚੀ ਹੀ ਤਾਈ ਦੀ ਪਿੱਠ 'ਤੇ ਇਕ ਤੋਂ ਬਾਅਦ ਇਕ ਕਰਕੇ ਉਨ੍ਹਾਂ ਦੇ ਘਰ ਚਾਰ ਭਰਾ ਆਏ।

"ਮੈਂ ਤੈਨੂੰ ਚੰਦਰਮੁਖੀ ਕਹਿ ਕੇ ਸੱਦਿਆ ਕਰੂੰਗਾ।"

ਅਦਾਕਾਰਾ ਵੈਜੰਤੀਮਾਲਾ ਦੀ ਚੰਦਰਮੁਖੀ ਤਾਇਆ ਜੀ ਲਈ ਉਨ੍ਹੀਂ ਦਿਨੀਂ ਸੰਸਾਰ ਦੀ ਸਭ ਤੋਂ ਸੋਹਣੀ ਔਰਤ ਰਹੀ ਹੋਵੇਗੀ। ਆਪਣੇ ਗ੍ਰਹਿਸਥੀ ਦੇ ਕਿਸ ਪੜਾਅ 'ਤੇ ਆ ਕੇ ਤਾਇਆ ਜੀ ਨੇ ਤਾਈ ਨੂੰ ਚੰਦਰਮੁਖੀ ਕਹਿਣਾ ਛੱਡਿਆ ਸੀ, ਮੈਨੂੰ ਪਤਾ ਨਹੀਂ।

"ਕਿੱਥੇ ਐਂ ?" ਤਾਇਆ ਜੀ ਦੂਜੀ ਵਾਰ ਚੀਕੇ।

ਉਨ੍ਹੀਂ ਦਿਨੀਂ ਸਾਡੇ ਘਰ ਵਿਚ ਘਰ ਦੀਆਂ ਔਰਤਾਂ ਹੀ ਭੱਜ-ਦੌੜ ਦੇ ਕੰਮ ਕਰਦੀਆਂ ਸਨ। ਪਤੀ ਦੇ ਨਹਾਉਣ, ਖਾਣ, ਸੌਣ ਤੇ ਪਹਿਨਣ ਦੀ ਪੂਰੀ ਪੂਰੀ ਜ਼ਿੰਮੇਵਾਰੀ ਪਤਨੀ ਦੀ ਹੀ ਰਹਿੰਦੀ।

"ਆ ਰਹੀ ਹਾਂ," ਤਾਈ ਥੋੜ੍ਹੀ ਕੱਚੀ ਜਿਹੀ ਹੋਈ।

ਤਾਈ ਨੂੰ ਦੂਜੀ ਆਵਾਜ਼ ਦੇਣ ਦੀ ਨੌਬਤ ਘੱਟ ਹੀ ਆਉਂਦੀ ਸੀ। ਆਪਣੇ ਪਾਸੇ ਦੇ ਵਰਾਂਡੇ ਵਿਚ ਤਾਇਆ ਜੀ ਦੇ ਕਦਮਾਂ ਦੀ ਆਵਾਜ਼ ਸੁਣਦਿਆਂ ਹੀ ਹੱਥਾਂ ਵਿਚ ਤਾਇਆ ਜੀ ਦੀਆਂ ਖੜਾਵਾਂ ਲੈ ਕੇ ਆਈ ਤਾਈ ਉਨ੍ਹਾਂ ਨੂੰ ਅਕਸਰ ਚਿੱਕ ਦੇ ਕੋਲ ਮਿਲਿਆ ਕਰਦੀ, ਪਰ ਉਸ ਦਿਨ ਤਾਈ ਬਿੜਕ ਨਾ ਲੈ ਸਕੀ ਸੀ।

"ਕੀ ਕਰ ਰਹੀ ਸੀ ?" ਤਾਇਆ ਜੀ ਗਰਜੇ।

"ਅੱਜ ਕੀ ਲਿਆਏ ਓ ?" ਤਾਇਆ ਜੀ ਨੂੰ ਖੜਾਵਾਂ ਪਾ ਕੇ ਤਾਈ ਨੇ ਉਨ੍ਹਾਂ ਦੇ ਹੱਥਾਂ ਵਿਚੋਂ ਉਨ੍ਹਾਂ ਦਾ ਝੋਲਾ ਫੜ ਲਿਆ।

ਤਾਇਆ ਜੀ ਨੂੰ ਫਲ ਬਹੁਤ ਪਸੰਦ ਸਨ। ਆਪਣੇ ਸ਼ਾਮ ਦੇ ਨਾਸ਼ਤੇ ਲਈ ਉਹ ਲਗਭਗ ਰੋਜ਼ ਹੀ ਬਾਜ਼ਾਰੋਂ ਤਾਜ਼ੇ ਫਲ ਲੈ ਆਉਂਦੇ।

"ਇਕ ਅਮਰੂਦ ਤੇ ਇਕ ਸੇਬ ਐ," ਤਾਇਆ ਜੀ ਕੁਝ ਨਰਮਾਈ ਨਾਲ ਬੋਲੇ, "ਜਾ ! ਇਨ੍ਹਾਂ ਦਾ ਸਲਾਦ ਬਣਾ ਕੇ ਲਿਆ।"

ਅਗਲੇ ਦਿਨ ਤਾਈ ਨੇ ਦੁਚਿੱਤੀ ਵਿਚ ਕੱਢੇ। ਸੱਚੀਂ। ਰੰਗਾਂ ਤੇ ਘੁਰਿਆਂ ਨਾਲ ਉਹ ਅਜੇ ਪ੍ਰਯੋਗ ਕਰ ਰਹੀ ਸੀ।

ਕਦੀ ਪਹਿਲੀ ਸਲਾਈ ਸ਼ੋਖ਼ ਰੰਗ ਦੀ ਉਣ ਲੈਂਦੀ ਤਾਂ ਦੂਜੀ ਸਲਾਈ ਵਿਚ ਉਹਦਾ ਫਿੱਕਾ ਰੰਗ ਪਾ ਲੈਂਦੀ ਤੇ ਤੀਜੀ ਸਲਾਈ ਰੋਲ-ਘਚੋਲ ਤੁੰਨ ਦਿੰਦੀ। ਪਰ ਜੇ ਨਤੀਜਾ ਉਹਨੂੰ ਪਸੰਦ ਨਾ ਆਉਂਦਾ ਤਾਂ ਫਿਰ ਸਾਰੀ ਉਣਾਈ ਉਧੇੜਨ ਲੱਗਦੀ।

ਘੁਰਿਆਂ ਦੇ ਰੂਪ ਵਿਧਾਨ ਨਾਲ ਵੀ ਉਨ੍ਹਾਂ ਦਾ ਵਿਵਹਾਰ ਬਹੁਤ ਸਖ਼ਤ ਰਿਹਾ। ਪਹਿਲੀ ਪ੍ਰਕਿਰਿਆ ਵਿਚ ਜੇ ਉਨ੍ਹਾਂ ਨੇ ਘੁਰਿਆਂ ਦੀ ਕੋਈ ਵਿਸ਼ੇਸ਼ ਤਰਤੀਬ ਰੱਖੀ ਹੁੰਦੀ ਅਤੇ ਅਗਲੀ ਸਲਾਈ ਵਿਚ ਜੇ ਘੁਰਿਆਂ ਦਾ ਉਹ ਜੁੱਟ

ਉਨ੍ਹਾਂ ਨੂੰ ਸੰਤੁਸ਼ਟ ਨਾ ਕਰਦਾ ਤਾਂ ਉਸੇ ਵਕਤ ਉਹ ਸਾਰੇ ਘੁਰੇ ਉਧੇੜ ਕੇ ਨਵੇਂ ਸਿਰਿਓਂ ਬੁਣਤੀ ਉਣਨ ਲੱਗ ਜਾਂਦੀ।

ਇੰਨੇ ਪ੍ਰਯੋਗ ਕਰਨ ਤੋਂ ਬਾਅਦ ਆਖਿਰਕਾਰ ਉਹ ਅਨੁਪਾਤ ਉਨ੍ਹਾਂ ਦੇ ਹੱਥ ਆ ਹੀ ਗਿਆ ਜਿਸ ਦੇ ਅੰਤਰਗਤ ਉਨ੍ਹਾਂ ਦਾ ਸਵੈਟਰ ਵਿਸ਼ੇਸ਼ ਰੂਪ ਧਾਰਨ ਕਰਨ ਲੱਗਾ।

ਚਿੱਤਰਕਲਾ ਵਿਚ ਗੋਲਡਨ ਮੀਨ ਦੇ ਮਹੱਤਵ ਦੇ ਵਿਸ਼ੇ ਵਿਚ ਮੈਂ ਬਹੁਤ ਦੇਰ ਬਾਅਦ ਜਾਣਿਆ ਪਰੰਤੂ ਤਾਈ ਦੀ ਸਹਿਜ ਬੁੱਧ ਤੇ ਅੰਤਰ ਦ੍ਰਿਸ਼ਟੀ ਅਸਧਾਰਨ ਸੀ। ਮਿਲਾਪ ਤੇ ਸੰਯੋਜਨ ਉੱਤੇ ਵੀ ਉਨ੍ਹਾਂ ਦੀ ਵਿਸ਼ੇਸ਼ ਪਕੜ ਸੀ। ਛੇਤੀ ਹੀ ਉਨ੍ਹਾਂ ਦਾ ਬਹੁਰੰਗਾ ਸਵੈਟਰ ਪੂਰੇ ਟੱਬਰ ਵਿਚ ਚਰਚਾ ਦਾ ਵਿਸ਼ਾ ਬਣ ਗਿਆ।

ਪਹਿਲਾਂ ਉਣੇ ਆਪਣੇ ਕਿਸੇ ਵੀ ਸਵੈਟਰ ਪ੍ਰਤੀ ਤਾਈ ਨੇ ਅਜਿਹੀ ਦਿਲਚਸਪੀ, ਅਜਿਹੀ ਉਤਸੁਕਤਾ ਅਤੇ ਅਜਿਹੀ ਲਗਨ ਨਹੀਂ ਵਿਖਾਈ ਸੀ।

ਅਸਲ ਵਿਚ ਇਕ ਤਾਂ ਉਨ੍ਹਾਂ ਦੇ ਪਿਛਲੇ ਸਵੈਟਰਾਂ ਦੀ ਰੂਪਰੇਖਾ ਤੇ ਉਣਾਈ ਦਾ ਸਾਮਾਨ ਪਹਿਲਾਂ ਤੋਂ ਹੀ ਤੈਅ ਰਹਿੰਦਾ ਸੀ। ਨਾਲ ਹੀ ਉੱਤੋਂ ਉਹ ਟੱਬਰ ਦੇ ਕਿਸੇ ਨਾ ਕਿਸੇ ਜੀਅ ਦਾ ਹੋਣ ਕਾਰਨ ਸਾਰੇ ਟੱਬਰ ਦੀਆਂ ਸਾਂਝੀਆਂ ਗਤੀਵਿਧੀਆਂ ਵਿਚ ਤਾਈ ਨੂੰ ਭਾਈਵਾਲ ਬਣਾਉਂਦੇ ਰਹੇ ਸਨ, ਪਰ ਇਸ ਵਾਰੀ ਇਕ ਪਾਸੇ ਤਾਂ ਬਚੀਆਂ-ਖੁਚੀਆਂ ਉੱਨਾਂ ਉਨ੍ਹਾਂ ਦੀ ਕਲਾ-ਕੁਸ਼ਲਤਾ ਨੂੰ ਚੁਣੌਤੀ ਦੇ ਰਹੀਆਂ ਸਨ ਤੇ ਦੂਜੇ ਪਾਸੇ ਤਾਈ ਦੇ ਸਵੈਟਰ ਦੀ ਇਹ ਉਣਾਈ ਉਨ੍ਹਾਂ ਨੂੰ ਟੱਬਰ ਨਾਲੋਂ ਵੱਖਰਿਆਂ ਕਰਕੇ ਰੱਖ ਰਹੀ ਸੀ।

ਸਾਰੇ ਹੈਰਾਨ ਸਨ। ਤਿਆਗ ਦੀ ਮੂਰਤ ਪਤਨੀ, ਪਿਆਰ ਦੇਣ ਵਾਲੀ ਭਰਜਾਈ ਤੇ ਆਗਿਅਕਾਰੀ ਨੂੰਹ ਦੀ ਥਾਂ ਤੇ ਇਹ ਨਵੀਂ ਔਰਤ ਕੌਣ ਸੀ ਜੋ ਆਪਣੀ ਸਿਰਜਣਾਤਮਕ ਤਾਕਤ ਇਕ ਸਵੈ-ਸੰਬੰਧਿਤ ਤੇ ਸਵੈ-ਨਿਰਧਾਰਤ ਲਾਭ ਉੱਤੇ ਖਰਚ ਕਰ ਰਹੀ ਸੀ ? ਏਨੀ ਲਗਨ ਨਾਲ ? ਫਿਰ ਆਪਣੇ ਉਸ ਹੱਠ ਦੀ ਖ਼ਾਤਰ ਤਾਈ ਆਪਣੇ ਰੋਜ਼ਾਨਾ ਦੇ ਕੰਮ, ਆਪਣੇ ਫ਼ਰਜ਼ ਤੇ ਇਥੋਂ ਤਕ ਕਿ ਆਪਣੀ ਨਿਮਰਤਾ ਵੀ ਛੱਡਣ ਲੱਗੀ ਸੀ ਅਤੇ ਹੁਣ ਉਨ੍ਹਾਂ ਦੇ ਸਵੈਟਰ ਦਾ ਸੰਬੰਧ ਸਿੱਧਾ ਉਨ੍ਹਾਂ ਦੀ ਅਸਲੀਅਤ 'ਤੇ ਆਣ ਟਿਕਿਆ ਸੀ, ਜਿਸ ਦੇ ਘੇਰੇ 'ਚੋਂ ਉਨ੍ਹਾਂ ਸਦਾ ਹੀ ਆਪਣੇ ਆਪ ਨੂੰ ਇਕੱਲਿਆਂ ਵੇਖਿਆ ਸੀ।

ਤਾਇਆ ਜੀ ਨੂੰ ਸਵੇਰੇ ਸਵੇਰੇ ਛਿੱਲੇ ਬਦਾਮਾਂ ਦੀ, ਤੁਲਸੀ ਦੇ ਪੱਤਿਆਂ ਵਿਚ ਕਾਲੀਆਂ ਮਿਰਚਾਂ ਦੀ, ਕੋਸੇ ਪਾਣੀ ਵਿਚ ਨਿੰਬੂ-ਸ਼ਹਿਦ ਪੀਣ ਦੀ ਆਦਤ ਸੀ। ਹੁਣ ਤਾਈ ਕਈ ਵਾਰੀ ਰਾਤ ਨੂੰ ਬਦਾਮ ਭਿਉਣੇ ਭੁੱਲ ਜਾਂਦੀ। ਤੁਲਸੀ ਦੇ ਪੱਤਿਆਂ ਵਿਚ ਕਾਲੀਆਂ ਮਿਰਚਾਂ ਲਵ੍ਹੇਟਣੀਆਂ ਭੁੱਲ ਜਾਂਦੀ। ਕੋਸੇ ਪਾਣੀ 'ਚ ਨਿੰਬੂ ਨਚੋੜਦੀ ਤਾਂ ਸ਼ਹਿਦ ਪਾਉਣਾ ਭੁੱਲ ਜਾਂਦੀ। ਜੇ ਸ਼ਹਿਦ ਪਾਉਂਦੀ ਤਾਂ ਨਿੰਬੂ ਭੁੱਲ ਜਾਂਦੀ।

ਉਸ ਦਿਨ ਤਾਇਆ ਜੀ ਘਰ ਵਾਪਸ ਆਏ ਤਾਂ ਉਨ੍ਹਾਂ ਦੇ ਹੱਥੋਂ ਝੋਲਾ ਮੈਂ ਫੜ ਲਿਆ।

ਉਨ੍ਹਾਂ ਨੂੰ ਖੜਾਵਾਂ ਵੀ ਮੈਂ ਹੀ ਪੁਆ ਦਿੱਤੀਆਂ।

"ਕਿੱਥੇ ਆਂ ?" ਤਾਇਆ ਜੀ ਨੇ ਤਾਈ ਨੂੰ ਆਵਾਜ਼ ਦਿੱਤੀ, "ਆਹ ਅਨਾਰ ਛਿੱਲਣਾ ਏ...।"

"ਲਉ," ਤਾਈ ਨੇ ਤਾਇਆ ਜੀ ਦੀ ਆਗਿਆ ਦਾ ਪਾਲਣ ਕੀਤਾ ਤੇ ਝੱਟਪਟ ਅਨਾਰ ਛਿੱਲ ਲਿਆਈ।

"ਕਾਲਾ ਲੂਣ ਤੇ ਗੋਲ ਮਿਰਚ ਨਹੀਂ ਰਲਾਈ ਕੀ ?" ਅਨਾਰ ਦਾ ਸਵਾਦ ਆਸ ਅਨੁਸਾਰ ਨਾ ਹੋਣ 'ਤੇ ਤਾਇਆ ਜੀ ਗੁੱਸੇ ਹੋਏ।

"ਅਨਾਰ ਚੰਗਾ ਮਿੱਠਾ ਏ," ਤਾਈ ਦਾ ਸਵੈਟਰ ਤੇਜ਼ੀ ਨਾਲ ਆਪਣੇ ਆਖ਼ਰੀ ਪੜਾਅ 'ਤੇ ਪਹੁੰਚ ਰਿਹਾ ਸੀ ਤੇ ਆਪਣੇ ਇਸ ਸੁੱਖ ਦੇ ਚੱਕਰ ਵਿਚ ਉਹ ਗਲਤੀ ਮੰਨਣਾ ਭੁੱਲ ਗਈ, "ਉਸਦੀ ਏਨੀ ਲੋੜ ਤਾਂ ਹੈ ਨਹੀਂ।"

"ਕੀ ਮਤਲਬ ਹੈ ਤੇਰਾ ?" ਤਾਇਆ ਜੀ ਨੇ ਤਾਈ ਦੇ ਹੱਥੋਂ ਉਨ੍ਹਾਂ ਦਾ ਸਵੈਟਰ ਖੋਹ ਲਿਆ।

"ਮੈਥੋਂ ਗ਼ਲਤੀ ਹੋ ਗਈ," ਤਾਈ ਉਸੇ ਪਲ ਸੰਭਲ ਗਈ, "ਮੈਂ ਹੁਣੇ ਹੀ ਦੋਵੇਂ ਚੀਜ਼ਾਂ ਲਿਆਉਂਦੀ ਹਾਂ। ਪਰ ਤੁਸੀਂ ਮੇਰਾ ਸਵੈਟਰ ਨਾ ਛੇੜਿਓ ਜੇ...।"

"ਇਹਨੂੰ ਨਾ ਛੇੜਾਂ ?" ਸਵੈਟਰ 'ਚੋਂ ਸਲਾਈਆਂ ਖਿੱਚਦੇ ਹੋਏ ਤਾਇਆ ਜੀ ਉਸ ਨੂੰ ਉਧੇੜਨ ਲੱਗੇ, "ਇਹਨੂੰ ਕਿਉਂ ਨਾ ਛੇੜਾਂ ?"

"ਮੈਂ ਕਿਹਾ ਨਾ।" ਤਾਈ ਤੈਸ਼ 'ਚ ਆ ਗਈ, "ਮੈਥੋਂ ਭੁੱਲ ਹੋ ਗਈ। ਮੈਨੂੰ ਕੋਈ ਦੂਸਰੀ ਸਜ਼ਾ ਦੇ ਦਿਉ, ਪਰ ਮੇਰਾ ਸਵੈਟਰ ਖਰਾਬ ਨਾ ਕਰੋ। ਇਸ ਉੱਤੇ ਮੈਂ ਜਾਨ ਮਾਰ ਕੇ ਕੰਮ ਕੀਤਾ ਏ...।"

"ਇਹਨੂੰ ਖਰਾਬ ਨਾ ਕਰਾਂ ?" ਭੜਕ ਕੇ ਤਾਇਆ ਜੀ ਨੇ ਉਧੇੜਨ ਦੀ ਗਤੀ ਤੇਜ਼ ਕਰ ਦਿੱਤੀ, "ਇਹਨੂੰ ਖਰਾਬ ਕਿਉਂ ਨਾ ਕਰਾਂ ?"

"ਨਿਪੁੱਤੇ ਹੋ ਨਾ ।" ਤਾਈ ਤੈਸ਼ ਵਿਚ ਆ ਗਈ, "ਇਸੇ ਲਈ ਸਾਰਾ ਗੁੱਸਾ ਮੈਂ ਗਰੀਬ 'ਤੇ ਕੱਢਦੇ ਹੋ।"

"ਕੀ ਬੋਲੀ ਤੂੰ ?" ਸਵੈਟਰ ਸੁੱਟ ਕੇ ਤਾਇਆ ਜੀ ਤਾਈ 'ਤੇ ਟੁੱਟ ਪਏ, "ਬੋਲ, ਕੀ ਬੋਲੀ ਏਂ ਤੂੰ ?"

"ਵੱਡੀ ਨੂੰਹ ਰਾਣੀ।" ਉਦੋਂ ਹੀ ਦਾਦੇ ਨੇ ਬੂਹੇ ਦੀ ਚਿੱਕ 'ਚੋਂ ਤਾਈ ਨੂੰ ਆਵਾਜ਼ ਦਿੱਤੀ, "ਆਪਣਾ ਉਣਿਆ ਸਵੈਟਰ ਤੇ ਸਾਰੀਆਂ ਉੱਨਾਂ ਮੈਨੂੰ ਸੰਭਾਲ ਜਾ। ਇਹਨੇ ਚੰਗਾ ਸਿਆਪਾ ਪਾਇਆ ਹੋਇਐ...।"

"ਨਹੀਂ," ਘਰ ਦਾ ਕੋਈ ਜੀਅ ਵੀ ਦਾਦੇ ਦੀ ਹੁਕਮ ਅਦੂਲੀ ਨਹੀਂ ਕਰ ਸਕਦਾ ਸੀ ਪਰ ਤਾਇਆ ਜੀ ਦੇ ਘਸੁੰਨਾਂ ਤੇ ਧੱਕਿਆਂ ਨਾਲ ਹਫ਼ਦੀ ਤਾਈ ਨੇ ਪੂਰੇ ਨਿਸ਼ਚੇ ਨਾਲ ਜਵਾਬ ਦਿੱਤਾ, "ਮੈਂ ਇਹ ਸਵੈਟਰ ਪੂਰਾ ਕਰਨਾ ਏ...।"

"ਇਹ ਕਮਲੀ ਹੋ ਗਈ ਹੈ," ਤਾਇਆ ਜੀ ਨੇ ਤਾਈ ਨੂੰ ਇਕ ਆਖ਼ਰੀ ਝਟਕਾ ਦਿੱਤਾ ਤੇ ਕਮਰੇ ਵਿਚੋਂ ਬਾਹਰ ਚਲੇ ਗਏ।

ਤਾਇਆ ਜੀ ਦੇ ਜਾਂਦਿਆਂ ਹੀ ਤਾਈ ਨੇ ਆਪਣਾ ਸਵੈਟਰ ਫਰਸ਼ ਤੋਂ ਚੁੱਕ ਲਿਆ। ਲੱਗੀ ਉਸ ਨੂੰ ਸਵਾਰਨ।

"ਏਨਾ ਝੱਲ ਵੀ ਠੀਕ ਨਹੀਂ," ਦਾਦੇ ਨੇ ਧਮਕੀ ਦਿੱਤੀ, "ਆਪਣੇ ਦਿਮਾਗ਼ ਤੋਂ ਕੰਮ ਲੈ। ਆਪਣੇ ਹੋਸ਼ ਤੋਂ ਕੰਮ ਲੈ। ਲਿਆ, ਸਵੈਟਰ ਇਧਰ ਫੜਾ।"

"ਨਹੀਂ," ਤਾਈ ਟੱਸ ਤੋਂ ਮੱਸ ਨਾ ਹੋਈ, "ਮੈਂ ਇਹ ਸਵੈਟਰ ਪੂਰਾ ਕਰਨਾ, ਜ਼ਰੂਰ ਪੂਰਾ ਕਰਨਾ ਹੈ।"

"ਨੰਦੂ," ਦਾਦੇ ਨੇ ਮੈਨੂੰ ਆਵਾਜ਼ ਦਿੱਤੀ, "ਆਪਣੀ ਅੰਮਾਂ ਤੋਂ ਇਹ ਸਵੈਟਰ ਲੈ ਕੇ ਮੇਰੇ ਕਮਰੇ ਵਿਚ ਪੁਚਾ ਦੇ...ਹੁਣੇ...ਇਸੇ ਵਕਤ...।"

ਆਪਣੀ ਆਖ਼ਰੀ ਫ਼ੈਸਲਾ ਦੇ ਕੇ ਦਾਦਾ ਬੂਹੇ ਦੀ ਚਿੱਕ ਤੋਂ ਪਰ੍ਹਾਂ ਹੋ ਗਏ।

"ਕੀ ਮੈਂ ਬਾਬੂ ਜੀ ਦਾ ਪੁੱਤਰ ਨਹੀਂ ?" ਮੈਂ ਤਾਈ ਕੋਲ ਜਾ ਪਹੁੰਚਿਆ।

"ਨਹੀਂ। ਉਹ ਨਿਪੁੱਤੇ ਨੇ।"

"ਤੇ ਤੂੰ ?" ਮੇਰੀ ਜਾਨ ਅਕਲਕਾਂਦ ਆ ਗਈ।

"ਮੈਂ ਵੀ ਨਿਪੁੱਤੀ ਹਾਂ," ਤਾਈ ਆਪਣੇ ਹੱਥਾਂ ਨਾਲ ਆਪਣਾ ਸਿਰ ਪਿੱਟਣ ਲੱਗੀ।

"ਫਿਰ ਮੈਂ ਕੌਣ ਹਾਂ ?" ਮੇਰੀ ਜਾਨ ਸੁੱਕਣੇ ਪੈ ਗਈ।

"ਬਾਹਰ ਜਾ ਕੇ ਪੁੱਛ।"

ਉਸੇ ਰਾਤ ਤਾਈ ਨੇ ਮੇਰੀ ਸਿਆਹੀ ਦੀ ਭਰੀ ਦਵਾਤ ਆਪਣੇ ਗਲੇ 'ਚ ਉਲਟਾ ਲਈ ਅਤੇ ਸਵੇਰ ਤੋਂ ਪਹਿਲਾਂ ਹੀ ਜਾਨ ਦੇ ਦਿੱਤੀ। ਵਿਖਾਵੇ ਦੇ ਸ਼ੋਕ ਤੋਂ ਬਾਅਦ ਉਨ੍ਹਾਂ ਦੀ ਦੇਹ ਨੂੰ ਰਸਮਾਂ ਅਨੁਸਾਰ ਤਾਇਆ ਜੀ ਨੇ ਅੱਗ ਦੇ ਹਵਾਲੇ ਕਰ ਦਿੱਤਾ।

ਹਾਂ, ਅੱਧਾ ਉਧੜਿਆ, ਅੱਧਾ ਉਣਿਆ ਉਨ੍ਹਾਂ ਦਾ ਚਿਤਰਾ-ਮਿਤਰਾ ਸਵੈਟਰ ਅੱਜ ਵੀ ਮੇਰੀ ਅਲਮਾਰੀ ਵਿਚ ਰੱਖਿਆ ਪਿਆ ਹੈ।

ਮੇਰੀ ਨਿੱਜੀ ਜਾਇਦਾਦ ਦੀ ਇਕ ਮਹੱਤਵਪੂਰਨ ਵਸਤੂ ਦੇ ਰੂਪ ਵਿਚ। ਤਾਈ ਦੀ ਆਤਮਾ ਉਸ ਵਿਚ ਵਾਸ ਕਰਦੀ ਹੈ, ਅਜਿਹਾ ਮੇਰਾ ਵਿਸ਼ਵਾਸ ਹੈ।

**ਅਨੁ : ਅਰਵਿੰਦਰ ਧਾਲੀਵਾਲ**
**ਮੋਬਾ. 99142-11422**

ਦੀਪਕ ਭੁੱਲਰ ਸ਼ਰਮਾ (ਜਨਮ 30 ਨਵੰਬਰ 1945, ਲਾਹੌਰ) ਪਹਿਲੀ ਕਹਾਣੀ, ਜੂਨ 1970 ਦੀ 'ਪ੍ਰੀਤਲੜੀ' ਵਿਚ ਛਪੀ। ਕੁਝ ਕੁ ਪੰਜਾਬੀਆਂ ਕਹਾਣੀਆਂ ਲਿਖਣ ਮਗਰੋਂ ਹਿੰਦੀ ਵਿਚ ਲਿਖਣਾ ਸ਼ੁਰੂ ਕੀਤਾ। ਪਹਿਲੀ ਹਿੰਦੀ ਕਹਾਣੀ ਦਸੰਬਰ 1979 ਦੇ 'ਧਰਮਯੁੱਗ' ਵਿਚ ਛਪੀ। ਹੁਣ ਤਕ ਹਿੰਦੀ ਵਿਚ 20 ਕਹਾਣੀ-ਸੰਗ੍ਰਹਿ ਛਪੇ ਹਨ। ਬੀ.ਏ. ਤਕ ਦੀ ਪੜ੍ਹਾਈ ਅੰਮ੍ਰਿਤਸਰ ਤੋਂ ਹੀ ਕੀਤੀ ਅਤੇ ਐੱਮ.ਏ. 1968 ਵਿਚ ਚੰਡੀਗੜ੍ਹ ਤੋਂ ਕੀਤੀ। 1968 ਤੋਂ ਸਰਕਾਰੀ ਕਾਲਜਾਂ ਵਿਚ ਦਸ ਤਕ ਨੌਕਰੀ ਕੀਤੀ। ਫੇਰ 1978 ਤੋਂ ਲਖਨਊ ਦੇ ਕ੍ਰਿਸਚੀਨ ਕਾਲਜ ਵਿਚ ਲਗਾਤਾਰ 30 ਸਾਲ ਪੜ੍ਹਾਉਣ ਤੋਂ ਬਾਅਦ ਰਿਟਾਇਰ ਹੋਈ। ਸੰਪਰਕ : 9839170890, 8009800539




# ਬੀ. ਪੀ. ਐੱਲ. ਬੇਦੀ

*ਰਾਹੁਲ ਸੰਕਰਤਿਆਇਨ*

ਅਨੁ : ਨਿਰਮਲਜੀਤ • ਪਵਨ ਟਿੱਬਾ

(ਬੀ. ਪੀ.ਐੱਲ. ਬੇਦੀ ਭਾਵ ਪਿਆਰੇ ਲਾਲ ਬੇਦੀ ਦਾ ਇਹ ਸ਼ਬਦ ਚਿਤਰ ਰਾਹੁਲ ਸੰਕਰਤਿਆਇਨ ਨੇ 1944 ਵਿਚ ਛਪੀ ਆਪਣੀ ਪੁਸਤਕ 'ਨਏ ਭਾਰਤ ਕੇ ਨਏ ਨੇਤਾ' ਵਿਚ ਲਿਖਿਆ ਹੈ। ਰਾਹੁਲ ਸੰਕਰਤਿਆਇਨ ਨੇ ਆਪਣੀ ਇਸ ਲਿਖਤ ਵਿਚ ਬੀ.ਪੀ. ਐੱਲ ਬੇਦੀ ਦੀ ਸ਼ਖ਼ਸੀਅਤ ਦੇ ਵਿਭਿੰਨ ਪਹਿਲੂਆਂ ਨੂੰ ਪਾਠਕਾਂ ਦੇ ਸਾਹਮਣੇ ਉਜਾਗਰ ਕੀਤਾ ਹੈ। ਇਸ ਲਿਖਤ ਤੋਂ ਸਾਨੂੰ ਪਤਾ ਲੱਗਦਾ ਹੈ ਕਿ ਬੀ.ਪੀ.ਐੱਲ ਬੇਦੀ ਲੋਕ ਭਲਾਈ ਦੇ ਕਾਰਜ ਵਿਚ ਲੱਗਾ ਰਿਹਾ, ਉਸਨੇ ਆਪਣੇ ਨਿੱਜੀ ਸੁਆਰਥ ਅਤੇ ਜ਼ਾਤੀ ਮੁਫਾਦ ਨੂੰ ਲਾਂਭੇ ਰੱਖ ਕੇ ਮਨੁੱਖਤਾ ਪ੍ਰਤੀ ਆਪਣੇ ਕਰਤੱਵ ਨੂੰ ਇਮਾਨਦਾਰੀ ਨਾਲ ਅਤੇ ਦ੍ਰਿੜ੍ਹਤਾ ਨਾਲ ਨਿਭਾਇਆ। -ਅਨੁਵਾਦਕ)



1909 ਅਪ੍ਰੈਲ 5 ਜਨਮ, 1913-17 ਘਰ ਵਿਚ ਪੜ੍ਹਾਈ, 1917-22 ਡੇਨ ਹਾਈ ਸਕੂਲ ਅਤੇ ਦੂਜੇ ਸਕੂਲਾਂ ਵਿਚ, 1918 ਨਨਕਾਣਾ ਹੱਤਿਆਕਾਂਡ ਦਾ ਅਸਰ, 1922-24 ਡੀ.ਏ.ਵੀ. ਹਾਈ ਸਕੂਲ (ਲਾਹੌਰ) ਵਿਚ, 1926 ਐਫ਼.ਏ. ਪਾਸ, 1928 ਬੀ.ਏ. ਪਾਸ, ਮਨ ਉੱਪਰ ਲਾਜਪਤ ਰਾਏ ਉੱਤੇ ਹੋਈ ਮਾਰਕੁੱਟ ਦਾ ਤੀਖਣ ਅਸਰ; 1930 ਐਮ.ਏ. ਪਾਸ, 1931 ਯੂਰਪ ਵੇਖਦੇ, ਆਕਸਫੋਰਡ ਵਿਚ, ਮਾਰਕਸਵਾਦੀਆਂ ਨਾਲ ਸੰਬੰਧ, 1931-32 ਗੰਭੀਰ ਅਧਿਐਨ ਤੋਂ ਬਾਅਦ ਮਾਰਕਸਵਾਦੀ, 1932 ਅਪ੍ਰੈਲ ਫ੍ਰੇਡਾ ਨਾਲ ਕੁੜਮਾਈ, 1933 ਬੀ.ਏ. (ਆਨਰਸ) ਪਾਸ, 1933 ਵਿਆਹ, 1933 ਜੂਨ-ਸਤੰਬਰ ਯੂਰਪ ਦੀ ਸੈਰ, 1933 ਸਤੰਬਰ-1934 ਅਗਸਤ ਬਰਲਿਨ ਯੂਨੀਵਰਸਿਟੀ ਵਿਚ, 1934 ਮਈ 13 ਰੰਗਾ ਦਾ ਜਨਮ, 1934 ਸਤੰਬਰ ਭਾਰਤ ਵਿਚ, 1935 ਜਨਵਰੀ "ਕੌਨਟੈਂਪਰੇਰੀ ਇੰਡਿਆ" ਕੱਢਿਆ, ਕਿਸਾਨਾਂ ਵਿਚ ਕੰਮ, 1936 ਦਸੰਬਰ ਭਾਰਤੀ ਕਿਸਾਨ ਸਭਾ ਦੇ ਸੰਯੁਕਤ ਮੰਤਰੀ, 1937 ਸੂਬਾਈ ਕਿਸਾਨ ਸਭਾ ਦੇ ਸੰਯੁਕਤ ਮੰਤਰੀ, 1938 ਭਾਰਤੀ ਕਾਂਗਰਸ ਸੋਸ਼ਲਿਸਟ ਪਾਰਟੀ ਦੀ ਕਾਰਜ ਕਾਰਨੀ ਵਿਚ, ਪੰਜਾਬ ਟ੍ਰੇਡ ਯੂਨੀਅਨ ਕਾਂਗਰਸ ਦੇ ਸਭਾਪਤੀ, ਗੁੰਡਿਆਂ ਦੇ ਹੱਥੋਂ ਜ਼ਖ਼ਮੀ, ਉਲਟਾ ਮੁਕੱਦਮਾ, 1938-39 "ਸੰਡੇ ਮਾਰਨਿੰਗ" ਦੇ ਸੰਪਾਦਕ, 1940 ਦਸੰਬਰ 4 - 1942 ਅਪ੍ਰੈਲ 1 ਜੇਲ੍ਹ ਵਿਚ ਨਜ਼ਰਬੰਦ, 1942 ਅਪ੍ਰੈਲ 1 ਜੇਲ੍ਹ ਵਿਚੋਂ ਰਿਹਾਅ।

ਚਾਰ ਸਦੀਆਂ ਪਹਿਲਾਂ ਗੁਰੂ ਨਾਨਕ ਨੇ ਪ੍ਰੇਮ ਅਤੇ ਭਗਤੀ ਦੀ ਅਜਿਹੀ ਗੰਗਾ ਵਹਾਈ ਜਿਸ ਵਿਚ ਜਾਤ ਅਤੇ ਰੰਗ ਦਾ ਕੋਈ ਭੇਦ ਭਾਵ ਨਹੀਂ ਸੀ। ਉਨ੍ਹਾਂ ਨੇ ਅਧਿਆਤਮਿਕ ਨਾਮ ਦੀ ਜੜੀ-ਬੂਟੀ ਦੀ ਵਰਤੋਂ ਕਰਕੇ ਚਾਹਿਆ ਕਿ ਹਿੰਦੁਸਤਾਨ ਵਿਚ ਵੱਸਣ ਵਾਲੇ ਸਭ ਭੇਦ ਭਾਵਾਂ ਨੂੰ ਭੁਲਾ ਕੇ ਭਾਈ ਭਾਈ ਬਣ ਜਾਣ। ਗੁਰੂ ਨਾਨਕ ਦਾ ਨੁਸਖ਼ਾ ਕਿੰਨਾ ਸਫ਼ਲ ਰਿਹਾ, ਇਹ ਸਿੱਖਾਂ ਦੇ ਰੂਪ ਵਿਚ ਸਾਡੇ ਸਾਹਮਣੇ ਹੈ। ਪਰ, ਗੁਰੂ ਨਾਨਕ ਦਾ ਖ਼ੂਨ ਅੱਜ ਇਕ ਅਜਿਹੇ ਨੌਜਵਾਨ ਦੇ ਸਰੀਰ ਵਿਚ ਵਹਿ ਰਿਹਾ ਹੈ, ਜਿਸ ਨੇ ਵੀ ਆਪਣੇ ਪੁਰਖਿਆ ਦੀ ਤਰ੍ਹਾਂ ਹਿੰਦੁਸਤਾਨ ਹੀ ਨਹੀਂ ਸਾਰੀ ਦੁਨੀਆ ਵਿਚ ਭੇਦ ਭਾਵ ਮਿਟਾਉਣ ਲਈ ਆਪਣਾ ਜੀਵਨ ਕੁਰਬਾਨ ਕੀਤਾ। ਜੇ ਚਾਹੁੰਦਾ ਤਾਂ ਉਹ ਵੀ ਆਪਣੇ ਵੱਡੇ ਭਰਾ ਦੀ ਤਰ੍ਹਾਂ ਆਈ.ਸੀ.ਐਸ. ਬਣ ਕੇ ਆਰਾਮ ਦੀ ਜ਼ਿੰਦਗੀ ਗੁਜ਼ਾਰਦਾ, ਪਰ ਉਸ ਨੇ ਫੁੱਲਾਂ ਦੇ ਰਸਤੇ ਨੂੰ ਛੱਡ ਕੇ ਕੰਡਿਆਂ ਦੇ ਰਸਤੇ ਨੂੰ ਸਵੀਕਾਰ ਕੀਤਾ। ਇਸ ਤਪੱਸਵੀ ਜੀਵਨ ਵਿਚ ਉਸ ਦੇ ਨਾਲ ਚੱਲਣ ਦੇ

ਲਈ ਇਕ ਉੱਚ ਸਿੱਖਿਆ ਪ੍ਰਾਪਤ ਪ੍ਰਤਿਭਾਸ਼ਾਲੀ ਅੰਗਰੇਜ਼ ਮੁਟਿਆਰ ਵੀ ਤਿਆਰ ਹੋ ਗਈ ਅਤੇ ਸਿਰਫ਼ ਗੱਲਾਂ ਨਾਲ ਨਹੀਂ, ਆਪਣੇ ਕੰਮ ਨਾਲ ਉਸ ਨੇ ਵਿਖਾ ਦਿੱਤਾ ਕਿ ਸਾਰੇ ਹੀ ਅੰਗਰੇਜ਼ ਹਿੰਦੁਸਤਾਨ ਨੂੰ ਗ਼ੁਲਾਮੀ ਦੀਆਂ ਜ਼ੰਜੀਰਾਂ ਪਾਉਣ ਲਈ ਕਾਹਲੇ ਨਹੀਂ ਹਨ। ਗੁਰੂ ਨਾਨਕ ਜੀਵਨ ਦੇ ਅੰਤ ਵਿਚ ਰਾਵੀ ਦੇ ਸੱਜੇ ਕਿਨਾਰੇ ਉੱਤੇ ਕਰਤਾਰਪੁਰ ਵਿਚ ਆ ਕੇ ਰਹਿਣ ਲੱਗੇ ਅਤੇ ਕੁਝ ਸਮਾਂ ਰਾਵੀ ਦੇ ਦੂਜੇ ਕਿਨਾਰੇ ਉੱਤੇ ਜਿਸ ਥਾਂ ਰਹੇ, ਉਸ ਦਾ ਨਾਮ ਹੀ ਡੇਰਾ ਬਾਬਾ ਨਾਨਕ ਪੈ ਗਿਆ। ਬਾਬਾ ਨਾਨਕ ਦੇ ਜੋਤੀ ਜੋਤਿ ਸਮਾਉਣ ਪਿਛੋਂ ਡੇਰਾ ਹੋਰ ਆਬਾਦ ਹੋ ਗਿਆ। ਬਾਬਾ ਨਾਨਕ ਦੀ ਔਲਾਦ ਪੀੜ੍ਹੀਆਂ ਦੇ ਨਾਲ ਵੱਧਦੀ ਗਈ ਅਤੇ ਅੱਜ ਉਨ੍ਹਾਂ ਦੀ ਗਿਣਤੀ ਡੇਰਾ ਬਾਬਾ ਨਾਨਕ ਦੀ ਚਾਰ ਹਜ਼ਾਰ ਦੀ ਆਬਾਦੀ ਵਿਚ ਅੱਧੀ ਹੈ। ਗੁਰੂ ਬਾਬੇ ਦੀ ਔਲਾਦ ਹੋਣ ਕਾਰਨ ਇਹ ਸਾਰੇ ਆਂਗਿਰਸ ਗੋਤ ਦੇ ਖਤਰੀ ਬੱਚੇ ਬਾਬਾ ਅਖਵਾਉਂਦੇ ਹਨ। ਸਦੀਆਂ ਤੋਂ ਸਿੱਖਾਂ ਲਈ ਇਹ ਸੱਯਦ ਅਤੇ ਬ੍ਰਾਹਮਣ ਗੁਰੂ ਹੁੰਦੇ ਆਏ ਹਨ। ਸਿੱਖ ਧਰਮ ਨਾਲ ਪ੍ਰੇਮ ਰੱਖਣ ਵਾਲੇ ਸਾਮੰਤਾਂ ਨੇ ਬੇਦੀਆਂ ਦੇ ਪ੍ਰਤੀ ਸਨਮਾਨ ਵਿਖਾਉਣ ਵਿਚ ਬਹੁਤ ਉਦਾਰਤਾ ਨਾਲ ਕੰਮ ਲਿਆ, ਕਿਉਂਕਿ ਇਸ ਨਾਲ ਅਪ੍ਰਤੱਖ ਰੂਪ ਵਿਚ ਸਿੱਖਾਂ ਦੀ ਹਮਦਰਦੀ ਨੂੰ ਉਹ ਆਪਣੇ ਵੱਲ ਖਿੱਚ ਸਕਦੇ ਹਨ। ਇਸ ਤਰ੍ਹਾਂ ਬੇਦੀਆਂ ਵਿਚ ਸਦੀਆਂ ਤੋਂ ਸਾਮੰਤੀ ਜੀਵਨ ਚਲਦਾ ਰਿਹਾ। ਉਨ੍ਹਾਂ ਦੇ ਕੋਲ ਵੱਡੀਆਂ ਵੱਡੀਆਂ ਜਗੀਰਾਂ ਰਹੀਆਂ, ਫਿਰ ਤਹਿਸੀਲ ਬਟਾਲਾ (ਜ਼ਿਲਾ ਗੁਰਦਾਸਪੁਰ) ਦੇ ਇਸ ਛੋਟੇ ਜਿਹੇ ਪਿੰਡ ਦਾ ਇਕ ਚੰਗੇ ਖ਼ਾਸੇ ਕਸਬੇ ਦੇ ਰੂਪ ਵਿਚ ਪਰਿਵਰਤਿਤ ਹੋ ਜਾਣਾ ਸੁਭਾਵਿਕ ਸੀ। ਡੇਰਾ ਬਾਬਾ ਨਾਨਕ ਵਿਚ ਮੁੱਖ ਗੁਰਦੁਆਰੇ ਤੋਂ ਇਲਾਵਾ ਚੋਲਾ ਸਾਹਿਬ ਵੀ ਇਕ ਬਹੁਤ ਹੀ ਪਵਿੱਤਰ ਤੀਰਥ ਹੈ। ਚੋਲਾ ਸਾਹਿਬ ਵਿਚ ਉਹ ਚੋਲਾ ਰੱਖਿਆ ਹੋਇਆ ਹੈ, ਜਿਸ ਨੂੰ ਗੁਰੂ ਨਾਨਕ ਨੇ ਮੱਕਾ ਜਾਣ ਵੇਲੇ ਪਾਇਆ ਸੀ। ਦੋਵਾਂ ਹੀ ਗੁਰਦੁਆਰਿਆਂ ਦੇ ਨਾਮ ਕਾਫ਼ੀ ਜਗੀਰਾਂ ਹਨ ਅਤੇ ਚੜ੍ਹਾਵਾ ਵੀ ਬਹੁਤ ਚੜ੍ਹਦਾ ਹੈ। ਵੱਡਾ ਗੁਰਦੁਆਰਾ ਤਾਂ ਹੁਣ ਮਹੰਤਾਂ ਦੇ ਹੱਥੋਂ ਖੁੱਸ ਕੇ ਅਕਾਲੀਆਂ ਦੇ ਹੱਥਾਂ ਵਿਚ ਚਲਾ ਗਿਆ ਹੈ, ਪਰ ਚੋਲਾ ਸਾਹਿਬ ਹਾਲੇ ਵੀ ਬੇਦੀਆਂ ਦੀ ਨਿਜੀ ਸੰਪਤੀ ਹੈ। ਬੇਦੀਆਂ ਨੇ ਉਦਾਸੀ ਮਹੰਤਾਂ ਵਾਂਗ ਅਕਾਲੀ ਲਹਿਰ ਦਾ ਮੁਕਾਬਲਾ ਨਹੀਂ ਕੀਤਾ, ਇਸ ਲਈ ਉਨ੍ਹਾਂ ਦਾ ਗੁਰਦੁਆਰਾ ਨਹੀਂ ਖੋਹਿਆ ਗਿਆ। ਡੇਰੇ ਵਿਚ ਹਲਵੇ (ਕੜਾਹ ਪ੍ਰਸਾਦਿ) ਦੀਆਂ ਕਈ ਦੁਕਾਨਾਂ ਹਨ। ਸ਼ੇਖ ਅਤੇ ਕਸ਼ਮੀਰੀ ਸੌਦਾਗਰ ਕਿਸੇ ਸਮੇਂ ਚੰਗਾ ਵਪਾਰ ਕਰਦੇ ਸਨ ਅਤੇ ਉਥੇ ਦੋਸ਼ਾਲੇ ਦਾ ਕੰਮ ਚੰਗਾ ਹੁੰਦਾ ਸੀ, ਪਰ ਹੁਣ ਸਿਰਫ਼ ਕੰਬਲ, ਮਾਮੂਲੀ ਕਸੀਦੇ ਅਤੇ ਕੰਘੀਆਂ ਦਾ ਕੰਮ ਰਹਿ ਗਿਆ ਹੈ।

ਬੇਦੀਆਂ ਵਿਚ ਦੋ ਤਿਹਾਈ ਕੇਸਧਾਰੀ ਸਿੱਖ ਹਨ। ਸਾਡੇ ਨੌਜਵਾਨ ਦੇ ਪੜਦਾਦਾ ਆਦਿ ਵੀ ਕੇਸਧਾਰੀ ਸਨ। ਹਾਲਾਂਕਿ ਬਾਬਾ ਨਾਨਕ ਨੇ ਜਾਤ ਪਾਤ ਦੇ ਵਿਰੁੱਧ ਬਹੁਤ ਬੋਲਿਆ ਅਤੇ ਬ੍ਰਾਹਮਣਾਂ ਨੂੰ ਇਸ ਦੇ ਲਈ ਮਿਹਣੇ ਵੀ ਦਿੱਤੇ, ਪਰ ਪਿਛੋਂ ਉਨ੍ਹਾਂ ਦੀ ਆਪਣੀ ਹੀ ਔਲਾਦ ਸਭ ਤੋਂ ਵੱਡੀ ਜਾਤ ਬਣ ਗਈ। ਇੰਨੀ ਉੱਚੀ ਜਾਤ ਕਿ ਬੇਦੀ (ਬਾਬਾ ਨਾਨਕ ਦੀ ਆਲ-ਔਲਾਦ) ਨਾ ਆਪਣੀਆਂ ਕੁੜੀਆਂ ਨੂੰ ਦੂਜੀ ਕੁਲ ਵਿਚ ਦੇਣਾ ਚਾਹੁੰਦੇ ਸਨ ਅਤੇ ਨਾ ਦੂਜੀ ਕੁਲ ਵਾਲੇ ਲੈਣਾ ਹੀ ਚਾਹੁੰਦੇ ਸਨ। ਲੋਕ ਸਮਝਦੇ ਸਨ ਕਿ ਗੁਰੂ ਦੇ ਵੰਸ਼ ਦੀ ਕੁੜੀ ਨੂੰ ਲੈ ਕੇ ਦੁਨੀਆ ਵਿਚ ਹੀ ਨਿਰਵੰਸ਼ ਹੋ ਜਾਣਾ ਪਵੇਗਾ, ਮਰਨ ਦੇ ਬਾਅਦ ਯਮਰਾਜ ਡੰਡਾ ਲੈ ਕੇ ਤਾਂ ਬੈਠਾ ਹੀ ਹੈ। ਕਹਾਵਤ ਹੈ, "ਕਿਸੇ ਘਰ ਵਿਚ ਬੇਦੀ ਕੁੜੀ ਨੂੰਹ ਬਣ ਕੇ ਗਈ, ਨਾਰਾਜ਼ਗੀ ਵਿਚ ਸੱਸ ਦੇ ਲਈ ਮੂੰਹ ਵਿਚੋਂ ਨਿਕਲ ਗਿਆ 'ਫਿਟੇ ਮੂੰਹ'। ਫਿਰ ਕੀ ਸੀ, ਸੱਸ ਪਾਗਲ ਹੋ 'ਫਿਟੇ ਮੂੰਹ' 'ਫਿਟੇ ਮੂੰਹ' ਹੀ ਬਕਣ ਲੱਗੀ। ਇਸ ਸਭ ਦਾ ਇਹ ਨਤੀਜਾ ਹੋਇਆ ਕਿ ਬੇਦੀਆਂ ਵਿਚ ਧੀਆਂ ਦੇ ਜਨਮ ਲੈਣ ਨੂੰ ਹੀ ਬੁਰਾ ਨਹੀਂ ਸਮਝਿਆ ਜਾਣ ਲੱਗਾ, ਸਗੋਂ ਉਨ੍ਹਾਂ ਨੂੰ ਜੰਮਦੇ ਹੀ ਮਾਰ ਦੇਣ ਦਾ ਰਿਵਾਜ਼ ਚੱਲ ਪਿਆ। ਹਾਲੇ ਪਿਛਲੀ ਸ਼ਤਾਬਦੀ ਦੇ ਅੰਤ ਤੱਕ ਬੇਦੀਆਂ ਵਿਚ ਕੁੜੀਆਂ ਨੂੰ ਜਿਊਣ ਨਹੀਂ ਦਿੱਤਾ ਜਾਂਦਾ ਸੀ। ਲਾਰਡ ਡਲਹੌਜੀ ਨੇ ਕੁੜੀਆਂ ਦੀ ਹੱਤਿਆ ਬੰਦ ਕਰਨ ਦੀ ਜੋ ਯੋਜਨਾ ਬਣਾਈ ਸੀ, ਉਸ ਵਿਚ ਕੁੜੀ ਜ਼ਿੰਦਾ ਰੱਖਣ ਵਾਲੇ ਪਿਤਾ ਨੂੰ ਜਗੀਰ ਦਿੱਤੀ ਜਾਂਦੀ ਸੀ। ਸਾਡੇ ਨੌਜਵਾਨ ਬੇਦੀ ਦੇ ਘਰ ਵਿਚ 1870 ਦਾ ਸਰਟੀਫ਼ਿਕੇਟ ਹੈ, ਜਿਸ ਵਿਚ ਕਿਸੇ ਕੁੜੀ ਨੂੰ ਜ਼ਿੰਦਾ ਰੱਖਣ ਦੇ ਲਈ ਜਗੀਰ ਦੇਣ ਦਾ ਚਰਚਾ ਹੈ।

ਡੇਰਾ ਬਾਬਾ ਨਾਨਕ ਦੇ ਬੇਦੀ ਸਿਰਫ਼ ਗੁਰੂ ਹੀ ਨਹੀਂ ਹੈ, ਸਗੋਂ ਉਹ ਸਦਾ ਤੋਂ ਵੀਰ-ਬਹਾਦੁਰ ਵੀ ਹੁੰਦੇ ਆਏ ਹਨ। ਮਹਾਰਾਜਾ ਰਣਜੀਤ ਸਿੰਘ ਦੇ ਇਕ ਸੈਨਾਪਤੀ ਜਨਰਲ ਅਤਰ ਸਿੰਘ ਬੇਦੀ ਸਨ। ਜਦੋਂ ਬੇਦੀਆਂ ਨੂੰ ਬਾਹਰ ਲੜਾਈ ਲੜਨ ਦਾ ਮੌਕਾ ਨਹੀਂ ਸੀ ਮਿਲਦਾ, ਤਾਂ ਉਹ ਇਕ ਦੂਜੇ ਦੀ ਧੌਣ ਉੱਤੇ ਹੀ ਆਪਣੀ ਤਲਵਾਰ ਦੀ ਸ਼ਾਨ

ਪਰਖਿਆ ਕਰਦੇ ਸਨ। ਮਹਾਰਾਜਾ ਰਣਜੀਤ ਸਿੰਘ ਨੂੰ "ਯਦੂਵੰਸ਼ੀਆਂ" ਦੀ ਇਸ ਕਲ੍ਹਾ ਨਾਲ ਬਹੁਤ ਦੁੱਖ ਹੋਇਆ। ਇਕ ਵਾਰ ਉਹ ਡੇਰਾ ਬਾਬਾ ਨਾਨਕ ਆਏ। ਦਰਬਾਰ ਸਾਹਿਬ ਦੇ ਦਰਸ਼ਨ ਕੀਤੇ, ਗੁਰੂ ਦੀ ਸੰਤਾਨ ਦੇ ਪ੍ਰਤੀ ਸਨਮਾਨ ਜ਼ਾਹਰ ਕੀਤਾ। ਬੇਦੀ ਮੁਖੀਆਂ ਨੂੰ ਨਾਲ ਲੈ ਕੇ ਮੀਲ ਕੁ ਟਹਿਲਣ ਗਏ ਅਤੇ ਉਨ੍ਹਾਂ ਨੂੰ ਸਮਝਾਇਆ, ਜੇ ਤੁਸੀਂ ਸਾਡੇ ਗੁਰੂ ਲੋਕ ਹੀ ਇਸ ਤਰ੍ਹਾਂ ਆਪਸ ਵਿਚ ਲੜਾਈ ਫ਼ਸਾਦ ਕਰਦੇ ਰਹੋਗੇ, ਤਾਂ ਦੁਨੀਆ ਦੇ ਦੂਜੇ ਲੋਕਾਂ ਤੋਂ ਕੀ ਆਸ ਕੀਤੀ ਜਾ ਸਕਦੀ ਹੈ। ਰਣਜੀਤ ਸਿੰਘ ਨੂੰ ਇੰਜ ਲੱਗ ਰਿਹਾ ਸੀ ਕਿ ਉਸ ਦੀ ਗੱਲ ਦਾ ਅਸਰ ਹੋ ਰਿਹਾ ਹੈ। ਇਸ ਵਿਚਕਾਰ ਹੀ ਕਿਸੇ ਮਾਮੂਲੀ ਗੱਲ ਉੱਤੇ ਬੋਲ-ਬੁਲਾਰਾ ਹੋ ਗਿਆ ਅਤੇ ਫਿਰ ਤਲਵਾਰਾਂ ਨਿਕਲ ਆਈਆਂ। ਹਾਥੀਆਂ ਦੇ ਹੌਦੇ ਇਕ ਦੂਜੇ ਉੱਤੇ ਸੁੱਟੇ ਗਏ। ਰਣਜੀਤ ਸਿੰਘ ਹੱਕਾ-ਬੱਕਾ ਵੇਖਦਾ ਰਹਿ ਗਿਆ। ਉਨ੍ਹਾਂ ਨੇ ਗ੍ਰੰਥ ਸਾਹਿਬ ਦੇ ਸਾਹਮਣੇ ਮੱਥਾ ਟੇਕ ਕੇ ਕਿਹਾ, "ਬਾਬਾ, ਤੁਹਾਡੇ ਵਿਚਕਾਰ ਪੈਣਾ ਮੇਰੀ ਗੁਸਤਾਖ਼ੀ ਸੀ। ਆਪਣਿਆਂ ਦੇ ਝਗੜੇ ਦਾ ਫ਼ੈਸਲਾ ਤੁਸੀਂ ਹੀ ਕਰੋ।" ਲਾਹੌਰ ਜਾ ਕੇ ਰਣਜੀਤ ਸਿੰਘ ਨੇ ਫ਼ਰਮਾਨ ਜਾਰੀ ਕਰ ਦਿੱਤਾ ਕਿ ਡੇਰੇ ਦੇ ਬਾਰਾਂ ਮੀਲ ਚਾਰੇ ਪਾਸੇ ਦਾ ਪ੍ਰਬੰਧ ਬੇਦੀ ਲੋਕ ਕਰਨਗੇ; ਸਾਡੇ ਅਫ਼ਸਰਾਂ ਨੂੰ ਉਸ ਵਿਚ ਕੋਈ ਦਖ਼ਲ ਨਹੀਂ ਦੇਣਾ ਚਾਹੀਦਾ ਹੈ, ਅਫ਼ਸਰ ਦੇ ਦਖ਼ਲ ਦੇਣ ਉੱਤੇ ਜੇ ਕੁਝ ਹੋਇਆ, ਤਾਂ ਸਾਰੀ ਜ਼ਿੰਮੇਵਾਰੀ ਅਫ਼ਸਰ ਦੀ ਹੋਵੇਗੀ।

ਪਿਛਲੀ ਸ਼ਤਾਬਦੀ ਦੇ ਅੱਧ ਤੱਕ ਇਕ ਹੀ ਜਾਤ ਦੇ ਹਿੰਦੂ ਅਤੇ ਸਿੱਖਾਂ ਵਿਚ ਵਿਆਹ ਬੰਦ ਹੋ ਗਿਆ ਸੀ। ਕਪੂਰਥਲਾ ਰਿਆਸਤ ਦੇ ਦੀਵਾਨ ਰਾਮਯਸ਼ ਨੇ ਪੰਜਾਬ ਦੇ ਹਿੰਦੂਆਂ ਦੀ ਕਾਨਫ਼ਰੰਸ ਬੁਲਾਈ, ਜਿਸ ਵਿਚ ਉਸ ਨੇ ਇਸ ਸੁਧਾਰ ਉੱਤੇ ਜ਼ੋਰ ਦਿੱਤਾ ਕਿ ਹਿੰਦੂ ਅਤੇ ਸਿੱਖਾਂ ਵਿਚ ਵਿਆਹ ਸ਼ਾਦੀ ਹੋਣੀ ਚਾਹੀਦੀ ਹੈ। ਕਿਸੇ ਨੇ ਦੀਵਾਨ ਸਾਹਿਬ ਨੂੰ ਚੈਲੇਂਜ ਦਿੱਤਾ, "ਹਿੰਮਤ ਹੈ, ਤਾਂ ਆਪਣੇ ਘਰ ਤੋਂ ਹੀ ਕਿਉਂ ਨਹੀਂ ਸ਼ੁਰੂ ਕਰਦੇ।" ਦੀਵਾਨ ਸਾਹਿਬ ਦੇ ਮਨ ਨੂੰ ਗੱਲ ਲੱਗ ਗਈ। ਨਾਈ ਨੇ ਯੋਗ ਘਰ ਲੱਭਦੇ-ਲੱਭਦੇ ਦਸ ਸਾਲ ਦੇ ਈਸ਼ਵਰ ਦਾਸ (ਮੌਤ 1922) ਨੂੰ ਸਕੂਲ ਵਿਚ ਪੜ੍ਹਦੇ ਵੇਖਿਆ। ਦੀਵਾਨ ਨੇ ਈਸ਼ਵਰ ਦਾਸ ਨਾਲ ਆਪਣੀ ਕੁੜੀ ਫੂਲ ਚੰਬੀ (ਵਿਆਹ ਦਾ ਨਾਮ ਫੂਲ ਕੌਰ) ਦਾ ਵਿਆਹ ਕਰ ਦਿੱਤਾ। ਈਸ਼ਵਰ ਦਾਸ ਦੇ ਦਾਦਾ ਕੇਸ ਦਾੜ੍ਹੀ ਦੋਵੇਂ ਰੱਖਦੇ ਸਨ। ਪਿਤਾ ਨੇ ਸਿਰ ਦਾ ਬੋਝ ਹਲਕਾ ਕਰ ਦਿੱਤਾ ਸੀ ਅਤੇ ਸਿਰਫ਼ ਦਾੜ੍ਹੀ ਉੱਤੇ ਹੀ ਸੰਤੋਖ ਕੀਤਾ ਸੀ। ਈਸ਼ਵਰ ਦਾਸ ਨੇ ਯੂਨੀਵਰਸਿਟੀ ਦੀ ਪ੍ਰੀਖਿਆ (1905 ਵਿਚ) ਪਾਸ ਕਰਕੇ ਕਪੂਰਥਲਾ ਕਾਲਜ ਵਿਚ ਵਿਗਿਆਨ ਦੀ ਪ੍ਰੋਫ਼ੈਸਰੀ ਕਰ ਲਈ। ਰਸਾਇਣ ਸ਼ਾਲਾ ਵਿਚ ਕਿਸੇ ਪ੍ਰਯੋਗ ਵਿਚ ਸ਼ੀਸ਼ੇ ਦੀ ਨਲੀ ਫਟ ਗਈ, ਜਿਸ ਦੇ ਨਾਲ ਉਸ ਦੀ ਸਿਹਤ ਖ਼ਰਾਬ ਹੋ ਗਈ ਅਤੇ ਬੀਮਾਰੀ ਦੇ ਕਾਰਨ ਕਾਲਜ ਛੱਡ ਦੇਣਾ ਪਿਆ। ਫਿਰ ਉਸ ਨੇ ਸਰਕਾਰੀ ਨੌਕਰੀ ਕਰ ਲਈ ਅਤੇ ਤਹਿਸੀਲਦਾਰ ਬਣ ਗਏ।

ਈਸ਼ਵਰ ਦਾਸ ਅਤੇ ਉਸ ਦੀ ਧਰਮ ਪਤਨੀ ਫੂਲ ਕੌਰ ਨੂੰ 5 ਅਪ੍ਰੈਲ 1909 ਨੂੰ ਦੂਜਾ ਪੁੱਤਰ ਪੈਦਾ ਹੋਇਆ ਜਿਸ ਦਾ ਨਾਮ ਪਿਆਰੇ ਲਾਲ ਰੱਖਿਆ ਗਿਆ- ਗੁਰੂ ਨਾਨਕ ਦੇ ਵੰਸ਼ਜ ਹੋਣ ਕਾਰਨ ਦੋ ਸ਼ਬਦ ਹੋਰ ਮਿਲੇ ਅਤੇ ਲੋਕ ਮੁੰਡੇ ਨੂੰ ਬਾਬਾ ਪਿਆਰੇ ਲਾਲ ਬੇਦੀ ਕਹਿਣ ਲੱਗੇ, ਜੋ ਅੰਗਰੇਜ਼ੀ ਦੀ ਪੜ੍ਹਾਈ ਵਿਚ ਪੁੱਜ ਕੇ ਬੀ. ਪੀ. ਐਲ. ਬੇਦੀ ਬਣ ਗਿਆ। ਪਿਤਾ ਅਨੁਸ਼ਾਸਨ ਦੇ ਬਹੁਤ ਸਖ਼ਤ ਸਨ। ਤਾਸ਼ ਖੇਡਣਾ ਤਾਂ ਵੇਖ ਵੀ ਨਹੀਂ ਸਕਦੇ ਸਨ। ਹਾਂ, ਜਦੋਂ ਪ੍ਰੀਖਿਆ ਖ਼ਤਮ ਹੋ ਜਾਂਦੀ ਤਾਂ ਦਿਨ ਰਾਤ ਤਾਸ਼ ਖੇਡਣ ਦੀ ਛੁੱਟੀ ਸੀ ਅਤੇ ਆਪ ਉਸ ਵਿਚ ਸ਼ਾਮਿਲ ਹੁੰਦੇ ਸਨ। ਧਰਮ ਦੇ ਬਾਰੇ ਵਿਚ ਉਹ ਬਹੁਤ ਉਦਾਰ ਸਨ ਅਤੇ ਬੇਦੀ ਨੂੰ ਕਦੇ ਧਾਰਮਿਕ ਸਿੱਖਿਆ ਘਰ ਵਿਚ ਨਹੀਂ ਦਿੱਤੀ ਗਈ। ਸਕੂਲ ਵਿਚ ਕਿਸੇ ਮਾਸਟਰ ਨੇ ਦੂਜੇ ਮੁੰਡੇ ਦਾ ਪੱਖ ਲੈ ਕੇ ਬਹਿਸ ਕਰਦੇ ਵੇਖ ਪੁੱਛ ਲਿਆ, "ਤੂੰ ਆਰੀਆ ਸਮਾਜੀ ਹੈਂ ?" ਬੇਦੀ ਨੂੰ ਕੋਈ ਜਵਾਬ ਨਹੀਂ ਆਇਆ। ਪੁੱਛਣ ਉੱਤੇ ਪਿਤਾ ਨੇ ਦੱਸਿਆ, "ਨਹੀਂ, ਨਾ ਤੂੰ ਆਰੀਆ ਸਮਾਜੀ ਹੈਂ, ਨਾ ਸਿੱਖ, ਨਾ ਸਨਾਤਨੀ; ਤੂੰ ਮਨੁੱਖ ਹੈਂ।" ਪਿਤਾ ਦਾ ਆਪਣੇ ਮੁਸਲਮਾਨ ਦੋਸਤਾਂ ਨਾਲ ਬਹੁਤ ਸੁਭਾਵਿਕ ਅਤੇ ਖੁੱਲ੍ਹਾ ਡੁੱਲਾ ਸੰਬੰਧ ਸੀ, ਉਹ ਉਨ੍ਹਾਂ ਦੇ ਤਿਉਹਾਰਾਂ ਵਿਚ ਉਸੇ ਤਰ੍ਹਾਂ ਸ਼ਾਮਿਲ ਹੁੰਦੇ ਜਿਵੇਂ ਆਪਣੇ ਤਿਉਹਾਰਾਂ ਵਿਚ। ਮਾਤਾ ਫੂਲ ਕੌਰ (ਉਮਰ 58 ਸਾਲ) ਦਾ ਪੁੱਤਰਾਂ ਨਾਲ ਬਹੁਤ ਪਿਆਰ ਸੀ। ਪਰ ਨਾਲ ਹੀ ਉਨ੍ਹਾਂ ਵਿਚ ਗੰਭੀਰਤਾ ਵੀ ਬਹੁਤ ਸੀ। ਫੂਲ ਕੌਰ ਦੀ ਨੂੰਹ ਫ੍ਰੈਡਾ ਨੇ ਆਪਣੀ ਸੱਸ ਦਾ ਇਕ ਬਹੁਤ ਸੁੰਦਰ ਸ਼ਬਦ ਚਿੱਤਰ 'ਮਾਤ੍ਰ ਸ਼ਾਹ ਦਾ ਚਿੱਤਰ' (Behind The Mud Walls, p.10-20) ਦੇ ਨਾਮ ਨਾਲ ਲਿਖਿਆ

ਹੈ। ਸ਼ਰਾਰਤ ਕਰਨ ਉੱਤੇ ਉਹ ਕਦੀ ਕਦੀ ਕੁੱਟਦੀ ਵੀ ਸੀ, ਪਰ ਆਪਣੀ ਕਮਜ਼ੋਰੀ ਨੂੰ ਲੁਕਾਉਣ ਦੇ ਲਈ ਨਹੀਂ। ਉਨ੍ਹਾਂ ਨੇ ਉਰਦੂ, ਗੁਰਮੁਖੀ, ਥੋੜ੍ਹੀ ਹਿੰਦੀ ਪੜ੍ਹੀ ਸੀ; ਪਰ ਨਵੀਂ ਦੁਨੀਆ ਦੇ ਨਵੇਂ ਵਿਚਾਰਾਂ ਤੋਂ ਕੁੜ੍ਹ ਮਰਨਾ ਕਦੇ ਨਹੀਂ ਸਿੱਖਿਆ। ਹਾਲਾਂਕਿ ਉਨ੍ਹਾਂ ਦੀ ਸ਼ਰਧਾ ਧਰਮ ਉੱਤੇ ਬਹੁਤ ਪੱਕੀ ਰਹੀ, ਪਰ ਫੂਲ ਕੌਰ ਮੁਸਲਮਾਨਾਂ ਅਤੇ ਈਸਾਈਆਂ ਦੇ ਸੰਬੰਧ ਵਿਚ ਕੱਟੜਤਾ ਨਹੀਂ ਵਿਖਾਉਂਦੀ ਸੀ। ਸ਼ਾਇਦ ਇਸ ਵਿਚ ਪਿਤਾ ਅਤੇ ਪਤੀ ਦਾ ਅਸਰ ਸੀ। ਵਲਾਇਤ ਵਿਚੋਂ ਜਦੋਂ ਬੇਦੀ ਨੇ ਅੰਗਰੇਜ਼ ਕੁੜੀ ਨਾਲ ਵਿਆਹ ਕਰਨ ਦੇ ਬਾਰੇ 'ਚ ਮਾਂ ਦੀ ਆਗਿਆ ਮੰਗੀ, ਤਾਂ ਮਾਂ ਨੇ ਲਿਖਿਆ ਸੀ, "ਪਿਤਾ ਨੇ ਤੁਸਾਂ ਦੋਵਾਂ ਭਰਾਵਾਂ ਨੂੰ ਬਚਾ ਛੱਡਿਆ ਸੀ। ਭਾਰਤ ਅਤੇ ਵਲਾਇਤ ਵਿਚ ਜੋ ਚੰਗੀ ਤੋਂ ਚੰਗੀ ਸਿੱਖਿਆ ਹੋ ਸਕਦੀ ਹੈ, ਉਸ ਨੂੰ ਦਵਾਉਣਾ ਮੈਂ ਆਪਣਾ ਫ਼ਰਜ਼ ਸਮਝਿਆ ਅਤੇ ਉਹ ਪੂਰਾ ਹੋ ਗਿਆ। ਮੈਂ ਸਮਝਦੀ ਹਾਂ, ਤੂੰ ਆਪਣੀ ਜ਼ਿੰਮੇਵਾਰੀ ਸਮਝਦਾ ਹੈਂ। ਤੇਰੇ ਇਰਾਦੇ ਨਾਲ ਮੈਂ ਖ਼ੁਸ਼ ਹਾਂ ਅਤੇ ਮੁਬਾਰਕਬਾਦ ਦਿੰਦੀ ਹਾਂ।" ਫੂਲ ਕੌਰ ਨੇ ਉਸ ਸਮੇਂ ਹਨੇਰੇ ਵਿਚ ਹੀ ਛਲਾਂਗ ਮਾਰੀ ਸੀ। ਉਨ੍ਹਾਂ ਨੂੰ ਕੀ ਪਤਾ ਸੀ ਕਿ ਨੂੰਹ ਫ੍ਰੈਡਾ ਹੀ ਉਨ੍ਹਾਂ ਦੀ ਸਭ ਤੋਂ ਪਿਆਰੀ ਨੂੰਹ ਹੋਵੇਗੀ। ਬੇਦੀ ਨੇ ਵਲਾਇਤ ਜਾਣ ਤੋਂ ਪਹਿਲਾਂ ਕਪੂਰਥਲਾ ਵਿਚ ਜਾ ਕੇ ਜਦੋਂ ਮਾਂ ਦੇ ਪੈਰ ਛੂਹੇ ਤਾਂ ਮਾਂ ਨੇ ਸਿਰਫ਼ ਇੰਨਾ ਹੀ ਕਹਿ ਕੇ ਵਿਦਾਈ ਦਿੱਤੀ, "ਪੁੱਤਰ, ਮੇਰੇ ਦੁੱਧ ਦੀ ਲਾਜ ਰੱਖਣੀ।" ਮਾਂ ਨੇ ਕਦੀ ਉਪਦੇਸ਼ ਦੁਆਰਾ ਸਿੱਖਿਆ ਦੇਣ ਦਾ ਯਤਨ ਨਹੀਂ ਕੀਤਾ, ਉਨ੍ਹਾਂ ਦੀ ਸਿੱਖਿਆ ਆਚਰਣ ਦੁਆਰਾ ਹੁੰਦੀ ਸੀ।

**ਬਚਪਨ** : ਬੇਦੀ ਦੀ ਸਭ ਤੋਂ ਪੁਰਾਣੀ ਯਾਦ ਤਿੰਨ ਸਾਲ ਦੀ ਉਮਰ ਦੀ ਹੈ। ਮਾਲੀ ਨਮਾਜ਼ ਪੜ੍ਹ ਰਿਹਾ ਸੀ। ਜਦੋਂ ਸਿਜਦੇ ਦੇ ਲਈ ਉਹ ਸਿਰ ਨੂੰ ਧਰਤੀ ਉੱਤੇ ਰੱਖਦਾ ਤਾਂ ਪਿਆਰੇ ਲਾਲ ਉਸ ਦੀ ਪਿੱਠ ਉੱਤੇ ਚੜ੍ਹ ਜਾਂਦਾ ਅਤੇ ਉਠ ਬੈਠਣ ਦੇ ਵੇਲੇ ਉਤਰ ਜਾਂਦਾ। ਸਾਰੀ ਨਮਾਜ਼ ਵਿਚ ਉਹ ਇੰਜ ਹੀ ਕਰਦਾ ਰਿਹਾ। ਪਿਤਾ ਦੇ ਪੁੱਛਣ 'ਤੇ ਬੋਲਿਆ, "ਇਹ ਘੋੜਾ ਬਣਦਾ, ਮੈਂ ਚੜ੍ਹ ਜਾਂਦਾ।" ਬੇਦੀ ਦੀ ਸਿਹਤ ਬਚਪਨ ਤੋਂ ਹੀ ਬਹੁਤ ਚੰਗੀ ਰਹੀ। ਚਾਰ ਸਾਲ ਦੀ ਉਮਰ ਤੱਕ ਤਾਂ ਉਸ ਦੇ ਸਰੀਰ ਉੱਤੇ ਮਾਸ 'ਤੇ ਮਾਸ ਚੜ੍ਹਿਆ ਆਉਂਦਾ ਸੀ ਅਤੇ ਉਹ ਆਪਣੇ ਭਾਰ ਨਾਲ ਡਿੱਗ ਪੈਂਦਾ ਸੀ। ਫਿਰ ਪਤਲਾ ਹੋਣ ਲੱਗਾ ਤਾਂ ਇਸ ਦੇ ਲਈ ਘਰ ਵਾਲੇ ਸ਼ਰਮ ਮਹਿਸੂਸ ਕਰਨ ਲੱਗੇ। ਨੌਂ ਸਾਲ ਦੀ ਉਮਰ (1918) ਵਿਚ ਟਾਈਫ਼ਾਈਡ ਹੋ ਗਿਆ। ਇੰਜ ਲੱਗਦਾ ਹੈ, ਅੰਦਰ ਬੈਠੀ ਸਾਰੀ ਗਰਮੀ ਨਿਕਲ ਗਈ ਅਤੇ ਉਦੋਂ ਤੋਂ ਬੇਦੀ ਸਦਾ ਦੇ ਲਈ ਤੰਦਰੁਸਤ ਹੋ ਗਿਆ। ਇਕ ਤੰਦਰੁਸਤ ਮੁੰਡੇ ਦੀ ਤਰ੍ਹਾਂ ਬੇਦੀ ਨੂੰ ਖੇਡਣ ਦਾ ਬਹੁਤ ਸ਼ੌਕ ਸੀ– ਗੁੱਲੀ ਡੰਡਾ, ਖਿਦੋ ਖੂੰਡੀ (ਦੇਸੀ ਹਾਕੀ) ਬਹੁਤ ਖੇਡਦਾ। ਤੈਰਨਾ ਤਾਂ ਇੰਜ ਲੱਗਦਾ ਹੈ, ਹੋਸ਼ ਸੰਭਾਲਣ ਤੋਂ ਪਹਿਲਾਂ ਹੀ ਸਿੱਖ ਲਿਆ ਸੀ। ਘੋੜਸਵਾਰੀ ਵੀ ਉਸੇ ਸਮੇਂ ਸਿੱਖ ਲਈ ਸੀ ਅਤੇ ਇਸ ਪ੍ਰਕਾਰ ਉਹ ਰਣਜੀਤ ਸਿੰਘ ਦੇ ਬੇਦੀਆਂ ਦੀ ਕਤਾਰ ਵਿਚ ਹਿੰਮਤ ਦੇ ਨਾਲ ਬੈਠ ਸਕਦਾ ਸੀ।

ਬੇਦੀ ਕਹਾਣੀਆਂ ਵੀ ਬਹੁਤ ਸੁਣਿਆ ਕਰਦਾ ਸੀ। ਜਦੋਂ ਅੱਖਾਂ ਝਪਕਣ ਲੱਗਦੀਆਂ ਤਾਂ ਠੰਡਾ ਪਾਣੀ ਮਾਰ ਲੈਂਦਾ। ਬੁੱਢਾ ਬ੍ਰਾਹਮਣ ਦਿਨ ਵਿਚ ਵੀ ਕਹਾਣੀ ਸੁਣਾਉਣ ਦੇ ਲਈ ਜ਼ਿਦ ਕਰਨ ਉੱਤੇ ਕਹਿ ਦਿੰਦਾ, "ਨਹੀਂ, ਦਿਨ ਵਿਚ ਨਹੀਂ, ਨਹੀਂ ਤਾਂ ਰਾਹੀ ਰਸਤਾ ਭੁੱਲ ਜਾਣਗੇ।" ਬੇਦੀ ਬੜੀ ਉਤਸੁਕਤਾ ਨਾਲ ਰਾਤ ਦੇ ਆਉਣ ਦੀ ਉਡੀਕ ਕਰਦਾ। ਦੋਵਾਂ ਭਰਾਵਾਂ ਵਿਚ ਸਾਢੇ ਤਿੰਨ ਸਾਲ ਦਾ ਅੰਤਰ ਸੀ। ਬੇਦੀ ਵਾਂਗ ਹੀ ਤਿਰਲੋਚਨ ਵੀ ਮਜ਼ਬੂਤ ਸੀ; ਪਰ ਦੋਵੇਂ ਬੇਦੀ ਜੋ ਹੋਏ, ਫਿਰ ਬਚਪਨ ਵਿਚ ਤਾਂ ਘੱਟ ਤੋਂ ਘੱਟ ਬੇਦੀਆਂ ਦਾ ਧਰਮ ਪਾਲਣ ਕਰ ਲੈਣਾ ਚਾਹੀਦਾ ਹੈ। ਮਾਮੂਲੀ ਗੱਲ ਉੱਤੇ ਹੀ ਲੜ ਪੈਂਦੇ। ਕੁਸ਼ਤੀ ਹੁੰਦੀ ਸੋ ਹੁੰਦੀ ਹੀ, ਕਦੀ ਕਦਾਈਂ ਤਾਂ ਛੁਰੀ ਵੀ ਚਲ ਜਾਂਦੀ। ਖ਼ੂਨ ਵਹਿਣ ਲੱਗਦਾ ਤਾਂ ਲੂਣ ਲਗਾ ਕੇ ਦਵਾਈ ਦਾਰੂ ਕਰ ਲੈਂਦੇ, ਪਰ ਮਾਂ ਪਿਓ ਨੂੰ ਕੰਨੋ ਕੰਨ ਖ਼ਬਰ ਨਹੀਂ ਸੀ ਹੋਣ ਦਿੰਦੇ। ਉਸ ਸਮੇਂ ਦੇ ਕੁਝ ਦਾਗ਼ ਹੁਣ ਵੀ ਬੇਦੀ ਦੇ ਹੱਥਾਂ ਉੱਤੇ ਮੌਜੂਦ ਹਨ। ਭੂਤਾਂ ਪ੍ਰੇਤਾਂ ਦੀਆਂ ਕਹਾਣੀਆਂ ਬੇਦੀ ਨੂੰ ਪਸੰਦ ਆਉਂਦੀਆਂ ਸਨ, ਦਿਲਚਸਪੀ ਦੇ ਕਾਰਨ ਭੂਤ ਪ੍ਰੇਤ ਦਾ ਡਰ ਨਹੀਂ ਲੱਗਦਾ ਸੀ। ਡੇਰੇ ਵਿਚ ਚੁਰਾਹੇ ਦੇ ਕੋਲ ਇਕ ਰੁੱਖ ਉੱਤੇ ਚੁੜੇਲ ਦੇ ਹੋਣ ਦੀ ਗੱਲ ਕਹੀ ਜਾਂਦੀ ਸੀ। ਬੇਦੀ ਨੇ ਰਾਤ ਨੂੰ ਉਥੇ ਜਾ-ਜਾ ਕੇ ਚੁੜੇਲ ਵੇਖਣ ਦੀ ਬਹੁਤ ਵਾਰ ਕੋਸ਼ਿਸ਼ ਕੀਤੀ ਸੀ।

ਹੁਣ (1913 ਵਿਚ) ਬੇਦੀ 4 ਸਾਲ ਦਾ ਹੋਇਆ ਤਾਂ ਦਾਦਾ ਉਸ ਨੂੰ ਨਾਲ ਲੈ ਕੇ ਸਕੂਲ ਛੱਡ ਆਏ। ਪਰ, ਇਕ ਦਰਵਾਜ਼ੇ ਵਿਚੋਂ ਦਾਦਾ ਸਕੂਲ ਵਿਚੋਂ ਨਿਕਲਿਆ ਅਤੇ ਦੂਜੇ ਵਿਚੋਂ ਬੇਦੀ ਨੇ ਨਿਕਲ ਕੇ ਦਾਦੇ ਦੀ ਉਂਗਲ ਜਾ ਫੜੀ।

ਕਈ ਦਿਨ ਅਜਿਹਾ ਹੀ ਹੁੰਦਾ ਰਿਹਾ। ਬੇਦੀ ਨੇ ਕਹਿ ਦਿੱਤਾ, ਜਿੰਨੀ ਦੇਰ ਬਾਬਾ ਬੈਠਣਗੇ, ਓਨੀ ਹੀ ਦੇਰ ਮੈਂ ਵੀ ਬੈਠਾਂਗਾ। ਬਾਬਾ ਦਿਨ ਭਰ ਤਾਂ ਸਕੂਲ ਵਿਚ ਬੈਠ ਨਹੀਂ ਸਕਦੇ ਸਨ। ਘਰ ਦਾ ਪੁਰੋਹਿਤ ਸਕੂਲ ਵਿਚ ਵੀ ਮਾਸਟਰ ਸੀ, ਉਹ ਹੀ ਘਰ ਵਿਚ ਪੜ੍ਹਾਉਣ ਦੇ ਲਈ ਆਉਣ ਲੱਗਾ। ਪਰ ਬੇਦੀ ਉਸ ਸਮੇਂ ਮੰਜੇ ਉੱਤੇ ਕੁੱਦਦਾ ਰਹਿੰਦਾ, ਕਿਤਾਬ ਪੜ੍ਹੇ ਬੇਦੀ ਦੀ ਬਲਾ। ਕੁਝ ਸਮੇਂ ਬਾਅਦ ਪਿਤਾ ਛੁੱਟੀ ਉੱਤੇ ਘਰ ਆਏ। ਬੇਦੀ ਦੀ ਸਮੱਸਿਆ ਉਨ੍ਹਾਂ ਦੇ ਸਾਹਮਣੇ ਰੱਖੀ ਗਈ। ਦੋ ਚਾਰ ਦਿਨ ਬਾਅਦ ਪਿਤਾ ਨੇ ਮਾਂ, ਪੁਰੋਹਿਤ ਅਤੇ ਬੇਦੀ ਨੂੰ ਬੁਲਾਇਆ, ਫਿਰ ਦੂਜਿਆਂ ਨੂੰ ਝਿੜਕ ਕੇ ਕਹਿਣਾ ਸ਼ੁਰੂ ਕੀਤਾ, "ਤੁਸੀਂ ਲੋਕ ਕਿਉਂ ਇਸ ਨੂੰ ਪੜ੍ਹਾਉਂਦੇ ਹੋ। ਇਹ ਠੀਕ ਕਰਦਾ ਹੈ। ਇਸ ਨੂੰ ਨਹੀਂ ਪੜ੍ਹਾਇਆ ਜਾਵੇਗਾ। ਸਾਡੇ ਘਰ ਵਿਚ ਇੰਨੀਆਂ ਗਾਂਵਾਂ, ਮੱਝਾਂ, ਘੋੜੇ ਹਨ, ਇਨ੍ਹਾਂ ਨੂੰ ਕੌਣ ਚਾਰੇਗਾ? ਕੌਣ ਇਨ੍ਹਾਂ ਦੇ ਲਈ ਪੱਠੇ ਵੱਢੇਗਾ? ਤੁਸੀਂ ਲੋਕ ਸਾਡਾ ਘਰ ਚੌਪਟ ਕਰ ਦੇਣਾ ਚਾਹੁੰਦੇ ਹੋ। ਖ਼ਬਰਦਾਰ, ਜੇ ਇਸ ਨੂੰ ਪੜ੍ਹਾਇਆ ਤਾਂ। ਇਸ ਦੇ ਲਈ ਜੋ ਕੰਮ ਹੈ, ਉਹ ਕਰੇਗਾ। ਚੰਗਾ ਪੁੱਤਰ ! ਤੈਨੂੰ ਕੋਈ ਨਹੀਂ ਪੜ੍ਹਾਏਗਾ। ਹੁਣ ਤੂੰ ਆਪਣਾ ਕੰਮ ਕਰ।" ਬੇਦੀ ਵੱਡੀ ਚਿੰਤਾ ਵਿਚ ਪੈ ਗਿਆ। ਉਸ ਦਾ ਵੱਡਾ ਭਰਾ ਸਕੂਲ ਵਿਚ ਬਕਾਇਦਾ ਪੜ੍ਹਨ ਜਾਂਦਾ ਸੀ। ਉਸ ਨੇ ਮਾਲ ਚਰਨ ਵਾਲਿਆਂ ਅਤੇ ਪੱਠੇ ਕੁਤਰਨ ਵਾਲਿਆਂ ਨੂੰ ਵੇਖਿਆ ਸੀ। ਇਹ ਕੰਮ ਕਿੰਨਾ ਔਖਾ ਹੈ, ਇਹ ਉਸ ਨੂੰ ਪਤਾ ਸੀ। ਉਸ ਨੇ ਦੂਜੇ ਦਿਨ ਗਿੜਗਿੜਾ ਕੇ ਮਾਂ ਨੂੰ ਕਿਹਾ, "ਮਾਂ! ਮੈਂ ਤਾਂ ਪੜ੍ਹਾਂਗਾ।" ਫਿਰ ਉਸ ਨੇ ਕਦੇ ਪੜ੍ਹਨ ਤੋਂ ਇਨਕਾਰ ਕਰਨ ਦਾ ਨਾਮ ਨਹੀਂ ਲਿਆ, ਪੰਡਤ ਜੀ ਦੇ ਆਉਂਦਿਆਂ ਹੀ ਕਿਤਾਬ ਲੈ ਕੇ ਬੈਠ ਜਾਂਦਾ। ਦਸ ਸਾਲ ਦੀ ਉਮਰ ਤੱਕ ਉਹ ਘਰ ਵਿਚ ਹੀ ਪੜ੍ਹਦਾ ਰਿਹਾ।

1917 ਵਿਚ ਡੇਰੇ ਦੇ ਡੇਨ ਹਾਈ ਸਕੂਲ (ਜਿਸ ਦੀ ਸਥਾਪਨਾ ਵਿਚ ਦਾਦੇ ਨੇ ਸਭ ਤੋਂ ਜ਼ਿਆਦਾ ਰੁਪਈਏ ਦਿੱਤੇ ਸਨ) ਵਿਚ ਪੰਜਵੇਂ ਦਰਜੇ ਵਿਚ ਨਾਮ ਲਿਖਾਇਆ ਗਿਆ। ਇਤਿਹਾਸ, ਭੂਗੋਲ, ਅੰਗਰੇਜ਼ੀ ਵਿਚ ਦਿਲ ਲੱਗਦਾ ਸੀ, ਅਲਜੈਬਰਾ ਜਿਓਮੈਟਰੀ ਵਿਚ ਚੰਗਾ ਰਹਿੰਦਾ, ਪਰ ਅੰਕਗਣਿਤ ਵਿਚ ਕਿੰਨੀ ਹੀ ਵਾਰ ਸਿਫ਼ਰ ਹਾਸਿਲ ਕਰਨ ਦੀ ਨੌਬਤ ਆਈ। ਛੇਵੇਂ ਦਰਜੇ ਤੋਂ ਫ਼ਾਰਸੀ ਵੀ ਸ਼ੁਰੂ ਹੋ ਗਈ। ਕਵਿਤਾ ਅਤੇ ਗਾਣਾ ਸੁਣਨਾ ਉਸ ਨੂੰ ਬਹੁਤ ਪਸੰਦ ਸੀ। ਲੱਤ ਦੇ ਹੇਠੋਂ ਡੰਡਾ ਸੁੱਟ ਕੇ ਰੁੱਖ ਉੱਤੇ ਚੜ੍ਹਨ ਦੀ ਖੇਡ ਉਸ ਨੂੰ ਬਹੁਤ ਪਸੰਦ ਸੀ। ਅਜਿਹਾ ਉੱਦਮੀ ਅਤੇ ਜ਼ੋਰ ਵਾਲਾ ਮੁੰਡਾ ਤਾਂ ਬਾਲ ਸੈਨਾ ਦਾ ਜਰਨੈਲ ਹੋਣ ਦੇ ਲਈ ਹੀ ਬਣਾਇਆ ਗਿਆ ਸੀ। ਬੇਦੀ ਦੀ ਫ਼ੌਜ ਮਹੰਤਾਂ ਦੇ ਬਾਗ਼ ਵਿਚੋਂ ਫਲ ਚੁਰਾਉਣ ਵਿਚ ਬਹੁਤ ਤੇਜ਼ ਸੀ, ਪਰ ਮਾਲੀ ਕਦੀ ਕਿਸੇ ਨੂੰ ਨਹੀਂ ਫੜ ਸਕਦਾ ਸੀ। ਬੇਦੀ ਦੀ ਉਮਰ ਉਸ ਸਮੇਂ 12-13 ਸਾਲ ਦੀ ਸੀ। ਕਸਬੇ ਵਿਚ ਚੋਰੀਆਂ ਬਹੁਤ ਹੋ ਰਹੀਆਂ ਸਨ। ਬੇਦੀ ਨੇ ਤਰਕੀਬ ਸੋਚੀ। ਹਨ੍ਹੇਰੀ ਰਾਤ ਸੀ। ਰਸਤੇ ਵਿਚ ਥੋੜ੍ਹੀ ਥੋੜ੍ਹੀ ਦੂਰ ਉੱਤੇ ਕਈ ਮੰਜੇ ਵਿਛਾ ਦਿੱਤੇ। ਚੋਰਾਂ ਦੇ ਆਉਣ ਉੱਤੇ ਰੌਲਾ ਮੱਚ ਗਿਆ। ਲੋਕ ਪਿੱਛਾ ਕਰਨ ਲੱਗੇ। ਚੋਰ ਮੰਜਿਆਂ ਨਾਲ ਟਕਰਾ ਕੇ ਡਿੱਗਣ ਲੱਗੇ। ਚੋਰ ਫੜਨ ਵਿਚ ਬੇਦੀ ਪਹਿਲਾ ਸੀ, ਸ਼ਹਿਰ ਵਾਲੇ ਵੀ ਆ ਪਹੁੰਚੇ। ਤਿੰਨ ਚੋਰ ਫੜ ਲਏ ਗਏ। ਕਦੀ ਕਦੀ ਜਦੋਂ ਚਾਚਾ ਬੰਦੂਕ ਲੈ ਕੇ ਪਾਣੀ ਦੀਆਂ ਚਿੜੀਆਂ ਦਾ ਸ਼ਿਕਾਰ ਕਰਨ ਜਾਂਦੇ, ਤਾਂ ਬੇਦੀ ਵੀ ਉਨ੍ਹਾਂ ਦੇ ਨਾਲ ਜਾਂਦਾ।

ਸਾਲ ਭਰ ਡੇਰਾ ਬਾਬਾ ਨਾਨਕ ਪੜ੍ਹਨ ਤੋਂ ਬਾਅਦ ਬੇਦੀ ਪਿਤਾ ਦੇ ਕੋਲ ਲਾਹੌਰ ਚਲਾ ਆਇਆ, ਫਿਰ ਪਿਤਾ ਦੇ ਨਾਲ ਨਾਲ ਉਸ ਦਾ ਸਕੂਲ ਵੀ ਬਦਲਦਾ ਰਿਹਾ। ਗੁਜਰਾਂਵਾਲਾ, ਡਸਕਾ, ਚੂਨੀਆਂ, ਕਪੂਰਥਲਾ ਵਿਚ ਕਿਤੇ ਵੀ ਉਹ ਇਕ ਸਾਲ ਤੋਂ ਵੱਧ ਨਹੀਂ ਪੜ੍ਹਿਆ। ਲਾਹੌਰ ਵਿਚ ਤਿੰਨ ਵਾਰ ਰਿਹਾ, ਜਿਸ ਵਿਚ ਦੋ ਵਾਰ ਸੈਂਟਰਲ ਮਾਡਲ ਸਕੂਲ ਦਾ ਵਿਦਿਆਰਥੀ ਸੀ।

1918 ਵਿਚ ਬੇਦੀ ਦੀ ਉਮਰ ਨੌਂ ਕੁ ਸਾਲ ਦੀ ਹੀ ਸੀ, ਜਦੋਂ ਕਿ ਨਨਕਾਣਾ ਸਾਹਿਬ ਦੇ ਮਹੰਤ ਨੇ ਸਿੱਖਾਂ ਦਾ ਕਤਲੇਆਮ ਕਰਵਾਇਆ ਸੀ। ਬੇਦੀ ਨੂੰ ਇਹ ਘਟਨਾ ਸੁਣ ਕੇ ਬਹੁਤ ਗ਼ੁੱਸਾ ਆਇਆ ਸੀ, ਉਹ ਸੋਚਦਾ ਸੀ ਕਿ ਮਹੰਤ ਬੁਰੇ ਹੁੰਦੇ ਹਨ, ਅਸੀਂ ਉਨ੍ਹਾਂ ਦੇ ਬਗੀਚੇ ਦੇ ਫਲ ਤੋੜ ਕੇ ਖਾਂਦੇ ਸਾਂ ਤਾਂ ਚੰਗਾ ਹੀ ਕਰਦੇ ਸਾਂ।

1922 ਵਿਚ ਪਿਤਾ ਦਾ ਜਦੋਂ ਦੇਹਾਂਤ ਹੋਇਆ ਤਾਂ ਬੇਦੀ ਦੀ ਉਮਰ 13 ਸਾਲ ਦੀ ਸੀ। ਮਾਂ ਨੇ ਬੱਚੇ ਨੂੰ ਹੁਣ ਇਕ ਜਗ੍ਹਾ ਲਾਹੌਰ ਦੇ ਡੀ.ਏ.ਵੀ. ਸਕੂਲ ਵਿਚ ਦਾਖ਼ਲ ਕਰਵਾ ਦਿੱਤਾ; ਜਿਥੋਂ ਉਸ ਨੇ 15 ਸਾਲ ਦੀ ਉਮਰ ਵਿਚ ਮੈਟ੍ਰਿਕ ਪਹਿਲੇ ਦਰਜੇ ਵਿਚ ਪਾਸ ਕੀਤੀ। ਰੱਸਾਕਸੀ, ਕੁਸ਼ਤੀ ਲੜਨ ਅਤੇ ਹਾਕੀ ਵਿਚ ਬੇਦੀ ਬਹੁਤ ਵੱਧ ਚੜ੍ਹ ਕੇ ਹਿੱਸਾ ਲੈਂਦਾ। ਡੰਡ ਮਾਰਨ, ਮੂੰਗਲੀਆਂ ਫੇਰਨੀਆਂ ਉਸ ਦੀ ਕਸਰਤ ਦਾ ਹਿੱਸਾ ਸਨ। ਇਸ ਸਾਰੇ ਸਮੇਂ ਵਿਚ

ਉਸ ਦੀ ਰਾਜਨੀਤਿਕ ਚੇਤਨਾ ਇੰਨੀ ਹੀ ਵਧੀ ਸੀ ਕਿ ਕਦੀ ਕਦੀ ਗਾਂਧੀ ਟੋਪੀ ਪਾ ਲੈਂਦਾ।

**ਕਾਲਜ ਵਿਚ :** 1924 ਵਿਚ ਬੇਦੀ ਗੌਰਮਿੰਟ ਕਾਲਜ ਵਿਚ ਦਾਖ਼ਲ ਹੋਇਆ। ਤਰਕ, ਇਤਿਹਾਸ, ਫ਼ਾਰਸੀ ਉਸ ਦੇ ਵਿਸ਼ੇ ਸਨ। 1926 ਵਿਚ ਐਫ਼.ਏ. ਪਾਸ ਕਰਕੇ ਉਹ ਬੀ.ਏ. ਵਿਚ ਪੜ੍ਹਨ ਲੱਗਾ। ਇਤਿਹਾਸ, ਅਰਥ ਸ਼ਾਸਤਰ ਅਤੇ ਰਾਜਨੀਤੀ ਉਸ ਦੇ ਵਿਸ਼ੇ ਸਨ। ਹੁਣ ਤੱਕ ਰਾਜਨੀਤੀ ਤੋਂ ਬੇਦੀ ਕੋਰਾ ਸੀ। 1928 ਵਿਚ ਸਾਈਮਨ ਕਮਿਸ਼ਨ ਆਇਆ। ਭਾਰਤ ਦੇ ਹੋਰ ਸ਼ਹਿਰਾਂ ਵਾਂਗ ਲਾਹੌਰ ਵਿਚ ਵੀ ਉਸ ਦੇ ਬਾਈਕਾਟ ਦਾ ਤਿੱਖਾ ਪ੍ਰਦਰਸ਼ਨ ਹੋਇਆ। ਪੁਲਿਸ ਨੇ ਲਾਜਪਤ ਰਾਏ ਜਿਹੇ ਦੇਸ਼ ਦੇ ਮੰਨੇ ਪ੍ਰਮੰਨੇ ਨੇਤਾ ਨੂੰ ਮਾਰਿਆ-ਕੁੱਟਿਆ। ਜਿਸ ਦਾ ਬਦਲਾ ਲੈਣ ਲਈ ਭਗਤ ਸਿੰਘ ਨੇ ਇਕ ਵੱਡੇ ਪੁਲਿਸ ਅਫ਼ਸਰ ਨੂੰ ਮਾਰ ਦਿੱਤਾ। ਇਸ ਘਟਨਾਵਾਂ ਦਾ ਬੇਦੀ ਦੇ ਉੱਪਰ ਡੂੰਘਾ ਅਸਰ ਹੋਇਆ। ਉਸ ਦਾ ਦਿਲ ਬਹੁਤ ਬੇਚੈਨ ਹੋਇਆ । ਉਹ ਰੋਹ ਨਾਲ ਭਰ ਉੱਠਿਆ। ਪਰ, ਹੁਣ ਵੀ ਉਸ ਨੇ ਰਾਜਨੀਤੀ ਨਾਲ ਕੋਈ ਸਿੱਧਾ ਸੰਬੰਧ ਨਹੀਂ ਸੀ ਜੋੜਿਆ। ਉਹ ਤਾਂ ਗਾਮੇ ਦੇ ਅਖਾੜੇ ਵਿਚ ਕੁਸ਼ਤੀ ਲੜਨ ਜਾਂਦਾ। ਯੂਨੀਵਰਸਿਟੀ ਸੈਨਾ (ਯੂ.ਟੀ.ਸੀ.) ਦਾ ਉਹ ਇਕ ਸਰਗਰਮ ਮੈਂਬਰ ਸੀ। ਹਾਲਾਂਕਿ ਬੇਦੀ ਦੀਆਂ ਪਾਠ ਪੁਸਤਕਾਂ ਵਿਚ ਸਮਾਜਵਾਦ ਦਾ ਵੀ ਜ਼ਿਕਰ ਆਉਂਦਾ ਸੀ, ਪਰ ਉਸ ਦੇ ਪ੍ਰੋਫ਼ੈਸਰ 1914 ਦੀਆਂ ਆਪਣੀ ਕੈਂਬਰਿਜ ਦੀਆਂ ਕਾਪੀਆਂ ਤੋਂ ਪੜ੍ਹਾਉਂਦੇ ਸਨ ਅਤੇ ਕੈਂਬਰਿਜ ਦੇ ਪ੍ਰੋਫ਼ੈਸਰ ਸ਼ਾਇਦ ਹੋਰ ਦਸ ਸਾਲ ਪਿਛਾਂਹ ਸਨ; ਇਸ ਲਈ ਉਸ ਨੂੰ ਸਮਾਜਵਾਦ ਦੇ ਮਹੱਤਵ ਦਾ ਜ਼ਰਾ ਵੀ ਪਤਾ ਨਹੀਂ ਲੱਗਾ। ਯੂਨੀਵਰਸਿਟੀ ਦੀਆਂ ਖੇਡਾਂ ਵਿਚ ਬੇਦੀ ਬਹੁਤ ਵੱਧ ਚੜ੍ਹ ਕੇ ਭਾਗ ਲੈਂਦਾ ਸੀ। ਹੈਮਰ ਥ੍ਰੋਇੰਗ (ਗੋਲਾ ਸੁੱਟਣਾ) ਵਿਚ ਪਹਿਲਾਂ ਦੇ ਸਾਰੇ ਪੰਜਾਬ ਦੇ ਰਿਕਾਰਡਾਂ ਨੂੰ ਉਸ ਨੇ ਤੋੜ ਦਿੱਤਾ ਅਤੇ ਫਿਰ ਉਹ ਸਾਰੇ ਹਿੰਦੁਸਤਾਨ ਦਾ ਚੈਂਪੀਅਨ ਬਣਿਆ। ਇਸ ਸਮੇਂ ਇਕ ਹੋਰ ਘਟਨਾ ਘਟੀ, ਜਿਸ ਨੇ ਬੇਦੀ ਦੇ ਜੀਵਨ ਦੀ ਦਿਸ਼ਾ ਬਦਲਣ ਦਾ ਕੰਮ ਕੀਤਾ। ਪੰਜਾਬ ਕੇਸਰੀ ਮਰ ਗਿਆ, ਸਾਰਾ ਪੰਜਾਬ ਅਤੇ ਭਾਰਤ ਆਪਣੇ ਵੀਰ ਦੀ ਮੌਤ ਦਾ ਸੋਗ ਮਨਾ ਰਿਹਾ ਸੀ। ਇਸ ਸਮੇਂ ਮਾਡਲ ਟਾਊਨ (ਲਾਹੌਰ) ਦੇ ਰਾਇ ਸਾਹਿਬ ਦੇ ਵਿਆਹ ਹੋ ਰਿਹਾ ਸੀ ਅਤੇ ਬਹੁਤ ਧੂਮ ਧਾਮ ਨਾਲ ਖੂਬ ਵਾਜੇ ਵੱਜ ਰਹੇ ਸਨ। ਬੇਦੀ ਦੇ ਦਿਲ ਨੂੰ ਬਹੁਤ ਧੱਕਾ ਲੱਗਾ। ਉਸ ਨੇ ਕਿਹਾ, "ਅੱਜ ਸੋਗ ਦਾ ਦਿਨ ਹੈ ਅਤੇ ਇਨ੍ਹਾਂ ਦੇ ਘਰ ਵਾਜਾ ਵੱਜ ਰਿਹਾ ਹੈ।" ਉਸੇ ਸਮੇਂ ਉਸ ਨੂੰ ਸਮਝ ਵਿਚ ਆਇਆ ਕਿ ਵਿਅਕਤੀ ਦਾ ਜੀਵਨ ਰਾਸ਼ਟਰੀ ਜੀਵਨ ਦੇ ਸਾਹਮਣੇ ਕੁਝ ਵੀ ਨਹੀਂ ਹੈ।

ਅਗਲੇ ਦੋ ਸਾਲ (1928-30) ਐਮ.ਏ. ਵਿਚ ਪੜ੍ਹਦਾ ਰਿਹਾ। ਉਸ ਨੇ ਰਾਜਨੀਤੀ ਅਤੇ ਸੁਤੰਤਰਤਾ ਦੀਆਂ ਲੜਾਈਆਂ ਉੱਤੇ ਬਹੁਤ ਕਿਤਾਬਾਂ ਪੜ੍ਹੀਆਂ। 1929 ਵਿਚ ਲਾਹੌਰ ਵਿਚ ਰਾਸ਼ਟਰੀ ਕਾਂਗਰਸ ਹੋਈ, ਜਿਸ ਨੇ ਬੇਦੀ ਦੀ ਰਾਜਨੀਤਿਕ ਚੇਤਨਾ ਨੂੰ ਹੋਰ ਤਿੱਖਾ ਕੀਤਾ। ਐਮ.ਏ. ਪਾਸ ਕਰਕੇ ਸਾਲ ਭਰ ਦੇ ਲਈ ਬੇਦੀ ਨੂੰ ਘਰ ਰਹਿਣਾ ਪਿਆ। ਭਰਾ ਆਈ.ਸੀ.ਐਸ. ਵਿਚ ਆ ਕੇ ਵਿਸ਼ੇਸ਼ ਸਿੱਖਿਆ ਦੇ ਲਈ ਵਲਾਇਤ ਜਾ ਚੁੱਕਿਆ ਸੀ। ਇਹ ਇਕ ਸਾਲ ਬੇਦੀ ਦੇ ਲਈ ਅਸਲੀ ਸਿੱਖਿਆ ਦਾ ਸੀ। ਇਸ ਸਮੇਂ ਉਸ ਨੇ ਭਾਰਤੀ ਆਜ਼ਾਦੀ ਅੰਦੋਲਨ, ਅਰਥ ਸ਼ਾਸਤਰ ਅਤੇ ਸਾਮਵਾਦ ਉੱਤੇ ਬਹੁਤ ਸਾਰੇ ਗ੍ਰੰਥ ਪੜ੍ਹੇ ਅਤੇ ਸਾਰੀਆਂ ਗੱਲਾਂ ਉੱਤੇ ਖੂਬ ਵਿਚਾਰ ਵੀ ਕੀਤਾ। ਬੇਦੀ ਉੱਤੇ ਗਾਂਧੀ ਜੀ ਦਾ ਜ਼ਬਰਦਸਤ ਪ੍ਰਭਾਵ ਪਿਆ। ਉਸ ਨੇ ਖੱਦਰ ਪਹਿਣ ਕੇ ਚਰਖਾ ਕੱਤਣਾ ਸ਼ੁਰੂ ਕੀਤਾ। ਉਸ ਦਾ ਅਹਿੰਸਾ ਉੱਤੇ ਦ੍ਰਿੜ ਵਿਸ਼ਵਾਸ ਹੋ ਗਿਆ। ਬੇਦੀ ਬਚਪਨ ਤੋਂ ਹੀ ਗੋਸ਼ਤ ਉੱਤੇ ਪਲਿਆ ਸੀ, ਦਿਨ ਵਿਚ ਦੋ ਵਾਰ ਮਾਸ ਤਾਂ ਜ਼ਰੂਰ ਬਣਦਾ ਸੀ ਅਤੇ ਕਦੀ ਕਦੀ ਤੀਜੀ ਵਾਰ ਨਾਸ਼ਤੇ ਵਿਚ ਵੀ ਆ ਜਾਂਦਾ ਸੀ। ਬੇਦੀ ਤੁਰੰਤ ਤਾਂ ਗੋਸ਼ਤ ਛੱਡਣ ਲਈ ਤਿਆਰ ਨਾ ਹੋਇਆ, ਪਰ ਉਸ ਬਾਰੇ ਸੋਚ ਜ਼ਰੂਰ ਰਿਹਾ ਸੀ।

**ਇੰਗਲੈਂਡ ਵਿਚ :** ਅਪ੍ਰੈਲ 1931 ਵਿਚ ਬੇਦੀ ਨੇ ਕੋਲੰਬੋ (ਸੀਲੋਨ : ਅਜੋਕਾ ਸ੍ਰੀਲੰਕਾ) ਜਾ ਕੇ ਵਲਾਇਤ ਦੇ ਲਈ ਜਹਾਜ਼ ਫੜਿਆ। ਕੋਲੰਬੋ ਜਾਂਦੇ ਹੋਏ ਉਸ ਨੇ ਮਦਰਾਸ, ਸ਼੍ਰੀਰੰਗਮ ਅਤੇ ਰਾਮੇਸ਼ਵਰਮ ਨੂੰ ਵੇਖਿਆ। ਲੰਦਨ ਪਹੁੰਚਣ ਤੋਂ ਪਹਿਲਾਂ ਨੈਪਲਸ, ਵੇਨਿਸ, ਮਿਲਾਨ ਆਦਿ ਇਤਾਲਵੀ ਸ਼ਹਿਰਾਂ ਨੂੰ ਵੇਖਿਆ। ਵਿਸੂਵੀਅਸ (ਇਕ ਜਵਾਲਾਮੁਖੀ) ਵੇਖਣ ਗਿਆ ਤਾਂ ਉਥੋਂ ਇਕ ਲਾਵਾ ਚੁੱਕ ਲਿਆਇਆ ਜਿਸ ਨੂੰ ਉਹ ਬਰਾਬਰ ਆਪਣੇ ਮੇਜ਼ ਉੱਤੇ ਰੱਖਦਾ ਸੀ। ਜਨੇਵਾ (ਸਵਿਟਜ਼ਰਲੈਂਡ) ਹੁੰਦੇ ਹੋਏ ਉਹ ਪੈਰਿਸ ਪਹੁੰਚਿਆ। ਪੈਰਿਸ ਵਿਚ ਇਕ ਰੈਸਟੋਰੈਂਟ ਵਿਚ ਦੋ ਦਿਨ ਦੇ ਚੂਚਿਆਂ ਦੇ ਸੂਪ ਦਾ ਨੋਟਿਸ ਵੇਖਿਆ। ਉਸੇ ਸਮੇਂ ਉਸ ਦੇ ਦਿਲ ਵਿਚ ਆਇਆ, ਇਹ ਲੋਕ ਕਿੰਨੇ ਜ਼ਾਲਮ ਹਨ; ਦੋ ਦਿਨ ਦੇ ਬੱਚੇ ਨੂੰ ਆਪਣਾ ਪਿਆਰਾ ਭੋਜਨ ਸਮਝਦੇ ਹਨ। ਉਸੇ ਵੇਲੇ ਉਸ ਨੇ ਮਾਸਾਹਾਰ ਨੂੰ

ਤਿਆਗ ਦਿੱਤਾ ਅਤੇ ਉਦੋਂ ਤੱਕ ਓਧਰ ਹੱਥ ਨਹੀਂ ਵਧਾਇਆ, ਜਦੋਂ ਤੱਕ ਗਾਂਧੀ ਦਾ ਭੋਰਾ ਜਿਹਾ ਪ੍ਰਭਾਵ ਵੀ ਉਸ ਦੇ ਦਿਲ ਉੱਤੇ ਰਿਹਾ। ਲੰਦਨ ਪਹੁੰਚ ਗਿਆ। ਆਕਸਫੋਰਡ ਨੇ ਬੇਦੀ ਨੂੰ ਲੈਣਾ ਮਨਜ਼ੂਰ ਕਰ ਲਿਆ ਸੀ। ਉਹ ਕੋਈ ਛੋਟੀ ਮੋਟੀ ਗੱਲ ਨਹੀਂ ਸੀ, ਪਰ ਬੇਦੀ ਕਹਿੰਦਾ, ਪੁਰਾਣਾ ਇਤਿਹਾਸ ਪੜ੍ਹ ਕੇ ਕੀ ਕਰਾਂਗਾ। ਉਸ ਦਾ ਦਿਲ ਹੋਇਆ ਕਿ ਲੰਦਨ ਯੂਨੀਵਰਸਿਟੀ ਦੀ ਅਰਥ ਸ਼ਾਸਤਰ ਵਿਭਾਗ ਵਿਚ ਦਾਖ਼ਲ ਹੋ ਜਾਵਾਂ, ਪਰ ਉਸ ਦੇ ਲਈ ਸਮਾਂ ਨਿਕਲ ਚੁੱਕਿਆ ਸੀ। ਹਾਈ ਕਮਿਸ਼ਨਰ ਨੇ ਸਮਝਾਇਆ ਕਿ ਆਕਸਫੋਰਡ ਦੇ ਦਾਖਲੇ ਨੂੰ ਹੱਥੋਂ ਨਹੀਂ ਜਾਣ ਨਹੀਂ ਦੇਣਾ ਚਾਹੀਦਾ। ਬੇਦੀ ਸੋਚ ਰਿਹਾ ਸੀ ਕਿ ਜਨੇਵਾ ਵਿਚ ਚਲ ਕੇ ਅੰਤਰਰਾਸ਼ਟਰੀ ਰਾਜਨੀਤੀ ਦੀ ਪੜ੍ਹਾਈ ਕਰੇ। ਉਸ ਨੇ ਤੈਅ ਕਰ ਲਿਆ ਸੀ ਕਿ ਆਕਸਫੋਰਡ ਵਿਚ ਮੈਂ ਭਰਤੀ ਨਹੀਂ ਹੋਵਾਂਗਾ। ਮਨਜ਼ੂਰੀ ਮਿਲ ਚੁੱਕੀ ਸੀ, ਇਸ ਲਈ ਨਾਂਹ ਕਰਨ ਦੇ ਲਈ ਵੀ ਤਾਂ ਇਕ ਵਾਰ ਜਾਣਾ ਜ਼ਰੂਰੀ ਸੀ। ਕਾਲਜ ਦੇ ਟਿਊਟਰ ਨੇ ਇਨਕਾਰ ਦੀ ਗੱਲ ਸੁਣ ਕੇ ਪੁੱਛਿਆ, "ਆਖਿਰ ਗੱਲ ਕੀ ਹੈ?"

ਬੇਦੀ ਨੇ ਕਿਹਾ, "ਮੈਂ ਪੁਰਾਣੀਆਂ ਕਥਾਵਾਂ ਨੂੰ ਨਹੀਂ ਪੜ੍ਹਨਾ ਚਾਹੁੰਦਾ। ਕਲਾਸੀਕਲ ਗ੍ਰੇਡ ਨੂੰ ਪੜ੍ਹਨ ਦੀ ਮੇਰੀ ਬਿਲਕੁਲ ਰੁਚੀ ਨਹੀਂ ਹੈ।"

ਟਿਊਟਰ ਨੇ ਕਿਹਾ, "ਆਕਸਫੋਰਡ ਵਿਚ ਇਕ ਮਾਡਰਨ ਗ੍ਰੇਡ (ਆਧੁਨਿਕ ਅਧਿਐਨ) ਵੀ (1926 ਦੇ ਆਸਪਾਸ ਤੋਂ) ਹੈ, ਜਿਸ ਵਿਚ 17 ਵੀਂ ਸਦੀ ਦੇ ਬਾਅਦ ਤੋਂ ਪ੍ਰੀਖਿਆ ਵਿਚ ਬੈਠਣ ਦੇ ਦਿਨ ਤੱਕ ਦੇ ਦਰਸ਼ਨ, ਇਤਿਹਾਸ, ਅਰਥ ਸ਼ਾਸਤਰ, ਰਾਜਨੀਤੀ ਸ਼ਾਸਤਰ, ਅੰਤਰਰਾਸ਼ਟਰੀ ਪਰਿਸਥਿਤੀ ਆਦਿ ਦੇ ਨਾਲ ਨਾਲ ਦੋ ਆਧੁਨਿਕ ਭਾਸ਼ਾਵਾਂ ਵੀ ਪੜ੍ਹਨੀਆਂ ਪੈਂਦੀਆਂ ਹਨ। ਇਹ ਪੱਤਰਕਾਰਾਂ ਅਤੇ ਰਾਜਨੀਤੀਵਾਨਾਂ ਲਈ ਬਹੁਤ ਲਾਭਦਾਇਕ ਅਧਿਐਨ ਹੈ।"

ਬੇਦੀ ਦੀਆਂ ਅੱਖਾਂ ਚਮਕ ਉੱਠੀਆਂ, ਇਨ੍ਹਾਂ ਵਿਸ਼ਿਆਂ ਨੂੰ ਤਾਂ ਉਹ ਲੱਭ ਰਿਹਾ ਸੀ। ਬੇਦੀ ਆਕਸਫੋਰਡ ਦੇ ਹਾਟਫੋਰਡ ਕਾਲਜ ਦਾ ਵਿਦਿਆਰਥੀ ਬਣ ਗਿਆ। ਆਕਸਫੋਰਡ ਦੀ ਪੜ੍ਹਾਈ ਦਾ ਢੰਗ ਉਸ ਨੂੰ ਬਹੁਤ ਪਸੰਦ ਆਇਆ। ਉਸ ਨੂੰ ਵੱਖ ਵੱਖ ਵਿਸ਼ਿਆਂ ਉੱਤੇ ਮਾਹਰ ਵਿਦਵਾਨਾਂ ਦਾ ਲੈਕਚਰ ਸੁਣਨ ਨੂੰ ਮਿਲਦੇ, ਫਿਰ ਟਿਊਟਰ ਦੇ ਨਾਲ ਉਨ੍ਹਾਂ ਉੱਤੇ ਬਹਿਸ ਹੁੰਦੀ ਅਤੇ ਨਿਬੰਧ ਲਿਖਣਾ ਪੈਂਦਾ। ਲੈਕਚਰ ਜਿਥੇ ਕਲਾਸ ਦੇ ਸਾਰੇ ਮੁੰਡਿਆਂ ਦੇ ਲਈ ਹੁੰਦਾ, ਉਥੇ ਟਿਊਟਰ ਵਿਦਿਆਰਥੀ ਦੀ ਵਿਅਕਤੀਗਤ ਪ੍ਰਗਤੀ ਦਾ ਜ਼ਿੰਮੇਵਾਰ ਹੁੰਦਾ। ਬੇਦੀ ਦੇ ਟਿਊਟਰ ਮਰਫ਼ੀ ਦਰਸ਼ਨ ਪੜ੍ਹਾਉਂਦੇ ਸਨ। ਪ੍ਰੋਫ਼ੈਸਰ ਜਿਮਰਨ ਅੰਤਰਾਸ਼ਟਰੀ ਰਾਜਨੀਤੀ ਉੱਤੇ ਲੈਕਚਰ ਦਿੰਦੇ, ਲਿੰਡਸੇ ਰਾਜਨੀਤਿਕ ਵਿਗਿਆਨ ਉੱਤੇ, ਕੋਲ ਅਤੇ ਲਿਪਸਨ ਅਰਥ ਸ਼ਾਸਤਰ ਉੱਤੇ, ਕੂਪਲੈਂਡ ਬਸਤੀਵਾਦੀ ਇਤਿਹਾਸ ਉੱਤੇ, ਡਾਕਟਰ ਮੈਰਿਟ ਮਨੁੱਖ ਤੱਤ ਉੱਤੇ ਲੈਕਚਰ ਦਿੰਦੇ। ਵਿਸ਼ੇਸ਼ ਗਿਆਨ ਵਧਾਉਣ ਦੇ ਲਈ ਗ੍ਰੈਹਮ ਬੈਲੇਸ ਜਿਹੇ ਮਹਾਨ ਅਧਿਆਪਕਾਂ ਦੇ ਲੈਕਚਰ ਸੁਣਨ ਨੂੰ ਮਿਲਦੇ। ਬੇਦੀ ਨੇ ਫਰੈਂਚ ਅਤੇ ਜਰਮਨ ਭਾਸ਼ਾਵਾਂ ਆਪਣੇ ਲਈ ਚੁਣੀਆਂ। ਜਿਸ ਦਿਨ ਬੇਦੀ ਆਪਣੇ ਪਹਿਲੇ ਲੈਕਚਰ ਵਿਚ ਇਕ ਦਰਵਾਜ਼ੇ ਵਿਚੋਂ ਗਿਆ, ਦੂਜੇ ਦਰਵਾਜ਼ੇ ਵਿਚੋਂ ਇਕ ਅੰਗਰੇਜ਼ ਕੁੜੀ ਵੀ ਦਾਖਲ ਹੋਈ, ਇਥੇ ਹੀ ਫ੍ਰੈਡਾ ਅਤੇ ਬੇਦੀ ਨੇ ਇਕ ਦੂਜੇ ਨੂੰ ਵੇਖਿਆ, ਪਰ ਉਸ ਸਮੇਂ ਭਵਿੱਖ ਦੇ ਸੁਪਨੇ ਦਾ ਖ਼ਿਆਲ ਵੀ ਨਹੀਂ ਆ ਸਕਦਾ ਸੀ।

ਫ੍ਰੈਡਾ ਹੋਲਸਟਨ ਦਾ ਜਨਮ 1911 ਵਿਚ ਡਰਬੀ ਸ਼ਹਿਰ (ਇੰਗਲੈਂਡ) ਦੇ ਇਕ ਮੱਧਵਰਗੀ ਪਰਿਵਾਰ ਵਿਚ ਹੋਇਆ ਸੀ। ਫ੍ਰੈਡਾ ਦਾ ਪਿਓ ਪਹਿਲੀ ਵੱਡੀ ਲੜਾਈ ਵਿਚ ਮਾਰਿਆ ਗਿਆ। ਮਾਂ ਧੀ ਨੂੰ ਪੜ੍ਹਾਉਣ ਦਾ ਬਹੁਤ ਖ਼ਿਆਲ ਰੱਖਦੀ ਸੀ। ਜਿਸ ਸਮੇਂ ਉਹ ਸਕੂਲ ਵਿਚ ਪੜ੍ਹ ਰਹੀ ਸੀ, ਉਸ ਸਮੇਂ ਉਸ ਦੀ ਇਕ ਸਹਿਪਾਠਣ ਨੇ ਕਿਹਾ, "ਮੈਂ ਤਾਂ ਆਕਸਫੋਰਡ ਵਿਚ ਪੜ੍ਹਨ ਜਾਵਾਂਗੀ।" ਫ੍ਰੈਡਾ ਨੂੰ ਹਾਲੇ ਪਤਾ ਨਹੀਂ ਸੀ ਕਿ ਆਕਸਫੋਰਡ ਵਿਚ ਵੱਡੇ ਵੱਡੇ ਅਮੀਰਾਂ ਦੇ ਧੀ ਪੁੱਤ ਹੀ ਪੜ੍ਹ ਸਕਦੇ ਹਨ। ਦੋਵਾਂ ਕੁੜੀਆਂ ਨੇ 1928 ਵਿਚ ਪ੍ਰੀਖਿਆ ਦਿੱਤੀ। ਫ੍ਰੈਡਾ ਦਾ ਫਰੈਂਚ ਭਾਸ਼ਾ ਵਿਸ਼ੇਸ਼ ਵਿਸ਼ਾ ਸੀ। ਉਹੀ ਪ੍ਰੀਖਿਆ ਵਿਚ ਸਫ਼ਲ ਹੋਈ। ਸਕੂਲ ਦੇ ਪ੍ਰਿੰਸੀਪਲ ਦੇ ਪੁੱਛਣ ਉੱਤੇ ਆਕਸਫੋਰਡ ਜਾਣ ਦੀ ਗੱਲ ਕਹੀ। ਪਹਿਲਾਂ ਪ੍ਰਿੰਸੀਪਲ ਨੇ ਸਮਝਾਇਆ ਕਿ ਇਹ ਸ਼ੌਕੀਨੀ ਦੀ ਚੀਜ਼ ਹੈ; ਨਾ ਮੰਨਣ ਉੱਤੇ ਸਲਾਹ ਦਿੱਤੀ ਕਿ ਫਰਾਂਸ ਜਾ ਕੇ ਆਪਣੀ ਭਾਸ਼ਾ ਨੂੰ ਭਰਪੂਰ ਕਰਕੇ ਆਓ। ਫ੍ਰੈਡਾ ਨੌਂ ਮਹੀਨੇ ਉੱਤਰੀ ਫਰਾਂਸ ਵਿਚ ਰਹੀ। ਦੂਜੇ ਸਾਲ ਇਹ ਆਕਸਫੋਰਡ ਦੀ ਦਾਖਲਾ-ਪ੍ਰੀਖਿਆ ਵਿਚ ਬੈਠੀ। ਆਕਸਫੋਰਡ ਵਿਚ

ਬਗ਼ੈਰ 19-20 ਪੌਂਡ (250-275 ਰੁਪਏ) ਮਹੀਨੇ ਦਾ ਪ੍ਰਬੰਧ ਕੀਤੇ ਪੜ੍ਹਾਈ ਨਹੀਂ ਹੋ ਸਕਦੀ ਸੀ, ਪਰ ਫ੍ਰੈਡਾ ਬਹੁਤ ਤੇਜ਼ ਕੁੜੀ ਸੀ। ਉਸ ਨੇ ਇਕ ਨਹੀਂ ਬਲਕਿ ਦੋ ਦੋ ਸਕਾਲਰਸ਼ਿਪ ਪ੍ਰਾਪਤ ਕੀਤੀਆਂ- ਡਰਬੀ ਸ਼ਹਿਰ ਕੌਂਟੀ ਦੀ ਅਤੇ ਸਾਰੇ ਇੰਗਲੈਂਡ ਦਾ ਰਾਜ ਵਜ਼ੀਫਾ ਵੀ। ਪਰ ਇਕ ਹੀ ਵਿਦਿਆਰਥੀ ਨੂੰ ਦੋਵੇਂ ਵਜ਼ੀਫੇ ਮਿਲਣ ਉੱਤੇ ਰੁਪਈਏ ਲੋੜ ਤੋਂ ਵਧੇਰੇ ਹੋ ਜਾਂਦੇ, ਇਸ ਲਈ ਬਾਕੀ ਰੁਪਈਏ ਕਿਸੇ ਦੂਜੇ ਵਿਦਿਆਰਥੀ ਨੂੰ ਦੇ ਦਿੱਤੇ, ਦੋਵਾਂ ਵਜੀਫਿਆਂ ਨੂੰ ਮਿਲਾ ਕੇ ਉਸ ਨੂੰ 235 ਪੌਂਡ ਸਲਾਨਾ ਤਿੰਨ ਸਾਲ ਦੇ ਲਈ ਮਿਲੇ। ਆਕਸਫੋਰਡ ਵਿਚ ਫ੍ਰੈਡਾ ਉੱਤੇ ਬਹੁਤ ਜ਼ੋਰ ਦਿੱਤਾ ਗਿਆ ਕਿ ਉਹ ਫਰੈਂਚ ਨੂੰ ਆਪਣਾ ਪਾਠ ਵਿਸ਼ਾ ਬਣਾਏ, ਪਰ ਨਹੀਂ ਮੰਨੀ, ਉਸ ਨੇ ਪੱਤਰਕਾਰ ਬਣਨ ਦਾ ਨਿਸ਼ਚਾ ਕੀਤਾ ਸੀ, ਇਸ ਲਈ ਮਾਡਰਨ ਗ੍ਰੇਡ ਨੂੰ ਹੀ ਸਵੀਕਾਰ ਕੀਤਾ। ਬੇਦੀ ਅਤੇ ਫ੍ਰੈਡਾ ਦੇ ਪਾਠ ਵਿਸ਼ੇ ਇਕ ਸਨ, ਫ਼ਰਕ ਸਿਰਫ਼ ਇੰਨਾ ਹੀ ਸੀ ਕਿ ਫ੍ਰੈਡਾ ਨੇ ਜਿਥੇ ਲਾਗਰਿਥਮ ਅਤੇ ਤ੍ਰਿਕੋਣਮਿਤੀ ਲਈ ਸੀ, ਉਥੇ ਬੇਦੀ ਨੇ ਮਨੋਵਿਗਿਆਨ ਲਿਆ ਸੀ।

ਬੇਦੀ ਆਪਣੇ ਅਧਿਐਨ ਵਿਚ ਲੀਨ ਹੋ ਗਿਆ। ਜਿੰਨਾ ਹੀ ਉਹ ਅੱਗੇ ਵਧਦਾ ਜਾ ਰਿਹਾ ਸੀ, ਓਨਾ ਹੀ ਉਸ ਨੂੰ ਪਤਾ ਲੱਗਣ ਲੱਗਾ ਕਿ ਉਸ ਦੇ ਪਾਠ ਵਿਸ਼ੇ ਦੇ ਸਾਰੇ ਨਿਯਮ ਜਿਸ ਕੇਂਦਰ ਬਿੰਦੂ ਉੱਤੇ ਪਹੁੰਚਦੇ ਹਨ, ਉਹ ਹੈ ਮਾਰਕਸਵਾਦ। ਹੁਣ ਉਸ ਦੀ ਰੁਚੀ ਮਾਕਰਸਵਾਦ ਵੱਲ ਹੋ ਗਈ। ਘਰ ਤੋਂ ਉਹ ਆਈ.ਸੀ.ਐਸ. ਲਈ ਭੇਜਿਆ ਗਿਆ ਸੀ, ਪਰ ਉਸ ਦੇ ਵਿਰੁੱਧ ਫ਼ੈਸਲਾ ਲੈਣ ਵਿਚ ਉਸ ਨੂੰ ਦੇਰ ਨਹੀਂ ਲੱਗੀ। ਪਹਿਲੇ ਸਾਲ ਦੇ ਅਖੀਰ ਵਿਚ ਉਹ ਆਕਸਫੋਰਡ ਦੇ ਮਜ਼ਦੂਰ ਕਲੱਬ ਵਿਚ ਜਾਣ ਲੱਗਾ, ਜਿਸ ਕਾਰਨ ਉਸ ਨੂੰ ਵਿਚਾਰਾਂ ਨੂੰ ਬਦਲਣ ਵਿਚ ਹੋਰ ਸਹਾਇਤਾ ਮਿਲੀ। ਬੇਦੀ ਦਾ ਕਾਇਦਾ ਸੀ, ਲੈਕਚਰ ਵਿਚ ਪਹੁੰਚਣ ਉੱਤੇ ਜੇ ਸਮਾਂ ਰਹਿੰਦਾ, ਤਾਂ ਅਖ਼ਬਾਰ ਪੜ੍ਹ ਲੈਂਦਾ। ਬੇਦੀ ਅਖ਼ਬਾਰ ਪੜ੍ਹ ਰਿਹਾ ਸੀ। ਫ੍ਰੈਡਾ ਆਈ। ਸ਼ਿਸ਼ਟਾਚਾਰ ਦੇ ਤੌਰ ਉੱਤੇ, ਗੁਡ ਮਾਰਨਿੰਗ ਕਿਹਾ। ਬੇਦੀ "ਯੈਸ" ਅਤੇ "ਨੋ" ਕਹਿ ਕੇ ਅਖ਼ਬਾਰ ਪੜ੍ਹਨ ਵਿਚ ਲੱਗਾ ਰਿਹਾ। ਇਕ ਦਿਨ ਬੇਦੀ ਮਜਲਿਸ (ਭਾਰਤੀਆਂ ਦੀ ਵਿਦਿਆਰਥੀ ਸੰਸਥਾ) ਵਿਚ ਗਿਆ ਸੀ, ਇਥੇ ਕਿਸੇ ਦੋਸਤ ਨੇ ਫ੍ਰੈਡਾ ਨਾਲ ਜਾਣ ਪਛਾਣ ਕਰਵਾਈ। ਬੇਦੀ ਅਖ਼ਬਾਰ ਪੜ੍ਹਨ ਵਾਲੇ ਦਿਨ ਦੇ ਆਪਣੇ ਵਿਵਹਾਰ ਤੋਂ ਅਸੰਤੁਸ਼ਟ ਹੋ ਉੱਠਿਆ। ਫ੍ਰੈਡਾ ਨੂੰ ਵੇਖਿਆ ਕਿ ਉਸ ਨੇ ਕੋਈ ਲਾਪਰਵਾਹੀ ਨਹੀਂ ਵਿਖਾਈ। ਬੇਦੀ ਨੂੰ ਆਪਣੇ ਉਸ ਵਰਤਾਓ ਦੇ ਲਈ ਇੰਨਾ ਦੁੱਖ ਹੋਇਆ ਕਿ ਉਹ ਫ੍ਰੈਡਾ ਤੋਂ ਮੁਆਫ਼ੀ ਮੰਗਣ ਦਾ ਮੌਕਾ ਲੱਭਣ ਲੱਗਾ। ਬੇਦੀ ਨੇ ਫ੍ਰੈਡਾ ਨੂੰ ਚਾਹ ਦੇ ਲਈ ਸੱਦਾ ਦਿੱਤਾ। ਉਹ ਆਪਣੀ ਇਕ ਸਖੀ ਦੇ ਨਾਲ ਆਈ। ਫ੍ਰੈਡਾ ਦੇ ਵਿਹਾਰ ਤੋਂ ਕੋਈ ਅਜਿਹੀ ਗੱਲ ਨਹੀਂ ਪਤਾ ਲੱਗੀ ਜਿਸ ਦੇ ਨਾਲ ਕਿ ਉਸ ਨੂੰ ਪਛਤਾਵਾ ਪ੍ਰਗਟ ਕਰਨ ਦੀ ਲੋੜ ਪੈਂਦੀ। ਬੇਦੀ ਨੇ ਜਿਸ ਗੱਲ ਦੇ ਲਈ ਚਾਹ ਦਾ ਸੱਦਾ ਦਿੱਤਾ ਸੀ, ਉਸ ਦਾ ਕੋਈ ਜ਼ਿਕਰ ਨਹੀਂ ਕੀਤਾ। ਸਾਲਾਂ ਬਾਅਦ ਫ੍ਰੈਡਾ ਨੂੰ ਪਤਾ ਲੱਗਾ ਕਿ ਹਜ਼ਰਤ ਸ਼ਿਸ਼ਟਾਚਾਰ ਦੀ ਉਲੰਘਣਾ ਦੇ ਲਈ ਕਿੰਨੇ ਬੇਚੈਨ ਹੋ ਗਏ ਸਨ ਅਤੇ ਨੱਕ ਰਗੜ ਕੇ ਫ੍ਰੈਡਾ ਤੋਂ ਮੁਆਫ਼ੀ ਮੰਗਣਾ ਚਾਹੁੰਦੇ ਸਨ। ਲੈਕਚਰ ਹਾਲ ਦੇ ਇਲਾਵਾ ਮਜ਼ਦੂਰ ਕਲੱਬ ਅਤੇ ਬੋਡਲਿਅਨ ਲਾਇਬ੍ਰੇਰੀ ਵਿਚ ਦੋਵੇਂ ਜਾਇਆ ਕਰਦੇ ਸਨ, ਜਿਥੇ ਉਨ੍ਹਾਂ ਦੀ ਅਕਸਰ ਮੁਲਾਕਾਤ ਹੁੰਦੀ ਅਤੇ ਆਮ ਤੌਰ 'ਤੇ ਦੁਆ ਸਲਾਮ ਵੀ ਹੋ ਜਾਂਦੀ। ਫ੍ਰੈਡਾ ਵੀ ਰਾਜਨੀਤਿਕ ਵਿਚਾਰਾਂ ਵਿਚ ਬਹੁਤ ਅੱਗੇ ਵਧੀ ਗਈ ਸੀ ਅਤੇ ਭਾਰਤ ਦੀ ਰਾਜਨੀਤੀ ਵਿਚ ਉਸ ਦੀ ਖ਼ਾਸ ਦਿਲਚਸਪੀ ਸੀ। ਜਿਸ ਦੇ ਲਈ ਉਸ ਦੀ ਸਹੇਲੀ ਓਲਿਵੀਆ ਸਟੇਲਪੀ ਨੇ ਸੱਜਾਦ ਜ਼ਹੀਰ ਨਾਲ ਜਾਣ ਪਛਾਣ ਕਰਾਉਣ ਵਿਚ ਬਹੁਤ ਜ਼ਿਆਦਾ ਸਹਾਇਤਾ ਕੀਤੀ। ਇਸ ਤਰ੍ਹਾਂ ਰਾਜਨੀਤਿਕ ਤੌਰ 'ਤੇ ਕਿੰਨੇ ਹੀ ਭਾਰਤੀ ਨੌਜਵਾਨਾਂ ਵਾਂਗ ਬੇਦੀ ਨਾਲ ਫ੍ਰੈਡਾ ਨੇੜੇ ਹੁੰਦੀ ਗਈ।

ਸਾਲ ਭਰ ਹੋਸਟਲ ਵਿਚ ਰਹਿਣ ਤੋਂ ਬਾਅਦ ਬੇਦੀ ਯੂਨੀਵਰਸਿਟੀ ਦੁਆਰਾ ਮਨਜ਼ੂਰ ਘਰਾਂ ਵਿਚੋਂ ਇਕ ਵਿਚ ਰਹਿਣ ਲੱਗਾ। ਬੇਦੀ ਦਾ ਨਿਵਾਸ ਸਥਾਨ ਬੋਡਲਿਅਨ ਲਾਇਬ੍ਰੇਰੀ ਦੇ ਨੇੜੇ ਪੈਂਦਾ ਸੀ। ਮਾਸ ਤਾਂ ਉਸ ਨੇ ਛੱਡ ਹੀ ਦਿੱਤਾ ਸੀ। ਹਾਂ, ਸੇਬ ਅਤੇ ਪਨੀਰ ਮੌਜੂਦ ਰਹਿੰਦੇ ਅਤੇ ਬੇਦੀ ਖਾ ਕੇ ਫਿਰ ਪੜ੍ਹਨ ਲੱਗ ਜਾਂਦਾ। ਫ੍ਰੈਡਾ ਨੂੰ ਖਾਣ ਦੇ ਲਈ ਡੇਢ ਮੀਲ ਜਾਣਾ ਪੈਂਦਾ। ਪਤਾ ਲੱਗਣ ਉੱਤੇ ਇਕ ਦਿਨ ਬੇਦੀ ਨੇ ਕਿਹਾ, ਜੇ ਸੇਬ ਅਤੇ ਪਨੀਰ ਨਾਲ ਕੰਮ ਚੱਲ ਸਕਦਾ ਹੋਵੇ, ਤਾਂ ਡੇਢ ਮੀਲ ਜਾਣ ਦੀ ਲੋੜ ਨਹੀਂ। ਫ੍ਰੈਡਾ ਨੇ ਇਸ ਨੂੰ ਧੰਨਵਾਦ ਸਹਿਤ ਸਵੀਕਾਰ ਕਰ ਲਿਆ। ਫਿਰ ਦੁਪਹਿਰ ਦੇ ਸਮੇਂ ਓਨਾ ਦੂਰ ਜਾਣ ਦੀ ਥਾਂ ਉਹ ਮਿੱਤਰ ਦੇ ਇਥੇ ਦੁਪਹਿਰ ਦਾ ਭੋਜਨ ਕਰ ਲੈਂਦੀ। ਦੋਵਾਂ ਦਾ ਸੰਬੰਧ ਇਕ ਸੁਹਿਰਦ ਸਹਿਪਾਠੀ ਵਰਗਾ ਸੀ। ਉਸ ਘਰ ਵਿਚ ਇਕ ਅੰਗਰੇਜ਼ ਪੋਰਟਰ (ਕੁਲੀ) ਸੀ,

ਉਸ ਨੇ ਫ੍ਰੈਡਾ ਨੂੰ ਇਸ ਤਰ੍ਹਾਂ ਆਉਂਦੇ ਜਾਂਦੇ ਵੇਖਿਆ। ਪੋਰਟਰ ਹਿੰਦੁਸਤਾਨ ਹੋ ਆਇਆ ਸੀ ਅਤੇ ਆਪਣੇ ਕਿੰਨੇ ਹੀ ਦੇਸ਼ੀ ਭਾਈਆਂ ਵਾਂਗ ਸਮਝਦਾ ਸੀ ਕਿ ਕਾਲੇ ਹਿੰਦੁਸਤਾਨੀ ਬਹੁਤ ਨਿਮਨ ਕੋਟੀ ਦੇ ਪ੍ਰਾਣੀ ਹਨ। ਉਹ ਇਸ ਨੂੰ ਬਰਦਾਸ਼ਤ ਕਰਨ ਦੇ ਲਈ ਤਿਆਰ ਨਹੀਂ ਸੀ ਕਿ ਇਕ ਅੰਗਰੇਜ਼ ਸਭਿਅਕ ਪਰਿਵਾਰ ਦੀ ਕੁੜੀ ਇਸ ਤਰ੍ਹਾਂ ਕਾਲੇ ਆਦਮੀ ਦੇ ਕੋਲ ਜਾਵੇ। ਉਸ ਨੇ ਹਾਰਟਫੋਰਡ ਕਾਲਜ ਦੇ ਟਿਊਟਰ ਨੂੰ ਸ਼ਿਕਾਇਤ ਕੀਤੀ। ਆਕਸਫੋਰਡ ਵਿਚ 'ਸਤਯੁਗ' ਵਿਚ ਕੋਈ ਨਿਯਮ ਬਣਿਆ ਸੀ ਅਤੇ ਜੋ ਹੁਣ ਭੁਲਾਇਆ ਵੀ ਜਾ ਚੁੱਕਿਆ ਸੀ ਜਿਸ ਦੇ ਅਨੁਸਾਰ ਕੁੜੀ ਇਕੱਲੇ ਕਿਸੇ ਮੁੰਡੇ ਦੇ ਕੋਲ ਨਹੀਂ ਜਾ ਸਕਦੀ ਹੈ। ਟਿਊਟਰ ਨੇ ਬੇਦੀ ਤੋਂ ਪੁੱਛਿਆ, ਫਿਰ ਕਿਹਾ, "ਤੁਹਾਡੇ ਲਈ ਕੋਈ ਹਰਜ ਨਹੀਂ, ਪਰ ਕੁੜੀ ਦੇ ਪ੍ਰਿੰਸੀਪਲ ਦੇ ਕੋਲ ਸੂਚਨਾ ਦੇਣਾ ਮੇਰਾ ਫ਼ਰਜ਼ ਹੈ।" ਫ੍ਰੈਡਾ ਦੀ ਪ੍ਰਿੰਸੀਪਲ ਸਰ ਮਾਰਿਸ ਗਾਇਰ (ਭਾਰਤ ਦੇ ਛੁੱਟੀ ਪ੍ਰਾਪਤ ਚੀਫ਼ ਜਸਟਿਸ) ਦੀ ਭੈਣ ਮਿਸ ਗਾਇਰ ਸੀ। ਉਸ ਨੇ ਫ੍ਰੈਡਾ ਤੋਂ ਪੁੱਛਿਆ। ਕੋਈ ਲੁਕਾਉਣ ਵਾਲੀ ਗੱਲ ਸੀ ਨਹੀਂ, ਉਸ ਨੇ ਕਹਿ ਦਿੱਤਾ। ਮਿਸ ਗਾਇਰ ਨੇ ਕਿਹਾ, "ਨਿਯਮ ਨਿਯਮ ਹੈ, ਨਿਯਮ ਤੋੜਣ ਉੱਤੇ ਦੰਡ ਦੇਣਾ ਹੀ ਪਵੇਗਾ, ਮੈਂ ਤੈਨੂੰ ਛੁੱਟੀ ਤੋਂ ਇਕ ਹਫ਼ਤਾ ਪਹਿਲਾਂ ਘਰ ਭੇਜ ਦਿਆਂਗੀ ਅਤੇ ਤੁਹਾਡੀ ਮਾਂ ਨੂੰ ਖ਼ਤ ਲਿਖ ਦਿਆਂਗੀ।" ਫ੍ਰੈਡਾ ਨੂੰ ਹੁਣ ਸਮਾਜ ਦਾ ਡਰਾਉਣਾ ਰੂਪ ਵਿਖਾਈ ਦੇਣ ਲੱਗਾ। ਇਕ ਮਾਮੂਲੀ ਜਿਹੀ ਗੱਲ ਕੀ ਰੂਪ ਲੈਣ ਜਾ ਰਹੀ ਸੀ। ਉਹ ਇਕ ਸਹੇਲੀ ਦੇ ਸਾਹਮਣੇ ਆਪਣੇ ਭਾਵਾਂ ਨੂੰ ਰੋਕ ਨਹੀਂ ਸਕੀ ਅਤੇ ਬੋਲੀ, "ਮੈਂ ਘਰ ਨਹੀਂ ਜਾਵਾਂਗੀ।" ਸਹੇਲੀ ਨੇ ਪ੍ਰਿੰਸੀਪਲ ਨੂੰ ਕਿਹਾ ਕਿ ਕੋਈ ਭਿਆਨਕ ਕਾਂਡ ਨਾ ਹੋ ਜਾਵੇ। ਪ੍ਰਿੰਸੀਪਲ ਨੇ ਕਿਹਾ, "ਮੈਂ ਆਪਣੇ ਪੱਤਰ ਵਿਚ ਨਾਲ ਹੀ ਲਿਖ ਦਿਆਂਗੀ ਕਿ ਫ੍ਰੈਡਾ ਦੇ ਵਿਰੁੱਧ ਕੋਈ ਪ੍ਰਮਾਣ ਨਹੀਂ ਹੈ।" ਪਰ ਤਾਂ ਵੀ ਫ੍ਰੈਡਾ ਨੂੰ ਇਸ ਘਟਨਾ ਨੇ ਬਹੁਤ ਸੋਚਣ ਅਤੇ ਚਿੰਤਾ ਕਰਨ ਦਾ ਮੌਕਾ ਦਿੱਤਾ। ਬੇਦੀ ਵੀ ਬਹੁਤ ਦੁਖੀ ਹੋਇਆ। ਫਿਰ ਚਾਰਲਸ ਮਾਰਗਨ ਦੇ ਸ਼ਬਦਾਂ ਵਿਚ "ਨਥਿੰਗ ਯੁਨਾਇਟਸ ਦਿ ਹਾਰਟਸ ਬੈਟਰ, ਦੈਨ ਦਿ ਪਲਈਅਰ ਆਫ਼ ਸ਼ੇਡਿੰਗ ਟਿਅਰਸ ਟੋਗੈਦਰ (ਨਾਲ ਮਿਲ ਕੇ ਅੱਥਰੂ ਵਹਾਉਣ ਦੇ ਆਨੰਦ ਤੋਂ ਵਧ ਕੇ ਦੋ ਦਿਲਾਂ ਨੂੰ ਮਿਲਾਉਣ ਵਾਲੀ ਦੁਨੀਆ ਵਿਚ ਕੋਈ ਚੀਜ਼ ਨਹੀਂ ਹੈ)।

ਫ੍ਰੈਡਾ ਅਤੇ ਬੇਦੀ ਦੋਵਾਂ ਨੇ ਨਿਸ਼ਚਾ ਕਰ ਲਿਆ ਕਿ ਸਾਨੂੰ ਇਹੀ ਕਰਨਾ ਹੋਵੇਗਾ, ਜਿਸ ਦੇ ਲਈ ਕਿ ਇਹ ਸਭ ਤੂਫ਼ਾਨ ਖੜਾ ਕੀਤਾ ਗਿਆ ਹੈ। ਵਿਆਹ ਦਾ ਨਿਸ਼ਚਾ ਕਰਕੇ (ਅਪ੍ਰੈਲ 1932 ਵਿਚ) ਵੀ ਉਨ੍ਹਾਂ ਨੇ ਸਾਲ ਭਰ ਤੱਕ ਕਿਸੇ ਨੂੰ ਪਤਾ ਨਹੀਂ ਲੱਗਣ ਦਿੱਤਾ।

1932 ਦੇ ਅਕਤੂਬਰ ਵਿਚ ਆਕਸਫੋਰਡ ਦੇ ਕਮਿਊਨਿਸਟ ਮੁੰਡਿਆਂ ਨੇ ਅਕਤੂਬਰ ਕਲੱਬ ਦੇ ਨਾਮ ਨਾਲ ਇਕ ਗੋਸ਼ਟੀ ਸ਼ੁਰੂ ਕੀਤੀ, ਜਿਸ ਵਿਚ ਇਕੋ ਜਿਹੇ ਵਿਚਾਰਾਂ ਵਾਲੇ ਨੌਜਵਾਨ ਇਕੱਠੇ ਹੋ ਕੇ ਵਿਚਾਰ ਵਟਾਂਦਰਾ ਕਰਦੇ ਅਤੇ ਕਮਿਊਨਿਜ਼ਮ ਉੱਤੇ ਭਾਸ਼ਣ ਸੁਣਦੇ। ਹਾਲੇ ਆਕਸਫੋਰਡ ਅਤੇ ਕੈਂਬਰਿਜ ਰੂੜ੍ਹੀਵਾਦੀਆਂ ਦੇ ਹੀ ਗੜ੍ਹ ਸਨ, ਪਰ ਮਾਰਕਸਵਾਦੀ ਨੌਜਵਾਨ ਆਪਣੇ ਵਿਚਾਰਾਂ ਦੇ ਪ੍ਰਚਾਰ ਦੇ ਲਈ ਨਵੇਂ ਨਵੇ ਰਸਤੇ ਕੱਢਦੇ ਰਹਿੰਦੇ ਸਨ। ਗੋਲ ਮੇਜ਼ ਕਾਨਫਰੰਸ ਸਮੇਂ ਗਾਂਧੀ ਜੀ ਇੰਗਲੈਂਡ ਆਏ ਹੋਏ ਸਨ। ਫ੍ਰੈਡਾ, ਬੇਦੀ ਅਤੇ ਕੁਝ ਦੂਜੇ ਵਿਦਿਆਰਥੀਆਂ ਨੇ ਗਾਂਧੀ ਜੀ ਦੇ ਵਿਚਾਰਾਂ ਨੂੰ ਜਾਣਨ ਲਈ ਆਕਸਫੋਰਡ ਯੂਨੀਵਰਸਿਟੀ ਗਾਂਧੀ ਗਰੁਪ ਬਣਾ ਲਿਆ। ਉਂਜ ਹੁੰਦਾ ਤਾਂ ਯੂਨੀਵਰਸਿਟੀ ਵਾਲੇ ਆਗਿਆ ਨਾ ਦਿੰਦੇ ਪਰ ਇਸ ਸਮੇਂ ਗਾਂਧੀ ਜੀ ਦੇ ਨਾਮ ਦੀ ਕੁਝ ਕੀਮਤ ਸੀ। ਨਾਮ ਤਾਂ ਸੀ ਗਾਂਧੀ-ਵਾਦ ਦੇ ਸਮਝਣ ਵਿਚ ਸਹਾਇਤਾ ਮੁਹੱਈਆ ਕਰਨ ਵਾਲੀ ਸੰਸਥਾ, ਪਰ ਉਸ ਵਿਚ ਭਾਸ਼ਣ ਸਾਰਿਆਂ ਲਈ ਹੀ ਹੁੰਦੇ ਸਨ ਭਾਵੇਂ ਉਹ ਕੋਈ ਗਾਂਧੀਵਾਦ ਦਾ ਵਿਰੋਧੀ ਵਿਅਕਤੀ ਹੀ ਕਿਓ ਨਾ ਹੋਵੇ। ਗਾਂਧੀ ਜੀ ਨੂੰ ਇਹ ਸੁਣ ਕੇ ਨਰਾਜ਼ ਹੋਣਾ ਹੀ ਚਾਹੀਦਾ ਸੀ। ਦੂਜੀ ਗੋਲ ਮੇਜ਼ ਵਿਚ ਜਿਨਾਹ ਨਹੀਂ ਬੁਲਾਏ ਗਏ ਸਨ। ਗਾਂਧੀ ਗਰੁਪ ਨੇ ਉਨ੍ਹਾਂ ਨੂੰ ਭਾਸ਼ਣ ਦੇਣ ਦੇ ਲਈ ਆਕਸਫੋਰਡ ਬੁਲਾਇਆ। ਜਿਨਾਹ ਨੇ ਗੋਲ ਮੇਜ਼ ਅਤੇ ਫੈਡਰੇਸ਼ਨ ਨੂੰ ਬਹੁਤ ਭੰਡਿਆ। ਬੇਦੀ ਭਾਰਤੀ ਵਿਦਿਆਰਥੀਆਂ ਦੇ ਪੱਤਰ "ਨਿਊ ਭਾਰਤ" ਅਤੇ "ਇੰਡੀਅਨ ਕੋਰਸ" ਦੇ ਲਈ ਵੀ ਲਿਖਿਆ ਕਰਦਾ ਸੀ।

ਜੂਨ 1933 ਵਿਚ ਫ੍ਰੈਡਾ ਅਤੇ ਬੇਦੀ ਦੋਵਾਂ ਨੇ ਆਨਰਸ ਦੇ ਨਾਲ ਬੀ.ਏ. ਪਾਸ ਕੀਤੀ। ਪ੍ਰੀਖਿਆ ਤੋਂ ਕੁਝ ਪਹਿਲਾਂ ਹੀ ਬੇਦੀ ਨੂੰ ਪਤਾ ਲੱਗਾ ਕਿ ਫਾਨ ਹੰਬੋਲਟ ਫਾਉਂਡੇਸ਼ਨ ਬਰਲਿਨ ਯੂਨੀਵਰਸਿਟੀ ਵਿਚ ਕੁਝ ਅੰਤਰਾਸ਼ਟਰੀ ਵਜ਼ੀਫੇ ਦੇ ਰਿਹਾ ਹੈ। ਸਰ ਅਲਫਰੈਡ ਜਿਮਰਨ ਦੇ ਸਲਾਹ ਅਨੁਸਾਰ ਬੇਦੀ ਨੇ ਵੀ ਇਕ ਬਿਨੈ

ਪੱਤਰ ਭੇਜ ਦਿੱਤਾ। ਜਿਸ ਦਿਨ ਬੇਦੀ ਅੰਤਿਮ ਪ੍ਰੀਖਿਆ ਦੇ ਕੇ ਘਰ ਆਇਆ, ਉਸੇ ਦਿਨ ਉਸ ਨੂੰ ਵਜ਼ੀਫ਼ਾ ਮਨਜ਼ੂਰ ਹੋਣ ਦਾ ਖ਼ਤ ਮਿਲਿਆ ਅਤੇ ਇਹ ਵੀ ਪਤਾ ਲੱਗਾ ਕਿ ਪੜ੍ਹਾਈ ਅਕਤੂਬਰ ਤੋਂ ਸ਼ੁਰੂ ਹੋਵੇਗੀ।

ਪ੍ਰੀਖਿਆ ਦੇ ਦੋ ਦਿਨ ਬਾਅਦ ਫ੍ਰੈਡਾ ਅਤੇ ਬੇਦੀ ਨੇ ਵਿਆਹ ਕਰ ਲਿਆ। ਫ੍ਰੈਡਾ ਆਪਣੀ ਮਾਂ ਦੀ ਇਕਲੌਤੀ ਧੀ ਸੀ। ਮਾਂ ਇਸ ਵਿਆਹ ਤੋਂ ਬਹੁਤ ਖੁਸ਼ ਸੀ, ਤਾਂ ਵੀ ਸੰਬੰਧੀਆਂ ਵਿਚ ਕੁਝ ਅਜਿਹੇ ਜ਼ਰੂਰ ਸਨ ਜੋ ਇਸ ਨੂੰ ਪਸੰਦ ਨਹੀਂ ਕਰਦੇ ਸਨ। ਪਿਛੇ ਤਾਂ ਮਾਂ ਹਿੰਦੁਸਤਾਨ ਵਿਚ ਆ ਕੇ ਆਪਣੇ ਕੁੜਮਣੀ (ਫੂਲ ਕੌਰ) ਨਾਲ ਮੁਲਾਕਾਤ ਕਰਕੇ ਗਈ, ਜਿਸ ਦਾ ਵਰਣਨ ਫ੍ਰੈਡਾ ਦੇ ਸਰਲ ਪਰ ਮਧੁਰ ਸ਼ਬਦਾਂ ਵਿਚ ਇਸ ਪ੍ਰਕਾਰ ਹੈ –

"Two years after my arrival in India my mother came to see us. It was the day when she was leaving again for England. While saying goodbye to my mother-in-law, she cried and said, "Tell her to look after you." The reply was, "Tell her, she is my own daughter, as dear to me as my son;" and they both cried together."

(ਸਾਡੇ ਭਾਰਤ ਆਉਣ ਦੇ ਦੋ ਸਾਲ ਬਾਅਦ ਮੇਰੀ ਮਾਂ ਮੈਨੂੰ ਮਿਲਣ ਭਾਰਤ ਆਈ। ਇਹ ਉਸ ਦਿਨ ਦੀ ਗੱਲ ਹੈ ਜਿਸ ਦਿਨ ਮਾਂ ਇੰਗਲੈਂਡ ਲਈ ਰਵਾਨਾ ਹੋ ਰਹੀ ਸੀ। ਮੇਰੀ ਸੱਸ ਤੋਂ ਵਿਦਾ ਲੈਂਦੇ ਸਮੇਂ ਰੋਂਦੇ ਹੋਏ ਉਸ ਨੇ ਕਿਹਾ, "ਇਸ ਨੂੰ ਕਹੋ ਕਿ ਤੁਹਾਡਾ ਖ਼ਿਆਲ ਰੱਖੇ।" ਸੱਸ ਨੇ ਜਵਾਬ ਦਿੱਤਾ, "ਇਸ ਨੂੰ ਕਹੋ ਕਿ ਉਹ ਮੇਰੀ ਆਪਣੀ ਧੀ ਹੈ ਅਤੇ ਓਨੀ ਹੀ ਪਿਆਰੀ ਜਿੰਨਾ ਕਿ ਮੇਰਾ ਪੁੱਤ" ਅਤੇ ਦੋਵਾਂ ਨਾਲ ਰੋਣ ਲੱਗੀ।)

**ਜੰਗਲੀ ਸੈਰ ਸਪਾਟਾ :** ਹਾਲੇ ਬਰਲਿਨ ਯੂਨੀਵਰਸਿਟੀ ਵਿਚ ਜਾਣ ਲਈ ਚਾਰ ਮਹੀਨੇ ਸਨ। ਫ੍ਰੈਡਾ ਅਤੇ ਬੇਦੀ ਨੇ ਆਪਣੇ ਹਨੀਮੂਨ ਮਨਾਉਣ ਦਾ ਇਕ ਨਵਾਂ ਢੰਗ ਸੋਚਿਆ। ਇਕ ਦੱਖਣੀ ਅਫ਼ਰੀਕਾ ਦਾ ਦੋਸਤ ਵੀ ਇਸ ਵਿਚ ਸਾਥੀ ਬਣਿਆ ਅਤੇ ਤਿੰਨਾਂ ਨੇ ਨਿਸ਼ਚਾ ਕੀਤਾ ਕਿ ਇਕ ਮੋਟਰ ਅਤੇ ਤੰਬੂ ਲੈ ਕੇ ਯੂਰਪ ਦੀ ਸੈਰ ਕੀਤੀ ਜਾਵੇ। ਤਿੰਨੇ ਫਰਾਂਸ ਦੇ ਕਿਨਾਰੇ ਉੱਤੇ ਉਤਰੇ ਅਤੇ ਉਥੋਂ ਹੀ ਉਨ੍ਹਾਂ ਦੀ ਯਾਤਰਾ ਸ਼ੁਰੂ ਹੋਈ, ਉਹ ਸਵਿਟਜ਼ਰਲੈਂਡ, ਇਟਲੀ, ਆਸਟਰੀਆ, ਹੰਗਰੀ, ਚੈਕਸਲੋਵਾਕੀਆ ਹੁੰਦੇ ਸਤੰਬਰ (1933) ਵਿਚ ਬਰਲਿਨ ਵਿਚ ਖ਼ਤਮ ਹੋਈ। ਉਨ੍ਹਾਂ ਨੇ ਚਾਰ ਹਜ਼ਾਰ ਮੀਲ ਦਾ ਸਫ਼ਰ ਕੀਤਾ ਅਤੇ ਸ਼ਹਿਰਾਂ ਵਿਚ ਘੱਟ ਪਿੰਡਾਂ ਵਿਚ ਕਿਸਾਨਾਂ ਨੂੰ ਵੱਧ ਨੇੜਿਓਂ ਵੇਖਿਆ। ਅੰਗਰੇਜ਼ੀ ਦੇ ਇਲਾਵਾ ਫਰੈਂਚ ਅਤੇ ਜਰਮਨ ਉਨ੍ਹਾਂ ਨੂੰ ਪਤਾ ਸੀ, ਪਰ ਇਤਾਲਵੀ ਭਾਸ਼ਾ ਦੇ ਕਾਰਨ ਕੁਝ ਮੁਸ਼ਕਿਲ ਹੋਈ। ਉਨ੍ਹਾਂ ਨੇ ਇਤਾਲਵੀ ਭਾਸ਼ਾ ਦੇ ਚਾਰ ਵਾਕ ਸਿੱਖ ਰੱਖੇ ਸਨ, "ਕੀ ਰਾਤ ਨੂੰ ਅਸੀਂ ਇਥੇ ਟਿਕ ਸਕਦੇ ਹਾਂ?" "ਕੀ ਤੁਸੀਂ ਸਾਨੂੰ ਥੋੜ੍ਹਾ ਪੀਣ ਦਾ ਪਾਣੀ ਦਿਉਗੇ?" "ਟਿਕਣ ਦੇ ਲਈ ਕਿੰਨਾ ਪੈਸਾ ਤੁਸੀਂ ਚਾਹੋਗੇ?" ਤੁਹਾਡੇ ਕੋਲ ਮੋਟਰ ਦੀ ਗਰਾਜ ਹੈ?" ਅਤੇ ਇਸ ਦੇ ਨਾਲ 'ਹਾਂ' ਅਤੇ 'ਨਹੀਂ'। ਇਟਲੀ ਵਿਚ ਇਕ ਜਗ੍ਹਾ ਉੱਤੇ ਮੋਟਰ ਖ਼ਰਾਬ ਹੋ ਗਈ। ਮੋਟਰ ਮੁਰੰਮਤ ਹੋਣ ਲੱਗੀ। ਬੇਦੀ ਨੇ ਦੁੱਧ ਮੰਗਣ ਦੇ ਲਈ ਮੂੰਹ ਉੱਤੇ ਬੁੱਕ (ਚੁੱਲੂ) ਰੱਖ ਕੇ ਇਸ਼ਾਰਾ ਕੀਤਾ ਅਤੇ ਫ੍ਰੈਡਾ ਨੇ ਦੀਵਾਰ ਦਾ ਸਫ਼ੈਦ ਚੂਨਾ ਵਿਖਾਇਆ। ਕਿਸਾਨ ਬੋਲ ਉੱਠਿਆ, "ਔ ਲੇਤੇ।" ਕਿਸਾਨਾਂ ਨੇ ਕਾਰ ਰੱਖਣ ਦੀ ਜਗ੍ਹਾ ਦਾ ਕਦੀ ਕਿਰਾਇਆ ਨਹੀਂ ਲਿਆ। ਇਟਲੀ ਵਿਚ ਇਕ ਕਿਸਾਨ ਦੇ ਘਰ ਉੱਤੇ ਪਹੁੰਚੇ। ਉਥੇ ਕਾਰ ਰੱਖਣ ਦੀ ਜਗ੍ਹਾ ਨਾ ਹੋਣ ਕਰਕੇ ਲੋਕ ਜਾਣ ਲੱਗੇ ਤਾਂ ਉਸ ਨੇ ਕਿਹਾ, "ਤੁਸਾਂ ਲੋਕਾਂ ਨੂੰ ਸਾਡੇ ਘਰ ਤੋਂ ਜਾਣਾ ਨਹੀਂ ਹੋਵੇਗਾ" ਅਤੇ ਮਨਾ ਕਰਨ ਉੱਤੇ ਵੀ ਉਸ ਨੇ ਆਪਣੇ ਅੰਗੂਰੀ ਬਗੀਚੇ ਦੇ ਫਾਟਕ ਅਤੇ ਵਾੜ ਨੂੰ ਪੁੱਟ ਕੇ ਮੋਟਰ ਲਈ ਰਸਤਾ ਬਣਾ ਦਿੱਤਾ। ਯੂਰਪ ਦੇ ਕਿਸਾਨਾਂ ਦੀ ਉਦਾਰਤਾ ਨਾਲ ਬੇਦੀ ਅਤੇ ਫ੍ਰੈਡਾ ਬਹੁਤ ਪ੍ਰਭਾਵਿਤ ਹੋਏ। ਉਨ੍ਹਾਂ ਨੇ ਯਾਤਰਾ ਵਿਚ ਆਪਣੇ ਆਪਣੇ ਕੰਮ ਵੰਡ ਲਏ ਸਨ। ਫ੍ਰੈਡਾ ਦੇ ਜ਼ਿੰਮੇ ਖਾਣਾ ਪਕਾਉਣਾ ਸੀ, ਮਿੱਤਰ ਗੱਡੀ ਵੇਖਦਾ, ਮੁਰੰਮਤ ਕਰਦਾ, ਨਾਲ ਹੀ ਬੂਟਾਂ ਨੂੰ ਪਾਲਿਸ਼ ਕਰਦਾ ਅਤੇ ਬੇਦੀ ਪੂਰਾ ਭੀਮ ਬਣ ਕੇ ਬਾਲਣ, ਪਾਣੀ ਜਮਾਂ ਕਰਦਾ, ਤੰਬੂ ਅਤੇ ਬਿਸਤਰਾ ਲਗਾਉਂਦਾ। ਸਵੇਰ ਦੇ ਸਮੇਂ ਤਿੰਨਾਂ ਦੇ ਕੰਮ ਦਾ ਕ੍ਰਮ ਉਲਟਾ ਹੋ ਜਾਂਦਾ।

**ਹਿਟਲਰ ਦੀ ਜਰਮਨੀ ਵਿਚ :** ਸਤੰਬਰ ਵਿਚ ਫ੍ਰੈਡਾ ਅਤੇ ਬੇਦੀ ਬਰਲਿਨ ਪਹੁੰਚ ਗਏ। ਹਿਟਲਰ ਗੱਦੀ 'ਤੇ ਬੈਠ

ਚੁੱਕਿਆ ਸੀ ਅਤੇ ਨਾਜ਼ੀ ਜ਼ੁਲਮ ਦਾ ਆਤੰਕ ਚਾਰੇ ਪਾਸੇ ਛਾਇਆ ਹੋਇਆ ਸੀ। ਬੇਦੀ ਅਤੇ ਫ੍ਰੈਡਾ ਉਥੇ ਦੇ ਵਾਤਾਵਰਨ ਨੂੰ ਪਸੰਦ ਨਹੀਂ ਕਰ ਰਹੇ ਸਨ, ਪਰ ਤਾਂ ਵੀ ਸ਼ਿਸ਼ਟਾਚਾਰ ਦੇ ਖ਼ਿਆਲ ਨਾਲ ਰਹਿਣਾ ਹੀ ਸੀ। ਭਾਰਤੀ ਅਰਥ ਸ਼ਾਸਤਰ ਦੇ ਸੰਬੰਧ ਵਿਚ "ਜਾਤੀ ਪ੍ਰਥਾ ਨੂੰ ਤੋੜਨ ਦੇ ਲਈ ਵਰਗ" ਦੇ ਵਿਸ਼ੇ ਉੱਤੇ ਖੋਜ ਕਰਨੀ ਸ਼ੁਰੂ ਕੀਤੀ । ਡਾਕਟਰ ਜੋਮਬਰਟ ਉਸ ਦੇ ਅਧਿਆਪਕ ਸਨ। ਆਪਣੇ ਉਦਾਰ ਵਿਚਾਰਾਂ ਦੇ ਕਾਰਨ ਡਾਕਟਰ ਜੋਮਬਰਟ ਨੂੰ ਵੀ ਯੂਨੀਵਰਸਿਟੀ ਤੋਂ ਨਿਕਲਣਾ ਪਿਆ। ਬੇਦੀ ਨੇ ਇਹ ਵੀ ਵੇਖਿਆ ਕਿ ਲਾਇਬ੍ਰੇਰੀ ਤੋਂ ਜਿਨ੍ਹਾਂ ਕਿਤਾਬਾਂ ਨੂੰ ਲੈ ਕੇ ਉਹ ਪੜ੍ਹ ਰਿਹਾ ਹੈ, ਉਨ੍ਹਾਂ ਨੂੰ ਖ਼ੁਫ਼ੀਆ ਵਾਲੇ ਨੋਟ ਕਰ ਰਹੇ ਹਨ। ਉਥੇ ਉਸ ਦਾ ਸਾਹ ਜਿਹਾ ਘੁਟਣ ਲੱਗਾ, ਉਪਰੋਂ ਮਜ਼ਦੂਰਾਂ ਅਤੇ ਸਮਾਜਵਾਦੀਆਂ ਉੱਪਰ ਕੀਤੀਆਂ ਜਾਂਦੀਆਂ ਖ਼ੂਨੀ ਘਟਨਾਵਾਂ ਉਹ ਰੋਜ਼ ਸੁਣ ਅਤੇ ਵੇਖ ਰਿਹਾ ਸੀ। ਸਮਾਂ ਗੁਜ਼ਰਨ ਉੱਤੇ ਵਜ਼ੀਫ਼ੇ ਨੂੰ ਅਗਲੇ ਸਾਲ ਦੇ ਲਈ ਵੀ ਲੈਣਾ ਚਾਹੁੰਦੇ ਸਨ, ਪਰ ਬੇਦੀ ਅਤੇ ਫ੍ਰੈਡਾ ਜਰਮਨੀ ਵਿਚ ਹੋਰ ਰਹਿਣ ਦੇ ਲਈ ਤਿਆਰ ਨਹੀਂ ਸਨ। ਬਰਲਿਨ ਵਿਚ ਹੀ 13 ਮਈ 1934 ਨੂੰ ਰੰਗਾ ਪੈਦਾ ਹੋਇਆ। ਫ੍ਰੈਡਾ ਨੇ ਪੁੱਤਰ ਦਾ ਨਾਮ ਰਾਂਝਾ ਰੱਖਣਾ ਚਾਹਿਆ, ਕਿਉਂ ਜੋ ਉਸ ਨੂੰ ਹੀਰ ਰਾਂਝਾ ਦੀ ਕਥਾ ਬਹੁਤ ਪਸੰਦ ਆਈ ਸੀ। ਪਰ ਬੇਦੀ ਨੇ ਦੱਸਿਆ ਕਿ ਅਜਿਹਾ ਨਾਮ ਪੰਜਾਬ ਵਿਚ ਪਸੰਦ ਨਹੀਂ ਕੀਤਾ ਜਾਏਗਾ।

**ਹਿੰਦੁਸਤਾਨ ਵਿਚ :** ਅਗਸਤ ਵਿਚ ਬਰਲਿਨ ਛੱਡ ਸਵਿਟਜ਼ਰਲੈਂਡ ਵਿਚ ਇਕ ਮਹੀਨਾ ਰਹਿ ਕੇ ਬੇਦੀ ਫ੍ਰੈਡਾ ਦੇ ਨਾਲ ਸਤੰਬਰ (1934) ਵਿਚ ਬੰਬਈ ਪਹੁੰਚਿਆ। ਬੇਦੀ ਦੇ ਵਿਚਾਰ ਪਹਿਲਾਂ ਤੋਂ ਹੀ ਪਤਾ ਸਨ, ਇਸ ਲਈ ਉਸ ਦੀ ਚੀਜ਼ਾਂ ਦੀ ਖ਼ੂਬ ਤਲਾਸ਼ੀ ਲਈ ਗਈ। ਫ੍ਰੈਡਾ ਨੂੰ ਹਿੰਦੁਸਤਾਨੀ ਬਣਨ ਦਾ ਪਹਿਲਾ ਪ੍ਰਸ਼ਾਦਿ ਮਿਲਿਆ, ਜਦੋਂ ਕਿ ਇਕ ਐਂਗਲੋ ਇੰਡੀਅਨ ਔਰਤ ਨੇ ਉਸ ਦੇ ਸਰੀਰ ਨੂੰ ਟੋਲ੍ਹਦੇ ਹੋਏ ਉਸ ਦੀ ਤਲਾਸ਼ੀ ਲਈ।

ਬੇਦੀ ਪਤਨੀ ਨੂੰ ਲੈ ਕੇ ਮਾਂ ਦੇ ਕੋਲ ਗਿਆ। ਫੂਲ ਕੌਰ ਨੇ ਪੁੱਤ ਅਤੇ ਬਹੂ ਨੂੰ ਵੇਖਿਆ। ਬੇਦੀ ਨੇ ਮਾਂ ਦੇ ਪੈਰ ਛੂਹੇ, ਫ੍ਰੈਡਾ ਨੇ ਵੀ ਨਕਲ ਕਰਨੀ ਚਾਹੀ, ਉਸ ਦਾ ਕਲੇਜਾ ਧੜਕ ਰਿਹਾ ਸੀ। ਪਰ ਸੱਸ ਨੇ ਅੱਖਾਂ ਵਿਚ ਹੱਸ ਕੇ ਜਦੋਂ ਫ੍ਰੈਡਾ ਨੂੰ ਆਪਣੇ ਕਲਾਵੇ ਵਿਚ ਭਰ ਲਿਆ ਤਾਂ ਫ੍ਰੈਡਾ ਦਾ ਸਾਰਾ ਸੰਕੋਚ ਦੂਰ ਹੋ ਗਿਆ। ਫ੍ਰੈਡਾ ਨੇ ਸਾਲਾਂ ਬਾਅਦ ਆਪਣੇ ਨਵੇਂ ਘਰ ਅਤੇ ਸੰਬੰਧੀਆਂ ਦੇ ਮਿੱਠੇ ਵਿਹਾਰ ਨੂੰ ਬਹੁਤ ਸੋਹਣੇ ਸ਼ਬਦਾਂ ਵਿਚ ਲਿਖਿਆ ਹੈ।*

ਚਾਰ ਮਹੀਨੇ ਤੱਕ ਬੇਦੀ ਦੇਸ਼ ਦੀ ਪਰਿਸਥਿਤੀ ਦਾ ਅਧਿਐਨ ਕਰਦਾ ਰਿਹਾ, ਫਿਰ 1935 (ਜਨਵਰੀ) ਵਿਚ "ਕੌਨਟੈਂਪਰੇਰੀ ਇੰਡੀਆ" ਨਾਮ ਨਾਲ ਇਕ ਤ੍ਰੈ ਮਾਸਿਕ ਪੱਤਰ ਕੱਢਿਆ, ਪੰਜਾਬ ਸੋਸ਼ਲਿਸਟ ਪਾਰਟੀ ਅਤੇ ਕਿਸਾਨ ਸਭਾ ਵਿਚ ਹਿੱਸਾ ਲੈਣਾ ਸ਼ੁਰੂ ਕੀਤਾ। 1936 ਦੇ ਦਸੰਬਰ ਵਿਚ ਭਾਰਤੀ ਕਿਸਾਨ ਸਭਾ ਦਾ ਸੰਗਠਨ ਹੋਇਆ। ਬੇਦੀ ਉਸ ਦਾ ਉਪ ਪ੍ਰਧਾਨ ਬਣਿਆ। 1937 ਵਿਚ ਜਦੋਂ ਬਾਬਾ ਜਵਾਲਾ ਸਿੰਘ ਨੇ ਪੰਜਾਬ ਵਿਚ 55

---

***** Never once was I made to feel a stranger or an 'untouchable' We all ate together, and I was taken spontaneously as a new and very interesting daughter. My mother-in-law, whom I had begun to look upon as my Indian mother, began teaching me. The other aunts gave me the Panjabi dress-salwar, Kamees and gold-bordered dopattas to frame my face. All the special family dishes were cooked for me.

For the first year, we lived in a joint family circle: my mother-in-law, my husband's brother and his wife and ourselves. I learnt a good deal during that year of Indian ideas and ways of living; it was a valuable and interesting lesson to me, and I enjoyed it. We all learned to know and understand one another as we should never have done. We had lived in separate houses, and from hearing the language spoken continually around me, I picked it up very quickly.

It is over ten years since our marriage now. We are living like thousands of similar little families all over the country. I have lived those classic words of Ruih 'Your people shall be my people"... The beautiful relationship between my husband's mother and myself has deepened and strengthed itself with time: we can talk together now, and make jokes with each other, and we have weathered storms together too. There was a dreadful and almost fatal illness I nursed her through, and she helped me with the tragic second baby that died a few months old.

ਹਜ਼ਾਰ ਕਾਂਗਰਸ ਮੈਂਬਰ ਅਤੇ ਇਕ ਲੱਖ ਕਿਸਾਨ ਸਭਾ ਮੈਂਬਰ ਬਣਾ ਦੇਣ ਦਾ ਨਿਸ਼ਚਾ ਪ੍ਰਗਟ ਕੀਤਾ, ਤਾਂ ਹੋਰ ਸਾਥੀਆਂ ਵਾਂਗ ਬੇਦੀ ਨੂੰ ਵੀ ਇਹ ਗੱਲ ਅਸੰਭਵ ਜਿਹੀ ਲੱਗੀ। ਦੂਜੇ ਲੋਕ ਪੰਜਾਹ ਜਾਂ ਪੰਜ ਸੌ ਦੀਆਂ ਮੈਂਬਰੀ ਰਸੀਦਾਂ ਮੰਗ ਰਹੇ ਸਨ। ਬਾਬਾ ਜੀ ਨੇ 25 ਹਜ਼ਾਰ ਮੈਂਬਰ ਬਣਾਉਣ ਲਈ ਰਸੀਦਾਂ ਮੰਗੀਆਂ। ਫਿਰ ਤਾਂ ਇਕ ਲੱਖ ਦੀਆਂ ਰਸੀਦਾਂ ਵੰਡਣ ਵਿਚ ਦੇਰ ਨਹੀਂ ਲੱਗੀ। ਅੱਠ ਮਹੀਨੇ ਦੇ ਅੰਦਰ ਹੀ 75 ਹਜ਼ਾਰ ਮੈਂਬਰ ਬਣ ਗਏ। ਬਜ਼ੁਰਗ ਕ੍ਰਾਂਤੀਕਾਰੀ ਵੀਰ ਨੂੰ ਮੌਤ ਨੇ ਆ ਘੇਰਿਆ ਅਤੇ ਉਸ ਦੇ ਆਖਰੀ ਸ਼ਬਦ ਸਨ, "ਮੈਂ ਮਰ ਰਿਹਾ ਹਾਂ। ਅਫ਼ਸੋਸ ਮੈਂ ਪੰਜਾਬ ਵਿਚ ਕਿਸਾਨ ਮਜ਼ਦੂਰ ਰਾਜ ਨਹੀਂ ਵੇਖ ਸਕਿਆ। ਕੰਮ ਕਰਦੇ ਜਾਓ, ਅਸੀਂ ਤੁਹਾਡੇ ਨਾਲ ਹਾਂ।"

ਬਾਬਾ ਜਵਾਲਾ ਸਿੰਘ ਉਹ ਵੀਰ ਸਨ, ਜਿਨ੍ਹਾਂ ਦਾ ਸਾਰਾ ਜੀਵਨ ਦੇਸ਼ ਦੇ ਲਈ ਸੀ ਅਤੇ ਉਨ੍ਹਾਂ ਨੂੰ ਦੇਸ਼ ਕਦੇ ਨਹੀਂ ਭੁੱਲੇਗਾ। ਬੇਦੀ ਇਸ ਬਜ਼ੁਰਗ ਬਾਬੇ ਦੇ ਜੀਵਨ ਤੋਂ ਬਹੁਤ ਪ੍ਰਭਾਵਿਤ ਹੋਇਆ ਅਤੇ ਉਸ ਦਾ ਆਤਮ ਵਿਸ਼ਵਾਸ ਬਹੁਤ ਵੱਧ ਗਿਆ। ਬੇਦੀ ਪਿੰਡਾਂ ਵਿਚ ਜਾਂਦਾ, ਫ੍ਰੈਡਾ ਵੀ ਪਿੰਡਾਂ ਵਿਚ ਪਹੁੰਚਦੀ। ਉਸ ਨੇ ਅਸਲੀ ਪੰਜਾਬ ਨੂੰ ਵੇਖਿਆ ਅਤੇ ਜਿਵੇਂ ਜਿਵੇਂ ਭਾਸ਼ਾ ਦੀ ਮੁਸ਼ਕਿਲ ਦੂਰ ਹੁੰਦੀ ਗਈ, ਉਵੇਂ ਉਵੇਂ ਹੀ ਕਿਸਾਨਾਂ ਦੇ ਪ੍ਰਤੀ ਉਸ ਦਾ ਪਿਆਰ ਵਧਦਾ ਗਿਆ। ਜੂਨ 1937 ਵਿਚ ਅੰਮ੍ਰਿਤਸਰ ਵਿਚ ਪੰਜਾਬ ਸੋਸ਼ਲਿਸਟ ਕਾਂਗਰਸ ਹੋਈ, ਬੇਦੀ ਉਸ ਦਾ ਪ੍ਰਧਾਨ ਸੀ ਜਿਸ ਵਿਚ ਅਸ਼ਰਫ ਆਦਿ ਨੇਤਾ ਵੀ ਆਏ ਸਨ। ਅੰਮ੍ਰਿਤਸਰ ਨੇ ਪਹਿਲੀ ਵਾਰ ਲਾਲ ਝੰਡੇ ਦੇ ਨਾਲ ਕਿਸਾਨਾਂ ਦੇ ਵਿਸ਼ਾਲ ਜਲੂਸ ਨੂੰ ਵੇਖਿਆ। 1938 ਵਿਚ ਜੋ ਭਾਰਤੀ ਸੋਸ਼ਲਿਸਟ ਪਾਰਟੀ ਕਾਨਫਰੰਸ ਲਾਹੌਰ ਵਿਚ ਹੋਈ ਸੀ, ਉਸ ਸਮੇਂ ਕਾਰਜਕਾਰਨੀ ਦਾ ਇਕ ਮੈਂਬਰ ਬੇਦੀ ਵੀ ਚੁਣਿਆ ਗਿਆ। ਉਸੇ ਸਾਲ (30, 31 ਦਸੰਬਰ) ਟ੍ਰੇਡ ਯੂਨੀਅਨ ਕਾਂਗਰਸ ਦੀ ਪਹਿਲੀ ਕਾਨਫਰੰਸ ਹੋਈ। ਬੇਦੀ ਇਸ ਦਾ ਪ੍ਰਧਾਨ ਸੀ।


ਬੀ.ਪੀ.ਐੱਲ ਬੇਦੀ ਅਤੇ ਉਸਦੀ ਪਤਨੀ ਫ੍ਰੈਡਾ

ਲੜਾਈ ਹਾਲੇ ਲੱਗੀ ਨਹੀਂ ਸੀ, ਪਰ ਪੰਜਾਬ ਸਰਕਾਰ ਨੇ ਪਹਿਲਾਂ ਹੀ ਕਾਨੂੰਨ ਪਾਸ ਕਰ ਦਿੱਤਾ ਕਿ ਫ਼ੌਜ ਦੀ ਭਰਤੀ ਦੇ ਵਿਰੁੱਧ ਬੋਲਣ ਵਾਲਿਆਂ ਨੂੰ ਸਜ਼ਾ ਦਿੱਤੀ ਜਾਵੇਗੀ। ਇਸ ਕਾਨੂੰਨ ਦੇ ਵਿਰੁੱਧ ਮੋਰੀ ਦਰਵਾਜ਼ੇ ਵਿਚ ਜਨਤਕ ਸਭਾ ਹੋ ਰਹੀ ਸੀ। ਵਿਰੋਧੀਆਂ ਨੇ ਗੁੰਡੇ ਭੇਜੇ। ਉਨ੍ਹਾਂ ਨੇ ਮਾਰ ਕੁੱਟ ਸ਼ੁਰੂ ਕੀਤੀ। 23 ਆਦਮੀ ਜ਼ਖ਼ਮੀ ਹੋਏ। ਬੇਦੀ ਨੂੰ ਪਿਛਿਓਂ ਆ ਕੇ ਕਿਸੇ ਨੇ ਡਾਂਗ ਮਾਰੀ। ਬੇਦੀ ਨੇ ਕੁਰਸੀ ਚੁੱਕੀ, ਤਾਂ ਗੁੰਡੇ ਭੱਜ ਖੜੇ ਹੋਏ; ਸਭਾ ਤਾਂ ਵੀ ਹੋਈ ਅਤੇ ਕਾਨੂੰਨ ਦੇ ਵਿਰੋਧ ਵਿਚ ਮਤਾ ਵੀ ਪਾਸ ਕੀਤਾ ਗਿਆ। ਬੇਦੀ ਜ਼ਖ਼ਮੀ ਸਨ, ਉਸ ਨੂੰ ਹਸਪਤਾਲ ਭੇਜਿਆ ਗਿਆ। ਉਲਟੇ ਬੇਦੀ ਅਤੇ ਉਨ੍ਹਾਂ ਦੇ 22 ਸਾਥੀਆਂ ਉੱਤੇ ਲੜਾਈ ਕਰਨ ਦਾ ਮੁਕੱਦਮਾ ਚਲਾਇਆ ਗਿਆ। ਮੁਕੱਦਮੇ ਲਈ ਕੋਈ ਪ੍ਰਮਾਣ ਨਹੀਂ ਸੀ, ਪਰ ਤਾਂ ਵੀ 16 ਮਹੀਨੇ ਤੱਕ ਉਨ੍ਹਾਂ ਨੂੰ ਹੈਰਾਨ-ਪਰੇਸ਼ਾਨ ਕੀਤਾ ਗਿਆ।

ਬੇਦੀ ਅਤੇ ਫ੍ਰੈਡਾ ਨੇ ਵੇਖਿਆ ਕਿ ਉਨ੍ਹਾਂ ਦਾ ਜੀਵਨ ਅਜਿਹੀ ਧਾਰਾ ਵਿਚ ਜਾ ਰਿਹਾ ਹੈ, ਜਿਥੇ ਉਨ੍ਹਾਂ ਨੂੰ ਵੱਧ ਤੋਂ ਵੱਧ ਸੁਤੰਤਰ ਹੋਣ ਦੀ ਲੋੜ ਹੈ। ਬੇਦੀ ਹਿੰਦੁਸਤਾਨੀ ਗ਼ਰੀਬਾਂ ਦੇ ਜੀਵਨ ਦਾ ਭਾਵੇਂ ਅਨੁਭਵ ਨਹੀਂ ਰੱਖਦਾ ਸੀ, ਤਾਂ ਵੀ ਉਸ ਨੇ ਬਹੁਤ ਸੁਹਿਰਦ ਦ੍ਰਿਸ਼ਟੀ ਨਾਲ ਨੇੜਿਓਂ ਵੇਖਿਆ ਸੀ। ਇਕ ਅੰਗਰੇਜ਼ ਮੱਧਵਰਗ ਦੀ ਨੌਜਵਾਨ ਕੁੜੀ

ਲਈ ਹਿੰਦੁਸਤਾਨੀ ਜੀਵਨ ਪੱਧਰ ਉੱਤੇ ਰਹਿਣਾ ਬਹੁਤ ਮੁਸ਼ਕਲ ਗੱਲ ਸੀ। ਮਾਡਲ ਟਾਊਨ ਵਿਚ ਭਰਾ ਦੀ ਜ਼ਮੀਨ ਪਈ ਹੋਈ ਸੀ, ਬੇਦੀ ਨੇ ਉਸ ਵਿਚ ਪੰਛੀਆਂ ਵਾਂਗ ਆਪਣੇ ਲਈ ਤਿਣਕਿਆਂ ਦਾ ਆਲ੍ਹਣਾ ਬਣਾਇਆ, ਜਿਸ ਵਿਚ ਮਾਮੂਲੀ ਫੂਸ ਦੀ ਛੱਤ ਅਤੇ ਫੂਸ ਹੀ ਦੀਆਂ ਕੰਧਾਂ- ਘੱਟ ਤੋਂ ਘੱਟ ਪੈਸੇ ਵਿਚ ਝੁੱਗੀ। ਹਾਂ, ਇਥੇ ਸਫ਼ਾਈ ਰੌਸ਼ਨੀ ਅਤੇ ਹਵਾ ਦਾ ਜ਼ਰੂਰ ਖ਼ਿਆਲ ਰੱਖਿਆ। ਝੌਂਪੜੀ ਵਿਚ ਕਿਵਾੜ ਅਤੇ ਤਾਲਾ ਕੁੰਜੀ ਦਾ ਕੋਈ ਪ੍ਰਬੰਧ ਨਹੀਂ; ਅਤੇ ਪ੍ਰਬੰਧ ਹੋਵੇ ਵੀ ਤਾਂ ਕੰਧ ਵਿਚ ਕਿਤਿਓਂ ਵੀ ਹੱਥ ਪਾ ਕੇ ਰਸਤਾ ਬਣਾਇਆ ਜਾ ਸਕਦਾ ਹੈ। ਹੱਥ ਦੀ ਬਣੀ ਰੋਟੀ ਅਤੇ ਦਾਲ ਸਬਜ਼ੀ ਨੂੰ ਸਵੀਕਾਰ ਕੀਤਾ। ਪਹਿਲਾਂ ਕਿੰਨੇ ਹੀ ਦਿਨਾਂ ਤੱਕ ਜ਼ਰੂਰ ਜੀਭ ਨੇ ਬਗ਼ਾਵਤ ਕੀਤੀ ਹੋਵੇਗੀ, ਪਰ ਹੁਣ ਫ੍ਰੈਡਾ ਇਸ ਸਸਤੇ ਅਤੇ ਸਾਦੇ ਖਾਣੇ ਨੂੰ ਓਨਾ ਹੀ ਪਸੰਦ ਕਰਦੀ ਹੈ, ਜਿੰਨਾ ਕਿ ਸਲਵਾਰ ਅਤੇ ਦੁਪੱਟੇ ਨੂੰ। ਰੇਲ ਵਿਚ ਉਹ ਹਮੇਸ਼ਾ ਤੀਜੇ ਦਰਜੇ ਵਿਚ ਸਫ਼ਰ ਕਰਦੀ ਹੈ। ਇਸ ਤਰ੍ਹਾਂ ਉਸ ਨੇ ਆਪਣੇ ਖ਼ਰਚ ਨੂੰ ਬਿਲਕੁਲ ਘੱਟ ਕਰ ਦਿੱਤਾ ਹੈ ਅਤੇ ਉਸ ਦੇ ਲਈ ਜੇ ਉਸ ਦੀ ਕਲਮ ਹਫ਼ਤੇ ਵਿਚ ਇਕ ਦੋ ਵਾਰ ਚੱਲ ਜਾਏ ਤਾਂ ਕੋਈ ਚਿੰਤਾ ਨਹੀਂ। ਰੰਗਾ ਪੂਰਾ ਪੰਜਾਬੀ ਹੈ। ਬੇਦੀ ਪੰਜਾਬੀ ਭਾਸ਼ਾ ਵਿਚ ਬਹੁਤ ਸਰਲ ਅਤੇ ਸੁੰਦਰ ਭਾਸ਼ਣ ਦਿੰਦਾ ਹੈ। ਰੰਗਾ ਵਿਚ ਵੀ ਉਸ ਦੇ ਬੀਜ ਵਿਖਾਈ ਪੈਂਦੇ ਹਨ। ਇਸ ਜੰਗਲੀ ਯਾਤਰੀ ਦਾ ਜੰਗਲੀ ਜੀਵਨ ਦੇਸ਼ ਵਿਚ ਗ਼ਰੀਬਾਂ ਦੀ ਸੇਵਾ ਲਈ ਜ਼ਰੂਰੀ ਹੈ। ਜਦੋਂ ਪਹਿਲਾ ਝੌਂਪੜਾ ਤਿਆਰ ਹੋਇਆ ਅਤੇ ਬੇਦੀ ਨੇ ਬੀਮਾਰ ਫ੍ਰੈਡਾ ਦੇ ਕੋਲ ਡਲਹੌਜੀ ਲਿਖਿਆ, ਤਾਂ ਉਹ ਉਥੋਂ ਦੌੜੀ ਆਈ ਅਤੇ ਵੇਖ ਕੇ ਉਸ ਨੂੰ ਬਹੁਤ ਖੁਸ਼ੀ ਹੋਈ।

1938-39 ਵਿਚ ਡੇਢ ਸਾਲ ਤੱਕ ਫ੍ਰੈਡਾ ਅਤੇ ਬੇਦੀ ਨੇ 'ਸੰਡੇ-ਮਾਰਨਿੰਗ' (ਅੰਗਰੇਜ਼ੀ ਹਫ਼ਤਾਵਾਰ) ਚਲਾਇਆ।

ਮਹਾਂ ਯੁੱਧ ਛਿੜ ਪਿਆ। ਬੇਦੀ ਨੇ ਕੋਈ ਮੌਕਾ ਨਹੀਂ ਦਿੱਤਾ, ਤਾਂ ਵੀ ਚੌਦਾਂ ਪੰਦਰਾਂ ਮਹੀਨੇ ਲੰਘਦੇ ਲੰਘਦੇ ਸਰਕਾਰ ਨੇ 4 ਦਿਸੰਬਰ 1940 ਨੂੰ ਬੇਦੀ ਨੂੰ ਫੜ ਕੇ ਜੇਲ੍ਹ ਵਿਚ ਨਜ਼ਰਬੰਦ ਕਰ ਦਿੱਤਾ, ਕੁਝ ਦਿਨ ਮਿੰਟਗੁਮਰੀ ਵਿਚ ਰੱਖ ਕੇ ਦੇਵਲੀ ਭੇਜ ਦਿੱਤਾ। ਬੇਦੀ ਹੁਣ ਹਿੰਦੁਸਤਾਨ ਭਰ ਦੇ ਸਾਥੀਆਂ ਵਿਚਕਾਰ ਸਨ। ਦੇਵਲੀ ਵਿਚ ਸਾਥੀਆਂ ਨੂੰ ਜੇਲ੍ਹ ਦੀ ਤਕਲੀਫ਼ਾਂ ਦੇ ਲਈ ਭੁੱਖ ਹੜਤਾਲ ਕਰਨੀ ਪਈ। ਦਸ ਦਿਨ ਦੇ ਬਾਅਦ ਜਦੋਂ ਜ਼ਬਰਦਸਤੀ ਰਬੜ ਦੀ ਨਲੀ ਦੁਆਰਾ ਨੱਕ ਨਾਲ ਦੁੱਧ ਪਾਇਆ ਜਾਣ ਲੱਗਾ ਤਾਂ ਦਰਜਨਾਂ ਆਦਮੀਆਂ ਨੂੰ ਲੈ ਕੇ ਜੇਲ੍ਹ ਵਾਲਿਆਂ ਨੇ ਬੇਦੀ ਨਾਲ ਵੀ ਉਹੋ ਜਿਹਾ ਕਰਨਾ ਚਾਹਿਆ। ਪਰ ਉਹ ਫੁਟਬਾਲ ਦੀ ਤਰ੍ਹਾਂ ਦੋ-ਚਾਰ ਆਦਮੀਆਂ ਨੂੰ ਇਕ ਦੇ ਉੱਪਰ ਇਕ ਸੁੱਟਣ ਲੱਗਾ, ਤਾਂ ਕਿਸ ਦੀ ਮਜ਼ਾਲ ਸੀ ਕਿ ਕੋਈ ਲਾਗੇ ਆਏ। ਬੇਦੀ ਨੇ ਕਹਿ ਦਿੱਤਾ ਸੀ, ਮਹੀਨੇ ਭਰ ਮੇਰੇ ਲਈ ਫ਼ਿਕਰ ਨਾ ਕਰੋ, ਮੇਰੇ ਸਰੀਰ ਵਿਚ ਕਾਫ਼ੀ ਖ਼ੁਰਾਕ ਮੌਜੂਦ ਹੈ। 14-15 ਦਿਨ ਬਾਅਦ ਭੁੱਖ ਹੜਤਾਲ ਸਫ਼ਲਤਾ ਪੂਰਵਕ ਟੁੱਟ ਗਈ।

21 ਫ਼ਰਵਰੀ 1941 ਨੂੰ ਫ੍ਰੈਡਾ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਉਸ ਨੂੰ ਛੇ ਮਹੀਨੇ ਦੀ ਸਖ਼ਤ ਸਜ਼ਾ ਦਿੱਤੀ ਗਈ। 13 ਕਾਂਗਰਸੀ ਔਰਤਾਂ ਵਿਚ ਫ੍ਰੈਡਾ ਹੀ ਸੀ, ਜਿਸ ਨੂੰ ਸਖ਼ਤ ਸਜ਼ਾ ਮਿਲੀ ਸੀ। ਜੇਲ੍ਹ ਵਿਚ ਉਸ ਨੂੰ ਬਾਗ ਦਾ ਕੰਮ ਦਿੱਤਾ ਗਿਆ। ਫ੍ਰੈਡਾ ਨੇ ਆਪਣੇ ਜੇਲ੍ਹ ਜੀਵਨ ਦਾ ਸੁੰਦਰ ਵਰਣਨ ਆਪਣੀ "ਬਿਹਾਇੰਡ ਦਿ ਮਡ ਵਾਲਸ" ਵਿਚ ਕੀਤਾ ਹੈ। ਤਿੰਨ ਮਹੀਨੇ ਚਾਰ ਦਿਨ ਜੇਲ੍ਹ ਵਿਚ ਰਹਿਣ ਦੇ ਬਾਅਦ ਹਾਈਕੋਰਟ ਦੇ ਫ਼ੈਸਲੇ ਦੇ ਅਨੁਸਾਰ ਫ੍ਰੈਡਾ ਨੂੰ ਛੱਡ ਦਿੱਤਾ ਗਿਆ। 1 ਅਪ੍ਰੈਲ 1942 ਨੂੰ ਬੇਦੀ ਨੂੰ ਗੁਜਰਾਤ ਜੇਲ੍ਹ ਵਿਚੋਂ ਛੱਡਿਆ ਗਿਆ। ਬੇਦੀ ਪੰਜਾਬੀ ਦਾ ਉੱਤਮ ਬੁਲਾਰਾ ਹੀ ਨਹੀਂ ਹੈ, ਸਗੋਂ ਉਹ ਸੁੰਦਰ ਲੇਖਕ ਵੀ ਹੈ। ਹਾਂ, ਉਸ ਦੀ ਲੇਖਣੀ ਹੁਣੇ ਹੁਣੇ ਇਸ ਦਿਸ਼ਾ ਵਿਚ ਚੱਲਣ ਲੱਗੀ ਹੈ, ਪਰ ਉਮੀਦ ਹੈ ਕਿ ਉਹ ਆਪਣੀ ਲੇਖਣੀ ਨਾਲ ਪੰਜਾਬੀ ਦੇ ਨਵੇਂ ਸਾਹਿਤ ਨੂੰ ਬਹੁਤ ਖ਼ੁਸ਼ਹਾਲ ਕਰਨਗੇ।

ਬੇਦੀ ਦਾ ਜੀਵਨ ਇਕ ਉਦਾਹਰਨ ਹੈ ਕਿ ਕਿਸ ਤਰ੍ਹਾਂ ਆਰਾਮ ਵਿਚ ਪਲਿਆ ਵਿਅਕਤੀ ਆਪਣੇ ਆਦਰਸ਼ ਦੇ ਲਈ ਸਾਰੇ ਸੁਖਾਂ ਨੂੰ ਤਿਆਗ ਸਕਦਾ ਹੈ; ਕਿਸ ਤਰ੍ਹਾਂ ਆਪਣੀਆਂ ਲੋੜਾਂ ਨੂੰ ਘੱਟ ਕਰਕੇ ਆਪਣੇ ਆਪ ਨੂੰ ਆਪਣੇ ਆਦਰਸ਼ ਦੇ ਲਈ ਸੁਤੰਤਰ ਕਰ ਸਕਦਾ ਹੈ ਅਤੇ ਫ੍ਰੈਡਾ ਵੀ ਇਸ ਗੱਲ ਵਿਚ ਬੇਦੀ ਤੋਂ ਪਿਛੇ ਨਹੀ ਰਹੀ। ਗੁਰੂ ਨਾਨਕ ਨੇ 20ਵੀਂ ਸਦੀ ਵਿਚ ਵੀ ਆਪਣਾ ਇਕ ਪ੍ਰਤੀਨਿੱਧੀ ਸਾਡੇ ਵਿਚਕਾਰ ਛੱਡਿਆ ਹੋਇਆ ਹੈ।

ਅਮਰੀਕਨ ਕਵਿਤਰੀ
**ਲੂਈ ਗਲੁੱਕ** ਦੀਆਂ ਕਵਿਤਾਵਾਂ



## ਦੂਰਬੀਨ

ਦੂਰਬੀਨ ਤੋਂ ਅੱਖਾਂ ਹਟਦਿਆਂ ਹੀ ਲੱਗਦਾ
ਤੁਸੀਂ ਤਾਂ ਕਿਤੇ ਹੋਰ ਹੀ ਸੀ
ਭੁੱਲ ਹੀ ਗਏ ਸੋ ਆਪਣਾ ਆਪ
ਗਵਾਚ ਹੀ ਗਏ ਸੀ
ਤਾਰਿਆਂ 'ਚ
ਠੰਡੀ ਹਨ੍ਹੇਰੀ ਰਾਤ ਦੀ ਚੁੱਪ 'ਚ।

ਇਹ ਦੁਨੀਆ ਤਾਂ
ਵਿਸਰ ਹੀ ਗਈ ਸੀ
ਤੁਸੀਂ ਤਾਂ ਅੱਪੜ ਗਏ ਸੋ ਦੂਰ ਕਿਤੇ
ਜਿਥੇ ਬੰਦਿਆਂ ਦਾ ਹੋਣਾ ਬੇਮਾਹਨਾ।

ਆਸਮਾਨ ਵੱਲ ਤੱਕਦਿਆਂ ਇੰਜ ਲੱਗਾ
ਜਿਵੇਂ ਸਰੀਰੋਂ ਬਾਹਰ ਵੀ
ਤੁਹਾਡੀ ਕੋਈ ਪਛਾਣ ਹੋਵੇ
ਤਾਰਿਆਂ ਵਰਗੀ ਅਹਿਲ, ਅਡੋਲ, ਅਨੰਤ
ਸ਼ਾਇਦ ਤੁਹਾਡਾ ਵੀ ਉਨ੍ਹਾਂ ਵਾਂਗ
ਬੇਅੰਤ ਪਾਸਾਰਾ ਹੋਵੇ।

ਦੂਰਬੀਨ ਖੋਲ੍ਹਦਿਆਂ ਹੀ
ਤੁਸੀਂ ਪਰਤ ਆਉਂਦੇ ਹੋ
ਫਿਰ ਓਸੇ ਠੰਡੇ ਸੀਤ ਪਹਾੜ 'ਤੇ
ਫਿਰ ਓਸੇ ਕਾਲੀ ਬੋਲੀ ਰਾਤ ਦੀ ਆਗੋਸ਼ ਵਿਚ

ਆਸਮਾਨ ਦੀ ਉਹ ਤਸਵੀਰ
ਜੋ ਹੁਣੇ ਵੇਖੀ
ਝੂਠੀ ਤਾਂ ਨਹੀਂ ਸੀ
ਪਰ ਉਸ ਨਾਲ ਰਿਸ਼ਤਾ ਜੋ ਬਣਿਆ
ਸੱਚ ਮੁੱਚ ਝੂਠਾ ਸੀ।

ਘੜੀ ਪਲ ਇੰਜ ਵੀ ਲੱਗਾ
ਕਿ ਦੁਨੀਆਂ ਦੀ ਹਰ ਸ਼ੈਅ
ਇਕ ਦੂਜੇ ਤੋਂ ਕਿੰਨੀ ਦੂਰ ਹੈ।

**ਅਰਦਾਸ**

ਤੂੰ ਜਾਨਣਾ ਚਾਹੁੰਦਾ ਏ
ਮੈਂ ਆਪਣਾ ਸਮਾਂ ਕਿਵੇਂ ਗੁਜ਼ਾਰਦੀ ਹਾਂ
ਬਸ ਸਾਹਮਣੇ ਲਾਅਨ 'ਚ
ਸੈਰ ਲਈ ਨਿਕਲ ਜਾਂਦੀ ਹਾਂ
ਫਿਰ ਪੈਰਾਂ ਭਾਰ ਬਹਿ ਕੇ
ਫੁੱਲਾਂ ਦੀਆਂ ਕਿਆਰੀਆਂ 'ਚੋਂ
ਮੋਥਰੇ ਦੇ ਬੂਟੇ
ਪੁੱਟ ਪੁੱਟ ਬਾਹਰ ਸੁੱਟ ਦੇਂਦੀ ਹਾਂ
ਮੋਕਲੇ ਜਹੇ ਹੋ
ਫੁੱਲ ਜ਼ਰਾ ਸੌਖੇ ਹੋ ਜਾਂਦੇ ਨੇ
ਤੇ ਮੈਂ ਵੀ।

ਵੈਸੇ ਮੇਰੇ ਲਈ ਇਹ ਕੋਈ ਕੰਮ ਨਹੀਂ
ਮੈਂ ਤਾਂ ਸਿਰਫ਼ ਕੁਝ ਸਾਹਸ, ਕੁਝ ਸਬੂਤ
ਕੁਝ ਸੰਕੇਤ ਲੱਭਦੀ ਫਿਰਦੀ ਹਾਂ
ਕਿ ਮੇਰੀ ਜ਼ਿੰਦਗੀ 'ਚ ਵੀ
ਕੋਈ ਬਦਲਾਅ ਆਵੇਗਾ।

ਸਭ ਕੁਝ ਤਾਂ ਉਂਝ ਦਾ ਉਂਝ ਰਹਿੰਦਾ
ਉਮਰ ਲੰਘਦੀ ਜਾਂਦੀ
ਗਰਮੀ ਆ ਕੇ ਚਲੀ ਜਾਂਦੀ
ਰੁੱਖਾਂ ਦੇ ਪੱਤ ਪੀਲੇ ਪੈ ਕੇ ਡਿੱਗ ਪੈਂਦੇ
ਪੰਛੀ ਏਧਰੋਂ ਉਧਰ ਉੱਡਦੇ
ਪਤਾ ਨਹੀਂ ਕੀ ਗਾਉਂਦੇ ਫਿਰਦੇ।

ਤੂੰ ਮੇਰੇ ਹੱਥ ਵੇਖਣਾ ਚਾਹੁੰਦਾ
ਇਹ ਤਾਂ ਹਾਲੀ ਵੀ ਖ਼ਾਲੀ ਨੇ
ਜਿੱਦਾਂ ਪਹਿਲਾਂ ਸੀ
ਜਾਂ ਫਿਰ ਕਿਤੇ ਇੰਜ ਤੇ ਨਹੀਂ
ਕਿ ਬਿਨਾਂ ਸੰਕੇਤਾਂ ਦੇ ਹੀ ਤੁਰਨਾ ਹੋਵੇ

## ਰੈਡ ਪੌਪੀ

ਬੁੱਧੀ ਦੀ ਤਾਂ ਜ਼ਰੂਰਤ ਹੀ ਨਹੀਂ
ਜਜ਼ਬਾਤ ਦੀ ਹੈ
ਜਜ਼ਬਾਤ ਤਾਂ ਹੈਨ ਮੇਰੇ ਕੋਲ
ਇਨ੍ਹਾਂ ਸਿਰ 'ਤੇ ਤਾਂ ਜੀਂਦੀ ਹਾਂ

ਉੱਤੇ ਅਸਮਾਨ 'ਤੇ
ਜੋ ਰੱਬ ਵਸਦਾ ਹੈ
ਉਹ ਤਾਂ ਦਿਲ ਦਾ ਹੀ ਕਾਇਲ ਹੈ
ਬਿਨਾਂ ਦਿਲ ਖੋਲ੍ਹੇ
ਉਹਦੀ ਸ਼ਾਨ ਨੂੰ ਕੌਣ ਜਾਣੇ

ਮੇਰੇ ਭੈਣੋ ਤੇ ਭਰਾਵੋ
ਤੁਸੀਂ ਵੀ ਤਾਂ ਮੇਰੇ ਵਰਗੇ ਹੀ ਸੋ
ਕੁਝ ਵਰ੍ਹੇ ਪਹਿਲਾਂ
ਏਨੇ ਸਿਆਣੇ ਬੰਦੇ ਬਣਨ ਤੋਂ ਪਹਿਲਾਂ
ਫਿਰ ਕਦੀ ਤੁਸੀਂ
ਦਿਲ ਨੂੰ ਖੁੱਲ੍ਹਣ ਦੀ ਇਜਾਜ਼ਤ ਹੀ ਨਾ ਦਿੱਤੀ
ਹੁਣ ਤੇ ਇਹ ਖੁੱਲ੍ਹਣਾ ਵੀ ਨਹੀਂ।

ਅਸਲ ਵਿਚ ਮੈਂ ਵੀ ਤਾਂ ਹੁਣ
ਤੁਹਾਡੇ ਵਾਂਗੂੰ ਹੀ ਗੱਲਾਂ ਕਰਨ ਲੱਗ ਪਈ ਹਾਂ
ਮੈਂ ਵੀ ਤਾਂ ਮਜਬੂਰ ਹਾਂ
ਮੈਂ ਕਿਹੜੀ ਸਾਬਤ ਹਾਂ
ਮੈਂ ਵੀ ਤਾਂ ਚਕਨਾਚੂਰ ਹਾਂ
ਜਿੰਨੇ ਕਦੀ ਤੁਸੀਂ ਸੋ।

ਵ




ਲੂਈ ਇਲੀਸਾਬੈਥ ਗਲੁੱਕ ਇਕ ਅਮਰੀਕਨ ਕਵਿਤਰੀ ਅਤੇ ਨਿਬੰਧ ਲੇਖਿਕਾ ਹੈ ਜਿਸ ਨੂੰ 2020 ਵਿਚ ਸਾਹਿਤ ਦਾ ਸਰਵਉੱਚ ਪੁਰਸਕਾਰ ਨੋਬੇਲ ਅਵਾਰਡ ਮਿਲਿਆ ਹੈ। ਉਹ ਆਪਣੀਆਂ ਕਵਿਤਾਵਾਂ ਰਾਹੀਂ ਮਨੁੱਖੀ ਹੋਂਦ ਨੂੰ ਬੜੀ ਸਾਦਗੀ ਤੇ ਸੰਜਮ ਨਾਲ ਬਿਆਨ ਕਰਦੀ ਹੈ। ਉਸਦੀ ਕਵਿਤਾ ਜੀਵਨ ਦੇ ਸੂਖਤਮ ਤਜ਼ਰਬਿਆਂ, ਭਾਵਨਾਤਮਕ ਤਲਖ਼ੀਆਂ ਤੇ ਪ੍ਰਕਿਰਤੀ 'ਚ ਪ੍ਰਤੱਖ ਦਿਸਦੇ ਪ੍ਰਤੀਬਿੰਬਾਂ ਦਾ ਸੋਹਣਾ ਸੁਮੇਲ ਹੈ।

ਅੰਗਰੇਜ਼ੀ 'ਚੋਂ ਅਨੁਵਾਦ : **ਬਲਦੇਵ ਚੱਕ ਸਕੰਦਰ**

ਕਵਿਤਾ :

# ਏ. ਕੇ. ਰਾਮਨੁਜਨ



ਏ. ਕੇ. ਰਾਮਨੁਜਨ ਦੀ ਕਵਿਤਾ 'ਬੇਨਾਮ ਬਚਪਨ' ਉਨ੍ਹਾਂ ਦੋ ਇਨਸਾਨਾਂ ਦੀ ਮੁਹੱਬਤ ਦਾ ਮਨਮੋਹਕ ਕਿੱਸਾ ਹੈ ਜੋ ਵਿਆਹ ਵਰਗੇ ਪਵਿੱਤਰ ਰਿਸ਼ਤੇ ਵਿਚੋਂ ਜਨਮ ਲੈਂਦਾ ਹੈ। ਆਪਣੀ ਪਤਨੀ ਨੂੰ ਲਿਖੀ ਇਸ ਕਵਿਤਾ ਰੂਪੀ ਚਿੱਠੀ ਵਿਚ ਉਹ ਓਸ ਬਾਲਪਣ ਨਾਲ ਜੁੜੀਆਂ ਯਾਦਾਂ ਦਾ ਜ਼ਿਕਰ ਕਰਦਾ ਹੈ ਜੋ ਉਨ੍ਹਾਂ ਦੇ ਮਿਲਣ ਤੋਂ ਪਹਿਲਾਂ ਵਾਪਰੀਆਂ ਹੋਣ ਕਰਕੇ ਕਦੀ ਵੀ ਸਾਂਝੀਆਂ ਨਹੀਂ ਹੋ ਸਕਦੀਆਂ। ਬਚਪਨ ਦੇ ਇਨ੍ਹਾਂ ਵੱਖਰੇ-ਵੱਖਰੇ ਅਨੁਭਵਾਂ ਦਾ ਅਸਰ ਉਨ੍ਹਾਂ ਦੇ ਮੌਜੂਦਾ ਰਿਸ਼ਤਿਆਂ ਦੀ ਸ਼ਿੱਦਤ ਨੂੰ ਘਟਾਉਂਦਾ ਹੈ। ਉਹ ਇਸ ਗੱਲੋਂ ਹਮੇਸ਼ਾ ਊਣੇ ਰਹਿੰਦੇ ਹਨ ਕਿ ਉਨ੍ਹਾਂ ਦੀ ਉਮਰ ਦੇ ਮੁੱਢਲੇ ਸਾਲਾਂ ਦੀਆਂ ਸਥਿਤੀਆਂ, ਪਰਿਸਥਿਤੀਆਂ ਤੇ ਤਜ਼ਰਬੇ ਇਕੋ ਨਹੀਂ ਸਨ।

ਕਵਿਤਾ, ਗੁਜ਼ਰਦੇ ਵਰ੍ਹਿਆਂ ਨਾਲ, ਮਾਪਿਆਂ ਵਿਚ ਆਉਂਦੇ ਬਦਲਾਵ ਦੀ ਗੱਲ ਕਰਦੀ ਹੈ। ਵੱਧਦੀ ਉਮਰ ਨਾਲ ਹਾਵ-ਭਾਵ ਤਾਂ ਬਦਲਦੇ ਪ੍ਰਤੱਖ ਨਜ਼ਰ ਆਉਂਦੇ ਹਨ ਪਰ ਇਸ ਦੇ ਨਾਲ ਨਾਲ ਰਿਸ਼ਤਿਆਂ ਦੇ ਤਾਣੇ ਬਾਣੇ ਦਾ ਰੂਪ ਵੀ ਬਦਲਦਾ ਹੈ; ਪੁਰਾਣੇ ਥੰਮ ਹਿਲਦੇ ਤੇ ਨਵੇਂ ਸਮੀਕਰਣ ਉਪਜਦੇ ਹਨ। ਕਵਿਤਾ ਉਨ੍ਹਾਂ ਬਿੰਬਾਂ, ਪ੍ਰਤੀਬਿੰਬਾਂ, ਬੋਲਾਂ ਤੇ ਸੁਗੰਧਾਂ ਨੂੰ ਦੁਬਾਰਾ ਉਜਾਗਰ ਕਰਦੀ ਹੈ ਜਿਨ੍ਹਾਂ ਨੂੰ ਅਸੀਂ ਇਕ ਸੰਯੁਕਤ ਪਰਿਵਾਰ ਵਿਚ ਰਹਿੰਦਿਆਂ, ਪਲਦਿਆਂ ਤੇ ਵੱਡੇ ਹੁੰਦਿਆਂ ਮਹਿਸੂਸ ਕਰਦੇ ਹਾਂ। ਇਹ ਨਿਹਾਇਤ ਖ਼ੂਬਸੂਰਤੀ ਨਾਲ ਉਨ੍ਹਾਂ ਪਲਾਂ ਦਾ ਬਿਰਤਾਂਤ ਸਿਰਜਦੀ ਹੈ ਜਿਨ੍ਹਾਂ ਵਿਚ ਇਨਸਾਨ ਬਲੈਕ ਐਂਡ ਵਾਈਟ ਤਸਵੀਰਾਂ ਵਿਚੋਂ ਆਪਣੇ ਪਿਛੋਕੜ ਦੀਆਂ ਰੰਗੀਨ ਕਹਾਣੀਆਂ ਘੜਦਾ ਹੈ।

ਪੁਰਾਣੀਆਂ ਥਾਵਾਂ, ਚੀਜ਼ਾਂ, ਯਾਦਾਂ ਨੂੰ ਚੁਣਦੀ, ਬੁਣਦੀ ਇਹ ਕਵਿਤਾ ਬੀਤੇ ਬਚਪਨ ਦਾ ਪੁਨਰ ਨਿਰਮਾਣ ਕਰਦੀ, ਕੁਝ ਸਵਾਲ ਵੀ ਪੈਦਾ ਕਰਦੀ ਹੈ। ਕੀ ਰਾਮਾਨੁਜਨ ਖ਼ੂਨੀ ਰਿਸ਼ਤਿਆਂ ਦੇ ਨਜਾਇਜ਼ ਸੰਬੰਧਾਂ ਦੀ ਗੱਲ ਕਰਦਾ ਹੈ ਜਾਂ ਬਾਲ ਵਿਆਹਾਂ ਦੀ ਸਿਫ਼ਾਰਸ਼। ਕੀ ਉਹ ਇਹ ਦੱਸਣਾ ਚਾਹੁੰਦਾ ਹੈ ਕਿ ਵਿਆਹ ਵਰਗੇ ਸਮਾਜਿਕ ਰਿਸ਼ਤਿਆਂ ਦੀ ਪਰਿਪੱਕਤਾ ਲਈ ਦੋ ਪ੍ਰਾਣੀਆਂ ਦੇ ਬਚਪਨ ਦਾ ਸਾਂਝਾ ਹੋਣਾ ਲਾਜ਼ਮੀ ਹੈ। ਕੀ ਪਿਆਰ ਹੋ ਜਾਣ ਵਰਗਾ ਖ਼ੂਬਸੂਰਤ ਅਹਿਸਾਸ ਮਹਿਜ਼ ਪੁਰਾਣੀਆਂ ਯਾਦਾਂ ਨੂੰ ਜੀਵਤ ਕਰਨ ਤੇ ਇਸ ਵਿਚੋਂ ਪਨਪੇ ਵਿਸਮਾਦ ਵਿਚ ਡੁੱਬਣ ਦਾ ਨਾਂ ਹੈ। ਕਹਿਣ ਨੂੰ ਤਾਂ ਇਸ ਪਿਆਰੀ ਜਹੀ ਕਵਿਤਾ ਬਾਰੇ ਬਹੁਤ ਕੁਝ ਕਿਹਾ ਜਾ ਸਕਦਾ ਹੈ ਪਰ ਅਸੀਂ ਇਸ ਨੂੰ ਸੰਖੇਪ ਹੀ ਰੱਖਦੇ ਹਾਂ ਤਾਂ ਕਿ ਤੁਸੀਂ ਇਸ ਦਾ ਆਨੰਦ ਮਾਣ ਸਕੋ।

## ਬੇਨਾਮ ਬਚਪਨ

ਏਨੇ ਸਾਲਾਂ ਬਾਅਦ ਵੀ
ਜੋ ਸਾਨੂੰ ਇਕ ਨਹੀਂ ਹੋਣ ਦਿੰਦਾ
ਉਹ ਹੈ ਸਾਡਾ ਬਚਪਨ
ਜੋ ਕਦੀ ਸਾਂਝਾ ਨਹੀਂ ਸੀ।

ਮਸਲਨ ਤੂੰ ਕਦੀ ਤਸੱਵਰ ਵੀ ਨਹੀਂ ਕਰ ਸਕਦੀ
ਕਿ ਓਸ ਵੇਲੇ ਮੇਰੇ ਪਿਤਾ ਜੀ ਕਿਹੋ ਜਹੇ ਸਨ
ਜਦ ਮੈਂ ਛੋਟਾ ਸਾਂ।
ਤੇ ਨਾ ਹੀ ਮੇਰੇ ਲਈ ਸੰਭਵ ਹੈ
ਤੇਰੇ ਬਚਪਨ ਵੇਲੇ ਦੇ ਪਾਪਾ ਦੀ ਤਸਵੀਰ ਬਣਾ ਪਾਣਾ।

ਅੱਜ ਕੱਲ੍ਹ ਉਹ, ਸਨਕੀ ਜਿਹਾ ਹੋ ਗਿਆ ਹੈ
ਗੱਲ ਗੱਲ 'ਤੇ ਗੁੱਸਾ ਕਰਦਾ ਹੈ
ਵੈਸੇ ਉਮਰ ਨਾਲ, ਕੁਝ ਢਲ ਵੀ ਗਿਆ ਹੈ

ਜਦ ਕਦੀ ਭੈਣ-ਭਰਾਵਾਂ ਦਾ ਇਕੱਠੇ ਹੋਣਾ
ਦੇਰ ਰਾਤ ਤਕ
ਖਾਂਦਿਆਂ ਪੀਂਦਿਆਂ, ਹਾਸੇ ਮਜ਼ਾਕ ਕਰਦਿਆਂ
ਪੁਰਾਣੀਆਂ ਗੱਲਾਂ ਚੱਲ ਪੈਣੀਆਂ
ਤੇ ਮਾਪਿਆਂ ਦੇ ਅੱਜ ਵਿਚ ਨਾ ਹੋਣ ਦੀ
ਕਮੀ ਮਹਿਸੂਸ ਹੋਣੀ
ਤਾਂ ਤੂੰ ਮੇਰੇ ਅਤੀਤ ਦਾ ਸ਼ੀਸ਼ਾ ਵੇਖ
ਸਹਿਜ ਹੀ ਅੱਖਾਂ ਭਰ ਆਉਂਦੀ।

ਮੈਂ ਵੀ ਮਲਕੜੇ ਜਹੇ ਤੇਰੇ ਪਿੰਡ ਪਹੁੰਚ ਜਾਂਦਾ
ਤੇਰੀਆਂ ਚਾਚੀਆਂ, ਤਾਈਆਂ, ਭਰਜਾਈਆਂ ਦੀਆਂ
ਕਮਲੀਆਂ ਰਮਲੀਆਂ ਕਹੀਆਂ ਕਹਾਣੀਆਂ ਯਾਦ ਕਰਦਾ।

ਫਿਰ ਕਦੀ ਨਵੀਆਂ ਪੁਰਾਣੀਆਂ ਐਲਬਮਾਂ 'ਚੋਂ
ਟੱਬਰ ਵਿਚ ਸਾਲੋਂ ਸਾਲ ਚਲਦੀਆਂ ਦੰਦ ਕਥਾਵਾਂ 'ਚੋਂ
ਬਾਪੂ ਦੇ ਜੇਠ ਹਾੜ੍ਹ ਦੀਆਂ ਧੁੱਪਾਂ ਵਿਚ
ਕਾਲੇ ਹੁੰਦੇ ਪਿੰਡੇ 'ਚੋਂ
ਬੱਚਿਆਂ ਦੇ ਵਿਆਹ ਵੇਲੇ
ਸਵਾਰ ਕੇ ਪੱਗ ਬੰਨ੍ਹਦੇ ਕੰਬਦੇ ਹੱਥਾਂ 'ਚੋਂ
ਮਾਂ ਦੀ ਸਨੀਲ ਦੇ ਸੂਟ ਵਾਲੀ
ਦੰਦਾਂ ਹੇਠ ਚੁੰਨੀ ਦੱਬ ਕੇ ਹਸਦੀ ਦੀ ਫੋਟੋ 'ਚੋਂ
ਤੂੰ ਮੈਨੂੰ ਲੱਭਣ ਲੱਗਦੀ
ਤੇ ਥੋੜੇ ਜਹੇ ਲਫ਼ਜ਼ਾਂ ਦਾ ਸੁਮੇਲ ਮਿਲਾ
ਮੈਨੂੰ ਆਪਣੀ ਡਾਇਰੀ 'ਚ ਸਮੇਟਣ ਲੱਗਦੀ।

ਤੇਰੇ ਪਾਪਾ, ਜੋ ਕਦੀ ਤੇਰੇ ਬਚਪਨ ਹੀ ਹਰ ਸ਼ਾਮ
ਸਹਿਜ ਸੁਭਾਅ ਹੀ ਮਜ਼ੇਦਾਰ ਬਣਾ ਦੇਂਦੇ ਸਨ
ਅੱਜ ਇਹ ਵੇਖ ਕੇ ਦੁੱਖ ਹੁੰਦਾ ਕਿ ਉਹ
ਉਨ੍ਹਾਂ ਦਿਨਾਂ ਨੂੰ ਹੁਣ ਭੁੱਲਣ ਲੱਗ ਪਏ ਨੇ।

ਉਨ੍ਹਾਂ ਨੂੰ ਤਾਂ ਕੁਝ ਵੀ ਯਾਦ ਨਹੀਂ ਕਿ ਕਿਵੇਂ ਇਕ ਦਿਨ
ਜਦ ਤੂੰ ਉਸ ਮੁਸਲਮਾਨ ਲੜਕੇ ਨਾਲ
ਜੋ ਸਿਰਫ਼ ਤੇਰਾ ਹੱਥ ਫੜਨਾ ਚਾਹੁੰਦਾ ਸੀ
ਪਹਿਲੀ ਮੁਲਾਕਾਤ ਕਰਕੇ ਘਰ ਪਰਤੀ ਸੀ
ਤੇ ਉਹ ਸਿਗਰਟ ਦੇ ਦੂਹੋ ਦੂ ਕਸ਼ ਖਿੱਚਦੇ
ਬਾਲਕੋਨੀ 'ਚ ਬੇਚੈਨ ਘੁੰਮੀ ਜਾਂਦੇ
ਬਾਹਰਲੇ ਗੇਟ ਨੂੰ ਮੁੜ ਮੁੜ ਤੱਕੀ ਜਾ ਰਹੇ ਸਨ।

ਅਜੇ ਪਿਛਲੇ ਹਫ਼ਦੇ ਦੀ ਤਾਂ ਗੱਲ ਹੈ ਜਦ ਤੂੰ ਤੇ ਤੇਰਾ ਭਰਾ
ਦੂਜੇ ਕਮਰੇ 'ਚ ਅੱਧੀ ਰਾਤ ਤਕ
ਇਸੇ ਗੱਲ 'ਤੇ ਝਗੜੀ ਜਾਂਦੇ ਸੋ
ਕਿ ਪਿੰਡ ਵਾਲੇ ਪੁਸ਼ਤੈਨੀ ਘਰ ਦਾ ਗੁਸਲਖਾਨਾ
ਬੂਹੇ ਦੇ ਕਿਹੜੇ ਬੰਨੇ ਪੈਂਦਾ ਸੀ
ਨਿੰਮ ਵਾਲੇ ਪਾਸੇ ਜਾਂ ਦੂਜੇ ਪਾਸੇ।

ਜਦ ਤੁਸੀਂ ਬਚਪਨ ਦੀਆਂ ਯਾਦਾਂ 'ਚ ਡੂੰਘੇ ਉਤਰੇ
ਫ਼ਰਸ਼ 'ਤੇ ਬੈਠੇ, ਅਖ਼ਬਾਰਾਂ ਤੇ ਲਿਫ਼ਾਫ਼ਿਆਂ ਦੇ ਪੁੱਠੇ ਪਾਸੇ
ਘਰ ਦਾ ਨਕਸ਼ਾ ਵਾਹ ਵਾਹ ਵੇਖ ਰਹੇ ਸੀ
ਮੈਂ ਤੇ ਤੇਰੀ ਭਰਜਾਈ, ਕੰਧਾਂ ਨਾਲ ਢੋਹ ਲਾਈ
ਬੁੱਤ ਬਣੇ, ਤੁਹਾਨੂੰ ਚੁੱਪ ਚਾਪ ਵੇਖ ਹੀ ਸਕਦੇ ਸਾਂ
ਤੁਹਾਡੇ ਵਿਰਸੇ ਦਾ ਹਿੱਸਾ ਕਿਵੇਂ ਹੋ ਸਕਦੇ ਸਾਂ

ਅਸੀਂ ਇਸ ਗੱਲ ਦੀ ਪਰਵਾਹ ਕੀਤੇ ਬਿਨਾਂ ਵੀ
ਬੈਠੇ ਰਹਿ ਸਕਦੇ ਸਾਂ
ਕਿ ਤੇਰਾ ਕਵੈਤ ਵਾਲਾ ਚਾਚਾ
ਤੇਰੇ ਪਤੀ ਦੀ ਕਮਾਈ 'ਤੇ ਕੀ ਟਿੱਚਰ ਕਰਦਾ ਹੈ
ਤੇ ਉਹ ਜਰਜਰ ਹੁੰਦੇ ਜੱਦੀ ਘਰ ਦੇ ਗੁਸਲਖਾਨੇ ਦੀ ਥਾਂ ਬਾਰੇ
ਜਾਂ ਉਸ ਸਿਓਂਕ ਲੱਗੇ ਡਾਹਣਾਂ ਵਾਲੀ ਲੰਮੀ ਨਿੰਮ ਬਾਰੇ ਕੀ ਟਿੱਪਣੀ ਕਰਦਾ ਹੈ।

ਮਨੁੱਖਾਂ ਦੇ ਇਸ ਵਰਤਾਰੇ ਨੂੰ ਵੇਂਹਦਿਆਂ
ਸ਼ਾਇਦ ਏਸੇ ਲਈ
ਮਿਸਰ ਦੇ ਰਾਜਿਆਂ ਆਪਣੀਆਂ ਭੈਣਾਂ ਨੂੰ ਵਿਆਹ ਲਿਆ ਹੋਵੇ
ਸ਼ਾਇਦ ਏਸੇ ਲਈ
ਹਿੰਦੂਆਂ ਨੇ ਬਾਲ ਵਿਆਹਾਂ ਦੀ ਤੋਰ ਤੋਰੀ ਹੋਵੇ
ਕਿ ਬਾਲਿਕਾ–ਵਧੂ ਤੇ ਉਹਦਾ ਸਵਾਮੀ
ਪੰਘੂੜਿਆਂ ਤੋਂ ਕਬਰ ਤਕ ਇਕ ਹੋ ਸਕਣ
ਤੇ ਇਸ ਬੇਨਾਮ ਬਚਪਨ ਨੂੰ ਕੋਈ ਨਾਮ ਦੇ ਸਕਣ।

ਵ

ਅੰਗਰੇਜ਼ੀ 'ਚੋਂ ਅਨੁਵਾਦ : **ਬਲਦੇਵ ਚੱਕ ਸਕੰਦਰ**

ਬਾਲ ਕਵਿਤਾ : **ਦਲਬੀਰ ਸਿੰਘ ਲਹਿਰੀ**

## ਦੈਂਤ ਘਾਊਂ ਮਾਊਂ

ਚੁੱਪ ਕਰ ਲੱਖਿਆ ਤੇ ਬਾਤ ਸੁਣ ਮੇਰੀ ਤੂੰ
ਜੰਗਲ 'ਚ ਰਹਿੰਦਾ ਸੀ ਦੈਂਤ ਵੱਡਾ
ਘਾਊਂ ਮਾਊਂ

ਰਾਤ ਸੁੱਤਾ ਪਿਆ ਸੀ ਉਹ
ਸੁਣ ਲੈ ਨਿਹਾਲਿਆ
ਸੁਫ਼ਨੇ ਦੇ ਵਿਚ ਉਹਨੇ
ਚੂਹਾ ਇਕ ਖਾ ਲਿਆ

ਢਿੱਡ ਵਿਚ ਜਾ ਕੇ ਚੂਹੇ
ਖੌਰੂ ਬਹੁਤ ਪਾਇਆ ਸੀ
ਓਹੜ ਪੋਹੜ ਕੀਤੇ
'ਰਾਮ ਨਹੀਉਂ ਆਇਆ ਸੀ

ਘਾਊਂ ਮਾਊਂ ਪੇਟ ਜਾ ਕੇ
ਹਕੀਮ ਨੂੰ ਵਿਖਾ ਲਿਆ
ਗ਼ਲਤੀ ਦੇ ਨਾਲ ਜੀ ਮੈਂ
ਚੂਹਾ ਇਕ ਖਾ ਲਿਆ

ਢਿੱਡ ਮੇਰਾ ਬੜਾ ਦੁਖੇ
ਡਾਢਾ ਪ੍ਰੇਸ਼ਾਨ ਜੀ
ਕੋਈ ਕਰੋ ਉਪਾਅ
ਮੇਰੀ ਨਿਕਲੇ ਪਈ ਜਾਨ ਜੀ

ਹਕੀਮ ਸੀ ਸਿਆਣਾ
ਨਾਲੇ ਹੈ ਵੀ ਖ਼ਾਨਦਾਨੀ ਸੀ
ਨੱਕ ਉੱਤੇ ਐਨਕਾਂ
ਪੱਕੀ ਜਿਹੀ ਨਿਸ਼ਾਨੀ ਸੀ

ਚੈੱਕ ਕਰ ਗਲ ਢਿੱਡ
ਫਿਰ ਸੀ ਉਹ ਬੋਲਿਆ
ਹੈਂ ਐਡਾ ਵੱਡਾ ਚੂਹਾ
ਜੇ ਤੂੰ ਅੰਦਰ ਲੰਘਾ ਲਿਆ

ਛੋਟੀ ਜਿਹੀ ਬਿੱਲੀ ਸਾਡੀ
ਅੰਦਰ ਤੇਰੇ ਜਾਏਗੀ
ਖਾ ਜਾਊ ਚੂਹਾ
ਦਰਦ ਆਪੇ ਘਟ ਜਾਏਗੀ

# ਪਾਰੇ ਵਰਗਾ : ਪ੍ਰੋ. ਕਿਰਪਾਲ ਕਜ਼ਾਕ

*ਲਕਸ਼ਮੀ ਨਾਰਾਇਣ ਭੀਖੀ*

ਕਜ਼ਾਕ ਨੂੰ ਮੈਂ ਉਦੋਂ ਮਿਲਿਆ ਜਦੋਂ ਗੁਰਚਰਨ ਚਾਹਲ ਭੀਖੀ ਨੇ ਦੋ ਕਮਰੇ ਬਣਵਾਏ। ਕਜ਼ਾਕ ਉਹਦਾ ਮਿੱਤਰ ਸੀ ਉਹ ਵੀ ਹੱਥ ਵਟਾਉਣ ਆਇਆ। ਭੀਖੀ ਇੱਕ ਤਰ੍ਹਾਂ ਮੇਰਾ ਗੁਰੂ ਸੀ। ਮੈਂ ਤੇ ਮੇਰਾ ਇੱਕ ਦੋਸਤ ਕੰਮ ਕਾਰ ਵਿਚ ਮਦਦ ਕਰਦੇ। ਪਿੰਡ ਦਾ ਇੱਕ ਮਿਸਤਰੀ ਅਤੇ ਦਿਹਾੜੀਦਾਰ ਉਸਾਰੀ ਕਰਦੇ। ਭੀਖੀ ਅਤੇ ਕਜ਼ਾਕ ਯੱਕੜ ਮਾਰਦੇ। ਸਾਨੂੰ ਖ਼ੁਦ ਗੱਲਾਂ ਸੁਣਨ ਦਾ ਚਸਕਾ ਸੀ। ਕਜ਼ਾਕ ਦੀਆਂ ਗੱਲਾਂ ਚੰਗੀਆਂ ਲੱਗਦੀਆਂ। ਫਿਰ ਇੱਕ ਨਾਮੁਰਾਦ ਬਿਮਾਰੀ ਕਾਰਨ ਜਦੋਂ ਗੁਰਚਰਨ ਚਾਹਲ ਭੀਖੀ ਨੂੰ ਲੱਗਾ ਕਿ ਹੁਣ ਬਹੁਤਾ ਸਮਾਂ ਨਹੀਂ ਰਿਹਾ ਤਾਂ ਉਸ ਮੈਨੂੰ ਪੰਝੀ ਤੀਹ ਲੇਖਕਾਂ ਦੇ ਸਿਰਨਾਵੇਂ ਦੇ ਕੇ ਕਿਹਾ। ਮੇਰੇ ਭੋਗ 'ਤੇ ਹੋਰ ਕੋਈ ਆਵੇ ਨਾ ਆਵੇ ਮੇਰੇ ਇਨ੍ਹਾਂ ਦੋਸਤਾਂ ਨੂੰ ਜ਼ਰੂਰ ਸੱਦੀਂ।

ਮੈਂ ਸਿਰਫ਼ ਕਜ਼ਾਕ, ਗੋਰਖੀ, ਅਣਖੀ, ਬਲਵੰਤ ਚੌਹਾਨ, ਸਿੱਧੂ ਦਮਦਮੀ ਅਤੇ ਡਾ. ਸ਼ਿਆਮ ਸੁੰਦਰ ਦੀਪਤੀ ਨੂੰ ਜਾਣਦਾ ਸਾਂ। ਫਿਰ ਵੀ ਮੈਂ ਵਾਹ ਲਗਦੀ ਕੋਸ਼ਿਸ਼ ਕੀਤੀ ਅਤੇ ਸਭ ਨੂੰ ਬੁਲਾਇਆ। ਗੁਰਚਰਨ ਚਾਹਲ ਦੇ ਬਹੁਤੇ ਦੋਸਤਾਂ ਨਾਲ਼ ਮੇਰੀ ਨੇੜਤਾ ਹੋ ਗਈ ਅਤੇ ਮੈਂ ਉਨ੍ਹਾਂ ਨਾਲ਼ ਸਾਹਿਤਕ ਤੌਰ 'ਤੇ ਜੁੜ ਗਿਆ। ਕਜ਼ਾਕ ਉਨ੍ਹਾਂ ਵਿਚੋਂ ਇੱਕ ਹੈ, ਜੋ ਮੇਰੇ ਵਧੇਰੇ ਨੇੜੇ ਹੈ। ਇਹ ਨੇੜਤਾ ਕਦੋਂ ਗੂੜ੍ਹੀ ਹੋਈ, ਫਿਰ ਪੱਕੀ ਹੋਈ ਅਤੇ ਘਰੇਲੂ ਨਜ਼ਦੀਕੀ ਵਿਚ ਬਦਲ ਗਈ, ਪਤਾ ਹੀ ਨਹੀਂ ਲੱਗਿਆ। ਇਸ ਨੇੜਤਾ ਦਾ ਸਫ਼ਰ ਲਗਪਗ ਤੀਹ-ਪੈਂਤੀ ਸਾਲ ਦਾ ਹੈ। ਇਸ ਨੇੜਤਾ ਦਾ ਇੱਕ ਕਾਰਨ ਸ਼ਾਇਦ ਇਹ ਵੀ ਹੈ, ਕਜ਼ਾਕ ਕੋਲ ਗੱਲਾਂ ਦਾ ਜਾਦੂ ਅਤੇ ਦੂਜੇ ਦੇ ਢਿੱਡ ਵਿਚ ਵੜਨ ਦੀ ਕਲਾ ਹੈ। ਇਸ ਕਲਾ ਦੇ ਕਈ ਰੂਪ ਹਨ। ਇਸ ਲਈ ਮੈਂ ਹੁਣ ਮੰਨ ਹੀ ਲਿਆ ਹੈ ਕਜ਼ਾਕ ਦੇ ਸਾਹਿਤਕ ਅਤੇ ਅਪਣੱਤ ਵਾਲੇ ਕੱਦ ਨੂੰ ਕਿਸੇ ਰਿਵਾਇਤੀ ਢੰਗ ਨਾਲ਼ ਨਾਪਣਾ ਔਖਾ ਹੈ।

ਇੱਕ ਵੇਰ ਮੈਂ ਉਸ ਨਾਲ਼ ਬਠਿੰਡੇ ਗਿਆ। ਜਿੱਥੇ ਉਹ ਬਾਬਾ ਫ਼ਰੀਦ ਇੰਸਟੀਚਿਊਟ ਦਿਉਣ ਦਾ ਕੈਂਪਸ ਡਿਜ਼ਾਈਨ ਕਰ ਰਿਹਾ ਸੀ। ਕੁਝ ਵਰ੍ਹੇ ਉਹ ਕੁਠਾਰੀ ਬਿਲਡਰ ਕੰਪਨੀ ਵਿਚ ਡਿਜ਼ਾਈਨਰ ਵਜੋਂ ਵੀ ਕੰਮ ਕਰਦਾ ਰਿਹਾ ਸੀ। ਉਸਨੂੰ ਕਈ ਲੇਖਕਾਂ ਦੇ ਘਰ ਵਿਉਂਤਣ ਦਾ ਸ਼ਰਫ਼ ਵੀ ਹਾਸਲ ਹੈ। ਸ਼ਾਇਦ ਇਸੇ ਲਈ ਉਹ ਸ਼ਬਦਾਂ ਦਾ ਕਾਰੀਗਰ ਹੈ। ਇਸ ਕਾਰੀਗਰੀ ਨੂੰ ਦੇਖਣਾ ਹੋਵੇ ਤਾਂ ਉਸਨੂੰ ਕੋਈ ਔਖਾ ਕੰਮ ਦਿਉ ਜਾਂ ਸਵਾਲ ਕਰੋ। ਇਸ ਤਰ੍ਹਾਂ ਨਿਕਲ ਜਾਵੇਗਾ ਜਿਵੇਂ ਬਾਜ਼ੀਗਰ ਕਈ ਕੜਿਆਂ ਵਿਚੋਂ ਨਿਕਲ ਜਾਂਦੇ ਹਨ।

ਉਸ ਦੀਆਂ ਕਹਾਣੀਆਂ ਸ਼ਬਦਾਂ ਦੀ ਘਾੜਤ ਵਜੋਂ ਕਮਾਲ ਹਨ। ਉਹ ਸ਼ਬਦ ਚੁਣਦਾ, ਘੜਦਾ ਅਤੇ ਕਲਾਤਮਿਕਤਾ ਨਾਲ਼ ਚਿਣਦਾ ਹੈ। ਜਿਵੇਂ ਇਹ ਉਹਦਾ ਜੱਦੀ-ਪੁਸ਼ਤੀ ਖਾਸਾ ਹੈ। ਇਸੇ ਲਈ ਮੈਂ ਉਸਨੂੰ 'ਸ਼ਬਦਾਂ ਦਾ ਘਾੜਾ' ਕਹਿੰਦਾ ਹਾਂ।

ਕਈ ਸਾਲਾਂ ਪਹਿਲਾਂ ਉਹਦੇ ਪੁੱਤਾਂ ਵਿਚੋਂ ਇੱਕ ਨੇ ਕਿਹਾ ਮੈਂ ਨਵਾਂ ਘਰ ਪਾਉਣਾ ਹੈ ਜਗ੍ਹਾ ਵੰਡ ਕੇ ਦਿਉ। ਉਹਨੇ ਕਿਹਾ, ਭਰਾ-ਭਰਾ ਮਿਲ ਕੇ ਵੰਡ ਲਵੋ। ਕਮਲਿਆਂ ਚਾਰ ਹਿੱਸੇ ਵੰਡ ਲਏ। ਕਜ਼ਾਕ ਪੁੱਛਿਆ, ਮੈਂ ਕਿੱਥੇ ਰਹਾਂਗਾ? ਉਨ੍ਹਾਂ ਕਿਹਾ, ਚਾਰਾਂ 'ਚੋਂ ਜਿਦ੍ਹੇ ਨਾਲ਼ ਮਰਜ਼ੀ ਰਹੋ। ਪਰ ਉਹਨੇ ਅਗਲੇ ਦਿਨ ਹੀ ਇੱਕ ਅਲਮਾਰੀ ਖ਼ਰੀਦ ਕੇ ਸਾਡੇ ਘਰ ਲਿਆ ਰੱਖੀ ਅਤੇ ਦੂਜੇ ਦਿਨ ਬਾਰਾਂ ਬੰਦਿਆਂ ਤੋਂ ਦਸ ਦਸ ਹਜ਼ਾਰ ਰੁਪੈ ਫੜ ਕੇ ਅਰਬਨ ਅਸਟੇਟ ਪਲਾਟ ਖ਼ਰੀਦ ਲਿਆ। ਮੇਰੇ ਘਰ ਬੈਠੇ ਹੀ ਉਸ ਨੇ ਤੇ ਉਹਦੀ ਪਤਨੀ ਨੇ ਕਿਹਾ, ਅੱਜ ਤੋਂ ਬਾਦ ਅਸੀਂ ਪਿੰਡ ਵੱਲ ਪਿੱਠ ਕਰ ਲਈ। ਸਾਨੂੰ ਲੱਗਾ ਇਹ ਕਿਵੇਂ ਸੰਭਵ ਹੈ; ਜਿੱਥੇ ਕੋਈ ਜੰਮਿਆ, ਬਚਪਨ ਬੀਤਿਆ, ਬੱਚਿਆਂ ਦੀ ਪਰਵਰਿਸ਼ ਕੀਤੀ। ਆਪਣੀ ਥਾਂ ਬਣਾਈ। ਇੱਕ ਮਿੰਟ ਵਿਚ ਸਭ ਕਾਸੇ (ਜੜ੍ਹਾਂ) ਵੱਲ ਕਿਵੇਂ ਪਿੱਠ ਕਰ ਲਈ। ਪਰ ਮੈਂ ਇਹ ਦੇਖਿਆ ਹੈ। ਸਾਡੇ ਘਰ ਰੱਖੀ ਅਲਮਾਰੀ ਅਤੇ ਅਰਬਨ ਅਸਟੇਟ ਵਿਚ ਘਰ ਕਿਵੇਂ ਉਸਰਿਆ ਅਤੇ ਵੱਸਿਆ। ਦੁਬਾਰਾ ਕਦੀ ਕਜ਼ਾਕ ਜਾਂ ਉਹਦੀ ਪਤਨੀ ਮੂੰਹੋਂ ਅਸੀਂ ਪਿੰਡ ਛੱਡਣ ਦਾ ਹੇਰਵਾ ਨਹੀਂ ਸੁਣਿਆ। ਮੈਂ ਇਹ ਵੀ ਜਾਣਦਾ

ਹਾਂ; ਪੂਰਾ ਪਰਵਾਰ ਪਿੰਡ ਹੈ। ਏਥੇ ਉਹ ਮੀਆਂ ਬੀਵੀ ਬੇ-ਔਲਾਦਾਂ ਵਾਂਗ ਇਕੱਲੇ ਹਨ। ਪਤਨੀ ਦਸ ਕਦਮ ਚੱਲ ਸਕਣ ਤੋਂ ਅਸਮਰੱਥ ਹੈ; ਪਰ ਪਿਛਲੇ ਅਠਾਰਾਂ ਸਾਲਾਂ ਵਿਚ ਕਦੇ ਉਹ ਦੁਬਾਰਾ ਪਿੰਡ ਵਿਚ ਜਾ ਕੇ ਰਾਤ ਨਹੀਂ ਰਹੇ। ਕਦੇ ਗੱਲ ਕਰੋ ਤਾਂ ਕਹਿਣਗੇ : ਜਿਹੜਾ ਛੱਡਿਆ ਗਰਾਂ, ਉਹਦਾ ਲੈਣਾ ਕੀ ਨਾਂ। ਜਦ ਸਮਾਂ ਪਿੱਛੇ ਮੁੜ ਕੇ ਨਹੀਂ ਦੇਖਦਾ ਤਾਂ ਅਸੀਂ ਕਿਉਂ ਦੇਖੀਏ। ਬੱਸ ਕਜ਼ਾਕ ਦੀ ਇਹੋ ਜੁਅਰਤ ਉਹਦੀ ਤਾਕਤ ਹੈ, ਉਹ ਪਿੱਛੇ ਮੁੜ ਕੇ ਨਹੀਂ ਦੇਖਦਾ। ਜੇਬ ਭਾਵੇਂ ਖ਼ਾਲੀ ਹੋਵੇ ਜਾਂ ਨਹੀਂ। ਕੋਈ ਉਸ ਨਾਲ਼ ਤੁਰ ਕੇ ਚਾਹ ਪਾਣੀ ਦਾ ਖ਼ਰਚਾ ਕਰ ਕੇ ਦਿਖਾਵੇ? ਘੱਟੋ-ਘੱਟ ਮੇਰੇ ਨਾਲ਼ ਕਜ਼ਾਕ ਹੋਵੇ ਤਾਂ ਵੱਡਿਆਂ ਦਾ ਫ਼ਰਜ਼ ਨਿਭਾਉਣ ਤੋਂ ਪਿੱਛੇ ਨਹੀਂ ਰਹਿੰਦਾ।

ਇਸ ਤੋਂ ਵੀ ਵੱਧ ਉਹ ਜੀਵਨ ਦੀਆਂ ਤੰਗੀਆਂ-ਤੁਰਸ਼ੀਆਂ, ਗ਼ਰੀਬੀ, ਮੁਫ਼ਲਸੀ ਅਤੇ ਜਦੋ-ਜਹਿਦ ਦੀ ਭੱਜ-ਟੁੱਟ ਵਿਚੋਂ ਕਸ਼ੀਦ ਹੋ ਕੇ ਨਿਕਲਿਆ ਹੈ। ਜਿਵੇਂ ਕੀਮਗਰ ਰੇਤ ਦੇ ਕਣਾਂ ਨੂੰ ਕੁਠਾਲੀ ਵਿਚ ਢਾਲ ਕੇ ਸੋਨਾ ਕੱਢਦੇ ਹਨ, ਇਵੇਂ ਜ਼ਿੰਦਗੀ ਨੇ ਉਸ ਨੂੰ ਢਾਲਿਆ ਹੈ।

ਮੈਂ ਉਸ ਨੂੰ ਕਈ ਵਿਧਾਵਾਂ ਵਿਚ ਖਚਿਤ ਦੇਖਿਆ ਹੈ, ਕਦੇ ਕਹਾਣੀ, ਕਦੇ ਕਬੀਲੇ, ਕਦੇ ਸਭਿਆਚਾਰ, ਨਾਟਕ, ਫ਼ਿਲਮਾਂ, ਕਦੇ ਫੋਟੋਗ੍ਰਾਫੀ। ਅੱਜ ਕੱਲ੍ਹ ਉਹ ਕੰਪਿਊਟਰ ’ਤੇ ਫੋਟੋਸ਼ੌਪ ਸਿੱਖ ਰਿਹਾ ਹੈ। ਬਹੁਤ ਸਾਲ ਪਹਿਲਾਂ ਮੈਂ ਉਹਦੇ ਪਿੰਡ ਗਿਆ ਸੀ ਤਾਂ ਖੇਤੀ ਕਰ ਰਿਹਾ ਸੀ। ਫਿਰ ਗਿਆ ਤਾਂ ਇਮਾਰਤਸਾਜ਼ੀ ਦੇ ਕਿੱਤੇ ’ਚ ਸੀ। ਕਿਸੇ ਮਹਿਫ਼ਲ ਵਿਚ ਬੋਲਦੇ ਦੇਖਦਾ ਹਾਂ ਤਾਂ ਲੱਗਦਾ ਹੈ ਕਥਾ-ਵਾਚਕ ਹੈ। ਉਹਦੇ ਸੀਰੀਅਲ ਦੇਖੇ ਤਾਂ ਲੱਗਦਾ ਸਕਰੀਨਪਲੇਅ ਲੇਖਕ ਹੈ। ਸਿਰਨਾਵਾਂ, ਆਪਣੀ ਮਿੱਟੀ, ਅਤੰਕ, ਜਿੱਥੋਂ ਸੂਰਜ ਉਗਦਾ ਹੈ; ਰਿਸ਼ਤੇ ਤੇ ਕਈ ਹੋਰ। ਉਹਦੇ ਨਾਟਕਾਂ ਦੀਆਂ ਪੇਸ਼ਕਾਰੀਆਂ ਦੇਖੀਆਂ ਤਾਂ ਲੱਗਾ ਨਾਟਕਕਾਰ ਹੈ। ਵੰਨ-ਸੁਵੰਨੇ ਕੈਮਰੇ ਦੇਖਦਾ ਹਾਂ ਤਾਂ ਲੱਗਦਾ ਹੈ ਫੋਟੋਗ੍ਰਾਫ਼ਰ ਹੈ।

ਕਈ ਵਾਰ ਲੱਗਦਾ ਹੈ ਇਹ ਇੱਕ ਬੰਦਾ ਨਹੀਂ। ਇਸ ਕਰਕੇ ਉਸ ਨਾਲ਼ ਕਈਆਂ ਨੂੰ ਸਾੜਾ ਹੋਣ ਲੱਗਦਾ ਹੈ। ਇਸੇ ਲਈ ਕਈਆਂ ਲਈ ਕਜ਼ਾਕ ਨੂੰ ਬਰਦਾਸ਼ਤ ਕਰਨਾ ਮੁਸ਼ਕਿਲ ਹੈ। ਇਸੇ ਲਈ ਉਸ ਦੀ ਵਿਰੋਧਤਾ ਹੈ। ਉਸ ਦੇ ਕੰਮ ਨੂੰ ਜੇਕਰ ਗਿਣੀਏ-ਮਿਣੀਏ ਤਾਂ ਇੱਕ ਸੰਸਥਾ ਜਿੰਨਾ ਕੰਮ ਦਿੱਸਦਾ ਹੈ।

ਜਿਸ ਦਿਨ ਉਹਨੇ ਫੋਟੋਗ੍ਰਾਫ਼ੀ ਲਈ ਯੂਨੀਵਰਸਿਟੀ ’ਚ ਪੰਜਾਬੀ ਭਵਨ ਦੇ ਬਾਹਰ ਜਸਵੰਤ ਸਿੰਘ ਤਬਾਹੀ ਨੂੰ ਪੱਗ ਰੁਪਈਆ ਦੇ ਕੇ ਗੁਰੂ ਧਾਰਿਆ, ਮੈਂ ਵੀ ਹਾਜ਼ਰ ਸਾਂ। ਡਾ. ਜਸਵਿੰਦਰ ਸਿੰਘ, ਸਤੀਸ਼ ਵਰਮਾ, ਡਾ. ਬਲਕਾਰ ਸਿੰਘ, ਮੇਵਾ ਸਿੰਘ ਸਿੱਧੂ ਤੇ ਹੋਰ ਕਈ...। ਦਿਲ ’ਚ ਆਈ ਉਮਰ ਦੇਖੋ...ਤੇ ਸ਼ਗਿਰਦੀ ਦੇਖੋ...। ਪਰ ਮੈਂ ਹੈਰਾਨ ਰਹਿ ਗਿਆ ਜਦੋਂ ਉਹਨੇ ਮਹਿੰਗੇ ਕੈਮਰੇ ਖ਼ਰੀਦ ਲਏ ਤੇ ਸ਼ਗਿਰਦੀ ਸਾਬਤ ਕਰ ਦਿੱਤੀ। ਕਜ਼ਾਕ ਦਾ ਦੋਸਤ ਗੋਰਖ਼ੀ ਕਹਿੰਦਾ ਹੈ ਕਜ਼ਾਕ ਨੂੰ ਪੈਰ ਰੱਖਣ ਲਈ ਜਗ੍ਹਾ ਦੇ ਦਿਉ, ਮੰਜੀ ਆਪੇ ਡਾਹ ਲਊਗਾ। ਕਜ਼ਾਕ ਦੇ ਮਹਿਫ਼ਲਾਂ ਵਿਚ ਬੋਲਣ ਦੀ ਜਾਦੂਗਿਰੀ ਬਾਰੇ ਮੋਹਨ ਭੰਡਾਰੀ ਦਾ ਕਥਨ ਹੈ, ਕਜ਼ਾਕ ਦੀਆਂ ਕਹਾਣੀਆਂ ਵਿਚਲੀ ਭਾਸ਼ਾ ਇਕੋ ਸਮੇਂ ਕੱਛੇਦਾਰ ਅਤੇ ਲੱਛੇਦਰ ਹੈ, ਭਾਸ਼ਣ ਕਲਾ ਵੀ ਵਧੀਆ ਹੈ। ਕਜ਼ਾਕ ਦੇ ਪੈਰਾਂ ਵਿਚ ਅਥਾਹ ਪੈਂਡਾ ਹੈ। ਦਿੱਲੀ ਦੱਖਣ ਗਾਹ ਕੇ ਰਾਤ ਘਰ ਆ ਕੱਟਦਾ ਹੈ। ਜਿਹੜੇ ਸ਼ਹਿਰ ਤੋਂ ਮੁੜਨ ਲੱਗੇ ਗਈ ਰਾਤ ਮੁੜਦੇ ਹਨ ਉਨ੍ਹਾਂ ਨੂੰ ਅਣਹੋਣਾ ਅਤੇ ਝੂਠ ਲੱਗ ਸਕਦਾ ਹੈ। ਉਹਦੇ ਜਾਗਣ ਅਤੇ ਸੌਣ ਬਾਰੇ ਉਸਨੂੰ ਆਪ ਨੂੰ ਵੀ ਪਤਾ ਨਹੀਂ। ਪਰ ਇਸ ਵਿਚ ਕੋਈ ਸ਼ੱਕ ਨਹੀਂ ਉਸ ਨੂੰ ਚੰਗੀਆਂ ਦੋਸਤੀਆਂ, ਫ਼ਿਲਮਾਂ, ਕਿਤਾਬਾਂ ਅਤੇ ਸਿਰਜਣਾ ਦੇ ਆਲਮ ਵਿਚ ਜਗਰਾਤਾ ਕੱਟਣਾ ਆਉਂਦਾ ਹੈ।

ਉਸ ਦੇ ਘਰ ਜਾਓ, ਹਰ ਚੀਜ਼ ਸਲੀਕੇ ਨਾਲ਼ ਮਿਲੇਗੀ। ਉਸ ਨੂੰ ਨਵੀਂ ਕਿਤਾਬ ਭੇਟ ਕਰਨ ਜਾਓ, ਸਲੀਕਾ ਭੁੱਲ ਕੇ ਤਲਖ਼ ਭਾਸ਼ਾ ’ਤੇ ਉਤਰ ਆਉਂਦਾ ਹੈ। ਕਿਤਾਬ ਦੇ ਨਾਂ, ਸਿਰਲੇਖਾਂ, ਪਿਛਲੇ ਸਰਵਰਕ ’ਤੇ ਛਪੀ ਲੇਖਕ ਦੀ ਫੋਟੋ, ਭੂਮਿਕਾ, ਕਿਸੇ ਟਿੱਪਣੀ ’ਤੇ ਗੱਲ ਕਰਦਾ ਗੰਭੀਰ ਹੋ ਜਾਂਦਾ ਹੈ। ਬਹੁਤੇ ਉਹਨੂੰ ਗੋਸ਼ਟੀ ਤੇ ਹੀ ਨਹੀਂ ਸਦਦੇ, ਬਈ ਇਹਨੇ ਕਿਹੜਾ ਤਾਰੀਫ਼ ਕਰਨੀਂ ਹੈ। ਉਹਦੀ ਆਲੋਚਨਾ ਬਹੁਤ ਤਿੱਖੀ ਹੈ, ਘਾਇਲ ਕਰਨ ਵਾਲੀ ਪਰ ਪ੍ਰਸੰਸਾ ਕਾਇਲ ਕਰਨ ਵਾਲੀ। ਇਹ ਦੋਵੇਂ ਗੱਲਾਂ ਸਿਖ਼ਰ ਦੀ ਹੱਦ ਤੱਕ ਹਨ। ਮੈਂ ਜਾਣਦਾ ਹਾਂ ਇਸ ਤਿੱਖੀ ਆਲੋਚਨਾ ਦਾ ਖਮਿਆਜ਼ਾ ਉਸ ਕਿੰਜ ਭੁਗਤਿਆ ਹੈ।

ਉਹ ਚੰਗੀਆਂ ਪੁਸਤਕਾਂ, ਰਚਨਾਵਾਂ, ਬੰਦਿਆਂ ਅਤੇ ਫ਼ਿਲਮਾਂ ਦਾ ਸ਼ੈਦਾਈ ਹੈ। ਲੋਕਧਾਰਾ ਦਾ ਵਿਸ਼ੇਸ਼ਗ ਹੈ। ਸਭਿਆਚਾਰ ਨੂੰ ਡੀ-ਕੋਡ ਕਰਨ ਦੇ ਉਹਦੇ ਨਿੱਜੀ ਆਧਾਰ ਹਨ। ਉਸਦਾ ਕਬੀਲਿਆਂ ’ਤੇ ਕੰਮ ਨਾਯਾਬ ਹੈ।

ਕੋਸ਼ਕਾਰੀ ਨਾਲ਼ ਸਿਰੜ ਦੀ ਹੱਦ ਤੱਕ ਜੁੜਿਆ ਹੋਇਆ ਹੈ। ਇੱਕ ਰਚਨਾ ਨੂੰ ਵਾਰ-ਵਾਰ ਲਿਖਣਾ, ਕੱਟਣਾ-ਵੱਢਣਾ ਅਤੇ ਫਿਰ ਲਿਖਣਾ, ਕਰੜੀ ਸਾਧਨਾ ਜਿਹਾ ਹੈ। ਇਸੇ ਲਈ ਉਹਦੀ ਲਿਖਤ ਕੱਸੀ ਹੁੰਦੀ ਹੈ। ਕਈਆਂ ਨੂੰ ਉਹਦੀ ਇਹ ਗੱਲ ਚੰਗੀ ਨਹੀਂ ਲੱਗਦੀ ਕਿ ਬੰਦਾ ਉਹਦੇ ਵਾਂਗ ਕਿਸੇ ਇੱਕ ਰਚਨਾ ਤੇ ਹੀ ਸਾਲ-ਛੇ ਮਹੀਨੇ ਅਟਕਿਆ ਰਹੇ।

ਕਜ਼ਾਕ ਬੱਚਿਆਂ ਬੁੱਢਿਆਂ ਅਤੇ ਖ਼ਾਸ ਕਰ ਔਰਤਾਂ ਦਾ ਚਹੇਤਾ ਲੇਖਕ ਹੈ। ਉਸਦੀ ਬੋਲ-ਚਾਲ ਵਿਚ ਤਲਿਸਮ ਹੈ। ਖਿੱਚ ਹੈ। ਤਰਕ ਹੈ ਅਤੇ ਉਲਾਰ ਪ੍ਰਸੰਸਾ ਹੈ। ਮੈਂ ਸੁਣਿਆ ਹੈ ਕੋਈ ਮਾਸਾਹਾਰੀ ਪੰਛੀ ਹੈ ਜੋ ਸ਼ੇਰ ਦੇ ਉਬਾਸੀ ਲੈਣ ਸਮੇਂ ਉਸਦੀ ਦਾੜ੍ਹ 'ਚੋਂ ਮਾਸ ਦੀ ਬੋਟੀ ਕੱਢ ਕੇ ਲੈ ਜਾਂਦਾ ਹੈ। ਕਜ਼ਾਕ ਜਦੋਂ ਕਬੀਲਿਆਂ (ਜਿਹੜੇ ਕਿਸੇ ਓਪਰੇ ਨੂੰ ਨੇੜੇ-ਤੇੜੇ ਨਹੀਂ ਫਟਕਣ ਦਿੰਦੇ) ਵਿਚੋਂ ਭੇਤ ਕੱਢ ਲਿਆਉਂਦਾ ਹੈ ਤਾਂ ਮੇਰਾ ਦਿਲ ਕਜ਼ਾਕ ਤੇ ਉਸ ਪੰਛੀ ਦੀ ਤਸ਼ਬੀਹ ਢੁਕਾਉਣ ਦਾ ਜੀਅ ਕਰਦਾ ਹੈ।

ਕਜ਼ਾਕ ਦੇ ਘਰ ਕਿਸੇ ਨੂੰ ਫੋਨ ਕਰਕੇ ਜਾਂ ਪੁੱਛ ਕੇ ਆਉਣ ਦੀ ਲੋੜ ਨਹੀਂ। ਆਦਰ ਨਾਲ਼ ਭਰ ਦੇਵੇਗਾ। ਉਸ ਦੀ ਪਤਨੀ ਭਾਵੇਂ ਉੱਠ ਕੇ ਰਸੋਈ ਤੱਕ ਨਾ ਜਾ ਸਕਦੀ ਹੋਵੇ। ਆਉ-ਭਗਤ ਵਿਚ ਜਾਨ ਹੂਲ ਦੇਵੇਗੀ। 'ਦੀਵਾ ਬਲੇ ਸਾਰੀ ਰਾਤ' ਦੀਆਂ ਗੋਸ਼ਟੀਆਂ ਸਭ ਤੋਂ ਵੱਧ ਕਜ਼ਾਕ ਦੇ ਘਰ ਹੋਈਆਂ।

ਜਦੋਂ ਮਿਲੋ ਸੁਰਿੰਦਰ ਸ਼ਰਮਾ ਤੋਂ ਸੁਣੇ ਲਤੀਫ਼ਿਆਂ ਦੀ ਝੜੀ ਲਾ ਦੇਵੇਗਾ। ਗੋਰਖ਼ੀ, ਨਛੱਤਰ ਦੀ ਗੱਲ ਕਰੇਗਾ। ਕੰਮ ਨੂੰ ਮਿਥੇ ਸਮੇਂ 'ਚ ਪੂਰਾ ਕਰਨ ਲਈ ਉਹਦੀ ਨਕਲ ਕੀਤੀ ਜਾ ਸਕਦੀ ਹੈ। ਕਜ਼ਾਕ ਵਾਦ-ਵਿਵਾਦ ਤੋਂ ਬਚਦਾ ਅਤੇ ਸੰਵਾਦ ਲਈ ਤਰਸਦਾ ਹੈ। ਮੇਰੇ ਨਾਲ਼ ਉਸ ਨੂੰ ਇੱਕੋ ਗਿਲਾ ਕਿ ਮੈਂ ਸੰਵਾਦ ਤੋਂ ਝਿਜਕ ਜਾਂਦਾ ਹਾਂ। ਸੋਚਦਾ ਹਾਂ ਕਜ਼ਾਕ ਜੀ ਵੱਡੇ ਥਾਂ ਹਨ, ਪਰ ਉਹ ਤਲਖ਼ ਹੋਇਆ ਆਖਦਾ ਹੈ : ਭੀਖੀ ਤੈਨੂੰ ਮਿਲ ਕੇ ਟਾਈਮ ਬਰਬਾਦ ਹੋਇਆ ਲੱਗਦਾ ਹੈ, ਤੇਰੇ ਕੋਲ ਸਾਹਿਤ ਬਾਰੇ ਕੋਈ ਗੱਲ ਨਹੀਂ ਹੁੰਦੀ। ਤਰਸੇਮ ਰਾਣਾ ਤੇ ਬਲਵੰਤ ਚੌਹਾਨ ਵੀ ਤੇਰੇ ਜਿਹੇ ਹਨ। ਮੈਨੂੰ ਖਿਝਦਾ ਕਹੇਗਾ, ਭੀਖੀ ਲਗਦੈ ਤੇਰਾ ਤੇ ਅਕਲ ਦਾ ਵੈਰ ਐ। ਤੇਰੀ ਆਲੋਚਨਾ ਸਾਹਿਤ ਸਭੱਈਆਂ ਜਿਹੀ ਤੇ ਬਾਡੀ ਲੈਂਗੁਏਜ ਅਖੌਤੀ ਕਾਮਰੇਡਾਂ ਵਰਗੀ ਹੈ। ਜਿਵੇਂ ਧਰਨਿਆਂ 'ਤੇ ਨੇਤਾ ਬੋਲਦੇ ਹਨ। ਇਸ ਦੇ ਉੱਤਰ ਵਿਚ ਮੇਰੇ ਕੋਲ ਕਹਿਣ ਲਈ ਬਹੁਤ ਕੁਝ ਹੈ। ਪਰ ਵੱਡਿਆਂ ਦੇ ਸਤਿਕਾਰ ਕਰਕੇ ਚੁੱਪ ਰਹੀਦਾ ਹੈ।

ਮੈਂ ਜਾਣਦਾ ਹਾਂ ਉਹਨੇ ਰੋਟੀ-ਰੋਜ਼ੀ ਲਈ ਕਈ ਕਿੱਤੇ ਬਦਲੇ ਹਨ। ਸਿੱਖਣ ਲਈ ਦਾਨਸ਼ਵਰਾਂ ਦੀ ਸੋਬ੍ਹਤ ਕੀਤੀ ਹੈ। ਹੁਣ ਵੀ ਚੰਗੀ ਚੀਜ਼ ਲਈ ਝੋਲੀ ਫ਼ੈਲਾਅ ਕੇ ਰੱਖਦਾ ਹੈ। ਪੜ੍ਹਦਾ ਹੈ। ਲਿਖ਼ਦਾ ਹੈ। ਲੜਦਾ ਹੈ। ਬੋਲਦਾ ਹੈ। ਮੋਹ ਕਰਦਾ ਹੈ। ਇਹੋ ਉਹਦੀ ਹੋਣੀ ਹੈ। ਕਿਸੇ ਨਾਲ਼ ਕੀਤੇ ਵਾਅਦੇ 'ਤੇ ਖ਼ਰਾ ਉਤਰਨ ਲਈ ਜਾਨ ਹੂਲ ਦੇਵੇਗਾ। ਪਰ ਆਪਣੇ ਨਾਲ਼ ਕੀਤੇ ਵਾਅਦੇ ਰੋਜ਼ ਤੋੜਦਾ ਹੈ। ਫਿਰ ਲੜਦਾ ਹੈ ਆਪਣੇ-ਆਪ ਨਾਲ਼।

ਇੱਕ ਵਾਰ ਕਜ਼ਾਕ ਨੂੰ ਮਿਲਣ ਮੈਂ ਉਹਦੇ ਪਿੰਡ ਗਿਆ। ਭੁਇੰ 'ਤੇ ਬਿਸਤਰ, ਸਿਰ 'ਤੇ ਊਨੀ ਟੋਪੀ, ਚੂੜੀਦਾਰ ਪਜਾਮੀ, ਖੁੱਲ੍ਹਾ ਚੋਲ਼ਾ, ਸਾਧਾਂ ਵਾਂਗ ਖਿੱਲਰੇ ਸਿਰ ਦੇ ਵਾਲ਼। ਕਿਸੇ ਰਿਸ਼ੀ ਵਾਂਗ ਗੱਲਾਂ ਕਰਨ ਲੱਗਾ। ਅਚਾਨਕ ਕਿਸੇ ਗੱਲੋਂ ਉਹਦੀ ਟੋਨ ਬਦਲ ਗਈ। ਸ਼ਬਦਾਂ ਦੇ ਤੀਰ ਛੱਡਣ ਲੱਗਾ।ਉਹਨੇ ਰੱਜ ਕੇ ਲੀਡਰਾਂ ਅਤੇ ਕਮਿਊਨਿਸਟਾਂ ਦੀ ਆਲੋਚਨਾਂ ਕੀਤੀ। ਮੈਂ ਹੈਰਾਨ ਰਹਿ ਗਿਆ। ਭਾਵੇਂ ਉਹਦੀਆਂ ਗੱਲਾਂ 'ਚ ਤਰਕ ਸੀ ਪਰ ਮੈਨੂੰ ਬੁਰੀਆਂ ਲੱਗੀਆਂ। ਮੈਂ ਸੁੰਗੜ ਗਿਆ। ਮੈਂ ਖਿੱਝ ਕੇ ਕਿਹਾ। ਕੀ ਲੇਖਕ ਨੂੰ ਰਾਜਨੀਤੀ ਵਿਚ ਹਿੱਸਾ ਨਹੀਂ ਲੈਣਾ ਚਾਹੀਦਾ ?

'ਚਾਹੀਦਾ ਹੈ।' ਉਹਨੇ ਕਿਹਾ। 'ਭੀਖੀ, ਇਹ ਰਾਜਨੀਤੀ ਅਤੇ ਸੱਤਾ ਸ਼ਹਿਦ ਦੀ ਭਰੀ ਪਰਾਤ ਦੇ ਤੁਲ ਹੈ। ਪਰਾਤ ਦੇ ਵਿਚ ਜਾ ਬੈਠੇਂਗਾ ਤਾਂ ਲਿਬੜ ਜਾਏਂਗਾ। ਲੇਖਕ ਲਈ ਇਹ ਘਾਤਕ ਹੈ। ਲੇਖਕ ਲਈ ਜ਼ਰੂਰੀ ਹੈ ਗੰਦੀ ਅਤੇ ਦੂਸ਼ਿਤ ਰਾਜਨੀਤੀ ਦੇ ਸਮਵਿਥ ਮਾਨਵ ਹਿਤੈਸ਼ੀ ਅਤੇ ਉਸਾਰੂ ਸਿਧਾਂਤਾਂ ਦਾ ਮਾਡਲ ਖੜ੍ਹਾ ਕਰੇ।

ਮੈਂ ਕਜ਼ਾਕ ਦੀਆਂ ਗੱਲਾਂ ਸੁਣ ਤਾਂ ਲਈਆਂ ਪਰ ਉਸਦੇ ਕਹਿਣ ਦਾ ਲਹਿਜਾ ਬੁਰਾ ਲੱਗਾ। ਕੁਝ ਦਿਨਾਂ ਬਾਦ ਕਜ਼ਾਕ ਦਾ ਖ਼ਤ ਮਿਲਿਆ। ਪਿਆਰੇ ਲਕਸ਼ਮੀ! ਕੁਨੀਨ ਕੌੜੀ ਹੁੰਦੀ ਹੈ ਪਰ ਬੁਖ਼ਾਰ ਲਈ ਫ਼ਾਇਦੇਮੰਦ ਹੁੰਦੀ ਹੈ। ਮੇਰੀਆਂ ਗੱਲਾਂ ਦਾ ਗ਼ੁੱਸਾ ਕਰਨ ਦੀ ਥਾਂ, ਸੋਚ ਵਿਚਾਰ ਕਰੀਂ। ਪਰ ਮੈਨੂੰ ਕੁਨੀਨ ਦਾ ਫੱਕਾ ਮਾਰਨਾ ਔਖਾ ਲੱਗਾ।

ਕਜ਼ਾਕ ਨਾਲ਼ ਮੇਰੀ ਪਰਿਵਾਰਿਕ ਨੇੜਤਾ ਹੈ। ਮੈਂ ਉਹਦੇ ਕੰਮਾਂ ਬਾਰੇ ਨੇੜਿਉਂ ਜਾਣਦਾ ਹਾਂ। ਕਹਾਣੀਆਂ, ਖੋਜ, ਨਾਟਕ, ਫ਼ਿਲਮ ਲੇਖਨ ਅਤੇ ਕੋਸ਼ਕਾਰੀ। ਕੀ ਮੇਲ ਹੈ ਇਨ੍ਹਾਂ ਦਾ? ਪਰ ਕਜ਼ਾਕ ਲਈ ਇਹ ਸਾਰੇ ਇਕੋ ਜਿਹੇ ਹਨ, ਕਿਉਂਕਿ ਉਹ ਇਕ ਸਮੇਂ ਇਕੋ ਸਿਨਫ਼ ਤੇ ਕੰਮ ਕਰਦਾ ਹੈ। ਇਸੇ ਲਈ ਕੰਮ ਵਿਚ ਸੰਜੀਦਗੀ ਅਤੇ ਗਹਿਰਾਈ ਹੈ। ਕਿਤਾਬਾਂ ਕੋਰਸਾਂ ਵਿਚ ਲੱਗੀਆਂ ਹਨ। ਇਨਾਮ ਸਨਮਾਨ ਮਿਲੇ ਹਨ ਅਤੇ ਪਾਠਕ ਉਹਦੀ ਰਚਨਾ ਨੂੰ ਲੋਚਦੇ ਹਨ।

ਪਿਛਲੇ ਦਿਨੀਂ ਉਹਦਾ ਅੰਤਹੀਣ ਕਹਾਣੀ ਸੰਗ੍ਰਹਿ ਸਾਹਿਤਕ ਹਲਕਿਆਂ 'ਚ ਬੇਹਦ ਚਰਚਾ 'ਚ ਰਿਹਾ। 2019 ਵਿਚ ਭਾਰਤੀ ਸਾਹਿਤ ਅਕਾਦਮੀ ਨੇ ਸਨਮਾਨ ਦੇਣ ਦਾ ਐਲਾਨ ਕੀਤਾ। ਉਹਦੇ ਖੋਜ-ਕਾਰਜ ਤਾਂ ਮਿਆਰੀ ਹਨ ਹੀ। ਪਿੱਛੇ ਜਿਹੇ ਉਸ ਨੇ ਰੰਗਮੰਚ ਦੇ ਖੇਤਰ ਵਿਚ ਕਈ ਮੱਲਾਂ ਮਾਰੀਆਂ ਹਨ। ਭਾਸ਼ਾ ਵਿਭਾਗ ਨੇ, ਉਸ ਦੀ ਪੁਸਤਕ 'ਲੋਕ ਧਰਮੀ ਰੰਗ ਮੰਚ : ਸਿਧਾਂਤ ਤੇ ਵਿਹਾਰ' ਨੂੰ 2016 ਦੀ ਸਰਵੋਤਮ ਪੁਸਤਕ ਵਜੋਂ ਸਨਮਾਨਣ ਦਾ ਐਲਾਨ ਕੀਤਾ ਹੈ।

ਯੂਨੀਵਰਸਿਟੀ ਨੌਕਰੀ ਨੂੰ ਕਜ਼ਾਕ ਵਰਦਾਨ ਸਮਝਦਾ ਹੈ। ਇਸ ਨਾਲ਼ ਪੰਜਾਬੀ ਗਲਪ ਦਾ ਸਿਰ ਉੱਚਾ ਹੋਇਆ ਹੈ। ਪਿਛਲੇ ਵੀਹ ਸਾਲ ਤੋਂ ਉਹ ਰਿਟਾਇਰ ਹੈ ਪਰ ਮੈਂ ਉਸ ਨੂੰ ਇੱਕ ਦਿਨ ਵੀ ਵਿਹਲੇ ਨਹੀਂ ਦੇਖਿਆ। ਕੰਮਾਂ ਦੀ ਉਸ ਕੋਲ ਭਰਮਾਰ ਹੈ। ਪਿਛਲੇ ਦਿਨੀਂ ਉਸ ਦੀਆਂ ਪੰਜ ਕਿਤਾਬਾਂ ਪ੍ਰਕਾਸ਼ਿਤ ਹੋਈਆਂ ਹਨ। ਪਰ ਉਹ ਸੰਤੁਸ਼ਟ ਨਹੀਂ ਹੈ। ਹਾਲਾਂਕਿ ਉਹ ਅਜਿਹੇ ਸੱਪਾਂ ਨੂੰ ਵੀ ਕੀਲ ਲੈਣ ਦੀ ਕਾਬਲੀਅਤ ਰੱਖਦਾ ਹੈ ਜੋ ਖੁੱਡਾਂ ਵਿਚ ਹੀ ਦੜੇ ਰਹਿੰਦੇ ਹਨ।

ਕਜ਼ਾਕ ਲੋਕ-ਧਾਰਾ ਦੇ ਖੇਤਰ ਵਿਚ, ਵਣਜਾਰਾ ਬੇਦੀ, ਦਵਿੰਦਰ ਸਤਿਆਰਥੀ, ਨਜ਼ਮ ਹੁਸੈਨ ਸਯਦ, ਡਾ. ਕੈਰੋਂ ਅਤੇ ਡਾ. ਨਾਹਰ ਸਿੰਘ ਤੋਂ ਬਹੁਤ ਪ੍ਰਭਾਵਿਤ ਹੈ। ਇਵੇਂ ਹੀ ਵਰਿਆਮ ਸੰਧੂ, ਕੁਲਵੰਤ ਵਿਰਕ, ਪ੍ਰੇਮ ਪ੍ਰਕਾਸ਼, ਗੁਰਬਚਨ ਭੁੱਲਰ, ਪ੍ਰੇਮ ਗੋਰਖ਼ੀ, ਭੰਡਾਰੀ ਅਤੇ ਚੇਤਨ ਦੀਆਂ ਕਹਾਣੀਆਂ ਉਸ ਨੂੰ ਟੁੰਬਦੀਆਂ ਹਨ। ਉਹ ਅਕਸਰ ਕਹਾਣੀ ਤੇ ਨਿੱਠ ਕੇ ਕੰਮ ਕਰਨ ਵਾਲੇ ਆਲੋਚਕਾਂ ਦੇ ਹੁੱਬ ਕੇ ਨਾਂ ਲੈਂਦਾ ਹੈ। ਡਾ. ਧੰਨਵੰਤ ਕੌਰ, ਡਾ. ਗੁਰਇਕਬਾਲ, ਡਾ. ਧਾਲੀਵਾਲ ਅਤੇ ਡਾ. ਹਰਿਭਜਨ ਨੇ ਪੰਜਾਬੀ ਕਹਾਣੀ ਨੂੰ ਸਮਝਣ ਹਿਤ ਨਵੇਂ ਜ਼ਾਵੀਏ ਸਾਹਮਣੇ ਲਿਆਂਦੇ ਹਨ।

ਕਜ਼ਾਕ ਨੂੰ ਜਦੋਂ ਮਿਲਦਾ ਹਾਂ, ਆਲੋਚਨਾ ਸਹਿਣੀ ਪੈਂਦੀ ਹੈ। ਬੁਰਾ ਲੱਗਦਾ ਹੈ। ਪਰ ਕੁਝ ਦਿਨ ਨਾ ਮਿਲੋ ਤਾਂ ਖੋਹ ਪੈਂਦੀ ਹੈ। ਜਦੋਂ ਮਿਲਦਾ ਹਾਂ ਨਵੀਆਂ ਕਿਤਾਬਾਂ, ਨਵੀਆਂ ਫ਼ਿਲਮਾਂ, ਨਵੀਆਂ ਰਚਨਾਵਾਂ ਦੀ ਬਾਰਿਸ਼ ਨਾਲ਼ ਭਿੱਜ ਕੇ ਘਰ ਮੁੜਦਾ ਹਾਂ। ਦੋਸਤੋ! ਇਹ ਬੰਦਾ ਕੀ ਚੀਜ਼ ਹੈ? ਜਿਸ ਦੀਆਂ ਤਲਖ਼ ਗੱਲਾਂ ਸੁਣਨ ਨੂੰ ਵੀ ਦਿਲ ਕਰਦਾ ਹੈ।

ਕੁਝ ਸਾਲ ਪਹਿਲਾਂ ਮੇਰੀ ਪੀਐੱਚ-ਡੀ ਕੁਝ ਪਰਵਾਰਿਕ ਰੁਝੇਵਿਆਂ ਕਾਰਨ ਲੇਟ ਹੋ ਗਈ। ਕਜ਼ਾਕ ਨੂੰ ਲੱਗਾ ਜਿਵੇਂ ਉਹਦੀ ਪੀਐੱਚ-ਡੀ ਲੇਟ ਹੋ ਗਈ ਹੋਵੇ। ਬੜੀ ਤੂੰ-ਤੂੰ, ਮੈਂ-ਮੈਂ ਹੋਈ। ਆਖ਼ਿਰ ਕਜ਼ਾਕ ਕਿਹਾ। ਜਿਤਨਾਂ ਚਿਰ ਤੂੰ ਲਿਖਣਾ ਸ਼ੁਰੂ ਨਹੀਂ ਕਰਦਾ ਮੈਂ ਤੇਰੇ ਘਰ ਮੂਹਰੇ ਸਤਿਆਗ੍ਰਹਿ 'ਤੇ ਬੈਠਾਂ। ਜੋ ਕੰਮ ਪੰਜ ਸਾਲ ਵਿਚ ਨਹੀਂ ਸੀ ਹੋਇਆ ਪੰਜ ਮਹੀਨੇ 'ਚ ਹੋ ਗਿਆ।

ਮੈਂ ਉਹਦੀਆਂ ਕਹਾਣੀਆਂ ਦਾ ਜਿੱਥੇ ਪ੍ਰਸ਼ੰਸਕ ਹਾਂ ਉੱਥੇ ਆਲੋਚਕ ਵੀ ਹਾਂ। ਮੈਨੂੰ ਉਹਦੀਆਂ ਸੂਰਮਗਤੀ, ਜੜ੍ਹਾਂ, ਗੁਆਚ ਗਿਆ ਕੁਝ, ਡੂਮਣਾ, ਤਲਾਕ, ਗੁੰਮਸ਼ੁਦਾ ਤੇ ਬੁੱਤ ਤਰਾਸ਼, ਤਲਾਕ, ਫਰਿਸ਼ਤੇ, ਰਣਖੇਤਰ, ਮਿੱਟੀ ਦਾ ਮਾਧੋ ਕਹਾਣੀਆਂ ਚੰਗੀਆਂ ਲੱਗਦੀਆਂ ਹਨ। ਸੁਣ ਕੇ ਉਸਦਾ ਮੱਥਾ ਤਣਦਾ ਹੈ। ਯਾਰ ਤੈਨੂੰ ਉਹੋ ਕਹਾਣੀਆਂ ਚੰਗੀਆਂ ਲੱਗਦੀਆਂ ਹਨ ਜੋ ਇਕਹਿਰੇ ਪਿੰਡੇ ਦੀਆਂ ਹਨ। ਇਹਦਾ ਮਤਲਬ ਤੂੰ ਸਾਧਾਰਨ ਪਾਠਕ ਹੈਂ। ਮੈਂ ਵੀ ਅੱਗੋਂ ਤਲਖ਼ੀ 'ਚ ਉਤਰ ਦਿੰਦਾ ਹਾਂ। ਉਹ ਅੱਗੋਂ ਇਹ ਆਖ ਕੇ ਤਿਲਕ ਜਾਂਦਾ ਹੈ, ਠੀਕ ਹੈ ਮੈਂ ਕਿਸੇ ਦੀ ਪਸੰਦ ਨੂੰ ਕਿਵੇਂ ਬਦਲ ਸਕਦਾ ਹਾਂ। ਮੇਰੇ ਲਈ ਇਹੋ ਬਹੁਤ ਹੈ ਤੈਨੂੰ ਕੋਈ ਤਾਂ ਪਸੰਦ ਆਈ। ਅਸਲ ਵਿਚ ਨਿਮਰਤਾ ਉਸ ਦਾ ਹਥਿਆਰ ਹੈ। ਜਿਸ ਨੂੰ ਉਹ ਮੌਕੇ ਅਨੁਸਾਰ ਬਾਖ਼ੂਬੀ ਵਰਤਣਾ ਜਾਣਦਾ ਹੈ।

ਸਾਬਕਾ ਵਾਈਸ ਚਾਂਸਲਰ ਐਚ.ਕੇ. ਮਨਮੋਹਨ ਸਿੰਘ ਉਸ ਨੂੰ 'ਵਿਚਾਰਾਂ ਦਾ ਸਕੂਲ' ਕਹਿੰਦਾ ਹੈ। ਉਸ ਦਾ ਸਮਕਾਲੀ ਕਥਾਕਾਰ ਜਸਬੀਰ ਭੁੱਲਰ ਉਸ ਨੂੰ ਹਾਊਸ ਆਫ਼ ਲਿਟਰੇਚਰ ਆਖਦਾ ਹੈ। ਮਾਲਵੇ ਦਾ ਗਲਪਕਾਰ ਓਮ ਪ੍ਰਕਾਸ਼ ਗਾਸੋ ਬੋਧਸ਼ੀਲ ਸ਼ਖ਼ਸੀਅਤ ਮੰਨਦਾ ਹੈ। ਲੇਕਿਨ ਕਜ਼ਾਕ ਆਪਣੀ ਪ੍ਰਾਪਤੀ ਪਿੱਛੇ ਮਾਂ ਨੂੰ ਇਨਸਾਈਕਲੋ-ਪੀਡੀਆ ਮੰਨਦਾ ਹੈ। ਉਹ ਦੋਸਤੀਆਂ ਕਰਕੇ ਆਪਣੇ ਆਪ ਨੂੰ ਅਮੀਰ ਸਮਝਦਾ ਹੈ। ਉਸ ਦੀਆਂ ਸਲਾਹਾਂ ਲਾਹੇਵੰਦ ਹੁੰਦੀਆਂ ਹਨ। ਪਰ ਮੇਰੇ ਵਰਗਿਆਂ ਲਈ ਇਤਨਾ ਉੱਚਾ ਤੇ ਸੁੱਚਾ ਹੋਣਾ, ਸੌਖਾ ਕਾਰਜ ਨਹੀਂ ਹੈ। ਉਹਦੀ ਅਪਣੱਤ ਤੇ ਗੁੱਸਾ ਦੇਖ ਕੇ ਮੈਂ ਸੋਚਦਾ ਹਾਂ ਕਿ ਇਹ ਕਿਹੋ ਜਿਹਾ ਬੰਦਾ ਹੈ? ਪਾਰੇ ਵਰਗਾ। ਜੋ ਚੰਗਾ ਤਾਂ ਲੱਗਦਾ ਹੈ ਪਰ ਜਿਸਨੂੰ ਫੜਨਾ ਮੁਸ਼ਕਿਲ ਹੈ। ●



ਕਿਰਪਾਲ ਕਜ਼ਾਕ



ਲਕਸ਼ਮੀ ਨਾਰਾਇਣ ਭੀਖੀ
ਮੋਬਾ : 96461-11669



# ਕੈਪਟਨ ਪਲਵਿੰਦਰ ਸਿੰਘ ਨਾਲ ਮੁਲਾਕਾਤ

*ਮੁਲਾਕਾਤੀ : ਬਲਦੇਵ ਚੱਕ ਸਕੰਦਰ*

ਮਰਦਾਂ ਅਤੇ ਘੋੜਿਆਂ ਕੰਮ ਪੈਣ ਅਵੱਲੇ। ਮੁੱਢ ਕਦੀਮ ਤੋਂ ਹੀ ਮਨੁੱਖ ਤੇ ਘੋੜੇ ਦੀ ਅਜਿਹੀ ਅਟੁੱਟ ਸਾਂਝ ਰਹੀ ਹੈ ਜੋ ਜੰਗਾਂ, ਯੁੱਧਾਂ, ਔਖੇ ਵੇਲਿਆਂ ਤੇ ਮੁਹਿੰਮਾਂ ਨਾਲ ਜੁੜੀ ਹੋਈ ਹੈ। ਤਾਕਤ ਤੇ ਜ਼ੁਰਅਤ ਦਾ ਪ੍ਰਤੀਕ ਘੋੜਾ ਆਪਣੀ ਪਿੱਠ 'ਤੇ ਮਨੁੱਖ ਜਾਤੀ ਦਾ ਇਤਿਹਾਸ ਸਿਰਜਦਾ ਰਿਹਾ ਹੈ। ਸ਼ਾਸਤਰਾਂ ਵਿਚ ਇਸ ਨੂੰ ਗਿਆਨ, ਗਤੀ, ਹਠ ਤੇ ਹਿੰਮਤ ਨਾਲ ਜੋੜਿਆ ਗਿਆ ਹੈ। ਹਜ਼ਾਰਾਂ ਕਹਾਣੀਆਂ ਹਨ, ਜਿਨ੍ਹਾਂ ਵਿਚ ਘੋੜੇ ਦੁਸ਼ਮਣ ਦੇ ਤੀਰਾਂ, ਤਲਵਾਰਾਂ ਦੀ ਪਰਵਾਹ ਨਾ ਕਰਦੇ, ਅੱਗੇ ਵਧਦੇ, ਫੱਟ ਸਹਿੰਦੇ, ਸਵਾਰ ਦੀ ਜ਼ਿੰਦਗੀ ਲਈ ਆਪਣੀ ਜਾਨ ਜੋਖ਼ਮ 'ਚ ਪਾਉਂਦੇ, ਸੈਂਕੜੇ ਕੋਹਾਂ ਦਾ ਸਫ਼ਰ ਸਰਪਟ ਦੌੜਾਂ ਲਾ ਪੂਰਾ ਕਰਦੇ ਹਨ। ਸਿਰੜ ਰੱਖਣਾ, ਮੁਸੀਬਤਾਂ ਨੂੰ ਝੱਲਣ ਦੀ ਸਮਰੱਥਾ, ਮੌਕਾ ਪੈਣ 'ਤੇ ਭੁੱਖ ਤੇਹ ਦਾ ਤਿਆਗ, ਮਾਲਕ ਨਾਲ ਮੋਹ ਤੇ ਅਤਿ ਦਰਜੇ ਦੀ ਵਫ਼ਾਦਾਰੀ, ਮਜਬੂਤ ਸਰੀਰਕ ਤੇ ਆਤਮਿਕ ਬਲ ਇਸ ਦੇ ਅਜਿਹੇ ਗੁਣ ਹਨ ਜੋ ਘੋੜੇ ਨੂੰ ਦੁਨੀਆ ਦਾ ਪਹਿਲਾ ਮਰਦ ਹੋਣ ਦੀ ਉਪਾਧੀ ਦੇਂਦੇ ਹਨ। ਪਹਿਲੀ ਤੇ ਦੂਜੀ ਵੱਡੀ ਆਲਮੀ ਜੰਗ ਵਿਚ ਲੱਖਾਂ ਘੋੜਿਆਂ ਨੇ ਵੱਖ-ਵੱਖ ਦੇਸ਼ਾਂ ਦੀਆਂ ਸੈਨਾਵਾਂ ਨਾਲ ਹਿੱਸਾ ਲਿਆ। ਇਨ੍ਹਾਂ ਦਾ ਕੰਮ ਤੋਪਾਂ ਖਿੱਚਣ ਤੋਂ ਲੈ ਕੇ ਲੜਾਈ ਦੇ ਮੁਹਾਜ਼ ਤੇ ਗੋਲਾ ਬਾਰੂਦ ਤੇ ਰਸਦ ਪਹੁੰਚਾਣਾ ਹੁੰਦਾ ਸੀ। ਇਕ ਅਨੁਮਾਨ ਅਨੁਸਾਰ ਵਰ੍ਹਦੀਆਂ ਗੋਲੀਆਂ, ਫਟਦੇ ਬੰਬਾਂ ਤੇ ਖਰਾਬ ਮੌਸਮ ਦੀ ਮਾਰ ਨਾਲ ਪਹਿਲੀ ਵੱਡੀ ਜੰਗ ਵਿਚ ਤਕਰੀਬਨ ਅੱਸੀ ਲੱਖ ਤੇ ਦੂਜੀ ਵੱਡੀ ਜੰਗ ਵਿਚ ਸਾਢੇ ਸੱਤ ਲੱਖ ਘੋੜਿਆਂ ਦੀਆਂ ਜਾਨਾਂ ਚਲੀਆਂ ਗਈਆਂ ਸਨ। ਅੱਜ ਕੱਲ੍ਹ ਜੰਗ ਦੇ ਮੈਦਾਨ ਵਿਚ ਘੋੜਿਆਂ ਦਾ ਕੰਮ ਚਾਹੇ ਟੈਂਕਾਂ, ਬਸਤਰਬੰਦ ਗੱਡੀਆਂ ਤੇ ਸਮਾਨ ਢੋਹਣ ਵਾਲੇ ਟਰੱਕਾਂ ਨੇ ਲੈ ਲਿਆ ਹੈ, ਫਿਰ ਵੀ ਪਹਾੜੀ ਇਲਾਕਿਆਂ ਵਿਚ ਜਿਥੇ ਹਾਲੇ ਸੜਕਾਂ ਦਾ ਨਿਰਮਾਣ ਨਹੀਂ ਹੋ ਸਕਿਆ, ਸੈਨਿਕਾਂ ਲਈ ਜ਼ਰੂਰੀ ਸਾਜੋ-ਸਾਮਾਨ ਤੇ ਰਾਸ਼ਨ ਘੋੜਿਆਂ 'ਤੇ ਲੱਦ ਕੇ ਹੀ ਪਹੁੰਚਾਇਆ ਜਾਂਦਾ ਹੈ। ਪੁਰਾਣੀ ਚਲੀ ਆਉਂਦੀ ਪ੍ਰਥਾ ਮੁਤਾਬਕ ਸੈਨਿਕਾਂ ਵਿਚ ਬਹਾਦਰੀ, ਦਲੇਰੀ, ਉਤਸ਼ਾਹ ਤੇ ਆਤਮਵਿਸ਼ਵਾਸ ਪੈਦਾ

ਕਰਨ ਲਈ ਘੋੜ ਸਵਾਰੀ ਦੀ ਟ੍ਰੇਨਿੰਗ ਦੇਣਾ ਜ਼ਰੂਰੀ ਹੈ ਤੇ ਇਸ ਟ੍ਰੇਨਿੰਗ ਨੂੰ ਖੇਡਾਂ ਨਾਲ ਜੋੜ ਕੇ ਹੋਰ ਦਿਲਚਸਪ ਬਣਾਇਆ ਜਾਂਦਾ ਹੈ।

ਇਕ ਚੰਗਾ ਘੋੜ ਸਵਾਰ ਬਣਨ ਲਈ ਹੌਸਲੇ ਦੀ, ਮਿਹਨਤ ਦੀ ਤੇ ਧੀਰਜ ਦੀ ਜ਼ਰੂਰਤ ਹੁੰਦੀ ਹੈ। ਇਹੀ ਗੁਣ ਉਸ ਨੂੰ ਅਸੰਭਵ ਦਿਸਦੇ ਕਰਤਬ ਤੇ ਕਾਰਨਾਮੇ ਕਰਨ ਲਈ ਉਕਸਾਉਂਦੇ ਹਨ। ਇਹੀ ਗੁਣ ਉਸ ਵਿਚ ਕੁਝ ਕਰ ਗੁਜ਼ਰਨ ਦਾ ਜਨੂੰਨ ਤੇ ਘੋੜੇ ਨਾਲ ਇਨਸਾਨਾਂ ਵਰਗਾ ਰਿਸ਼ਤਾ ਤੇ ਆਪਸੀ ਸਮਝ ਪੈਦਾ ਕਰਦੇ ਹਨ, ਜੋ ਉਸ ਨੂੰ ਆਪਣੇ ਇਸ਼ਾਰਿਆਂ 'ਤੇ ਨਚਾ ਸਕੇ। ਮਾੜੀ ਜਿਹੀ ਅੱਡੀ ਦੀ ਛੋਹ ਨਾਲ ਛਲਾਂਗਾਂ ਮਰਵਾਉਣੀਆਂ ਤੇ ਥੋੜ੍ਹੀ ਜਹੀ ਲਗਾਮ ਦੀ ਖਿੱਚ ਨਾਲ ਦੁੜਕੀਆਂ ਲਵਾਉਣੀਆਂ, ਘੋੜੇ ਤੇ ਘੋੜ ਸਵਾਰ ਵਿਚਲੇ ਅਜੀਬ ਆਤਮਿਕ ਤਾਲਮੇਲ ਦਾ ਕਮਾਲ ਹੀ ਹੋ ਸਕਦਾ ਹੈ। ਘੋੜ ਸਵਾਰੀ ਤੇ ਇਸ ਨਾਲ ਜੁੜੇ ਅਜਿਹੇ ਅਨੇਕਾਂ ਪਹਿਲੂਆਂ ਬਾਰੇ ਤਫ਼ਸੀਲ ਨਾਲ ਗੱਲ ਕਰਨ ਲਈ ਅਸੀਂ ਵਾਹਗਾ ਅਦਾਰੇ ਵੱਲੋਂ ਕੈਪਟਨ ਪਲਵਿੰਦਰ ਸਿੰਘ ਦਾ ਸਵਾਗਤ ਕਰਦੇ ਹਾਂ। ਉਨ੍ਹਾਂ ਤਕਰੀਬਨ ਪੈਂਤੀ ਸਾਲ ਘੋੜ ਸਵਾਰੀ ਦੀਆਂ ਖੇਡਾਂ ਵਿਚ ਹਿੱਸਾ ਲਿਆ ਤੇ ਇਸ ਵਿਲੱਖਣ ਖੇਡ ਨੂੰ ਬੜੇ ਕਰੀਬ ਤੋਂ ਵਾਚਿਆ ਹੈ। ਇਕ ਨਿਪੁੰਨ ਘੋੜ ਸਵਾਰ ਹੁੰਦੇ ਹੋਏ ਉਨ੍ਹਾਂ ਭਾਰਤ ਲਈ ਤਿੰਨ ਏਸ਼ੀਅਨ ਖੇਡਾਂ ਵਿਚ ਹਿੱਸਾ ਲਿਆ। ਸੰਨ 1998 ਵਿਚ 13ਵੀਂ ਏਸ਼ੀਅਨ ਗੇਮਜ਼ ਦੌਰਾਨ ਬੈਂਗਕੌਕ ਵਿਚ ਟੀਮ ਈਵੈਂਟ ਖੇਡਦੇ ਹੋਏ ਕਾਂਸੀ ਦਾ ਤਗਮਾ ਜਿੱਤਿਆ ਤੇ ਏਸੇ ਤਰ੍ਹਾਂ ਸੰਨ 2006 ਵਿਚ 15ਵੀਂ ਏਸ਼ੀਅਨ ਗੇਮਜ਼ ਦੌਰਾਨ ਦੋਹਾ ਵਿਚ ਫਿਰ ਟੀਮ ਈਵੈਂਟ ਖੇਡਦੇ ਹੋਏ ਕਾਂਸੀ ਦਾ ਤਗਮਾ ਜਿੱਤਿਆ। ਉਨ੍ਹਾਂ ਨੂੰ ਵਿਦੇਸ਼ਾਂ ਵਿਚ ਕੌਮਾਂਤਰੀ ਮੁਕਾਬਲਿਆਂ ਵਿਚ ਖੇਡਦੇ ਹੋਏ ਸੋਨੇ ਦਾ ਇਕ ਅਤੇ ਚਾਂਦੀ ਦੇ ਤਿੰਨ ਤਗਮੇ ਜਿੱਤਣ ਦਾ ਮਾਣ ਹਾਸਿਲ ਹੈ। ਇਸ ਤੋਂ ਇਲਾਵਾ ਭਾਰਤੀ ਕੌਮੀ ਖੇਡਾਂ ਵਿਚ 18 ਗੋਲਡ, 8 ਸਿਲਵਰ ਤੇ 3 ਕਾਂਸੀ ਦੇ ਮੈਡਲ ਜਿੱਤ ਕੇ ਉਹ ਆਪਣਾ ਨਾਂ ਦੇਸ਼ ਦੇ ਸਿਰਮੌਰ ਘੋੜ ਸਵਾਰਾਂ ਦੀ ਸੂਚੀ ਵਿਚ ਦਰਜ ਕਰਵਾ ਚੁੱਕੇ ਹਨ। ਆਪਣੇ ਲੰਮੇ ਤਜਰਬੇ ਦੀ ਬਿਨਾ 'ਤੇ ਘੋੜ ਸਵਾਰੀ ਲਈ ਸਹੀ ਕੋਰਸ ਡਿਜ਼ਾਇਨ ਕਰਨ ਵਿਚ ਭਰਪੂਰ ਮਹਾਰਤ ਰੱਖਦੇ ਹਨ। ਏਸੇ ਗਹਿਰੀ ਸੂਝ ਬੂਝ ਸਦਕਾ ਉਹ ਦੇਸ਼ ਦੇ ਕਈ ਸਰਕਾਰੀ ਤੇ ਪ੍ਰਾਈਵੇਟ ਅਦਾਰਿਆਂ ਜੋ ਘੋੜ ਸਵਾਰੀ ਦੀਆਂ ਖੇਡਾਂ ਨੂੰ ਪ੍ਰੇਰਿਤ ਕਰਦੇ ਹਨ, ਵਿਚ ਬਤੌਰ ਕੋਚ ਅਤੇ ਸਲਾਹਕਾਰ ਕੰਮ ਕਰਦੇ ਆ ਰਹੇ ਹਨ।

◆ ◆ ◆

? *ਪਲਵਿੰਦਰ ਸਿੰਘ ਜੀ, ਸਭ ਤੋਂ ਪਹਿਲਾਂ ਤਾਂ ਤੁਸੀਂ ਆਪਣੀ ਜਨਮ ਭੋਇੰ ਨਾਲ ਸਾਡੀ ਵਾਕਫ਼ੀਅਤ ਕਰਾਉ। ਉਹ ਕਿਹੜਾ ਕਰਮਾਂ ਵਾਲਾ ਪਿੰਡ ਹੈ ਜਿਸ ਨੇ ਦੇਸ਼ ਨੂੰ ਘੋੜ ਸਵਾਰੀ ਵਰਗੀ ਖ਼ਤਰਨਾਕ ਖੇਡ ਖੇਡਣ ਲਈ ਇਕ ਜੁਝਾਰੂ ਨੂੰ ਜਨਮ ਦਿੱਤਾ। ਤੁਹਾਡੀ ਮੁੱਢਲੀ ਸਿੱਖਿਆ ਕਿੱਥੇ ਹੋਈ ਤੇ ਘੋੜਿਆਂ ਨਾਲ ਜ਼ਿੰਦਗੀ ਜੀਣ ਦਾ ਰੁਝਾਨ ਕਿਵੇਂ ਪੈਦਾ ਹੋਇਆ?*

• ਮੈਨੂੰ ਇਸ ਗੱਲ ਦੀ ਬਹੁਤ ਖ਼ੁਸ਼ੀ ਹੈ ਕਿ 'ਵਾਹਗਾ' ਨੇ ਇਕ ਘੋੜ ਸਵਾਰ ਨੂੰ ਇੰਟਰਵਿਊ ਲਈ ਸੱਦਾ ਦਿੱਤਾ। ਮੇਰਾ ਜੱਦੀ ਪਿੰਡ ਜੱਬੋਵਾਲ ਹੈ ਜਿਹੜਾ ਗੁਰੂ ਕੇ ਜੰਡਿਆਲਾ ਦੇ ਨਾਲ ਹੀ ਹੈ। ਇਹ ਤਹਿਸੀਲ ਬਾਬਾ ਬਕਾਲਾ, ਜ਼ਿਲ੍ਹਾ ਅੰਮ੍ਰਿਤਸਰ ਵਿਚ ਪੈਂਦਾ। ਮੇਰੇ ਪਿਤਾ ਜੀ ਭਾਰਤੀ ਫ਼ੌਜ ਵਿਚ ਸਿਗਨਲ ਕੋਰ ਵਿਚ ਸੇਵਾ ਕਰਦੇ ਸਨ। ਮੇਰੀ ਪ੍ਰਾਇਮਰੀ ਸਿੱਖਿਆ ਤਾਂ ਊਧਮਪੁਰ, ਜੰਮੂ ਕਸ਼ਮੀਰ ਤੋਂ ਸ਼ੁਰੂ ਹੋਈ, ਫਿਰ ਪਿਤਾ ਜੀ ਦੀ ਪੋਸਟਿੰਗ ਹੋ ਜਾਣ ਕਾਰਨ ਅੱਗੇ ਦੀ ਪੜ੍ਹਾਈ ਆਰ.ਕੇ.ਪੁਰਮ, ਦਿੱਲੀ ਹੋਈ। ਬਾਅਦ ਵਿਚ ਉਨ੍ਹਾਂ ਨੂੰ ਬੀ.ਐੱਸ.ਐੱਫ਼. ਵਿਚ ਡੈਪੂਟੇਸ਼ਨ 'ਤੇ ਹਿੰਡਨ ਭੇਜਿਆ ਗਿਆ ਤੇ ਉਸ ਤੋਂ ਬਾਅਦ ਮੇਰਠ ਸੈਟਲ ਹੋ ਗਏ। ਮੇਰੀ ਬਾਰ੍ਹਵੀਂ ਤਕ ਦੀ ਪੜ੍ਹਾਈ ਓਥੇ ਹੋਈ। ਜਿਵੇਂ ਤੁਸੀਂ ਜਾਣਦੇ ਹੋ ਮੇਰਠ ਘੋੜ ਸਵਾਰੀ ਦਾ ਵੱਡਾ ਕੇਂਦਰ ਹੈ। ਮੈਂ ਸਕੂਲ ਵਿਚ ਹੀ ਸਾਂ ਜਦ ਪਤਾ ਲੱਗਿਆ ਕਿ ਸ਼ਹਿਰ ਵਿਚ ਪੋਲੋ ਦਾ ਮੈਚ ਖੇਡਿਆ ਜਾ ਰਿਹਾ ਹੈ। ਜਗ੍ਹਾ ਜਗ੍ਹਾ ਪੋਸਟਰ ਲੱਗੇ ਹੋਏ ਸਨ। ਸਾਨੂੰ ਤਾਂ ਪੋਲੋ ਦੀ ਕੋਈ ਜਾਣਕਾਰੀ ਨਹੀਂ ਸੀ ਪਰ ਏਨਾ ਕੁ ਪਤਾ ਸੀ ਕਿ ਘੋੜਿਆਂ 'ਤੇ ਚੜ੍ਹ ਕੇ ਹਾਕੀ ਖੇਡੀ ਜਾਂਦੀ ਹੈ। ਬਸ ਉਹ ਮੈਚ ਵੇਖਣਾ ਹੀ ਮੇਰੇ ਅੰਦਰ ਇਸ ਖੇਡ ਲਈ ਲਾਗ ਲਗਾ ਗਿਆ। ਸੋਚਣ ਲੱਗਾ ਕਿ ਇਸ ਖੇਡ ਵਿਚ ਕਿੱਦਾਂ ਜਾਇਆ ਜਾਵੇ। ਜਦ ਸਕੂਲੀ ਸਿੱਖਿਆ ਪੂਰੀ ਹੋਈ ਤੇ ਉਮਰ ਵੀ ਫ਼ੌਜ 'ਚ ਜਾਣ ਯੋਗ ਹੋਈ ਤਾਂ ਇਹੀ ਤਰਜ਼ੀਹ ਦਿੱਤੀ ਕਿ ਹੋਵੇ ਨਾ ਹੋਵੇ ਫ਼ੌਜ ਦੀ ਕਿਸੇ ਐਸੀ ਬ੍ਰਾਂਚ ਵਿਚ ਹੀ ਜਾਇਆ ਜਾਏ ਜਿਥੇ ਸਰਵਿਸ ਦੇ ਨਾਲ-ਨਾਲ

ਘੋੜ ਸਵਾਰੀ ਦੇ ਸ਼ੌਕ ਨੂੰ ਵੀ ਪੂਰਾ ਕੀਤਾ ਜਾ ਸਕੇ। ਬਸ ਏਸੇ ਟੀਚੇ ਨੂੰ ਮੁੱਖ ਰੱਖ ਕੇ ਮੈਂ ਸੰਨ 1984 ਵਿਚ ਭਾਰਤੀ ਸੈਨਾ ਦੀ ਰਿਮਾਉਂਟ ਵੈਟਨਰੀ ਕੋਰ ਵਿਚ ਸ਼ਾਮਲ ਹੋ ਗਿਆ। ਓਸ ਸਮੇਂ ਇਸ ਖੇਡ ਪ੍ਰਤੀ ਜਨੂੰਨ ਹੀ ਏਨਾ ਸੀ ਕਿ ਜੋ ਵੀ ਚੰਗਾ ਸਵਾਰ ਵੇਖਣਾ, ਉਹਦੇ ਮਗਰ ਲੱਗ ਤੁਰਨਾ, ਇਸ ਦੀਆਂ ਬਰੀਕੀਆਂ ਨੂੰ ਸਮਝਣਾ ਤੇ ਮੌਕਾ ਮਿਲਦੇ ਹੀ ਇਨ੍ਹਾਂ ਨੁਕਤਿਆਂ ਨੂੰ ਆਪਣੀ ਟ੍ਰੇਨਿੰਗ 'ਚ ਆਪਣੀ ਆਦਤ 'ਚ ਢਾਲਣਾ।

? *ਉਹ ਕਿਹੜਾ ਮੁਕਾਮ ਸੀ ਜਦੋਂ ਤੁਹਾਨੂੰ ਲੱਗਾ ਕਿ ਤੁਸੀਂ ਘੋੜ ਸਵਾਰੀ ਵਿਚ ਮੁਹਾਰਤ ਹਾਸਲ ਕਰ ਸਕਦੇ ਹੋ, ਚੰਗਾ ਨਾਮ ਕਮਾ ਸਕਦੇ ਹੋ, ਬਸ ਏਸੇ ਖੇਤਰ ਨੂੰ ਆਪਣੀ ਜ਼ਿੰਦਗੀ ਦਾ ਮਕਸਦ ਬਣਾ ਸਕਦੇ ਹੋ ?*

• ਮੇਰੀ ਤਕਰੀਬਨ ਦੋ-ਢਾਈ ਸਾਲ ਦੀ ਸਰਵਿਸ ਰਹੀ ਹੋਵੇਗੀ ਜਦੋਂ ਮੈਂ ਨੈਸ਼ਨਲ ਮੁਕਾਬਲਿਆਂ ਵਿਚ ਪਹਿਲਾ ਮੈਡਲ ਲਿਆ। ਉਹ ਮੈਡਲ ਲੈਣਾ ਹੀ ਮੇਰੀ ਜ਼ਿੰਦਗੀ ਦਾ ਇਕ ਖੁਸ਼ਨੁਮਾ ਮੋੜ ਸੀ। ਇਸ ਕਾਮਯਾਬੀ ਦੇ ਇਕਦਮ ਬਾਅਦ ਮੈਂ ਉੱਘੇ ਘੋੜ ਸਵਾਰਾਂ ਤੇ ਚੋਣ ਕਮੇਟੀਆਂ ਦੇ ਅਹੁਦੇਦਾਰਾਂ ਦੀਆਂ ਨਜ਼ਰਾਂ 'ਚ ਆ ਗਿਆ ਜਿਨ੍ਹਾਂ ਮੇਰੀ ਖੇਡ ਨੂੰ ਹੋਰ ਨਿਖਾਰਨ ਲਈ ਲੋੜੀਂਦੀਆਂ ਸਹੂਲਤਾਂ ਦਾ ਪ੍ਰਬੰਧ ਕੀਤਾ। ਉਨ੍ਹਾਂ ਦੇ ਸਹਿਯੋਗ ਨਾਲ ਮੈਨੂੰ ਚੰਗੇ ਘੋੜੇ ਮਿਲਣੇ ਸ਼ੁਰੂ ਹੋ ਗਏ ਜਿਨ੍ਹਾਂ ਨੂੰ ਮੈਂ ਆਪਣੇ ਪੁਰਾਣੇ ਤਜਰਬੇ ਦੇ ਆਧਾਰ 'ਤੇ ਸਿਖਾਉਣਾ ਸ਼ੁਰੂ ਕੀਤਾ। ਮੇਰੇ ਓਸ ਟਾਈਮ ਦੇ ਉਸਤਾਦ ਭਗਵਾਨ ਸਿੰਘ ਨੇ ਮੈਨੂੰ ਸਿਖਾਣ ਵਿਚ ਬਹੁਤ ਮਿਹਨਤ ਕੀਤੀ। ਚਾਹੇ ਆਮ ਕਲਾਸ ਸਵੇਰੇ ਸਾਢੇ ਛੇ ਵਜੇ ਸ਼ੁਰੂ ਹੁੰਦੀ ਸੀ ਪਰ ਉਨ੍ਹਾਂ ਮੈਨੂੰ ਤੜਕੇ ਚਾਰ ਵਜੇ ਹੀ ਉਠਾ ਲੈਣਾ ਤੇ ਤਕਰੀਬਨ ਦੋ ਢਾਈ ਘੰਟੇ ਦੂਜਿਆਂ ਤੋਂ ਵਾਧੂ ਅਭਿਆਸ ਕਰਵਾਉਣਾ। ਉਨ੍ਹਾਂ ਦੀ ਇਹ ਮਿਹਨਤ ਤੇ ਮੇਰੀ ਚੇਟਕ ਦਾ ਇਹ ਨਤੀਜਾ ਨਿਕਲਿਆ ਕਿ ਮੈਂ ਸੰਨ 1991 ਵਿਚ ਇੰਟਰਨੈਸ਼ਨਲ ਮੁਕਾਬਲਿਆਂ ਵਿਚ ਹਿੱਸਾ ਲੈਣ ਲੱਗ ਪਿਆ ਸੀ। ਇਹੀ ਉਹ ਸਮਾਂ ਸੀ ਜਦ ਮੈਂ ਮਹਿਸੂਸ ਕੀਤਾ ਕਿ ਮੇਰਾ ਪੂਰਾ ਤਾਣ ਘੋੜ ਸਵਾਰੀ ਦੇ ਲੇਖੇ ਹੀ ਲੱਗਣਾ ਹੈ।



? *ਤੁਸੀਂ ਘੋੜ ਸਵਾਰੀ ਵਿਚ ਤਿੰਨ ਏਸ਼ੀਆਈ ਖੇਡਾਂ ਵਿਚ ਹਿੱਸਾ ਲੈਣ ਵਾਲੇ ਇਕੋ ਇਕ ਸ਼ਖ਼ਸ ਹੋ, ਕੀ ਕਦੇ ਇੰਜ ਮਹਿਸੂਸ ਕੀਤਾ ਕਿ ਜ਼ਿੰਦਗੀ ਵਿਚ ਇਹ ਉਪਲਬਧੀ ਹਾਸਿਲ ਕਰ ਪਾਉਗੇ ?*

• ਆਪਣੇ ਵੇਲੇ ਦੇ ਉੱਘੇ ਘੋੜ ਸਵਾਰਾਂ ਨੂੰ ਦੇਖ ਕੇ ਦਿਲ ਤਾਂ ਕਰਦਾ ਸੀ ਕਿ ਇਹੋ ਜਿਹੀ ਮੁਹਾਰਤ ਹਾਸਲ ਕੀਤੀ ਜਾ ਸਕੇ, ਕੋਸ਼ਿਸ਼ ਵੀ ਪੂਰੀ ਜਾਰੀ ਸੀ ਪਰ ਏਨਾ ਕਦੀ ਨਹੀਂ ਸੋਚਿਆ ਸੀ ਕਿ ਮੈਂ ਤਿੰਨ ਏਸ਼ੀਅਨ ਖੇਡਾਂ ਵਿਚ ਹਿੱਸਾ ਲੈ ਪਾਉਂਗਾ। ਹਾਲੇ ਤਕ ਇੰਡੀਆ ਟੀਮ ਦੇ ਬਹੁਤੇ ਘੋੜ ਸਵਾਰ ਸਿਰਫ਼ ਇਕ ਜਾਂ ਦੋ ਏਸ਼ੀਅਨ ਖੇਡਾਂ ਹੀ ਖੇਡ ਪਾਏ ਹਨ। ਇਹ ਮੇਰੀ ਖੁਸ਼ਕਿਸਮਤੀ ਰਹੀ ਕਿ ਮੈਂ ਸੰਨ 1994 (ਹੀਰੋਸ਼ੀਮਾ), ਸੰਨ 1998 (ਬੈਂਗਕੌਂਕ), ਸੰਨ 2006 (ਦੋਹਾ) ਵਿਚ ਏਸ਼ੀਅਨ ਖੇਡਾਂ ਵਿਚ ਇੰਡੀਆ ਟੀਮ ਵੱਲੋਂ ਨੁਮਾਇੰਦਗੀ ਕੀਤੀ। ਇਸ ਵਿਚ 1998 ਤੇ 2006 ਵਿਚ ਟੀਮ ਇਵੈਂਟਿੰਗ ਖੇਡਦੇ ਹੋਏ ਕਾਂਸੀ ਦੇ ਤਗਮੇ ਜਿੱਤਣ ਦਾ ਸੁਭਾਗ ਪ੍ਰਾਪਤ ਹੋਇਆ। ਮੈਂ ਤਾਂ ਇਹੀ ਕਹਾਂਗਾ ਕਿ ਮੈਨੂੰ ਮੇਰੀ ਉਮੀਦ ਤੋਂ ਜ਼ਿਆਦਾ ਹੀ ਮਿਲਿਆ ਹੈ। ਇੰਡੀਅਨ ਘੋੜਿਆਂ ਤੇ ਇਹ ਹਾਸਲ ਕਰਨਾ ਬਹੁਤ ਵੱਡੀ ਗੱਲ ਸੀ। ਅੱਜ ਕੱਲ੍ਹ ਇਹ ਕਰ ਪਾਉਣਾ ਕਾਫ਼ੀ ਮੁਸ਼ਕਲ ਹੈ ਕਿਉਂਕਿ ਵਾਰਮ ਬਲੱਡ ਘੋੜੇ ਆ ਚੁੱਕੇ ਹਨ ਜਿਨ੍ਹਾਂ ਦੀ ਨਸਲ ਬਹੁਤ ਵਧੀਆ ਹੈ। ਇੰਡੀਅਨ ਹਾਫ ਬਰੈਡ ਘੋੜੇ ਉਨ੍ਹਾਂ ਦਾ ਮੁਕਾਬਲਾ ਨਹੀਂ ਕਰ ਸਕਦੇ।

? *ਤੁਸੀਂ ਇਵੈਂਟਿੰਗ ਦਾ ਜ਼ਿਕਰ ਕੀਤਾ, ਘੋੜ ਸਵਾਰੀ ਨਾਲ ਜੁੜੀਆਂ ਕਿਹੜੀਆਂ ਖੇਡਾਂ ਹਨ ਜੋ ਓਲੰਪਿਕ ਜਾਂ ਏਸ਼ੀਅਨ ਖੇਡਾਂ ਦਾ ਹਿੱਸਾ ਹੁੰਦੀਆਂ ਹਨ ?*

- ਓਲੰਪਿਕ ਵਿਚ ਘੋੜ ਸਵਾਰੀ ਨਾਲ ਜੁੜੇ ਤਿੰਨ ਤਰ੍ਹਾਂ ਦੇ ਮੁਕਾਬਲੇ ਹੁੰਦੇ ਹਨ। ਇਹ ਹਨ—ਡਰੈਸਜ਼ (Dressage), ਇਵੈਂਟਿੰਗ (Eventing) ਤੇ ਜੰਪਿੰਗ (Jumping)। ਤਿੰਨਾਂ ਵਿਚ ਵਿਅਕਤੀਗਤ ਤੇ ਟੀਮ ਮੁਕਾਬਲੇ ਹੁੰਦੇ ਹਨ। ਇਸ ਵਿਚ ਭਾਗ ਲੈਣ ਵਾਲੇ ਆਦਮੀ ਤੇ ਔਰਤਾਂ ਲਈ ਇਕੋ ਜਿਹੇ ਨਿਯਮ ਹਨ। ਸਭ ਤੋਂ ਪਹਿਲਾਂ ਜੇਕਰ ਡਰੈਸਜ਼ ਦੀ ਗੱਲ ਕਰੀਏ ਤਾਂ ਇਹ ਕਹਿ ਸਕਦੇ ਹਾਂ ਕਿ ਇਸ ਵਿਚ ਘੋੜੇ ਦੀ ਅੱਛੀ ਟ੍ਰੇਨਿੰਗ ਤੇ ਸਵਾਰ ਦੇ ਘੱਟੋ ਘੱਟ ਇਸ਼ਾਰਿਆਂ 'ਤੇ ਚੱਲਣ ਦੀ ਕਾਬਲੀਅਤ ਨੂੰ ਜੱਜਾਂ ਦੁਆਰਾ ਪਰਖਿਆ ਜਾਂਦਾ ਹੈ। ਇਕ ਗਿਣੀ ਮਿਥੀ ਥੋੜ੍ਹੀ ਜਗ੍ਹਾ ਦੇ ਵਿਚ ਰਹਿੰਦਿਆਂ ਹੋਇਆਂ ਘੋੜੇ ਨੂੰ ਵੱਖ-ਵੱਖ ਚਾਲਾਂ ਜਿਵੇਂ ਸਿੱਧਾ ਤੁਰਨਾ, ਟੇਢੇ ਤੁਰਨਾ, ਗੋਲਧਾਰੇ 'ਚ ਤੁਰਨਾ, ਕੈਂਟਰ, ਦੁੜਕੀ ਲਾਉਣਾ (ਟ੍ਰਾਟ) ਜਾਂ ਸਰਪਟ ਦੌੜ (ਗੈਲਪ) ਦਾ ਪ੍ਰਦਰਸ਼ਨ ਕਰਨਾ ਹੁੰਦਾ ਹੈ। ਘੋੜ ਸਵਾਰੀ ਦੀ ਸੰਪੂਰਨ ਕਲਾ ਦਾ ਵਿਖਾਵਾ ਕੀਤਾ ਜਾਂਦਾ ਹੈ ਕਿ ਕਿੰਨੀ ਆਸਾਨੀ ਨਾਲ ਘੋੜਾ ਸਵਾਰ ਦੇ ਹੁਕਮਾਂ ਦਾ ਪਾਲਣ ਕਰਦਾ ਹੈ। ਇਵੈਂਟਿੰਗ ਵਿਚ ਇਕ ਘੋੜੇ ਤੇ ਇਸ ਦੇ ਸਵਾਰ ਨੂੰ ਦੂਜੇ ਘੋੜੇ ਨਾਲ ਡਰੈਸਜ਼, ਕਰਾਸ ਕੰਟਰੀ ਤੇ ਸ਼ੋਅ ਜੰਪਿੰਗ ਤਿੰਨਾਂ ਵਿਚ ਮੁਕਾਬਲਾ ਕਰਨਾ ਪੈਂਦਾ ਹੈ। ਇਹ ਤਿੰਨੇ ਇਕ ਦਿਨ ਵਿਚ ਵੀ ਪੂਰੇ ਕੀਤੇ ਜਾ ਸਕਦੇ ਹਨ; ਪਹਿਲੇ ਡਰੈਸਜ਼, ਫਿਰ ਸ਼ੋਅ ਜੰਪਿੰਗ ਤੇ ਅਖੀਰ ਵਿਚ ਕਰਾਸ ਕੰਟਰੀ। ਅੱਜ ਕੱਲ੍ਹ ਇਵੈਂਟਿੰਗ ਨੂੰ ਤਿੰਨ ਜਾਂ ਚਾਰ ਦਿਨ ਵਿਚ ਕਰਨ ਦਾ ਪ੍ਰਚਲਨ ਹੋ ਗਿਆ ਹੈ। ਪਹਿਲੇ ਇਕ ਜਾਂ ਦੋ ਦਿਨ ਡਰੈਸਜ਼, ਇਕ ਦਿਨ ਕਰਾਸ ਕੰਟਰੀ, ਅਖੀਰਲੇ ਦਿਨ ਸ਼ੋਅ ਜੰਪਿੰਗ। ਕਰਾਸ ਕੰਟਰੀ ਵਿਚ ਘੋੜੇ ਦੀ ਸਪੀਡ, ਉਹਦੀ ਤਾਕਤ ਤੇ ਰਾਹ ਵਿਚ ਬਣਾਈਆਂ ਗਈਆਂ ਰੁਕਾਵਟਾਂ ਜਿਵੇਂ ਨਾਲੇ, ਖੱਡਾਂ ਜਾਂ ਵਾੜਾਂ ਨੂੰ ਛਾਲਾਂ ਮਾਰ ਕੇ ਘੱਟੋ ਘੱਟ ਸਮੇਂ ਵਿਚ ਪੂਰਾ ਕਰਨ ਦੀ ਯੋਗਤਾ ਵੇਖੀ ਜਾਂਦੀ ਹੈ। ਇਸ ਵਿਚ ਰੁਕਾਵਟਾਂ ਦੀ ਉਚਾਈ ਫਿਕਸਡ ਐਲੀਮੈਂਟ (fixed elements) ਲਗਾ ਕੇ ਕੀਤੀ ਜਾਂਦੀ ਹੈ ਜੋ ਛੂਹੇ ਜਾਣ ਨਾਲ ਡਿੱਗਦੇ ਨਹੀਂ। ਇਸੇ ਤਰ੍ਹਾਂ ਸ਼ੋਅ ਜੰਪਿੰਗ ਵਿਚ ਲੱਕੜੀ ਜਾਂ ਅਲਮੀਨੀਅਮ ਆਦਿ ਦੀਆਂ ਬਣੀਆਂ ਬਣਾਉਟੀ ਰੁਕਾਵਟਾਂ ਨੂੰ ਇਕ ਤਹਿ ਸਮੇਂ ਵਿਚ ਪੂਰਾ ਕਰਨਾ ਹੁੰਦਾ ਹੈ, ਇਹ ਫਿਕਸਡ ਨਹੀਂ ਹੁੰਦੀਆਂ, ਅਗਰ ਲੱਤ ਜਾਂ ਸਰੀਰ ਦਾ ਕੋਈ ਅੰਗ ਛੂਹ ਜਾਵੇ ਤਾਂ ਡਿੱਗ ਪੈਂਦੀਆਂ ਹਨ।

? *ਵੱਡੇ ਪੱਧਰ 'ਤੇ ਖੇਡਣ ਲਈ ਜਿਵੇਂ ਤੁਸੀਂ ਦੱਸਿਆ ਕਿ ਵਧੀਆ ਨਸਲ ਦੇ ਘੋੜਿਆਂ ਦੀ ਜ਼ਰੂਰਤ ਹੁੰਦੀ ਹੈ, ਦੇਸੀ ਘੋੜੇ ਇਨ੍ਹਾਂ ਮੁਕਾਬਲਿਆਂ ਵਿਚ ਕਾਮਯਾਬ ਨਹੀਂ ਹੋ ਸਕਦੇ। ਘੋੜਿਆਂ ਦੀਆਂ ਉਹ ਕਿਹੜੀਆਂ ਨਸਲਾਂ ਨੇ ਜੋ ਖੇਡਾਂ ਲਈ ਜ਼ਿਆਦਾ ਉਪਯੋਗੀ ਹਨ।*

- ਵੈਸੇ ਤਾਂ ਦੁਨੀਆ ਵਿਚ ਘੋੜਿਆਂ ਦੀਆਂ ਤਕਰੀਬਨ 350 ਨਸਲਾਂ ਹੋਣਗੀਆਂ ਪਰ ਘੋੜ ਸਵਾਰੀ ਦੇ ਲਿਹਾਜ ਨਾਲ ਅਸੀਂ ਇਸ ਨੂੰ ਤਿੰਨ ਗਰੁੱਪਾਂ ਵਿਚ ਵੰਡਦੇ ਹਾਂ। ਹੌਟ ਬਲੱਡਡ (Hot Blooded), ਕੌਲਡ ਬਲੱਡਡ (Cold Blooded) ਤੇ ਵਾਰਮ ਬਲੱਡਡ (Warm Blooded)। ਹੌਟ ਬਲੱਡਡ ਘੋੜੇ ਹਲਕੇ ਵਜ਼ਨ ਦੇ, ਫੁਰਤੀਲੇ ਤੇ ਜੋਸ਼ੀਲੇ ਘੋੜੇ ਹੁੰਦੇ ਹਨ ਜੋ ਖੇਡਾਂ ਦੇ ਗੁਰ ਬੜੀ ਛੇਤੀ ਸਿੱਖਦੇ ਹਨ। ਇਨ੍ਹਾਂ ਦੀ ਖੱਲ ਪਤਲੀ ਤੇ ਲੱਤਾਂ ਲੰਮੀਆਂ ਹੁੰਦੀਆਂ ਹਨ। ਸਰੀਰਕ ਪੱਖੋਂ ਚੁਸਤ ਤੇ ਸਪੀਡ ਤੇਜ਼ ਹੋਣ ਕਰਕੇ ਇਹ ਜ਼ਿਆਦਾਤਰ ਸ਼ੋਅ ਜੰਪਿੰਗ ਤੇ ਦੌੜਾਂ ਵਿਚ ਹਿੱਸਾ ਲੈਂਦੇ ਹਨ। ਅਰਬੀ ਘੋੜੇ ਇਸੇ ਨਸਲ ਦੇ ਹੁੰਦੇ ਹਨ। ਥੌਰੋ ਬਰੈਡ (Throughbred) ਘੋੜੇ ਵੀ ਇਸੇ ਨਸਲ ਦੇ ਹੁੰਦੇ ਹਨ ਜਿਹੜੇ 17-18ਵੀਂ ਸਦੀ 'ਚ ਇੰਗਲੈਂਡ ਦੀਆਂ ਦੇਸੀ ਘੋੜੀਆਂ ਤੇ ਅਰਬੀ ਘੋੜਿਆਂ ਦੀ ਕਰਾਸ ਬਰੀਡ ਨਾਲ ਤਿਆਰ ਕੀਤੇ ਗਏ। ਦੂਜੇ ਹਨ ਕੋਲਡ ਬਲੱਡਡ, ਇਨ੍ਹਾਂ ਦਾ ਕੱਦ ਵੱਡਾ ਹੁੰਦਾ, ਸਰੀਰ ਪੱਖੋਂ ਭਾਰੇ ਹੁੰਦੇ ਪਰ ਤਾਕਤ ਅੰਨ੍ਹੀ ਹੁੰਦੀ। ਇਹ ਸਾਊ ਘੋੜੇ ਹੁੰਦੇ ਜਿਹੜੇ ਠੰਡੇ ਸੁਭਾਅ ਦੇ ਤੇ ਧੀਰਜ ਵਾਲੇ ਹੁੰਦੇ। ਸਪੀਡ ਘੱਟ ਹੁੰਦੀ ਹੈ। ਇਹ ਜ਼ਿਆਦਾਤਰ ਭਾਰ ਢੋਹਣ ਤੇ ਰੇੜ੍ਹੇ ਖਿੱਚਣ ਵਾਸਤੇ ਵਰਤੇ ਜਾਂਦੇ ਹਨ। ਹੌਟ ਤੇ ਕੋਲਡ ਬਲੱਡਡ ਘੋੜਿਆਂ ਦੀਆਂ ਨਸਲਾਂ ਦੇ ਮਿਲਾਪ ਨਾਲ ਜੋ ਘੋੜੇ ਪੈਦਾ ਕੀਤੇ ਜਾਂਦੇ ਹਨ ਉਨ੍ਹਾਂ ਨੂੰ ਵਾਰਮ ਬਲੱਡਡ ਘੋੜੇ ਕਿਹਾ ਜਾਂਦਾ ਹੈ। ਇਨ੍ਹਾਂ ਵਿਚ ਹੌਟ ਤੇ ਕੋਲਡ ਬਲੱਡਡ ਘੋੜਿਆਂ ਦੇ ਗੁਣਾਂ ਦਾ ਵਧੀਆ ਸੁਮੇਲ ਹੁੰਦਾ ਹੈ। ਇਹ ਜ਼ੋਰ ਤੇ ਤਾਕਤ ਦੇ ਨਾਲ ਨਾਲ ਜੋਸ਼ੀਲੇ ਤੇ ਫੁਰਤੀਲੇ ਵੀ ਹੁੰਦੇ ਹਨ ਇਸ ਕਰਕੇ ਘੋੜ ਸਵਾਰੀ ਵਿਚ ਡਰੈਸਜ਼ ਤੇ ਇਵੈਂਟਿੰਗ ਵਿਚ ਭਾਗ ਲੈਣ ਲਈ ਜ਼ਿਆਦਾ ਯੋਗ ਸਮਝੇ ਜਾਂਦੇ ਹਨ। ਆਪਣੇ ਦੇਸੀ ਨਸਲਾਂ ਵਿਚ ਮਾਰਵਾੜੀ, ਕਾਠੀਆਵਾੜੀ, ਨੁੱਕਰੇ ਘੋੜੇ ਹੁੰਦੇ ਹਨ ਪਰ ਇਹ ਨੈਸ਼ਨਲ, ਇੰਟਰਨੈਸ਼ਨਲ ਉੱਚ ਪੱਧਰੀ ਮੁਕਾਬਲਿਆਂ ਦੇ ਯੋਗ ਨਹੀਂ ਹੁੰਦੇ। ਆਪਣੇ ਨਿਹੰਗ ਸਿੰਘਾਂ ਕੋਲ ਜ਼ਿਆਦਾ ਨੁੱਕਰੇ ਜਾਂ ਮਾਰਵਾੜੀ ਘੋੜੇ ਹੁੰਦੇ ਹਨ, ਇਨ੍ਹਾਂ ਦਾ ਟੈਂਪਰਾਮੈਂਟ (temprament) ਜ਼ਿਆਦਾ ਹੁੰਦਾ, ਤਾਕਤ ਓਨੀ ਨਹੀਂ ਹੁੰਦੀ, ਛੋਟੀਆਂ ਦੌੜਾਂ

ਲਈ ਠੀਕ ਹਨ। ਹਾਂ, ਨਿਹੰਗ ਸਿੰਘਾਂ ਵਿਚ ਘੋੜ ਸਵਾਰ ਚੰਗੇ ਹੁੰਦੇ, ਇਨ੍ਹਾਂ ਵਿਚ ਘੋੜ ਸਵਾਰੀ ਲਈ ਲੋੜੀਂਦਾ ਜੋਸ਼ ਤੇ ਜਜ਼ਬਾ ਹੁੰਦਾ। ਇਹ ਖੇਡ ਤਾਂ ਹੈ ਈ ਦਲੇਰੀ ਦੀ ਤੇ ਇਹ ਉਨ੍ਹਾਂ ਵਿਚ ਬਹੁਤ ਹੈ।

? *ਘੋੜ ਸਵਾਰੀ ਦੁਨੀਆਂ ਵਿਚ ਇਕ ਰੌਚਕ ਖੇਡ ਵਜੋਂ ਜਾਣੀ ਜਾਂਦੀ ਹੈ ਜਿਹਦੇ ਵਿਚ ਇਨਸਾਨ ਤੇ ਜਾਨਵਰ ਇਕ ਸਾਂਝੇ ਟੀਚੇ ਲਈ ਜੂਝਦੇ ਤੇ ਜੀ ਜਾਨ ਲਾ ਦੇਂਦੇ ਹਨ। ਤੁਹਾਡੇ ਏਸ ਖੇਡ ਦੇ ਲੰਮੇ ਸਫ਼ਰ ਦੌਰਾਨ ਕੋਈ ਅਜਿਹਾ ਵਾਕਿਆ ਜੋ ਸਦਾ ਲਈ ਇਕ ਯਾਦਗਾਰ ਬਣ ਗਿਆ ਹੋਵੇ, ਸਾਡੇ ਲਈ ਸਾਂਝਾ ਕਰੋ ?*

• ਅਜਿਹੇ ਮੌਕੇ ਤਾਂ ਬਹੁਤ ਆਏ ਪਰ ਉਨ੍ਹਾਂ ਵਿਚੋਂ ਜਿਹੜਾ ਮੈਨੂੰ ਕਈ ਵਾਰ ਯਾਦ ਆਉਂਦਾ ਹੈ ਉਹ ਓਸ ਵੇਲੇ ਦਾ ਹੈ ਜਦ ਮੈਂ ਮੇਰਠ ਵਿਚ ਨੈਸ਼ਨਲ ਪੱਧਰ ’ਤੇ ਦੋ ਘੋੜਿਆਂ ਨਾਲ ਟ੍ਰਾਇਲ ਦੇ ਰਿਹਾ ਸਾਂ। ਮੇਰੀ ਏਸੇ ਕਾਰਗੁਜ਼ਾਰੀ ਤੇ ਮੈਨੂੰ ਅੱਗੇ ਇੰਟਰਨੈਸ਼ਨਲ ਈਵੈਂਟਸ ਵਾਸਤੇ ਚੁਣਿਆ ਜਾਣਾ ਸੀ। ਇਸ ਟੀਮ ਦੀ ਚੋਣ ਲਈ ਵਿਦੇਸ਼ੀ ਕੋਚ ਗਰੈਗਨੈਲੋ ਇਟਲੀ ਤੋਂ ਆਏ ਹੋਏ ਸਨ। ਮੇਰੇ ਦੋ ਘੋੜਿਆਂ ’ਚੋਂ ਕੇਸ਼ਰੀਮਾਨ ਤਾਂ ਅੱਵਲ ਦਰਜੇ ਦਾ ਘੋੜਾ ਸੀ ਪਰ ਕਰਿਸ਼ਮਾ ਹਾਲੇ ਅਲ੍ਹੜ ਸੀ। ਪਰ ਜਦ ਪਰਚੀਆਂ ਪਈਆਂ ਤਾਂ ਮੇਰੇ ਨਾਂ ’ਤੇ ਕਰਿਸ਼ਮਾ ਘੋੜਾ ਨਿਕਲਿਆ। ਕਰਾਸ ਕੰਟਰੀ (cross country) ਖੇਡਦਿਆਂ ਹੋਇਆਂ, ਇਕ ਫੈਂਸ (fence) ’ਤੇ ਜਾ ਕੇ ਮੇਰਾ ਤੇ ਘੋੜੇ ਦਾ ਸਹੀ ਜੱਜਮੈਂਟ ਨਹੀਂ ਹੋ ਸਕਿਆ। ਸਾਡੇ ਦੋਹਾਂ ਦਾ ਤਾਲਮੇਲ ਐਸਾ ਉਖੜਿਆ ਕਿ ਮੈਂ ਫੈਂਸ ਵਿਚ ਟਕਰਾ ਕੇ ਡਿੱਗਿਆ ਤੇ ਘੋੜਾ ਪਲਟ ਕੇ ਮੇਰੀ ਛਾਤੀ ਉੱਤੇ। ਮੈਂ ਥੱਲੇ ਸੀ, ਸੱਟ ਕਾਫ਼ੀ ਗੰਭੀਰ ਸੀ। ਇਕ ਵਾਰ ਤਾਂ ਸਿਰ ਚਕਰਾ ਗਿਆ ਪਰ ਮੈਂ ਆਪਣੇ ਆਪ ਨੂੰ ਸੰਭਾਲਿਆ। ਓਸ ਵੇਲੇ ਦੇ ਖੇਡ ਕਾਨੂੰਨਾਂ ਮੁਤਾਬਕ ਜੇ ਘੋੜ ਸਵਾਰ ਦੂਜੀ ਵਾਰ ਡਿੱਗਦਾ ਸੀ ਤਾਂ ਉਸ ਨੂੰ ਮੁਕਾਬਲੇ ਤੋਂ ਬਾਹਰ ਕਰ ਦਿੱਤਾ ਜਾਂਦਾ ਸੀ, ਨਾ ਕਿ ਪਹਿਲੀ ਵਾਰ ਡਿੱਗੇ, ਜਿਹੜਾ ਕਿ ਅੱਜ ਕੱਲ੍ਹ ਦਾ ਕਾਨੂੰਨ ਹੈ। ਸੋ ਮੈਂ ਪਨੈੱਲਟੀਆਂ (penalities) ਲੈ ਕੇ ਦੁਬਾਰਾ ਹਿੱਸਾ ਲੈ ਸਕਦਾ ਸੀ। ਫਟਾ ਫਟ ਫਿਰ ਘੋੜੇ ’ਤੇ ਸਵਾਰ ਹੋਇਆ ਤੇ ਦੁਬਾਰਾ ਸ਼ੁਰੂ ਕੀਤਾ। ਕੋਈ ਛੇ ਸੱਤ ਜੰਪ ਬਾਅਦ ਜਦ ਘੋੜਾ ਲੈਂਡਿੰਗ ਕਰਦਾ ਸੀ ਤਾਂ ਛਾਤੀ ਵਿਚ ਦਰਦ ਉੱਠਦਾ ਸੀ। ਇਕ ਜੰਪ ਤੇ ਮੈਂ ਉਹਨੂੰ ਇਕ ਪਾਸੇ ਖਿੱਚ ਲਿਆ ਤੇ ਉਹ ਕਰੌਸ ਕੰਟਰੀ ਮੈਂ ਪੂਰੀ ਨਾ ਕਰ ਸਕਿਆ। ਉਸ ਘੋੜੇ ’ਤੇ ਮੈਂ ਖੇਡ ਤੋਂ ਬਾਹਰ ਹੋ ਗਿਆ। ਦੂਸਰਾ ਘੋੜਾ ਓਸ ਵੇਲੇ ਤਿਆਰ ਖੜ੍ਹਾ ਸੀ। ਪੰਜ ਪੰਜ ਮਿੰਟ ਬਾਅਦ ਘੋੜੇ ਆ ਰਹੇ ਸਨ। ਉਨ੍ਹਾਂ ’ਚੋਂ ਅਖ਼ੀਰ ਵਿਚ ਮੈਂ ਸੈਕਿੰਡ (second) ਘੋੜੇ ’ਤੇ ਆਉਣਾ ਸੀ। ਮੈਨੂੰ ਜੀਪ ’ਤੇ ਬਿਠਾ ਕੇ ਸਟਾਰਟ ਪੁਆਇੰਟ (start point) ’ਤੇ ਪਹੁੰਚਾਇਆ ਗਿਆ। ਰਸਤੇ ਵਿਚ ਮੇਰੀ ਛਾਤੀ ਵਿਚ ਏਨੀ ਦਰਦ ਉੱਠ ਰਹੀ ਸੀ ਕਿ ਮੈਂ ਆਪਣੀ ਪੱਗ ਉਤਾਰ ਕੇ, ਪੂਰੀ ਚੈੱਸਟ ’ਤੇ ਬੰਨ੍ਹ ਕੇ ਉਪਰ ਦੀ ਸਵੈਟਰ ਪਾਇਆ ਤੇ ਹੈਲਮਟ (helmet) ਪਾ ਕੇ ਦੁਬਾਰਾ ਕਰੌਸ ਕੰਟਰੀ ਲਈ ਸਟਾਰਟ ਹੋਇਆ। ਉਸ ਘੋੜੇ ’ਤੇ ਜੋ ਚੰਗਾ ਸੀ, ਨੰਬਰ ਇਕ ਘੋੜਾ ਸੀ, ਇਹ ਕਰੌਸ ਕੰਟਰੀ ਪੂਰੀ ਕੀਤੀ। ਅਗਲੇ ਦਿਨ ਸ਼ੋਅ ਜੰਪਿੰਗ (show jumping) ਹਰਬਖਸ਼ ਸਟੇਡੀਅਮ ਦਿੱਲੀ ਵਿਚ ਸੀ। ਰਾਤੋ ਰਾਤ ਘੋੜੇ ਮੇਰਠ ਤੋਂ ਦਿੱਲੀ ਸ਼ਿਫਟ ਕੀਤੇ ਗਏ ਕਿਉਂਕਿ ਘੋੜੇ ਬਦਲੀ ਨਹੀਂ ਕੀਤੇ ਜਾ ਸਕਦੇ ਇਸ ਲਈ ਉਨ੍ਹਾਂ ਹੀ ਘੋੜਿਆਂ ’ਤੇ ਤਿੰਨੇ ਈਵੈਂਟ ਕੀਤੀਆਂ ਜਾਣੀਆਂ ਸਨ। ਪਹਿਲੇ ਦਿਨ ਡਰੈਸਜ਼, ਦੂਜੇ ਦਿਨ ਕਰੌਸ ਕੰਟਰੀ ਤੇ ਤੀਜੇ ਦਿਨ ਸ਼ੋਅ ਜੰਪਿੰਗ ਹੋਣਾ ਸੀ। ਮੈਂ ਜਦੋਂ ਹਰਬਖਸ਼ ਸਟੇਡੀਅਮ ਪਹੁੰਚਿਆ ਤਾਂ ਹਾਲਤ ਕਾਫ਼ੀ ਖਰਾਬ ਹੋ ਚੁੱਕੀ ਸੀ। ਬਾਹਰ ਇਕ ਲੋਕਲ ਪ੍ਰਾਈਵੇਟ ਡਾਕਟਰ ਨੂੰ ਦੱਸਿਆ ਕਿ ਏਦਾਂ ਮੇਰੇ ਉੱਪਰ ਘੋੜਾ ਡਿੱਗ ਪਿਆ ਸੀ ਤੇ ਮੈਂ ਆਪਣੇ ਆਪ ਨੂੰ ਸੰਭਾਲ ਲਿਆ ਸੀ। ਮੈਂ ਨਹੀਂ ਸੀ ਚਾਹੁੰਦਾ ਕਿ ਆਰਮੀ ਡਾਕਟਰ ਕੋਲ ਜਾਵਾਂ ਤੇ ਉਹ ਮੈਨੂੰ ਦਾਖਲ ਕਰ ਲਵੇ ਤੇ ਮੈਂ ਅਗਲੇ ਦਿਨ ਦੀ ਗੇਮ ਵੀ ਨਾ ਖੇਡ ਸਕਾਂ। ਉਹਨੇ ਕਿਹਾ ਕਿ ਇਹ ਬਹੁਤ ਵੱਡਾ ਰਿਸਕ ਹੈ ਤੇਰੇ ਲਈ,




ਤੇਰੀਆਂ ਤਾਂ ਪੱਸਲੀਆਂ ਫਰੈਕਚਰ (fracture) ਹੋ ਚੁੱਕੀਆਂ ਹਨ। ਮੈਂ ਕਿਹਾ ਕਿ ਮੈਨੂੰ ਕੋਈ ਪੇਨ ਕਿੱਲਰ (pain killer) ਦਿਉ ਤਾਂ ਕਿ ਮੈਂ ਸਵੇਰ ਦਾ ਈਵੈਂਟ ਖੇਡ ਲਵਾਂ, ਉਸ ਤੋਂ ਬਾਅਦ ਮੈਂ ਦਾਖਲ ਹੋ ਜਾਵਾਂਗਾ। ਪਰ ਉਹ ਕਹੇ ਕਿ ਫਰੈਕਚਰ ਹੋਈ ਪੱਸਲੀ ਫੇਫੜਿਆਂ ਨੂੰ ਪੰਚਰ ਕਰ ਸਕਦੀ ਹੈ ਤੇ ਮੈਂ ਇਹ ਜੋਖ਼ਮ ਨਾ ਲਵਾਂ। ਆਖ਼ਰ ਮੈਂ ਪੇਨ ਕਿੱਲਰ ਖਾ ਕੇ ਪੂਰੀ ਰਾਤ ਕੱਢੀ ਤੇ ਦੂਸਰੇ ਦਿਨ ਸ਼ੋਅ ਜੰਪਿੰਗ ਦੇ ਮੁਕਾਬਲੇ ਵਿਚ ਹਿੱਸਾ ਲਿਆ। ਮੇਰੇ ਵਿਚ ਏਨੀ ਹਿੰਮਤ ਨਹੀਂ ਸੀ ਕਿ ਮੈਂ ਆਪਣਾ ਘੋੜਾ ਥੋੜਾ ਦੌੜਾ ਭਜਾ ਕੇ ਗਰਮ (warm up) ਕਰ ਸਕਾਂ ਤੇ ਗੇਮ ਦੇ ਕਾਨੂੰਨਾਂ ਮੁਤਾਬਕ ਕੋਈ ਦੂਸਰਾ ਰਾਈਡਰ (rider) ਇਹ ਕਰਕੇ ਨਹੀਂ ਸੀ ਦੇ ਸਕਦਾ। ਮੈਂ ਓਸ ਗਰਾਊਂਡ ਤੋਂ ਪਹਿਲਾਂ ਹੀ, ਬਾਹਰ ਹੀ ਕਿਸੇ ਹੋਰ ਰਾਈਡਰ ਨੂੰ ਬਿਠਾ ਕੇ ਰਸਤੇ ਵਿਚ ਥੋੜਾ ਬਹੁਤ ਘੋੜੇ ਨੂੰ ਗਰਮ ਕਰਵਾਉਂਦਾ ਗਿਆ। ਹਰਬਖਸ਼ ਸਟੇਡੀਅਮ ਦੇ ਗੇਟ ’ਤੇ ਮੈਂ ਘੋੜੇ ’ਤੇ ਚੜ੍ਹਿਆ, ਆਪਣੀ ਵਾਰੀ ਤੇ ਸ਼ੋਅ ਜੰਪਿੰਗ ਕੀਤੀ ਤੇ ਪੂਰੀ ਵਾਹ ਲਾ ਦਿੱਤੀ। ਅਖ਼ੀਰਲੇ ਜੰਪ ਤਕ ਆਉਂਦਿਆਂ ਮੇਰੀ ਪੀੜ ਨਾਲ ਹਾਲਤ ਏਨੀ ਖਰਾਬ ਹੋ ਚੁੱਕੀ ਸੀ ਕਿ ਮੈਂ ਬੇਹੋਸ਼ ਹੋ ਕੇ ਥੱਲੇ ਜਾ ਡਿੱਗਾ। ਮੈਨੂੰ ਅਧਿਕਾਰੀਆਂ ਤੇ ਬਾਕੀ ਅਮਲੇ ਨੇ ਇਕਦਮ ਸੰਭਾਲ ਲਿਆ ਪਰ ਓਸ ਤੋਂ ਪਹਿਲਾਂ ਮੈਂ ਫਿਨਿਸ਼ ਲਾਈਨ ਪਾਰ ਕਰ ਚੁੱਕਿਆ ਸੀ। ਮੈਂ ਓਸ ਮੁਕਾਬਲੇ ਦਾ ਜੇਤੂ ਘੋਸ਼ਿਤ ਹੋਇਆ ਤੇ ਉਥੇ ਹੀ ਮੇਰੇ ਗਲ ਵਿਚ ਮੈਡਲ ਪਾਇਆ ਗਿਆ। ਏਸੇ ਬਿਨਾ ’ਤੇ ਮੈਂ ਇੰਡੀਆ ਟੀਮ ਵਿਚ ਸਲੈਕਟ (select) ਹੋਇਆ। ਇਹ ਦੌਰ ਮੇਰੀ ਜ਼ਿੰਦਗੀ ਦਾ ਇਹੋ ਜਿਹਾ ਸੀ ਜਿਸ ਨੂੰ ਕਦੇ ਨਹੀਂ ਭੁੱਲ ਸਕਦਾ।

? *ਇਹ ਵਾਕਿਆ ਸੁਣ ਕੇ ਤੁਹਾਡੀ ਹਿੰਮਤ ਤੇ ਦਲੇਰੀ ਦੀ ਜਿੰਨੀ ਵੀ ਦਾਦ ਦੇਈਏ ਘੱਟ ਹੋਏਗੀ। ਏਨਾ ਸਮਾਂ ਤੁਸੀਂ ਘੋੜਿਆਂ ਨਾਲ ਬਿਤਾਇਆ ਹੈ, ਇਕ ਸਵਾਰ ਤੇ ਉਹਦੇ ਘੋੜੇ ਵਿਚ ਆਪਸੀ ਸਮਝ ਤੇ ਪਿਆਰ ਦਾ ਜੋ ਰਿਸ਼ਤਾ ਬਣਦਾ ਹੈ, ਉਸ ਨਾਲ ਜੁੜਿਆ ਕੋਈ ਕਿੱਸਾ ਹੋਵੇ ਤਾਂ ਸਾਡੇ ਪਾਠਕਾਂ ਨਾਲ ਸਾਂਝ ਕਰੋ ?*

• ਇਤਿਹਾਸ ਵਿਚ ਘੋੜਿਆਂ ਦੀ ਤਾਕਤ ਤੇ ਵਫ਼ਾਦਾਰੀ ਦੇ ਹਜ਼ਾਰਾਂ ਕਿੱਸੇ ਹਨ ਪਰ ਜੋ ਮੈਂ ਆਪਣੇ ਅੱਖੀਂ ਵੇਖਿਆ ਉਹ ਮੇਰੇ ਘੋੜੇ ਕੇਸ਼ਰੀਮਾਨ ਨਾਲ ਸੰਬੰਧਤ ਹੈ। ਇਹ ਓਸ ਵੇਲੇ ਦੀ ਗੱਲ ਹੈ ਜਦ ਊਧਮਪੁਰ, ਜੰਮੂ ਕਸ਼ਮੀਰ ਵਿਚ ਘੋੜਿਆਂ ਦੀਆਂ ਕੌਮੀ ਖੇਡਾਂ ਹੋ ਰਹੀਆਂ ਸਨ। ਉਸ ਟਾਈਮ ਤਿੰਨਾਂ ਦਿਨਾਂ ਦੀਆਂ ਈਵੈਂਟਸ ਵਿਚ ਸਟੀਪਲ ਚੇਜ਼ (Steeple Chase) ਵੀ ਇਕ ਹਿੱਸਾ ਹੁੰਦੀ ਸੀ। ਇਹ ਈਵੈਂਟ ਬੜੀ ਤੇਜ਼ ਸਪੀਡ ਨਾਲ ਪੱਕੀਆਂ ਲੱਗੀਆਂ ਹੋਈਆਂ ਰੁਕਾਵਟਾਂ (fences) ਨੂੰ ਤਕਰੀਬਨ 640 ਮੀਟਰ/ਮਿੰਟ ਦੇ ਹਿਸਾਬ ਨਾਲ ਦੌੜਦੇ ਹੋਏ ਪੂਰੀ ਕੀਤੀ ਜਾਂਦੀ ਹੈ। ਜੇ ਘੋੜਾ ਕਿਸੇ ਰੁਕਾਵਟ ਨੂੰ ਪਾਰ ਕਰਦਿਆਂ ਟਕਰਾ ਜਾਏ ਤਾਂ ਘੋੜਾ ਤੇ ਰਾਈਡਰ ਦੋਨੋਂ ਰੋਲ (roll) ਕਰ ਜਾਂਦੇ ਨੇ। ਮੇਰੇ ਨਾਲ ਇਹੋ ਭਾਣਾ ਵਾਪਰਿਆ। ਚਾਰ ਨੰਬਰ ਫੈਂਸ ਪਾਰ ਕਰਦਿਆਂ ਮੈਂ ਰੋਲ ਹੋ ਕੇ ਗਿਰਿਆ, ਕੇਸ਼ਰੀਮਾਨ ਘੋੜਾ ਵੀ ਪਲਟ ਕੇ ਦੂਸਰੀ ਜਗ੍ਹਾ ਜਾ ਡਿੱਗਾ। ਮੈਂ ਬੇਹੋਸ਼ ਹੋ ਗਿਆ ਸੀ। ਫਟਾਫਟ ਆਰਮੀ ਦੀ ਐਂਬੂਲੈਂਸ ਲਿਆਂਦੀ ਗਈ। ਮੈਨੂੰ ਤਾਂ ਡਾਕਟਰ ਐਂਬੂਲੈਂਸ ਵਿਚ ਪਾ ਕੇ ਛੇਤੀ ਛੇਤੀ ਚੱਲ ਪਏ ਪਰ ਕਿਸੇ ਵੀ ਰਾਈਡਰ ਨੇ ਜਾਂ ਕਿਸੇ ਹੋਰ ਬੰਦੇ ਨੇ ਘੋੜੇ ਵੱਲ ਧਿਆਨ ਨਾ ਦਿੱਤਾ। ਮੈਂ ਜਦ ਜਾ ਰਿਹਾ ਸੀ, ਮੇਰਾ ਘੋੜਾ ਕੇਸ਼ਰੀਮਾਨ ਐਂਬੂਲੈਂਸ ਦੇ ਪਿੱਛੇ ਪਿੱਛੇ ਹੀ ਉਹਨੂੰ ਫੋਲੋ (follow) ਕਰਦਾ ਹੋਇਆ ਦੌੜ ਰਿਹਾ ਸੀ। ਜਿਸ ਸਪੀਡ ਤੇ ਐਂਬੂਲੈਂਸ ਜਾ ਰਹੀ ਸੀ, ਘੋੜਾ ਵੀ ਓਸੇ ਸਪੀਡ ’ਤੇ ਸਰਪਟ ਸੜਕ ’ਤੇ ਦੌੜੀ ਆ ਰਿਹਾ ਸੀ। ਓਸ ਟਾਈਮ ਦੇ ਇੰਡੀਅਨ ਈਕੈਵਸਟੇਰੀਅਨ ਫੈਡਰੇਸ਼ਨ (Indian Equestrain Federation) ਦੇ ਪ੍ਰਧਾਨ ਜਨਰਲ ਓ. ਪੀ. ਮਲਹੋਤਰਾ ਜੋ ਖ਼ੁਦ ਉਸ ਤਰਫ਼ ਦੀ ਜਾ ਰਹੇ ਸਨ, ਨੇ ਗੱਡੀ ਰੋਕੀ ਤੇ ਪੁੱਛਿਆ ਕਿ ਇਹ ਐਂਬੂਲੈਂਸ ਵਿਚ ਕੌਣ ਹੈ ਤੇ ਇਹ ਘੋੜਾ ਬਿਨਾਂ ਰਾਈਡਰ ਦੇ ਕਿਧਰ ਭੱਜਾ ਜਾ ਰਿਹਾ ਹੈ। ਉਨ੍ਹਾਂ ਨੂੰ ਦੱਸਿਆ ਗਿਆ ਕਿ ਆਰ ਵੀ ਸੀ (Remount Veterinary Corps) ਦਾ ਰਾਈਡਰ ਪਲਵਿੰਦਰ ਸਿੰਘ ਡਿੱਗਿਆ ਤੇ ਉਸ ਨੂੰ ਅਸੀਂ ਹਸਪਤਾਲ ਲੈ ਕੇ ਜਾ ਰਹੇ ਹਾਂ। ਉਨ੍ਹਾਂ ਕਿਹਾ ਕਿ ਇਸ ਘੋੜੇ ਨੂੰ ਤਾਂ ਕਿਸੇ ਫੜਿਆ ਨਹੀਂ, ਇਹ ਪਿੱਛੇ ਪਿੱਛੇ ਆ ਰਿਹਾ ਹੈ। ਫਿਰ ਉਨ੍ਹਾਂ ਕੈਂਪ ਵਿਚ ਫੋਨ ਕਰਕੇ ਕੋਈ ਰਾਈਡਰ ਮੰਗਵਾਇਆ ਜੋ ਘੋੜੇ ਨੂੰ ਲੈ ਕੇ ਗਿਆ। ਇਹ ਘੋੜਾ ਤਕਰੀਬਨ 6 ਕਿਲੋਮੀਟਰ ਐਂਬੂਲੈਂਸ ਦੇ ਪਿੱਛੇ ਦੌੜਿਆ ਤੇ ਫਿਰ ਜਿਥੇ ਐਂਬੂਲੈਂਸ ਰੋਕੀ ਗਈ ਓਥੇ ਉਹਦੇ ਦੁਆਲੇ ਹੀ ਚੱਕਰ ਲਾਉਂਦਾ ਰਿਹਾ, ਜਦੋਂ ਤਕ ਕੋਈ ਰਾਈਡਰ ਪਿੱਛੇ ਨਹੀਂ ਆਇਆ ਤੇ ਉਹਨੂੰ ਲੈ ਕੇ ਨਹੀਂ ਗਿਆ।

? *ਇਕ ਜਾਨਵਰ ਦੀ ਆਪਣੇ ਮਾਲਕ ਪ੍ਰਤੀ ਏਨੀ ਵਫ਼ਾਦਾਰੀ ਦੀ ਨਿਹਾਇਤ ਹੀ ਖ਼ੂਬਸੂਰਤ ਮਿਸਾਲ ਸੀ ਜੋ ਤੁਸਾਂ ਬਿਆਨ ਕੀਤੀ। ਕੀ ਕਦੀ ਕਿਸੇ ਅੱਖੜ ਘੋੜੇ ਨਾਲ ਵੀ ਵਾਹ ਪਿਆ ਜੀਹਨੂੰ ਕਾਬੂ ਕਰਨ ਲਈ ਜ਼ੋਰ ਲਾਉਣਾ ਪਿਆ ਹੋਵੇ ?*

- ਇਹ ਸੰਨ 2004 ਦੀ ਗੱਲ ਹੋਵੇਗੀ। ਇਕ ਨਕਸ਼ ਨਾਂ ਦਾ ਘੋੜਾ ਸੀ, ਬੜਾ ਜੋਸ਼ੀਲਾ ਘੋੜਾ ਸੀ ਜੋ ਛੋਟੇ ਲੈਵਲ ਤੇ ਸ਼ੋਅ ਜੰਪਿੰਗ ਤਾਂ ਕਰਦਾ ਸੀ ਪਰ ਜਦ ਵੀ ਕਰੌਸ ਕੰਟਰੀ ਲਈ ਟਰਾਈ ਕਰਨਾ, ਏਹਨੇ ਹਾਈਪਰ (hyper) ਹੋ ਜਾਣਾ। ਸਟਾਰਟ ਬੌਕਸ ਵਿਚੋਂ ਹੀ ਰਾਈਡਰ ਨੂੰ ਲੈ ਕੇ ਦੌੜ ਜਾਣਾ। ਇਕ ਵਾਰ ਬੰਗਲੌਰ ਮੁਕਾਬਲੇ ਚੱਲ ਰਹੇ ਸੀ, ਇਹ ਕੰਟਰੋਲ ਤੋਂ ਬਾਹਰ ਹੋ ਗਿਆ ਤੇ ਪਾਣੀ ਵਾਲੇ ਟਰਾਲੇ 'ਚ ਜਾ ਟੱਕਰ ਮਾਰੀ। ਰਾਈਡਰ ਵੀ ਡਿੱਗਾ ਤੇ ਇਹ ਆਪ ਵੀ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ। ਉਸ ਤੋਂ ਬਾਅਦ ਇਹਨੂੰ ਦਿੱਲੀ ਹੌਰਸ ਸ਼ੋਅ ਲਈ ਲੈ ਕੇ ਗਏ, ਓਥੇ ਵੀ ਹਾਲੇ ਸਟਾਰਟ ਹੋਣ ਲਈ ਉਲਟੀ ਗਿਣਤੀ ਚੱਲ ਹੀ ਰਹੀ ਸੀ ਕਿ ਇਹਨੇ ਜੰਪ ਮਾਰਿਆ ਤੇ ਜੰਗਲ ਨੂੰ ਦੌੜ ਗਿਆ। ਇਸ ਤੋਂ ਬਾਅਦ ਜਿਸ ਰਾਈਡਰ ਦੇ ਨਾਂ ਉੱਤੇ ਇਹ ਘੋੜਾ ਸੀ ਉਸਨੇ ਅਰਜ਼ੀ ਦੇ ਦਿੱਤੀ ਕਿ ਇਹ ਘੋੜਾ ਬਹੁਤ ਖ਼ਤਰਨਾਕ ਹੈ ਤੇ ਕਿਤੇ ਵੀ ਐਕਸੀਡੈਂਟ ਕਰ ਸਕਦਾ ਹੈ। ਇਹ ਕਿਸੇ ਕੰਪੀਟੀਸ਼ਨ ਵਿਚ ਨਾ ਪਾ ਕੇ, ਆਮ ਸਵਾਰੀ ਵਾਸਤੇ ਰੱਖਿਆ ਜਾਵੇ। ਵੈਸੇ ਉਹ ਘੋੜਾ ਸਰੀਰ ਦੀ ਬਣਤਰ ਤੇ ਡੀਲ ਡਾਲ ਵੱਲੋਂ ਵਧੀਆ ਸੀ। ਮੈਂ ਇਹ ਗੁਜ਼ਾਰਸ਼ ਕੀਤੀ ਕਿ ਮੈਨੂੰ ਇਕ ਮੌਕਾ ਦਿੱਤਾ ਜਾਵੇ। ਮੈਂ ਇਸ ਉੱਤੇ ਕਾਫ਼ੀ ਕੋਸ਼ਿਸ਼ ਕੀਤੀ, ਮਿਹਨਤ ਕੀਤੀ ਪਰ ਫਿਰ ਵੀ ਜਦੋਂ ਇਹਨੂੰ ਮੇਰਠ, ਇਕ ਆਰਮੀ ਲੈਵਲ ਕੰਪੀਟੀਸ਼ਨ ਵਿਚ ਉਤਾਰਿਆ ਗਿਆ ਤਾਂ ਇਹ ਦੋ ਤਿੰਨ ਜੰਪ ਬਾਅਦ ਹੀ ਇਕਦਮ ਭੱਜ ਤੁਰਿਆ। ਡਿੱਗਣ ਨਾਲ ਮੇਰੇ ਵੀ ਸੱਟ ਲੱਗੀ, ਉਹਦੇ ਵੀ। ਪਰ ਮੈਂ ਉਹਨੂੰ ਛੱਡਿਆ ਨਹੀਂ ਤੇ ਲਗਾਤਾਰ ਉਹਦੇ ਉੱਤੇ ਹੋਰ ਮਿਹਨਤ ਕਰਦਾ ਰਿਹਾ। ਇਹਦਾ ਨਤੀਜਾ ਇਹ ਹੋਇਆ ਕਿ ਅਗਲੇ ਹੀ ਸਾਲ ਅਪ੍ਰੈਲ 2005 ਵਿਚ ਨੈਸ਼ਨਲ ਗੇਮਜ਼, ਜੋ ਜੈਪੁਰ ਹੋਈਆਂ, ਓਸੇ ਘੋੜੇ ਉੱਤੇ ਮੈਂ ਵਿਅਕਤੀਗਤ ਮੁਕਾਬਲਿਆਂ 'ਚ ਸਿਲਵਰ ਮੈਡਲ ਜਿੱਤਿਆ। ਫਿਰ ਉਸ ਘੋੜੇ ਨਾਲ ਮੇਰਾ ਐਹੋ ਜਿਹਾ ਤਾਲਮੇਲ ਬੈਠਾ ਕਿ ਸੰਨ 2006 ਦੀਆਂ ਦੋਹਾ (ਕਤਰ) ਵਿਚ ਹੋਈਆਂ ਪੰਦਰਵੀਆਂ ਏਸ਼ੀਅਨ ਗੇਮਜ਼ ਵਿਚ ਓਸੇ ਦੀ ਬਦੌਲਤ ਅਸੀਂ ਕਾਂਸੀ ਦਾ ਟੀਮ ਮੈਡਲ ਜਿੱਤਿਆ। ਇਕ ਵਾਰ ਘੋੜੇ ਦੇ ਸੁਭਾਅ ਨੂੰ ਸਮਝ ਲਿਆ ਜਾਵੇ, ਆਪਸੀ ਜਾਣ-ਪਛਾਣ ਚੰਗੀ ਹੋ ਜਾਵੇ ਤਾਂ ਸਾਥ ਸੁਖਾਵਾਂ ਹੋ ਜਾਂਦਾ ਹੈ।



? *ਰਟਾਇਰਮੈਂਟ ਤੋਂ ਬਾਅਦ ਤੁਹਾਡੇ ਕੀ ਰੁਝੇਵੇਂ ਰਹੇ, ਕੀ ਕਿਸੇ ਐਸੇ ਮਹਿਕਮੇ ਜਾਂ ਸੰਸਥਾ ਨਾਲ ਜੁੜੇ ਹੋਏ ਹੋ ਜੋ ਨਵੀਂ ਪੌਦ ਵਿਚ ਘੋੜ ਸਵਾਰੀ ਨੂੰ ਪ੍ਰਚਲਿਤ ਕਰਨ ਦੇ ਚਾਹਵਾਨ ਹੋਣ ?*

- ਪਹਿਲਾਂ ਤਾਂ ਮੈਂ ਪੰਜਾਬ ਪਬਲਿਕ ਸਕੂਲ, ਨਾਭਾ ਵਿਚ ਕੁਝ ਸਾਲ ਰਿਹਾ ਹਾਂ। ਉਨ੍ਹਾਂ ਕੋਲ ਘੋੜ ਸਵਾਰੀ ਲਈ ਚੰਗੀਆਂ ਸਹੂਲਤਾਂ ਨੇ। ਬੱਚਿਆਂ ਵਿਚ ਇਸ ਖੇਡ ਵਿਚ ਰੁਚੀ ਪੈਦਾ ਕਰਨ ਦਾ ਵਧੀਆ ਮਾਹੌਲ ਹੈ। ਫਿਰ ਕੁਝ ਸਮਾਂ ਮੈਂ ਲਾਅਰੈਂਸ ਸਕੂਲ, ਊਟੀ, ਤਾਮਿਲਨਾਡੂ ਵਿਚ ਵੀ ਬੱਚਿਆਂ ਨੂੰ ਘੋੜ ਸਵਾਰੀ ਦੀ ਮੁੱਢਲੀ ਸਿੱਖਿਆ ਦੇਂਦਾ ਰਿਹਾ ਤੇ ਅੱਜ ਕੱਲ੍ਹ ਇਥੇ ਮੋਹਾਲੀ ਹੀ ਪੰਜਾਬ ਪੁਲਿਸ ਦੇ ਘੋੜ ਸਵਾਰਾਂ ਦੀ ਕੋਚਿੰਗ ਕਰ ਰਿਹਾ ਹਾਂ। ਅਗਰ ਚੰਗੇ ਘੋੜੇ ਹੋਣ, ਖੁੱਲ੍ਹੇ ਮੈਦਾਨ ਹੋਣ ਤੇ ਅੱਛੇ ਕੋਚ ਹੋਣ ਤਾਂ ਇਨ੍ਹਾਂ ਸਕੂਲਾਂ, ਸੰਸਥਾਵਾਂ ਵਿਚੋਂ ਹੀ ਨਵੇਂ ਖਿਡਾਰੀ ਉੱਠ ਸਕਦੇ ਹਨ।

? *ਬਤੌਰ ਕੋਚ ਇਕ ਨਵੇਂ ਘੋੜ ਸਵਾਰ ਨੂੰ ਕੀ ਮੁੱਢਲਾ ਸਬਕ ਦੇਣਾ ਚਾਹੋਗੇ ?*

- ਪਹਿਲੀ ਗੱਲ ਤਾਂ ਇਹ ਹੈ ਕਿ ਘੋੜੇ ਨੂੰ ਇਕ ਆਮ ਜਾਨਵਰ ਨਾ ਸਮਝਿਆ ਜਾਵੇ। ਸ਼ਾਸਤਰਾਂ ਵਿਚ ਇਸ ਨੂੰ ਸੂਰਯ (ਸੂਰਜ) ਦਾ ਪੁੱਤਰ ਮੰਨਿਆ ਜਾਂਦਾ ਹੈ। ਕਹਿੰਦੇ ਹਨ ਕਿ ਧਰਤੀ ਉੱਤੇ ਇਹੋ ਹੀ ਇਕੱਲਾ ਮਰਦ ਪੈਦਾ ਹੋਇਆ ਹੈ। ਇਸ ਨੂੰ ਆਪਣੀ ਹੀ ਤਾਕਤ ਦਾ ਅੰਦਾਜ਼ਾ ਨਹੀਂ। ਇਸ ਕਰਕੇ ਕਦੀ ਕਦੀ ਅਸੰਭਵ ਦਿਖਦੀਆਂ ਰੁਕਾਵਟਾਂ ਵੀ ਪਾਰ ਕਰ ਜਾਂਦਾ ਹੈ ਤੇ ਕਦੀ ਸਰਪਟ ਦੌੜਦਾ ਸੈਂਕੜੇ ਮੀਲਾਂ ਦਾ ਸਫ਼ਰ ਤਹਿ ਕਰ ਜਾਂਦਾ ਹੈ। ਇਸ

ਨੂੰ ਇਕ ਦੇਵਤਾ ਸਮਝ ਕੇ, ਪੈਰੀਂ ਹੱਥ ਲਾ ਕੇ ਇਸ ’ਤੇ ਸਵਾਰੀ ਕਰੋ। ਕਦੀ ਵੀ ਟ੍ਰੇਨਿੰਗ ਦੌਰਾਨ ਅਗਰ ਤੁਸੀਂ ਇਸ ਨੂੰ ਮਾਰਦੇ ਹੋ ਜਾਂ ਟੋਕਦੇ ਹੋ ਤਾਂ ਇਸ ਨੂੰ ਪਿਆਰ ਵੀ ਦੇ ਕੇ ਉਸ ਚੀਜ਼ ਨੂੰ ਭੁਲਾਇਆ ਜਾਵੇ। ਇਹ ਵੀ ਕਿਹਾ ਜਾਂਦਾ ਹੈ ਅਗਰ ਇਕ ਘੋੜ ਸਵਾਰ ਦੀ ਆਪਣੇ ਘੋੜੇ ਨਾਲ ਚੰਗੀ ਸਮਝ ਹੈ, ਤਾਲਮੇਲ ਹੈ ਤਾਂ ਉਹ ਆਪਣਾ ਪਰਿਵਾਰ ਵੀ ਚੰਗੀ ਤਰ੍ਹਾਂ ਚਲਾ ਸਕਦਾ ਹੈ।

? *ਜਿਹੜੇ ਨੌਜਵਾਨ ਇਸ ਖੇਡ ਨੂੰ ਇਕ ਚੰਗੇ ਲੈਵਲ ਤਕ ਖੇਡਣਾ ਚਾਹੁੰਦੇ ਹਨ ਤੁਸੀਂ ਉਨ੍ਹਾਂ ਨੂੰ ਕੀ ਸਲਾਹ ਦੇਵੋਗੇ ?*

• ਇਹ ਖੇਡ ਖ਼ਾਸੀ ਮਹਿੰਗੀ ਹੋਣ ਕਰਕੇ ਆਮ ਆਦਮੀ ਦੇ ਵਿੱਤ ਤੋਂ ਬਾਹਰ ਹੈ। ਇਸ ਲਈ ਜਾਂ ਤਾਂ ਕਿਸੇ ਅਜਿਹੇ ਮਹਿਕਮੇ ਜਿਵੇਂ ਆਰਮੀ, ਪੁਲਿਸ ਆਦਿ ਨਾਲ ਜੁੜਿਆ ਜਾਵੇ ਜਾਂ ਫਿਰ ਆਪਣੇ ਆਪ ਹੀ ਪਰਿਵਾਰ ਵੱਲੋਂ ਜਾਂ ਕਿਸੇ ਪ੍ਰਾਈਵੇਟ ਅਦਾਰੇ ਵੱਲੋਂ ਮਦਦ ਮਿਲੇ। ਅੱਜ ਕੱਲ੍ਹ ਜੋ ਮੁਕਾਬਲੇ ਚੱਲ ਰਹੇ, ਘੋੜੇ ਬਾਹਰੋਂ ਵਿਦੇਸ਼ਾਂ ਤੋਂ ਇੰਪੋਰਟ (import) ਹੋ ਕੇ ਆ ਰਹੇ ਹਨ ਤੇ ਇਨ੍ਹਾਂ ਦੀ ਕੀਮਤ 18–20 ਲੱਖ ਤੋਂ ਘੱਟ ਨਹੀਂ। ਜੋ ਟ੍ਰੇਂਡ ਘੋੜੇ, ਜਿਹੜੇ ਅੰਤਰਰਾਸ਼ਟਰੀ ਮੁਕਾਬਲੇ ਲੜ ਚੁੱਕੇ ਹੋਣ, ਉਹ ਕਰੋੜਾਂ ਦੇ ਵੀ ਹਨ। ਦੇਸੀ ਘੋੜਿਆਂ ਨਾਲ ਇਸ ਖੇਡ ਵਿਚ ਅੱਗੇ ਨਹੀਂ ਜਾਇਆ ਜਾ ਸਕਦਾ। ਸੋ ਨਵੇਂ ਘੋੜ ਸਵਾਰ ਕੋਲੋਂ ਇਹ ਖੇਡ ਪੂਰਾ ਸਮਰਪਣ ਤਾਂ ਮੰਗਦੀ ਹੀ ਹੈ ਇਸ ਦੇ ਨਾਲ ਨਾਲ ਉਹ ਆਰਥਿਕ ਤੌਰ ’ਤੇ ਵੀ ਏਨਾ ਪੁੱਜਦਾ ਹੋਣਾ ਚਾਹੀਦਾ ਹੈ ਕਿ ਵਾਰਮ ਬਲੱਡ ਘੋੜਾ ਲੈਣ ਜੋਗਾ ਹੋਵੇ ਜਾਂ ਘੱਟੋ ਘੱਟ ਥੌਰੋ ਬਲੱਡ ਘੋੜੇ ਨੂੰ ਸੰਭਾਲਣ ਜੋਗਾ ਹੋਵੇ। ਘੋੜੇ ਦੀ ਖਾਦ ਖ਼ੁਰਾਕ, ਗਰੂਮਿੰਗ (grooming) ਤੇ ਰੱਖ ਰਖਾਅ ਕਰਨ ਦੇ ਖਰਚੇ ਉਠਾ ਸਕਦਾ ਹੋਏ।

? *ਘੋੜ ਸਵਾਰੀ, ਜਿਵੇਂ ਤੁਸੀਂ ਦੱਸਿਆ, ਇਕ ਮਹਿੰਗੀ ਖੇਡ ਹੈ ਤੇ ਹਰ ਕੋਈ ਇਹ ਸ਼ੌਕ ਨਹੀਂ ਪਾਲ ਸਕਦਾ, ਤੁਹਾਡੇ ਮੁਤਾਬਕ ਇੰਡੀਆ ਵਿਚ ਤੇ ਖ਼ਾਸ ਕਰਕੇ ਪੰਜਾਬ ਵਿਚ ਘੋੜ ਸਵਾਰੀ ਦਾ ਕੀ ਭਵਿੱਖ ਦੇਖਦੇ ਹੋ ?*

• ਪੰਜਾਬ ਘੋੜ ਸਵਾਰੀ ਵਿਚ ਕਾਫ਼ੀ ਪਿੱਛੇ ਹੈ। ਸਿਰਫ਼ ਪੰਜਾਬ ਪੁਲਿਸ ਕੋਲ ਹੀ ਇਹ ਗੇਮ ਹੈ। ਉਹ ਜਿੰਨੇ ਕੁ ਹੌਰਸ ਸ਼ੋਅ ਕਰਵਾਉਂਦੇ ਹਨ, ਉਸ ਉੱਤੇ ਹੀ ਇਹ ਨਿਰਭਰ ਕਰਦੀ ਹੈ। ਪ੍ਰਾਈਵੇਟ ਤੌਰ ’ਤੇ ਗੁਰਸੋਭਾ ਸਿੰਘ ਹੈ ਜਿਹਦੇ ਕੋਲ ਵਾਰਮ ਬਲੱਡ ਘੋੜੇ ਹਨ। ਮੋਹਾਲੀ ਲਾਗੇ ਆਪਣਾ ਸਟੱਡ ਫਾਰਮ ਤੇ ਹੋਰ ਸਹੂਲਤਾਂ ਦਾ ਸੈੱਟ ਅੱਪ ਹੈ। ਉਹਨੇ ਨੈਸ਼ਨਲ ਜੂਨੀਅਰ ਚੈਂਪੀਅਨਸ਼ਿਪ ਵਿਚ ਸੋਹਣਾ ਪ੍ਰਦਰਸ਼ਨ ਕੀਤਾ ਤੇ ਕਈ ਖ਼ਿਤਾਬ ਜਿੱਤੇ ਹਨ। ਪੰਜਾਬ ਵਿਚ ਇਸ ਖੇਡ ਨੂੰ ਪ੍ਰਚਲਿਤ ਕਰਨ ਲਈ ਜ਼ਰੂਰੀ ਹੈ ਕਿ ਜ਼ਿਆਦਾ ਤੋਂ ਜ਼ਿਆਦਾ ਹੌਰਸ ਸ਼ੋਅ ਕਰਵਾਏ ਜਾਣ, ਲੋਕਾਂ ਵਿਚ ਇਸ ਖੇਡ ਬਾਰੇ ਜਾਗਰੂਕਤਾ ਵਧੇ, ਪ੍ਰਾਈਵੇਟ ਅਦਾਰਿਆਂ ਦਾ ਸਹਿਯੋਗ ਲਿਆ ਜਾਵੇ। ਅਗਰ ਕੋਈ ਗੇਮ ਕਿਸੇ ਇਕ ਫੋਰਸ ਥੱਲੇ ਹੀ ਰਹਿ ਜਾਵੇਗੀ ਤਾਂ ਇਸ ਦਾ ਦਾਇਰਾ ਵੀ ਛੋਟਾ ਹੀ ਰਹਿ ਜਾਵੇਗਾ। ਬਾਕੀ ਇੰਡੀਆ ਲੈਵਲ ਤੇ ਅੱਛੇ ਰਾਈਡਰ ਅੱਗੇ ਆ ਰਹੇ ਹਨ। ਕਾਫ਼ੀ ਲੋਕ ਵਾਰਮ ਬਲੱਡ ਘੋੜੇ ਖਰੀਦ ਰਹੇ ਹਨ। ਇਵੈਂਟਿੰਗ, ਕਰੌਸ ਕੰਟਰੀ ਵਿਚ ਸਾਡੀ ਚੰਗੀ ਕਾਰਗੁਜ਼ਾਰੀ ਦੀ ਉਮੀਦ ਹੈ। ਆਉਣ ਵਾਲੇ ਅੱਠ–ਦਸ ਸਾਲ ਤਕ ਹੋ ਸਕਦਾ ਸ਼ੋਅ ਜੰਪਿੰਗ ਵਿਚ ਵੀ ਸਾਡੇ ਰਾਈਡਰ ਏਸ਼ੀਅਨ ਲੈਵਲ ਤਕ ਪਹੁੰਚ ਜਾਣ। ਮੇਰੇ ਪੁਰਾਣੇ ਸ਼ਗਿਰਦਾਂ ’ਚੋਂ ਵਿਸ਼ਵਨਾਥ ਹੈ ਜੋ ਮਹਾਰਾਸ਼ਟਰ ਤੋਂ ਹੈ, ਬਹੁਤ ਵਧੀਆ ਕਰ ਰਿਹਾ ਹੈ। ਮੇਰੇ ਤੋਂ ਸਮੇਂ ਸਮੇਂ ’ਤੇ ਸਲਾਹ ਲੈਂਦਾ ਰਹਿੰਦਾ, ਏਸੇ ਤਰ੍ਹਾਂ ਸਵਾਰ ਜਤਿੰਦਰ ਭੱਟੀ ਹੈ। ਭਾਰਤੀ ਘੋੜ ਸਵਾਰੀ ਵਿਚ ਹੁਣ ਬਹੁਤਾ ਯੋਗਦਾਨ ਪ੍ਰਾਈਵੇਟ ਕਲੱਬਾਂ ਦਾ ਹੀ ਹੈ। ਜਿਵੇਂ ਜੀਤੂ ਵੀਰਵਾਨੀ ਦਾ ਬੈਂਗਲੋਰ ਵਿਚ ਐਂਬੈਸੀ ਕਲੱਬ ਹੈ ਜਿਸ ਨੇ 2018 ਦੀਆਂ ਏਸ਼ੀਅਨ ਖੇਡਾਂ ਵਿਚ ਭਾਗ ਲੈਣ ਵਾਲੀ ਭਾਰਤੀ ਟੀਮ ਨੂੰ ਸਪੌਂਸਰ ਕੀਤਾ ਤੇ ਟੀਮ ਮੈਂਬਰਾਂ ਨੂੰ ਆਹਲਾ ਦਰਜੇ ਦੀ ਕੋਚਿੰਗ ਦਾ ਇੰਤਜ਼ਾਮ ਕੀਤਾ। ਰਾਈਡਰਜ਼ ਨੂੰ ਜਰਮਨੀ, ਆਸਟ੍ਰੇਲੀਆ ਕੋਚਿੰਗ ਲਈ ਭੇਜਿਆ, ਇੰਟਰਨੈਸ਼ਨਲ ਗੇਮਜ਼ ਵਿਚ ਹਿੱਸਾ ਲੈਂਦੇ ਘੋੜੇ ਕਿਰਾਏ ’ਤੇ ਲੈ ਕੇ ਦਿੱਤੇ। ਇਨ੍ਹਾਂ ਗੇਮਜ਼ ਵਿਚ ਫਵਾਦ ਮਿਰਜ਼ਾ ਨੇ ਇਵੈਂਟਿੰਗ ਵਿਚ ਸਿਲਵਰ ਮੈਡਲ ਜਿੱਤਿਆ। ਟੀਮ ਇਵੈਂਟਿੰਗ, ਜਿਸ ਵਿਚ ਰਕੇਸ਼ ਕੁਮਾਰ, ਆਸ਼ਿਸ਼ ਮਲਿਕ, ਜਤਿੰਦਰ ਤੇ ਫਵਾਦ ਨੇ ਹਿੱਸਾ ਲਿਆ, ਵਿਚ ਵੀ ਇੰਡੀਆ ਟੀਮ ਨੇ ਸਿਲਵਰ ਮੈਡਲ ਜਿੱਤਿਆ। ਫਵਾਦ ਮਿਰਜ਼ਾ ਨੇ ਇਸ ਉਪਲਬਧੀ ਸਿਰ ’ਤੇ ਟੋਕੀਓ ਹੋਣ ਵਾਲੀਆਂ ਉਲੰਪਿਕ ਖੇਡਾਂ ਵਿਚ ਆਪਣੀ ਜਗ੍ਹਾ ਬਣਾ ਲਈ ਹੈ। ਅਗਰ ਐਸੇ ਇੰਟਰਨੈਸ਼ਨਲ ਲੈਵਲ ਦੇ ਕਲੱਬ ਜਿਨ੍ਹਾਂ ਵਿਚ ਕੋਚਿੰਗ ਦੀਆਂ ਸਹੀ ਸਹੂਲਤਾਂ ਮੌਜੂਦ ਹੋਣ, ਉਹ ਭਾਰਤੀ ਖਿਡਾਰੀਆਂ ਦੀ ਹੌਸਲਾ ਅਫ਼ਜ਼ਾਈ ਕਰਨ ਤਾਂ ਅਸੀਂ ਅੰਤਰਰਾਸ਼ਟਰੀ ਪੱਧਰ ’ਤੇ ਹੋਰ ਬਿਹਤਰ ਪ੍ਰਦਰਸ਼ਨ ਕਰ ਸਕਦੇ ਹਾਂ। ਵ

# ਲੋਕ ਰੰਗ

*ਨੈਨ ਸੁਖ*

## ਮਿਰਜਾ ਜੋਗੀ

"ਲੋਹ ਜੋਗੀ ਦੀ ਆਲ / ਅਸੀਂ ਲਹਾਵਰੇ
ਜੀਹਨਾਂ ਲਹੌਰ ਵਸਾਇਆ / ਅੱਜ ਰੁਲਦੇ ਫਿਰਦੇ
ਬੇਘਰ ਤੇ ਲਾਵਾਰਸ / ਕੁੱਲੀ ਲਾਨ ਨੂੰ ਥਾਂ ਨਾ ਲੱਭੇ"

ਸੁਣ ਕੇ ਮਨ ਠੰਡਾ ਹੋ ਗਿਆ। ਭਾਵੇਂ ਜੂਨ ਦਾ ਭਖਦਾ ਮਹੀਨਾ। ਏਹ 1993 ਦੀ ਗੱਲ, ਲਹੌਰ ਸੈਸ਼ਨ ਕੋਰਟ ਦਾ ਵਕੂਆ। ਜੋਗੀ ਅਪਨੇ ਵਿਰਲਾਪ ਨੂੰ ਦਰਖ਼ਾਸ ਵਿੱਚ ਲਖਵਾਨਾ ਚਾਹਵੇ।

ਮੈਂ ਨਵਾਂ ਨਵਾਂ ਵਕੀਲ ਬਣਿਆ, ਮੁਕ਼ੱਦਮਾ ਕੋਈ ਨਾ । ਵੇਖਣ ਸੁਨਣ ਨੂੰ ਲੋਕ ਈ ਲੋਕ। ਜੋਗੀ ਦੀ ਦਰਖ਼ਾਸ ਲਿਖਣ ਲੱਗ ਪਿਆ। ਕੀਹਨੂੰ ਲਿਖਣੀ, ਸਰਕਾਰ ਨੂੰ। ਪੂਰੇ ਲਹੌਰ ਦੀ ਮਾਲਕੀ ਜਤਾ ਕੇ ਖਾੜਕ ਨਾਲੇ ਉੱਤੇ ਕੁੱਲੀ ਦੀ ਥਾਂ ਵਾਪਸ ਮੰਗਣੀ, ਜੇਹੜੀ ਲਾਹੌਰ ਡਿਵੈਲਪਮੈਂਟ ਅਥਾਰਟੀ ਦਾ ਬੁਲਡੋਜ਼ਰ ਢਾ ਗਿਆ।

ਦਰਖ਼ਾਸ ਗੁਜ਼ਾਰ ਦਾ ਨਾਂ? ਸੁਣ ਕੇ ਮੈਂ ਬੋਲਦਿਆਂ ਲਿਖਿਆ "ਮਿਰਜ਼ਾ ਜੋਗੀ" ਜੋਗੀ ਸੋਧ ਕੀਤੀ, "ਮਿਰਜਾ ਜੋਗੀ"। ਤੀਜੀ ਵਾਰ ਇੰਜ ਹੋਇਆ ਤੇ ਜੋਗੀ ਮੈਨੂੰ ਅਨਪੜ੍ਹ ਕਰ ਕੇ ਚਲਾ ਗਿਆ, "ਕੀਹ ਤੈਨੂੰ ਮਿਰਜਾ ਲਿਖਿਆ ਨਹੀਂ ਆਂਦਾ?"

ਜੋਗੀ ਬੁੱਢੜਾ ਮੇਰੀਆਂ ਅੱਖਾਂ ਅੱਗੋਂ ਓਹਲੇ ਨਾ ਹੋਵੇ। ਓਹਦੀ ਤੱਕਨੀ ਤੇ ਓਹਦੀ ਬੋਲੀ ਅਜੇ ਸੱਜਰੀ ਕਿਹ ਮਹੀਨੇ ਮਗਰੋਂ ਓਹ ਫ਼ੇਰ ਮੈਨੂੰ ਸੈਸ਼ਨ ਕੋਰਟ ਮਿਲ ਪਿਆ, ਜੀਹਦੇ ਨਾਲ ਕੋਈ ਵਕੀਲ ਸ਼ੇਖ਼ ਸਾਹਬ ਧੋਖਾ ਕਰ ਗਏ, ਜੀਹਨਾਂ ਦੋ ਹਜ਼ਾਰ ਰੁਪਏ ਫ਼ੀਸ ਲਈ ਕਿਹ ਓਹਦਾ ਮੁਕ਼ੱਦਮਾ ਅਦਾਲਤ ਵਿੱਚ ਲੜਣਗੇ ਪਰ ਓਹ ਹੁਣ ਲੱਭਣ ਨਾ। ਕੇਹੜਾ ਮੁਕ਼ੱਦਮਾ ਤੇ ਕੇਹੜੀ ਅਦਾਲਤ, ਜਿੱਥੇ ਮਿਰਜੇ ਜੋਗੀ ਦੀ ਫ਼ਰਿਆਦ ਪੁੱਗੇ।

ਮੈਂ ਮਿਰਜੇ ਜੋਗੀ ਨੂੰ 2001 ਈ. ਤਾਈਂ ਮਿਲਦਾ ਰਹਿਆ, ਤਿੰਨ ਵਾਰੀ ਓਹਨਾਂ ਜੋਗੀਆਂ ਦਾ ਠਿਕਾਣਾ ਬਦਲਿਆ। ਖਾੜਕ ਨਾਲੇ ਤੋਂ ਵਹਦਤ ਰੋਡ, ਓਥੋਂ ਠੋਕਰ ਨਿਆਜ਼ ਬੇਗ, ਜਿੱਥੋਂ ਓਹ ਸੁੰਦਰ ਲਾਗੇ ਕੁੱਝ ਮਹੀਨੇ ਰਹੇ, ਉਸ ਤੋਂ ਮਗਰੋਂ ਓਹ ਲਹਾਵਰੇ, ਲਹੌਰ ਦੇ ਵਸਾਵੇ, ਕਿਧਰੇ ਲਾਪਤਾ ਹੋ ਗਏ। ਜੇਹੜੇ ਮੇਰੇ ਨਾਵਲ "ਮਾਧੋ ਲਾਲ ਹੁਸੈਨ " ਵਿੱਚ ਤਸਵੀਰ ਹੋਏ।

ਵਿਰਾਗੇ ਜੋਗੀਆਂ ਬਾਰੇ ਮੈਨੂੰ ਮਿਰਜੇ ਜੋਗੀ ਦੱਸਿਆ ਤੇ ਨਾਗੇ ਜੋਗੀ ਸਲਾਮਤ ਨੂੰ ਵੀ ਮੈਂ ਓਹਦੇ ਰਾਹੀਂ ਮਿਲਿਆ। "ਨਾਗੇ ਕਿਹ ਨਾਂਗੇ?" ਮੈਂ ਸਲਾਮਤ ਨੂੰ ਪੁੱਛਿਆ, "ਨਾਗੇ ਨਾਗ ਤੋਂ..." ਨਾਗੇ ਨੂੰ ਨਾਂਗਾ ਹੋਂਦਿਆਂ ਵੀ ਵੇਖਿਆ? ਸਲਾਮਤ ਨੂੰ ਵਿੱਚ ਟੋਕ ਕੇ ਮਿਰਜਾ ਜੋਗੀ ਬੋਲਿਆ, ਜੀਹਨੇ ਏਹ ਗੱਲ ਸੁਣਾਈ ਕਿਹ ਨਾਗੇ ਜੋਗੀ ਮੁੱਦਤਾਂ ਲਹਾਵਰੇ ਜੋਗੀਆਂ ਦੇ ਗਵਾਂਢੀ ਰਹੇ, ਜੀਹਨਾਂ ਦੇ ਆਸੇ ਪਾਸੇ ਇਛਰੇ ਦੇ ਅਰਾਈਆਂ ਦੀਆਂ ਜ਼ਮੀਨਾਂ। ਖਾੜਕ, ਸੈਦਪੁਰ, ਭੇਕੇਵਾਲ ਤੇ ਪੱਖੀ ਠੱਠੀ ਦੇ ਵਿਚਕਾਰ ਜਿੱਥੇ ਮੇਹਰ ਤਾਜਦੀਨ ਬੜਾ ਸ਼ੂਮ, ਨਾਗੇ ਜੋਗੀ ਫੁਲਤਰੂ ਗਾਂ ਰੱਖੀ ਹੋਈ, ਓਹਨੇ ਜਦੋਂ ਪੱਠੇ ਮੰਗਣੇ, ਮੇਹਰ ਤਾਜਦੀਨ ਦੇਣੇ ਨਾ ਪਰ ਲਾਰਾ ਲਾ ਦੇਣਾ। ਫੁਲਤਰੂ, ਹਮੇਸ਼ ਪੱਠਿਆਂ ਵਾਲੀ ਚਾਦਰ ਚੁੱਕੀ ਹੋਣੀ। ਇਕ ਵਾਰੀ ਓਹਦੇ ਹੱਥ ਵਿੱਚ ਚਾਦਰ ਕੋਈ ਨਾ, ਓਦਨ ਰੇੜੀ ਉੱਤੇ ਪੱਠੇ ਲਦਵਾਂਦਿਆਂ ਮੇਹਰ ਤਾਜਦੀਨ ਬੜਾ ਸਖੀ ਹੋ ਕੇ "ਅੱਜ ਮੈਂ ਤੈਨੂੰ ਪੱਠੇ ਦੇਣੇ ਸਨ ਪਰ ਤੇਰੇ ਕੋਲ ਚਾਦਰ ਕੋਈ ਨਾ!" ਫੁਲਤਰੂ ਤੁਰਤ ਲੱਕੋਂ ਧੋਤੀ ਲਾਹੀ, ਜੀਹਨੂੰ ਸਰੇਆਮ ਸਭ ਦੇ ਸਾਹਮਣੇ ਨੰਗਾ ਹੋ ਕੇ ਭੋਏਂ ਉੱਤੇ ਵਛਾਂਦਿਆਂ ਮੇਹਰ ਤਾਜਦੀਨ ਨੂੰ ਪਿੜ ਵਿੱਚ ਲਲਕਾਰਨ ਲੱਗ ਪਿਆ।

## ਵਰਾਗੀ ਜੋਗੀ

ਜੋਗੀ ਉੱਤਰ ਪਹਾੜੋਂ ਆਇਆ / ਚਰਖੇ ਦੀ ਕੂਕ ਸੁਣ ਕੇ

ਚਰਖਾ ਕਦੋਂ ਤੇ ਕਿਓਂ ਕੂਕੇ। ਜਦੋਂ ਕੱਤਣੀ ਦੀ ਬਜਾਏ ਚਰਖਾ ਪੁੱਠਾ ਗਿੜਦਾ..... ਏਹ ਪੰਜਾਬ ਦੀ ਜਿਸ ਜੂਹ ਵਿੱਚ ਰੀਤ ਰਹੀ, ਓਹ ਅਜੋਕੇ ਜੰਮੂ, ਗੁਰਦਾਸਪੁਰ, ਸਿਆਲਕੋਟ, ਗੁਜਰਾਂਵਾਲਾ ਤੇ ਗੁਜਰਾਤ ਜ਼ਿਲ੍ਹੇ। ਪਰਦੇਸ ਗਿਆ ਕੌਂਤ ਜਦੋਂ ਪਰਤੇ ਨਾ, ਓਹਦੀ ਉਡੀਕ ਮੁੱਕਣ ਤੇ ਆਸ ਟੁੱਟਣ ਲੱਗ ਪਵੇ, ਓਦੋਂ ਚਰਖੇ ਦੀ ਕੂਕ ਸੁਣ ਕੇ ਵਰਾਗੀ ਜੋਗੀ ਪਹਾੜੋਂ ਉੱਤਰਦੇ, ਜੇਹੜੇ ਬਿਰਹਣ ਦੇ ਦਲਾਸੇ ਲਈ ਬਿਰਹਾ ਗਾਂਦੇ...

ਏਹ ਵਰਾਗੀ ਜੋਗੀ ਕੌਣ?

ਨਾਥ ਜੋਗੀਆਂ ਦੀ ਓਹ ਟੋਲੀ ਜੇਹੜੀ ਮਾਧੋ ਦਾਸ ਹੋ ਗਈ, ਓਹ ਵਰਾਗੀ ਜੋਗੀ ਜੀਹਨਾਂ ਨੂੰ ਬੈਰਾਗੀ ਵੀ ਕਹਿੰਦੇ। ਦੱਸਦੇ ਕਿਹ ਮਲਾਮਤੀ ਸੂਫ਼ੀ ਤੇ ਸ਼ਾਇਰ ਹੁਸੈਨ ਦੀ ਮੌਤ ਮਗਰੋਂ ਓਹਦਾ ਆਸ਼ਕ਼ ਤੇ ਮਅਸ਼ੂਕ਼, ਮਾਧੋ ਨਾਥ ਜੋਗੀਆਂ ਵਿੱਚ ਰਲ ਗਿਆ, ਜੀਹਨਾਂ ਚੋਂ ਕਈ ਓਹਦੇ ਦਾਸ ਹੋ ਗਏ। ਵਰਾਗੀ ਜੋਗੀਆਂ ਦੀਆਂ ਅੱਗੇ ਜਾ ਕੇ ਦੋ ਢਾਣੀਆਂ : ਵਸਾਵੇ ਤੇ ਮੀਤਰ। ਵਸਾਵੇ ਘਰ ਵਸਾਂਦੇ ਤੇ ਮੀਤਰ ਵੈਰੀਆਂ ਨੂੰ ਮਿੱਤਰ ਬਨਾਵਨ। ਵਰਾਗੀ ਜੋਗੀ ਨੂੰ ਸੂਹ ਲੱਗ ਜਾਵੇ, ਜਦੋਂ ਓਹਦੀ ਜੂਹ ਵਿੱਚ ਕੋਈ ਘਰ ਅਪਨੇ ਜੀਆਂ ਹੱਥੋਂ ਉੱਜੜੇ, ਜੇਹੜੇ ਵਸਾਵੇ ਜੋਗੀ ਦਾ ਆਦਰ ਕਰਦੇ, ਓਹਦਾ ਆਖਿਆ ਕੀਵੇਂ ਟਾਲਣ। ਸ਼ਰੀਕਾ ਬਰਾਦਰੀ ਤੇ ਧੜੇਬੰਦ ਮੱਲਮਾਰੀ ਸੀਰ ਸੰਗਤ ਤੇ ਸਾਂਝ ਦੀ ਥਾਂ ਵਖਰਿਪ, ਵੰਡ ਤੇ ਵੈਰ ਨੂੰ ਵਧਾਏ। ਮੀਤਰ ਜੋਗੀ ਦੁਸ਼ਮਣ ਧਿਰਾਂ ਦੀ ਮੈਂ ਮਾਰਦੇ, ਮੇਰੀ ਤੇਰੀ ਦੀ ਲੜਾਈ ਮੁੱਕ ਜਾਵੇ। ਮੀਤਰ (ਸੁਲਾਹ ਕਰਵਾਉਣ ਵਾਲੇ) ਜੋਗੀਆਂ ਦੀਆਂ ਵਸਾਈਆਂ ਵਸਤੀਆਂ ਓਹਨਾਂ ਦੇ ਨਾਵੇਂ ਲੱਗੀਆਂ। ਘੱਗਾ ਮੀਤਰ, ਮੀਤਰਾਂਵਾਲੀ।

ਬੰਦਾ ਬੈਰਾਗੀ ਵੀ ਮਾਧੋ ਦਾਸ ਜੋਗੀ ਜੀਹਦਾ ਅਸਲ ਨਾਂ ਲਛਮਣ ਦੇਵ। ਜੰਮੂ ਵਿੱਚ ਕਦੀ ਵਰਾਗੀ ਜੋਗੀਆਂ ਦੀ ਵੱਡੀ ਵਸੋਂ ਰਹੀ, ਜਿੱਥੇ ਬੰਦਾ ਬੈਰਾਗੀ ਜੰਮਿਆ ਪਲਿਆ। ਜੋਗੀ ਦੱਸਦੇ ਬੰਦਾ ਬੈਰਾਗੀ ਕਦੀ ਸਿੱਖ ਨਹੀਂ ਹੋਇਆ, ਸਗੋਂ ਗੁਰੂ ਗੋਬਿੰਦ ਸਿੰਘ ਓਹਦੀ ਲੂਹ ਲਈ। ਬੰਦਾ ਬੈਰਾਗੀ ਤੇ ਗੁਰੂ ਗੋਬਿੰਦ ਸਿੰਘ ਦਾ ਪੁਰਾਣਾ ਸਾਂਗਾ ਵੀ, ਜੇਹੜਾ ਦੋਵੇਂ ਸੋਢੀ ਖੱਤਰੀ।

ਮੁਗ਼ਲਾਂ ਨਾਲ ਲੜਦਿਆਂ ਤੇ ਜੰਗਾਂ ਜਿੱਤਦਿਆਂ ਬੰਦਾ ਬੈਰਾਗੀ ਰਾਜਾ ਬਣ ਗਿਆ, ਜੀਹਦੀ ਰਾਜਧਾਨੀ ਮੁਖ਼ਲਸ ਗੜ੍ਹ, ਜੀਹਨੂੰ ਓਹਨੇ ਲੋਹਗੜ੍ਹ ਧੁਮਾ ਦਿੱਤਾ। ਲੋਹ ਜੋਗੀਆਂ ਦਾ ਇਕ ਵਡੱਕਾ ਹੋਇਆ, ਜੀਹਦੇ ਨਾਂ ਤੇ ਲਹੌਰ ਵੱਸਿਆ। ਜੋਗੀ ਸਾਂਝ ਦੇ ਪਰਚਾਰਕ, ਮੱਲਮਾਰੀ ਦੇ ਖ਼ਿਲਾਫ਼, ਬੰਦੀ ਬੈਰਾਗੀ ਦਾ ਪਹਿਲਾ ਹੁਕਮਨਾਮਾ ਜ਼ਮੀਨਦਾਰੀ ਦਾ ਖ਼ਾਤਮਾ।

ਜਦੋਂ ਅੰਗਰੇਜ਼ ਕ਼ਬਜ਼ੇ ਮਗਰੋਂ ਪੰਜਾਬ ਵਿੱਚ ਕ੍ਰਿਸਚਨ ਮਿਸ਼ਨ ਆਇਆ, ਓਹਨੇ ਵਰਾਗੀ ਜੋਗੀਆਂ ਦੇ ਟੱਪੇ ਨੂੰ ਜੜੋਂ ਹੱਥ ਪਾਇਆ।

## ਕਲੰਧਰ ਤੇ ਕਲੰਦਰ

ਰਿੱਛ ਦਾ ਤਮਾਸ਼ਾ ਵਖਾਵਨ ਵਾਲੇ ਪੱਖੀਵਾਸ ਮਦਾਰੀ ਕ਼ਲੰਦਰ ਅਖਵਾਂਦੇ। ਪਰ ਏਹ ਕ਼ਲੰਦਰ ਅਸਲ ਵਿੱਚ ਕਲੰਧਰ। ਕਲਨ ਰਿੱਛ ਦੀ ਸੁਕਾਈ ਸਾਂਭੀ ਖਲ ਨੂੰ ਕਹਿੰਦੇ, ਜੀਹਨੂੰ ਪਾ ਕੇ ਗਗੜੇ ਅੰਨ੍ਹੇਰੀਆਂ ਰਾਤਾਂ ਵਿੱਚ ਬਲਾਅ ਬਣ ਜਾਂਦੇ ਤੇ ਵਸੇਬ ਦੇ ਜ਼ਾਲਮਾਂ ਨੂੰ ਤਰਾਹੀ ਰੱਖਦੇ। ਕਲਨ ਧਾਰ ਕ਼ਲੰਧਰ ਬਣ ਗਿਆ।

ਜੇਹੜੇ ਐਵਾਨ ਰਿੱਛ ਨਚਾ ਕੇ ਮੰਗਦੇ ਓਹ ਕ਼ਲੰਦਰ। ਫ਼ਕ਼ੀਰ ਏਹ ਵੀ ਦੱਸਦੇ ਕਿਹ ਵਲਾਯਤ ਵਿੱਚ ਜੀਵੇਂ ਗ਼ੌਸ, ਕੁਤਬ, ਅਬਦਾਲ, ਇੰਜ ਈ ਕ਼ਲੰਦਰ ਵੀ ਇਕ ਰੁਤਬਾ। ਅਖੇ ਦੁਨੀਆ ਵਿੱਚ ਢਾਈ ਕ਼ਲੰਦਰ ਹੋਏ। ਇਕ ਲਾਲ ਸ਼ਹਬਾਜ਼ ਕ਼ਲੰਦਰ, ਦੂਜਾ ਬੂ ਅਲੀ ਕ਼ਲੰਦਰ ਤੇ ਰਾਬੀਆ ਬਸਰੀ ਅੱਧਾ ਕ਼ਲੰਦਰ। ਜੀਹਦਾ ਮਾਪਿਆਂ ਨਾਂ ਈ ਕੋਈ ਨਾ ਰੱਖਿਆ, ਜੇਹੜੇ ਰੱਬ ਕੋਲੋਂ ਪੁੱਤਰ ਮੰਗਦੇ ਮੰਗਦੇ ਚੌਥੀ ਧੀ ਜੰਮ ਬੈਠੇ। ਰਾਬੀਆ ਅਰਬੀ ਵਿੱਚ

ਚੌਥੀ ਨੂੰ ਕਹਿੰਦੇ, ਜੀਹਨੇ ਸਾਰੀ ਹਯਾਤੀ ਵਿਆਹ ਨਾ ਕੀਤਾ। ਇਕ ਹੋਰ ਵਲੀ ਖ਼ਵਾਜਾ ਹਸਨ ਬਸਰੀ ਓਹਦਾ ਹੱਥ ਮੰਗਿਆ, ਪਰ ਓਹ ਇਨਕਾਰੀ। ਜੀਹਨਾਂ ਆਹਮੋ ਸਾਹਮਣੇ ਬੈਠੇ ਰਾਤ ਗੁਜ਼ਾਰੀ , ਸਵੇਰੇ ਖ਼ਵਾਜਾ ਬਸਰੀ ਕੀਹ ਦੱਸਿਆ, "ਸਾਰੀ ਰਾਤ ਮੈਂ ਮੁਫ਼ਲਸ ਰਹਿਆ ਪਰ ਰਾਬੀਆ ਮੁਖ਼ਲਿਸ ਨਿਕਲੀ!" ਫ਼ਨਾ ਫ਼ੀ ਅੱਲਾਹ ਰਾਬੀਆ ਬਸਰੀ ਵੇਖੇ ਕਿਹ ਲੋਕ ਜੰਨਤ ਦੇ ਲਾਲਚ ਵਿੱਚ ਦੋਜ਼ਖ਼ ਤੋਂ ਡਰਦਿਆਂ ਅੱਲਾਹ ਨੂੰ ਯਾਦ ਕਰਦੇ, ਜੀਹਨਾਂ ਇਕ ਦਿਨ ਰਾਬੀਆ ਨੂੰ ਦੌੜਦਿਆਂ ਵੇਖਿਆ, ਜੀਹਦੇ ਇਕ ਹੱਥ ਵਿੱਚ ਅੱਗ ਤੇ ਦੂਜੇ ਵਿੱਚ ਪਾਣੀ। ਲੋਕਾਂ ਪੁੱਛਿਆ ਏਹ ਕੀਹ ਕੰਮ ਤੇ ਓਹ ਕਿੱਥੇ ਜਾ ਰਹੀ। ਬੋਲੀ ਮੈਂ ਅੱਗ ਨਾਲ ਜੰਨਤ ਨੂੰ ਸਾੜਣ ਤੇ ਪਾਣੀ ਨਾਲ ਦੋਜ਼ਖ਼ ਨੂੰ ਬੁਝਾਵਣ ਚੱਲੀ ਤਾਂ ਜੇ ਏਹ ਦੋਵੇਂ ਓਹਲੇ ਨਾ ਰਹਿਣ।

## ਓਡ ਉਡਾਰੀ

"ਅਸਾਂ ਨੂੰ ਮੁਲਸਮਾਨ ਹੋਇਆਂ ਕੋਈ ਦੋ ਸੌ ਸਾਲ ਹੋਏ ਪਰ ਅਸੀਂ ਮੁੱਢ ਕਦੀਮ ਤੋਂ ਅੱਲਾਹ ਰਸੂਲ ਦੇ ਮੰਨਣਹਾਰ!"

ਇੱਟਾਂ ਢੋਂਹਦੇ ਓਡ ਇਸਮਾਇਲ ਏਹ ਕੀਹ ਗੱਲ ਕੀਤੀ, ਮੈਂ ਸੋਚੇ ਪੈ ਗਿਆ। ਅਪਰੈਲ 1999 ਈ. ਜ਼ੋਹਰ ਟਾਊਨ, ਲਹੌਰ, ਬਲਾਕ ਜੀ 3 ਵਿੱਚ ਮੇਰੇ ਘਰ ਦੀ ਉਸਾਰੀ । ਇੱਟਾਂ ਢੋਵਣ ਵਾਲੇ ਸਾਰੇ ਓਡ: ਇਸਮਾਇਲ ਸੁਲੇਮਾਨ, ਮੂਸਾ, ਯੂਸਫ਼ ਤੇ ਬਿਨਯਾਮੀਨ। ਇਸਮਾਇਲ ਤੇ ਬਿਨਯਾਮਿਨ, ਦਾਦਾ ਪੋਤਰਾ। ਸੁਲੇਮਾਨ ਇਕ ਲੱਤ ਤੋਂ ਜਮਾਦਰੂ ਲੰਗੜਾ, ਜੀਹਨੂੰ ਮਜ਼ਦੂਰੀ ਕਰਦੇ ਨੂੰ ਵਖਾਂਦਿਆਂ ਇਸਮਾਇਲ ਹਿੱਕ ਤੇ ਹੱਥ ਮਾਰਨਾ, " ਓਡ ਕਰਕੇ ਖਾਵੇ, ਕਦੀ ਕੋਈ ਮਾਂਗਤ ਨਾ ਹੋਇਆ!"

ਓਡ ਅਪਨੀ ਮਾਂ ਦੀ ਇੱਜ਼ਤ ਇੰਜ ਕਰਦੇ ਜੀਓਂ ਓਹਦੇ ਪੁਜਾਰੀ। ਓਹਨਾਂ ਦੀ ਝੁੱਗੀ ਵਿੱਚ ਇਕ ਈ ਮੰਜੀ ਹੋਂਦੀ, ਬਹੁਤ ਪੁਰਾਣੀ, ਕਈ ਪੀੜ੍ਹੀਆਂ ਹੰਢਾਈ ਹੋਵੇ, ਜੀਹਦੇ ਮੋਟੇ ਪਾਵਿਆਂ ਉੱਤੇ ਨਵੇਕਲੀ ਕੰਦੂਕਾਰੀ। ਏਹ ਪਾਵੇ ਹੁਣ ਕਿਧਰੇ ਨਾ ਬਨਣ। ਮੰਜੀ ਉੱਤੇ ਕੋਈ ਸੌਂਦਾ ਬਹਿੰਦਾ ਨਾ ਸਮਾਨ ਜੋੜਿਆ ਹੋਵੇ। ਏਹ ਸਭ ਕੁੱਝ ਮੈਂ ਅਪਨੀ ਅੱਖੀਂ ਰਾਏਵਿੰਡ ਰੋਡ ਉੱਤੇ ਓਹਨਾਂ ਦੀਆਂ ਪੱਖੀਆਂ ਵਿੱਚ ਵੇਖਿਆ।

ਓਡ ਅਗਨੀ ਵੰਸ਼ੀ ਜੇਹੜੇ ਮੇਵਾਤ ਦੇ ਪੁਰਾਣੇ ਵਸਨੀਕ, ਮੁੱਦਤਾਂ ਤੋਂ ਪੱਖੀਵਾਸ, ਜਿਸ ਮੌਲਵੀ ਮੁਸਲਮਾਨ ਕੀਤਾ, ਓਹਦਾ ਨਾਂ ਅਬਦੁੱਲ ਜੱਬਾਰ ਖ਼ਾਨ ਮੇਓ ਦੱਸਦੇ, ਜੀਹਦਾ ਇਕ ਨਾਂ ਚੰਦਰ ਸਿੰਘ। ਮੇਓ 1947 ਈ. ਤਾਈਂ ਦੋਵੇਂ ਨਾਂ ਰੱਖਦੇ ਰਹੇ, ਇਕ ਅਸਲੀ ਤੇ ਦੂਜੇ ਨੂੰ ਇਸਲਾਮੀ ਆਖਣ। ਓਡ, ਮੇਓ ਬਰਾਦਰੀ ਨੂੰ ਰਾਂਗੜ ਰਾਜਪੂਤ ਤੇ ਅਪਨੇ ਆਪ ਨੂੰ ਅਸਲੀ ਰਾਜਪੂਤ ਮਿੱਥਣ।

ਓਡ ਪੀਰਾਂ ਫ਼ਕ਼ੀਰਾਂ ਤੋਂ ਮੁਨਕਰ। ਮੁਸਲਮਾਨ ਹੋਵਣ ਤੋਂ ਪਹਿਲਾਂ ਕੇਹੜੇ ਪੈਗ਼ੰਬਰ ਨੂੰ ਮੰਨਣ, ਜੀਹਦਾ ਨਾਂ ਕਾਹਾਨ (ਕ੍ਹਾਨ)।

ਮੈਂ ਏਹ ਗੱਲ ਸੀਨੀਅਰ ਜਰਨਲਿਸਟ ਆਜ਼ਾਦ ਕੌਸਰੀ ਸਾਹਬ ਨੂੰ ਦੱਸੀ, ਜੀਹਨਾਂ ਨਾਲ ਮੇਰੀ ਸਲਾਮ ਦੁਆ। ਓਹਨਾਂ ਅੱਗੋਂ ਮੈਨੂੰ ਪੁੱਛਿਆ, " ਓਡਾਂ ਦੇ ਨਾਂ ਅਕਸਰ ਇਬਰਾਨੀ ਕਿਓਂ ਹੋਦੇ?"

ਅਗਲੇ ਦਿਨ ਆਜ਼ਾਦ ਕੌਸਰੀ ਸਾਹਬ , "ਪਾਕਿਸਤਾਨ ਟਾਇਮਜ਼" ਰਾਹੀਂ ਅੱਸੀ ਦੇ ਦਹਾਕੇ ਵਿੱਚ ਹੋਈ ਬਹਿਸ ਵਖਾਈ ਜੀਹਦੇ ਵਿੱਚ ਏਹ ਹਦੀਸ, " ਕਾਨ ਫ਼ਿਲ ਹਿੰਦ ਨਬੀ ਇਸਮੋ ਹੂ ਕਾਹਾਨ"। ਅਖ਼ਬਾਰ ਵਿੱਚ ਏਹ ਵੀ ਲਿਖਿਆ ਕਿਹ ਇਬਰਾਨੀ ਕਾਹਾਨ ਸੰਸਕ੍ਰਿਤ ਵਿੱਚ ਕ੍ਰਿਸ਼ਨ ਹੋ ਜਾਏ। ਓਡ ਉਡਾਰੀ ਹੋਰ ਖੋਜ ਮੰਗਦੀ।

## ਜੀ ਆਇਆਂ ਨੂੰ ਤੇ ਦੂਰ ਦੂਰ

ਕਦੀ ਪਰੌਹਣੇ ਤੋਂ ਅਗਦੋਂ ਘਰ ਵਾਲੇ ਬੋਲਦੇ, " ਜੀ ਆਇਆਂ ਨੂੰ!" ਤੇ ਪਰੌਹਣੇ ਵਲਦੇ ਵਿੱਚ ਦੁਆ ਦੇਣੀ, "ਖ਼ੈਰ ਹੋਵੇ!" ਭਲਾ ਹੋਵੇ!"

ਪਾਕਿਸਤਾਨ ਬਨਣ ਮਗਰੋਂ ਪੰਜਾਬੀ ਬਾਲਾਂ ਸਕੂਲੋਂ ਸਿੱਖਿਆ,"ਅਸਲਾਮ ਅਲੇਕਮ!" ਤੇ "ਵਆਲੇਕਮ... ਅਸਲਾਮ!" ਜੀਹਨਾਂ ਨੂੰ ਸਕੂਲਾਂ ਵਿੱਚ ਪੜ੍ਹਾਇਆ ਜਾਏ ਕਿਹ ਮੁਗ਼ਲਾਂ ਦੇ ਜ਼ਵਾਲ ਤੇ ਸ਼ਾਹ ਵਲੀ ਉੱਲਾ, ਅਫ਼ਗ਼ਾਨ ਬਾਦਸ਼ਾਹ ਅਹਿਮਦ ਸ਼ਾਹ ਦੁਰਾਨੀ ਨੂੰ ਹਿੰਦੋਸਤਾਨ ਉੱਤੇ ਹਮਲਾ ਕਰਨ ਲਈ ਖ਼ਤ ਲਿਖਿਆ।

ਅਹਿਮਦ ਸ਼ਾਹ ਦੁਰਾਨੀ ਹਿੰਦੋਸਤਾਨ ਤੇ ਸੱਤ ਹਮਲੇ ਕੀਤੇ , ਹਰ ਹਮਲੇ ਵਿੱਚ ਓਹ ਪੰਜਾਬ ਨੂੰ ਲੁੱਟਦਾ ਲੰਘਿਆ। ਸ਼ਾਹੀ ਮਸੀਤਾਂ ਅੰਦਰ ਓਹਦੇ ਨਾਂ ਦਾ ਖ਼ੁਤਬਾ ਪੜ੍ਹਿਆ ਗਿਆ, ਜੀਹਦੇ ਵਿੱਚ ਓਹ ਸੁਲਤਾਨ-ਉਲ-ਆਦਲ। ਪਰ ਲੋਕ ਤੇ ਕੁੱਝ ਹੋਰ ਦੱਸਦੇ :

ਖਾਦਾ ਪੀਤਾ ਲਾਹੇ ਦਾ
ਬਾਕੀ ਅਹਿਮਦ ਸ਼ਾਹੇ ਦਾ

ਓਹ ਪਾਦਸ਼ਾਹ ਗ਼ਾਜ਼ੀ ਦੁੱਰੇ ਦੁੱਰਾਂ ਅਖਵਾਇਆ, ਜੀਹਦੇ ਤੋਂ ਪੰਜਾਬੀਆਂ ਧਗਾਨੇ ਚੜ੍ਹੇ ਆਓਂਦੇ , ਬੰਦਾ ਭਾਵੇਂ ਕੁੱਤਾ, ਨੂੰ ਦੁਰ ਦੁਰ ਕਹਿਣਾ ਸ਼ੁਰੂ ਕੀਤਾ।

ਸੱਜਣ ਦੀ ਸਿੱਕ ਤੇ ਹਰਦਮ ਰਹਿੰਦੀ, ਜੀਹਦੀ ਆਂਵਦ ਤੇ ਵਧਾਈ ਦੇਂਦੇ ਪਰ ਧਾੜਵੀ ਨੂੰ ਕੋਈ ਉਡੀਕਦਾ ਨਹੀਂ। ਦਿੱਲੀ ਦਰਬਾਰ ਜੀਹਦੀ ਧਰਤੀ ਨਾਲ ਕੋਈ ਜੁੜਤ ਨਾ ਜਿੱਥੇ ਦਾ ਸ਼ਾਹ ਵਾਲੀ ਅੱਲਾਹ ਹੋਰਵੀਂ ਸੋਚੇ, ਕ਼ਸੂਰ ਵਿੱਚ ਬੁੱਲ੍ਹੇ ਸ਼ਾਹ ਕੀਹ ਕਹਿੰਦਾ:

ਦਰ ਖੁੱਲਾ ਹਸ਼ਰ ਅਜ਼ਾਬ ਦਾ
ਮੰਦਾ ਹਾਲ ਹੋਇਆ ਪੰਜਾਬ ਦਾ
ਵਿੱਚ ਹਾਵੀਏ ਦੋਜ਼ਖ਼ ਸਾੜਿਆ
ਕਦੀ ਆ ਮਿਲ ਯਾਰ ਪਿਆਰਿਆ

## ਪੰਜਾਬ ਵਿਚ ਪੱਗ

ਪੰਜਾਬ ਵਿੱਚ ਜੀਵੇਂ ਘੁੰਡ ਤੇ ਘੱਗਰਾ ਰਾਜਪੂਤਾਨੇ ਚੋਂ ਦੋਆਬੇ ਆਇਆ, ਇੰਜ ਈ ਪੱਗ ਵੀ ਬਾਹਰੋਂ ਆਈ ਲੱਗੇ।

ਹੜੱਪੇ ਚੋਂ ਮਿਲੀਆਂ ਮੂਰਤੀਆਂ ਵਿੱਚ ਦਰਾਵੜ ਨੰਗੇ ਸਿਰ, ਜਿੱਥੇ ਆਰੀਆਈ ਧਾੜਵੀ ਮੁਕਟ ਫਬਾ ਕੇ ਆਏ। ਮੈਨੂੰ ਜਾਪਦਾ ਪੱਗ ਪੰਜਾਬ ਵਿੱਚ ਤੁਰਕ ਲਿਆਏ ਹੋਣੇ। ਜੀਵੇਂ ਪੰਜਾਬੀਆਂ ਵਿੱਚ ਵੱਡੀ ਤੇ ਉੱਚੀ ਪੱਗ ਇੱਜ਼ਤ ਤੇ ਮਾਣ ਦਾ ਨਿਸ਼ਾਨ ਬਣੀ, ਏਹ ਤੁਰਕ ਸੁਲਤਾਨਾਂ ਵਿੱਚ ਵੀ ਇੰਜ। ਅਰਬੀ, ਈਰਾਨੀ ਤੇ ਅਫ਼ਗ਼ਾਨੀ ਪੱਗ ਦੀ ਅਪਨੀ ਅਪਨੀ ਤਵਾਰੀਖ਼।

ਕੁੱਲੇ ਉੱਤੇ ਸ਼ਮਲੇ ਵਾਲੀ ਪੱਗ ਅੰਗਰੇਜ਼ ਰਾਜ ਦੀ ਨਿਸ਼ਾਨੀ ਦੱਸਦੇ, ਜਦੋਂ ਮੁਸਲਮਾਨ ਜਾਗੀਰਦਾਰ ਸਿਆਸਤ ਵਿੱਚ ਆਏ। ਚੀਫ਼ਸ ਕਾਲਜ ਲਹੌਰ ਦੇ ਯੂਨੀਫ਼ਾਰਮ ਵਿੱਚ ਏਹ ਪੱਗ ਰੱਖੀ ਗਈ, ਕਹਿੰਦੇ ਪੰਜਾਬ ਦੇ ਜੇਹੜੇ ਜਾਗੀਰਦਾਰ ਪਹਿਲੀ ਵਾਰ ਏਹ ਪੱਗ ਬੰਨ੍ਹੀ ਓਹ ਮਲਕ ਉਮਰ ਹਯਾਤ ਟਵਾਨਾ। ਏਹ ਪੱਗ ਵੱਡੇ ਮੌਲਵੀਆਂ ਤੇ ਪੀਰਾਂ ਵੀ ਫਬਾਈ। ਅਹਿਮਦੀ ਖ਼ਲੀਫ਼ਾ ਵੀ ਏਹ ਪੱਗ ਬੰਨ੍ਹੇ।

ਝੰਗ ਦੇ ਸਿਆਲਾਂ, ਪਧਰਾੜ ਦੇ ਐਵਾਨਾਂ, ਪੋਠੋਹਾਰ ਦੇ ਰਾਜਿਆਂ ਦੀਆਂ ਵੱਡੀਆਂ ਬਿਨ ਕੁੱਲੇ, ਕਲਫ਼ ਲੱਗੀਆਂ ਪੱਗਾਂ ਮਸ਼ਹੂਰ ਰਹੀਆਂ। ਜਾਂਜੀ ਤੇ ਮੇਲੂ ਪੱਗਾਂ ਰੰਗਾ ਕੇ ਕਲਫ਼ ਲਵਾਂਦੇ, ਸਹਿਜੇ ਸਹਿਜੇ ਪੱਗਾਂ ਰੰਗਾਵਨ ਦਾ ਰਵਾਜ ਘੱਟ ਗਿਆ। ਪਰ ਸਿੱਖ ਪੱਗਾਂ ਰੰਗਾਂਦੇ ਰਹੇ।

ਹਿੰਦੂ ਬ੍ਰਾਹਮਣ ਤੇ ਸ਼ਾਹੂਕਾਰ ਖੱਤਰੀ ਕੱਪੜੇ ਦੀ ਟੋਪੀ ਪਾਂਦੇ ਪਰ ਵਾਹੀਵਾਨ ਤੇ ਜ਼ਮੀਨਦਾਰ ਹਿੰਦੂ ਪੱਗ ਬੰਨ੍ਹਦੇ, ਕਲਫ ਲਵਾਂਦੇ ਨਾ ਕੁੱਲਾ ਪਾਵਨ। ਸਿੱਖਾਂ ਦੀ ਧਰਮੀ ਪੱਗ ਹੋਰਵੀਂ ਪਰ ਕੰਮਕਾਰ ਵੇਲੇ ਹਿੰਦੂ, ਮੁਸਲਮਾਨ, ਸਿੱਖ ਸਾਰੇ ਇਕੋ ਜੇਹੀ ਪਗੜੀ (ਪਰਨਾ) ਬੰਨ੍ਹਦੇ।

ਆਟੇ ਦੀ ਕਲਫ਼ ਮਗਰੋਂ ਆਈ, ਪਹਿਲਾਂ ਚਾਵਲਾਂ ਦੀ ਪਿੱਛ ਨਾਲ ਮਲਮਲ ਦੀਆਂ ਪੱਗਾਂ ਅਕੜਾਂਦੇ। ਢਾਕੇ ਦੀ ਮਲਮਲ ਬਾਰੇ ਦੱਸਦੇ ਕਿਹ ਪੂਰੀ ਪੱਗ ਇਕ ਉਂਗਲੀ ਦਵਾਲੇ ਵਲ੍ਹੇਟੀ ਜਾਵੇ। ਬਾਰ੍ਹਾਂ ਗਜ਼ਾਂ ਤੋਂ ਲੈ ਕੇ ਪੰਜੀ ਗ਼ਜ਼ਾਂ ਤਾਈਂ ਲੰਮੀ ਪੱਗ, ਜੀਹਦੇ ਸਿਰਿਆਂ ਵਿੱਚ ਨੀਲੇ ਡੋਰੇ ਤੇ ਰੇਸ਼ਮੀ ਸੁਨਹਿਰੀ ਤੰਦਾਂ ਹੋਵਨ।

ਪੱਗ ਇੱਜ਼ਤ ਦੀ ਨਿਸ਼ਾਨੀ ਤੇ ਇੱਜ਼ਤਦਾਰ ਕੌਣ, ਜ਼ਮੀਨਦਾਰ, ਜਿੱਥੇ:

ਸਿਰ ਵੱਡੇ ਸਰਦਾਰਾਂ ਦੇ / ਪੈਰ ਲੰਮੇ ਗੰਵਾਰਾਂ ਦੇ

## ਖੂਹ

ਖੂਹ ਪਾਣੀ ਵਾਲਾ ਵੀ ਤੇ ਖੂਹ ਵਾਹੀਵਾਨ ਦਾ ਡੇਰਾ ਵੀ। ਜੀਹਦੇ ਵਿੱਚ ਰੁੱਖਾਂ ਦੀ ਛਾਵੇਂ ਖੂਹ ਦੇ ਲਾਗੇ ਡੰਗਰਾਂ ਦੀ ਬਹਿਕ ਹੋਵੇ। ਨੇੜੇ ਈ ਗੋਹੇ ਦੀ ਢੇਰੀ ਜੀਹਨੂੰ ਮੱਲ੍ਹੜ ਆਖਣ। ਬਾਰ ਵਿੱਚ ਮੱਲ੍ਹੜ ਨੂੰ ਆਹਲ, ਬਹਿਕ ਨੂੰ ਬਾਹਨ ਤੇ ਡੇਰੇ (ਖੂਹ) ਨੂੰ ਆਹਲੀ ਕਹਿੰਦੇ। ਵਗਦੇ ਖੂਹ ਦਵਾਲੇ ਵਾਹੀ ਬੀਜੀ ਦਾ ਮੇਲਾ ਲੱਗੇ। ਖੂਹਾਂ ਦੇ ਨਾਂ ਕਿਸੇ ਬੰਦੇ ਯਾ ਬਰਾਦਰੀ ਨਾਲ ਜੁੜੇ ਹੋਂਦੇ।

ਪੰਜਾਬ ਦੇ ਪੁਰਾਣੇ ਖੂਹ ਖੋਹਵਾਂ ਅਖਵਾਂਦੇ ਸਨ, ਚਾਹ ਚਰਖੀਦਾਰ ਮਗਰੋਂ ਆਏ, ਸੁਲਤਾਨਾਂ ਦੀ ਹਾਕਮੀ ਵਿੱਚ, ਜੀਹਦੇ ਤੋਂ ਏਹਦੇ ਨਾਲ ਪੀਚਦੀ ਜ਼ਮੀਨ ਚਾਹੀ ਹੋਈ।

ਖੂਹੀ ਤੋਂ ਪਾਣੀ ਭਰਨਾ ਕੁੜੀਆਂ ਲਈ ਖੇਡਣ ਵਰਗਾ ਆਹਰ। ਖੂਹੀ ਖੂਹ ਤੋਂ ਨਿੱਕੀ ਹੋਂਦੀ, ਜੀਹਦੇ ਚੋਂ ਬੋਕੇ ਨਾਲ ਕੁੜੀਆਂ ਪਾਣੀ ਦੇ ਘੜੇ ਭਰਦੀਆਂ ਤੇ ਮਾਸ਼ਕੀ ਅਪਨੀ ਮਸ਼ਕ। ਖੂਹੀ ਹੱਥਾਂ ਨਾਲ ਗੇੜਨੀ ਪਵੇ। ਚਰਖੜੀ ਲੱਕੜੀ ਦੀ ਹੋਵੇ, ਤੇ ਲੱਜ ਸਣ ਦਾ ਰੱਸਾ।

ਬਾਉਲੀ ਵਿੱਚ ਸਰਾਂ ਨਾਲ ਖੂਹ ਹੋਵੇ, ਜੀਹਦੇ ਵਿੱਚ ਪਾਣੀ ਤਾਈਂ ਢਲਾਨ ਰਾਹੀਂ ਬੰਦੇ ਤੇ ਡੰਗਰ ਹੇਠਾਂ ਲਹਿੰਦੇ।

## ਗਹਿਣੇ ਚੋਰੀ ਹੋਣਾ

ਵੇਖ ਕਣਕ ਦਾ ਰੰਗ ਸੁਨਹਿਰੀ
ਜੱਟੀ ਸੋਨੇ ਦਾ ਭਾਅ ਪੁੱਛਦੀ

ਰੱਜ ਪੁੱਜ ਦੀ ਨਿਸ਼ਾਨੀ ਟੂੰਬ ਟੱਲੀ। ਟੂੰਬ ਗਹਿਣਾ, ਟੱਲੀ ਮਾਲ ਡੰਗਰ। ਚਾਂਦੀ ਦੇ ਗਹਿਣੇ ਪੱਖੀਵਾਸ ਪਾਂਦੇ। ਬਾਰ ਵਿੱਚ ਕਵਾਰੀਆਂ ਛੋਏਰੀਂ, ਚਾਂਦੀ ਦੇ ਬੁੰਦੇ ਹੰਡਾਵਨ। ਅਸਲੀ ਸਿੱਕ ਸੋਨੇ ਦੀ, ਜੇਹੜਾ ਚੋਰੀ ਹੋਵਨ ਦਾ ਹੌਲ ਰਹਵੇ, ਤਾਹੀਓਂ ਲੁਕਾ ਲੁਕਾ ਰੱਖਦੇ।

ਧੀ ਪੇਕੇ ਆਵੇ ਤੇ ਮਾਂ ਦਾ ਪਹਿਲਾ ਧਿਆਨ ਓਹਦੇ ਕੰਨਾਂ ਵੱਲ ਜਾਵੇ, ਜੇਹੜੇ ਖੁਸ਼ਹਾਲੀ ਤੇ ਮੰਦਹਾਲੀ ਦੀ ਖ਼ਬਰ ਦੇਂਦੇ। ਜੇ ਅਗਲੇ ਗਹਿਣੇ, ਹਾਲ ਪਹਿਲੇ ਵਰਗਾ। ਜੇ ਨਵੇਂ ਗਹਿਣੇ, ਹਾਲ ਚੰਗਾ ਤੇ ਜੇ ਕੰਨ ਬੁੱਚੇ, ਮੰਦੇ ਦਿਨ। ਧੀ ਜੇ ਕੰਨ ਲੁਕਾਏ ਹੋਂਦੇ, ਮਾਂ ਆਪ ਈ ਸਮਝ ਜਾਏ।

ਕਈ ਵਾਰੀ ਸਾੜੇ ਤੋਂ ਵੀ ਗਹਿਣੇ ਚੋਰੀ ਹੋਂਦੇ, ਜੇਹੜੇ ਲੱਭਣ ਲਈ ਮਾਝੇ ਵਿੱਚ ਝੋਲੀਆਂ ਪਾਂਦੇ। ਪਿੰਡ ਦੇ ਹਰ ਘਰ ਚੋਂ ਕੋਈ ਇਕ ਧੀ ਸਵਾਹ ਦੀ ਝੋਲੀ ਲੈ ਕੇ ਆਵੇ ਤੇ ਚੋਰੀ ਵਾਲੇ ਘਰ ਦੀ ਨੁੱਕਰ ਵਿੱਚ ਓਥੇ ਸੁੱਟੇ ਜਿੱਥੇ ਅਗਦੋਂ ਈ ਸਵਾਹ ਦੀ ਢੇਰੀ ਲੱਗੀ ਹੋਵੇ। ਓਸ ਵੇਲੇ ਕੋਈ ਉੱਤੇ ਖਲੋ ਕੇ ਵੇਖ ਨਾ ਰਹਿਆ ਹੋਂਦਾ। ਜਦੋਂ ਸਾਰਾ ਪਿੰਡ ਭੁਗਤ ਜਾਏ, ਘਰ ਵਾਲੇ ਸਵਾਹ ਦੀ ਢੇਰੀ ਫਰੋਲਣ, ਅਕਸਰ ਗਹਿਣੇ ਲੱਭ ਜਾਂਦੇ।

ਬਾਰ ਵਿੱਚ ਜ਼ਮੀਨਦਾਰ ਵਿਆਹਵਾਂ ਉੱਤੇ ਚਾਲ ਤਹਿਤ ਕੰਮੀਆਂ ਨੂੰ ਵੇਲਾ ਸਾਰਨ ਲਈ ਗਹਿਣੇ ਦੇਂਦੇ, ਜੇਹੜੇ ਓਹ ਆਪ ਈ ਚੋਰੀ ਕਰਾਵਨ ਤੇ ਇੰਜ ਕੰਮੀ ਸਦਾ ਲਈ ਓਹਨਾਂ ਦੇ ਮੁਜਰਮ ਬਣ ਜਾਂਦੇ। ਨਾ ਗਹਿਣੇ ਭਰਨ ਜੋਗੇ, ਓਹਨਾਂ ਹੁਣ ਕਿੱਥੇ ਜਾਣਾ।

## ਮੌਲਵੀ ਗ਼ੁਲਾਮ ਰਸੂਲ ਨੂਰਪੁਰੀ

ਨੂਰ ਪੁਰ ਦਾ ਮੌਲਵੀ ਗ਼ੁਲਾਮ ਰਸੂਲ ਗੁਰਦਾਸਪੁਰ ਦੀ ਕਚਹਿਰੀ ਚੋਂ ਅੜਦਲੀ ਰਿਟਾਇਰ ਹੋਇਆ। ਮਜਿਸਟਰੇਟ ਦੀ ਅਦਾਲਤ ਬਾਹਰ ਸਾਈਆਂ ਨੂੰ ਵਾਜਾਂ ਮਾਰ ਮਾਰ ਚੰਗਾ ਬੁਲਾਰ ਬਣਿਆ ਤੇ ਮਸੀਤ ਦੇ ਮੰਮਬਰ ਤਾਈਂ ਅੱਪੜ ਗਿਆ। ਵਿਆਹ ਓਹਦਾ ਸਿਆਲਕੋਟ ਦੀ ਕਸ਼ਮੀਰਨ ਰੇਸ਼ਮ ਬੀਬੀ ਨਾਲ ਹੋਇਆ, ਜੀਹਦੇ ਮੰਗੇਤਰ ਹੱਥੋਂ ਓਹਦਾ ਆਸ਼ਕ਼ ਕ਼ਤਲ ਹੋ ਗਿਆ , ਜੀਹਨੂੰ ਕ਼ਤਲ ਦੇ ਜੁਰਮ ਵਿੱਚ ਸਜ਼ਾਏ ਮੌਤ ਹੋਈ। ਰੇਸ਼ਮ ਬੀਬੀ ਸਿਆਲਕੋਟ ਦੀ, ਮੌਲਵੀ ਗ਼ੁਲਾਮ ਰਸੂਲ ਜ਼ਿਲਅ ਗੁਰਦਾਸਪੁਰ ਦਾ ਏਹ ਜੋੜ ਕੀਵੇਂ ਜੁੜਿਆ...

ਮੌਲਵੀ ਇਲਮਦੀਨ, ਮੌਲਵੀ ਗ਼ੁਲਾਮ ਰਸੂਲ ਦਾ ਪਿਓ, ਸਿਆਲਕੋਟ ਅਪਨੀ ਭੈਣ ਨੂੰ ਮਿਲਣ ਗਿਆ, ਜਿੱਥੇ ਓਹ ਜੇਹੜੇ ਟਾਂਗੇ ਵਿੱਚ ਬੈਠਾ, ਓਹਦਾ ਕੋਚਵਾਨ ਰੱਖਾ ਕਸ਼ਮੀਰੀ, ਰੇਸ਼ਮ ਬੀਬੀ ਦਾ ਪਿਓ। ਇਕੱਲੀ ਸਵਾਰੀ ਤੇ ਕੋਚਵਾਨ ਗੱਲੀਂ ਪਏ ਪਏ ਬੇਲੀ ਬਣ ਗਏ। ਕੋਚਵਾਨ ਘਰ ਬੈਠੀ ਧੀ ਦਾ ਦੁੱਖ ਚੁੱਕੀ ਫਿਰੇ, ਜੇਹੜਾ ਦਰਦੀ ਮਿਲੇ, ਓਹਦੇ ਨਾਲ ਫਰੋਲ ਬਹਿੰਦਾ , ਜੀਹਦੇ ਮੁਤਾਬਕ ਓਹਦੀ ਧੀ ਉੱਤੇ ਜੇਹੜਾ ਮੁੰਡਾ ਆਸ਼ਕ਼ ਹੋਇਆ, ਓਹਦੇ ਵਿੱਚ ਓਹਦੀ ਧੀ ਦੀ ਕੋਈ ਮਰਜ਼ੀ ਨਾ, ਓਹਨੇ ਤੇ ਓਸ ਮੁੰਡੇ ਵੱਲ ਕਦੀ ਵੇਖਿਆ ਵੀ ਨਾ। ਸਾਰਾ ਮੁਹੱਲਾ ਪੂਰਨ ਨਗਰ ਏਸ ਗੱਲ ਦੀ ਗਵਾਹੀ ਦੇਂਦਾ ਪਰ ਰੱਖੇ ਕਸ਼ਮੀਰੀ ਦੀ ਧੀ ਰੇਸ਼ਮ ਬੀਬੀ ਨਾਲ ਵਿਆਹ ਕੋਈ ਨਾ ਕਰੇ, ਕਿਓਂ ਜੇ ਮਕ਼ਤੂਲ ਮੁੰਡਾ, ਵਕੀਲ ਚੌਧਰੀ ਸਕੰਦਰ ਬਾਜਵਾ ਦਾ ਪੁੱਤਰ, ਜੀਹਦਾ ਮਹੱਲੇ ਵਿੱਚ ਬੜਾ ਰੋਅਬ ਦਾਬ।

ਮੌਲਵੀ ਇਲਮਦੀਨ ਨੂੰ ਨਮਾਨੇ ਰੱਖੇ ਕਸ਼ਮੀਰੀ ਉੱਤੇ ਏਨਾ ਤਰਸ ਆਇਆ ਕਿਹ ਓਹਦਾ, ਸੱਜਣ ਬਣ ਕੇ ਓਹਦੇ ਨਾਲ ਓਹਦੇ ਘਰ ਜਾ ਪਰੌਹਣਾ ਹੋਇਆ, ਜਿੱਥੇ ਓਹ ਕੋਚਵਾਨ ਦੀ ਧੀ ਦਾ ਹੁਸਨ ਜਵਾਨੀ ਵੇਖ ਕੇ ਓਹਨੂੰ ਅਪਨੀ ਨੂੰਹ ਬਨਾਣ ਲਈ ਰੀਝ ਗਿਆ।

ਜਦੋਂ ਮੌਲਵੀ ਗ਼ੁਲਾਮ ਰਸੂਲ ਰੇਸ਼ਮ ਬੀਬੀ ਨੂੰ ਵਿਆਹ ਕੇ ਲਿਆਇਆ, ਘੁੰਡ ਓਹਲੇ ਚੰਨ ਵੇਖ ਵੇਖ ਪਿੰਡ ਥੱਕੇ ਨਾ, ਮੌਲਵੀਆਂ ਦੇ ਘਰ ਦੀਆਂ ਕੰਧਾਂ ਉੱਚੀਆਂ ਹੋਈਆਂ, ਜਿੱਥੇ ਜਦੋਂ ਰੇਸ਼ਮ ਬੀਬੀ ਨਿਕਲੇ, ਪੂਰੀ ਕੱਜੀ ਹੋਵੇ, ਓਹ ਬੁਰਕ਼ੇ ਵਾਲੀ ਬੀਬੀ ਧੁੰਮ ਗਈ। ਮੌਲਵੀ ਗ਼ੁਲਾਮ ਰਸੂਲ ਤੇ ਰੇਸ਼ਮ ਬੀਬੀ ਦੀ ਇਕੋ ਇਕ ਧੀ ਹੋਈ, ਨੂਰ ਫ਼ਾਤਮਾ। ਸੋਹਣੀ ਤੇ ਸੁਚੱਜੀ। ਅਜੇ ਬਾਲੜੀ ਕਿਹ ਮਾਪੇ ਦਾਜ ਬਨਾਵਣ ਦੇ ਆਹਰੇ ਲੱਗ ਗਏ। ਪਰ ਕੁਦਰਤ ਨੂੰ ਕੁੱਝ ਹੋਰ ਮਨਜ਼ੂਰ, ਨੂਰ ਫ਼ਾਤਮਾ ਨੂੰ ਅਜੇਹਾ ਤਾਪ ਚੜ੍ਹਿਆ ਕਿਹ ਓਹ ਬੇਹੋਸ਼ ਹੋਈ ਮਰ ਗਈ।

ਮੌਲਵੀ ਗ਼ੁਲਾਮ ਰਸੂਲ ਤੇ ਰੇਸ਼ਮ ਬੀਬੀ ਧੀ ਦਾ ਦਾਜ ਗਿਣ ਗਿਣ ਕੇ ਵੇਖਦੇ ਰੋਂਦੇ ਰਹਿੰਦੇ। ਅੜਦਲੀ ਮੌਲਵੀ ਗ਼ੁਲਾਮ ਰਸੂਲ ਦੇ ਦੁੱਖ ਓਹਨੂੰ ਮਸ਼ਹੂਰ ਕਰ ਦਿੱਤਾ। ਜਿੱਥੇ ਕਿਸੇ ਹਮਾਤੜੀ ਦੀ ਧੀ ਦਾ ਵਿਆਹ ਹੋਂਦਾ ਸੁਣੇ, ਓਥੇ ਓਹਦਾ ਦਾਜ ਹੋਕਣ ਅੱਪੜ ਜਾਵੇ। ਚਰਖ਼ਾ ਵੇਲਣਾ , ਭਾਂਡੇ, ਖੇਸ, ਮੰਜੀਆਂ, ਬਿਸਤਰੇ। ਦਾਜ ਦੀ ਇਕ ਇਕ ਸ਼ੈ ਨੂੰ ਵਡਿਆਏ ਤੇ ਨਾਲੇ ਏਹ ਵੀ ਦੱਸੇ ਕਿਹ ਮਾਪਿਆਂ ਕੇਡੀ ਸੱਧਰ ਤੇ ਕੀਵੇਂ ਔਖਿਆਂ ਪੈਸਾ ਪੈਸਾ ਜੋੜ ਕੇ ਅੱਜ ਪੂਰਾ ਵੇਹੜਾ ਭਰਿਆ। ਮੋਈ ਧੀ ਦੇ ਪਿਓ ਮੌਲਵੀ ਗ਼ੁਲਾਮ ਰਸੂਲ ਨੂਰਪੁਰੀ ਦੀਆਂ ਹੂਕਾਂ ਸੁਣ ਕੇ ਧੀਆਂ, ਭੈਣਾਂ, ਮਾਵਾਂ ਰੋ ਰੋ ਰੱਜਦੀਆਂ ਨਾ।

ਏਹ ਵੇਲਾ ਆਇਆ ਕਿਹ ਇਲਾਕ਼ੇ ਦੇ ਕਿਸੇ ਪਿੰਡ ਵਿੱਚ ਅਜੇਹੀ ਗ਼ਰੀਬ ਧੀ ਦਾ ਵਿਆਹ , ਜੀਹਦੇ ਮਾਪਿਆਂ ਕੋਲ ਪਾਈ ਪੈਸਾ ਕੋਈ ਨਾ, ਪਿੰਡ ਵਾਲੇ ਰਲ ਕੇ ਓਹਦਾ ਦਾਜ ਬਣਾਂਦੇ ਕਿਹ ਜੇ ਮੌਲਵੀ ਗ਼ੁਲਾਮ ਰਸੂਲ ਨੂਰਪੁਰੀ ਆ ਗਿਆ ਤੇ ਓਹ ਹੋਕੇਗਾ ਕੀਹ।

1947 ਈ. ਵਿੱਚ ਪੰਜਾਬ ਹਿੰਦੋਸਤਾਨ ਤੇ ਪਾਕਿਸਤਾਨ ਵਿੱਚ ਵੰਡਿਆ ਗਿਆ, ਗੁਰਦਾਸਪੁਰ ਕਿੱਧਰ ਜਾਣਾ ਕੋਈ ਸਮਝ ਨਾ ਆ ਰਹੀ ਕਿਹ ਇਕ ਦਮ ਲੁੱਟ ਮਾਰ ਤੇ ਕ਼ਤਲਾਮ ਸ਼ੁਰੂ ਹੋ ਗਿਆ, ਜੇਹੜੇ ਸਿੱਖ ਗਭਰੂ ਬੁਰਕ਼ੇ ਵਾਲੀ ਬੀਬੀ ਨੂੰ ਵੇਖਣ ਲਈ ਤਰਸਦੇ ਰਹੇ, ਓਹਨਾਂ ਫੱਟੜ ਮੌਲਵੀ ਗ਼ੁਲਾਮ ਰਸੂਲ ਨੂਰਪੁਰੀ ਦੇ ਸਾਹਮਣੇ ਓਹਦੇ ਕੱਪੜੇ ਪਾੜੇ ਤੇ...

ਅੱਧੀ ਨੰਗੀ ਅੱਧੀ ਕੱਜੀ ਰੇਸ਼ਮ ਬੀਬੀ ਫੱਟੜ ਮੌਲਵੀ ਗ਼ੁਲਾਮ ਰਸੂਲ ਨੂਰਪੁਰੀ ਨੂੰ ਮੋਢਿਆਂ ਉੱਤੇ ਚੁੱਕ ਲਿਆ ਤੇ

ਉੱਜੜ ਕੇ ਜਾਂਦਿਆਂ ਦੀ ਟੋਲੀ ਵਿੱਚ ਰਲ ਗਈ। ਕਿਧਰੇ ਓਹ ਗੱਡੇ ਦੀ ਸਵਾਰੀ, ਕਦੀ ਓਹ ਪੈਦਲ , ਭੁੱਖ ਤਰੇਹ ਨਾਲ ਲੁਕ ਲੁਕ ਕੇ ਲਹਿੰਦੇ ਪਾਸੇ ਨੂੰ ਜਾਂਦਿਆਂ ਰਾਹ ਵਿੱਚ ਰੋਹੀ ਨਾਲਾ ਆ ਗਿਆ। ਡੁੱਬਦੇ ਢੈਂਹਦੇ ਰੇਸ਼ਮ ਬੀਬੀ ਅਧਮੋਏ ਮੌਲਵੀ ਨੂੰ ਲੈ ਕੇ ਪਾਰ ਅੱਪੜ ਗਈ।

ਅੱਗੇ ਪਾਕਿਸਤਾਨ ਜੀਊਂਦੇ ਬਚ ਆਏ ਇਕ ਦੂਜੇ ਨੂੰ ਮੁਬਾਰਕ ਦੇ ਰਹੇ ਕਿਹ ਰੇਸ਼ਮ ਬੀਬੀ ਦੀ ਚੀਕ ਨਿਕਲ ਗਈ, ਜੀਹਨੇ ਕੰਨ ਮੌਲਵੀ ਗ਼ੁਲਾਮ ਰਸੂਲ ਨੂਰਪੂਰੀ ਦੇ ਮੂੰਹ ਨਾਲ ਲਾਏ ਹੋਏ, ਜਿਧਰੋਂ ਸਾਹ ਕੋਈ ਨਾ।

ਪਸਰੂਰ ਦੇ ਮਹਾਜਰ ਕੈਂਪ ਵਿੱਚ ਬਾਲ ਲਾਵਾਰਸ ਰੇਸ਼ਮ ਬੀਬੀ ਨੂੰ ਵੇਖ ਕੇ ਡਰ ਗਏ, ਜੀਹਦੇ ਕਾਲੇ ਵਾਲ ਲਹੂ ਨਾਲ ਜੁੜ ਕੇ ਗੁੱਛੇ ਬਣੇ ਹੋਏ। ਕੱਪੜੇ ਲੀਰਾਂ ਤੇ ਪੈਰੋਂ ਨੰਗੀ, ਡਰੇ ਬਾਲਾਂ ਦੀਆਂ ਮਾਵਾਂ ਨੂੰ ਤਰਸ ਆਇਆ, ਓਹਨਾਂ ਰੇਸ਼ਮ ਬੀਬੀ ਦਾ ਹੱਥ ਮੂੰਹ ਤੇ ਸਿਰ ਧੋਤਾ। ਪਰ ਵਾਲਾਂ ਵਿੱਚ ਕੰਘੀ ਨਾ ਫਿਰੇ, ਜੀਹਦੇ ਲਈ ਓਹਦੀ ਟਿੰਡ ਹੋਈ। ਸਿਆਲਕੋਟ ਪੇਕੇ, ਮਾਪੇ ਚਰੋਕਣੇ ਮਰ ਗਏ, ਭਰਾਵਾਂ ਭਰਜਾਈਆਂ ਪਛਾਣਿਆਂ ਨਾ। ਮਹਾਜਰ ਕੈਂਪ ਵਿੱਚ ਰੁਲਦੀ ਫਿਰਦੀ ਨੂੰ ਕਿਸੇ ਓਸ ਧੀ ਪਛਾਣ ਲਿਆ, ਜੀਹਦਾ ਦਾਜ ਕਦੀ ਮੌਲਵੀ ਗ਼ੁਲਾਮ ਰਸੂਲ ਨੂਰਪੁਰੀ ਹੋਕਿਆ। ਰੇਸ਼ਮ ਬੀਬੀ ਓਹਦੇ ਨਾਲ ਕੁਝ ਦਿਨ ਓਹਨਾਂ ਕੱਕੇਜ਼ਈ ਮਲਕਾਂ ਦੇ ਟੱਬਰ ਦਾ ਜੀਅ ਬਣ ਗਈ।

ਲੋਕਾਂ ਦੇ ਘਰਾਂ ਵਿੱਚ ਭਾਂਡੇ ਮਾਂਜਦੀ ਰੇਸ਼ਮ ਬੀਬੀ ਮੌਲਵੀ ਗ਼ੁਲਾਮ ਰਸੂਲ ਨੂਰਪੁਰੀ ਨੂੰ ਯਾਦ ਕਰਦੀ ਰਹਵੇ, ਕੋਈ ਓਹਦੀ ਗੱਲ ਨਾ ਸੁਣੇ।

(ਸਿਆਲਕੋਟ ਚੋਂ ਰਾਹਤ ਬਾਨੋ ਦੀ ਲਿਖੀ “ਸੱਚੀ ਕਹਾਣੀ” ਦੇ ਸਰਨਾਵੇਂ ਨਾਲ ਏਹ ਕਹਾਣੀ ਉਰਦੂ ਰਸਾਲੇ “ਜਹਾਨੇ ਨੌ” ਵਿੱਚ ਜਨਵਰੀ 1953 ਈ. ਦੇ ਸ਼ਮਾਏ ਅੰਦਰ ਛਪੀ। ਮੈਂ ਏਹਨੂੰ 1991 ਈ. ਵਿੱਚ ਅਪਨੇ ਢੰਗ ਨਾਲ ਪੰਜਾਬੀ ਰੂਪ ਦਿੱਤਾ।)

## ਖਾਦਾਂ ਨਾਲ ਮੁਰਾਦਾਂ

ਮਹਿਕਮਾ ਜ਼ਰਾਇਤ, ਖਾਦਾਂ ਤੇ ਦਵਾਈਆਂ ਬਨਾਵਣ ਵਾਲੀਆਂ ਕੰਪਨੀਆਂ ਨਾਲ ਰਲ ਕੇ ਕਿਸਾਨ ਨੂੰ ਜਾਗਰਤ ਕੀਤਾ। ਵੱਧ ਤੋਂ ਵੱਧ ਪੈਦਾਵਾਰ ਲਈ ਵੱਧ ਤੋਂ ਵੱਧ ਖਰਚਾ। ਨਵੀਂ ਵਸੋਂ ਵਿੱਚ ਭੋਏਂ ਨੂੰ ਫ਼ਸਲਾਂ ਜੰਮਣ ਤੋਂ ਵੇਹਲ ਨਾ ਤੇ ਬੰਦੇ ਖਾ ਖਾ ਰੱਜਦੇ ਨਹੀਂ।

ਕਦੀ ਧਰਤੀ ਉੱਤੇ ਘਾਹ ਈ ਘਾਹ ਜੇਹੜੇ ਡੰਗਰ ਚਰਦੇ: ਡੱਬ, ਖੱਬਲ, ਡੀਲਾ, ਤਾਂਦਲਾ, ਲੇਲੀ, ਪਿਆਜ਼ੀ, ਕੁੰਗੀ, ਲੁੱਧੀ ਜੀਹਨਾਂ ਦੇ ਨਾਲ ਨਾਲ ਬਾਥੂ, ਸਿੰਜੀ, ਮੈਨਾ, ਭਖੜਾ ਤੇ ਪੋਹਲੀ ਵੀ ਕੁਦਰਤੀ ਤੌਰ ਉੱਗਣ। ਡੰਗਰ ਵੀ ਖਾਂਦੇ ਤੇ ਏਹ ਈ ਭੋਏਂ ਦਾ ਖਾਜਾ। ਜਿੱਥੇ ਨਿੰਮ ਦਾ ਰੁੱਖ ਹੋਂਦਾ ਏ, ਓਥੇ ਫ਼ਸਲ ਨੂੰ ਕੀਹੜੀ ਨਾ ਲੱਗਦੀ। ਨਿੰਮ ਦਾ ਰੁੱਖ ਲਾਣਾ ਨਾ ਪਵੇ, ਏਹਦਾ ਮਿੱਠਾ ਧਰਕੋਨਾ ਪੰਛੀ ਖਾਂਦੇ, ਜੀਹਨਾਂ ਦੀਆਂ ਵਿੱਠਾਂ ਬੀ ਬਨਣ।

ਫ਼ੇਰ ਅੰਗਰੇਜ਼ਾਂ ਦੀ ਦਰਖ਼ਤ ਪਾਲ ਸਕੀਮ ਆਈ। ਨਵੇਂ ਰੁੱਖ ਆਏ, ਆਸਟਰੇਲਵੀ ਤੇ ਅਮਰੀਕੀ। ਘਾਹ ਵੀ ਬਾਹਰੋਂ ਆਏ: ਨੇਪੀਅਰ, ਗਿਨੀ, ਰਹੋਡਸ ਤੇ ਸੋਡਾਨੀ।

ਜੇਹੜੀ ਭੋਏਂ ਚੋਂ ਹਯਾਤੀ ਜੰਮਦੀ ਰਹੀ, ਅਸੀਂ ਜ਼ਹਿਰੀ ਦਵਾਈਆਂ ਤੇ ਤੇਜ਼ਾਬੀ ਖਾਦਾਂ ਪਾ ਪਾ ਓਹਨੂੰ ਬੀਮਾਰ ਕਰਦੇ ਰਹੇ।

## ਸਾਲਸੀ ਨਿਆਂ

ਲੱਭੀ ਚੀਜ਼ ਖ਼ੁਦਾ ਦੀ
ਧੇਲੇ ਦੀ ਨਾ ਪਾਅ ਦੀ
ਏਹ ਬਾਲਾਂ ਦਾ ਖੇਡ ਤਮਾਸ਼ਾ, ਸਮਾਜੀ ਨਿਆਂ ਹੋਰਵੀਂ।

ਪੰਜਾਬ ਵਿੱਚ ਅੰਗਰੇਜ਼ੀ ਥਾਣੇ ਕਚਹਿਰੀ ਤੋਂ ਅਗਦੋਂ ਸਾਲਸੀ ਪਰਚੱਲਤ ਰਹੀ, ਏਹ ਇਥਾਵੇਂ ਪੁਰਾਣੇ ਨਿਆਂ ਦਾ ਅਰਬੀ ਨਾਂ। ਅੰਗਰੇਜ਼ੀ ਜੋਡੀਸ਼ਲ ਸਿਸਟਮ ਮੁਕੱਦਮੇ ਬਾਜ਼ੀ ਤੇ ਚੱਲਦਾ, ਜੀਹਦੇ ਜੱਜ ਸਰਕਾਰੀ ਅਫ਼ਸਰ ਹੋਂਦੇ। ਪਰ ਸਾਲਸ ਲੋਕਾਈ ਚੋਂ ਈ, ਓਹਦੇ ਅਪਨੇ ਬੰਦੇ। ਅੰਗਰੇਜ਼ ਕਾਲੋਨੀਗੀਰੀ ਨਿਆਂ ਨੂੰ ਦੁਸ਼ਮਣੀ ਤੇ ਜ਼ਿਦਬਾਜ਼ੀ ਵਿੱਚ ਬਦਲ ਦਿੱਤਾ, ਜੇਹੜਾ ਬਾਹਲਾ ਮੁੱਲ ਤਾਰੇ, ਓਹ ਜਿੱਤ ਜਾਏ, ਜੀਹਦੇ ਗਾਓਨ ਬਣੇ:

ਕਾਲੀ ਘੋੜੀ ਵੇ ਵਕੀਲਾ ਤੇਰੀ / ਜੇ ਪਹਿਲੀ ਪੇਸ਼ੀ ਯਾਰ ਛੁੱਟ ਜਾਏ

ਮਾਝੇ ਵਿੱਚ ਜੀਹਨੂੰ ਪੰਚਾਇਤ ਆਖਣ, ਓਹ ਬਾਰ ਵਿੱਚ ਸੱਥ। ਪੰਚਾਇਤ ਦਾ ਫ਼ੈਸਲਾ ਪੰਚ ਕਰਦੇ, ਜੇਹੜੇ ਸੱਥ ਵਿੱਚ ਸੱਥੀ। ਪੰਚ ਤੇ ਸੱਥੀ ਲੋਕ ਸਿਆਣਪ ਦੇ ਗੁੜ੍ਹੇ ਜੀਅ, ਜੀਹਨਾਂ ਦਾ ਈਮਾਨ ਸਲਾਮਤ, ਤਾਹੀਓਂ ਓਹਨਾਂ ਦੇ ਫ਼ੈਸਲੇ ਵਿੱਚ ਕਾਨ ਯਾ ਝੋਲ ਨਾ ਹੋਵੇ, ਪਰ੍ਹੈਂ ਦਾ ਕੂੜਾ ਹੋਵਨ, ਖ਼ਾਸ ਕਰ ਬਾਰ ਵਿੱਚ ਵਸੇਬ ਦੇ ਓੜਕ ਦੀ ਨਿਸ਼ਾਨੀ।

ਅੰਗਰੇਜ਼ੀ ਅਮਲਦਾਰੀ ਆਇਆਂ ਮਾਝੇ ਵਿੱਚ ਪਰ੍ਹਿਆ ਪਰਧਾਨ ਨਾ ਰਹੀ। (ਪੰਚਾਇਤ ਨੂੰ ਪਰ੍ਹਿਆ ਵੀ ਆਖਣ) ਪਰ ਬਾਰ ਵਿੱਚ ਹੁਣ ਤਾਈਂ ਸਾਲਸੀ ਹੋਵੇ, ਭਾਵੇਂ ਪਹਿਲੀ ਗੱਲ ਨਾ ਰਹੀ। ਸੱਥੀ ਵਾਸਤੇ ਲਾਜ਼ਮੀ ਨਹੀਂ ਜੇ ਓਹ ਕੋਈ ਜ਼ਮੀਨਦਾਰ ਹੋਵੇ, ਕੰਮੀ ਵੀ ਮਸ਼ਹੂਰ ਸੱਥੀ ਹੋਏ। ਅੰਗਰੇਜ਼ੀ ਅਦਾਲਤ ਵੀ ਸਾਲਸੀ ਫ਼ੈਸਲੇ ਨੂੰ ਰੱਦ ਨਾ ਕਰਦੀ, ਜੀਹਨੂੰ ਆਰਬਿਟਰੇਸ਼ਨ ਤੌਰ ਮੰਨਿਆ ਜਾਵੇ। ਮਾਝੇ ਵਿੱਚ ਅਕਸਰ ਸਰਪੰਚ ਜੇਹੜੇ ਜ਼ਮੀਨਦਾਰ ਹੋਏ, ਓਹਨਾਂ ਨੂੰ ਅੰਗਰੇਜ਼ ਸਰਕਾਰ ਆਨਰੇਰੀ ਮੈਜਿਸਟਰੇਟ ਲਾਇਆ। ਤਕੱਰਰੀ ਸਾਲਸ ਜੇਹੜਾ ਸਾਲਸੀਨਾਮਾ ਵੀ ਅਖਵਾਏ, ਓਹ ਤੇ ਸਾਲਸੀ ਫ਼ੈਸਲਾ ਦੋਵੇਂ ਅਸ਼ਟਾਮ ਪੇਪਰ ਉੱਤੇ ਲਿਖੇ ਜਾਂਦੇ।

ਬਾਰ ਦੀ ਸਾਲਸੀ ਦੇ ਅੰਗ:

ਗੇਰਾ : ਜੇਹੜੇ ਮਾਲ ਦਾ ਝੇੜਾ

ਧਿਰਾਂ : ਝੇੜੇ ਦੀਆਂ ਧਿਰਾਂ, ਇਕ ਲੈਣਾ ਹੋਵੇ, ਦੂਜੀ ਦੇਣਾ ਹੋਵੇ, ਜੇ ਫ਼ੈਸਲੇ ਵਿੱਚ ਸਾਬਤ ਹੋਵੇ।

ਜ਼ਾਮਨ : ਦੋਵੇਂ ਧਿਰਾਂ ਜ਼ਾਮਨ ਮਿੱਥਣ, ਜੇਹੜੇ ਓਹਨਾਂ ਕੋਲੋਂ ਫ਼ੈਸਲੇ ਦੀ ਪਾਬੰਦੀ ਕਰਵਾਂਦੇ।

ਗਵਾਹ : ਗਵਾਹ ਓਹ ਰੱਖੇ ਜਾਂਦੇ ,ਜੀਹਨਾਂ ਨੂੰ ਦੋਵੇਂ ਧਿਰਾਂ ਕ਼ਬੂਲ ਕਰਨ।

ਸੌਂਹ : ਕਈ ਵਾਰੀ ਸੌਂਹ ਤੇ ਈ ਗੱਲ ਮੁੱਕ ਜਾਂਦੀ। ਧਿਰਾਂ ਆਪ ਯਾ ਓਹਨਾਂ ਵੱਲੋਂ ਕੋਈ ਹੋਰ ਬੇਗੁਨਾਹੀ ਦੀ ਸੌਂਹ ਦੇਂਦਾ।

ਅਗਵੱਨ : ਜੇ ਸਾਲਸ ਜ਼ਰੂਰੀ ਸਮਝੇ ਤੇ ਓਹ ਝੇੜੇ ਦੀ ਰਕਮ ਦੇ ਬਰਾਬਰ ਗਹਿਣੇ ਯਾ ਡੰਗਰ ਧਿਰਾਂ ਕੋਲੋਂ ਜ਼ਮਾਨਤ ਤੌਰ ਲੈਂਦਾ, ਜੀਹਦੇ ਹੱਕ਼ ਵਿੱਚ ਫ਼ੈਸਲਾ, ਓਹ ਓਹਦਾ ਹੱਕ਼ਦਾਰ।

ਸੱਥੀ : ਅਕਸਰ ਧਿਰਾਂ ਵੱਲੋਂ ਓਹਨਾਂ ਦੇ ਮਿੱਥੇ ਸਿਆਣੇ ਬੰਦੇ, ਜੇਹੜੇ ਗੱਲਾਂ ਵਾਲ ਹੋਵਣ। ਗੱਲ ਕਰਦੇ, ਓਹ ਸੱਥ ਅਖਵਾਂਦੇ।

ਮਰਖਿਤ : ਏਹ ਖ਼ੁਫ਼ੀਆ ਗਵਾਹ, ਵਾਅਦਾ ਮੁਆਫ਼ ਗਵਾਹ, ਕਿਧਰੇ ਜੁਰਮ ਵਿੱਚ ਸ਼ਰੀਕ, ਕਿਧਰੇ ਵਕੁਏ ਦਾ ਗਵਾਹ। ਮਰਖਿਤ ਬਾਰੇ ਆਖਣ : ਫਦੀਸੀ ਯਾ ਭਰੇਸੀ।

ਸਾਲਸ : ਸਾਲਸ ਓਹ ਬਣੇ, ਜੀਹਨੂੰ ਇਕ ਧਿਰ ਮਿੱਥੇ, ਤੇ ਦੂਜੀ ਮੰਨ ਲਵੇ।

ਸੱਥ ਦੀ ਕਾਰਵਾਈ ਇੰਜ ਚੱਲੇ ਕਿਹ ਸਭ ਤੋਂ ਮੋਹਰ ਸਾਲਸ ਮੱਲਿਆ ਜਾਵੇ, ਜੇਹੜਾ ਜੇ ਸਾਲਸ ਬਨਣਾ ਮਨਜ਼ੂਰ ਕਰੇ, ਓਹ ਕਾਰਵਾਈ ਚਲਾਵੇ। ਸਭ ਤੋਂ ਪਹਿਲੇ ਜ਼ਾਮਨ ਲਏ ਦਿੱਤੇ ਜਾਵਨ, ਅਗਲੀ ਕਾਰਵਾਈ ਏਹ ਕਿਹ ਧਿਰਾਂ ਗੱਲਾਂ ਕਰਨ, ਇਲਜ਼ਾਮ ਤੇ ਸਫ਼ਾਈ। ਏਸ ਤੋਂ ਅੱਗੇ ਗਵਾਹੀਆਂ ਹੋਵਨ। ਜੇ ਗਵਾਹ ਝੂਠ ਬੋਲੇ ਤੇ ਲੋਕਾਂ ਦਾ ਈਮਾਨ ਕਿਹ ਓਥੇ ਕੁਦਰਤ ਦਾ ਅਜ਼ਾਬ ਆਵੇ। ਕਈ ਝੂਠੇ ਗਵਾਹਵਾਂ ਦੇ ਮੰਦੇ ਅੰਤ ਬਾਰੇ ਕਹਾਣੀਆਂ। ਗਵਾਹੀਆਂ ਮਗਰੋਂ ਫ਼ੈਸਲੇ ਤੋਂ ਅਗਦੋਂ ਜੇ ਸਾਲਸ ਜ਼ਰੂਰੀ ਸਮਝੇ ਤੇ ਓਹ ਅਗਵੱਨ ਰਖਵਾਏ। ਸਾਲਸ ਜਦੋਂ ਫ਼ੈਸਲਾ ਸੁਣਾਵੇ ਜੇ ਕੋਈ ਧਿਰ ਓਹਦੇ ਤੋਂ ਰਾਜ਼ੀ ਨਾ ਓਹ ਓਸ ਫ਼ੈਸਲੇ ਦੇ ਖ਼ਿਲਾਫ਼ ਸਾਲਸ ਸਾਹਮਣੇ ਦਲੀਲ ਦੇਵੇ, ਜੇ ਓਹਨਾਂ ਦੀ ਦਲੀਲ ਓਹਨੂੰ ਕ਼ਬੂਲ, ਓਹ ਅਪੀਲ ਦਾ ਹੱਕ਼ ਵੀ ਦੇਵੇ ਤੇ ਅਪੀਲ ਸੁਨਣ ਲਈ ਅਗਲਾ ਸਾਲਸ ਵੀ ਤਕਾਵੇ।

ਪਹਿਲੇ ਫ਼ੈਸਲੇ ਤੋਂ ਅਗਦੋਂ ਈ ਜੇ ਕੋਈ ਧਿਰ ਸਮਝੇ ਕਿਹ ਸਾਲਸੀ ਠੀਕ ਨਹੀਂ ਹੋ ਰਹੀ, ਓਹ ਦਲੀਲ ਰਾਹੀਂ ਓਹ ਸਾਲਸੀ ਰੁਕਵਾ ਦੇਵੇ, ਜੀਹਨੂੰ ਸੱਥ ਭੱਜਣਾ ਕਹਿੰਦੇ। ਸਾਲਸੀ ਫ਼ੈਸਲੇ ਨੂੰ ਜੇ ਦੋਵੇਂ ਧਿਰਾਂ ਕ਼ਬੂਲ ਕਰਨ ,ਓਹਨੂੰ ਕਹਿੰਦੇ, ਨਿਆਂ ਉੱਚਨਾ।

ਸਾਲਸੀ ਚੋਰੀ ਦੇ ਮੁਕ਼ੱਦਮੇ ਵਿੱਚ ਕਈ ਵਾਰ ਖੋਜੀ ਕੋਲੋਂ ਵੀ ਮਦਦ ਲੈਂਦੇ। ਜ਼ਮੀਨ ਦੀ ਕਛਾਈ ਦਾ ਰੌਲਾ ਹੋਵੇ ਤੇ ਏਹਦੇ ਲਈ ਕਿਸੇ ਸਿਆਣੇ ਨੂੰ ਬੁਲਾਂਦੇ। ਇੰਜ ਈ ਮਾਲ ਦੀ ਤੁਲਾਈ ਹੋਵੇ।

ਮਾਝੇ ਵਿੱਚ ਜੇਹੜਾ ਪਰ੍ਹਿਆ ਦਾ ਫ਼ੈਸਲਾ ਨਾ ਮੰਨੇ, ਓਹਦਾ ਲੋਕੀਂ ਹੁੱਕਾ ਪਾਣੀ ਬੰਦ ਕਰ ਦੇਂਦੇ। ਬਾਰ ਵਿੱਚ ਸਾਲਸ ਅਪਨੀ ਸੋਚ ਸਮਝ ਨਾਲ ਫ਼ੈਸਲਾ ਕਰ ਕੇ ਆਖਣ:

ਸਾਥੋਂ ਗਈਓਂ ਗੋਰੀਏ / ਅੱਗੋਂ ਫਦਨੀ ਚੋਰ

ਮਾਝੇ ਦੇ ਚੰਗੜਾਂ (ਵਾਲਮੀਕੀ ਅਛੂਤਾਂ) ਵਿੱਚ ਦੋ ਪੰਚਾਇਤਾਂ ਹੋਵਨ, ਹੇਠਲੀ ਤੇ ਉਤਲੀ। ਹੇਠਲੀ ਪਹਿਲੀ ਪਰ੍ਹਿਆ ਜੀਹਦੇ ਵਿੱਚ ਵਕੀਲ  ਨੂੰ ਪੰਚ ਆਖਣ। ਉਤਲੀ ਪੰਚਾਇਤ ਜਿੱਥੇ ਅਪੀਲ ਸੁਣੀ ਜਾਏ, ਓਥੇ ਵਕੀਲ ਖੜਪੈਂਚ ਤੇ ਪੰਚ ਸਰਪੰਚ ਜੇਹੜੀ ਅਕਸਰ ਕੋਈ ਬੁੱਢੀ ਮਾਈ ਹੋਵੇ। ਉਤਲੀ ਪਰ੍ਹਿਆ ਨੂੰ ਛੁੱਟ ਮੁੱਕ ਆਖਣ।

ਏਹ ਸੱਥ, ਪਰ੍ਹਿਆ, ਪੰਚਾਇਤ ਤੇ ਸੌਂਹ, ਨਿਆਂ ਸਭ ਲੋਕ ਵਿਰਸਾ, ਜੀਹਨੂੰ ਮੁੱਲ ਵਕਾਊ ਜੋਡੀਸ਼ਲ ਸਿਸਟਮ ਖਾ ਗਿਆ: ਟਾਂਗਾ ਆਇਆ ਕਚਹਿਰੀਓਂ ਖ਼ਾਲੀ / ਤੇ ਸੱਜਣਾਂ ਨੂੰ ਕ਼ੈਦ ਬੋਲ ਗਈ

## ਪਿੰਡਾਂ ਵਿਚੋਂ ਪਿੰਡ

ਪਿੰਡਾਂ ਵਿੱਚੋਂ ਕੇਹੜੇ ਪਿੰਡ ਦੀ ਵੇਲ ਹੋਕੀਏ ਹਰ ਪਿੰਡ ਦੇ ਵਸਨੀਕ ਅਪਨੇ ਪਿੰਡ ਨੂੰ ਵਧੇਰੇ ਵਡਿਆਵਨ, "ਜੇਹੜਾ ਸਾਡੇ ਪਿੰਡ ਦਾ ਪਾਣੀ ਪੀ ਲਵੇ, ਓਹਦਾ ਹੋਰ ਕਿਸੇ ਪਿੰਡ ਵਿੱਚ ਦਿਲ ਨਾ ਲੱਗਦਾ!"

ਹਰ ਪਿੰਡ ਅਪਨੇ ਥਾਂ ਇਕ ਜਹਾਨ, ਜੀਹਦੇ ਅਪਨੇ ਮਾਣ, ਕੰਧਾਂ ਜੁੜੀਆਂ ਹੋਈਆਂ ਦੁੱਖ ਸੁੱਖ ਦੀ ਸਾਂਝ। ਕੁਦਰਤ ਤੇ ਬੰਦਾ ਆਹਮੋ ਸਾਹਮਣੇ। ਧੱਪ, ਛਾਂ, ਮੀਂਹ, ਵਾਅ, ਕੁਦਰਤ ਦੀ ਮੇਹਰ, ਬੰਦਾ ਬੰਦੇ ਦਾ ਦਾਰੂ। ਸਹਿਜ ਸਭਾਈਂ ਗੁਜ਼ਰਾਨ, ਖੋਹ ਖੱਸ ਤੇ ਭੱਜ ਨੱਸ ਕੋਈ ਨਾ। ਬਨੇਰੇ ਕਾਂ ਬੋਲ ਕੇ ਪਰੌਹਣੇ ਦੀ ਵਧਾਈ ਦੇਂਦਾ, ਔਂਸੀਆਂ ਪਾ ਕੇ ਉਡੀਕ ਸੁਖਾਵੀਂ ਹੋਣੀ। ਮੱਝ ਸੂਨ ਤੋਂ ਲੈ ਕੇ ਧੀਆਂ ਪੁੱਤਰਾਂ ਦੇ ਵਿਆਹਵਾਂ ਤਾਈਂ ਵਧਾਈਆਂ ਦੇ ਪੱਜ। ਨਵੇਂ ਕੱਪੜੇ ਸੀਪਣ ਭਾਵੇਂ ਘਰ ਵਿੱਚ ਕੁੱਝ ਵਧੀਆ ਖਾਣਾ ਪੱਕਣਾ, ਚੋਖੇ ਚਾਅ ਚੜ੍ਹਨੇ। ਫ਼ੇਰ ਵਸੋਂ ਬਦਲੀ, ਖੁਸ਼ੀਆਂ ਖੇਡਦੇ ਲੋਕ ਪੈਸੇ ਗਿਨਣ ਲੱਗ ਪਏ। ਸਾਈਕਲ ਤੇ ਸਲਾਈ ਮਸ਼ੀਨ, ਟਰੈਕਟਰ ਤੇ ਟਿਊਬਵੈੱਲ। ਬਿਜਲੀ ਆਈ, ਰਾਤ ਨੂੰ ਦਿਨ ਚੜ੍ਹਿਆ। ਮਾਈਆਂ ਬਾਬੇ ਬੁੜ ਬੁੜ ਕਰਦੇ। ਸੜਕ ਪੱਕੀ ਹੋਵਣ ਲੱਗੀ ਤੇ ਆਖਣ ਕਿਹ ਚੋਰੀ ਹੋਇਆਂ ਖੁਰਾ ਨਹੀਂ ਲੱਭਣਾ।

ਪਿਛਾਂਹ-ਖਿੱਚੂ ਵਿਚਾਰਾਂ ਵਾਲੇ ਮਾਈਆਂ ਬਾਬੇ ਨਹੀਂ ਰਹੇ ਪਰ ਓਹਨਾਂ ਦੀਆਂ ਅਕਸਰ ਗੱਲਾਂ ਸੱਚੀਆਂ ਨਿਕਲ ਰਹੀਆਂ। ਚਿੱਟੀ ਖ਼ਾਦ ਤੋਂ ਲੈ ਕੇ  ਬਨਾਸਪਤੀ ਘਿਓ ਤਾਈਂ ਸਭ ਬਿਮਾਰੀਆਂ ਲੈ ਕੇ ਆਏ। ਤਰਿੰਜਨ, ਪਰ੍ਹਿਆ, ਕਿੱਕਲੀ ਤੇ ਚੁੱਪ ਚੈਨ, ਸਭ ਗਵਾਚੀਆਂ ਗੱਲਾਂ। ਪੱਕੀ ਸੜਕ ਰਾਹੀਂ ਪਿੰਡ ਚੋਰੀ ਹੋ ਗਏ। ਖੋਜੀ ਕੋਈ ਨਾ ਜੋ ਖੁਰਾ ਲੱਭੇ। ਇਕ ਵਿਸਾਰਿਆ ਗੀਤ:

ਮੈਂ ਏਥੇ ਤੇ ਢੋਲਾ ਪਰਬਤ

ਸਾਡੇ ਖੂਹੇ ਦਾ ਪਾਣੀ ਸ਼ਰਬਤ
ਦੋ ਘੁੱਟ ਪੀ ਮਾਹੀਆ
ਵਿੱਚ ਨਿਬੂੰ ਨਚੋੜੇ ਨੀ
ਦੋ ਘਰ ਸੱਜਣਾਂ ਦੇ
ਓਹ ਵੀ ਰਿੰਜ ਕਰ ਟੋਰੇ ਨੀ

# ਉਸਤਾਦ ਬਰਕਤਰਾਮ ਯੁਮਨ ਜੀ ਅਤੇ ਸ਼ਿਵ ਕੁਮਾਰ

*ਡਾ. ਸੁਰਿੰਦਰ ਕਾਹਲੋਂ*

ਜਦ ਅਸੀਂ ਉਸਤਾਦ ਸ਼ਾਇਰ ਹੁਰਾਂ ਨੂੰ ਯਾਦ ਕਰਦੇ ਹਾਂ ਤਾਂ ਸਾਡਾ ਮਨ ਮਸਤਕ ਸਤਿਕਾਰ ਵਿਚ ਨਿਉਂ ਜਾਂਦਾ ਹੈ। ਬਾਪੂ ਯੁਮਨ ਜੀ ਨੂੰ ਚੇਤੇ ਕਰਕੇ ਸਾਡਾ ਰੂਹ ਅਜਬ ਵਜਦ ਵਿਚ ਆਉਣ ਲਗਦਾ ਹੈ। ਕੁਝ ਕੁ ਕੋਸੇ-ਕੋਸੇ ਨਿੱਘੇ-ਨਿੱਘੇ ਚਾਨਣਾ ਵਰਗੀ ਸੀ ਉਹਨਾਂ ਦੀ ਹਸਤੀ। ਇਕ ਮੋਹ-ਪਿਆਰ ਵੰਡਦੀ ਪਿਤਾ ਪੁਰਖਤਾ ਦੇ ਅਸੀਮ ਜਲੌ ਸਨ ਸਾਡੇ ਬਾਪੂ ਸਾਡੇ ਉਸਤਾਦ ਗਜ਼ਲਗੋ ਬਰਤਰਾਮ ਯੁਮਨ ਜੀ। ਉਹਨਾਂ ਨਾਲ ਢੇਰ ਚਿਰ ਹੋਇਆ ਜਦ ਸ਼ਿਵ ਕੁਮਾਰ ਬਟਾਲਵੀ ਆਪਣੇ ਵੱਡੇ ਭਾਅ ਬਾਰੇ ਕੁਝ ਗੱਲਾਂ ਬੜੇ ਹੀ ਸਹਿਜ ਸੁਭਾਵੀ ਰੂਪ ਵਿਚ ਹੋਈਆਂ ਸਨ। ਉਹਨਾਂ ਦਾ ਗੱਲ ਬਾਤ ਕਰਨ ਦਾ ਢੰਗ ਤੇ ਬਿਆਨੀਆਂ ਸ਼ਕਤੀ ਬੜੇ ਹੀ ਵਜ਼ਨੀ ਤੇ ਵਕਾਰੀ ਹੋਇਆ ਕਰਦੇ ਸਨ ਜਿਸ ਵਿਚ ਮਿੱਠਤਾਂ ਵੀ ਘੁਲੀਆਂ ਰਹਿੰਦੀਆਂ ਤੇ ਜਾਣਕਾਰੀਆਂ ਤੇ ਗਿਆਨ ਦਾ ਵੀ ਕੋਈ ਪਾਰਾਵਾਰ ਨਹੀਂ ਹੋਇਆ ਕਰਦਾ ਸੀ।

ਉਂਜ ਭਾਵੇਂ ਸ਼ਿਵ ਭਾਅ ਬਾਰੇ ਬਟਾਲੇ ਦੇ ਬਹੁਤੇ ਵਿਅਕਤੀ ਜਿੰਨ੍ਹਾਂ ਨੂੰ ਸਾਡਾ ਸ਼ਿਵ ਮਿਲਿਆ ਹੋਵੇ ਜਾਂ ਫਿਰ ਉਹਨਾਂ ਉਸਦਾ ਕੁਝ ਨਾ ਕੁਝ ਸੁਣਿਆ ਹੋਵੇ, ਆਪਣੇ ਹੀ ਢੰਗ ਨਾਲ ਉਸ ਸੰਬੰਧੀ ਆਪਣਾ ਮਨ ਜ਼ਰੂਰ ਸਾਂਝਾ ਕਰ ਸਕਦਾ ਹੈ ਕਿਉਂਕਿ ਬਟਾਲੇ ਵਿਚ ਰਹਿੰਦਿਆਂ ਤੇ ਕਈ ਸਾਲਾਂ ਦਾ ਜੀਵਨ ਜਿਉਂਦਿਆਂ ਉਹ ਅਨੇਕਾਂ ਲੋਕਾਂ ਨੂੰ ਕਈ ਵਾਰ ਮਿਲਿਆ ਹੋਵੇਗਾ। ਜਾਂ ਫਿਰ ਉਹਨਾਂ ਉਸ ਨੂੰ ਆਪਣੇ ਸ਼ਾਇਰਾਨਾ ਅੰਦਾਜ਼ ਵਿਚ ਵਿਚਰਦਿਆਂ ਵੀ ਜ਼ਰੂਰ ਵੇਖਿਆ ਵਿਚਾਰਿਆ ਹੋਵੇਗਾ।

ਇਸ ਦੇ ਨਾਲ ਹੀ ਇਕ ਵਿਚਾਰ ਹੋਰ ਵੀ ਜੋੜਨ ਵਾਲਾ ਹੈ ਕਿ ਇਸ ਪ੍ਰਕਾਰ ਦੇ ਵਿਸ਼ੇਸ਼ ਪ੍ਰਤਿਭਾਵਾਨਾਂ ਤੇ ਵਡੇਰੀ ਪ੍ਰਸਿੱਧੀ ਵਾਲੇ ਜਣਿਆਂ ਬਾਰੇ ਹਰ ਕੋਈ ਸਮਾਜੀ ਮਨੁੱਖ ਗੱਲ ਕਰਨ ਦੇ ਸਮਰੱਥ ਅਤੇ ਪੂਰਨ ਨਹੀਂ ਹੁੰਦਾ। ਜੇ ਫਿਰ ਵੀ ਉਹ ਮੋਹ ਵੱਸ ਕੁਝ ਕਹਿਣ ਦਾ ਯਤਨ ਕਰਦਾ ਹੈ ਤਾਂ ਉਸ ਦਾ ਤੱਥ-ਗੱਤ ਰਹਿ ਸਕਣਾ ਕਠਿਨ ਹੋ ਜਾਂਦਾ ਹੈ ਕਿਉਂਕਿ ਇਸ ਪ੍ਰਕਾਰ ਦੀਆਂ ਮਾਇਆਵੀ ਹਸਤੀਆਂ ਆਮ ਸਧਾਰਣ ਸਮਾਜੀ ਆਦਮੀ ਦੇ ਬੁੱਧ-ਬਲ ਦੀ ਪਕੜ ਤੋਂ ਥੋੜ੍ਹਾ ਪਰ੍ਹੇ ਰਹਿ ਜਾਂਦੀਆਂ ਹਨ। ਇਸ ਲਈ ਜ਼ਰੂਰੀ ਸਮਝਦਾ ਹਾਂ ਕਿ ਇਸ ਸੰਦਰਭ ਵਿਚ ਕੋਈ ਅਜਿਹੀ ਸੰਬੰਧ-ਸਾਚੀ ਗਵਾਹੀ ਪੁਆਈ ਜਾਵੇ ਜਿਹੜੀ ਪੱਕੀ ਥਿਤੀ ਵੀ ਹੋਵੇ ਅਤੇ ਜਿਸ ਦੇ ਬੋਲ ਜਿਸਦੇ ਵਿਚਾਰ ਇਤਿਹਾਸਕ ਹੁੰਦੇ ਹੋਏ ਅਤਿ ਨੇੜ ਵਿਚ ਨਿਭਦੇ ਰਹੇ ਹੋਣ ਕਰਕੇ, ਸਮੁੱਚੇ ਰੂਪ ਵਿਚ ਭਰੋਸਾ ਪ੍ਰਾਪਤ ਹੁੰਦੇ ਹੋਏ ਸੰਬੰਧ-ਸੱਚ ਬਣ ਕੇ ਨਿਰੋਲ ਸੋਚ ਹੋ ਨਿਬੜਨ।

ਇਸ ਕੋਲ ਤੋਂ ਵਿਚਾਰਿਆਂ ਸਾਡੇ ਦਰਦ-ਭਿੰਨੇ ਕਾਵਿ-ਵਹਿਣ ਦੇ ਮੁੱਢਲੇ ਦਿਨਾਂ ਦੇ ਸਾਥ ਦੀ ਤਥਗੱਤ ਜਾਣਕਾਰੀ ਬਾਪੂ ਬਰਕਤਰਾਮ ਯੁਮਨ ਹੋਰਾਂ ਤੋਂ ਬਿਨਾਂ ਹੋਰ ਕੌਣ ਦੇ ਸਕਦਾ ਸੀ। ਤੇ ਬਾਪੂ ਯੁਮਨ ਹੋਰਾਂ ਨਾਲ ਮੇਰਾ ਮੇਲਾ ਮੇਰਾ ਵਾਹ ਉਸ ਵੇਲੇ ਬੜੇ ਸਿੱਧੇ ਰੂਪ ਵਿਚ ਹੋਇਆ ਜਦ ਬੇਰਿੰਗ ਯੂਨੀਅਨ ਕ੍ਰਿਸਚੀਅਨ ਕਾਲਜ ਬਟਾਲਾ ਵਿਖੇ ਪੜ੍ਹਦਿਆਂ ਆਪਣੇ ਸਹਿਪਾਠੀ ਵੀਰ ਰਸ਼ਪਾਲ ਗੁਰਾਇਆ ਨਾਲ ਮਿਲਕੇ 'ਭਾਵਨਾ' ਨਾਮ ਦੇ ਇਕ ਮਾਸਕ ਪੱਤਰ ਨੂੰ ਬਟਾਲੇ ਤੋਂ ਆਰੰਭ ਕਰਨ ਦਾ ਕਾਰਜ ਕਰਮ ਬਣਾਇਆ ਗਿਆ ਸੀ। ਫਿਰ ਇਹ ਪਰਚਾ ਬਾਪੂ ਯੁਮਨ ਹੋਰਾਂ ਦੇ ਸਹਿਯੋਗ ਤੇ ਬੁਹਮੁੱਲੀ ਰਚਨਾ ਤੋਂ ਬਿਨਾਂ ਕਿਵੇਂ ਜਾਰੀ ਹੋ ਸਕਦਾ ਸੀ। ਉਹਨਾਂ ਕੋਲੋਂ ਪਹਿਲੇ ਅੰਕ ਦੀ ਨੰਦ ਲਾਲ ਨੂਰ ਪੁਰੀ ਜੀ ਬਾਰੇ ਇਕ ਨਿਬੰਧ 'ਗੀਤਾਂ ਦਾ ਬਾਦਸ਼ਾਹ ਨੰਦ ਲਾਲ ਨੂਰਪੁਰੀ' ਲਿਖਵਾਇਆ ਗਿਆ ਤੇ ਨਾਲ ਹੀ ਇਕ ਬੜੇ ਉੱਚ ਪਾਏ ਦੀ ਵਿਚਾਰ-ਭਾਵੀ ਗਜ਼ਲ ਵੀ ਪ੍ਰਾਪਤ ਕਰਕੇ ਪ੍ਰਕਾਸ਼ਤ ਕਰਨ ਵਿਚ ਸਫਲਤਾ ਪ੍ਰਾਪਤ ਕੀਤੀ ਗਈ।

ਇਹਨਾਂ ਹੀ ਦਿਨਾਂ ਵਿਚ ਸ਼ਿਵ ਕੁਮਾਰ ਆਪਣੀ ਸ਼ੋਹਰਤ ਤੇ ਵਡਿਆਈ ਦੇ ਸਿਖ਼ਰ 'ਤੇ ਪਹੁੰਚ ਰਿਹਾ ਸੀ ਜਾਂ ਫਿਰ ਪਹੁੰਚ ਚੁਕਿਆ ਸੀ ਤੇ ਬਟਾਲਵੀ ਅਖਵਾਉਣ ਨਾਲ ਵੀ ਉਸ ਨੂੰ ਚਿੜ ਹੋਣ ਲਗ ਪਈ ਸੀ। ਇਹੀ ਇਕੋ ਕਾਰਨ ਸੀ ਕਿ ਉਹ ਛਪਦਿਆਂ ਛਪਾਉਂਦਿਆਂ ਆਪਣੇ ਨਾਂ ਨਾਲ ਸ਼ਬਦ ਬਟਾਲਵੀ ਨਾ ਲਿਖਦਾ। ਉਸ ਦੀ ਫੈਲਵੀਂ ਸ਼ੋਹਰਤ ਕਰਕੇ ਹਾਲਾਤ ਇਹੋ ਜਿਹੇ ਬਣ ਗਏ ਸਨ ਕਿ ਬਟਾਲੇ ਦੇ ਬਹੁਤੇ ਹਲਕੇ ਉਸ ਸੰਬੰਧੀ ਗੱਲ ਕਰਕੇ ਮਾਣ ਮਹਿਸੂਸ ਕਰਨ ਲੱਗ ਪਏ ਸਨ ਭਾਵੇਂ ਉਹ ਉਸ ਨੂੰ ਸਿੱਧੇ ਰੂਪ ਵਿਚ ਕਦੀ ਮਿਲੇ ਵੀ ਨਾ ਹੋਣ। ਪਰ ਬਾਪੂ ਯੁਮਨ ਹੋਰਾਂ ਦੇ ਉਸ ਸੰਬੰਧੀ ਵਿਚਾਰ ਆਪਣੀ ਹੀ ਕਿਸਮ ਤੇ ਪਰਵਾਹ ਵਾਲੇ ਸਨ ਜਿਹੜੇ ਉਹਨਾਂ ਨੇ ਉਸ ਨਾਲ ਵਰਤ-ਵਰਤਾਰੇ ਦੇ ਆਧਾਰ 'ਤੇ ਬਣਾਏ ਸਨ। ਉਹਨਾਂ ਨੂੰ ਮਿਲਦਿਆਂ ਗਿਲਦਿਆਂ ਇਕ ਦਿਨ ਮੈਂ ਗੱਲ ਛੇੜੀ ਤਾਂ ਉਹ ਛਿੜ ਪਏ 'ਉਹਦੀ ਕੀ ਗੱਲ ਕਰਦਾ ਏਂ ਹੁਣ ਉਹਦੀ ਗੁੱਡੀ ਚੜ੍ਹ ਗਈ... ਹੁਣ ਉਹਨੂੰ ਪਹਿਲੇ ਭੁੱਲ ਗਏ...' ਮੈਂ ਆਖਿਆ ਕਦੀ ਹੁਣ ਉਹ ਏਧਰ ਮਿਲਣ ਗਿਲਣ ਵੀ ਨਹੀਂ ਆਉਂਦਾ। ਬਾਪੂ ਬੋਲੇ '..... ਉਹਨੇ ਹੁਣ ਸਾਨੂੰ ਕਾਹਦੇ ਲਈ ਮਿਲਣ ਆਉਣਾ ਹੋਇਆ... ਹੁਣ ਉਸ ਕਿਹੜੀ ਸੁਧਾਈ ਕਰਵਾਉਣੀ ਸੂ.....' ਇਹ ਕਿਸ ਤਰ੍ਹਾਂ ਦੀ ਗੱਲ ਹੋਈ ਮਹਾਂ ਪੁਰਖੋ, ਬਾਪੂ ਹੋਰੀਂ ਵਿਚੋਂ ਹੀ ਬੋਲ ਪਏ 'ਜਿਹੜੀ ਹੋਈ ਉਹਈਓ ਦੀ ਦਸ ਸਕਨਾਂ ਕਿੱਦਾਂ ਤੋਲਾ ਝੂਠ ਤੂਫਾਨ...'

'ਭਲ ਕੇ ਜੇ ਤੂੰ ਭੁੱਲ ਜੇਂ ਆਪਾਂ ਤੈਨੂੰ ਡਾਂਗ ਮਾਰ ਲੈਣੀ ਏਂ....

ਉਹ ਕੁਝ ਪਲ ਸੰਭਲੇ ਤੇ ਫਿਰ ਜਿਵੇਂ ਆਪਣੇ ਆਪ ਨੂੰ ਇਕੱਤਰ ਕਰਕੇ ਕਹਿਣ ਲੱਗੇ।

'ਅੜਿਆ ਮੈਨੂੰ ਖ਼ੁਸ਼ੀ ਏ ਫਿਰ ਵੀ ਉਹਦੀ ਚੜ੍ਹਤ ਦੀ...'

ਇਤਨਾ ਕਹਿੰਦੇ ਹੋਏ ਉਹ ਕੁਝ ਹੋਰ ਲਹਿਰ ਵਿਚ ਆ ਗਏ ਲਗਦੇ ਸਨ ਜਦ ਉਹਨਾਂ ਆਖਿਆ ਹੋਇਆ ਤੇ ਫਿਰ ਵੀ ਉਹ ਆਪਣਾ ਈ....ਨਾ .....

ਮੈਨੂੰ ਜਾਪਿਆ ਇਕ ਬਾਬਲ ਦਾ ਮੋਹ ਆਪਣੇ ਸਹਿਤਕ ਪੁੱਤਰ ਲਈ ਪਰਤੱਖ ਹੋ ਗਿਆ ਸੀ। ਜਿਸ ਨੂੰ ਉਹਨਾਂ ਨੇ ਕੁਝ ਹੀ ਫਿਕਰਿਆਂ ਵਿਚ ਬੜੇ ਭਾਵ ਪੂਰਤ ਸਰਲੀਕ੍ਰਿਤ ਰੂਪ ਵਿਚ ਕਹਿ ਸੁਣਾਇਆ ਸੀ। ਇਹ ਹੀ ਫਿਕਰੇ ਬਾਪੂ ਯੁਮਨ ਤੇ ਸ਼ਿਵ ਭਾਅ ਦੇ ਕੁਝ ਸਮਾਂ ਪਹਿਲਾਂ ਬਣੇ ਰਹੇ ਸੰਬੰਧਾਂ ਨੂੰ ਬੜੀ ਚੰਗੀ ਤਰ੍ਹਾਂ ਉਘਾੜ ਰਹੇ ਸਨ। ਪਰ ਇਸ ਨਾਲ ਮੇਰੀ ਤਸੱਲੀ ਨਹੀਂ ਹੋ ਰਹੀ ਸੀ ਜਿਸ ਕਰਕੇ ਮੈਂ ਉਸਤਾਦ ਸ਼ਾਇਰ ਨੂੰ ਹੋਰ ਡੂੰਘੇਰੇ ਰੂਪ ਵਿਚ ਫਰੋਲਣ ਲਈ ਭਾਅ ਦੀ ਗੱਲ ਵਿਸ਼ੇਸ਼ ਰੂਪ ਵਿਚ ਤੋਰੀ। ਬਾਬਲਾ ਕੋਈ ਵਿਸ਼ੇਸ਼ ਪ੍ਰਕਰਣ ਦੱਸੋ ਇਸ ਦਰਦ-ਰੰਞਾਣੇ ਗੀਤਕਾਰ ਦੀ ਸਾਂਝ ਦਾ ਜਿਸ ਨਾਲ ਉਸ ਦੀ ਕਾਵਿਗਤ ਸ਼ਖ਼ਸੀਅਤ ਦਾ ਕੋਈ ਵਿਸ਼ੇਸ਼ ਪੱਖ ਸਾਹਮਣੇ ਆਵੇ ਤੇ ਸਾਖਿਆਤ-ਸਪੱਸ਼ਟਤਾ ਦੇ ਦਿੰਦਾ ਹੋਇਆ ਉਸ ਨੂੰ ਉਜਾਗਰ ਕਰਦਾ ਜਾਵੇ। ਮੇਰਾ ਸੁਆਲ ਬੜਾ ਕਿਤਾਬੀ ਕਿਸਮ ਦਾ ਸੀ ਪਰ ਉਹਨਾਂ ਦਾ ਉੱਤਰ ਬੜਾ ਸਹਿਜ ਸੀ।

'ਉਦੋਂ ਉਹ ਜਣੀਂਦਾ ਮੇਰੀ ਜਾਚੇ ਸਾਲ ਵੇਸ਼ਨ ਸਕੂਲੇ ਪੜ੍ਹਦਾ ਹੋਊ ਜਦ ਮੇਰੇ ਪਾਸ ਪਹਿਲੀ ਵਾਰ ਆਇਆ... ਜਿੱਦਾਂ ਦਾ ਉਹ ਹੁਣ ਏਂ ਨਾ ਪਤਲਾ ਛੀਟਕਾ ਜਿਹਾ ਤਿਖੇ ਨਕਸ਼ੇ ਵਾਲਾ ਉਦੋਂ ਫਰਕ ਹੀ... ਕੁਝ ਚਿਹਰਾ ਭਰਵਾਂ ਤੇ ਭਾਰਾ ਸੀ ਉਹਨੀਂ ਦਿਨੀਂ .... ਕਈ ਵਾਰੀ ਸਵੇਰੇ ਈ ਆ ਜਾਂਦਾ... ਮੇਰੇ ਹੁੱਕੇ ਦੀ ਚਿਲਮ ਵੀ ਭਰ ਦਿੰਦਾ... ਸਾਰਾ ਦਿਨ ਰੁਣ ਝੁਣ ਕਰਦਾ ਰਹਿੰਦਾ.... 'ਮੈਂ ਉਹਨੂੰ ਸ਼ਾਇਰੀ ਦੀ ਅਲਫ ਬੇ ਦਸਦਾ.... 'ਸਾਇਰਾਂ ਦਾ ਬਹੁਤਾ ਸਾਰਾ ਕਲਾਮ ਪੜ੍ਹਨ ਲਈ ਕਹਿੰਦਾ.... ਤੁਹਾਡੀ ਸੰਗਤ ਉਸ ਕਿੰਨੀ ਕੁ ਕੀਤੀ 'ਬਸ ਜਿੰਨਾ ਚਿਰ ਏਥੇ ਕਾਲਜ ਰਿਹਾ.... ਤੁਸੀਂ ਉਸ ਨੂੰ ਕਦੀ ਸਮਾਜੀ ਸਮੱਸਿਆਵਾਂ ਦੀ ਗੱਲ ਨਾ ਸਮਝਾਈ 'ਦੱਸੀਆਂ ਸੀ ਉਹਨੂੰ ਸਾਰੀਆਂ ਜ਼ਮੀਨੀ ਹਕੀਕਤਾਂ... ਉਹ ਸੋਚੀਂ ਪੈ ਗਏ ਤੇ ਫਿਰ ਕੁਝ ਰੁਕ ਕੇ ਬੋਲੇ 'ਕਦੀ ਕੁਝ ਲਿਖ ਵੀ ਲਿਆਉਂਦਾ ਜਿਵੇਂ ਸ਼ੀਸ਼ੇ ਵਾਲੀ ਨਜ਼ਮ... ਸਮੁੱਚੇ ਰੂਪ ਵਿਚ ਕੋਈ ਗੱਲ ਬਣਦੀ ਨਜ਼ਰ ਆਈ ਵੀ ਕਿ ਨਾ ਮੈਂ ਫਿਰ ਕਿਹਾ 'ਨਾ ਬਈ ਨਾ ਹੌਲੀ-ਹੌਲੀ ਉਹ ਕੁੜੀਆਂ ਦੇ ਹੇਰਵੇ ਦੇ ਕਸੀਦੇ ਕੱਢਣ ਲੱਗ ਪਿਆ... ਭਾਵੇਂ ਭਾਅ ਨੇ ਤੁਹਾਡੀਆਂ ਕੁਝ ਗੱਲਾਂ ਨਹੀਂ ਮੰਨੀਆਂ ਹੋਣਗੀਆਂ ਪਰ ਜਿਹੜੀ ਅਸਲ ਸਿੱਖਿਆ ਉਹ ਲੈਣ ਆਇਆ ਸੀ ਉਹ ਉਸ ਜ਼ਰੂਰ ਗ੍ਰਹਿਣ ਕਰ ਲਈ। ਬਾਪੂ ਹੋਰਾਂ ਮੇਰੇ ਵੱਲ ਹੈਰਾਨੀ ਨਾਲ ਵੇਖਿਆ ਤੇ ਪੁੱਛਿਆ।

...ਉਹ ਕਿਹੜੀ ਜ਼ਰਾ ਮੈਨੂੰ ਵੀ ਦੱਸੋ... ਮੈਂ ਕਿਹਾ

... ਉਹ ਸੀ ਰੂਪ ਵਿਧਾਨ ਤੇ ਬਿਆਨ-ਕਲਾ ਦੀ ਪੁਖਤਗੀ। ਤੁਹਾਡੇ ਵਾਂਗ ਚੁਣ-ਚੁਣ ਕੇ ਘੜ-ਘੜ ਕੇ ਪੂਰਨ ਜੱਚਦੇ ਸ਼ਬਦ ਸਹੀ ਵੇਗ ਵਿਚ ਵਹਾਉਣੇ ਕਿ ਉਹ ਵਸਤੂ ਨੂੰ ਉਦੀਪਤ ਕਰਦੇ ਹੋਏ ਉਸ ਦਾ ਪ੍ਰਭਾਵ ਦੂਣ ਸਵਾਇਆ ਕਰਦੇ ਜਾਣ। ਬਾਪੂ ਹੋਰਾਂ ਮੇਰੀ ਗੱਲ ਨੂੰ ਸੁਣਿਆਂ ਤੇ ਫਿਰ ਚਿਥਦਿਆਂ ਆਖਿਆ...

.... ਹੁਣ ਤੂੰ ਨਕਾਦਾਂ ਪੜਚੋਲੀਆਂ ਵਾਲੀ ਕਰ ਦਿੱਤੀ ਊ। ਇਹਦਾ ਨਿਆਂ ਤੇ ਵਕਤ ਦੀ ਕਰੇਗਾ। ਫਿਰ ਲਿਖਣਾ ਲਿਖਾਉਣਾ ਕੋਈ ਦੂੰਹ ਚਹੁੰ ਵਰ੍ਹੀਆਂ ਦੀ ਘਾਣੀ ਤੇ ਹੁੰਦੀ ਨਹੀਂ ਨਾ...

ਏਨੇ ਨਾਲ ਵੀ ਮੇਰੀ ਤਸੱਲੀ ਨਹੀਂ ਹੋਈ ਸੀ। ਵਿਚਾਰ ਨੂੰ ਅਗੇਰੇ ਹੋਰ ਤੋਰਨਾ ਚਾਹੁੰਦਾ ਸਾਂ ਮੈਂ, ਤਾਂ ਕਿ ਉਸ ਦਰਦੀਲੇ ਗੀਤਕਾਰ ਦੇ ਅਰੰਭਲਿਆਂ ਦਿਨਾਂ ਦੀ ਕੋਈ ਹੋਰ ਤੰਦ ਫੜ ਸਕਾਂ ਕੋਈ ਹੋਰ ਪੜਾਓ ਜਾਣ ਸਕਾਂ ਜਿਹੜਾ ਉਸ ਨੂੰ ਸਫਲਤਾਵਾਂ ਦੀ ਸਿਖ਼ਰ ਵੱਲ ਨੂੰ ਲੈ ਗਿਆ। ਇਸ ਆਸ਼ੇ ਨਾਲ ਮੈਂ ਵਿਚਾਰ ਵਿਢਿਆ।

ਉਹਦੇ ਲਿਖਣ ਪੜ੍ਹਨ ਦੀ ਕੋਈ ਹੋਰ ਵਿਥਿਆ ਰੋਸ਼ਨੀ ਵਿਚ ਲਿਆ। ਮੇਰੇ ਏਨਾਂ ਕਹਿਣ ਤੇ ਬਾਪੂ ਹੋਰਾਂ ਸ਼ਾਇਰੀ ਦੀਆਂ ਦੋ ਸਤਰਾਂ ਬੋਲੀਆਂ ਤੇ ਉਹਨਾਂ ਨਾਲ ਹੋਇਆ ਬੀਤਿਆ ਵੀ ਨਾਲ ਜੋੜ ਦਿੱਤਾ।

'ਤੈਨੂੰ ਪਤੈ ਉਹ ਸ਼ਕਰ ਗੜ੍ਹੀਆਂ ਸਿਆਲ ਕੋਟੀਆਂ 'ਚੋਂ ਸੀ ਜਿਹੜੇ ਤੇਹ ਨੂੰ ਤਰੇਹ ਬੋਲਦੇ ਵੀ ਨੇ ਤੇ ਲਿਖਦੇ ਵੀ ਨੇ।

ਦਿਲ ਦੇ ਮਿਰਗ ਨੂੰ ਲੱਗੀ ਹੈ ਤਰੇਹ / ਪਰ ਦਿਸਦੇ ਨੇ ਚੁਫੇਰੇ ਵੀਰਾਨ ਥੇਹ।

ਉਸਤਾਦ ਹੋਰਾਂ ਦੇ ਦੱਸਣ ਅਨੁਸਾਰ ਉਹਨਾਂ ਇਸ ਨੂੰ ਸੋਧ ਕੇ ਇਉਂ ਕੀਤਾ

ਦਿਲ ਦੇ ਝੱਲੇ ਮਿਰਗ ਨੂੰ ਲੱਗੀ ਹੈ ਤੇਹ / ਪਰ ਨੇ ਦਿਸਦੇ ਚੁਫੇਰੇ ਵੀਰਾਨ ਥੇਹ।

ਇਸ ਦੌਰਾਨ ਹੀ ਉਹਨਾਂ ਹੋਰ ਵਿਥਿਆ-ਵਿਸਥਾਰ ਜੋੜਿਆ। ਇਕ ਹੋਰ ਗੱਲ ਯਾਦ ਆਉਂਦੀ ਊ ਉਹ ਲਿਖ ਕੇ ਲਿਆਇਆ।

ਹਲਦੀ ਰੰਗ ਵਸਾਰੀ ਦੀ ਭਰੀ ਪਚਕਾਰੀ / ਮਾਰੀ ਨੀ ਕਿਸ ਮੂੰਹ ਮੇਰੇ ਤੇ ਮਾਰੀ।

ਉਹਦੀਆਂ ਇਹ ਮੁਖੜਾ ਮਿਸਰੱਈ ਸਤਰਾਂ ਮੈਨੂੰ ਜੱਚੀਆਂ ਨਾ ਤੇ ਇੰਝ ਇਸ ਲਇਆ...

ਮੋਤੀਏ ਰੰਗੀ ਚਾਨਣੀ ਦੀ ਪਚਕਾਰੀ / ਮਾਰੀ ਨੀ ਕਿਸ ਮੁੱਖ ਮੇਰੇ ਤੇ ਮਾਰੀ।

'ਇਹ ਤਾਂ ਤੁਸੀਂ ਉਸ ਦੇ ਬਿਆਨ ਨੂੰ ਹੋਰ ਸਾਹਿਤਕਤਾ ਦੇ ਰੰਗ ਵਿਚ ਪੂਰਾ ਸੂਰਾ ਰੰਗ ਦਿੱਤਾ।' ਮੇਰੇ ਮੂੰਹੋਂ ਇਹ ਆਪ ਮੁਹਾਰੇ ਨਿਕਲ ਗਿਆ। ਪੀਲੱਤਣਾ ਤੇ ਉਹ ਵੀ ਚਿਹਰੇ ਦੀਆਂ ਇਨ੍ਹਾਂ ਨੂੰ ਉਸ ਨੇ ਹਲਦੀ ਰੰਗ ਵਸਾਰੀ ਵਿਚ ਬੰਨ੍ਹਿਆ ਸੀ। ਤੁਸੀਂ ਉਸ ਨੂੰ ਸ਼ਬਦ ਦੀ ਸਿਖਰੀ ਸ਼ਕਤੀ ਵਿਅੰਜਨਾ ਵਿਚ ਪੁਰੋ ਦਿੱਤਾ ਜਦਕਿ ਲਿਖਣ ਵਾਲੇ ਨੇ ਆਪਣੇ ਵਿਚਾਰ ਨੂੰ ਸ਼ਬਦ ਦੀ ਪਹਿਲੜੀ ਤੇ ਕੋਸ਼ਗਤ ਸ਼ਕਤੀ ਦੁਆਰਾ ਹੀ ਪ੍ਰਗਟਾਇਆ ਸੀ। ਮੇਰੀ ਗੱਲ ਨੂੰ ਸੁਣ ਕੇ ਉਹਨਾਂ ਆਪਣੇ ਮਨਦੀ ਕੋਈ ਹੋਰ ਨੁਕਰ ਫੋਲ ਕੇ ਕਹਿ ਸੁਣਾਇਆ।

'ਤੇਰੀ ਗੱਲ ਠੀਕ ਏ ਗੱਲ ਤੇ ਕਰਨੀ ਹੋਈ ਚਿਹਰੇ ਦੀ ਉਦਾਸੀ ਤੇ ਘਟਦੀ ਜੋਤ ਦੀ। ਹਲਦੀ ਤੇ ਵਸਾਰ ਦੋਵੇਂ ਲਿਆ ਕੇ ਦੋਹਰਾਓ ਵੀ ਆਉਂਦਾ ਸੀ ਤੇ ਬਿਆਨ ਵੀ ਮੋਟਾ ਠੋਲ੍ਹਾ ਰਹਿੰਦਾ ਸੀ। ਲੋੜ ਹੁੰਦੀ ਏ ਨਾਜ਼ਕ ਬਿਆਨੀ ਦੀ... ਮੋਤੀਏ ਰੰਗੀ ਚਾਨਣੀ ਵੀ ਜੁਜ਼ਬੰਦੀ ਜ਼ਿਆਦਾ ਪਿਆਰੀ ਲੱਗਦੀ ਸੀ ਤੇ ਨਿਆਰੀ ਵੀ...

ਜਦ ਅਸੀਂ ਸ਼ਿਵ ਕੁਮਾਰ ਤੇ ਸ਼ਾਇਰਾਨਾ ਜੀਵਨ ਤੇ ਆਰੰਭ ਬਾਰੇ ਭਾਲ ਵਿਚ ਤੁਰਦੇ ਹਾਂ ਤਾਂ ਕੁਝ ਸਹਿੱਤਕ ਗਵਾਹੀਆਂ ਤੇ ਕੁਝ ਵਿਅਕਤੀਗਤ ਨਿਸ਼ਾਨੇ ਦੇਹੀਆਂ ਸਾਡੇ ਸਾਮਹਣੇ ਆਉਂਦੀਆਂ ਹਨ ਜਿੰਨ੍ਹਾਂ ਦਾ ਹਵਾਲਾ ਇੱਥੇ ਦਰਜ ਕਰਨਾ ਜ਼ਰੂਰੀ ਬਣਦਾ ਹੈ। ਇਕ ਨਿਸ਼ਾਨ ਦੇਹੀ ਇਹ ਕਿ ਉਸ ਨੇ ਆਪਣਾ ਆਰੰਭ ਅਗਾਜ਼ ਬਟਾਲੇ ਦੇ ਸਾਹਿਤਕ ਸਭਿਆਚਾਰ ਤੋਂ ਕੀਤਾ ਤੇ ਇੱਥੇ ਹੀ ਹੋਏ ਇਕ ਕਵੀ ਦਰਬਾਰ ਵਿਚ ਉਸਨੂੰ ਉਸਦੇ ਇਕ ਪ੍ਰਕਾਸ਼ਕ ਨੇ ਸੁਣਿਆ। ਜਿਸ ਨੇ ਇਸ ਪਹਿਲੇ ਕਾਵਿ-ਪਾਠ ਸੁਣਨ ਤੋਂ ਹੀ ਉਸ ਵਿਚਲੀ ਕਵਿਤਾ-ਸਮਰੱਥਾ ਦੀ ਪੂਰੀ ਪਛਾਣ ਲਰ ਲਈ ਤੇ ਉਸ ਕੋਲੋਂ ਉਸ ਦੀਆਂ ਪਹਿਲੀਆਂ ਕਵਿਤਾਵਾਂ ਲੈ ਕੇ ਉਸ ਦਾ ਪਲੇਠਾ ਕਾਵਿ-ਸੰਗ੍ਰਹਿ ਪ੍ਰਕਾਸ਼ਤ ਕਰ ਦਿੱਤਾ। ਇਸ ਦਾ ਸੰਨ 1960 ਦਸਿਆ ਜਾਂਦਾ ਹੈ।

ਦੂਸਰੇ ਕਵੀ ਦਰਬਾਰੀ ਸਹਿਚਾਰ ਦੇ ਸਰੋਤ ਅਨੁਸਾਰ 1961 ਵਿਚ ਉਰਦੂ ਦੇ ਸੁਪ੍ਰਸਿੱਧ ਸ਼ਾਇਰ ਕੰਵਰ ਮੋਹਿੰਦਰ ਸਿੰਘ ਬੇਦੀ ਦੇ ਭਰਾਤਾ ਸੁਰਿੰਦਰ ਸਿੰਘ ਬੇਦੀ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਲੱਗੇ ਹੋਏ ਸਨ ਜਿੰਨ੍ਹਾਂ ਦੀ ਅਗੁਆਈ ਵਿਚ ਉਰਦੂ ਦੇ ਸ਼ਾਇਰਾਂ ਦੀ ਇਕ ਕਾਵਿ-ਮਹਿਫਲ ਹੋਣ ਜਾ ਰਹੀ ਸੀ ਜਿਸ ਵਿਚ ਸਾਡੇ ਸ਼ਾਇਰ ਨੂੰ ਕਾਵਿ-ਮਹਿਫਲ ਦੇ ਅਰੰਭ ਵਿਚ ਬੜੀ ਮੁਸ਼ਕਲ ਨਾਲ ਕਈ ਵਾਰ ਸਮਾਂ ਮੰਗੇ ਜਾਣ ਤੇ ਮੁੱਖ ਮਹਿਮਾਨ ਦੇ ਆਉਣ ਤੱਕ ਦੇ ਬਚਦੇ ਖਿਲਾਅ ਨੂੰ ਭਰਨ ਲਈ ਕਾਵਿ-ਪੇਸ਼ਕਾਰੀ ਦਾ ਅਵਸਰ ਦਿੱਤਾ ਗਿਆ ਜਿਸ ਦਾ ਪੂਰਾ ਲਾਭ ਲੈਂਦਿਆਂ ਸਾਡੇ ਕਾਵਿ-ਵਹਿਣ ਸ਼ਿਵ ਨੇ ਆਪਣੀ ਅਤੀ ਦਰਦ-ਭਿੰਨੀ ਕਾਵਿ-ਅਦਾਇਗੀ ਨਾਲ ਹਾਜ਼ਰ ਕਾਵਿ-ਸਰੋਤਿਆਂ ਦੀ ਧੰਨ-ਧੰਨ ਕਰਵਾ ਦਿੱਤੀ ਤੇ ਇਸ ਤਰ੍ਹਾਂ ਦਾ ਪਿਆਰ ਪਾਇਆ ਕਿ ਇਸ ਉਰਦੂ ਮੁਸ਼ਹਿਰੇ ਵਿਚ ਸਾਡੇ ਪੰਜਾਬੀ ਕਾਵਿ-ਕਾਰ ਦੀ ਮੰਗ ਬਾਰ-ਬਾਰ ਹੋਣ ਲੱਗੀ। ਜਿਹੜਾ ਮੰਚ ਸੰਯੋਧਕ ਸ਼ਿਵ ਕੁਮਾਰ ਨੂੰ ਉਰਦੂ ਭਾਸ਼ਾ ਦੇ ਉੱਚ ਸਤਰੀ ਮੁਸ਼ਾਹਿਰੇ ਵਿਚ ਪੰਜਾਬੀ ਕਵਿਤਾ ਨੂੰ ਰੰਗ 'ਚ ਭੰਗ ਕਹਿ ਰਿਹਾ ਸੀ ਕਿਉਂਕਿ ਉਸ ਵੇਲੇ ਉੱਥੇ ਉਰਦੂ ਦੇ ਬੜੇ ਉੱਚ ਪਾਏ ਦੇ ਰਾਸ਼ਟਰ ਪੱਧਰੀ ਨਾਮਵਰ ਸ਼ਾਇਰ ਪਧਾਰੇ ਹੋਏ ਸਨ। ਉਹੋ ਫਿਰ ਲੋਕਾਂ ਦੀ ਮੰਗ ਅੱਗੇ ਲਿਫਣ ਲਈ ਵਿੱਵਸ਼ ਹੋ ਰਿਹਾ ਸੀ। ਲੋਕਾਂ ਦੀ ਮੰਗ ਤਾਂ ਸ਼ਿਵ ਨੂੰ ਸੁਣਨ ਦੀ ਹੈ ਹੀ ਸੀ ਇਸ ਦੇ ਨਾਲ ਹੀ ਉਰਦੂ ਦੇ ਉੱਘੇ ਸ਼ਾਇਰ ਵੀ ਇਸ ਦਰਦ-ਰੰਝਾਣੇਂ ਸ਼ਾਇਰ ਦੀ ਸ਼ਾਇਰੀ ਤੋਂ ਅਪ੍ਰਭਾਵਤ ਨਹੀਂ ਰਹਿ ਸਕੇ ਸਨ।

ਮੇਰੀ ਸੋਚ ਅਨੁਸਾਰ ਸ਼ਿਵ ਭਾਅ ਦੇ ਕਾਵਿ-ਕਰਮ ਦੇ ਅਰੰਭ ਦੀਆਂ ਇਹ ਦੋਵੇਂ ਬਾਹਰੀ ਗਵਾਹੀਆਂ ਹਨ। ਭਾਵੇਂ ਇਹਨਾਂ ਦੀ ਸਾਰਥਕਤਾ ਵੀ ਸੁੱਟ ਪਾਉਣ ਵਾਲੀ ਨਹੀਂ ਫਿਰ ਵੀ ਸੋਚਦਾ ਹਾਂ ਕਿ ਸਾਡੇ ਆਪਣੇ ਬਾਪੂ ਯੁਮਨ ਜੀ ਦੀ ਤਥਗੱਤ ਗਵਾਹੀ ਇਸ ਪ੍ਰਸੰਗ ਨੂੰ ਹੋਰ ਗੂਹੜੀ ਰੋਸ਼ਨੀ ਪ੍ਰਦਾਨ ਕਰ ਸਕਦੀ ਹੈ। ਇਸ ਦਾ ਹਵਾਲਾ ਗੱਲ ਬਾਤ ਕਰਦਿਆਂ ਬਾਪੂ ਹੋਯਾ ਇਕ ਤੋਂ ਵੱਧ ਵਾਰ ਦਿੱਤਾ ਸੀ। ਉਹਨਾਂ ਅਨੁਸਾਰ ਇਹ ਵਾਕਿਆ ਨਿਸਬਤਨ ਛਵੰਜਾ ਸਤਵੰਜਾ ਦਾ ਹੋਊ... ਡਲਹੌਜੀ ਕਵੀ ਦਰਬਾਰ ਹੋਇਆ ਤੇ ਕਰਵਾਇਆ ਭਾਸ਼ਾ ਵਿਭਾਗ ਵਾਲਿਆਂ ਉੱਥੇ ਅਸੀਂ ਬੜੀ ਔਖ ਨਾਲ ਪਹੁੰਚੇ ਸਾਡੇ ਸ਼ਾਇਰ ਕੋਲ ਪੂਰਾ ਕਿਰਾਇਆ ਵੀ ਨਹੀਂ ਸੀ। ਮੇਰੇ ਦੋ ਤਿੰਨ ਵਾਰੀ ਕਹਿਣ ਤੇ ਇਹਨੂੰ ਸਮਾਂ ਮਿਲਿਆ ਉਹ ਵੀ ਦੂਜੇ ਦੌਰ ਵਿਚ... ਫਿਰ ਕੀ ਸੀ ਛਾ ਗਿਆ ਸਾਡਾ ਫਿਤਨਾ... ਲੁੱਟ ਲਿਆ ਮੁਸ਼ਾਹਰਾ।

ਇਸ ਪ੍ਰਕਾਰ ਇੱਥੇ ਸਾਨੂੰ ਆਪਣੇ ਸੋਹਲ-ਛਿੰਦੇ ਸ਼ਾਇਰ ਸ਼ਿਵ ਕੁਮਾਰ ਬਟਾਲਵੀ ਦੇ ਅਰੰਭ ਤਕ ਰਸਾਈ ਪ੍ਰਾਪਤ ਦਾ ਆਧਾਰ ਮਿਲ ਜਾਂਦਾ ਹੈ। ਇਸ ਨੂੰ ਅਸੀਂ ਉਸ ਵੀ ਕਾਵਿ-ਹਸਤੀ ਦੇ ਆਗਾਜ਼ ਦੀਆਂ ਜਨਮ-ਪੀੜਾਂ ਦੀ ਜਾਣਕਾਰੀ ਕਹਿ ਲਈਏ ਤਾਂ ਕੋਈ ਅਤਿ ਕਰਨੀ ਨਹੀਂ ਹੋਵੇਗੀ। ਭਾਵੇਂ ਸ਼ਿਵ ਭਾਅ ਆਪਣੇ ਸਿਖਰਲੇ ਸ਼ੋਹਰਤੀ ਪੜਾਓ ਨੂੰ ਪਹੁੰਚਦਾ ਹੋਇਆ ਯੁਮਨ ਹੋਰਾਂ ਦੀ ਉਸਤਾਦੀ ਤੋਂ ਅਨਮਨੇ ਭਾਵ ਹੀ ਜ਼ਾਹਰ ਕਰਦਾ ਸੀ ਪਰ ਪਿਤਾ ਪੁਰਖਤਾ ਉਸ ਨੂੰ ਪਿਆਰ ਹੀ ਕਰਦੀ ਰਹੀ ਸੀ। ਸਾਡੇ ਸਦੀਆਂ ਪ੍ਰਾਚੀਨ ਸਮਾਜਕ ਪ੍ਰਵਾਹ ਵਿਚ ਅਜਿਹੀਆਂ ਪ੍ਰਾਚੀਨ ਪ੍ਰਵਾਨਗੀ ਲੋਕ-ਉਕਤੀਆਂ ਪ੍ਰਾਪਤ ਹਨ ਜਿੰਨ੍ਹਾਂ ਦੀਆਂ ਵਡਿਆਈਆਂ ਤੇ ਵਿਚ ਸਮੋਏ ਸੱਚ ਤੋਂ ਬਲਿਹਾਰ ਜਾਣ ਨੂੰ ਜੀਅ ਕਰਦਾ ਹੈ। ਸਾਡੀ ਲੋਕਾਂ-ਉਚਾਰੀ ਪ੍ਰਮਾਣੀਕ ਰਾਇ ਰਹੀ ਹੈ ਕਿ ਪੁੱਤ ਕਪੁੱਤ ਹੋ ਜਾਇਆ ਕਰਦੇ ਹਨ ਪਰ ਮਾਪੇ ਕੁਮਾਪੇ ਨਹੀਂ ਹੋ ਸਕਦੇ ਕਿਉਂ ਕਿ ਉਹਨਾਂ ਦੀ ਘਾਲੀ ਘਾਲਣਾ ਤੇ ਹੱਡੀ ਰਚਿਆ ਮੋਹ ਉਹਨਾਂ ਨੂੰ ਪਿਆਰ ਵਿਚ ਹੀ ਪਰੋਈ ਰੱਖਦਾ ਹੈ। ਸਾਡੇ ਇਸ ਵਿਚਾਰ ਅਧੀਨ ਪ੍ਰਸੰਗ ਵਿਚ ਵੀ ਇਹ ਹੀ ਪ੍ਰਾਪਤ ਹੁੰਦਾ ਵੇਖਿਆ ਜਾ ਸਕਦਾ ਹੈ। ਇੱਥੇ ਵੀ ਕਾਵਿ-ਪੁੱਤਰ ਪਿਤਰਤਾ ਤੋਂ ਮੁਨਕਰ ਹੋ ਰਿਹਾ ਨਜ਼ਰ ਆਉਂਦਾ ਹੈ ਪਰ ਕਾਵਿ-ਪਿਤਾ ਆਪਣੀ ਸਤੱਤਾ ਦੀ ਪਹਿਰੇਦਾਰੀ ਕਰਦਿਆਂ ਪਿਆਰ ਹੀ ਪਿਆਰ ਹੋਇਆ ਅਸੀਸਾਂ ਦਿੰਦਾ ਰਿਹਾ ੀ। ਅਸੀਸਾਂ ਦੇ ਰਿਹਾ ਹੈ ਤੇ ਅਸੀਸਾਂ ਦੇਂਦਾ ਰਹੇਗਾ। ਵ

# ਪੰਜਾਬੀ ਲੋਕਧਾਰਾ ਅਧਿਐਨ ਦਾ ਮਹੱਤਵਪੂਰਨ ਹਸਤਾਖ਼ਰ : ਡਾ. ਸਤਿੰਦਰ ਔਲਖ

*ਡਾ. ਹਰਸਿਮਰਨ ਕੌਰ*

ਪੰਜਾਬੀ ਲੋਕਧਾਰਾ ਦੇ ਅਧਿਐਨ ਖੇਤਰ ਵਿਚ ਮਰਦਾਂ ਦੇ ਮੁਕਾਬਲਤਨ ਇਸਤਰੀ ਆਲੋਚਕਾਂ ਦੀ ਗਿਣਤੀ ਬਹੁਤ ਘੱਟ ਹੈ। ਡਾ. ਸਤਿੰਦਰ ਔਲਖ ਪੰਜਾਬੀ ਲੋਕਧਾਰਾ ਦੇ ਅਧਿਐਨ ਖੇਤਰ ਵਿਚ ਇਸਤਰੀ ਆਲੋਚਕਾਂ ਵਿਚੋਂ ਸਭ ਤੋਂ ਅਹਿਮ ਤੇ ਪ੍ਰਮੁੱਖ ਹਸਤਾਖ਼ਰ ਹੈ। ਡਾ. ਔਲਖ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਮਾਨਵ ਭਾਸ਼ਾ ਅਧਿਐਨ ਵਿਭਾਗ ਤੋਂ ਪੰਜਾਬ ਦੇ ਨਾਮਵਾਰ ਵਿਦਵਾਨ ਡਾ. ਹਰਜੀਤ ਸਿੰਘ ਗਿੱਲ ਦੀ ਦੇਖਰੇਖ ਵਿਚ 1979 ਵਿਚ ਆਪਣੀ ਪੀ.ਐੱਚ.ਡੀ ਦੀ ਡਿਗਰੀ ਲਈ ਲਿਖੇ ਥੀਸਿਸ 'The Semiological Patterns In The Legend of Mirja Sahiban' ਰਾਹੀਂ ਪੰਜਾਬੀ ਲੋਕਧਾਰਾ ਤੇ ਸਾਹਿਤ ਅਧਿਐਨ ਦੇ ਖੇਤਰ ਵਿਚ ਕਦਮ ਰੱਖਿਆ। ਡਾ. ਹਰਜੀਤ ਸਿੰਘ ਗਿੱਲ ਤੇ ਡਾ. ਹਰਿਭਜਨ ਸਿੰਘ 1970 ਤੋਂ ਬਾਅਦ ਅਧਿਐਨ ਦੇ ਖੇਤਰ ਵਿਚ ਇਕ ਕ੍ਰਾਂਤੀ ਦੀ ਤਰ੍ਹਾਂ ਆਰੰਭ ਹੋਏ ਸਰੰਚਨਾਵਾਦ ਤੇ ਚਿਹਨ ਵਿਗਿਆਨ ਦੇ ਅਧਿਐਨ ਖੇਤਰ ਵਿਚ ਜਾਣੇ ਪਛਾਣੇ ਨਾਂ ਸਨ। ਡਾ. ਔਲਖ ਦੇ ਅਧਿਆਪਕ ਡਾ. ਹਰਜੀਤ ਸਿੰਘ ਗਿੱਲ ਭਾਵੇਂ ਅੰਗਰੇਜ਼ੀ ਭਾਸ਼ਾ ਵਿਚ ਲਿਖਦੇ ਰਹੇ ਪਰ ਜਿਵੇਂ ਪੂਰਨ ਭਗਤ, ਹੀਰ-ਰਾਂਝਾ, ਰਾਜਾ ਰਸਾਲੂ, ਮਿਰਜ਼ਾ-ਸਾਹਿਬਾ, ਸੱਸੀ-ਪੁਨੂੰ, ਸੋਹਣੀ-ਮਹੀਵਾਲ ਨਾਲ ਸੰਬੰਧਿਤ ਮੱਧਕਾਲੀ ਕਿੱਸਾ ਸਾਹਿਤ ਤੇ ਇਹ ਥੀਸਿਸ ਜੋ ਮਿਰਜ਼ਾ-ਸਾਹਿਬਾ ਦੀ ਪ੍ਰਸਿੱਧ ਲੋਕ ਗਾਥਾ ਜੋ ਦੋ ਕਵੀਆਂ ਪੀਲੂ ਤੇ ਭਗਵਾਨ ਸਿੰਘ ਵਲੋਂ ਲਿਖੇ ਕਿੱਸਿਆਂ ਵਿਚ ਵਰਤੀ ਗਈ ਹੈ ਤੇ ਆਧਾਰਿਤ ਅਧਿਐਨ ਪੇਸ਼ ਕੀਤਾ ਗਿਆ ਹੈ। ਇੰਨ੍ਹਾਂ ਕਿੱਸਿਆਂ ਵਿਚ ਪੰਜਾਬੀ ਔਰਤ ਦੇ ਮਨ ਦੀ ਇਸ ਦੁਵਿਧਾ ਨੂੰ ਪੇਸ਼ ਕੀਤਾ ਗਿਆ ਹੈ ਜਿਸ ਵਿਚ ਉਹ ਮਾਂ-ਜਾਏ ਭਰਾ ਤੇ ਉਸ ਪ੍ਰੇਮੀ ਵਿਚੋਂ ਜੋ ਉਸ ਦੀ ਜ਼ਿੰਦਗੀ ਵਿਚ ਸਭ ਤੋਂ ਅਹਿਮ ਸੀ। ਕਿਸਨੂੰ ਚੁਣਦੀ ਹੈ। ਇਸ ਚੋਣ ਦੇ ਪਿੱਛੇ ਪੰਜਾਬੀ ਸਮਾਜ 'ਤੇ ਸਭਿਆਚਾਰ ਦੇ ਬਹੁਤ ਸਾਰੇ ਅਜਿਹੇ ਪੈਟਰਨ ਕਾਰਜਸ਼ੀਲ ਹਨ ਜੋ ਇਥੋਂ ਦੇ ਸਭਿਆਚਾਰ ਨੂੰ ਸਮਝਣ ਲਈ ਬਹੁਤ ਮਹੱਤਵਪੂਰਨ ਤੇ ਨਿਵੇਕਲੇ ਵੀ ਹਨ। ਪੰਜਾਬੀ ਸਾਹਿਤ ਵਿਚ ਕਿੱਸਾ ਸਾਹਿਤ ਨੂੰ ਪ੍ਰਮੁੱਖ ਥਾਂ ਹਾਸਿਲ ਹੈ। ਕਿੱਸਾ ਸਾਹਿਤ ਵਿਚ ਜਿਥੇ ਹੀਰ, ਸੱਸੀ, ਸੋਹਣੀ ਆਦਿ ਨਾਇਕਾਵਾਂ ਆਪਣੇ ਪਿਆਰ ਵਿਚ ਅਡਿੱਗ ਰਹਿ ਕੇ ਮੌਤ ਕਬੂਲਦੀਆਂ ਤੇ ਸਭਿਆਚਾਰ ਨੂੰ ਚੁਣੌਤੀ ਪੇਸ਼ ਕਰਦੀਆਂ ਹਨ ਉੱਥੇ ਸਾਹਿਬਾਂ ਇਹ ਸਭ ਕਰਦੀ ਹੋਈ ਵੀ ਆਖਿਰ ਵਿਚ ਆਪਣੇ ਭਰਾਵਾਂ ਦੀ ਮਿਰਜ਼ੇ ਦੇ ਹੱਥੋਂ ਮੌਤ ਕਬੂਲ ਕਰਨ ਸਮੇਂ ਘਬਰਾ ਜਾਂਦੀ ਹੈ ਤੇ ਉਸਦੀ ਦੁਚਿੱਤੀ ਵਿਚੋਂ ਮਿਰਜ਼ਾ ਆਪਣੀ ਜਾਨ ਗੁਆ ਬੈਠਦਾ ਹੈ। ਇਸ ਲਈ ਇਹ ਕਿੱਸਾ, ਕਿੱਸਾ ਸਾਹਿਤ ਵਿਚ ਇਕ ਵੱਖਰਾ ਮੁਕਾਮ ਰੱਖਦਾ ਹੈ। ਪੰਜਾਬੀ ਕਿੱਸਾ ਸਾਹਿਤ ਵਿਚ ਇਹ ਪੰਜਾਬੀ ਸਭਿਆਚਾਰਕ ਯਥਾਰਥ ਦੇ ਵੱਧ ਨੇੜੇ ਹੈ। ਇਸ ਕਿੱਸੇ ਨੂੰ ਸਮਝਣ ਲਈ ਪੰਜਾਬ ਦੇ ਅਜਿਹੇ ਸਭਿਆਚਾਰ ਨੂੰ ਸਮਝਣ ਦੀ ਲੋੜ ਹੈ ਜੋ ਨਾ ਹਿੰਦੂ, ਨਾ ਭਾਰਤੀ ਗ੍ਰੰਥਾਂ, ਮੱਧਕਾਲੀਨ ਸੂਫੀ ਤੇ ਗੁਰਬਾਣੀ ਸਾਹਿਤ ਤੇ ਕਿੱਸਾ ਸਾਹਿਤ ਦੇ ਨਾਲ ਕਿਰਸਾਨੀ ਮਾਨਸਿਕਤਾ ਨੂੰ ਸਮਝਣ ਦੀ ਲੋੜ ਹੈ। ਔਰਤ ਦੀ ਘਰ ਵਿਚ ਪੁੱਤਰ/ਧੀ ਦੀ ਸਥਿਤੀ ਤੇ ਉਨ੍ਹਾਂ ਪ੍ਰਤੀ ਰਵੱਈਆ, ਔਰਤ ਮਰਦ ਦੇ ਆਪਸੀ ਸੰਬੰਧ ਤੇ ਪੰਜਾਬੀ ਅਰਥਚਾਰੇ ਦੇ ਪੈਟਰਨ ਅਜਿਹੀ ਮਾਨਸਿਕਤਾ ਬਨਾਉਣ ਵਿਚ ਕਾਰਜ਼ਸ਼ੀਲ ਹਨ। ਇਹ ਥੀਸਿਸ ਉਸ ਸਮੇਂ ਬਹੁਤ ਚਰਚਾ ਵਿਚ ਰਿਹਾ ਸੀ। ਇਸ ਨੂੰ ਪੁਸਤਕ ਰੂਪ ਵਿਚ "FAst Horse And The Ferocious River" ਨਾਂ ਹੇਠ ਪੰਜਾਬੀ ਯੂਨੀਵਰਸਿਟੀ ਵਲੋਂ 1979 ਵਿਚ ਛਾਪਿਆ ਗਿਆ। ਇਹ ਥੀਸਿਸ ਚਿਹਨ-ਵਿਗਿਆਨ ਅੰਤਰਦ੍ਰਿਸ਼ਟੀ ਨਾਲ ਲਿਖੇ ਗਏ ਪਹਿਲੇ ਥੀਸਿਸਾਂ ਵਿਚੋਂ ਸੀ। ਉਸ ਤੋਂ ਬਾਅਦ ਸਰਕਾਰੀ ਕਾਲਜ ਵਿਚ ਅਧਿਆਪਨ ਦਾ ਕਾਰਜ ਕਰਦੇ ਹੋਏ ਕੁਝ ਖੋਜ-ਪੱਤਰ ਜਿਵੇਂ "The Existential Condition of Heer In Heer-Waris" ਅਤੇ "Human Condition of Raja Raslu And Puran Bhagat" ਅੰਗਰੇਜ਼ੀ ਭਾਸ਼ਾ ਵਿਚ ਲਿਖੇ ਜੋ ਬਾਅਦ ਵਿਚ ਇੰਡੀਅਨ ਫੋਕਲੋਰ ਕਾਂਗਰਸ (Indian Folklore Congress) ਮੈਸੂਰ ਤੇ ਭੁਵਨੇਸ਼ਵਰ ਵਿਖੇ ਪੇਸ਼ ਕੀਤੇ ਗਏ। ਇਹ ਖੋਜ-ਪੱਤਰ ਅਜੇ ਤੱਕ ਅਪ੍ਰਕਾਸ਼ਿਤ ਹਨ ਕਿਉਂਕਿ 1986 ਵਿਚ ਪੰਜਾਬੀ ਅਧਿਐਨ ਸਕੂਲ ਅੰਮ੍ਰਿਤਸਰ ਵਿਖੇ ਬਤੌਰ ਲੈਕਚਰਾਰ ਸੇਵਾ ਕਰਦੇ ਹੋਏ ਇੰਨ੍ਹਾਂ ਦਾ ਰੁਝਾਨ ਪੰਜਾਬੀ ਵਿਚ ਲਿਖਣ ਵੱਲ ਹੋ ਗਿਆ। ਆਪਣੇ ਅਧਿਆਪਨ ਕਾਰਜਕਾਲ ਦੌਰਾਨ ਆਪ ਅਨੇਕਾਂ ਬੋਰਡ ਦੇ ਮੈਂਬਰ ਵਜੋਂ ਨਿਯੁਕਤ ਹੋਏ। ਇਸ ਤੋਂ ਇਲਾਵਾ ਡਾ. ਸਤਿੰਦਰ ਔਲਖ 'Semiotic Reunion' ਨਾਂ ਦੀ ਪ੍ਰਸਿੱਧ ਸਭਾ ਦੇ ਮੈਂਬਰ ਰਹੇ ਜਿਸ ਦੇ ਸਰਪ੍ਰਸਤ ਡਾ. ਹਰਜੀਤ ਸਿੰਘ ਗਿੱਲ, ਪ੍ਰੋਫੈਸਰ ਇਮੈਰੀਟਸ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦਿੱਲੀ ਸਨ। ਇਹ ਸਭਾ 1980 ਤੋਂ ਲੈ ਕੇ 2003 ਤੱਕ ਕਾਰਜਸ਼ੀਲ ਰਹੀ। ਇਸ ਸਭਾ ਵੱਲੋਂ ਹਰ ਸਾਲ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ ਦਾ ਇਕ ਸੈਮੀਨਾਰ ਕਰਵਾਇਆ ਜਾਂਦਾ ਸੀ ਜਿਸ ਵਿਚ ਸ਼ਿਰਕਤ ਕਰਨਾ ਬੌਧਿਕ ਤੌਰ 'ਤੇ ਤਸੱਲੀ ਦੇਣ ਵਾਲਾ ਕਾਰਜ ਸੀ 'Semiotic Reunion' ਦੇ ਕਈ ਸੈਮੀਨਾਰ ਪੰਜਾਬੀ ਯੂਨੀਵਰਸਿਟੀ ਪਟਿਆਲਾ

(1980-84) ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦਿੱਲੀ (1984-2002) ਤੇ ਫਿਰ ਐਡਵਾਂਸਡ ਇੰਸਟੀਚਿਊਟ ਆਫ ਰਿਸਰਚ ਸ਼ਿਮਲਾ ਵਿਚ ਹੋਏ। ਇੰਨ੍ਹਾਂ ਸੈਮੀਨਾਰਾਂ ਵਿਚ ਸਮੇਂ-ਸਮੇਂ ਸ਼ਿਰਕਤ ਕਰਨ ਵਾਲੇ ਭਾਰਤ ਦੇ ਵੱਖ-ਵੱਖ ਸੂਬਿਆਂ ਜਾਂ ਫਰਾਂਸ, ਇੰਗਲੈਂਡ, ਆਇਰਲੈਂਡ ਆਦਿ ਦੇਸ਼ਾਂ ਤੋਂ ਆਉਣ ਵਾਲੇ ਵਿਦਵਾਨ ਹੁੰਦੇ ਸਨ। ਡਾ. ਸਤਿੰਦਰ ਔਲਖ ਵੱਲੋਂ ਇਸ ਸਭਾ ਵੱਲੋਂ ਕਰਵਾਏ ਸੈਮੀਨਾਰਾਂ ਵਿਚ ਸਮੇਂ-ਸਮੇਂ ਹਿੱਸਾ ਲਿਆ ਤੇ ਚਾਰ ਵਾਰ ਮਹੱਤਵਪੂਰਨ ਵਿਸ਼ਿਆਂ 'ਤੇ ਖੋਜ-ਪੱਤਰ ਪੜ੍ਹੇ। ਇਹ ਪੇਪਰ ਹਨ :

1. Semiotic Structre of the Tales Around the Legend of Raja Rasalu, 1991 (J.N.U. Delhi)
2. Semiotics of Nirvana in Prem Parkash Story 'Mukti', 1993 (J.N.U. Delhi)
3. The Existentialist Semiotics of a Discourse : Waris Shah Heer, 1996 (J.N.U Delhi)
4. The Legend & Its Transformation, 2000 (J.N.U. Delhi)

ਡਾ. ਸਤਿੰਦਰ ਔਲਖ ਸੈਂਟਰਲ ਇੰਸਟੀਚਿਊਟ ਆਫ਼ ਇੰਡੀਅਨ ਲੈਂਗੂਏਜਜ਼, ਮੈਸੂਰ ਵਿਖੇ ਬਣਾਈ ਸਭਾ "Mysore Semiotic Circle' ਦੇ ਮੈਂਬਰ ਵੀ ਰਹੇ ਜੋ ਡਾ. ਰਣਜੀਤ ਸਿੰਘ ਰੰਗੀਲਾ ਤੇ ਉਨ੍ਹਾਂ ਦੇ ਸਹਿਯੋਗੀਆਂ ਵਲੋਂ ਬਣਾਈ ਗਈ ਸੀ। ਇਸ ਸਭਾ ਦੁਆਰਾ ਡ਼ਯਯਸ਼ ਅਤੇ ਵ਼ਤਦਖਗਵਠ ੳਗੀਰਥਠਤਸ ਸ਼ਤਠੀਜਤੀਗਦ ਡ਼ਗਠਖਵਗ ਟਹਜਅਠਗਦਹਕਤਵ ਦੀ ਸਹਾਇਤਾ ਨਾਲ ਹਰ ਸਾਲ ਸੈਮੀਨਾਰ ਦਾ ਆਯੋਜਨ ਭਾਰਤ ਦੇ ਵਿਭਿੰਨ ਸ਼ਹਿਰਾਂ ਵਿਚ ਕੀਤਾ ਜਾਂਦਾ ਸੀ। ਆਪ ਨੇ ਭਥਸਦਜਪਰਸ ਵੱਲੋਂ ਕਰਵਾਏ ਗਏ । ਯਠਖਗਵਠਤਖਰਥਠਤਸ ਭਰਠਠਥਜੀਗਵਰਤਠ ਤਠਿ ਣਸਤਲਰਡ ਭਥਸੀਂਸਥਵਗ ਡ਼ਥਠੀਵਗਦਦ ਦੇ ਸੈਮੀਨਾਰਾਂ ਵਿਚ 1984 ਤੇ 1991 ਵਿਚ ਭਾਗ ਲਿਆ ਤੇ ਪੇਪਰ ਪੜ੍ਹੇ। ਗੁਆਂਢੀ ਦੇਸ਼ਾਂ ਦੀ ਲੋਕਧਾਰਾ ਬਾਰੇ ਜਾਣਨ ਦਾ ਇਹ ਵਧੀਆ ਮੌਕਾ ਸੀ। ਇਸ ਤੋਂ ਇਲਾਵਾ ਬਾਬਾ ਬੁੱਲ੍ਹੇ ਸ਼ਾਹ ਦੇ ਉਰਸ ਮੌਕੇ 'ਤੇ ਜੁਲਾਈ-ਅਗਸਤ 2004 ਵਿਚ ਆਪ ਪਾਕਿਸਤਾਨ ਗਏ। ਉੱਥੇ ਪਾਕਿਸਤਾਨ ਦੇ ਉੱਘੇ ਵਿਦਵਾਨਾਂ ਜਿੰਨ੍ਹਾਂ ਵਿਚ ਨਜ਼ਮ ਹੁਸੈਨ ਸਈਅਦ ਦਾ ਨਾਂ ਸਭ ਤੋਂ ਅਹਿਮ ਹੈ ਨੂੰ ਮਿਲੇ। ਇੱਥੇ ਆਪ ਨੇ ਪੂਰਬੀ ਤੇ ਪੱਛਮੀ ਪੰਜਾਬ ਦੇ ਸਾਂਝੇ ਸੂਫੀ ਸ਼ਾਇਰ ਬਾਬਾ ਬੁਲ੍ਹੇ ਸ਼ਾਹ ਸੰਬੰਧੀ ਵਿਦਵਾਨ ਲੋਕਾਂ ਦੇ ਭਾਸ਼ਣ ਤੇ ਵਿਚਾਰ ਵਟਾਂਦਰੇ ਵਿਚ ਹਿੱਸਾ ਲਿਆ।

ਡਾ. ਔਲਖ ਲਈ ਔਰਤ ਦੀ ਆਜ਼ਾਦੀ ਤੇ ਉਸਦੀ ਸਥਿਤੀ ਦਾ ਮਸਲਾ ਬਹੁਤ ਅਹਿਮ ਰਿਹਾ ਹੈ ਜਿਸ ਕਰਕੇ ਉਹ ਸਮੇਂ-ਸਮੇਂ ਅਜਿਹੇ ਸੰਬੰਧ ਵਿਚ ਆਯੋਜਿਤ ਕੀਤੇ ਜਾਣ ਵਾਲੇ ਸੈਮੀਨਾਰਾਂ ਵਿਚ ਅਕਸਰ ਸ਼ਿਰਕਤ ਕਰਦੇ ਰਹਿੰਦੇ ਸੀ। ਆਪਣੇ ਕਾਰਜਕਾਲ ਦੌਰਾਨ ਉਨ੍ਹਾਂ ਨੇ ਕਈ ਰਿਸਰਚ ਪ੍ਰੋਜੈਕਟ 'ਤੇ ਵੀ ਕੰਮ ਕੀਤਾ। 1997-98 ਵਿਚ ਡਾ. ਔਲਖ ਨੇ ਯੂ.ਜੀ.ਸੀ ਦੇ ਰਿਸਰਚ ਪ੍ਰੋਜੈਕਟ 'ਵਿਆਹ ਦੇ ਲੋਕ ਗੀਤਾਂ ਦਾ ਮਾਨਵ ਵਿਗਿਆਨਕ ਅਧਿਐਨ (ਮਾਮੇ ਦੀ ਵਿਆਹ ਦੀਆਂ ਰਸਮਾਂ ਵਿਚ ਵਿਸ਼ੇਸ਼ ਭੂਮਿਕਾ ਦੇ ਸੰਦਰਭ ਵਿਚ) ਵਿਸ਼ੇ 'ਤੇ ਮੁਕੰਮਲ ਕੀਤਾ। ਇਸ ਵਿਚ ਵਿਆਹ ਦੇ ਮੌਕੇ ਗਾਏ ਜਾਂਦੇ ਲੋਕ ਗੀਤਾਂ ਤੇ ਨਿਭਾਈਆਂ ਜਾਂਦੀਆਂ ਰਹੁ-ਰੀਤਾਂ ਦੇ ਸੰਦਰਭ ਵਿਚ ਰਿਸ਼ਤਾ-ਨਾਤਾ ਪ੍ਰਬੰਧ ਨਾਲ ਸੰਬੰਧਿਤ ਵਰਤਾਰਿਆਂ ਦਾ ਅਧਿਐਨ ਕੀਤਾ ਗਿਆ ਹੈ। 2005 ਵਿਚ ਯੂ.ਜੀ.ਸੀ. (ਸੈਪ) ਦੇ ਰਿਸਰਚ ਪ੍ਰੋਜੈਕਟ ਅਧੀਨ ਪੰਜਾਬੀ ਮਿਥ ਅਤੇ ਦੰਤ ਕਥਾਵਾਂ ਵਿਸ਼ੇ 'ਤੇ ਰਿਸਰਚ ਕੀਤੀ। ਇਸ ਵਿਚ ਭਾਰਤੀ ਮਿਥਿਹਾਸ ਜੋ ਪੰਜਾਬ ਦਾ ਵੀ ਮਿਥਿਹਾਸਕ ਵਿਰਸਾ ਹੈ ਅਤੇ ਪੰਜਾਬੀ ਦੰਤ ਕਥਾਵਾਂ ਵਿਚੋਂ ਇੰਦਰਾਜ ਲੈ ਕੇ ਕੋਸ਼ ਤਿਆਰ ਕੀਤਾ ਹੈ। ਇਸੇ ਸਾਲ ਭਾਵ 2005 ਵਿਚ ਵਿਅਕਤੀਗਤ ਤੌਰ 'ਤੇ ਆਪ ਨੇ "ਪੰਜਾਬੀ ਸਾਹਿਤ ਵਿਚ ਨਾਰੀ' ਵਿਸ਼ੇ 'ਤੇ ਪ੍ਰੋਜੈਕਟ ਲਿਆ। ਪੰਜਾਬੀ ਸਾਹਿਤ ਵਿਚ ਮੱਧਕਾਲੀਨ ਸਮੇਂ ਤੋਂ ਆਧੁਨਿਕ ਯੁੱਗ ਤੱਕ ਔਰਤ ਦੇ ਬਿੰਬ ਦੀ ਉਸਾਰੀ ਵਿਚ ਲਗਾਤਾਰ ਪਰਿਵਰਤਨ ਆਉਂਦਾ ਰਿਹਾ ਹੈ। ਪਰ ਇਸਦੇ ਨਾਲ ਹੀ ਇਕ ਨਿਰੰਤਰਤਾ ਵੀ ਬਰਕਰਾਰ ਹੈ। ਵੀਹਵੀਂ ਸਦੀ ਤੋਂ ਬਾਅਦ ਇਹ ਵਖਰੇਵਾਂ ਹੋਰ ਵੱਧ ਗਿਆ ਹੈ। ਸਮਾਜਕ ਪ੍ਰਬੰਧ ਵਿਚ ਔਰਤ ਦੀ ਆਜ਼ਾਦੀ ਦਾ ਮਸਲਾ ਵੀ ਬਹੁਤ ਗੁੰਝਲਦਾਰ ਹੈ। ਪੰਜਾਬੀ ਸਾਹਿਤ ਵਿਚ ਔਰਤ ਆਪਣੇ ਆਪ ਨੂੰ ਮਨੁੱਖ ਦੇ ਤੌਰ 'ਤੇ ਪਛਾਣੇ ਜਾਣ ਲਈ ਲਗਾਤਾਰ ਯਤਨ ਕਰ ਰਹੀ ਹੈ। ਪਰੰਤੂ ਉਸਦੀ ਇਹ ਖ਼ਾਹਿਸ਼ ਅਜੇ ਪੂਰੀ ਨਹੀਂ ਹੋਈ। ਪੰਜਾਬੀ ਲੇਖਕ ਔਰਤ ਨੂੰ ਕਿਸ ਤਰ੍ਹਾਂ ਪ੍ਰਤੀਬਿੰਬ ਕਰਦੇ ਹਨ। ਇਸ ਸੰਬੰਧੀ ਅਨੇਕਾਂ ਪਰਿਪੇਖ ਵਿਅਕਤੀਗਤ ਤੌਰ 'ਤੇ ਡਾ. ਔਲਖ ਨੇ ਆਪਣੀਆਂ ਲਿਖਤਾਂ ਰਾਹੀਂ ਸਾਹਮਣੇ ਲਿਆਉਣ ਦਾ ਯਤਨ ਕੀਤਾ ਹੈ। ਡਾ. ਔਲਖ ਦੇ ਅਧਿਐਨ ਤੇ ਅਧਿਆਪਨ ਦਾ ਸੰਬੰਧ ਮੁੱਖ ਤੌਰ 'ਤੇ ਲੋਕਧਾਰਾ ਦੇ ਖੇਤਰ ਨਾਲ ਸੰਬੰਧਿਤ ਰਿਹਾ ਹੈ। ਇਸ ਤੋਂ ਇਲਾਵਾ ਆਪ ਨੇ ਸਭਿਆਚਾਰ, ਆਲੋਚਨਾ, ਗਲਪ ਸਾਹਿਤ, ਨਾਟਕ, ਪਰਵਾਸੀ ਸਾਹਿਤ ਦੇ ਖੇਤਰਾਂ ਵਿਚ ਵੀ ਮਹੱਤਵਪੂਰਨ ਕੰਮ ਕੀਤਾ ਹੈ। ਉਨ੍ਹਾਂ ਵਲੋਂ ਪੰਜਾਬੀ ਸਾਹਿਤ ਨਾਲ ਸੰਬੰਧਿਤ ਬਹੁਤ ਸਾਰੇ ਲੇਖਕਾਂ ਤੇ ਉਨ੍ਹਾਂ ਦੀਆਂ ਲਿਖੀਆਂ ਕਲਾਕ੍ਰਿਤਾ ਨੂੰ ਸਮਝਣ ਦਾ ਉਪਰਾਲਾ ਵੀ ਕੀਤਾ ਜਾਂਦਾ ਰਿਹਾ ਹੈ। ਉਨ੍ਹਾਂ ਦੇ ਅਧਿਐਨ ਦਾ ਸੰਬੰਧ ਪੰਜਾਬੀ ਦਾ ਗਲਪ ਸਾਹਿਤ ਤੇ ਉਹ ਨਾਟਕ ਰਹੇ ਹਨ ਜਿੰਨ੍ਹਾਂ ਵਿਚ ਕਿਸੇ ਲੋਕਧਾਰਾਈ ਟੈਕਸਟ ਨੂੰ ਸਮਕਾਲੀ ਅਰਥਾਂ ਅਨੁਸਾਰ ਰੂਪਾਂਤ੍ਰਿਤ ਕੀਤਾ ਗਿਆ ਹੁੰਦਾ ਹੈ। ਡਾ. ਸਤਿੰਦਰ ਔਲਖ ਦੇ ਅੱਜ ਤੱਕ ਦੇ ਸਮੁੱਚੇ ਖੋਜ ਅਤੇ ਆਲੋਚਨਾਤਮਕ ਕਾਰਜ ਨਾਲ ਸੰਬੰਧਿਤ ਪੁਸਤਕਾਂ ਨੂੰ ਨਿਮਨਲਿਖਿਤ ਅਨੁਸਾਰ ਵੇਖਿਆ ਜਾ ਸਕਦਾ ਹੈ :

1. Fast Horse and The Ferocious River, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1979
2. ਪੰਜਾਬੀ ਬਿਰਤਾਂਤ : ਗਾਥਾ ਖਾਹਿਸ਼ ਦੇ ਤਣਾਉ ਦੀ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1998

3. ਲੋਕ ਰੰਗ (ਸੰਪਾਦਿਤ), ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ 1998
4. Tales Around Maharaja Ranjit Singh By. J. Kairon (Translate form Punjabi to English), Translators : Dr. Ramandeep Singh Dr. Satinder Aulakh & Dr. Parminder Singh), ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮਿਤਸਰ, 2001
5. ਪੰਜਾਬੀ ਲੋਕਧਾਰਾ ਵਿਰਸਾ ਤੇ ਵਰਤਮਾਨ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ 2011
6. ਉਤਪਤੀ ਤੇ ਵਿਨਾਸ਼ ਦੀਆਂ ਮਿਥਾਂ : ਚੇਤਨ ਅਚੇਤਨ ਦੇ ਪੈਟਰਨ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2016
7. ਮਨੋਵਿਸ਼ਲੇਸ਼ਣ ਅਤੇ ਪੰਜਾਬੀ ਲੋਕਧਾਰਾ, ਪੰਜਾਬੀ ਯੂਨੀਵਰਸਿਟੀ ਪਟਿਆਲਾ, 2019
8. ਮਨਮੋਹਨ ਬਾਵਾ ਦਾ ਕਥਾ ਜਗਤ : ਇਤਿਹਾਸ ਤੇ ਮਿਥਿਹਾਸ ਦੇ ਸੰਦਰਭ 'ਚ, ਗ੍ਰੇਸ਼ੀਅਸ ਬੁਕਸ, ਪਟਿਆਲਾ, 2019

ਡਾ. ਸਤਿੰਦਰ ਔਲਖ ਨੇ ਪੰਜਾਬੀ ਅਧਿਐਨ ਸਕੂਲ ਵਲੋਂ ਆਯੋਜਿਤ ਕੀਤੇ ਕਈ ਸੈਮੀਨਾਰਾਂ, ਫੋਕਲੋਰ ਕਾਂਗਰਸ, ਪਟਿਆਲਾ ਯੂਨੀਵਰਸਿਟੀ ਦੀਆਂ ਕਾਨਫਰੰਸਾਂ, ਜੇ.ਐਨ.ਯੂ. ਵਿਚ ਉਤਰ ਸੰਰਚਨਾਵਾਦ, ਮਨੋਵਿਸ਼ਲੇਸ਼ਣ, ਸਰੰਚਨਾਵਾਦ, ਚਿਹਨ ਵਿਗਿਆਨ ਅਧਿਐਨ ਦੁਆਰਾ ਮਿਥ, ਕਲਾਸਕੀ ਸਾਹਿਤ ਤੇ ਲੋਕ ਸਾਹਿਤ 'ਤੇ ਕਈ ਖੋਜ ਪੱਤਰ ਪੇਸ਼ ਕੀਤੇ ਹਨ। ਉਨ੍ਹਾਂ ਦੇ ਤਕਰੀਬਨ ਚਾਲੀ ਖੋਜ-ਪੱਤਰ ਵੱਖ-ਵੱਖ ਰਸਾਲਿਆਂ, ਮੈਗਜ਼ੀਨਾਂ ਤੇ ਸੰਪਾਦਿਤ ਪੁਸਤਕਾਂ ਵਿਚ ਛੱਪ ਚੁੱਕੇ ਹਨ। ਉਨ੍ਹਾਂ ਦੇ ਜਿੱਥੇ ਪੰਜਾਬੀ ਵਿਚ ਖੋਜ-ਪੱਤਰ ਪ੍ਰਕਾਸ਼ਿਤ ਹੋਏ ਉੱਥੇ ਉਨ੍ਹਾਂ ਅੰਗਰੇਜ਼ੀ ਭਾਸ਼ਾ ਵਿਚ ਵੀ ਕਈ ਖੋਜ-ਪੱਤਰ ਲਿਖੇ। ਉਨ੍ਹਾਂ ਦੇ ਖੋਜ-ਪੱਤਰ ਖੋਜ ਦਰਪਣ, ਖੋਜ ਪੱਤ੍ਰਿਕਾ, ਸਭਿਆਚਾਰ ਪਤ੍ਰਿਕਾ, ਵਾਹਗਾ ਵਰਗੇ ਨਾਮਵਰ ਰਸਾਲਿਆਂ ਵਿਚ ਪ੍ਰਕਾਸ਼ਿਤ ਹੋਏ ਹਨ :

- ਭਾਸ਼ਾ ਅਧਿਐਨ ਅਤੇ ਵਿਚਾਰਧਾਰਾ ਚਿਹਨ ਵਿਗਿਆਨ ਤੇ ਇਸਦਾ ਪਿਛੋਕੜ- ਖੋਜ ਦਰਖਣ, ਜਨਵਰੀ 1995
- ਕਿੱਸਾ ਸਾਹਿਤ ਵਿਚ ਇਸ਼ਕ ਅਤੇ ਉਸਦਾ ਸੰਸਾਰ – ਖੋਜ ਦਰਪਣ, ਜੁਲਾਈ 1995
- ਅਭਿਸਾਰਿਕਾ : ਬਲਵੰਤ ਗਾਰਗੀ – ਖੋਜ ਦਰਪਣ, ਜੁਲਾਈ 1996
- ਹੀਰ ਦੀ ਦੰਤ ਕਥਾ ਅਤੇ ਕਿੱਸਾ ਸਾਹਿਤ : ਭਾਰਤੀ ਸਾਹਿਤ – ਖੋਜ ਦਰਪਣ, ਜਨਵਰੀ 1999
- ਪਰੰਪਰਾ ਤੇ ਸਭਿਆਚਾਰ ਦੇ ਸੰਦਰਭ ਵਿਚ ਵਿਆਹ ਦੀਆਂ ਰਸਮਾਂ ਦਾ ਮਾਨਵ ਵਿਗਿਆਨ ਪਰਿਪੇਖ – ਖੋਜ ਦਰਪਣ, ਜੁਲਾਈ 2001 (ਮਾਮੇ ਦੀ ਇੰਨ੍ਹਾਂ ਰਸਮਾਂ ਵਿਚ ਵਿਸ਼ੇਸ਼ ਭੂਮਿਕਾ ਦੇ ਸੰਦਰਭ ਵਿਚ)
- Contermporary Punjabi Culture and Pre-History ^ Shaque Muhammad's Play 'Mussali' & 'Kuknus' - Journal of Reginal Hisoty Vol VII, 2001
- ਕਾਦਰਯਾਰ ਦਾ ਕਿੱਸਾ ਪੂਰਨ ਭਗਤ : ਇਕ ਅਧਿਐਨ – ਮਹਾਰਾਜਾ ਰਣਜੀਤ ਸਿੰਘ ਕਾਲ ਦਾ ਪੰਜਾਬੀ ਸਾਹਿਤ (18ਵੀਂ ਪੰਜਾਬੀ ਵਿਕਾਸ ਕੌਂਰ ਪੰਜਾਬੀ ਯੂਨੀਵਰਸਿਟੀ ਪਟਿਆਲਾ, 2002
- ਪ੍ਰੇਮ ਪ੍ਰਕਾਸ਼ ਦੀ ਕਹਾਣੀ : ਲਿੰਗਕਤਾ, ਮੌਤ ਅਤੇ ਸਮਾਜ – ਪ੍ਰੇਮ ਪ੍ਰਕਾਸ਼ ਦੀ ਕਥਾ ਦਾ ਅੰਤਰ ਬੋਧ, ਸੰਪ. ਡਾ ਤੇਜਵੰਤ ਸਿੰਘ ਗਿੱਲ, 2003
- ਪੁਸਤਕ ਰੀਵਿਊ – ਖੋਜ ਦਰਪਣ, ਜਨਵਰੀ 2003
- ਅਨੁਵਾਦ : ਪ੍ਰੀਤੋ ਦੀ ਫੁਲਕਾਰੀ (ਲੇਖਕ ਡਾ. ਹਰਜੀਤ ਸਿੰਘ ਗਿੱਲ) ਅੰਗਰੇਜ਼ੀ ਤੋਂ – ਖੋਜ ਦਰਪਣ, ਜਨਵਰੀ 2003
- ਅਨੁਵਾਦ : ਕਾਫਕਾ ਅਤੇ ਮਿਥਿਹਾਸ : ਮਿਥ ਦਾ ਰੂਪਾਂਤਰਣ (ਲੇਖਕ ਰੋਜ਼ੀ ਸਿੰਘ) – ਖੋਜ ਦਰਪਣ, ਜਨਵਰੀ 2004
- ਪੰਜਾਬ ਦੇ ਸਮਾਜ-ਸਭਿਆਚਾਰਕ ਇਤਿਹਾਸ ਦਾ ਪੁਨਰ ਅਵਲੋਕਨ (ਇਸਹਾਕ ਮੁਹੰਮਦ ਦੇ ਨਾਟਕਾਂ 'ਮੁਸੱਲੀ' ਅਤੇ ਕੁਕਨੁਸ ਦੇ ਆਧਾਰ 'ਤੇ) – ਖੋਜ ਦਰਪਣ, ਜਨਵਰੀ 2004
- ਮਿਥ, ਪੰਜਾਬੀ ਨਾਟਕ ਅਤੇ ਸਵਰਾਜਬੀਰ ਦਾ ਨਾਟਕ 'ਕ੍ਰਿਸ਼ਨ' – ਖੋਜ ਪਤ੍ਰਿਕਾ, ਮਾਰਚ 2007
- ਹੀਰ ਵਾਰਿਸ ਵਿਚਲੇ ਦਵੰਦ ਦੇ ਪੈਟਰਨ – ਖੋਜ ਪਤ੍ਰਿਕਾ, ਮਾਰਚ 2007
- ਲੋਕਧਾਰਾ ਅਤੇ ਸਭਿਆਚਾਰ : ਮਨੋਵਿਸ਼ਲੇਸ਼ਣਾਤਮਿਕ ਅਧਿਐਨ – ਸਭਿਆਚਾਰ ਪਤ੍ਰਿਕਾ, ਜਨਵਰੀ 2012
- ਸਮੂਹਕ ਅਚੇਤ ਤੇ ਲੋਕਧਾਰਾ ਵਿਚ ਮਿਲਦੇ ਆਦਿਮ ਰੂਪ (ਛਵਡਹਗਖਚੁਗਦ) – ਖੋਜ ਦਰਪਣ, 2011
- ਲੋਕਧਾਰਾ, ਮਾਸ ਕਲਚਰ ਅਤੇ ਪਾਪੂਲਰ ਕਲਚਰ : ਵਿਸ਼ਵੀਕਰਣ ਦੇ ਸੰਦਰਭ ਵਿਚ – ਸਭਿਆਚਾਰ ਪਤ੍ਰਿਕਾ, ਜਨਵਰੀ 2012
- ਮੈਂ ਤਾਂ ਇਕ ਸਾਰੰਗੀ ਹਾਂ : ਇਕ ਮਨੋਵਿਸ਼ਲੇਸ਼ਣਾਤਮਕ ਚਿਹਨ ਵਿਗਿਆਨਕ ਅਧਿਐਨ – ਮੈਂ ਤਾਂ ਇਕ ਸਾਰੰਗੀ ਹਾਂ

: ਨਾਟ ਦ੍ਰਿਸ਼ਟੀ, ਸੰਪ. ਡਾ. ਹਰਜੀਤ ਕੌਰ, 2014

- ਸਮਾਜ ਵਿਚ ਔਰਤ ਦੀ ਮਾਨਵੀ ਸਥਿਤੀ (1940 ਤੋਂ 1990 ਤੱਕ ਦੀ ਪੰਜਾਬੀ ਕਹਾਣੀ ਦੇ ਸੰਦਰਭ ਵਿਚ) – ਸਮਾਜਕ ਵਿਗਿਆਨ ਪੱਤਰ, 2015
- ਸਵਰਾਜਬੀਰ ਦੇ ਨਾਟਕਾਂ ਵਿਚ ਮਿਥ ਦੇ ਪੈਟਰਨ – ਸਵਰਾਜਬੀਰ ਦਾ ਨਾਟ–ਜਗਤ (ਪਿਤਰਕੀ ਪ੍ਰਬੰਧ ਨੂੰ ਕਲਾਕਾਰ) ਸੰਪ. ਡਾ. ਹਰਜੋਧ ਸਿੰਘ, 2016
- ਰਾਸ ਲੀਲ੍ਹਾ – ਪ੍ਰਦਰਸ਼ਨ ਕਲਾ – ਵਾਹਗਾ, ਅੰਕ 1, 2016

ਸਮੁੱਚੇ ਰੂਪ ਵਿਚ ਡਾ. ਸਤਿੰਦਰ ਔਲਖ ਦੀਆਂ ਲਿਖਤਾਂ ਦੇ ਕਈ ਅਹਿਮ ਨੁਕਤੇ ਉੱਭਰ ਕੇ ਸਾਹਮਣੇ ਆਉਂਦੇ ਹਨ ਜੋ ਉਨ੍ਹਾਂ ਦੇ ਅਧਿਐਨ ਕਾਰਜ ਦੇ ਪ੍ਰਮੁੱਖ ਆਧਾਰ ਮੰਨੇ ਜਾ ਸਕਦੇ ਹਨ :

- ਡਾ. ਔਲਖ ਨੇ ਲੋਕਧਾਰਾ ਤੇ ਲੋਕਧਾਰਾ ਵਿਗਿਆਨ, ਲੋਕਧਾਰਾ ਤੇ ਸਭਿਆਚਾਰ, ਬਿਰਤਾਂਤ ਸਾਹਿਤ, ਸਾਹਿਤ ਸਿਧਾਂਤ ਤੇ ਆਲੋਚਨਾ, ਪੰਜਾਬੀ ਗਲਪ ਤੇ ਨਾਟਕ, ਪੰਜਾਬੀ ਵਿਚ ਅਨੁਵਾਦਿਤ ਕਲਾਸਿਕ ਵਿਸ਼ਵ ਸਾਹਿਤ ਖੇਤਰਾਂ ਵਿਚ ਕਲਮ ਅਜ਼ਮਾਈ ਕੀਤੀ ਹੈ।
- ਉਨ੍ਹਾਂ ਨੇ ਲਿਖਤਾਂ ਜਾਂ ਪਾਠ ਦੇ ਬਿਰਤਾਂਤਾ (Textual Analysis) ਨੂੰ ਮੁੱਖ ਰੂਪ ਵਿਚ ਚਿੰਨ੍ਹ ਵਿਗਿਆਨ (Semiotics), ਮਨੋਵਿਗਿਆਨ/ਮਨੋਵਿਸ਼ਲੇਸ਼ਣ (Psychoanalysis) ਤੇ ਸਰੰਚਨਾਵਾਦ (Strucuralism) ਅੰਤਰਦ੍ਰਿਸ਼ਟੀਆਂ ਰਾਹੀਂ ਵਰਤਿਆ ਹੈ।
- ਮਿਥ ਅਧਿਐਨ ਤੇ ਮਿਥ ਦੇ ਖੇਤਰ ਵਿਚ ਡਾ. ਔਲਖ ਨੇ ਵੱਡੀ ਗਿਣਤੀ ਵਿਚ ਖੋਜ–ਕਾਰਜ ਕੀਤਾ ਹੈ। ਉਨ੍ਹਾਂ ਨੂੰ ਭਾਰਤੀ ਮਿਥਾਂ ਦੇ ਨਾਲ ਯੂਨਾਨੀ ਤੇ ਵਿਸ਼ਵ ਦੀਆਂ ਹੋਰਨਾਂ ਮਿਥਾਂ ਦੀ ਡੂੰਘਾ ਗਿਆਨ ਸੀ ਜਿਸਦੇ ਹਵਾਲੇ ਉਨ੍ਹਾਂ ਦੀਆਂ ਕਈ ਪੁਸਤਕਾਂ ਤੇ ਖੋਜ–ਪੱਤਰਾਂ ਵਿਚ ਮਿਲਦੇ ਰਹੇ ਹਨ।
- ਡਾ. ਸਤਿੰਦਰ ਔਲਖ 'ਨਾਰੀਵਾਦ' ਖੇਤਰ ਵਿਚ ਵੀ ਦਿਲਚਸਪੀ ਰੱਖਦੇ ਸਨ। ਉਹ ਨਾਰੀ–ਮਰਦ ਦੇ ਸੰਬੰਧਾਂ, ਨਾਰੀ ਦਸ਼ਾ, ਨਾਰੀ ਪ੍ਰਤੀ ਸਮਾਜਿਕ ਵਿਵਹਾਰ ਤੇ ਨਾਰੀ ਦੀ ਫੈਮਨਿਜ਼ਮ ਸੋਚ ਦੇ ਸੰਬੰਧੀ ਸਮੇਂ–ਸਮੇਂ ਚਰਚਾ ਕਰਦੇ ਰਹੇ। ਉਨ੍ਹਾਂ ਨੇ ਔਰਤ ਕਿਰਦਾਰਾਂ 'ਤੇ ਲਿਖਣ ਕਾਰਜ ਕੀਤਾ ਹੈ। ਉਨ੍ਹਾਂ ਨੇ ਮੱਧਕਾਲੀਨ ਸਾਹਿਤ ਖਾਸ ਤੌਰ 'ਤੇ ਕਿੱਸਾ ਸਾਹਿਤ ਦੀ ਔਰਤ ਤੋਂ ਲੈ ਕੇ ਆਧੁਨਿਕ ਸਮੇਂ ਦੇ ਸਾਹਿਤ ਵਿਚ ਪੇਸ਼ ਕੀਤੀਆਂ ਔਰਤ ਪਾਤਰਾਂ ਦਾ ਬਹੁਪੱਖੀ ਅਧਿਐਨ ਕੀਤਾ ਹੈ। ਉਹਨਾਂ ਅਨੁਸਾਰ 'ਔਰਤ ਦੀ ਆਜ਼ਾਦੀ ਤੇ ਉਸਦੀ ਸਥਿਤੀ ਦਾ ਮਸਲਾ ਔਰਤ ਹੋਣ ਕਰਕੇ ਉਹਨਾਂ ਲਈ ਬਹੁਤ ਮਹੱਤਵਪੂਰਨ ਹੈ।"

ਡਾ. ਸਤਿੰਦਰ ਔਲਖ ਨੇ ਪਰੋਪ, ਲੈਵੀ ਸਤਰਾਸ, ਰੋਲਾਂ ਬਾਰਤ, ਫਰਾਇਡ, ਦੁਰਖੀਮ, ਬੌਦਰੀਲਾਰਦ ਤੇ ਹੋਰ ਬਹੁਤ ਸਾਰੇ ਚਿੰਤਕਾਂ ਦੇ ਅਧਿਐਨ ਪਹਿਲੂਆਂ ਨੂੰ ਵਾਚਦਿਆਂ ਪੰਜਾਬੀ ਲੋਕਧਾਰਾ ਸਭਿਆਚਾਰ ਵਿਚ ਵੀ ਅਜਿਹੇ ਮਿਲਦੇ ਭਾਸ਼ਾਈ ਤੇ ਗੈਰ ਭਾਸ਼ਾਈ ਪ੍ਰਬੰਧਾਂ ਨੂੰ ਸਮਝਣ ਦਾ ਯਤਨ ਕੀਤਾ ਹੈ। ਮਿੱਥ, ਦੰਤ ਕਥਾ ਜਾਂ ਹੋਰ ਲੋਕਧਾਰਾਈ ਵਰਤਾਰੇ ਸਮਾਏ ਹੋਏ ਹਨ ਜਿੰਨ੍ਹਾਂ ਨੂੰ ਲੇਖਕ ਵਰਤਮਾਨ ਵਿਚ ਰੂਪਾਂਤਿਰਤ ਕਰ ਰਿਹਾ ਹੈ ਜਿਵੇਂ ਸ਼ਿਵ ਕੁਮਾਰ ਬਟਾਲਵੀ "ਲੂਣਾ" ਵਿਚ, ਸਵਰਾਜਬੀਰ 'ਕ੍ਰਿਸ਼ਨ ਨਾਟਕ ਵਿਚ, ਗੁਰਦਿਆਲ ਸਿੰਘ 'ਪਰਸਾ' ਵਿਚ ਤੇ ਪਾਕਿਸਤਾਨੀ ਲੇਖਕ ਇਸਹਾਕ ਮੁਹੰਮਦ 'ਮੁਸੱਲੀ' ਤੇ 'ਕੁਕਨਸ' ਵਿਚ। ਇੰਗਲੈਂਡ ਵਿਚ ਬੈਠਾ ਲੇਖਕ ਸਵਰਨ ਚੰਦਨ 'ਕੰਜਕਾਂ' ਨਾਵਲ ਰਾਹੀਂ ਕੰਜਕਾਂ ਦਾ ਬਰਤਾਨੀਆਂ ਦੀ ਧਰਤੀ ਤੇ ਆਧੁਨਿਕ ਰੂਪਾਂਤਰਿਤ ਰੂਪ ਪ੍ਰਗਟ ਕਰ ਰਿਹਾ ਹੈ। ਇਸ ਤਰ੍ਹਾਂ ਬਹੁਤ ਸਾਰਾ ਪੰਜਾਬੀ ਸਾਹਿਤ ਹੈ ਜਿਸ ਦਾ ਸੰਬੰਧ ਮੱਧਕਾਲ ਨਾਲ ਵੀ ਹੈ ਜਿਵੇਂ ਕਿੱਸਾ, ਸੂਫੀ, ਗੁਰਮਤਿ ਸਾਹਿਤ ਅਤੇ ਆਧੁਨਿਕ ਸਾਹਿਤ ਜਿਸ ਵਿਚ ਲੇਖਕ ਆਰੀਅਨ ਲੋਕਾਂ ਦੇ ਆਉਣ ਤੋਂ ਵੀ ਪਹਿਲਾਂ ਦੇ ਸਭਿਆਚਾਰਕ ਵਰਤਾਰਿਆਂ ਦੀ ਨਿਰੰਤਰਤਾ ਦੇ ਪੈਟਰਨਾਂ ਨੂੰ ਆਪਣੀ ਸਾਹਿਤ ਰਚਨਾ ਦਾ ਹਿੱਸਾ ਬਣਾਉਂਦੇ ਹਨ। ਅਜਿਹੇ ਪ੍ਰਵਚਨਾਂ ਨੂੰ ਸਮਝਣ ਦਾ ਯਤਨ ਕਰਨਾ ਮੈਨੂੰ ਸਾਰਥਕ ਪ੍ਰਤੀਤ ਹੁੰਦਾ ਹੈ ਜਿਸ ਵਿਚ ਆਪਣੇ ਸਭਿਆਚਾਰ ਦੀ ਨਿਰੰਤਰਤਾ ਤੇ ਪਰਿਵਰਤਨ ਦੀ ਝਲਕ ਮਿਲਦੀ ਹੋਵੇ। ਇਸ ਲਈ ਮੈਂ ਇਕ ਪਾਸੇ ਕਿੱਸਾ ਸਾਹਿਤ ਤੇ ਪ੍ਰਵਚਨ ਜਿਵੇਂ ਕਾਦਰਯਾਰ ਦਾ 'ਪੂਰਨ ਭਗਤ, ਪੀਲੂ ਦਾ ਮਿਰਜ਼ਾ ਸਾਹਿਬਾ, ਵਾਰਿਸ ਦੀ ਹੀਰ' ਨੂੰ ਆਪਣੇ ਅਧਿਐਨ ਦਾ ਵਿਸ਼ਾ ਬਣਾਇਆ ਹੈ। ਉਸੇ ਤਰ੍ਹਾਂ ਆਧੁਨਿਕ ਸਮੇਂ ਦੇ ਉਨ੍ਹਾਂ ਲੇਖਕਾਂ ਵਿਚ ਬਾਰੇ ਕੁਝ ਲਿਖਣ ਦਾ ਯਤਨ ਕੀਤਾ ਹੈ ਜੋ ਇਸ ਨਿਰੰਤਰ ਪ੍ਰਵਾਹ ਨਾਲ ਜੁੜੇ ਹੋਏ ਹਨ। ਇੱਥੋਂ ਤੱਕ ਕਿ ਪ੍ਰੇਮ ਪ੍ਰਕਾਸ਼ ਵਰਗੇ ਆਧੁਨਿਕ ਬੋਧ ਦੇ ਲੇਖਕਾਂ ਵਿਚ ਵੀ ਪਰੰਪਰਾ ਦੇ ਅੰਸ਼ ਪਛਾਣੇ ਜਾ ਸਕਦੇ ਹਨ। ਇਸ ਤੋਂ ਬਿਨ੍ਹਾਂ ਪੰਜਾਬੀ ਜਨਜੀਵਨ ਵਿਚ ਪ੍ਰਚਲਿਤ ਕਥਾ ਸਾਹਿਤ, ਰਹੁ–ਰੀਤਾਂ, ਤਿਉਹਾਰਾਂ, ਰਿਸ਼ਤਾ–ਨਾਤਾ ਪ੍ਰਬੰਧ, ਪੂਜਾ ਵਿਧੀਆਂ ਤੇ ਪਰੰਪਰਾ ਇਕੱਠੇ ਵੇਖਣ ਨੂੰ ਮਿਲਦੇ ਹਨ। ਖੋਜ–ਨਿਬੰਧਾਂ ਤੇ ਖੋਜ–ਪ੍ਰਬੰਧ ਵਿਚ ਅਜਿਹੇ ਹੀ ਵਿਸ਼ਿਆਂ 'ਤੇ ਕੰਮ ਕਰਵਾਇਆ ਹੈ।"

ਡਾ. ਸਤਿੰਦਰ ਔਲਖ ਭਾਵੇਂ ਅੱਜ ਸਾਡੇ ਵਿਚ ਨਹੀਂ ਰਹੇ ਪਰੰਤੂ ਉਨ੍ਹਾਂ ਦੁਆਰਾ ਕੀਤਾ ਗਿਆ ਮੁੱਲਵਾਨ ਖੋਜ ਤੇ ਆਲੋਚਨਾਤਮਕ ਕਾਰਜ ਹਮੇਸ਼ਾਂ ਉਨ੍ਹਾਂ ਨੂੰ ਜ਼ਿੰਦਾ ਰੱਖੇਗਾ।

# ਰੰਗ ਵੀ ਨੇ ਸਾਜ਼ਿਸ਼ੀ

*ਜਤਿੰਦਰ ਸਿੰਘ*

ਰੰਗਾਂ ਦਾ ਆਪਣਾ ਵਜੂਦ ਤੇ ਸੰਸਾਰ ਹੈ। ਰੰਗ ਭੌਤਿਕ ਰੂਪ ਵਿਚ ਵਿਚਰਨ ਦੇ ਨਾਲ-ਨਾਲ, ਬੰਦੇ ਦੇ ਮਨ ਦੀਆਂ ਧਰਤਾਂ ਨੂੰ ਪ੍ਰਤੀਕਾਂਤਮਕ ਰੂਪ ਰਾਹੀਂ ਖੋਲ੍ਹਦੇ ਹਨ। ਰੰਗ ਬੰਦੇ ਦੇ ਚੇਤਨ ਅਤੇ ਅਵਚੇਤਨ ਵਿਚ ਪਏ ਵੱਖ-ਵੱਖ ਭਾਵਾਂ, ਜਜ਼ਬਿਆਂ, ਮੁਸ਼ਕਲਾਂ ਅੜਚਣਾਂ, ਦੁੱਖਾਂ-ਸੁੱਖਾਂ ਤੇ ਦੁਸ਼ਵਾਰੀਆਂ ਨੂੰ ਪ੍ਰਗਟਾਉਣ ਦਾ ਮਾਧਿਅਮ ਬਣਦੇ ਹਨ।

ਰੰਗਾਂ ਦਾ ਜ਼ਿੰਦਗੀ ਨਾਲ ਜੋ ਸਬੰਧ ਤੇ ਮਹੱਤਵ ਹੈ ਉਹਨਾਂ ਦਾ ਸਭਿਆਚਾਰਕ, ਸਿਆਸੀ ਅਤੇ ਇਤਿਹਾਸਕ ਹਕੀਕਤਾਂ ਨਾਲ ਕੀ ਤੁਅੱਲਕ ਹੈ? ਉਹਨਾਂ ਨੂੰ ਕਿਸਾਨੀ ਸੰਘਰਸ਼ ਵਿਚ ਸਮਝਣ ਦਾ ਯਤਨ ਕੀਤਾ ਜਾ ਸਕਦਾ ਹੈ।

ਕਿਸਾਨਾਂ ਤੇ ਕਿਰਤੀਆਂ ਵਲੋਂ ਬਸੰਤੀ, ਹਰਾ, ਤੇ ਲਾਲ ਤਿੰਨ ਪ੍ਰਮੁੱਖ ਰੰਗਾਂ ਨੂੰ ਅਪਣਾਇਆ ਗਿਆ ਹੈ। ਪੰਜਾਬ ਦੇ ਪ੍ਰਸੰਗ ਵਿਚ ਇਹਨਾਂ ਰੰਗਾਂ ਦੇ ਪ੍ਰਭਾਵਾਂ ਨੂੰ ਸਮਝਣ ਲਈ, ਇਥੋਂ ਦੇ ਭੂਗੋਲਿਕ ਖਿੱਤੇ ਬਾਰੇ ਵੀ ਸਮਝਣਾ ਜ਼ਰੂਰੀ ਬਣ ਜਾਂਦਾ ਹੈ। ਜਿਸ ਰੁੱਤਾਂ ਮੌਸਮਾਂ, ਸਭਿਆਚਾਰਕ ਰਹਿਤਲਾਂ ਦੇ ਨਾਲ-ਨਾਲ ਵਿਰਸੇ ਅਤੇ ਲੋਕ ਸਾਹਿਤ ਵੱਲ ਧਿਆਨ ਦੇਣਾ ਬਣਦਾ ਹੈ। ਇਹਨਾਂ ਰੰਗਾਂ ਦੀਆਂ ਜੜ੍ਹਾਂ ਗੁਰਮਿਤ, ਸੂਫੀ ਤੇ ਕਿੱਸਾ ਵਿਚੋਂ ਵੀ ਤਲਾਸ਼ੀਆ ਜਾ ਸਕਦੀਆਂ ਹਨ।

ਕਿਸਾਨੀ ਸੰਘਰਸ਼ ਨੇ ਲੋਕਾਂ ਹਿੱਤਾਂ ਦੀ ਪੂਰਤੀ ਲਈ ਜੋ ਰਾਹ ਅਖ਼ਤਿਆਰ ਕੀਤਾ ਹੈ। ਉਸ ਨੇ ਹਿੰਦੋਸਤਾਨ ਦੇ ਇਤਿਹਾਸ ਵਿਚ ਨਵੀ ਮਿਸਾਲ ਕਾਇਮ ਕੀਤੀ ਹੈ। ਇਸ ਅੰਦੋਲਨ ਵਿਚ ਕਿਸਾਨਾਂ ਤੇ ਕਿਰਤੀਆਂ ਵਲੋਂ ਏਕਤਾ ਅਤੇ ਕਿਸਾਨੀ ਕਾਨੂੰਨ ਪ੍ਰਤੀ ਰੋਸ ਲਈ ਜਿਹੜੇ ਰੰਗ ਚੁਣੇ ਹਨ। ਉਹਨਾਂ ਦਾ ਬਰੇ ਹਿੰਦੋਸਤਾਨੀ ਸਾਗਰ ਨਾਲ ਡੂੰਘਾ ਸਬੰਧ ਜੁੜਦਾ ਹੈ।

ਪੰਜਾਬੀ ਲੋਕ ਸਭਿਆਚਾਰ ਦੀਆਂ ਪਰਤਾਂ ਨੂੰ ਫਰੋਲਿਆ ਜਾਵੇ ਤਾਂ ਬਸੰਤੀ ਰੰਗ, ਪੰਜਾਬੀਆਂ ਦੇ ਅੰਗ ਸੰਗ ਵਿਚ ਸਮਾਇਆ ਹੋਇਆ ਹੈ। ਕਿਸਾਨੀ ਸੰਘਰਸ਼ ਵਿਚ ਔਰਤਾਂ ਵਲੋਂ ਜ਼ਿਆਦਾਤਰ ਬਸੰਤੀ ਰੰਗ ਦੀਆਂ ਚੁੰਨੀਆਂ ਤੇ ਮਰਦਾਂ ਵਲੋਂ ਇਸੇ ਰੰਗ ਦੀਆਂ ਪੱਗਾਂ ਬੰਨ੍ਹੀਆਂ ਹੋਈਆ ਅਤੇ ਨਾਲ ਹੀ ਇਸੇ ਰੰਗ ਦੇ ਝੰਡੇ ਫੜੇ ਹਨ। ਬਸੰਤੀ ਰੰਗ ਦਾ ਸਬੰਧ ਬਸੰਤ ਰੁੱਤ ਨਾਲ ਹੈ। ਇਹ ਰੁੱਤ ਪੱਤਝੜ ਤੋਂ ਬਾਅਦ ਖੁਸ਼ੀ ਖੇੜੇ ਤੇ ਬਾਹਰ ਲੈ ਕੇ ਆਉਂਦੀ ਹੈ। ਇਸ ਰੁੱਤ ਵੇਲੇ ਧਰਤੀ ਦੇ ਚਾਰ-ਚੁਫੇਰੇ ਖੇੜਾ ਹੁੰਦਾ ਹੈ ਅਤੇ ਬਸੰਤੀ ਰੰਗ ਦੇ ਫੁੱਲ ਖਿੜੇ ਹੁੰਦੇ ਹਨ ਉਹਚਾਹੇ ਸਰੋਂ ਦੇ ਖੇਤ ਹੋਣ ਜਾ ਫਿਰ ਕਿੱਕਰਾ ਦੇ ਕੰਢਿਆਂ ਵਿਚੋਂ ਬਸੰਤੀ ਰੰਗ ਦੇ ਫੁੱਲ ਝਾਤੀ ਮਾਰਦੇ ਦਿਖਾਈ ਦੇਂਦੇ ਹਨ। ਕਿੱਕਰਾਂ ਦੇ ਕੰਢਿਆਂ ਵਿਚੋਂ ਇਸ ਰੰਗ ਦੇ ਫੁੱਲ ਨਿਕਲਣ ਦਾ ਸਿੱਧਾ ਜਿਹਾ ਭਾਵ ਮੁਸ਼ਕਲ ਸਮਿਆ ਵਿਚ ਬਸੰਤੀ ਰੰਗ ਹੀ ਖੇੜਾ ਤੇ ਖੁਸ਼ੀ ਲਿਆ ਸਕਦਾ ਹੈ। ਇਸੇ ਲਈ ਪੰਜਾਬੀ ਲੋਕ ਮਨਾਂ ਵਿਚ ਬਸੰਤੀ ਰੰਗ ਨੇ ਖ਼ਾਸ ਥਾਂ ਬਣਾਈ ਹੋਈ ਹੈ। ਪੰਜਾਬ ਵਿਚ ਖੁਸ਼ੀ ਦੇ ਮੌਕੇ ਘਰਾਂ ਵਿਚ ਮਿੱਠੇ ਚੌਲ ਬਣਾਏ ਜਾਂਦੇ ਹਨ ਤਾਂ ਇਸੇ ਰੰਗ ਦਾ ਇਸਤੇਮਾਲ ਕੀਤਾ ਜਾਂਦਾ ਹੈ। ਇਹ ਰੰਗ ਖ਼ੁਸ਼ੀ-ਖੇੜੇ, ਆਜ਼ਾਦੀ ਤੇ ਸ੍ਵੈਮਾਣ ਦਾ ਪ੍ਰਤੀਕ ਹੈ। ਕਿਸਾਨਾਂ ਨੇ ਵੀ ਏਸੇ ਰੰਗ ਦੀਆਂ ਪੱਗਾਂ, ਚੁੰਨੀਆਂ ਤੇ ਝੰਡੇ ਰੰਗੇ ਹੋਏ ਹਨ। ਇਹ ਰੰਗ ਧਰਮਾਂ, ਜਾਤਾਂ-ਜਮਾਤਾਂ ਦੀਆਂ ਵੱਲਗਣਾਂ ਤੋਂ ਪਾਰ ਉੱਠ ਕੇ ਧਰਤੀ ਦੀ ਸਾਂਝ ਦੀ ਬਾਤ ਪਾਉਂਦਾ ਹੈ। ਗੁਰੂ ਅਰਜਨ ਸਾਹਿਬ ਵੀ ਇਸ ਰੁੱਤ ਬਾਰੇ ਲਿਖਦੇ ਹਨ: *ਰੁਤਿ ਸਰਸ ਬਸੰਤ ਮਾਹ ਚੇਤੁ ਵੈਸਾਖ ਸੁਖ ਮਾਸੁ ਜੀਉ ॥*

ਲਾਲ ਰੰਗ ਜੋ ਕਿਸਾਨ ਤੇ ਮਜ਼ਦੂਰ ਯੂਨੀਅਨ ਦੇ ਝੰਡਿਆਂ ਤੇ ਪੱਗਾਂ ਦਾ ਹੈ। ਲਾਲ ਰੰਗ ਊਰਜਾ/ਸ਼ਕਤੀ ਦਾ ਪ੍ਰਤੀਕ ਹੈ। ਪੰਜਾਬੀ ਲੋਕ-ਸਭਿਆਚਾਰ ਦੀ ਰਹਿਤਲ ਵਿਚ ਇਸ ਰੰਗ ਲਾਲ ਰੰਗ ਦੀ ਵਿਸ਼ੇਸ਼ ਮਹੱਤਤਾ ਤੇ ਸਥਾਨ ਹੈ। ਇਹ ਸ਼ਗਨਾਂ ਦਾ ਰੰਗ ਹੈ। ਗੁਰਮਤਿ ਦੇ ਸੰਦਰਭ ਵਿਚ ਵੇਖਿਆ ਜਾਵੇ ਤਾਂ ਇਹ ਰੰਗ ਕਰਮ ਕਾਂਡਾਂ ਦੇ ਵਿਰੋਧ ਵਿਚ ਹੈ ਗੁਰੂ ਨਾਨਕ ਸਾਹਿਬ ਨੇ ਗ੍ਰਹਿਸਤ ਜੀਵਨ ਨੂੰ ਮਹੱਤਵ ਦਿੱਤਾ ਅਤੇ ਉਹਨਾਂ ਸਮਾਜਕ ਬਦਲਾਵ ਲਈ ਇਸੇ ਰੰਗ ਨਾਲ ਸਾਂਝ ਪਾਉਣ ਦੀ ਗੱਲ ਕੀਤੀ ਹੈ:

*ਨਾ ਮੈਲਾ ਨਾ ਧੁੰਧਲਾ ਨਾ ਭਗਵਾ ਨਾ ਕਚੁ ॥*
*ਨਾਨਕ ਲਾਲੋ ਲਾਲੁ ਹੈ ਸਚੈ ਰਤਾ ਸਚੁ ॥*

ਗੁਰਬਾਣੀ ਦਾ ਮੂਲ ਆਸ਼ਾ ਸਮਾਜਕ ਬਦਲਾਵ ਹੈ। ਕਿ ਕਿਵੇਂ ਸਮਾਜਕ ਕੁਰੀਤੀਆਂ ਭਾਵ ਧਾਰਮਕ ਕੱਟੜਤਾ ਤੇ ਕਰਮ ਕਾਂਡਾਂ ਤੋਂ ਲੋਕਾਂ ਦਾ ਖਹਿੜਾ ਛੁਡਾਇਆ ਜਾਵੇ। ਬੁਲ੍ਹੇ ਸ਼ਾਹ ਵੀ ਲਿਖਦੇ ਹਨ:

*ਜਿਸ ਨੂੰ ਇਸ਼ਕ ਹੈ ਲਾਲ ਦਾ ਸੋ ਲਾਲ ਹੋ ਜਾਵੇ।*

ਹਿੰਦੁਸਤਾਨੀ ਬਹਾਰ, ਬਸੰਤ ਦੇ ਆਗਮਨ ਦੇ ਦੋ ਵੱਡੇ ਚਿੰਨ੍ਹ ਹਨ, ਸਰ੍ਹੋਂ ਦੇ ਪੀਲੇ ਫੁੱਲ ਜੋ ਫਰਵਰੀ ਦੇ ਪਹਿਲੇ ... ਵਿਚ ਇਕ ਸੁਨਹਿਰੀ ਝੀਲ ਵਾਂਗ ਝੂੰਮਦੇ ਹਨ ਤੇ ਘੁੱਗੀਆਂ ਦੀ ਮਧੁਰ ਘੂੰ-ਘੂੰ। ਇਸ ਰੁੱਤ ਵਿਚ ਟਾਹਲੀ ਦੇ ਰੁੱਖ ਪੱਟ ਵਰਗੇ ਕੂਲੇ, ਪੀਲੀ ਭਾਅ ਮਾਰਦੇ ਹਰੇ ਪੱਤਿਆਂ ਨਾਲ ਕੱਜੇ ਜਾਂਦੇ ਹਨ : ਮਰਦ ਤੇ ਤੀਵੀਆਂ ਬਸੰਤੀ ਲੀੜੇ ਪਹਿਨ ਕੇ ਪ੍ਰਕ੍ਰਿਤੀ ਨਾਲ ਇਕ ਰੰਗ ਹੋ ਕੇ ਰਸ ਮਾਣਦੇ ਹਨ :

*ਕਾਹਨੂੰ ਆ ਗਿਉਂ ਬਸੰਤੀ ਚੀਰਾ ਬੰਨ੍ਹ ਕੇ ਮਾਪਿਆਂ ਨੇ ਨਹੀਂਓਂ ਤੋਰਨੀ।*

ਪ੍ਰਾਚੀਨ ਹਿੰਦੁਸਤਾਨ ਵਿਚ ਬਸੰਤ ਦੇ ਤਿਉਹਾਰ ਨੂੰ 'ਸੁਣ ਸੰਤ ਕਾ' ਕਹਿੰਦੇ ਹਨ ਤੇ ਇਹ ਤਿਉਹਾਰ ਕਾਮ ਦੇਣ ਦੀ ਉਪਾਸਨਾ ਵਿਚ ਮਨਾਇਆ ਜਾਂਦਾ ਸੀ। ਹਰ ਪਿੰਡ ਵਿਚ ਨੱਚਣ ਗਾਉਣ ਤੇ ਹੱਸਣ-ਖੇਡਣ ਦੀ ਲਹਿਰ ਚਲ ਪੈਂਦੀ ਸੀ। ਜਿਸ ਨਾਲ ਤੀਵੀਆਂ ਤੇ ਮਰਦ ਰਲ ਕੇ ਖ਼ੁਸ਼ੀ ਮਨਾਉਂਦੇ ਸਨ।

ਹਰਾ ਰੰਗ ਤਾਂ ਹੈ ਹੀ ਹਰਿਆਵਲ ਦਾ/ਭਾਵ ਕੁਦਰਤ/ਖੇਤੀ ਦਾ ਖੇਤੀ ਪੰਜਾਬ ਦੇ ਲੋਕਾਂ ਦਾ ਕਿੱਤਾ ਹੀ ਨਹੀਂ ਸਗੋਂ ਸਭਿਆਚਾਰ ਹੈ। ਲੋਕਾਂ ਦੀ ਜੀਵਨ ਜਾਂਚ ਹੈ। ਗੁਰਬਾਣੀ ਵਿਚ ਜੇਕਰ ਬੰਦੇ ਨੂੰ ਸਮਾਜਕ ਜੀਵਨ/ਗ੍ਰਹਿਸਤ ਵਿਚ ਪ੍ਰੇਰਨਾ ਮਿਲਦੀ ਹੈ ਤਾਂ ਗੁਰੂ ਸਾਹਿਬਾਨ ਖੇਤੀ ਦੇ ਪ੍ਰਤੀਕਾਂ ਰਾਹੀਂ ਹੀ ਸਮਝਾਉਣ ਦੀ ਗੱਲ ਕਰਦੇ ਹਨ : *ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ ॥*

ਗੁਰੂ ਨਾਨਕ ਸਾਹਿਬ ਹਰਿਆਵਲ ਨੂੰ ਕੁਦਰਤ ਦੇ ਰੂਪ ਵਿਚ ਬਿਆਨ ਕਰਨ ਦੇ ਨਾਲ-ਨਾਲ ਬੰਦੇ ਨੂੰ ਸੁਖ ਦੇਣ ਵਾਲੀ ਬਨਸਪਤੀ ਹੀ ਹੈ :

*ਸਫਲਿਓ ਬਿਰਖੁ ਹਰੀਆਵਲਾ ਛਾਵ ਘਣੇਰੀ ਹੋਇ ॥ ਲਾਲ ਜਵੇਹਰ ਮਾਣਕੀ ਗੁਰ ਭੰਡਾਰੈ ਸੋਇ ॥*

ਇਹ ਰੰਗ ਕਿਰਤੀਆਂ ਦੇ ਹੱਕਾਂ ਦੀ ਗੱਲ ਕਰਦੇ ਹਨ। ਇਹਨਾਂ ਰੰਗਾਂ ਦੇ ਨਾਲ-ਨਾਲ ਆਮ ਲੋਕ ਕਾਲੇ ਰੰਗ ਦੀਆਂ ਝੰਡੀਆਂ ਲੈ ਕੇ ਨਵੇਂ ਕਿਸਾਨੀ ਬਿੱਲਾਂ ਦਾ ਵਿਰੋਧ ਕਰ ਰਹੇ ਹਨ। ਕਾਲਾ ਰੰਗ ਪੰਜਾਬੀ ਰਹਿਤਲ ਵਿਚ ਅਪਸ਼ਗਨਾਂ ਦਾ ਰੰਗ ਮੰਨਿਆ ਜਾਂਦਾ ਹੈ ਅਤੇ ਨਾਲ ਹੀ ਹਨ੍ਹੇਰੇ ਤੇ ਨਕਾਰਤਮਕ ਸੋਚ ਦਾ ਪੱਖ ਪੂਰਦਾ ਹੈ। ਕਾਨੂੰਨ ਵੀ ਕਾਲੇ ਤੇ ਰੋਸ ਕਰਨ ਵਾਲੇ ਵੀ ਕਾਲੀਆਂ ਝੰਡੀਆਂ ਨਾਲ ਵਿਰੋਧ ਕਰ ਰਹੇ ਹਨ।

ਲੋਕ ਪੱਖੀ ਰੰਗਾਂ ਦੇ ਨਾਲ-ਨਾਲ, ਸਾਜ਼ਿਸ਼ ਘੜਣ ਵਾਲੇ ਵੀ ਰੰਗ ਹਨ ਤਾਂ ਜਗਤਾਰ ਆਪਣੀ ਕਵਿਤਾ ਵਿਚ ਲਿਖਦਾ ਹੈ :

*ਰੰਗ ਵੀ ਤਕਸੀਮ ਨੇ / ਧਰਮਾਂ ਦੇ ਅੰਦਰ*

*ਸ਼ਗਨਾਂ ਦੇ ਅਪਸ਼ਗਨਾਂ ਦੇ ਅੰਦਰ / ਮੁਲਕ ਤੇ ਨਸਲਾਂ ਦੇ ਅੰਦਰ*

*ਬਿੰਬ ਤੇ ਕਰਮਾਂ ਅੰਦਰ / ਰੰਗ ਵੀ ਨੇ ਸਾਜਸ਼ੀ...*

ਹਿੰਦੋਸਤਾਨ ਵਿਚ ਪਿਛਲੇ ਕੁਝ ਸਾਲਾਂ ਤੋਂ ਅਜੀਬ ਤਰ੍ਹਾਂ ਦਾ ਮਾਹੌਲ ਸਿਰਜਿਆ ਜਾ ਰਿਹਾ ਹੈ। ਚਾਰੇ ਪਾਸੇ ਲੋਕਾਂ ਨੂੰ ਇਕ ਹੀ ਰੰਗ ਵਿਚ ਰੰਗੇ ਜਾਣ ਦੀ ਗੱਲ ਕੀਤੀ ਜਾ ਰਹੀ ਹੈ ਜਦ ਕਿ ਹਿੰਦੋਸਤਾਨ ਭਿੰਨਤਾਵਾਂ ਭਰਿਆ ਦੇਸ਼ ਹੈ ਅਤੇ ਭਿੰਨਤਾ ਵਿਚ ਏਕਤਾ (Diversity of Unity) ਦੀ ਗੱਲ ਹੁੰਦੀ ਹੈ। ਹਿੰਦੋਸਤਾਨ ਦੇ ਆਜ਼ਾਦੀ ਦੇ ਦਿਹਾੜੇ ਜਦੋਂ ਡਾ. ਮਨਮੋਹਨ ਸਿੰਘ ਲਾਲ ਕਿਲ੍ਹੇ ਤੋਂ ਝੰਡਾ ਲਹਿਰਾਉਂਦੇ ਸਨ ਤਾਂ ਉਹਨਾਂ ਦੀ ਪੱਗ ਦਾ ਰੰਗ ਹਮੇਸ਼ਾਂ ਅਸਮਾਨੀ ਹੁੰਦਾ ਸੀ। ਅਸਮਾਨੀ ਰੰਗ ਵਿਸ਼ਾਲਤਾ ਦਾ ਪ੍ਰਤੀਕ ਹੈ। ਇਸ ਪ੍ਰਸੰਗ ਨੂੰ ਰੰਗਾਂ ਰਾਹੀਂ ਸਮਝਣਾ ਹੋਵੇ ਤਾਂ ਆਜ਼ਾਦੀ ਦਾ ਦਿਹਾੜਾ ਹੈ ਅਤੇ ਕਿਲ੍ਹਾ ਲਾਲ ਰੰਗ ਦਾ ਹੈ, ਪ੍ਰਧਾਨ ਮੰਤਰੀ ਅਸਮਾਨੀ ਰੰਗ ਦੀ ਪੱਗ ਪਹਿਨ ਕੇ ਕੌਮੀ ਤਿਰੰਗਾ ਝੰਡਾ ਲਹਿਰਾਉਂਦਾ ਹੈ। ਸਮਾਂ ਬੀਤ ਜਾਣ ਨਾਲ ਪ੍ਰਧਾਨ ਮੰਤਰੀ ਬਦਲਣ ਨਾਲ ਸਿਰਫ ਇਕ ਰੰਗ ਦਾ ਬਦਲਾਵ ਹੋਇਆ ਹੈ ਉਹ ਇਹ ਕਿ ਮੌਜੂਦਾ ਪ੍ਰਧਾਨ ਮੰਤਰੀ ਨੇ ਪੱਗ ਭਗਵੇ ਰੰਗ ਦੀ ਬੰਨੀ ਹੋਈ ਸੀ। ਡਾ. ਜਗਤਾਰ ਸਿੰਘ ਦੀ ਕਵਿਤਾ ਦੀਆਂ ਸਤਰਾਂ ਵੀ ਇਹ ਕਹਿ ਰਹੀਆਂ ਹਨ ਕਿ ਰੰਗ ਵੀ ਸਾਜਸ਼ ਘੜ ਜਾਂਦੇ ਹਨ ਜਿਸ ਤਰ੍ਹਾਂ ਕਿਸਾਨੀ ਅੰਦੋਲਨ ਨੂੰ ਨਾਕਾਮ ਕਰਨ ਦੀ ਕੋਸ਼ਿਸ਼ ਵਿਚ ਦੂਸਰੇ ਰੰਗਾਂ ਦੇ ਝੰਡਿਆਂ ਵਿਚ ਸ਼ਾਮਲ ਹੋ ਜਾਣ। ਰੰਗ ਬੰਦੇ ਦੀ ਪਛਾਣ ਵੀ ਬਣਾਉਂਦੇ ਹਨ ਅਤੇ ਦੂਸਰਿਆਂ ਤੋਂ ਨਿਖੜਦੇ ਵੀ ਹਨ।



***ਜਤਿੰਦਰ ਸਿੰਘ***

**ਸੰਪ : 94174 78446**

# ਗੰਨ ਕਲਚਰ : ਵਿਸ਼ਵ ਵਿਆਪੀ ਪ੍ਰਸੰਗ ਬਨਾਮ ਸਮਕਾਲੀ ਪੰਜਾਬੀ ਸਮਾਜ

*ਗੁਰਿੰਦਰਬੀਰ ਸਿੰਘ*

ਹਥਿਆਰ ਮਨੁੱਖੀ ਜੀਵਨ ਵਿਚ ਅਹਿਮ ਸਥਾਨ ਰੱਖਦੇ ਹਨ। ਮਨੁੱਖ ਨੇ ਸਮੇਂ-ਸਮੇਂ ਵੱਖ-ਵੱਖ ਯੁੱਗਾਂ ਦੀਆਂ ਪ੍ਰਸਥਿਤੀਆਂ ਅਨੁਸਾਰ ਆਪਣੀ ਜ਼ਿੰਦਗੀ ਵਿਚ ਹਥਿਆਰਾਂ ਨੂੰ ਖ਼ਾਸ ਤਵੱਜੋ ਦਿੱਤੀ ਹੈ। ਪੂਰਵ ਇਤਿਹਾਸਕ ਕਾਲ ਤੋਂ ਹੀ ਮਨੁੱਖ ਕੋਈ ਨਾ ਕੋਈ ਮਕਸਦ ਦੀ ਪੂਰਤੀ ਹਿੱਤ ਕਿਸੇ ਨਾ ਕਿਸੇ ਰੂਪ ਵਿਚ ਹਥਿਆਰਾਂ ਦੀ ਵਰਤੋਂ ਕਰਦਾ ਆ ਰਿਹਾ ਹੈ। ਆਦਿ ਕਾਲ ਤੋਂ ਲੈ ਕੇ ਹੁਣ ਤੱਕ ਮਕਸਦ ਜਾਂ ਪ੍ਰਯੋਜਨ ਦੇ ਪੱਖ ਤੋਂ ਹਥਿਆਰਾਂ ਦੀ ਵਰਤੋਂ ਸ਼ਿਕਾਰ, ਸੁਰੱਖਿਆ, ਸਵੈ-ਮਾਣ, ਦੂਜਿਆਂ 'ਤੇ ਹਮਲਾ ਕਰਨ, ਮਨੋਰੰਜਨ, ਸ਼ੌਂਕ, ਖੇਡਾਂ, ਆਦਿ ਅਨੇਕਾਂ ਖੇਤਰਾਂ ਵਿਚ ਹੋ ਰਹੀ ਹੈ। ਪ੍ਰਾਚੀਨ ਮਨੁੱਖ ਡੰਡਿਆਂ-ਸੋਟਿਆਂ, ਤੀਰ-ਕਮਾਨਾਂ ਆਦਿ ਨਾਲ ਆਪਣੇ ਸ਼ਿਕਾਰ ਨੂੰ ਮਾਰਦੇ/ ਵਿੰਨ੍ਹਦੇ ਸਨ। ਤੀਰ-ਕਮਾਨਾਂ ਦੀ ਵਰਤੋਂ ਦੇ ਪ੍ਰਮਾਣ ਬਹੁਤ ਸਾਰੀਆਂ ਪ੍ਰਾਚੀਨ ਗੁਫਾਵਾਂ ਦੇ ਚਿਤਰਾਂ ਅਤੇ ਪੁਰਾਤਨ ਮਿਥਾਂ ਤੋਂ ਭਲੀ-ਭਾਂਤ ਮਿਲ ਜਾਦੇ ਹਨ। ਪੱਥਰ ਯੁੱਗ ਤੱਕ ਮਨੁੱਖ ਪੱਥਰਾਂ ਨੂੰ ਤਰਾਸ਼ ਕੇ ਬਣਾਏ ਜਾਂਦੇ ਤਿੱਖੇ-ਨੁਕੀਲੇ ਸੰਦਾਂ, ਹਥਿਆਰਾਂ ਦੀ ਵਰਤੋਂ ਕਰਦਾ ਰਿਹਾ। ਫਿਰ ਲੋਹ ਯੁੱਗ ਤੱਕ ਪੁੱਜਦਿਆਂ ਮਨੁੱਖ ਨੇ ਲੋਹੇ ਦੇ ਸੰਦਾਂ ਤੇ ਹਥਿਆਰਾਂ ਦੀ ਵਰਤੋਂ ਕਰਨੀ ਆਰੰਭੀ। ਤਲਵਾਰਾਂ, ਬਰਛਿਆਂ, ਕੁਹਾੜੀਆਂ, ਨੇਜ਼ਿਆਂ, ਚਾਕੂ-ਛੁਰੀਆਂ, ਲੋਹੇ ਦੇ ਤੀਰਾਂ ਆਦਿ ਦੀ ਵਰਤੋਂ ਲੋਹ ਯੁੱਗ ਤੋਂ ਲੈ ਕੇ ਅਜੋਕੇ ਯੁੱਗ ਤੱਕ ਨਿਰੰਤਰ ਹੁੰਦੀ ਆਈ ਹੈ। ਲੋਹੇ ਦੇ ਬਣੇ ਹਥਿਆਰਾਂ ਦੀ ਘਾੜਤ ਤੇ ਵਰਤੋਂ ਨਾਲ ਮਨੁੱਖ ਆਪਣੇ ਆਪ ਨੂੰ ਪਹਿਲਾਂ ਨਾਲੋਂ ਵਧੇਰੇ ਸ਼ਕਤੀਸ਼ਾਲੀ ਮੰਨਣ ਲੱਗਾ। ਇਸ ਉਪਰੰਤ ਮਨੁੱਖੀ ਜੀਵਨ ਦੇ ਵੱਖ-ਵੱਖ ਖੇਤਰਾਂ ਵਿਚ ਆਈਆਂ ਤਬਦੀਲੀਆਂ ਦੇ ਨਾਲ-ਨਾਲ ਹਥਿਆਰਾਂ ਦਾ ਸਰੂਪ ਵੀ ਬਦਲਣ ਲੱਗਾ। ਆਧੁਨਿਕ ਸਮੇਂ ਤੱਕ ਪੁੱਜਦਿਆਂ 'ਗੰਨ' ਨਾਂ ਦੇ ਹਥਿਆਰ ਦਾ ਅਜਿਹਾ ਬੋਲਬਾਲਾ ਹੋਇਆ ਕਿ ਇਸ ਦੀ ਕਾਢ ਨੇ ਪੁਰਾਤਨ ਹਥਿਆਰਾਂ ਜਿਵੇਂ ਤਲਵਾਰਾਂ-ਬਰਛੇ, ਚਾਕੂ-ਛੁਰੀਆਂ, ਤੀਰਾਂ-ਨੇਜ਼ਿਆਂ ਆਦਿ ਨੂੰ ਪਿਛੇ ਛੱਡ ਕੇ ਜਿਥੇ ਜੰਗਾਂ-ਯੁੱਧਾਂ ਦਾ ਮੁਹਾਂਦਰਾ ਪੂਰੀ ਤਰਾ ਨਾਲ ਬਦਲ ਕੇ ਰੱਖ ਦਿਤਾ, ਉਥੇ ਆਮ ਲੋਕਾਂ ਦੁਆਰਾ ਵਰਤੇ ਜਾਦੇ ਹਥਿਆਰਾਂ ਵਿਚ ਵੀ ਆਪਣੀ ਵਿਸ਼ੇਸ਼ ਪਹਿਚਾਣ ਕਾਇਮ ਕਰ ਲਈ। ਬੇਸ਼ੱਕ ਅੱਜ ਪਰਮਾਣੂ ਹਥਿਆਰ, ਹਾਈਡ੍ਰੋਜਨ ਬੰਬ, ਟੈਂਕ, ਮਿਜ਼ਾਇਲਾਂ ਆਦਿ ਅਤਿ ਖ਼ਤਰਨਾਕ ਵਿਨਾਸ਼ਕ ਸਮੱਗਰੀ ਤੇ ਹਥਿਆਰ ਹੋਂਦ ਵਿਚ ਆ ਚੁੱਕੇ ਹਨ, ਫਿਰ ਵੀ ਹਥਿਆਰਬੰਦ ਸੈਨਾਵਾਂ ਤੇ ਸਿਵੇਲੀਅਨ ਦੁਆਰਾ ਵੱਡੀ ਪੱਧਰ ਉਤੇ ਵਰਤਿਆ ਜਾਂਦਾ ਇਕ ਪ੍ਰਮੁੱਖ ਹਥਿਆਰ 'ਗੰਨ' ਹੀ ਹੈ।

'ਗੰਨ' ਇਕ ਗੁੰਝਲਦਾਰ ਸ਼ਬਦ ਹੈ। ਕਈ ਵਾਰ ਅੰਗਰੇਜ਼ੀ ਵਿਚ 'Gun' ਦੇ ਸਮਾਂਤਰ ਜਾਂ ਇਸ ਦੇ ਬਦਲ ਵਜੋਂ 'Firearm' ਸ਼ਬਦ ਦੀ ਵਰਤੋਂ ਵੀ ਕੀਤੀ ਮਿਲਦੀ ਹੈ। ਪੰਜਾਬੀ ਵਿਚ 'ਗੰਨ' ਲਈ ਬੰਦੂਕ ਸ਼ਬਦ ਵਰਤਿਆ ਜਾਂਦਾ ਹੈ। ਪਰੰਤੂ ਅਜੋਕੇ ਸਮੇਂ ਵਿਚ ਗੰਨ ਦੀਆਂ ਵਿਭਿੰਨ ਛੋਟੀਆਂ-ਵੱਡੀਆਂ ਕਿਸਮਾਂ ਤੇ ਰੂਪ ਹੋਂਦ ਵਿਚ ਆ ਜਾਣ ਕਾਰਨ ਇਸ ਦਾ ਅਨੁਵਾਦ ਬੰਦੂਕ ਪੂਰਣ ਰੂਪ ਵਿਚ ਢੁੱਕਵਾਂ ਪ੍ਰਤੀਤ ਨਹੀਂ ਹੁੰਦਾ। ਗੰਨ ਦੇ ਘੇਰੇ ਵਿਚ ਬੰਦੂਕ, ਪਿਸਤੌਲ, ਰਿਵਾਲਵਰ, ਮਸ਼ੀਨਗੰਨ, ਸਟੇਨਗੰਨ ਆਦਿ ਹਰ ਛੋਟਾ-ਵੱਡਾ ਰੂਪ ਸ਼ਾਮਲ ਹੈ। ਗੰਨ ਸ਼ਬਦ ਦਾ ਘੇਰਾ ਬੰਦੂਕ ਨਾਲੋਂ ਕਿਤੇ ਵਧੇਰੇ ਵਿਸ਼ਾਲ ਹੈ। ਇਸ ਲਈ ਹੱਥਲੇ ਖੋਜ-ਪੱਤਰ ਦਾ ਸਿਰਲੇਖ 'ਬੰਦੂਕ ਸਭਿਆਚਾਰ' ਦੀ ਥਾਂ ਇੰਨ-ਬਿੰਨ 'ਗੰਨ ਕਲਚਰ' ਹੀ ਰੱਖਿਆ ਗਿਆ ਹੈ। ਗੰਨ ਕਲਚਰ ਨੂੰ ਪਰਿਭਾਸ਼ਿਤ ਕਰਨ ਤੋਂ ਪਹਿਲਾਂ ਸੰਖਿਪਤ ਰੂਪ ਵਿਚ 'ਗੰਨ' ਦੇ ਨਿਕਾਸ, ਵਿਕਾਸ ਤੇ ਇਤਿਹਾਸ ਬਾਰੇ ਜਾਨਣਾ ਜ਼ਰੂਰੀ ਹੈ।

ਗੰਨ ਸ਼ਬਦ ਦੀ ਉਤਪਤੀ, ਵਿਉਤਪਤੀ ਤੇ ਇਤਿਹਾਸ ਦੇ ਸੰਬੰਧ ਵਿਚ ਵਿਦਵਾਨਾਂ ਨੇ ਵੱਖ-ਵੱਖ ਰਾਵਾਂ ਦਿੱਤੀਆਂ ਹਨ। ਜੈਫ ਕਿਨਰਡ (Jeff Kinard) ਅਨੁਸਾਰ ਸਭ ਤੋਂ ਪਹਿਲੀ ਵਾਰ ਗੰਨ ਸ਼ਬਦ ਦੀ ਵਰਤੋਂ 1339 ਈ. ਵਿਚ ਕੀਤੀ ਗਈ। ਇਸ ਦੇ ਪ੍ਰਾਚੀਨ ਰੂਪਾਂ ਵਿਚ 'Gunne', 'Gone', 'Gunna' ਆਦਿ ਆਉਂਦੇ ਹਨ।[1] ਐਨਾਟੋਲੀ ਲਿਬਰਮੈਨ (Anatoly Liberman) ਨੇ ਆਪਣੀ ਪੁਸਤਕ 'ਵਰਡਜ਼ ਓਰੀਜਨਸ ਐਂਡ ਹਾਓ ਵੂਈ ਨੋ ਦੈਮ ਐਟਮੋਲੋਜੀ ਫਾਰ ਐਵਰੀਵਨ' ਵਿਚ ਵੀ ਗੰਨ ਸ਼ਬਦ ਦੀ ਆਰੰਭਿਕ ਵਰਤੋਂ ਚੌਦਵੀਂ ਸਦੀ ਵਿਚ ਹੋਈ ਮੰਨੀ ਹੈ। ਉਸ ਅਨੁਸਾਰ ਸਕੀਟ (Skeat) ਨਾਂ ਦੇ ਵਿਦਵਾਨ ਨੇ ਲਾਤੀਨੀ ਵਿਚ 'ਗੰਨ' ਨੂੰ 'ਗੰਨਇਲਡਾ'(Gunilda) ਦਾ ਨਾਂ ਦਿਤਾ ਜੋ ਕਿ 'ਸਕੈਨਡੀਨਾਵੀਅਤ ਗੰਨਹਿਲਡਰ' (Scandinavian Gunhildr) ਦਾ ਇਕ ਰੂਪ ਹੈ। ਸਾਧਾਰਨ ਜਾਂ ਆਮ ਅਰਥਾਂ ਵਿਚ ਪਹਿਲਾਂ ਪਹਿਲ ਗੰਨ ਨੂੰ ਗੁਲੇਲ (Catapults) ਵਾਂਗ

ਵਰਤਦੇ ਸਨ। 'Gun+hildr' ਇਨ੍ਹਾਂ ਦੋ ਸ਼ਬਦਾਂ ਦਾ ਭਾਵ ਯੁੱਧ (Battle) ਲਿਆ ਜਾਂਦਾ ਹੈ। ਸਕੀਟ ਨੇ ਇਸ ਸਬੰਧੀ ਇਕ ਉਤਮ ਖੋਜ ਕੀਤੀ, ਜਿਸ ਨੂੰ ਆਕਸਫੋਰਡ ਇੰਗਲਿਸ਼ ਡਿਕਸ਼ਨਰੀ ਨੇ ਪ੍ਰਵਾਨ ਵੀ ਕੀਤਾ। ਇਸ ਤੋਂ ਇਲਾਵਾ 1899 ਈ. ਦੇ ਅੰਤ ਵਿਚ ਫ੍ਰੈਡਰਿਕ ਕਲੱਜ (Friedrich Kluge) ਜੋ ਕਿ ਇਕ ਵਧੀਆ 'ਨਿਰੁਕਤਕਾਰ' (Etymologist) ਸੀ, ਉਸ ਨੇ ਵੀ ਗੰਨ ਦੀ 'ਨਿਰੁਕਤੀ' (Etymology) ਬਾਰੇ ਖੋਜ ਕੀਤੀ। ਉਸ ਨੇ ਗੰਨ ਸ਼ਬਦ ਦੀ ਉਤਪਤੀ 'ਮੈਂਗੋਨੈਲ' (Mangonel) ਤੋਂ ਹੋਈ ਮੰਨੀ, ਜਿਸ ਦਾ ਭਾਵ ਅਜਿਹੀ ਮਸ਼ੀਨ ਤੋਂ ਹੈ, ਜਿਸ ਰਾਹੀਂ ਪੱਥਰ ਸੁੱਟਣ ਦਾ ਕਾਰਜ ਕੀਤਾ ਜਾਂਦਾ ਸੀ।[2] 'ਵਰਡਜਵਰਥ ਡਿਕਸ਼ਨਰੀ ਆਫ ਫਰੇਜ ਐਂਡ ਫੇਬਲ' ਵਿਚ ਵੀ ਲਿਖਿਆ ਹੈ ਕਿ ਪਹਿਲੇ ਜ਼ਮਾਨੇ ਵਿਚ ਗੰਨ ਸ਼ਬਦ ਦੀ ਵਰਤੋਂ 'firearm' (ਬਰੂਦ ਨਾਲ ਚੱਲਣ ਵਾਲੇ ਹਥਿਆਰ) ਦੀ ਥਾਂ ਇਕ ਪੱਥਰ ਸੁਟਣ ਵਾਲੀ ਮਸ਼ੀਨ ਵਜੋਂ ਕੀਤੀ ਜਾਂਦੀ ਸੀ। ਮਸ਼ਹੂਰ ਲੇਖਕ ਚੋਸਰ (Chauser) ਨੇ 'The house of fame' ਵਿਚ ਪੱਥਰ ਸੁੱਟਣ ਵਾਲੀ ਮਸ਼ੀਨ ਦੀ ਆਵਾਜ਼ ਨੂੰ ਹਾਥੀ ਦੀ ਦਹਾੜ ਨਾਲ ਮੇਲ ਖਾਂਦੇ ਦੱਸਿਆ ਹੈ। ਚੋਸਰ ਨੇ ਆਪਣੀ ਲਿਖਤ ਵਿਚ 'ਕਿਉਪੈਟਰਾ' (ਜਿਸ ਨੂੰ ਦੁਨੀਆਂ ਦੀ ਸੋਹਣੀ ਜਨਾਨੀ ਮੰਨਿਆ ਜਾਂਦਾ ਹੈ) ਦੀ ਤੁਲਨਾ ਇਕ ਮਿਲਟਰੀ ਇੰਜਨ ਨਾਲ ਕੀਤੀ ਹੈ ਜੋ ਮਿਜ਼ਾਇਲ ਚਲਾਉਣ ਦਾ ਕਾਰਜ ਕਰਦਾ ਸੀ। ਭਾਵ ਕਿਉਪੈਟਰਾ ਦੀ ਖੂਬਸੂਰਤੀ ਮਿਜ਼ਾਇਲ ਚਲਾਉਣ ਵਾਲੇ ਮਿਲਟਰੀ ਇੰਜਨ ਦੀ ਤਰ੍ਹਾਂ ਅੱਗ ਲਾਉਣ ਦਾ ਕਾਰਜ ਕਰਦੀ ਸੀ। ਦੋਵਾਂ ਦੀ ਆਪਸੀ ਤੁਲਨਾ ਚੋਸਰ ਨੇ ਬੜੇ ਸੋਹਣੇ ਢੰਗ ਨਾਲ ਕੀਤੀ ਹੈ। ਇਸ ਤਰਾ ਗੰਨ ਸ਼ਬਦ ਸਕੈਨਡੀਨਾਵੀਅਤ ਔਰਤ ਦੇ ਨਾਂ 'Gunhildr' ਦਾ ਛੋਟਾ ਰੂਪ 'Gun' ਤੋਂ ਨਿਕਲਿਆ ਮੰਨਿਆ ਜਾਂਦਾ ਹੈ। 'Gunnr' ਤੋਂ ਭਾਵ ਬਰਫਾਨੀ ਥਾਵਾਂ 'ਤੇ ਹੋਣ ਵਾਲੇ ਯੁੱਧ ਅਤੇ 'Hildrn' ਤੋਂ ਭਾਵ ਯੁੱਧ (Battle) ਹੀ ਹੈ। ਹੋ ਸਕਦਾ ਹੈ ਕਿ ਪਹਿਲਾਂ ਪਹਿਲ ਬਰਫਾਨੀ ਥਾਵਾਂ 'ਤੇ ਹੋਣ ਵਾਲੇ ਯੁੱਧਾਂ ਵਿਚ ਮਿਲਟਰੀ ਇੰਜਨ ਜੋ ਮਿਜ਼ਾਇਲ ਜਾਂ ਗੋਲਾ ਸੁੱਟਣ ਦੇ ਕੰਮ ਆਉਂਦੇ ਸਨ, ਜਿਨ੍ਹਾਂ ਨੂੰ 'Ballista' ਕਿਹਾ ਜਾਦਾ ਸੀ, ਉਨ੍ਹਾਂ ਦੀ ਵਰਤੋਂ ਹੋਈ ਹੋਵੇ। ਇਸ ਤੋਂ ਮਗਰੋਂ ਲਗਾਤਾਰ ਗੋਲੀਆਂ ਚਲਾਉਣ ਵਾਲੀਆਂ ਲੰਬੀਆਂ ਗੰਨਾਂ ਜਿਨ੍ਹਾਂ ਨੂੰ 'ਕੈਨਨ'(Cannon) ਕਿਹਾ ਜਾਂਦਾ ਸੀ, ਉਨ੍ਹਾਂ ਦੀ ਵਰਤੋਂ ਹੋਣ ਲੱਗੀ। ਇਸ ਤਰ੍ਹਾਂ 'ਕੈਨਨ' ਨੂੰ ਯੁੱਧ ਵਿਚ ਵਰਤਿਆ ਜਾਣ ਵਾਲਾ ਮੁੱਖ ਹਥਿਆਰ ਬਣਾ ਦਿੱਤਾ ਗਿਆ। ਔਰਤਾਂ ਦੇ ਨਾਵਾਂ 'ਤੇ ਹਥਿਆਰਾਂ ਦੇ ਨਾਂ ਰੱਖਣਾ ਕੋਈ ਅਸਧਾਰਨ ਗੱਲ ਨਹੀਂ ਸੀ। ਇਸ ਸੰਦਰਭ ਵਿਚ ਪ੍ਰਸਿੱਧ ਨਾਂ 'Monsmeg', 'Queen Elizebeth Pocket Pistol' ਸ਼ਾਮਲ ਹਨ। ਇਸ ਤੋਂ ਇਲਾਵਾ 'ਬਰਥਾ ਕਰੱਪ' (Bertha Krupp) ਜੋ ਕਿ 'ਐਸਨ' (Essen) ਵਿਖੇ ਰਹਿਣ ਵਾਲੇ ਵੱਡੀ ਤੇ ਪ੍ਰਸਿੱਧ ਗਹਿਣਿਆਂ ਦੀ ਫੈਕਟਰੀ ਦੇ ਮਾਲਕ ਦੀ ਪਤਨੀ ਸੀ, ਉਸ ਦੇ ਨਾਂ ਨਾਲ ਸੰਬੰਧਿਤ 'Big Bertha Gun' ਬਣਾਈ ਗਈ। ਇਹ ਦੂਰ ਤੱਕ ਨਿਸ਼ਾਨਾ ਲਗਾਉਣ ਵਾਲੀ ਗੰਨ ਨੂੰ ਮਹਾਨ ਯੁੱਧ (Great War) ਸਮੇਂ ਪੈਰਿਸ 'ਤੇ ਹਮਲਾ ਕਰਨ ਲਈ ਵਰਤਿਆ ਗਿਆ ਸੀ।[3]

ਗੰਨ ਦੇ ਇਤਿਹਾਸ ਬਾਰੇ ਸੀ.ਐਫ.ਸਪਰਿੰਗਵੁੱਡ (C.F. Springwood) ਦੁਆਰਾ ਸੰਪਾਦਿਤ ਪੁਸਤਕ 'ਓਪਨ ਫਾਇਰਃ ਅੰਡਰਸਟੈਂਡਿੰਗ ਗਲੋਬਲ ਗੰਨ ਕਲਚਰਜ਼' ਦੀ ਭੂਮਿਕਾ ਵਿਚ ਵੀ ਮਹੱਤਵਪੂਰਨ ਵਿਚਾਰ ਪ੍ਰਗਟਾਏ ਗਏ ਹਨ। ਲੇਖਕ ਅਨੁਸਾਰ ਆਮ ਤੌਰ 'ਤੇ ਗੰਨ ਦੇ ਇਤਿਹਾਸਕਾਰਾਂ ਦੁਆਰਾ ਇਹ ਸਵੀਕਾਰਿਆ ਗਿਆ ਹੈ ਕਿ ਸਭ ਤੋਂ ਪਹਿਲਾ ਹਥਿਆਰ ਜਿਸ ਨੂੰ 'ਗੰਨ' ਵਜੋਂ ਪਛਾਣਨਾ ਚਾਹੀਦਾ ਹੈ, ਉਹ ਚੀਨ ਵਿਖੇ 1290 ਈ. ਦੇ ਲਗਭਗ ਵਿਕਸਿਤ ਹੋਇਆ ਸੀ। ਇਹ ਉਸ ਸਮੇਂ ਦੀ ਗੱਲ ਹੈ, ਜਦੋਂ ਤੀਰ ਚਲਾਉਣ ਵਾਲੀਆ ਕਮਾਨਾਂ (Crossbows) ਨੂੰ ਪੂਰਬੀ ਏਸ਼ੀਆ ਵਿਚ ਪਹਿਲਾਂ ਹੀ ਵੱਡੇ ਪੱਧਰ ਉਤੇ ਯੁੱਧਾਂ ਵਿਚ ਵਰਤਿਆ ਜਾਂਦਾ ਸੀ। ਤੀਰ ਚਲਾਉਣ ਵਾਲੀ ਕਮਾਨ ਨਾਲ ਜੋ ਨਿਸ਼ਾਨਾ ਲਗਾਇਆ ਜਾਂਦਾ ਸੀ, ਉਹ ਗੰਨ ਦਾ ਘੋੜਾ (Trigger) ਦੱਬਣ ਦੀ ਪ੍ਰਕਿਰਿਆ ਵਾਂਗ ਹੀ ਸੀ। ਬਾਰੂਦ (Gunpowder) ਜੋ ਕਿ ਬਾਰੂਦ ਨਾਲ ਚੱਲਣ ਵਾਲੇ ਹਥਿਆਰਾਂ (Firearms) ਲਈ ਅਤਿ ਲੋੜੀਂਦਾ ਸੀ, ਉਸ ਦੀ ਖੋਜ ਵੀ 1000 ਈ. ਦੇ ਆਸ-ਪਾਸ ਚੀਨ ਵਿਚ ਹੀ ਕੀਤੀ ਗਈ ਜਿਥੇ ਇਸ ਨੂੰ ਪ੍ਰਮੁੱਖ ਰੂਪ ਵਿਚ ਆਮ ਵਿਸਫੋਟਕ ਤੱਤ ਵਜੋਂ ਵਰਤਿਆ ਜਾਂਦਾ ਸੀ। 1300 ਈ. ਦੇ ਮੱਧ ਤੱਕ ਪੂਰਬੀ ਏਸ਼ੀਆ ਅਤੇ ਯੂਰਪ ਦੋਵਾ ਦੇਸ਼ਾਂ ਦੇ ਲੋਕ ਅਜਿਹੀਆਂ ਹੱਥ ਨਾਲ ਫੜਨ ਵਾਲੀਆਂ ਮਸ਼ੀਨਾਂ ਬਣਾਉਣ ਦੇ ਸਮਰਥ ਹੋ ਗਏ ਸਨ, ਜਿਨ੍ਹਾਂ ਦੀ ਵਰਤੋਂ ਬਰੂਦ ਰਾਹੀਂ ਅੱਗ ਲਾਉਣ ਜਾਂ ਧਮਾਕਾ ਕਰਨ ਦਾ ਕਾਰਜ ਕਰਨ ਲਈ ਕੀਤੀ ਜਾਂਦੀ ਸੀ। ਇਸ ਉਪਰੰਤ ਹੌਲੀ-ਹੌਲੀ ਗੰਨ ਦੀ ਬਣਤਰ ਵਿਚ ਸੁਧਾਰ ਕੀਤੇ ਜਾਣ ਲੱਗੇ। ਇਸ ਗੱਲ ਨਾਲ ਬਹੁਤੇ ਇਤਿਹਾਸਕਾਰਾਂ ਨੇ ਸਹਿਮਤੀ ਪ੍ਰਗਟਾਈ ਹੈ ਕਿ ਅਠਾਰ੍ਹਵੀਂ ਸਦੀ ਵਿਚ ਬਹੁਤੇ ਹਥਿਆਰਾਂ ਨੂੰ ਮਿਲਟਰੀ ਦੇ ਮਹੱਤਵ ਵਜੋਂ ਵਰਤਿਆ ਜਾਣ ਲੱਗਾ। ਪੂਰਨ ਰੂਪ ਵਿਚ 'ਗੰਨਜ਼' ਅਤੇ ਇਨ੍ਹਾਂ ਦੀ ਪੈਦਾਵਾਰ ਚੀਨ ਨਾਲੋਂ ਯੂਰਪੀ ਦੇਸ਼ਾਂ ਵਿਚ ਵਧੇਰੇ ਹੋਣ ਲੱਗੀ। 'ਸੈਮੀ ਆਟੋਮੈਟਿਕ ਗੰਨਜ਼' (Semi autimatic guns) ਅਤੇ ਪਿਸਤੌਲ (Pistol) ਜਿਨ੍ਹਾਂ ਰਾਹੀਂ ਇਕ ਵਾਰ ਘੋੜਾ ਦਬਾਉਣ ਨਾਲ ਗੋਲੀ ਤੇਜ਼ੀ ਨਾਲ ਨਿਕਲਦੀ ਹੈ, ਇਸ ਨੂੰ ਕਾਫੀ ਪ੍ਰਸਿੱਧੀ ਮਿਲੀ। ਇਸ ਉਪਰੰਤ ਮਸ਼ੀਨਗੰਨ (Machine Gun) ਨੂੰ ਬਣਾਇਆ ਗਿਆ ਜੋ ਕਿ ਲਗਾਤਾਰ ਗੋਲੀਆਂ ਰਾਹੀਂ ਨਿਸ਼ਾਨਾ ਲਾਉਣ ਦੀ ਸਮਰੱਥਾ ਰੱਖਦੀ ਹੈ। ਇਹ ਉਦੋਂ ਤੱਕ ਲਗਾਤਾਰ ਚਲਦੀ ਰਹਿੰਦੀ ਹੈ ਜਦ ਤੱਕ ਗੋਲੀਆਂ ਖਤਮ ਨਾ ਹੋ ਜਾਣ। ਹੀਰਮ ਮੈਕਸਿਮ (Hiram Maxim) ਨਾਂ ਦੇ ਵਿਅਕਤੀ ਨੇ ਪਹਿਲੀ ਵਾਰ 1883 ਈ. ਵਿਚ ਅਜਿਹੀ ਅਸਲ ਮਸ਼ੀਨਗੰਨ (First True Machine Gun) ਦੀ ਖੋਜ ਕੀਤੀ ਜੋ ਸਵੈ-ਚਾਲਿਤ ਗੋਲੀਆਂ ਚਲਾਉਣ (Automatic Firing) ਦੇ ਸਮਰੱਥ

ਸੀ। ਇਹ ਇਕ ਅਜਿਹਾ ਚੁੱਕਵਾਂ ਹਥਿਆਰ ਸੀ ਜਿਹੜਾ ਇਕ ਥਾਂ ਤੋਂ ਦੂਜੀ ਥਾਂ (Portable Device) 'ਤੇ ਰੱਖਿਆ ਜਾ ਸਕਦਾ ਸੀ। ਦੂਜੀ ਵਿਸ਼ਵ ਜੰਗ ਦੇ ਖਤਮ ਹੋਣ ਮਗਰੋਂ ਅਤੇ ਸੀਤ ਯੁੱਧ (Cold War) ਦੇ ਆਰੰਭਲੇ ਸਮੇਂ ਵਿਚ ਭਾਰ ਪੱਖੋਂ ਹਲਕੀਆਂ ਅਤੇ ਕੀਮਤ ਦੇ ਪੱਖ ਤੋਂ ਸਸਤੀਆਂ ਮਸ਼ੀਨਗੰਨਾਂ ਬਣਨੀਆਂ ਸ਼ੁਰੂ ਹੋਈਆਂ। ਮੁੱਖ ਤੌਰ 'ਤੇ AK-47 ਅਤੇ M-16 ਨਾਂ ਦੀਆਂ ਹਮਲਾ ਕਰਨ ਵਾਲੀਆਂ ਰਾਈਫਲਾਂ (Assault Rifles) ਇਸ ਸਮੇਂ ਹੋਂਦ ਵਿਚ ਆਈਆਂ। ਮਿਥੀਲ ਕਾਲਾਸਿਨੇਕੋਵ (Mikhail Kalashinikov) ਨਾਂ ਦੇ ਵਿਅਕਤੀ ਨੇ 1940 ਈ. ਦੇ ਸ਼ੁਰੂ ਵਿਚ ਇਨ੍ਹਾਂ ਮਸ਼ਹੂਰ ਗੰਨਜ਼ ਦੀ ਖੋਜ ਕੀਤੀ ਅਤੇ ਸੋਵੀਅਤ ਫੈਕਟਰੀਆਂ ਨੇ 1947 ਈ. ਵਿਚ ਅਜਿਹੀਆ ਗੈਸੀ ਰਾਈਫਲਾਂ (Gas Operated Assault Rifels) ਨੂੰ ਬਣਾਉਣਾ ਆਰੰਭਿਆ। 1950, 1960 ਅਤੇ 1970 ਦੇ ਸਮੇਂ ਕਈ ਪੂਰਬੀ ਬਲਾਕ ਰਾਸ਼ਟਰਾਂ (Eastern Bloc Nations) ਵਿਚ ਇਨ੍ਹਾਂ ਨੂੰ ਵੱਡੇ ਪੱਧਰ 'ਤੇ ਵਰਤਿਆ ਗਿਆ। ਇਨ੍ਹਾਂ ਹਥਿਆਰਾਂ ਦਾ ਜਨਮਦਾਤਾ ਕਿਉਂਕਿ 'Kalashinikov' ਸੀ, ਇਸ ਕਰਕੇ ਅਜਿਹੇ ਹਥਿਆਰਾਂ ਨੂੰ 'Kalashinikov Rifles' ਦਾ ਨਾਂ ਵੀ ਦਿੱਤਾ ਜਾਂਦਾ ਹੈ। ਅੱਜ ਸੰਸਾਰ ਦੇ ਵੱਖ-ਵੱਖ ਭਾਗਾਂ ਵਿਚ ਸਭ ਤੋਂ ਮਨਪਸੰਦ ਤੇ ਪ੍ਰਸਿੱਧ ਮਸ਼ੀਨਗੰਨ ਵਜੋਂ AK-47 ਦਾ ਨਾਂ ਹੀ ਸਭ ਤੋ ਪਹਿਲਾਂ ਉਭਰ ਕੇ ਸਾਹਮਣੇ ਆਉਂਦਾ ਹੈ। ਕਾਲਾਸਿਨੇਕੋਵ ਦੁਆਰਾ ਬਣਾਈਆਂ ਸੰਸਾਰ ਪ੍ਰਸਿੱਧ ਇਹ ਗੰਨਜ਼ ਛੋਟੇ ਹਥਿਆਰਾਂ ਦੇ ਵਪਾਰ (Small Arms Trade) ਦਾ ਚਿੰਨ੍ਹ ਬਣ ਗਈਆਂ ਹਨ। ਦੂਜੀ ਵਿਸ਼ਵ ਜੰਗ ਤੋਂ ਬਾਅਦ 35 ਤੋਂ 70 ਮਿਲੀਅਨ ਅਜਿਹੀਆਂ ਰਾਈਫਲਾਂ ਬਣਾਈਆਂ ਗਈਆਂ।[4]

'ਗੰਨ' ਬਾਰੇ ਚਰਚਾ ਕਰਨ ਤੋਂ ਬਾਅਦ 'ਗੰਨ ਕਲਚਰ' ਦੀ ਮਦ ਨੂੰ ਪਰਿਭਾਸ਼ਿਤ ਕਰਨ ਦੀ ਵਾਰੀ ਆਉਂਦੀ ਹੈ। ਇਹ ਮਦ ਭਾਵੇਂ ਆਮ ਵਰਤੀ ਜਾਂਦੀ ਹੈ ਪਰੰਤੂ ਇਸ ਨੂੰ ਬਹੁਤ ਘੱਟ ਹੀ ਪਰਿਭਾਸ਼ਿਤ ਕੀਤਾ ਗਿਆ ਹੈ। ਅਜੋਕੇ ਸਮੇਂ ਵਿਚ ਗੰਨ ਕਲਚਰ ਨੂੰ ਇਕ ਅਰਥੀ ਭਾਵ ਲੈ ਕੇ ਨਹੀਂ ਵੇਖਿਆ ਜਾ ਸਕਦਾ, ਸਗੋਂ ਇਸ ਨੂੰ ਬਹੁਅਰਥੀ ਤੇ ਬਹੁਭਾਵੀ ਮਦ ਵਜੋਂ ਵਿਚਾਰਨਾ ਵਧੇਰੇ ਉਚਿਤ ਹੋਵੇਗਾ। ਆਮ ਅਰਥਾਂ ਵਿਚ ''ਸਮਾਜ ਵਿਚ 'ਗੰਨਜ਼' ਦੀ ਕੀਤੀ ਜਾਣ ਵਾਲੀ ਵਰਤੋਂ 'ਗੰਨਜ਼ ਕਲਚਰ' ਅਖਵਾਉਂਦੀ ਹੈ।''[5]

'ਵਿਕੀਪੀਡੀਆ' ਵਿਚ ਗੰਨ ਕਲਚਰ ਨੂੰ ਪਰਿਭਾਸ਼ਿਤ ਕਰਦਿਆਂ ਕਿਹਾ ਗਿਆ ਹੈ ਕਿ ਅਮਰੀਕਾ ਵਿਚ ਗੰਨ ਕਲਚਰ ਨੂੰ ਬਾਰੂਦ ਨਾਲ ਚਲਣ ਵਾਲੇ ਹਥਿਆਰਾਂ ਦੇ ਵਰਤੋਂ ਵਿਵਹਾਰ, ਢੰਗ, ਵਿਚਾਰ ਅਤੇ ਜਨਤਾ ਦੁਆਰਾ ਉਨ੍ਹਾਂ ਦੀ ਕੀਤੀ ਜਾਣ ਵਾਲੀ ਵਰਤੋਂ ਅਧੀਨ ਵਿਚਾਰਿਆ ਜਾਂਦਾ ਹੈ।[6]

'ਕੋਲੀਨਜ ਇੰਗਲਿਸ਼ ਡਿਕਸ਼ਨਰੀ' ਅਨੁਸਾਰ ''ਕਿਸੇ ਵੀ ਸਮਾਜ ਜਾ ਸਮਾਜਕ ਸਮੂਹ ਜਿਸ ਅਧੀਨ 'ਗੰਨਜ਼' ਦੇ ਵਿਵਹਾਰ, ਭਾਵਨਾ, ਢੰਗ, ਕੀਮਤਾਂ ਦੀ ਵਰਤੋਂ ਸ਼ਾਮਲ ਹੋਵੇ, 'ਗੰਨ ਕਲਚਰ' ਅਖਵਾਉਂਦਾ ਹੈ।[7]

ਅਬੀਗੇਲ ਏ.ਕੋਹਨ ਨੇ ਗੰਨ ਕਲਚਰ ਸੰਬੰਧੀ ਵਿਚਾਰ ਪ੍ਰਗਟ ਕਰਦਿਆਂ ਲਿਖਿਆ ਹੈ ਕਿ ਅਕਾਦਮਿਕ ਜਗਤ ਦੇ ਵਿਦਵਾਨ ਗੰਨ ਕਲਚਰ ਨੂੰ ਆਪਣੇ ਤਰੀਕੇ ਨਾਲ ਪਰਿਭਾਸ਼ਿਤ ਕਰਦਿਆਂ ਅਜਿਹੇ ਭੂਗੋਲਿਕ ਸਥਾਨ ਦਾ ਸੰਬੰਧ ਗੰਨ ਕਲਚਰ ਨਾਲ ਜੋੜਦੇ ਹਨ, ਜਿਥੇ ਗੰਨ ਦੀ ਮਾਲਕੀ ਜਾਂ ਅਧਿਕਾਰ ਵਿਆਪਕ ਪੱਧਰ 'ਤੇ ਪ੍ਰਚਲਿਤ ਹੋਵੇ ਅਤੇ ਜਿਥੇ ਲੋਕਾਂ ਦਾ ਸਮਾਜੀਕਰਨ ਗੰਨ ਦੀ ਮਲਕੀਅਤ ਤੇ ਕਦਰਾਂ-ਕੀਮਤਾਂ ਦੇ ਭਾਵ ਨਾਲ ਜੁੜਿਆ ਹੋਵੇ। ਉਸ ਅਨੁਸਾਰ ਗੰਨ ਕਲਚਰ ਤੋਂ ਮੇਰਾ ਭਾਵ ਗੰਨ 'ਤੇ ਵਿਸ਼ਾਲ ਰੂਪ ਵਿਚ ਪੈਣ ਵਾਲੇ ਸਮਾਜਕ, ਰਾਜਨੀਤਿਕ ਤੇ ਇਤਿਹਾਸਕ ਪ੍ਰਭਾਵ ਤੋਂ ਹੈ। ਇਹ ਪ੍ਰਭਾਵ ਨਕਾਰਾਤਮਕ ਤੇ ਸਕਾਰਾਤਮਕ ਦੋਵੇਂ ਤਰ੍ਹਾਂ ਦੇ ਹੋ ਸਕਦੇ ਹਨ। ਗੰਨ ਕਲਚਰ ਇਕ ਸੰਰਚਨਾਤਮਕ ਅਭਿਵਿਅੰਜਨਾ ਹੈ ਜੋ ਵੱਖ-ਵੱਖ ਭੂਗੋਲਿਕ ਥਾਵਾਂ 'ਤੇ ਗੰਨ ਦੀ ਮਾਲਕੀ ਜਾਂ ਅਧਿਕਾਰ ਨਾਲ ਸੰਬੰਧਿਤ ਹੁੰਦੀ ਹੈ। ਇਥੋਂ ਤੱਕ ਕਿ ਅਜਿਹੀ ਥਾਂ ਜੋ ਪੂਰੀ ਤਰ੍ਹਾਂ ਗੰਨ ਨਾਲ ਨਾ ਵੀ ਜੁੜੀ ਹੋਵੇ, ਉਥੇ ਵੀ ਗੰਨ ਕਲਚਰ ਦਾ ਇਕ ਰੂਪ ਹੋ ਸਕਦਾ ਹੈ ਜੇਕਰ ਉਸ ਇਲਾਕੇ ਦੇ ਲੋਕ ਇਕੱਠੇ ਹੋ ਕੇ ਗੰਨਜ਼ ਸਬੰਧੀ ਗੱਲਬਾਤ ਕਰਨ, ਉਨ੍ਹਾਂ ਨੂੰ ਵੇਚਣ ਅਤੇ ਖਰੀਦਣ ਜਾਂ ਉਨ੍ਹਾਂ ਨਾਲ ਮਨੋਰੰਜਨ ਕਰਦੇ ਹੋਣ। ਗੰਨ ਕਲਚਰ ਉਹ ਵੀ ਹੈ ਜਿਥੇ ਲੋਕ ਗੰਨ ਸੰਬੰਧੀ ਇਕ ਸਾਂਝੀ ਭਾਸ਼ਾ ਦੀ ਵਰਤੋਂ ਕਰਦੇ ਹੋਣ ਅਤੇ ਆਪਣੇ ਨਿਤਦਿਨ ਦੇ ਜੀਵਨ ਵਿਚ ਗੰਨ ਸੰਬੰਧੀ ਚਿੰਨ੍ਹਾਂ ਤੇ ਪ੍ਰਤੀਕਾਂ ਦੇ ਜੁੱਟ ਨੂੰ ਆਪਸ ਵਿਚ ਸਾਂਝਾ ਕਰਦੇ ਹੋਣ।[8]

ਗੰਨ ਕਲਚਰ ਦੀ ਹੋਂਦ ਵਿਸ਼ਵਵਿਆਪੀ ਹੈ। ਇਸ ਨੂੰ ਕੇਵਲ ਕਿਸੇ ਇਕ ਖਿੱਤੇ ਤੱਕ ਸੀਮਤ ਕਰਕੇ ਨਹੀਂ ਵੇਖਿਆ ਜਾ ਸਕਦਾ। ਗੰਨ ਕਲਚਰ ਦੀ ਹੋਂਦ ਪੰਜਾਬੀ ਸਮਾਜ ਦੇ ਪ੍ਰਸੰਗ ਵਿਚ ਸਮਝਣ ਤੋਂ ਇਲਾਵਾ ਵਿਸ਼ਵ ਪੱਧਰੀ ਪ੍ਰਸੰਗ ਵਿਚ ਵੀ ਸਮਝਣੀ ਪਵੇਗੀ। ਅਜਿਹਾ ਇਸ ਕਰਕੇ ਜ਼ਰੂਰੀ ਹੈ ਕਿ ਅਜੋਕਾ ਦੌਰ ਵਿਸ਼ਵੀਕਰਨ ਦਾ ਦੌਰ ਹੈ। ਵਿਸ਼ਵੀਕਰਨ ਦੇ ਦੌਰ ਵਿਚ ਵਿਸ਼ਵ ਦੇ ਕਿਸੇ ਇਕ ਖਿੱਤੇ ਵਿਚ ਨਿਕਲੀ ਕੋਈ ਕਾਢ, ਵਰਤਾਰਾ ਜਾਂ ਵਾਪਰੀ ਘਟਨਾ ਦੇ ਪ੍ਰਭਾਵ ਤੋਂ ਕੋਈ ਦੂਸਰਾ ਖਿੱਤਾ ਅਭਿੱਜ ਨਹੀਂ ਰਹਿ ਸਕਦਾ। ਖ਼ਾਸ ਕਰਕੇ ਵੱਡੇ ਸਰਮਾਏਦਾਰੀ ਰਾਸ਼ਟਰ ਵਪਾਰ, ਖਪਤਵਾਦ ਤੇ ਮੰਡੀ ਦੇ ਨੁਕਤਾ-ਨਿਗ੍ਹਾ ਤੋਂ ਆਪਣੇ ਖੁਦ ਦੇ ਦੇਸ਼ ਅਤੇ ਦੂਜੇ ਦੇਸ਼ਾਂ ਵਿਚ ਗੰਨ ਕਲਚਰ ਨੂੰ ਪੈਦਾ ਕਰਦੇ ਜਾਂ ਬੜ੍ਹਾਵਾ ਦਿੰਦੇ ਹਨ। ਅਮਰੀਕਾ ਅਜਿਹੇ ਦੇਸ਼ ਦੀ ਇਕ ਪ੍ਰਤੱਖ ਮਿਸਾਲ ਹੈ ਜਿਥੇ ਗੰਨ ਕਲਚਰ ਬਹੁਤ ਵੱਡੀ ਪੱਧਰ 'ਤੇ ਪਾਇਆ ਜਾਂਦਾ ਹੈ। ਕੁਝ ਅੰਕੜਿਆਂ ਅਨੁਸਾਰ ਇਕੱਲੇ ਅਮਰੀਕਾ ਵਿਚ ਲੋਕਾਂ ਕੋਲ 200 ਮਿਲੀਅਨ ਦੇ ਲਗਭਗ ਨਿੱਜੀ ਗੰਨਜ਼ ਹਨ। ਇਨ੍ਹਾਂ ਵਿਚੋਂ 40 ਪ੍ਰਤੀਸ਼ਤ ਦੇ ਲਗਭਗ ਗੰਨਜ਼

ਘਰੇਲੂ ਲੋਕਾਂ (household) ਕੋਲ ਹਨ। ਇਨ੍ਹਾਂ ਅੰਕੜਿਆਂ ਵਿਚ ਅਜੇ ਸਰਕਾਰ, ਪੁਲੀਸ ਅਤੇ ਮਿਲਟਰੀ ਦੀ ਮਾਲਕੀ ਵਾਲੀਆਂ ਗੰਨਜ਼ ਜਾਂ ਗੈਰ-ਕਾਨੂੰਨੀ ਗੰਨਜ਼ ਸ਼ਾਮਲ ਨਹੀਂ ਹਨ। ਇਸੇ ਤਰ੍ਹਾਂ ਯੂਰਪ ਵਿਚ ਪ੍ਰਾਈਵੇਟ ਨਾਗਰਿਕਾਂ ਦੀ ਮਾਲਕੀ ਵਾਲੀਆਂ ਗੰਨਜ਼ ਦੀ ਗਿਣਤੀ 84 ਮਿਲੀਅਨ ਦੇ ਲਗਭਗ ਮੰਨੀ ਜਾਂਦੀ ਹੈ। ਵਿਸ਼ਵ ਵਿਚ ਪਾਈਆਂ ਜਾਂਦੀਆਂ ਕੁੱਲ ਗੰਨਜ਼ ਦੀ ਗਿਣਤੀ ਨਿਸ਼ਚਿਤ ਤੌਰ 'ਤੇ ਦੱਸਣਾ ਤਾਂ ਇਕ ਅਸੰਭਵ ਕਾਰਜ ਹੈ, ਫਿਰ ਵੀ ਕਈ ਆਲੋਚਕ ਵਿਸ਼ਵਾਸ ਨਾਲ ਇਹ ਦਾਅਵਾ ਕਰਦੇ ਹਨ ਕਿ ਪੂਰੇ ਸੰਸਾਰ ਵਿਚ ਘੱਟੋ-ਘੱਟ 700,000,000 ਜਾਂ ਇਕ ਬਿਲੀਅਨ ਦੇ ਤਿੰਨ ਚੌਥਾਈ ਦੇ ਨੇੜੇ-ਤੇੜੇ ਗੰਨਜ਼ ਮੌਜੂਦ ਹਨ।[9] ਹਥਿਆਰਾਂ ਦੀ ਪੈਦਾਵਾਰ ਤੇ ਨਿਰਯਾਤ ਕਰਨ ਵਿਚ ਪੱਛਮੀ ਦੇਸ਼ਾਂ ਦੀ ਵੱਡੀ ਭੂਮਿਕਾ ਹੈ। ਹਥਿਆਰਾਂ ਦੀ ਗਲੋਬਲ ਮਾਰਕੀਟ ਦੇ ਪਹਿਲੇ ਛੇ ਦੇਸ਼ਾਂ ਵਿਚ ਅਮਰੀਕਾ, ਰੂਸ, ਫਰਾਂਸ, ਇੰਗਲੈਂਡ, ਜਰਮਨ, ਅਤੇ ਨੀਦਰਲੈਂਡ ਦਾ ਨਾਂ ਆਉਂਦਾ ਹੈ। ਇਹ ਪੂਰੇ ਵਿਸ਼ਵ ਵਿਚ 85 ਪ੍ਰਤੀਸ਼ਤ ਦੇ ਲਗਭਗ ਹਥਿਆਰ ਦੂਜੇ ਦੇਸ਼ਾਂ ਨੂੰ ਸਪਲਾਈ ਕਰਦੇ ਹਨ। ਇਨ੍ਹਾਂ ਦੁਆਰਾ ਵੇਚੇ ਜਾਂਦੇ ਹਥਿਆਰਾਂ ਵਿਚ ਛੋਟੇ ਹਥਿਆਰ (Small Arms) ਵੱਡੇ ਪੱਧਰ 'ਤੇ ਸ਼ਾਮਲ ਹਨ ਜਿਨ੍ਹਾਂ ਵਿਚ ਸਾਰੇ ਰਿਵਾਲਵਰ, ਪਿਸਤੌਲ, ਰਾਈਫਲਾਂ, ਕਾਰਬੀਨ, ਮਸ਼ੀਨਗੰਨਾ ਅਤੇ ਐਂਟੀ ਏਅਰਕ੍ਰਾਫਟ ਗੰਨਜ਼ ਆਦਿ ਪ੍ਰਮੁੱਖ ਹਨ। ਇਨ੍ਹਾਂ ਛੋਟੇ ਹਥਿਆਰਾਂ ਤੋਂ ਇਲਾਵਾ ਵੱਖ-ਵੱਖ ਕਿਸਮਾਂ ਤੇ ਅਕਾਰਾਂ ਦੀਆਂ 'ਚੁੱਕਵੀਆਂ ਗੰਨਜ਼' (Portable Guns) ਜਿਨ੍ਹਾਂ ਨੂੰ ਇਕੱਲਾ ਵਿਅਕਤੀ ਅਸਾਨੀ ਨਾਲ ਚੁੱਕ ਸਕਦਾ ਹੈ, ਉਨ੍ਹਾਂ ਦਾ ਵਪਾਰ ਵੀ ਵਿਆਪਕ ਰੂਪ ਵਿਚ ਕੀਤਾ ਜਾਂਦਾ ਹੈ। ਇਹ ਸਾਰੀਆਂ ਗੰਨਜ਼ ਅਤਿ ਮਹੱਤਵਪੂਰਨ 'ਸਭਿਆਚਾਰਕ ਵਸਤਾਂ' (Cultural Objects) ਹਨ ਕਿਉਂਕਿ ਬਹੁਤ ਸਾਰੇ ਦੇਸ਼ਾਂ ਵਿਚ ਪੁਲੀਸ ਅਤੇ ਮਿਲਟਰੀ ਇਨ੍ਹਾਂ ਨੂੰ ਯਥਾਰਥਕ ਰੂਪ ਵਿਚ ਵਰਤਦੇ ਹਨ। ਆਮ ਨਾਗਰਿਕ ਕਾਨੂੰਨੀ ਢੰਗ ਨਾਲ ਇਨ੍ਹਾਂ ਨੂੰ ਆਪਣੇ ਕੋਲ ਰੱਖ ਸਕਦੇ ਹਨ। ਸਧਾਰਨ ਤੌਰ 'ਤੇ ਇਨ੍ਹਾਂ ਹਥਿਆਰਾਂ ਦੀ ਹੋਂਦ ਕਾਨੂੰਨੀ ਤੇ ਗੈਰ-ਕਾਨੂੰਨੀ ਰੂਪ ਵਿਚ ਸੰਸਾਰ ਦੇ ਹਰੇਕ ਖਿੱਤੇ ਵਿਚ ਪਾਈ ਜਾਂਦੀ ਹੈ।[10]

ਮਿਲਟਰੀ ਅਤੇ ਘਰੇਲੂ ਗੰਨ ਕਲਚਰ ਭਾਵੇਂ ਕਈ ਪੱਖਾਂ ਤੋਂ ਇਕ-ਦੂਜੇ ਨਾਲ ਗਹਿਨ ਰੂਪ ਵਿਚ ਜੁੜੇ ਹੋਏ ਹਨ, ਪਰੰਤੂ ਇਨ੍ਹਾਂ ਦੇ ਉਦੇਸ਼ਾਂ ਅਤੇ ਮੰਤਵ ਵਿਚ ਬਹੁਤ ਅੰਤਰ ਹੈ। ਕਿਸੇ ਵੀ ਦੇਸ਼ ਦੀ ਫੌਜ ਅਤੇ ਪੁਲੀਸ ਗੰਨ ਰੂਪੀ ਹਥਿਆਰਾਂ ਨੂੰ ਆਪਣੇ ਕਿੱਤੇ ਅਨੁਸਾਰ ਵਰਤਦੇ ਹਨ। ਦੂਜੇ ਪਾਸੇ ਘਰੇਲੂ ਜਾਂ ਸਿਵੇਲੀਅਨ ਗੰਨ ਕਲਚਰ ਦੇ ਅੱਗੋ ਦੋ ਪ੍ਰਕਾਰ 'ਕਾਨੂੰਨੀ' ਤੇ 'ਗੈਰ-ਕਾਨੂੰਨੀ' ਹਨ। ਕਾਨੂੰਨੀ ਤੌਰ 'ਤੇ ਹਰੇਕ ਦੇਸ਼ ਨੇ ਆਪਣੇ ਸੱਭਿਅਕ ਨਾਗਰਿਕਾਂ ਨੂੰ ਹਥਿਆਰ ਰੱਖਣ ਲਈ ਕਾਨੂੰਨੀ ਅਧਿਕਾਰ ਦਿੱਤੇ ਹਨ। ਵੱਖ-ਵੱਖ ਦੇਸ਼ਾਂ ਵਿਚ ਗੰਨ ਰੱਖਣ ਤੇ ਵਰਤਣ ਨਾਲ ਸੰਬੰਧਿਤ ਵੱਖ-ਵੱਖ ਕਾਨੂੰਨ ਹਨ। ਕਾਨੂੰਨੀ ਪ੍ਰਕਿਰਿਆ ਤੋਂ ਇਲਾਵਾ ਗੈਰ-ਕਾਨੂੰਨੀ ਤੌਰ 'ਤੇ ਵੀ ਵੱਖ-ਵੱਖ ਦੇਸ਼ਾਂ ਦੇ ਨਾਗਰਿਕ ਗੰਨ ਨੂੰ ਰੱਖਦੇ, ਵਰਤਦੇ ਹਨ। ਸਿਵੇਲੀਅਨ ਦੁਆਰਾ ਕਾਨੂੰਨੀ ਜਾਂ ਗੈਰ-ਕਾਨੂੰਨੀ ਤਰੀਕੇ ਨਾਲ ਗੰਨ ਰੱਖਣ ਜਾਂ ਵਰਤਣ ਪਿੱਛੇ ਕਈ ਕਾਰਨ ਜ਼ਿੰਮੇਵਾਰ ਹਨ। ਹੱਥਲਾ ਖੋਜ-ਪੱਤਰ ਮੁੱਖ ਰੂਪ ਵਿਚ ਸਿਵੇਲੀਅਨ ਗੰਨ ਕਲਚਰ ਨਾਲ ਸੰਬੰਧਿਤ ਹੈ। ਮਿਲਟਰੀ ਦੁਆਰਾ ਗੰਨ ਦੀ ਵਰਤੋ ਇਕ ਵੱਖਰੀ ਪ੍ਰਕਿਰਿਆ ਹੈ, ਇਸ ਲਈ ਆਮ ਨਾਗਰਿਕਾਂ ਦੁਆਰਾ ਗੰਨ ਦੀ ਵਰਤੋਂ, ਗੰਨ ਪ੍ਰਤੀ ਧਾਰਨਾਵਾਂ ਤੇ ਇਸ ਦੇ ਪ੍ਰਭਾਵ ਅਧੀਨ ਉਪਜਣ ਵਾਲੇ ਕਲਚਰ ਨਾਲ ਜੁੜੇ ਪੱਖ ਹੀ ਅਧਿਐਨ ਦਾ ਹਿੱਸਾ ਬਣਾਏ ਗਏ ਹਨ।

ਗੰਨ ਕਲਚਰ ਦੇ ਹੱਕ ਵਿਚ ਭੁਗਤਣ ਵਾਲਾ ਪਹਿਲਾ ਸਕਾਰਾਤਮਕ ਪਹਿਲੂ 'ਆਤਮ ਸੁਰੱਖਿਆ' (Self- Defence) ਤੇ 'ਵਿਅਕਤੀਗਤ ਸੁਤੰਤਰਤਾ ਦੇ ਅਧਿਕਾਰ' (Right of Individual Freedom) ਨਾਲ ਸੰਬੰਧਿਤ ਹੈ। ਵਿਅਕਤੀਗਤ ਪੱਧਰ ਉਤੇ ਆਮ ਨਾਗਰਿਕਾਂ ਦੁਆਰਾ ਹਥਿਆਰਾਂ ਦੀ ਵਰਤੋਂ ਦਾ ਸਭ ਤੋਂ ਮਹੱਤਵਪੂਰਨ ਉਦੇਸ਼ 'ਸਵੈ-ਰੱਖਿਆ' ਦਾ ਮੁੱਦਾ ਹੈ। ਹਰੇਕ ਮਨੁੱਖ ਨੂੰ ਆਪਣੀ ਜਾਨ-ਮਾਲ, ਘਰ-ਬਾਰ, ਦੁਕਾਨ, ਬਿਜ਼ਨਸ, ਸੰਪਤੀ ਆਦਿ ਦੀ ਸੁਰੱਖਿਆ ਕਰਨ ਦਾ ਅਧਿਕਾਰ ਹੈ। ਵੱਖ-ਵੱਖ ਸੰਭਾਵਿਤ ਖਤਰਿਆਂ ਦੇ ਮੱਦੇਨਜ਼ਰ ਸੰਸਾਰ ਦੇ ਕਈ ਦੇਸ਼ਾਂ ਵਿਚ ਨਾਗਰਿਕਾਂ ਦੁਆਰਾ ਕਾਨੂੰਨੀ ਤੌਰ 'ਤੇ ਹਥਿਆਰ ਰੱਖਣ ਦੀ ਮੰਗ ਕੀਤੀ ਜਾਂਦੀ ਹੈ, ਜਿਸ ਨੂੰ ਸਰਕਾਰ ਲਾਇਸੈਂਸ ਦੇ ਕੇ ਪੂਰਾ ਕਰਦੀ ਹੈ। ਅਮਰੀਕਾ ਵਰਗੇ ਦੇਸ਼ਾਂ ਵਿਚ ਵਿਅਕਤੀਗਤ ਸੁਤੰਤਰਤਾ ਤੇ ਸਵੈ-ਰੱਖਿਆ ਦੇ ਨੁਕਤੇ ਤਹਿਤ ਆਮ ਲੋਕਾਂ ਕੋਲ ਵੱਡੇ ਪੱਧਰ ਤੇ ਗੰਨ ਰੱਖਣ ਦਾ ਸੰਵਿਧਾਨਕ ਅਧਿਕਾਰ ਪ੍ਰਾਪਤ ਹੈ। ਪੰਜਾਬ ਵਿਚ ਵੀ ਅਨੇਕਾਂ ਲੋਕਾਂ ਕੋਲ ਲਾਇਸੈਂਸੀ ਹਥਿਆਰ ਹਨ ਜਿਨ੍ਹਾਂ ਨੂੰ ਪ੍ਰਾਪਤ ਕਰਨ ਲਈ ਮੁੱਖ ਰੂਪ ਵਿਚ ਆਤਮ ਸੁਰੱਖਿਆ ਨੂੰ ਆਧਾਰ ਬਣਾਇਆ ਜਾਂਦਾ ਹੈ। ਜੀਊਣਾ ਹਰੇਕ ਮਨੁੱਖ ਦਾ ਬੁਨਿਆਦੀ ਹੱਕ ਹੈ। ਜੀਊਂਦੇ ਰਹਿਣ ਲਈ ਵਿਅਕਤੀਗਤ ਸੁਰੱਖਿਆ ਜ਼ਰੂਰੀ ਹੈ। ਵਿਅਕਤੀਗਤ ਸੁਰੱਖਿਆ ਲਈ ਹਥਿਆਰ ਦੀ ਲੋੜ ਮਹੱਤਵਪੂਰਨ ਹੈ। "A firearm could be a useful protection against burglars, and that the best and most effective method of self-defence might be a gun."[11] ਹਰੇਕ ਦੇਸ਼ ਨੇ ਆਪਣੇ ਨਾਗਰਿਕਾਂ ਨੂੰ ਸੰਵਿਧਾਨ ਅਨੁਸਾਰ ਕਈ ਤਰ੍ਹਾਂ ਦੇ ਮੌਲਿਕ ਅਧਿਕਾਰ ਦਿੱਤੇ ਹਨ ਜਿਨ੍ਹਾਂ ਵਿਚ ਸੁਤੰਤਰਤਾ, ਸਮਾਨਤਾ, ਧਾਰਮਿਕ ਅਜ਼ਾਦੀ, ਸੰਪਤੀ ਆਦਿ ਵੱਖ-ਵੱਖ ਤਰ੍ਹਾਂ ਦੇ ਅਧਿਕਾਰ ਸ਼ਾਮਲ ਹਨ। ਇਨ੍ਹਾਂ ਵਿਭਿੰਨ ਅਧਿਕਾਰਾਂ ਦਾ 'ਸਵੈ-ਰੱਖਿਆ' ਦੇ ਅਧਿਕਾਰ ਤੋਂ ਬਿਨਾਂ ਕੋਈ ਮਹੱਤਵ ਨਹੀਂ ਰਹਿ ਜਾਂਦਾ। "The doctrine of personal security without which all other rights were meaningless."[12] ਇਸ ਲਈ ਆਮ ਨਾਗਰਿਕਾਂ ਦੁਆਰਾ ਗੰਨ ਰੱਖਣ ਜਾਂ ਵਰਤਣ ਦਾ ਸਭ ਤੋਂ ਮਹੱਤਵਪੂਰਨ ਪਹਿਲੂ 'ਆਤਮ-ਰੱਖਿਆ' ਹੈ।

ਸਵੈ-ਰੱਖਿਆ ਤੋਂ ਬਾਅਦ ਗੰਨ ਦੀ ਵਰਤੋਂ ਦਾ ਦੂਸਰਾ ਸਕਾਰਤਮਕ ਪਹਿਲੂ 'ਸਮੂਹਿਕ ਜਾਂ ਪਬਲਿਕ ਸੁਰੱਖਿਆ' (Collective/Public Security) ਨਾਲ ਜੁੜਦਾ ਹੈ। ਭਾਵੇਂ ਕਿ ਕਿਸੇ ਵੀ ਦੇਸ਼ ਵਿਚ ਨਾਗਰਿਕਾਂ ਦੀ ਸਮੂਹਿਕ ਸੁਰੱਖਿਆ ਪ੍ਰਾਥਮਿਕ ਤੌਰ 'ਤੇ ਪੁਲੀਸ ਦੀ ਜ਼ਿੰਮੇਵਾਰੀ ਹੁੰਦੀ ਹੈ ਪਰੰਤੂ ਕਈ ਵਾਰ ਆਮ ਨਾਗਰਿਕ ਜਿਸ ਕੋਲ ਹਥਿਆਰ ਹੈ, ਉਹ ਵੀ ਸੰਕਟ ਸਮੇਂ ਪਬਲਿਕ ਥਾਵਾਂ, ਸਰਵਜਨਕ ਸੰਪਤੀ ਜਾਂ ਆਪਣੇ ਪਰਿਵਾਰ ਦੇ ਦੂਜੇ ਮੈਬਰਾਂ ਦੀ ਰੱਖਿਆ ਕਰ ਸਕਦਾ ਹੈ। ਕਿਸੇ ਵੀ ਦੇਸ਼ ਵਿਚ ਪੁਲੀਸ, ਮਿਲਟਰੀ ਆਦਿ ਏਨੀ ਵੱਡੀ ਮਾਤਰਾ ਵਿਚ ਉਪਲੱਬਧ ਨਹੀਂ ਹੁੰਦੀ ਕਿ ਉਹ ਇਕੱਲੇ-ਇਕੱਲੇ ਵਿਅਕਤੀ ਜਾਂ ਇਕੱਲੀ-ਇਕੱਲੀ ਥਾਂ ਦੀ ਰਾਖੀ ਕਰ ਸਕੇ। ਇਸ ਕਾਰਨ ਕਈ ਵਾਰ ਗੰਨ ਦੀ ਵਰਤੋਂ ਕਿਸੇ ਦੂਜੇ ਦੀ ਰੱਖਿਆ ਜਾਂ ਸਮੂਹਿਕ ਸੁਰੱਖਿਆ ਲਈ ਵੀ ਸਹਾਇਕ ਸਿੱਧ ਹੁੰਦੀ ਹੈ। ਉਦਾਹਰਨ ਵਜੋਂ 20 ਜਨਵਰੀ 2016 ਨੂੰ ਪਾਕਿਸਤਾਨ ਦੀ ਇਕ ਯੂਨੀਵਰਸਿਟੀ 'ਬਾਚਾ ਖਾਨ' (Bacha Khan) ਵਿਚ ਆਤੰਕਵਾਦੀਆਂ ਨੇ ਹਮਲਾ ਕਰ ਦਿੱਤਾ ਸੀ। ਯੂਨੀਵਰਸਿਟੀ ਵਿਖੇ ਪੜ੍ਹਾਉਂਦਾ ਕਮਿਸਟਰੀ ਦਾ ਅਸਿਸਟੈਂਟ ਪ੍ਰੋਫੈਸਰ ਜਿਸ ਕੋਲ ਆਪਣਾ ਪਿਸਤੌਲ ਮੌਜੂਦ ਸੀ, ਉਸ ਦੀ ਵਰਤੋਂ ਕਰਕੇ ਪ੍ਰੋਫੈਸਰ ਨੇ ਆਤੰਕਵਾਦੀਆਂ ਦਾ ਕੁਝ ਦੇਰ ਮੁਕਾਬਲਾ ਕੀਤਾ। ਉਹ ਭਾਵੇਂ ਆਪ ਸ਼ਹੀਦ ਹੋ ਗਿਆ, ਪਰ ਉਸ ਨੇ 15 ਮਿੰਟ ਤੱਕ ਹਮਲਾਵਰਾਂ ਨੂੰ ਰੋਕੀ ਰੱਖਿਆ, ਜਿਸ ਦੇ ਫਲਸਰੂਪ ਜਮਾਤ ਦੇ ਕਈ ਵਿਦਿਆਰਥੀ ਭੱਜਣ ਵਿਚ ਸਫਲ ਹੋ ਗਏ ਤੇ ਉਨ੍ਹਾਂ ਦੀ ਜਾਨ ਬਚ ਗਈ। ਇਸ ਘਟਨਾ ਤੋ ਬਾਅਦ ਉਥੋਂ ਦੀ ਸਰਕਾਰ ਨੇ ਆਪਣੇ ਅਧਿਆਪਕਾਂ ਨੂੰ ਪਿਸਤੌਲ/ਰਿਵਾਲਵਰ ਦੇਣ ਬਾਰੇ ਵਿਚਾਰ ਸ਼ੁਰੂ ਕੀਤਾ। ਇਸ ਤਰ੍ਹਾਂ ਸਰਵਜਨਕ ਹਿੰਸਾ, ਅਪਰਾਧ ਆਦਿ ਨਾਲ ਨਜਿੱਠਣ ਲਈ ਪਬਲਿਕ ਸੁਰੱਖਿਆ ਦੇ ਮੱਦੇਨਜ਼ਰ ਗੰਨ ਦੀ ਵਰਤੋਂ ਕਾਰਗਰ ਸਿੱਧ ਹੁੰਦੀ ਹੈ। ਪੰਜਾਬ ਵਰਗੇ ਪ੍ਰਾਂਤ ਜਿਥੇ ਪੁਲਿਸ ਦੀ ਗਿਣਤੀ ਇਥੋਂ ਦੀ ਜਨਸੰਖਿਆ ਦੇ ਹਿਸਾਬ ਨਾਲ ਬਹੁਤ ਘੱਟ ਹੈ ਜਾਂ ਬਹੁਤੇ ਪੁਲੀਸ ਵਾਲਿਆਂ ਕੋਲ ਗੰਨ ਦੀ ਥਾਂ ਡੰਡੇ ਹੀ ਹਨ, ਉਥੇ ਪਬਲਿਕ ਸੁਰੱਖਿਆ ਦੀ ਜ਼ਿੰਮੇਵਾਰੀ ਪੁਲੀਸ ਤੋਂ ਇਲਾਵਾ ਹਥਿਆਰਾਂ ਵਾਲੇ ਸਿਵੇਲੀਅਨ ਤੇ ਵੀ ਕਾਫੀ ਨਿਰਭਰ ਕਰਦੀ ਹੈ।

ਹੁਣ ਇਥੇ ਇਕ ਸੁਆਲ ਪੈਦਾ ਹੁੰਦਾ ਹੈ ਕਿ ਆਤਮ-ਰੱਖਿਆ ਅਤੇ ਸਮੂਹਿਕ ਸੁਰੱਖਿਆ ਦੇ ਮੱਦੇਨਜ਼ਰ ਕੀ ਸਮਾਜ ਵਿਚ ਹਥਿਆਰਾਂ ਦੀ ਵਿਆਪਕ ਹੋਂਦ ਜਾਇਜ਼ ਹੈ? ਕੀ ਕਿਸੇ ਵੀ ਸਮਾਜ ਵਿਚ ਹਥਿਆਰਾਂ ਦਾ ਵਿਆਪਕ ਪ੍ਰਸਾਰ ਕਿਸੇ ਸੁਰੱਖਿਅਤ ਸਮਾਜ ਦੀ ਸਿਰਜਣਾ ਕਰ ਸਕਦਾ ਹੈ? ਕੀ ਗੰਨ ਰੂਪੀ ਹਥਿਆਰ ਰੱਖਣ ਵਾਲਾ ਹਰੇਕ ਵਿਅਕਤੀ ਏਨਾਂ ਸੁਘੜ-ਸਿਆਣਾ ਹੁੰਦਾ ਹੈ ਕਿ ਉਹ ਇਸ ਦੀ ਦੁਰ-ਵਰਤੋਂ ਨਹੀਂ ਕਰੇਗਾ? ਇਨ੍ਹਾਂ ਪ੍ਰਸ਼ਨਾਂ ਦਾ ਸੰਭਾਵਿਤ ਉੱਤਰ 'ਨਾਂਹ' ਵਿਚ ਹੀ ਮਿਲੇਗਾ। ਅਫਗਾਨਿਸਤਾਨ, ਪਾਕਿਸਤਾਨ ਜਿਹੇ ਦੇਸ਼ ਜਿਥੇ ਗੰਨ ਕਲਚਰ ਦੀ ਹੋਂਦ ਵੱਡੀ ਮਾਤਰਾ ਵਿਚ ਪਾਈ ਜਾਂਦੀ ਹੈ, ਉਥੋਂ ਦਾ ਸਮਾਜ ਅੱਜ ਵਿਸ਼ਵ ਦੇ ਸਭ ਤੋਂ ਅਸਥਿਰ ਤੇ ਅਸੁਰੱਖਿਅਤ ਸਮਾਜਾਂ ਵਿਚੋਂ ਇੱਕ ਹੈ। ਅਫਗਾਨਿਸਤਾਨ ਦਾ ਇਕ ਵਿਅਕਤੀ ਕਾਬੁਲ ਵਿਚ ਅਮਰੀਕੀ ਸਿਪਾਹੀ ਨੂੰ ਫੋਨ ਤੇ ਗੱਲ ਕਰਦਿਆ ਹੈਰਾਨ ਹੋ ਕੇ ਆਖਦਾ ਹੈ ''ਕੀ ਤੁਸੀ ਸਾਡੀ ਸਮੱਸਿਆ ਬਾਰੇ ਜਾਣਦੇ ਹੋ? ਅਸੀਂ ਆਪਣੇ ਹਥਿਆਰਾਂ ਬਾਰੇ ਤਾਂ ਸਭ ਕੁਝ ਜਾਣਦੇ ਹਾਂ ਪਰੰਤੂ ਟੈਲੀਫੋਨ ਨੂੰ ਕਿਵੇਂ ਵਰਤਣਾ ਹੈ, ਇਸ ਬਾਰੇ ਸਾਨੂੰ ਕੁਝ ਵੀ ਪਤਾ ਨਹੀਂ?''[13] ਅਮਰੀਕਾ ਵਰਗੇ ਦੇਸ਼ ਜਿਥੇ ਗੰਨ ਕਲਚਰ ਦੀ ਹੋਂਦ ਵੱਡੀ ਪੱਧਰ ਤੇ ਪਾਈ ਜਾਂਦੀ ਹੈ ਕਿਉਂਕਿ ਉਥੋਂ ਦੇ ਸੰਵਿਧਾਨ ਤੇ ਕਾਨੂੰਨ ਅਨੁਸਾਰ ਆਤਮ ਰੱਖਿਆ ਤੇ ਵਿਅਕਤੀਗਤ ਸੁਤੰਤਰਤਾ ਦੇ ਮੱਦੇਨਜ਼ਰ ਆਮ ਨਾਗਰਿਕ ਅਸਾਨੀ ਨਾਲ ਹਥਿਆਰ ਰੱਖ ਸਕਦੇ ਹਨ, ਹੁਣ ਉਹ ਵੀ ਗੰਨ ਕਲਚਰ ਦੇ ਫਲਸਰੂਪ ਵਾਪਰਨ ਵਾਲੀਆਂ ਵਾਰਦਾਤਾਂ ਕਾਰਨ ਆਪਣੇ ਦੇਸ਼ ਵਿਚ ਸਿਵੇਲੀਅਨ ਦੁਆਰਾ ਹਥਿਆਰਾਂ ਦੀ ਵਿਆਪਕ ਵਰਤੋਂ ਤੇ ਪਾਬੰਧੀ ਲਗਾਉਣ ਬਾਰੇ ਸੋਚ ਰਿਹਾ ਹੈ। ਇਹ ਵੱਖਰੀ ਗੱਲ ਹੈ ਕਿ ਉਥੋਂ ਦੀ ਗੰਨ ਇੰਡਸਟਰੀ, ਗੰਨ ਲੱਾਬੀ, ਗੰਨ ਐਸੋਸੀਏਸ਼ਨ ਦੇ ਪ੍ਰਭਾਵ ਸਦਕਾ ਹਰ ਵਾਰ ਗੰਨ ਤੇ ਪਾਬੰਧੀ ਲਗਾਉਣ ਦੀ ਮੰਗ ਸਿਰੇ ਨਹੀਂ ਚੜ੍ਹਦੀ, ਫਿਰ ਵੀ ਅਮਰੀਕਾ ਆਪਣੇ ਸਮਾਜ ਵਿੱਚ ਨਾਗਰਿਕਾਂ ਦੁਆਰਾ ਹਥਿਆਰਾਂ ਦੀ ਦੁਰਵਰਤੋਂ ਤੋਂ ਪਰੇਸ਼ਾਨ ਜ਼ਰੂਰ ਹੈ। ਪੰਜਾਬੀ ਸਮਾਜ ਵਿੱਚ ਵੀ ਆਤਮ ਰੱਖਿਆ ਜਾਂ ਪਬਲਿਕ ਸੁਰੱਖਿਆ ਦੀ ਆੜ ਵਿੱਚ ਨਾਗਰਿਕਾਂ ਦੀ ਹਥਿਆਰਾਂ ਵੱਲ ਵਧਦੀ ਰੁਚੀ ਇਕ ਖ਼ਤਰਨਾਕ ਰੁਝਾਨ ਹੈ। ਸਾਡਾ ਪ੍ਰਸ਼ਾਸਨ ਏਨਾਂ ਉਚ ਪਾਏ ਦਾ ਨਹੀਂ ਕਿ ਉਹ ਹਥਿਆਰ ਦਾ ਲਾਇਸੈਂਸ ਲੈਣ ਵਾਲੇ ਵਿਅਕਤੀ ਬਾਰੇ ਪੂਰੀ ਛਾਣ-ਬੀਣ ਕਰਦਾ ਹੋਵੇ। ਮਨੋਵਿਗਿਆਨਕ ਟੈਸਟ ਕਰਕੇ ਲਾਇਸੈਂਸ ਦੇਣ ਦੀ ਇਥੇ ਕੋਈ ਵਿਵਸਥਾ ਨਹੀਂ। ਵੈਸੇ ਵੀ ਪੰਜਾਬੀ ਗਰਮ ਖੂਨ ਤੇ ਸ਼ੋਰ-ਸ਼ਰਾਬੇ ਨੂੰ ਪਸੰਦ ਕਰਨ ਵਾਲੀ ਕੌਮ ਹੈ। ਜਿਹੜਾ ਕੰਮ ਧੀਮੀ ਅਵਾਜ਼ ਵਿਚ ਹੋ ਸਕਦਾ ਹੈ, ਉਸ ਨੂੰ ਵੀ ਉੱਚੀ ਅਵਾਜ ਵਿਚ ਬੜ੍ਹਕਾ ਮਾਰਕੇ ਕਰਨਾ ਪਸੰਦ ਕਰਦੇ ਹਨ। ਗੋਲੀਆਂ ਦੀ ਠਾਹ-ਠਾਹ ਤੇ ਨਿੱਕੀ ਜਿਹੀ ਗੱਲ ਤੇ ਹਥਿਆਰ ਕੱਢ ਕੇ ਫਾਇਰ ਕਰਨੇ, ਇਸੇ ਸ਼ੋਰ-ਸ਼ਰਾਬੇ ਦੀ ਸੰਸਕ੍ਰਿਤੀ ਦਾ ਹੀ ਹਿੱਸਾ ਹੈ। ਇਸ ਕਰਕੇ ਆਤਮ-ਰੱਖਿਆ ਦੀ ਆੜ ਹੇਠ ਕਿਸੇ ਵੀ ਸਮਾਜ ਵਿਚ ਹਥਿਆਰਾਂ ਦਾ ਵਧਦਾ ਪ੍ਰਸਾਰ ਉਸ ਸਮਾਜ ਦੇ ਅਸੁਰੱਖਿਅਤ ਸਮਾਜ ਹੋਣ ਦੀ ਨਿਸ਼ਾਨੀ ਬਣਦਾ ਹੈ। ਉਸ ਸਮਾਜ ਦੇ ਲੋਕਾਂ ਦੀਆਂ ਨੈਤਿਕ ਕਦਰਾਂ-ਕੀਮਤਾਂ, ਮੁਲ-ਵਿਧਾਨ ਤੇ ਸਿੱਖਿਆ ਸਿਸਟਮ ਉਪਰ ਇਹ ਇਕ ਕਰਾਰੀ ਚੋਟ ਹੈ। "Going out of the door every day with a handgun on your hip or in your purse means we have failed our children and our schools and softened our moral backbone."[14]

ਗੰਨ ਕਲਚਰ ਦਾ ਇਕ ਪੱਖ ਕਿਸੇ ਸਮਾਜ ਦੀ 'ਪਰੰਪਰਾ' (Tradition) ਤੇ 'ਮਰਦਾਨਗੀ' (Masculinity) ਨਾਲ ਵੀ

ਸੰਬੰਧ ਰੱਖਦਾ ਹੈ। ਹਰੇਕ ਸਮਾਜ ਵਿਚ ਹਥਿਆਰਾਂ ਨਾਲ ਕੋਈ ਨਾ ਕੋਈ ਪਰੰਪਰਾ ਜ਼ਰੂਰ ਜੁੜੀ ਹੁੰਦੀ ਹੈ। ਇਸ ਪਰੰਪਰਾ ਪਿੱਛੇ ਬਹਾਦਰੀ, ਦਲੇਰੀ, ਵੀਰਤਾ ਦੇ ਅਰਥ ਛੁਪੇ ਹੋਏ ਹਨ। ਸ਼ਿਕਾਰ ਖੇਡਣ ਦੀ ਪਰੰਪਰਾ ਤੇ ਬਹਾਦਰੀ ਦਾ ਗੰਨ ਕਲਚਰ ਨਾਲ ਗਹਿਰਾ ਰਿਸ਼ਤਾ ਹੈ। ਪੁਰਾਤਨ ਸਮੇਂ ਵਿਚ ਰਾਜਿਆਂ-ਮਹਾਰਾਜਿਆਂ ਤੇ ਸੂਰਬੀਰ ਵਿਅਕਤੀਆਂ ਦੁਆਰਾ ਉਸ ਸਮੇਂ ਦੇ ਮਕਬੂਲ ਹਥਿਆਰਾਂ ਜਿਵੇਂ ਤੀਰ-ਕਮਾਨਾਂ, ਤਲਵਾਰਾਂ-ਬਰਛਿਆਂ ਆਦਿ ਨਾਲ ਸ਼ਿਕਾਰ ਖੇਡਿਆ ਜਾਂਦਾ ਸੀ। ਗੰਨ ਦੇ ਹੋਂਦ ਵਿਚ ਆਉਣ ਪਿੱਛੋਂ ਇਹ ਸ਼ਿਕਾਰ ਖੇਡਣ ਲਈ ਅਤਿ ਢੁੱਕਵਾਂ ਤੇ ਮਹੱਤਵਪੂਰਨ ਹਥਿਆਰ ਬਣ ਗਈ ਕਿਉਂਕਿ ਬਾਕੀ ਹਥਿਆਰਾਂ ਦੀ ਤੁਲਨਾ ਵਿਚ ਗੰਨ ਦੀ ਵਰਤੋਂ ਨਾਲ ਕਿਸੇ ਵੀ ਜਾਨਵਰ ਦਾ ਸ਼ਿਕਾਰ ਕਰਨ ਲਈ ਜੋਖਮ ਦੀ ਸੰਭਾਵਨਾ ਬਹੁਤ ਘੱਟ ਜਾਂਦੀ ਹੈ। ਵਿਸ਼ੇਸ਼ ਕਰਕੇ ਸ਼ੇਰ, ਚੀਤਾ, ਟਾਈਗਰ ਆਦਿ ਖ਼ਤਰਨਾਕ ਜਾਨਵਰਾਂ ਦਾ ਸ਼ਿਕਾਰ ਕਰਨ ਲਈ ਗੰਨ ਇਕ ਕਾਰਗਰ ਸਾਧਨ ਸਿੱਧ ਹੁੰਦੀ ਹੈ। ਬੇਸ਼ੱਕ ਆਧੁਨਿਕ ਸਮੇਂ ਵਿਚ ਜੰਗਲੀ ਜੀਵਾਂ ਦੀ ਸੁਰੱਖਿਆ ਨਾਲ ਸੰਬੰਧਿਤ ਕਈ ਪ੍ਰਕਾਰ ਦੇ ਰਾਸ਼ਟਰੀ-ਅੰਤਰਰਾਸ਼ਟਰੀ ਕਾਨੂੰਨ ਹੋਂਦ ਵਿਚ ਆਉਣ ਕਰਕੇ ਭਾਰਤ ਸਮੇਤ ਕਈ ਦੇਸ਼ਾਂ ਵਿਚ ਸ਼ਿਕਾਰ ਖੇਡਣ ਤੇ ਪਾਬੰਦੀ ਹੈ, ਫਿਰ ਵੀ ਲੰਬਾ ਸਮਾਂ ਲੋਕ ਗੰਨ ਨਾਲ ਸ਼ਿਕਾਰ ਖੇਡਦੇ ਰਹੇ ਹਨ। ਇਸ ਕਾਰਨ ਇਹ ਪ੍ਰਥਾ ਇਕ ਪਰੰਪਰਾ ਦੇ ਭਾਵ ਵੀ ਲੈ ਲੈਂਦੀ ਹੈ। ਪਾਬੰਦੀ ਦੇ ਬਾਵਜੂਦ ਆਧੁਨਿਕ ਸਮੇਂ ਵਿਚ ਸਲਮਾਨ ਖਾਨ ਜਿਹੇ ਕਈ ਵਿਅਕਤੀ ਹਿਰਨ ਆਦਿ ਦੇ ਸ਼ਿਕਾਰ ਕਾਰਨ ਸਜਾ ਦੇ ਭਾਗੀਦਾਰ ਵੀ ਬਣਦੇ ਦੇਖੇ ਗਏ ਹਨ। ਪੰਜਾਬੀ ਸਮਾਜ ਵਿਚ ਵੀ ਰਾਜੇ-ਮਹਾਰਾਜੇ ਜਾਂ ਅਮੀਰ ਵਿਅਕਤੀ ਅਕਸਰ ਸ਼ਿਕਾਰ ਖੇਡਣ ਲਈ ਗੰਨ ਦੀ ਵਰਤੋਂ ਕਰਦੇ ਰਹੇ ਹਨ। ਸ਼ਿਕਾਰ ਤੋਂ ਇਲਾਵਾ ਹੋਰ ਕਈ ਪ੍ਰਕਾਰ ਦੀਆਂ ਪਰੰਪਰਾਵਾਂ ਵੀ ਗੰਨ ਕਲਚਰ ਦੇ ਅੰਤਰਗਤ ਵਿਚਾਰੀਆਂ ਜਾ ਸਕਦੀਆਂ ਹਨ। ਉਦਾਹਰਨ ਵਜੋਂ ਅਫਗਾਨਿਸਤਾਨ ਦੇ ਕਬਾਇਲੀ ਖੇਤਰ ਦੇ ਸਥਾਨਕ ਸਭਿਆਚਾਰ ਵਿਚ ਪੁਰਾਤਨ ਪਿੰਡਾਂ ਦੀਆਂ ਵਿਆਹ ਨਾਲ ਸੰਬੰਧਿਤ ਕਈ ਪਰੰਪਰਾਵਾਂ ਗੰਨ ਨਾਲ ਜੁੜੀਆਂ ਹੋਈਆਂ ਹਨ।[15] ਕਈ ਦੇਸ਼ਾਂ ਵਿਚ ਗੰਨ ਦਾ ਗਿਫਟ ਦੇਣ ਦੀ ਪਰੰਪਰਾ ਵੀ ਹੈ।[16] ਇਸ ਤਰ੍ਹਾਂ ਸ਼ਿਕਾਰ ਖੇਡਣ ਦੀ ਪਰੰਪਰਾ (Tradition of Hunting), ਮਰਦਾਨਗੀ, ਬਹਾਦਰੀ, ਤੋਹਫੇ ਦੇਣ ਅਤੇ ਵਿਆਹ ਮੌਕੇ ਦੀਆਂ ਕਈ ਪਰੰਪਰਾਵਾਂ ਗੰਨ ਕਲਚਰ ਨਾਲ ਗਹਿਨ ਰੂਪ ਵਿਚ ਜੁੜੀਆਂ ਰਹੀਆਂ ਹਨ। ਇੱਕੀਵੀਂ ਸਦੀ ਵਿਚ ਇਨ੍ਹਾਂ ਵਿੱਚੋਂ ਕਈ ਪਰੰਪਰਾਵਾਂ ਤੇ ਮਾਨਤਾਵਾਂ ਦੀ ਹੋਂਦ ਭਾਵੇਂ ਨਾ-ਮਾਤਰ ਹੈ, ਪਰ ਆਪਣੇ ਸਮੇਂ ਵਿਚ ਇਨ੍ਹਾਂ ਪਰੰਪਰਾਵਾਂ ਦਾ ਵੱਖ-ਵੱਖ ਸਭਿਆਚਾਰਾਂ ਵਿਚ ਅਹਿਮ ਸਥਾਨ ਰਿਹਾ ਹੈ।

ਗੰਨ ਕਲਚਰ ਦਾ ਮਨੋਵਿਗਿਆਨਕ ਅਧਿਐਨ ਖ਼ਾਸਾ ਮਹੱਤਵਪੂਰਨ ਹੈ ਜਿਸ ਦੇ ਅੰਤਰਗਤ 'ਸ਼ੌਂਕ', 'ਆਨੰਦ', 'ਥਰੈਪੀ', 'ਮਨੋਰੰਜਨ', 'ਖੇਡਾਂ' ਆਦਿ ਪੱਖ ਵੀ ਵਿਚਾਰਨ-ਯੋਗ ਹਨ। ਸਮਾਜ ਵਿਚ ਰਹਿਣ ਵਾਲੇ ਮਨੁੱਖਾਂ ਦੇ ਵੱਖਰੇ-ਵੱਖਰੇ ਸ਼ੌਕ ਹੁੰਦੇ ਹਨ। ਕੁਝ ਮਨੁੱਖ ਅਜਿਹੇ ਹੁੰਦੇ ਹਨ ਜੋ ਦੂਜਿਆਂ ਨਾਲੋਂ ਵਿਸ਼ੇਸ਼ ਤੇ ਵਿਲੱਖਣ ਸ਼ੌਕ ਰੱਖਦੇ ਹਨ। ਵੱਧ ਤੋਂ ਵੱਧ ਹਥਿਆਰ ਰੱਖਣੇ, ਇਕੱਠੇ ਕਰਨੇ, ਉਨ੍ਹਾਂ ਨੂੰ ਸਜਾਉਣਾ ਆਦਿ ਇਸੇ ਵਿਲੱਖਣ ਸ਼ੌਕ ਦੀ ਨਿਸ਼ਾਨੀ ਹੈ। ਕੁਝ ਮਨੁੱਖ ਹਥਿਆਰਾਂ ਨਾਲ ਭਾਵਾਤਮਕ ਤੇ ਮਨੋਵਿਗਿਆਨਕ ਲਗਾਵ ਰੱਖਦੇ ਹਨ। ਅਜਿਹੇ ਲੋਕਾਂ ਨੂੰ ਗੰਨ ਰੂਪੀ ਹਥਿਆਰਾਂ ਤੋਂ ਇਕ ਵਿਸ਼ੇਸ਼ ਆਨੰਦ, ਖੁਸ਼ੀ ਮਿਲਦੀ ਹੈ। ਪੱਛਮੀ ਦੇਸ਼ਾਂ ਵਿਚ 'ਸ਼ੂਟਿੰਗ ਕਲੱਬ' ਬਣੇ ਹੋਏ ਹਨ ਜਿਥੇ ਜਾ ਕੇ ਲੋਕ ਮਨੋਰੰਜਨ ਕਰਦੇ ਹਨ। ''ਸਮੁੱਚੇ ਰੂਪ ਵਿਚ ਇਕੱਲੇ ਇੰਗਲੈਂਡ ਵਿਚ ਹੀ 2300 ਹੈਂਡਗੰਨ ਸ਼ੂਟਿੰਗ ਕਲੱਬ ਹਨ।''[17] ਕਈਆਂ ਦਾ ਇਹ ਮੰਨਣਾ ਹੈ ਕਿ ਮਨੋਵਿਗਿਆਨਕ ਤੌਰ ਤੇ ਅਜਿਹੇ ਕਲੱਬਾਂ ਵਿਚ ਸ਼ੂਟਿੰਗ ਕਰਕੇ ਉਹ ਆਪਣੇ ਤਣਾਉ ਨੂੰ ਵੀ ਘੱਟ ਕਰਦੇ ਹਨ। ਕਲੱਬਾਂ ਦੇ ਮਾਲਕ ਸ਼ੂਟਿੰਗ ਨੂੰ ਇਕ 'ਥਰੈਪੀ' ਵਾਗ ਪ੍ਰਚਾਰਦੇ ਹਨ। "Pistol shooting as a therapy for relieving executive stress".[18] ਏਨਾਂ ਹੀ ਨਹੀਂ ਸਗੋਂ ਅਨੁਸ਼ਾਸਨ, ਜ਼ਿੰਮੇਵਾਰੀ, ਧਿਆਨ, ਤੰਦਰੁਸਤ ਦਿਮਾਗੀ ਕਸਰਤ ਆਦਿ ਵਿਸ਼ੇਸ਼ਤਾਵਾਂ ਜਾਂ ਲਾਭ ਨੂੰ ਵੀ ਇਸ ਨਾਲ ਜੋੜਿਆ ਜਾਂਦਾ ਹੈ। "Handling firearms, he argues, encourages discipline, responsibility, concentration and insights into the self. Shooting a gun becomes a form of healthy and responsible mental training for menhood."[19] ਪੰਜਾਬ ਦੇ ਮੇਲਿਆਂ ਵਿਚ ਵੀ ਆਮ ਲੋਕਾਂ ਵੱਲੋਂ ਹਲਕੀਆਂ ਨਿਸ਼ਾਨੇ ਲਗਾਉਣ ਵਾਲੀਆਂ ਬੰਦੂਕਾਂ ਨਾਲ ਗੁਬਾਰਿਆਂ ਤੇ ਨਿਸ਼ਾਨਾ ਲਗਾ ਕੇ ਮਨੋਰੰਜਨ ਕੀਤਾ ਜਾਂਦਾ ਹੈ। ਖੇਡਾਂ ਮਨੋਰੰਜਨ ਦਾ ਇਕ ਮਹੱਤਵਪੂਰਨ ਸਾਧਨ ਹਨ। ਆਧੁਨਿਕ ਸਮੇਂ ਵਿਚ ਸ਼ੂਟਿੰਗ ਇਕ ਵੱਡੇ ਪੱਧਰ 'ਤੇ ਖੇਡੀ ਜਾਣ ਵਾਲੀ ਖੇਡ ਬਣ ਚੁੱਕੀ ਹੈ। ਬਰਤਾਨੀਆਂ ਵਿਚ ਇਹ ਦੂਜੀ ਅਜਿਹੀ ਵੱਡੀ ਖੇਡ ਮੰਨੀ ਜਾਂਦੀ ਹੈ ਜਿਸ ਵਿਚ ਲੋਕ ਸਭ ਤੋਂ ਵੱਧ ਹਿੱਸਾ ਲੈਂਦੇ ਹਨ। ਇਸ ਖੇਡ ਦੀ ਹਰਮਨ-ਪਿਆਰਤਾ ਦਾ ਅੰਦਾਜ਼ਾ ਇਸ ਗੱਲ ਤੋਂ ਵੀ ਲਗਾਇਆ ਜਾ ਸਕਦਾ ਹੈ ਕਿ ਇਹ ਉਲੰਪਿਕਸ ਖੇਡਾਂ ਦੀ ਸੂਚੀ ਵਿਚ ਵੀ ਸ਼ਾਮਲ ਹੈ। ਭਾਰਤ ਵਿਚ ਵੀ ਹੁਣ ਇਹ ਖੇਡ ਕਾਫੀ ਮਕਬੂਲ ਹੋ ਰਹੀ ਹੈ। ਭਾਰਤ ਦਾ ਅਭਨਿਵ ਬਿੰਦਰਾ 2012 ਦੀਆਂ ਬੀਜਿੰਗ (ਚੀਨ) ਉਲੰਪਿਕ ਖੇਡਾਂ ਵਿਚ ਸ਼ੂਟਿੰਗ ਦੇ ਖੇਤਰ 'ਚ ਸੋਨ ਤਗਮਾ ਜਿੱਤ ਚੁੱਕਾ ਹੈ। ਇਸ ਤਰ੍ਹਾਂ ਗੰਨ ਕਲਚਰ ਅਧੀਨ ਮਨੁੱਖੀ ਸ਼ੌਂਕ, ਆਨੰਦ, ਖੁਸ਼ੀ, ਮਨੋਰੰਜਨ, ਦਿਮਾਗੀ ਕਸਰਤ, ਥਰੈਪੀ, ਖੇਡਾਂ ਆਦਿ ਪੱਖ ਵੀ ਵਿਸ਼ੇਸ਼ ਮਹੱਤਵ ਰੱਖਦੇ ਹਨ।

ਗੰਨ ਕਲਚਰ ਦੇ ਪ੍ਰਤੀਕਮਈ ਤੇ ਚਿੰਨ੍ਹਾਤਮਕ ਅਰਥ ਵਿਸ਼ੇਸ਼ ਤੌਰ ਤੇ ਅਧਿਐਨ-ਯੋਗ ਹਨ। ਗੰਨ 'ਸ਼ਕਤੀ' ਦੀ ਪ੍ਰਤੀਕ ਵੀ ਹੈ। ਗੰਨ ਰੱਖਣ ਦੇ ਕਈ ਸ਼ੌਕੀਨ ਵਿਅਕਤੀ ਆਖਦੇ ਹਨ ਕਿ ਉਹ ਗੰਨ ਨੂੰ ਇਸਦੀ ਸ਼ਕਤੀ ਦੇ ਕਾਰਨ ਰੱਖਣਾ ਪਸੰਦ ਕਰਦੇ

ਹਨ। "I like guns because of the power"।[20] ਗੰਨ ਦੇ ਨਾਂ ਤੋਂ ਹੀ ਲੋਕ ਭਾਰੀ ਨੁਕਸਾਨ ਦਾ ਡਰ ਮਹਿਸੂਸ ਕਰਦੇ ਹਨ। ਇਸ ਦੀ ਵਰਤੋਂ ਜਿਥੇ ਤਬਾਹੀ ਦੇ ਡਰ ਤੇ ਖਤਰੇ ਨੂੰ ਪ੍ਰਗਟਾਉਂਦੀ ਹੈ ਉਥੇ ਹੋਰਨਾਂ ਦੇ ਮਨਾਂ ਅੰਦਰ ਦਹਿਸ਼ਤ ਤੇ ਕਾਬਜ਼ ਵਰਗੇ ਭਾਵਾਂ ਨੂੰ ਵੀ ਲਿਆਉਂਦੀ ਹੈ। 13 ਦਸੰਬਰ 2013 ਨੂੰ ਅਮਰੀਕੀ ਸੈਨਾਵਾਂ ਨੇ ਸਦਾਮ ਹੁਸੈਨ ਨੂੰ ਇਰਾਕ ਦੇ ਸ਼ਹਿਰ ਤਿਕਰਿਤ ਨੇੜੇ ਫੜਿਆ ਸੀ। ਇਸ ਘਟਨਾ ਅਤੇ ਇਸ ਨਾਲ ਜੁੜੀਆਂ ਤਸਵੀਰਾਂ ਨੂੰ ਜਦੋਂ ਲੋਕ ਟੀ.ਵੀ. ਉਪਰ ਵੇਖਦੇ ਹਨ ਤਾਂ ਉਨ੍ਹਾਂ ਨੂੰ ਸਭ ਕੁਝ ਮੁੜ ਯਾਦ ਆ ਜਾਂਦਾ ਹੈ। ਮੈਲੇ-ਕੁਚੈਲੇ ਅਤੇ ਖਿਲਰੇ ਵਾਲਾ ਵਾਲੇ ਸਦਾਮ ਹੁਸੈਨ ਨੂੰ ਜ਼ਮੀਨ ਹੇਠਾਂ ਬਣੀ ਇਕ ਧੁੰਦਲੀ ਬੰਕਰ ਵਿਚੋਂ ਗ੍ਰਿਫ਼ਤਾਰ ਕੀਤਾ ਗਿਆ ਜਿਥੇ ਉਹ ਲੁਕ ਕੇ ਬੈਠਾ ਸੀ। ਬੰਕਰ ਵਿਚ ਉਹ ਇਕੱਲਾ ਸੀ। ਉਸ ਨੇ ਇਕ ਪਿਸਤੌਲ ਫੜੀ ਹੋਈ ਸੀ ਪਰ ਕੋਈ ਫਾਇਰ ਨਹੀਂ ਕੀਤਾ। ਬੰਕਰ ਵਿਚੋ ਦੋ AK-47 ਰਾਈਫਲ ਅਤੇ US $ 700,000 ਰੁਪਏ ਵੀ ਮਿਲੇ ਸਨ। 2006 ਵਿਚ ਹੁਸੈਨ ਦੀ ਹੈਂਡਗੰਨ ਨੂੰ ਅਮਰੀਕਾ ਦੇ 43ਵੇਂ ਰਾਸ਼ਟਰਪਤੀ ਜਾਰਜ.ਡਬਲਿਊ.ਬੁਸ਼ ਨੇ ਆਪਣੇ ਕਬਜ਼ੇ ਵਿਚ ਲੈ ਲਿਆ। ਹੁਸੈਨ ਦੀ ਗੰਨ ਨੂੰ ਵਾਈਟ ਹਾਊਸ ਦੇ ਓਵਲ ਆਫਿਸ ਨਾਲ ਲਗਦੇ ਪੜ੍ਹਨ ਵਾਲੇ ਕਮਰੇ ਵਿਚ ਰੱਖਿਆ ਗਿਆ। ਆਰਮੀ ਦੀ ਇਕ ਛੋਟੀ ਟੁਕੜੀ ਇਸ ਨੂੰ ਇਰਾਕ ਤੋ ਆਪਣੇ ਕਮਾਡਰ-ਇਨ-ਚੀਫ ਨੂੰ ਭੇਟ ਕਰਨ ਦੇ ਮੰਤਵ ਵਜੋਂ ਲਿਆਈ ਸੀ। ਸੂਚਨਾ ਅਨੁਸਾਰ ਰਾਸ਼ਟਰਪਤੀ ਬੁਸ਼ ਆਪਣੇ ਕੁਝ ਚੋਣਵੇਂ ਮੁਲਾਕਾਤੀਆਂ ਨੂੰ ਇਹ ਗੰਨ ਵਿਖਾਉਂਦੇ ਸਨ ਅਤੇ ਇਕ ਖਾਸ਼ ਤਰ੍ਹਾਂ ਦਾ ਗਰਵ ਵੀ ਮਹਿਸੂਸ ਕਰਦੇ ਸਨ। ਬੁਸ਼ ਨੇ ਕੁਝ ਮੀਡੀਆ ਰਿਪੋਰਟਾਂ ਦੇ ਉਲਟ ਇਥੋਂ ਤੱਕ ਵੀ ਕਿਹਾ ਕਿ ਜਦੋਂ ਹੁਸੈਨ ਕੋਲੋਂ ਇਸ ਹਥਿਆਰ (ਗੰਨ) ਨੂੰ ਬਰਾਮਦ ਕੀਤਾ ਗਿਆ ਤਾਂ ਇਸ ਵਿਚ ਇਕ ਵੀ ਗੋਲੀ ਨਹੀਂ ਸੀ।[21] ਇਹ ਘਟਨਾਕ੍ਰਮ ਇਸ ਪੱਖ ਨੂੰ ਉਘਾੜਦਾ ਹੈ ਕਿ ਹਥਿਆਰ ਵਿਚ ਇਕ ਵੀ ਗੋਲੀ ਨਾ ਹੋਣਾ ਜਾਂ ਹੁਸੈਨ ਦਾ ਪਿਸਤੌਲ ਵਿਚ ਗੋਲੀ ਨਾ ਰੱਖਣਾ ਕਿਤੇ ਨਾ ਕਿਤੇ ਹਾਰ ਨੂੰ ਸਵੀਕਾਰਨਾ ਜਾਂ ਉਸ ਦੁਆਰਾ ਹਮਲਾ ਨਾ ਕਰਨ ਦੀ ਅਸਮਰੱਥਾ ਨੂੰ ਪ੍ਰਗਟਾਉਂਦਾ ਹੈ। ਇਥੇ ਇਕ ਪੱਖ ਇਹ ਵੀ ਉਘੜਦਾ ਹੈ ਕਿ ਫੜਨ ਸਮੇਂ ਹੁਸੈਨ ਦਾ ਇਕ ਜਾਂ ਦੋ ਸਿਪਾਹੀਆਂ ਨੂੰ ਵੀ ਨਾ ਮਾਰਨਾ ਜਾਂ ਉਨ੍ਹਾਂ ਤੇ ਹਮਲਾ ਨਾ ਕਰਨਾ ਉਸ ਦੀ ਅਜਿਹੀ ਮਾਨਸਿਕਤਾ ਨੂੰ ਵਿਅਕਤ ਕਰਦਾ ਹੈ ਜਿਵੇਂ ਉਹ ਹਮਲਾਵਰਾਂ ਤੋਂ ਕਿਸੇ ਕਿਸਮ ਦੀ ਰਿਆਇਤ ਦੀ ਇੱਛਾ ਰੱਖਦਾ ਹੋਵੇ। ਦੂਜੇ ਪਾਸੇ ਬੁਸ਼ ਦੇ ਹੱਥ ਵਿਚ ਸਦਾਮ ਹੁਸੈਨ ਦੀ ਗੰਨ ਦੇ ਵੀ ਕਈ ਪ੍ਰਤੀਕਮਈ ਭਾਵ ਸਾਹਮਣੇ ਆਉਂਦੇ ਹਨ। ਇਹ ਗੰਨ ਜਿੱਤ/ਖੁਸ਼ੀ ਦੀ ਪ੍ਰਤੀਕ ਵੀ ਹੈ ਜਿਥੇ ਹਮਲਾਵਰ ਆਪਣੇ ਵਿਰੋਧੀ ਦੀ ਗੰਨ ਨੂੰ ਆਪਣੇ ਕਬਜ਼ੇ ਵਿਚ ਰੱਖ ਕੇ ਆਪਣੀ ਸ਼ਕਤੀ ਅਤੇ ਜਿੱਤ ਦਾ ਜਸ਼ਨ ਮਨਾਉਂਦਾ ਹੈ। ਸੂਚਨਾ ਅਨੁਸਾਰ ਜਦੋਂ 1991 ਵਿਚ ਜਾਰਜ ਬੁਸ਼ ਸੀਨੀਅਰ ਦੁਬਾਰਾ ਹੋਈਆਂ ਚੋਣਾਂ ਵਿਚ ਹਾਰ ਗਿਆ ਸੀ, ਉਦੋਂ ਸਦਾਮ ਹੁਸੈਨ ਨੇ ਹਵਾ ਵਿਚ ਫਾਇਰ ਕਰਕੇ ਇਸ ਦਾ ਜਸ਼ਨ ਮਨਾਇਆ ਸੀ। ਸ਼ਾਇਦ ਹੁਣ ਜਾਰਜ ਬੁਸ਼ ਵੀ ਹੁਸੈਨ ਦੀ ਗੰਨ ਨੂੰ ਕਬਜ਼ੇ ਵਿਚ ਲੈ ਕੇ ਉਸ ਦੀ ਸੱਤਾ/ਸ਼ਕਤੀ/ਹਕੂਮਤ ਨੂੰ ਆਪਣੇ ਕਬਜ਼ੇ ਵਿਚ ਮਹਿਸੂਸ ਕਰਦਾ ਹੋਵੇ। ਇਸਲਾਮਿਕ ਅੱਤਵਾਦ ਦੇ ਅੰਤਰਗਤ ਉਸਾਮਾ ਬਿਨ ਲਾਦੇਨ ਦੀਆਂ ਵੀਡੀਉ ਵਿਚ ਅਕਸਰ ਉਸ ਨੂੰ ਗੰਨ ਨਾਲ ਵਿਖਾਇਆ ਜਾਂਦਾ ਸੀ। ਬਹੁਤ ਘੱਟ ਹੀ ਅਜਿਹੀਆਂ ਤਸਵੀਰਾਂ ਹੋਣਗੀਆਂ ਜਿਥੇ ਉਹ ਗੰਨ ਤੋਂ ਬਗੈਰ ਦਿਖਾਈ ਦਿੰਦਾ ਸੀ। ਇਸਲਾਮਿਕ ਦੇਸ਼ਾਂ ਵਿਚ ਅਕਸਰ ਅੱਤਵਾਦੀ ਹੱਥ ਵਿਚ ਗੰਨ ਲੈ ਕੇ ਜਾਂ ਉਸ ਨੂੰ ਹਵਾ ਵਿਚ ਉਛਾਲ ਕੇ ਆਪਣੀ ਵੱਖਵਾਦੀ ਸੋਚ ਦਾ ਪ੍ਰਦਰਸ਼ਨ ਕਰਦੇ ਦਿਖਦੇ ਹਨ। 8 ਜੁਲਾਈ 2016 ਨੂੰ ਜੰਮੂ ਕਸ਼ਮੀਰ ਵਿਚ ਮਾਰੇ ਗਏ ਬੁਰਹਾਨ ਵਾਨੀ ਨਾਂ ਦੇ ਨੌਜਵਾਨ ਅੱਤਵਾਦੀ ਨੂੰ ਵੀ ਅਕਸਰ ਹਥਿਆਰਾਂ (ਗੰਨ) ਨਾਲ ਲੈਸ ਹੋ ਕੇ ਇੰਟਰਨੈਟ ਉਪਰ ਆਪਣੀਆਂ ਤਸਵੀਰਾਂ ਪਾਉਣ ਦਾ ਬਹੁਤ ਸ਼ੌਕ ਸੀ। ਇਸ ਤਰ੍ਹਾਂ ਗੰਨ ਦਾ ਚਿੰਨ੍ਹ ਸ਼ਕਤੀ ਪ੍ਰਦਰਸ਼ਨ, ਵੱਖਵਾਦੀ, ਅੱਤਵਾਦੀ ਜਾਂ ਇਨਕਲਾਬੀ ਗਤੀਵਿਧੀਆਂ ਨਾਲ ਵੀ ਜੁੜਦਾ ਹੈ। ਮੋਜ਼ਾਮਬਿਕ (Mozambique) ਅਤੇ ਗਵਾਟੇਮਾਲਾ (Guatemala) ਓਟ ਸੰਘ ਦੇ ਦੋ ਅਜਿਹੇ ਦੇਸ਼ ਹਨ ਜਿਨ੍ਹਾਂ ਦੇ ਰਾਸ਼ਟਰੀ ਝੰਡੇ ਤੇ ਹਥਿਆਰ ਅੰਕਿਤ ਹਨ। ਮੋਜ਼ਾਮਬਿਕ ਦੇ ਝੰਡੇ ਉਪਰ ਇਕ ਪਾਸੇ AK-47 ਰਾਈਫਲ ਬਣੀ ਹੋਈ ਹੈ ਜੋ ਸੁਰੱਖਿਆ ਤੇ ਚੌਕਸੀ/ ਸਾਵਧਾਨੀ ਦੀ ਪ੍ਰਤੀਕ ਮੰਨੀ ਜਾਂਦੀ ਹੈ। ਮਾਰਕਸਵਾਦੀ ਸੋਚ ਵਾਲੇ ਦੇਸ਼ਾਂ ਵਿਚ ਹਥਿਆਰਾਂ ਨੂੰ ਖ਼ਾਸ ਤਵੱਜੋ ਦਿੱਤੀ ਜਾਂਦੀ ਹੈ। ਪਰੰਤੂ ਇਥੇ ਭਗਤ ਸਿੰਘ ਦੇ ਇਹ ਵਾਕ ਵੀ ਵਰਨਣਯੋਗ ਹਨ ਕਿ ਪਿਸਤੌਲ ਅਤੇ ਬੰਬ ਇਨਕਲਾਬ ਨਹੀਂ ਲਿਆਉਂਦੇ। ਇਨਕਲਾਬ ਦੀ ਤਲਵਾਰ ਵਿਚਾਰਾਂ ਦੀ ਸਾਣ 'ਤੇ ਤੇਜ਼ ਹੁੰਦੀ ਹੈ।

ਸ਼ਕਤੀ ਪ੍ਰਦਰਸ਼ਨ ਤੋਂ ਇਲਾਵਾ ਗੰਨ 'ਚਿੰਨ੍ਹ ਮੁਲ' (Sign Value) ਅਤੇ 'ਰੁਤਬੇ ਦੀ ਪ੍ਰਤੀਕ' (Status Symbols) ਵੀ ਮੰਨੀ ਜਾਂਦੀ ਹੈ। "Guns were also status symbols, they were 'cool' to own, giving their owners a real macho 'Power Buzz'."[22] ਗੰਨ ਰੱਖਣ ਦੇ ਕਈ ਸ਼ੌਕੀਨ ਵਿਅਕਤੀ ਆਪਣੇ 'ਧਨ ਤੇ ਜਮਾਤ' (Wealth and Class) ਦਾ ਪ੍ਰਗਟਾਵਾ ਇਸ ਰਾਹੀਂ ਕਰਦੇ ਹਨ। ਪੰਜਾਬੀ ਜਗੀਰਦਾਰੀ ਸਮਾਜ ਵਿਚ ਲੰਬਾ ਸਮਾਂ ਅਤੇ ਕਿਸੇ ਹੱਦ ਤੱਕ ਹੁਣ ਵੀ ਹਥਿਆਰਾਂ ਨੂੰ ਰੁਤਬੇ ਨਾਲ ਜੋੜ ਕੇ ਵੇਖਿਆ ਜਾਂਦਾ ਹੈ। ਪੁਰਾਤਨ ਜਗੀਰਦਾਰੀ ਹਵੇਲੀਆਂ ਦੀਆਂ ਕੰਧਾਂ ਉਪਰ ਕਰਾਸ ਦੇ ਰੂਪ ਵਿਚ ਟੰਗੀਆਂ ਬੰਦੂਕਾਂ ਇਸੇ ਸੋਚ ਦਾ ਪ੍ਰਗਟਾਵਾ ਕਰਦੀਆਂ ਹਨ, ਜਿਸ ਦੀ ਝਲਕ ਪੰਜਾਬੀ ਫਿਲਮਾਂ ਤੋਂ ਬਾਖੂਬੀ ਮਿਲ ਜਾਂਦੀ ਹੈ। ਕਈ ਵਿਅਕਤੀ ਗੰਨ ਕਲਚਰ ਨੂੰ 'ਮਾਣਮੱਤਾ ਸਭਿਆਚਾਰ' (Honorable Culture) ਸਮਝਦੇ ਹਨ। ਇਸੇ ਬਿਰਤੀ ਅਧੀਨ ਅਜੋਕੀ ਪੀੜੀ ਦੇ ਪੰਜਾਬੀ ਨੌਜਵਾਨਾਂ ਨੇ ਗੰਨ ਰੱਖਣਾ ਤੇ ਚਲਾਉਣਾ ਇਕ ਫੈਸ਼ਨ (Fashion) ਹੀ ਬਣਾ ਲਿਆ ਹੈ ਜੋ ਕਿ ਇਕ

ਗ਼ਲਤ ਰੁਝਾਨ ਹੈ। ਇਸ ਪ੍ਰਕਾਰ ਪ੍ਰਤੀਕਾਤਮਕ ਤੌਰ ਤੇ ਗੰਨ ਸ਼ਕਤੀ ਪ੍ਰਦਰਸ਼ਨ, ਸਟੇਟਸ ਸਿੰਬਲ, ਚਿੰਨ੍ਹ ਮੂਲ, ਇਨਕਲਾਬ, ਅੱਤਵਾਦ, ਵੱਖਵਾਦੀ ਸੋਚ, ਰੁਤਬੇ, ਧਨ, ਜਮਾਤ, ਫੈਸ਼ਨ ਆਦਿ ਕਈ ਭਾਵਾਂ ਜਾਂ ਪੱਖਾਂ ਦਾ ਸੰਚਾਰ ਕਰਦੀ ਹੈ।

ਗੰਨ ਕਲਚਰ ਇਕ 'ਜੋਖਮ ਭਰਪੂਰ ਸਭਿਆਚਾਰ' (Risky Culture) ਹੈ। ਇਸ ਦੀ ਬਹੁਤਾਤ ਮਾਤਰਾ ਦੇ ਅੰਤਰਗਤ ਵਿਚਰਨ ਵਾਲੇ ਸਮਾਜ ਵਿਚ ਜੋਖਮ ਅਤੇ ਡਰ ਦੀ ਸੰਭਾਵਨਾ ਨਿਰੰਤਰ ਬਣੀ ਰਹਿੰਦੀ ਹੈ। ਘਰ ਵਿਚ ਮੌਜੂਦ ਕਿਸੇ ਹੋਰ ਹਥਿਆਰ ਦੀ ਤੁਲਨਾ ਵਿਚ ਗੰਨ ਜ਼ਿਆਦਾ ਖ਼ਤਰਨਾਕ ਹੈ ਕਿਉਂਕਿ ਇਹ ਇਕ ਸੈਕਿੰਡ ਵਿਚ ਹੀ ਮਨੁੱਖ ਦੀ ਜਾਨ ਲੈ ਸਕਦੀ ਹੈ। ਬਾਕੀ ਹਥਿਆਰਾਂ ਨੂੰ ਰੱਖਣ ਜਾਂ ਵਰਤਣ ਸਮੇਂ ਏਨੀ ਸਾਵਧਾਨੀ ਦੀ ਲੋੜ ਨਹੀਂ ਪੈਂਦੀ ਜਿੰਨੀ ਗੰਨ ਮੰਗਦੀ ਹੈ। ਥੋੜ੍ਹੀ ਜਿਹੀ ਲਾਪਰਵਾਹੀ ਜਾਂ ਅਣਗਹਿਲੀ ਕਿਸੇ ਵੱਡੀ ਦੁਰਘਟਨਾ ਨੂੰ ਜਨਮ ਦੇ ਸਕਦੀ ਹੈ। ਫਲਸਰੂਪ ਆਪਣੀ ਜਾਂ ਆਪਣੇ ਪਰਿਵਾਰ ਦੀ ਸੁਰੱਖਿਆ ਲਈ ਰੱਖੀ ਹੋਈ ਗੰਨ ਕਈ ਵਾਰ ਆਪਣੀ ਜਾਂ ਆਪਣੇ ਪਰਿਵਾਰ ਦੇ ਕਿਸੇ ਮੈਂਬਰ ਦੀ ਜਾਨ ਦੀ ਦੁਸ਼ਮਣ ਬਣ ਬੈਠਦੀ ਹੈ। ਵਿਸ਼ੇਸ਼ ਕਰਕੇ ਜਿਨ੍ਹਾਂ ਘਰਾਂ ਵਿਚ ਬੱਚੇ ਛੋਟੇ ਹੁੰਦੇ ਹਨ ਉਥੇ ਤਾਂ ਬਹੁਤ ਹੀ ਸਾਵਧਾਨੀ ਵਰਤਣ ਦੀ ਲੋੜ ਹੁੰਦੀ ਹੈ। ਵਿਸ਼ਵ ਪੱਧਰ 'ਤੇ ਅਨੇਕਾਂ ਅਜਿਹੀਆਂ ਘਟਨਾਵਾਂ ਦੇਖਣ-ਸੁਣਨ ਨੂੰ ਮਿਲਦੀਆਂ ਹਨ ਜਦ ਘਰ ਦੀ ਕਿਸੇ ਅਲਮਾਰੀ, ਬੈੱਡ ਦੀ ਢੋਅ, ਮੇਜ ਦੇ ਦਰਾਜ਼ ਆਦਿ ਵਿਚ ਰੱਖੀ ਗੋਲੀਆਂ ਨਾਲ ਭਰੀ (Loaded) ਤੇ ਅਣ-ਲੱਕਡ (Unlocked) ਗੰਨ ਕਿਸੇ ਬੱਚੇ ਦੇ ਹੱਥ ਲੱਗਣ ਉਪਰੰਤ ਕਿਸੇ ਮਾਰੂ ਘਟਨਾ ਨੂੰ ਅੰਜਾਮ ਦਿੰਦੀ ਹੈ। 2016 ਦੀ ਇਕ ਖਬਰ ਅਨੁਸਾਰ ਪੰਜਾਬ ਦੇ ਪਠਾਨਕੋਟ ਜ਼ਿਲ੍ਹੇ ਦਾ ਇਕ 15 ਸਾਲਾਂ ਦਾ ਵਿਦਿਆਰਥੀ ਘਰ ਵਿਚ ਮੌਜੂਦ ਭਰੀ ਹੋਈ ਤੇ ਅਣ-ਲੱਕਡ ਪਿਸਤੌਲ ਨਾਲ ਸੈਲਫੀ ਲੈਣ ਦੇ ਚੱਕਰ ਵਿਚ ਮੋਬਾਇਲ ਦਾ ਸਵਿੱਚ ਦੱਬਣ ਦੀ ਬਜਾਇ ਭੁਲੇਖੇ ਨਾਲ ਪਿਸਤੌਲ ਦਾ ਹੀ ਘੋੜਾ ਦਬਾ ਬੈਠਾ, ਜਿਸਦੇ ਫਲਸਰੂਪ ਗੋਲੀ ਸਿੱਧੀ ਸਿਰ ਵਿਚ ਲੱਗਣ ਕਾਰਨ ਉਸ ਦੀ ਮੌਤ ਹੋ ਗਈ। ਕਈ ਵਾਰ ਬੰਦੂਕ ਨੂੰ ਸਾਫ ਕਰਦਿਆਂ ਅਚਾਨਕ ਗੋਲੀ ਚਲ ਜਾਣ ਦੀਆਂ ਘਟਨਾਵਾਂ ਵੀ ਵਾਪਰਦੀਆਂ ਰਹਿਦੀਆਂ ਹਨ। ਭਾਰਤ ਦਾ ਮਸ਼ਹੂਰ ਹਾਕੀ ਖਿਡਾਰੀ ਸੰਦੀਪ ਸਿੰਘ ਟਰੇਨ ਵਿਚ ਸਫਰ ਕਰਦਿਆਂ ਆਪਣੇ ਕੋਲ ਬੈਠੇ ਬੰਦੂਕ ਸਾਫ ਕਰ ਰਹੇ ਸਿਪਾਹੀ ਦੀ ਗੰਨ ਵਿਚੋਂ ਅਚਾਨਕ ਗੋਲੀ ਨਿਕਲਣ ਕਾਰਨ ਗੰਭੀਰ ਰੂਪ ਵਿਚ ਜ਼ਖਮੀ ਹੋ ਗਿਆ ਸੀ। ਕਈਆਂ ਦੀ ਤਾਂ ਅਜਿਹਾ ਕਰਦਿਆਂ ਜਾਨ ਵੀ ਚਲੀ ਜਾਂਦੀ ਹੈ। ਪੰਜਾਬ ਵਿਚ ਵਿਆਹ-ਸ਼ਾਦੀਆਂ ਮੌਕੇ ਫਾਇਰ ਕਰਕੇ ਖੁਸ਼ੀ ਦਾ ਪ੍ਰਗਟਾਵਾ ਕਰ ਰਹੇ ਵਿਅਕਤੀ ਅਨੇਕਾਂ ਵਾਰ ਕਈ ਦੁਰਘਟਨਾਵਾਂ ਨੂੰ ਜਨਮ ਦੇ ਚੁੱਕੇ ਹਨ। ਇਸੇ ਕਰਕੇ ਸਰਕਾਰ ਦੁਆਰਾ ਪੈਲੇਸਾਂ ਅੰਦਰ ਹਥਿਆਰ ਵਰਤਣ ਦੀ ਕਾਨੂੰਨੀ ਮਨਾਹੀ ਕੀਤੀ ਗਈ ਹੈ, ਬੇਸ਼ੱਕ ਲੋਕ ਇਸ ਕਾਨੂੰਨ ਦੀ ਪੂਰੀ ਤਰ੍ਹਾਂ ਪਾਲਣਾ ਨਹੀਂ ਕਰਦੇ। ਕਈ ਵਾਰ ਲੜਾਈ-ਝਗੜੇ ਸਮੇਂ ਜਾਂ ਨਸ਼ੇ ਆਦਿ ਦਾ ਸੇਵਨ ਕਰਨ ਵਾਲਾ ਵਿਅਕਤੀ ਕ੍ਰੋਧ ਵਿਚ ਆ ਕੇ ਆਪਣੇ ਕੋਲ ਮੌਜੂਦ ਗੰਨ ਚਲਾ ਬੈਠਦਾ ਹੈ। ਫਲਸਰੂਪ ਗੰਨ ਦੀ ਵਰਤੋਂ ਨਾਲ ਜਾਨੀ ਨੁਕਸਾਨ ਦੀ ਸੰਭਾਵਨਾ ਹੋਰ ਹਥਿਆਰ ਦੇ ਮੁਕਾਬਲੇ ਕਿਤੇ ਵਧੇਰੇ ਹੁੰਦੀ ਹੈ। 'ਆਤਮ-ਹੱਤਿਆ' (Suicide) ਲਈ ਵੀ ਕਈ ਵਾਰ ਗੰਨ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਤਰ੍ਹਾਂ ਗੰਨ ਕਲਚਰ ਨਾਲ ਜੁੜੇ ਭਾਰੀ ਜੋਖਮ ਤੇ ਖ਼ਤਰਿਆਂ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਪੰਜਾਬੀਆਂ ਦੀ ਇਕ ਮਸ਼ਹੂਰ ਕਹਾਵਤ ਕਿ ''ਕਿਸਮਤ ਮਾੜੀ ਹੋਵੇ ਤਾਂ ਖ਼ਾਲੀ ਵੀ ਚਲ ਜਾਂਦੀ ਹੈ,'' ਗੰਨ ਦੇ ਜੋਖਮ ਤੇ ਖ਼ਤਰਿਆਂ ਨੂੰ ਹੀ ਉਭਾਰਦੀ ਹੈ।

'ਹਿੰਸਾ' ਅਤੇ 'ਜੁਰਮ' ਗੰਨ ਕਲਚਰ ਦੇ ਦੋ ਅਜਿਹੇ ਨਕਾਰਾਤਮਕ ਪਹਿਲੂ ਹਨ, ਜਿਹੜੇ ਵੱਖ-ਵੱਖ ਸਮਾਜਾਂ ਵਿਚ ਵੱਡੀ ਪੱਧਰ 'ਤੇ ਪਸਰੇ ਹੋਏ ਹਨ। ਗੰਨ ਦੀ ਗਲਤ ਵਰਤੋਂ ਹਿੰਸਾਤਮਕ ਘਟਨਾਵਾਂ ਨੂੰ ਜਨਮ ਦਿੰਦੀ ਹੈ। 'ਮਾਨਵ-ਹੱਤਿਆ' ਇਸ ਦਾ ਸਭ ਤੋ ਘਿਨੌਣਾ ਪੱਖ ਹੈ। ਆਤੰਕਵਾਦੀਆਂ ਦੁਆਰਾ ਕੀਤੀਆਂ ਜਾਂਦੀਆਂ ਸਮੂਹਿਕ ਮਨੁੱਖੀ ਹੱਤਿਆਵਾਂ ਲਈ ਅਕਸਰ ਗੰਨ ਦੀ ਵਰਤੋਂ ਕੀਤੀ ਜਾਂਦੀ ਹੈ। ਇਸੇ ਤਰ੍ਹਾਂ ਵੱਖ-ਵੱਖ ਕਿਸਮ ਦੇ ਲੋਕਾਂ ਦੁਆਰਾ ਲੜਾਈ-ਝਗੜੇ ਸਮੇਂ, ਕਿਸੇ ਦੁਸ਼ਮਣੀ ਦੇ ਨਤੀਜੇ ਵਜੋਂ ਜਾਂ ਫਿਰ ਕਿਸੇ ਹੋਰ ਮਕਸਦ ਦੀ ਪੂਰਤੀ ਲਈ ਕੀਤੀਆਂ ਜਾਂਦੀਆਂ ਹਿੰਸਕ ਕਾਰਵਾਈਆਂ ਸਮੇਂ ਗੰਨ ਨੂੰ ਅੱਜ-ਕੱਲ੍ਹ ਇਕ ਪ੍ਰਮੁੱਖ ਹਥਿਆਰ ਵਜੋਂ ਇਸਤੇਮਾਲ ਕੀਤਾ ਜਾ ਰਿਹਾ ਹੈ। ਵਿਸ਼ਵ ਦੀਆਂ ਬਹੁਤ ਸਾਰੀਆਂ ਮਹਾਨ ਸ਼ਖ਼ਸੀਅਤਾਂ ਜਿਵੇਂ ਅਮਰੀਕੀ ਰਾਸ਼ਟਰਪਤੀ ਰੌਬਰਟ ਕੈਨੇਡੀ, ਕਿੰਗ ਮਾਰਟਿਨ ਲੂਥਰ, ਰਾਸ਼ਟਰ ਪਿਤਾ ਮਹਾਤਮਾ ਗਾਂਧੀ, ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਸਪੁੱਤਰ ਕੰਵਰ ਸ਼ੇਰ ਸਿੰਘ ਆਦਿ ਦੀ ਹੱਤਿਆ ਲਈ ਗੰਨ ਦੀ ਵਰਤੋਂ ਕੀਤੀ ਗਈ ਸੀ। ਮਨੁੱਖੀ ਹੱਤਿਆਵਾਂ ਲਈ ਗੰਨ ਦੇ ਪ੍ਰਯੋਗ ਦੀਆਂ ਮਿਸਾਲਾਂ ਅਣਗਿਣਤ ਹਨ। ਉਨ੍ਹਾਂ ਸਭਨਾਂ ਦਾ ਇਥੇ ਜ਼ਿਕਰ ਸੰਭਵ ਨਹੀਂ। ਕੁੱਲ ਮਿਲ ਕੇ ਇਹ ਕਿਹਾ ਜਾ ਸਕਦਾ ਹੈ ਕਿ ਮਨੁੱਖੀ ਜਨਮ ਦੁਰਲੱਭ ਹੈ। ਗੰਨ ਵਰਗੇ ਹਥਿਆਰ ਪਲ-ਛਿਣ ਵਿਚ ਹੀ ਇਸ ਨੂੰ ਖਤਮ ਕਰ ਦਿੰਦੇ ਹਨ। ਬੇਸ਼ੱਕ ਮਾਨਵ-ਹੱਤਿਆ ਲਈ ਕਈ ਹੋਰ ਹਥਿਆਰ ਵੀ ਵਰਤੋਂ ਵਿਚ ਲਿਆਂਦੇ ਜਾਂਦੇ ਹਨ ਪਰ ਗੰਨ ਦੀ ਗਿਣਤੀ ਉਨ੍ਹਾਂ ਬਹੁਮੁੱਖੀ ਹਥਿਆਰਾਂ ਵਿਚ ਸ਼ਾਮਲ ਹੈ ਜੋ ਥੋੜ੍ਹੇ ਸਮੇਂ ਵਿਚ ਅਸਾਨੀ ਨਾਲ ਵੱਡੀਆਂ ਹਿੰਸਕ ਗਤੀਵਿਧੀਆਂ ਨੂੰ ਜਨਮ ਦੇ ਸਕਦੀ ਹੈ। "Firearm are not only the most deadly instrument of attack but also the most versatile. Firearm make some attacks possible that simply would not occur without firearms."[23]

ਮਾਨਵ-ਹੱਤਿਆ ਵਰਗੀ ਹਿੰਸਾ ਤੋਂ ਇਲਾਵਾ 'ਅਪਰਾਧ' ਜਗਤ ਨਾਲ ਸਬੰਧਿਤ ਗਤੀਵਿਧੀਆਂ ਨੂੰ ਸਿਰੇ ਚਾੜ੍ਹਨ ਲਈ

ਅਕਸਰ ਗੰਨ ਦੀ ਵਰਤੋਂ ਕੀਤੀ ਜਾਂਦੀ ਹੈ। 'ਗੰਨ' ਜੁਰਮ ਦੀ ਦੁਨੀਆਂ ਨਾਲ ਜੁੜੇ ਅਪਰਾਧੀਆਂ ਦਾ ਸਭ ਤੋਂ ਨੇੜਲਾ ਸੰਗੀ ਸਾਥੀ ਹੈ। ਬਹੁਤਾ ਕਰਕੇ ਅਪਰਾਧੀ ਗੈਰ-ਕਾਨੂੰਨੀ ਢੰਗ ਨਾਲ ਹਾਸਿਲ ਕੀਤੇ ਹਥਿਆਰਾਂ ਨੂੰ ਵਰਤਦੇ ਹਨ ਜਿਨ੍ਹਾਂ ਵਿੱਚ ਪਿਸਤੌਲ ਤੇ ਰਿਵਾਲਵਰ (ਛੋਟੇ ਹਥਿਆਰ) ਪ੍ਰਮੁੱਖ ਹਨ। ਕਿਸੇ ਵੀ ਕਿਸਮ ਦੀ ਚੋਰੀ ਜਾਂ ਡਕੈਤੀ ਦੀ ਵਾਰਦਾਤ ਮੌਕੇ ਸਾਹਮਣੇ ਵਾਲੇ ਨੂੰ ਡਰਾਉਣ-ਧਮਕਾਉਣ ਲਈ ਚੋਰਾਂ-ਡਾਕੂਆਂ ਦੁਆਰਾ ਫਾਇਰ ਕਰਨੇ ਆਮ ਗੱਲ ਹੈ। ਕਈ ਵਾਰ ਤਾਂ ਕੁਝ ਕਤਲ ਕਰਨ ਤੋਂ ਵੀ ਗੁਰੇਜ਼ ਨਹੀਂ ਕੀਤਾ ਜਾਂਦਾ। ਬੈਂਕਾਂ ਨੂੰ ਲੁੱਟਣ, ਪੈਟਰੋਲ ਪੰਪਾਂ 'ਤੇ ਚੋਰੀ ਕਰਨ, ਗਹਿਣਿਆਂ ਦੀ ਦੁਕਾਨ ਲੁੱਟਣ ਜਾਂ ਕਿਸੇ ਹੋਰ ਛੋਟੀ-ਵੱਡੀ ਚੋਰੀ ਸਮੇਂ ਗੰਨ ਰੂਪੀ ਹਥਿਆਰ ਅਕਸਰ ਵਰਤੇ ਦਿਖਦੇ ਹਨ। ਅਗਵਾ ਤੇ ਫਿਰੌਤੀ ਦੀਆਂ ਘਟਨਾਵਾਂ ਲਈ ਵੀ ਗੰਨ ਵਿਆਪਕ ਰੂਪ ਵਿਚ ਵਰਤੀ ਜਾਂਦੀ ਹੈ। ਗੰਨ ਪੁਆਇੰਟ 'ਤੇ ਬਲਾਤਕਾਰ ਦੀਆਂ ਵਾਰਦਾਤਾਂ ਵੀ ਦੇਖਣ-ਸੁਣਨ ਨੂੰ ਮਿਲਦੀਆਂ ਹਨ। ਇਸੇ ਤਰ੍ਹਾਂ ਵੱਖ-ਵੱਖ ਕਿਸਮ ਦੀ ਸਮੱਗਲਿੰਗ (ਨਸ਼ੇ, ਸੋਨਾ ਆਦਿ) ਲਈ ਅੱਜ-ਕੱਲ੍ਹ ਇਹ ਸਮੱਗਲਰਾਂ ਦਾ ਪ੍ਰਮੁੱਖ ਸੰਦ ਹੈ। 'ਗੈਂਗਸਟਰਾਂ' ਦਾ ਤਾਂ 'ਗੰਨ' ਨਾਲ ਨਹੁੰ-ਮਾਸ ਦਾ ਰਿਸ਼ਤਾ ਹੈ। ਵਰਤਮਾਨ ਸਮੇਂ ਵਿਚ ਪੰਜਾਬ ਅੰਦਰ ਗੈਂਗਸਟਰਾਂ ਦੀ ਗਿਣਤੀ ਸੈਂਕੜਿਆਂ ਵਿਚ ਹੈ। ਪੰਜਾਬੀ ਸਮਾਜ ਅੰਦਰ ਇਨ੍ਹਾਂ ਦਾ ਵਧਦਾ ਪ੍ਰਭਾਵ ਇਕ ਅਤਿ ਖਤਰਨਾਕ ਰੁਝਾਨ ਹੈ। ਫਿਰੌਤੀ ਲੈ ਕੇ ਕਤਲ ਕਰਨ, ਨਸ਼ਿਆਂ ਦੀ ਸਮੱਗਲਿੰਗ, ਭੂ-ਮਾਫੀਆ ਬਣਕੇ ਜ਼ਮੀਨਾਂ 'ਤੇ ਨਜਾਇਜ਼ ਕਬਜ਼ੇ ਕਰਨ, ਲੁੱਟ-ਖਸੁੱਟ ਦੀਆਂ ਵਾਰਦਾਤਾਂ ਨੂੰ ਅੰਜਾਮ ਦੇਣ ਅਤੇ ਆਪਸੀ ਰੰਜਿਸ਼ਾਂ ਮੌਕੇ ਇਹ ਗੈਂਗਸਟਰ ਵੱਖ-ਵੱਖ ਕਿਸਮ ਦੇ ਗੈਰ-ਕਾਨੂੰਨੀ ਹਥਿਆਰਾਂ ਨੂੰ ਵੱਡੀ ਪੱਧਰ ਉਤੇ ਵਰਤੋਂ ਵਿਚ ਲਿਆਉਂਦੇ ਹਨ। ਪਿਛਲੇ ਕੁਝ ਸਮੇ ਤੋਂ ਪੰਜਾਬ ਵਿਚ ਵੱਖ-ਵੱਖ ਥਾਵਾਂ ਤੇ ਗੈਂਗਸਟਰਾਂ ਦੁਆਰਾ ਹਥਿਆਰਾਂ ਦੀਆਂ ਦੁਕਾਨਾਂ ਲੁੱਟਣ ਦੀਆਂ ਕਈ ਖਬਰਾਂ ਵੀ ਸਾਹਮਣੇ ਆਈਆਂ ਹਨ।

ਇਸ ਪ੍ਰਕਾਰ ਆਧੁਨਿਕ ਸਮੇਂ ਵਿਚ ਹਿੰਸਾ ਤੇ ਜੁਰਮ ਦੀਆ ਵਾਰਦਾਤਾਂ ਨੂੰ ਅੰਜਾਮ ਦੇਣ ਲਈ ਗੰਨ ਵਰਗੇ ਹਥਿਆਰ ਵੱਡੀ ਭੂਮਿਕਾ ਨਿਭਾ ਰਹੇ ਹਨ। ਇਥੇ ਕੁਝ ਮਹੱਤਵਪੂਰਨ ਪ੍ਰਸ਼ਨ ਉਭਰਦੇ ਹਨ ਜਿਸ ਬਾਰੇ ਗੰਨ ਕਲਚਰ ਦਾ ਅਧਿਐਨ ਕਰਨ ਵਾਲੇ ਵਿਦਵਾਨ ਅਕਸਰ ਚਰਚਾ ਕਰਦੇ ਹਨ। ਕੀ ਕਿਸੇ ਵੀ ਸਮਾਜ ਵਿਚ ਹਥਿਆਰਾਂ ਦਾ ਵਿਆਪਕ ਪ੍ਰਸਾਰ ਜੁਰਮ ਨੂੰ ਵਧਾਉਣ ਲਈ ਜ਼ਿੰਮੇਵਾਰ ਹੈ? ਕੀ ਗੰਨ ਦੀ ਸੌਖਾਲੀ ਉਪਲੱਬਧਤਾ ਉਪਰ ਰੋਕ ਲਗਾ ਕੇ ਹਿੰਸਾ ਨੂੰ ਘੱਟ ਕੀਤਾ ਜਾ ਸਕਦਾ ਹੈ? ਨਿਮਨਲਿਖਤ ਕੁਝ ਉਦਾਹਰਨਾਂ ਤੇ ਤਰਕ ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਨਾਂਹ ਵਿਚ ਦਿੰਦੇ ਪ੍ਰਤੀਤ ਹੁੰਦੇ ਹਨ।

High rates of gun ownership alone do not necessarily imply high rates of firearm offending. Switzerland, a high gun ownership, low crime, society.[24]

Firearm related crime is therefore seen as a fault of the gun-owner, not the gun.[25]

There is not such thing as a bad gun, just bad people.[26]

Guns don't kill, people do.[27]

ਇਸ ਵਿਚ ਕੋਈ ਸ਼ੱਕ ਨਹੀਂ ਕਿ ਸਮਾਜ ਵਿਚ ਹਿੰਸਾ ਤੇ ਜੁਰਮ ਨੂੰ ਵਧਾਉਣ ਲਈ ਗੰਨ ਇਕੱਲੀ ਜ਼ਿੰਮੇਵਾਰ ਨਹੀਂ ਹੈ। 'ਬੇਰੁਜ਼ਗਾਰੀ', 'ਗਰੀਬੀ', 'ਨਸ਼ੇ', 'ਨਸਲਵਾਦ', 'ਨੈਤਿਕ ਦਵੰਦ', 'ਨੌਜਵਾਨਾਂ ਦਾ ਲੜਾਕਾਪਨ', 'ਸਮਾਜਕ ਬੇਤਰਤੀਬੀ', 'ਸਮਾਜਕ ਬੰਦਸ਼ਾਂ/ਵਰਜਨਾਵਾਂ', ਆਰਥਿਕ ਨਾ ਬਰਾਬਰੀ ਤੇ ਖ਼ਲਲ, 'ਸਮਾਜਕ ਤੇ ਸਭਿਆਚਾਰਕ ਵਿਭਿੰਨਤਾ' ਆਦਿ ਕਈ ਕਾਰਨ ਕਿਸੇ ਸਮਾਜ ਵਿਚ ਅਪਰਾਧ ਨੂੰ ਵਧਾਉਣ ਲਈ ਜ਼ਿੰਮੇਵਾਰ ਹੋ ਸਕਦੇ ਹਨ। ਗੰਨ ਦੀ ਬਹੁਤਾਤ ਮਾਲਕੀ ਦੇ ਖੇਤਰ ਵਿਚ ਸਵਿਟਜ਼ਰਲੈਂਡ ਦਾ ਨਾਂ ਸਭ ਤੋਂ ਪਹਿਲਾਂ ਆਉਂਦਾ ਹੈ। ਦੂਜੇ ਪਾਸੇ ਜੁਰਮ ਜਾਂ ਅਪਰਾਧ ਉਥੋਂ ਦੇ ਸਮਾਜ ਵਿਚ ਸਭ ਨਾਲੋਂ ਘੱਟ ਹੈ। ਪਰੰਤੂ ਇਥੇ ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਹਰੇਕ ਮੁਲਕ ਦੇ ਬਸ਼ਿੰਦੇ ਸਵਿਟਜ਼ਰਲੈਂਡ ਦੇ ਲੋਕਾਂ ਵਾਂਗ ਸਮਝਦਾਰ ਹੋਣ, ਇਹ ਜ਼ਰੂਰੀ ਨਹੀਂ। ਸਵਿਟਜ਼ਰਲੈਂਡ ਜਿਹੀਆਂ ਇਕ-ਦੋ ਉਦਾਹਰਨਾਂ ਕਿਸੇ ਤੱਥ ਨੂੰ ਸਰਵਜਨਕ ਸਿੱਧ ਨਹੀਂ ਕਰ ਸਕਦੀਆਂ। ਇਹ ਕਹਿਣਾ ਕਿ ਗੰਨ ਬੁਰੀ ਨਹੀਂ ਹੁੰਦੀ ਜਾਂ ਗੰਨ ਲੋਕਾਂ ਨੂੰ ਨਹੀਂ ਮਾਰਦੀ ਸਗੋਂ ਲੋਕ ਬੁਰੇ ਹੁੰਦੇ ਹਨ ਤੇ ਉਹ ਹੀ ਦੂਸਰਿਆਂ ਨੂੰ ਮਾਰਦੇ ਹਨ, ਪੂਰਨ ਰੂਪ ਵਿਚ ਦਰੁੱਸਤ ਨਹੀਂ ਹੈ। ਕ੍ਰੋਧ ਮਨੁੱਖ ਦਾ ਇਕ ਅਜਿਹਾ ਵਿਕਾਰ ਹੈ ਜੇਕਰ ਕੁਝ ਸਮੇਂ ਲਈ ਉਸ ਉਪਰ ਕੰਟਰੋਲ ਕਰ ਲਿਆ ਜਾਵੇ ਤਾਂ ਅਗਲੇ ਹੀ ਪਲ ਉਹ ਠੰਢਾ ਵੀ ਹੋ ਸਕਦਾ ਹੈ। ਪਰ ਜੇਕਰ ਹੱਥ ਵਿਚ ਗੰਨ ਰੂਪੀ ਹਥਿਆਰ ਹੋਵੇ ਤਾਂ ਗੁੱਸੇ ਵਿਚ ਉਸ ਦਾ ਘੋੜਾ ਦਬਾਉਣ ਲੱਗਿਆ ਇਕ ਸੈਕਿੰਡ ਤੋਂ ਵੀ ਘੱਟ ਸਮਾਂ ਲੱਗਦਾ ਹੈ। ਗੰਨ ਦੀ ਵਰਤੋਂ ਕਰਕੇ ਕੀਤੇ ਬਹੁਤ ਸਾਰੇ ਕਤਲਾਂ ਜਾਂ ਜੁਰਮਾਂ ਦਾ ਪਛਤਾਵਾ ਕਈ ਵਾਰ ਬਾਅਦ ਵਿਚ ਹੁੰਦਾ ਹੈ, ਜਦ ਲੰਬੀ ਸਜ਼ਾ ਭੁਗਤਣੀ ਪੈਂਦੀ ਹੈ। ਇਸ ਲਈ ਗੰਨ ਦੀ ਬਹੁਤਾਤ ਤੇ ਸੌਖਾਲੀ ਉਪਲੱਬਧਤਾ ਹਿੰਸਾ ਤੇ ਜੁਰਮ ਨੂੰ ਵਧਾਉਣ ਲਈ ਕਿਸੇ ਨਾ ਕਿਸੇ ਰੂਪ ਵਿਚ ਮੱਦਦ ਜ਼ਰੂਰ ਕਰਦੀ ਹੈ। ਹੋ ਸਕਦਾ ਇਸ ਤੱਥ ਨੂੰ ਨਾ ਮੰਨਣ ਵਾਲੀਆਂ ਉਪਰੋਕਤ ਦਲੀਲਾਂ ਕਾਨੂੰਨੀ ਤਰੀਕੇ ਨਾਲ ਹਾਸਿਲ ਹਥਿਆਰਾਂ 'ਤੇ ਤਾਂ ਢੁੱਕ ਸਕਦੀਆਂ ਹੋਣ ਪਰੰਤੂ ਗੈਰ-ਕਾਨੂੰਨੀ ਮਾਲਕੀ ਵਾਲੀਆਂ ਗੰਨਾਂ 'ਤੇ ਨਹੀਂ। ਇਹ ਨਹੀਂ ਭੁੱਲਣਾ ਚਾਹੀਦਾ ਕਿ ਜੁਰਮ ਦੀ ਦੁਨੀਆਂ ਨਾਲ ਸੰਬੰਧ ਰੱਖਣ ਵਾਲੇ ਵਿਅਕਤੀ ਵਧੇਰੇ ਕਰਕੇ ਗੈਰ-ਕਾਨੂੰਨੀ ਢੰਗ ਨਾਲ ਰੱਖੀਆਂ ਗੰਨਾਂ ਹੀ ਵਰਤਦੇ ਹਨ।

ਗੰਨ ਕਲਚਰ ਦੇ ਪ੍ਰਸਾਰ ਵਿਚ ਮੀਡੀਆ ਦਾ ਵੀ ਵੱਡਾ ਰੋਲ ਹੈ। ਹਾੱਲੀਵੁਡ, ਬਾੱਲੀਵੁਡ ਜਾਂ ਪਾੱਲੀਵੁਡ ਦੀਆਂ ਫਿਲਮਾਂ, ਗੀਤ-ਸੰਗੀਤ ਦੀਆਂ ਵੀਡੀਉ, ਸੀਰੀਅਲਾਂ ਆਦਿ ਵਿਚ ਗੰਨ ਦੇ ਸਹਾਰੇ ਹਿੰਸਾ, ਮਾਰ-ਧਾੜ, ਜੁਰਮ ਦੀਆਂ ਘਟਨਾਵਾਂ, ਬਦਲਾ ਲੈਣ ਦੀਆਂ ਕਾਰਵਾਈਆਂ ਵੱਡੇ ਪੱਧਰ 'ਤੇ ਵਿਖਾਈਆਂ ਜਾਂਦੀਆਂ ਹਨ, ਜਿਸ ਦਾ ਕਿਸੇ ਵੀ ਸਮਾਜ ਦੇ ਲੋਕਾਂ 'ਤੇ ਬੁਰਾ ਅਸਰ ਪੈਣਾ ਸੁਭਾਵਿਕ ਹੈ। ਮੀਡੀਆ ਗੰਨ ਕਲਚਰ ਦੇ ਕਿਸੇ ਚੰਗੇ ਪਹਿਲੂ ਦੀ ਥਾਂ ਹਿੰਸਾ ਤੇ ਅਪਰਾਧ ਵਰਗੇ ਮਾੜੇ ਪਹਿਲੂਆਂ ਨੂੰ ਹੀ ਬੜ੍ਹਾਵਾ ਦਿੰਦਾ ਨਜ਼ਰ ਆਉਂਦਾ ਹੈ। ਵਿਸ਼ੇਸ਼ ਕਰਕੇ ਪੰਜਾਬੀ ਮੀਡੀਆ ਦਾ ਰੋਲ ਤਾਂ ਬਿਲਕੁਲ ਨਕਾਰਾਤਮਕ ਹੈ। ਇਸ ਸੰਦਰਭ ਵਿਚ ਪਾਪੂਲਰ ਪੰਜਾਬੀ ਸੰਗੀਤ ਖ਼ਾਸ ਤੌਰ 'ਤੇ ਗੌਲਣਯੋਗ ਹੈ। ਪੰਜਾਬੀ ਗਾਣਿਆਂ ਦੇ ਬੋਲਾਂ ਅਤੇ ਉਨ੍ਹਾਂ ਦੀ ਵੀਡੀਉ ਵਿਚ ਅੱਜ-ਕੱਲ੍ਹ ਅਸ਼ਲੀਲਤਾ ਤੇ ਹਥਿਆਰਾਂ ਦਾ ਹੀ ਬੋਲਬਾਲਾ ਹੈ। ਉਦਾਹਰਨ ਵਜੋਂ 'ਮਿੱਤਰਾਂ ਨੂੰ ਸ਼ੌਕ ਹਥਿਆਰਾਂ ਦਾ' 'ਚੱਕ ਲਓ ਰਿਵਾਲਵਰ ਰਫਲਾ ਭੀ ਕਬਜ਼ਾ ਲੈਣਾ ਏ,' 'ਮਿੱਤਰਾਂ ਦਾ ਨਾਂ ਚਲਦਾ ਜਿਵੇਂ ਚਲਦੀ ਏ AK-47, 'ਜਿਨ੍ਹਾਂ ਹਥਿਆਰਾਂ ਦੀ ਤੂੰ ਗੱਲ ਕਰਦਾ ਜੱਟ ਨੇ ਉਹ ਖੇਡ ਕੇ ਖਿਡੌਣੇ ਛੱਡ ਤੇ', 'ਜਿਥੇ ਹੋਵੇ ਪਾਬੰਦੀ ਹਥਿਆਰ ਦੀ ਨੀ ਉਥੇ ਜੱਟ ਫਾਇਰ ਕਰਦਾ', 'ਵਿਚ ਪਜੈਰੋ ਦੇ ਰੱਖ ਲਈ ਦੇਸੀ ਗੰਨ', 'ਹੋਇਆ ਕੀ ਜੇ ਕਰਨੇ ਸ਼ਿਕਾਰ ਛੱਡ ਤੇ ਅਜੇ ਰਫਲਾਂ ਚਲਾਉਣੀਆ ਨੀ ਜੱਟ ਭੁੱਲਿਆ' ਆਦਿ ਪਾਪੂਲਰ ਗੀਤਾਂ ਵਿਚ ਗੰਨ ਤੇ ਹਿੰਸਾ ਵਿਆਪਕ ਰੂਪ ਵਿਚ ਪਰੋਸੀ ਮਿਲਦੀ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਅਜਿਹੇ ਗੀਤ-ਸੰਗੀਤ ਨੇ ਪੰਜਾਬ ਦੇ ਨੌਜਵਾਨ ਵਰਗ ਨੂੰ ਹਿੰਸਕ ਤੇ ਅਪਰਾਧਿਕ ਗਤੀਵਿਧੀਆਂ ਵੱਲ ਧਕੇਲਣ ਵਿਚ ਕੋਈ ਕਸਰ ਨਹੀਂ ਛੱਡੀ। ਗੀਤਾਂ ਤੇ ਫਿਲਮਾਂ ਦੇ ਪ੍ਰਭਾਵ ਅਧੀਨ ਪੰਜਾਬੀ ਨੌਜਵਾਨ ਗੰਨ ਕਲਚਰ ਨਾਲ ਇਕ 'ਸਨਕ' ਵਾਂਗ ਜੁੜ ਚੁੱਕੇ ਹਨ। ਫਲਸਰੂਪ ਪੰਜਾਬ ਵਿਚ ਰੋਜ਼ਾਨਾਂ ਵਾਪਰਦੀਆਂ ਘਟਨਾਵਾਂ ਵਿਚ ਕਿਸੇ ਨਾ ਕਿਸੇ ਵਿਅਕਤੀ ਨੂੰ ਕਿਸੇ ਨਾ ਕਿਸੇ ਗੱਲ ਤੋਂ ਗੋਲੀ ਮਾਰਨਾ ਜਾਂ ਜ਼ਖਮੀ ਕਰਨਾ ਹੁਣ ਆਮ ਜਿਹੀ ਗੱਲ ਬਣ ਗਈ ਹੈ। ਵਰਤਮਾਨ ਪਾਪੂਲਰ ਪੰਜਾਬੀ ਗੀਤ-ਸੰਗੀਤ ਸਮਾਜ ਨੂੰ ਕੋਈ ਚੰਗਾ ਸਿਰਜਣਾਤਮਕ ਸੰਦੇਸ਼ ਦੇਣ ਦੀ ਥਾਂ ਗੰਨ ਰੂਪੀ ਹਥਿਆਰਾਂ ਦੀ ਅਖੌਤੀ ਮਹਿਮਾ ਕਰਕੇ ਹਿੰਸਾ ਤੇ ਜੁਰਮ ਨਾਲ ਜੁੜਨ ਦਾ ਹੀ ਪਾਠ ਪੜ੍ਹਾ ਰਿਹਾ ਹੈ। ਪੰਜਾਬੀ ਸਮਾਜ ਵਿਚ ਹੁਣ ਹਥਿਆਰ ਜ਼ੁਲਮ ਦਾ ਟਾਕਰਾ ਕਰਨ ਦੀ ਬਜਾਇ ਖੁਦ ਜ਼ੁਲਮ ਨੂੰ ਪੈਦਾ ਕਰਨ ਲਈ ਵਰਤੇ ਜਾ ਰਹੇ ਹਨ। ਅਜਿਹੇ ਮਾਹੌਲ ਦੀ ਸਿਰਜਣਾ ਪਿੱਛੇ ਜਿਥੇ ਕਈ ਕਾਰਨ ਜ਼ਿੰਮੇਵਾਰ ਹਨ, ਉਥੇ ਮੀਡੀਆ 'ਬਲਦੀ ਤੇ ਤੇਲ ਪਾ ਕੇ' ਅਪਰਾਧ ਜਗਤ ਦੇ ਭਾਂਬੜਾਂ ਨੂੰ ਹੋਰ ਮਚਾ ਰਿਹਾ ਹੈ।

ਗੰਨ ਕਲਚਰ ਦਾ ਇਕ ਹੋਰ ਸੰਦਰਭ 'ਖਿਡੌਣਿਆਂ' ਨਾਲ ਜੁੜਦਾ ਹੈ। ਇਹ ਅਜਿਹੇ ਖਿਡੌਣੇ ਹਨ ਜਿਨ੍ਹਾਂ ਨੂੰ ਸਾਧਾਰਨ ਰੂਪ ਵਿਚ ਹਥਿਆਰਾਂ ਦਾ ਰੂਪ ਦਿੱਤਾ ਗਿਆ ਹੁੰਦਾ ਹੈ। ਇਹ ਖਿਡੌਣੇ ਹਥਿਆਰਾਂ, (ਪਿਸਤੌਲ, ਰਿਵਾਲਵਰ, ਰਾਈਫਲ ਆਦਿ) ਦੀ ਨਕਲ ਹੁੰਦੇ ਹਨ। ਇਹ ਗੰਨ ਰੂਪੀ ਖਿਡੌਣੇ ਬੱਚਿਆਂ ਲਈ ਵਧੇਰੇ ਖਿੱਚ ਦਾ ਕੇਂਦਰ ਬਣਦੇ ਹਨ। ਮੌਜੂਦਾ ਸਮੇਂ ਵਿਚ ਗੰਨ ਖਿਡੌਣਿਆਂ ਦੀਆਂ ਕਈ ਛੋਟੀਆਂ-ਵੱਡੀਆਂ ਕਿਸਮਾਂ ਬਾਜ਼ਾਰ 'ਚ ਆ ਚੁੱਕੀਆਂ ਹਨ। 'Nerf N strike Retahator Blaster Gun', 'Fdx Eva pop Gun', 'plastic raging fire gun with 10 soft bullets', 'Wishkey soft Bullet Blaster Gun' ਅਤੇ 'Scrazy Laser sound Gun' ਦੀ ਵਿਕਰੀ ਭਾਰਤ ਸਮੇਤ ਵੱਖ-ਵੱਖ ਦੇਸ਼ਾਂ 'ਚ ਵੱਡੀ ਗਿਣਤੀ ਵਿਚ ਹੁੰਦੀ ਹੈ। 'ਗੰਨ ਇਨ ਅਮੈਰੀਕਨ ਸੋਸਾਇਟੀ: ਐਨ ਐਨਸਾਈਕਲੋਪੀਡੀਆ ਆਫ ਹਿਸਟਰੀ, ਪੋਲੀਟਿਕਸ, ਕਲਚਰ ਐਂਡ ਦਾ ਲਾਅ' ਵਿਚ ਗੰਨ ਖਿਡੌਣਿਆਂ ਦੇ ਇਤਿਹਾਸ ਤੇ ਵਰਤਮਾਨ ਸਥਿਤੀ ਸੰਬੰਧੀ ਮਹੱਤਵਪੂਰਨ ਵਿਚਾਰ ਪ੍ਰਗਟਾਏ ਗਏ ਹਨ। ਇਸ ਵਿਚ ਦੱਸਿਆ ਗਿਆ ਹੈ ਕਿ ਚੌਦਵੀਂ ਸਦੀ ਦੇ ਲਗਭਗ ਸਭ ਤੋਂ ਪਹਿਲਾਂ ਗੰਨ ਖਿਡੌਣੇ ਸੋਟੀ/ਡੰਡੀ, ਅੰਗੂਠਾ ਜਾਂ ਅੰਗੂਠੇ ਨਾਲ ਦੀ ਉਂਗਲ ਦੇ ਆਕਾਰ ਵਿਚ ਬਣਾਏ ਜਾਂਦੇ ਸਨ। ਅਸਲ ਵਿਚ ਗੰਨ ਖਿਡੌਣੇ ਬਣਾਉਣ ਦਾ ਆਰੰਭ ਸਿਵਲ ਵਾਰ ਦੇ ਖਤਮ ਹੋਣ ਤੋਂ ਬਾਅਦ 1865 ਈ. ਦੇ ਲਗਭਗ ਸ਼ੁਰੂ ਹੋਇਆ ਜਦ ਹਥਿਆਰ ਬਣਾਉਣ ਵਾਲੀਆਂ ਫੈਕਟਰੀਆਂ 'Cap guns' ਨੂੰ ਲਾਭ ਖੱਟਣ ਸਦਕਾ ਘੜਨ ਲੱਗੀਆਂ। 'Cap guns' ਵਿਚ ਬਾਰੂਦ ਤਾਂ ਥੋੜ੍ਹਾ ਹੁੰਦਾ ਸੀ ਪਰੰਤੂ ਗੋਲੀ ਚਲਾਉਣ ਸਮੇਂ ਇਹ ਜ਼ੋਰ ਦੀ ਆਵਾਜ਼ ਕਰਦੀ ਹੋਈ ਧੂੰਏਂ ਦਾ ਬੁੱਲ੍ਹਾ (Puff) ਵੀ ਕੱਢਦੀ ਸੀ। 1886 ਈ. ਵਿਚ ਪਹਿਲੀ 'BB Guns' ਬਣਾਈ ਗਈ ਸੀ। ਇਹ ਇਕ ਏਅਰ ਰਾਈਫਲ ਸੀ ਜਿਸ ਵਿਚ 0.8 ਇੰਚ ਦੀਆਂ ਗੋਲੀਆਂ ਸਨ। 1930 ਅਤੇ 1940 ਈ. ਵਿਚ ਹਾੱਲੀਵੁਡ ਅਤੇ ਕੋਮਿਕ ਜਗਤ ਨਾਲ ਜੁੜੇ ਬਹੁਤ ਸਾਰੇ ਵਿਅਕਤੀ ਗੰਨ ਦੇ ਮਾਡਲਾਂ ਤੋਂ ਪ੍ਰਭਾਵਿਤ ਹੋਏ ਜਿਵੇਂ ਕਿ 'Daisy' s Buck Rogerss Rocketss Pistol' (1933), 'Bulk Rogers Distengrator Pistol' (1934) ਅਤੇ 'Liquid Helium Pistol' (1935) ਸਭ ਤੋਂ ਵਧੇਰੇ ਵਿਕਣ ਵਾਲੀਆਂ ਗੰਨਾਂ ਰਹੀਆਂ। 1940 ਈ.ਵਿਚ ਡੇਜ਼ੀ ਨੇ 'Red Ryder Bo Gun' ਨੂੰ ਘੜਿਆ ਅਤੇ 1949 ਵਿਚ ਇਹ ਮਿਲੀਅਨ ਵਿਚ ਵਿਕੀਆਂ। ਗੰਨ ਨਾਲ ਸੰਬੰਧਿਤ ਖਿਡੌਣਿਆਂ ਦਾ ਸੁਨਹਿਰੀ ਸਮਾਂ 1950 ਵਿਚ ਮੰਨਿਆ ਜਾਂਦਾ ਹੈ, ਜਦੋਂ ਬੱਚੇ ਟੀ.ਵੀ.ਉਪਰ ਵਿਖਾਏ ਜਾਂਦੇ ਹੀਰੋ ਜਿਵੇਂ ਕਿ ਰੋਇ ਰੋਗਰਜ਼, ਜੈਨੀ ਆਂਟੀ, ਹੋਪਾਲੌਂਗ, ਕੇਸੀਡੀ ਦੇ ਪਾਏ ਪੂਰਨਿਆਂ 'ਤੇ ਚਲਣ ਲੱਗੇ।[28] ਉਦਯੋਗਿਕ ਕ੍ਰਾਂਤੀ ਤੋਂ ਬਾਅਦ ਹੱਥ ਨਾਲ ਬਣਾਏ ਜਾਣ ਵਾਲੇ ਖਿਡੌਣਿਆਂ ਦੀ ਪਿਰਤ ਖਤਮ ਹੋ ਗਈ। ਇਸ ਮਸ਼ੀਨੀ ਯੁੱਗ ਵਿਚ ਖਿਡੌਣਿਆਂ ਨੂੰ ਮਸ਼ੀਨ ਦੀ ਮੱਦਦ ਨਾਲ ਬਣਾਇਆ ਜਾਣ ਲੱਗਾ, ਜਿਸ ਵਿਚ ਹਥਿਆਰਾਂ ਦੇ ਖਿਡੌਣੇ ਜਾਂ ਗੰਨ ਖਿਡੌਣੇ ਵਿਸ਼ੇਸ਼ ਤੌਰ 'ਤੇ ਸ਼ਾਮਲ ਸਨ। ਪਹਿਲਾਂ ਪਹਿਲ ਅਮੀਰ ਤਬਕੇ ਦੇ ਲੋਕ ਹੀ ਇਨ੍ਹਾਂ ਨੂੰ ਖਰੀਦਣ ਦੀ ਸਮਰੱਥਾ ਰਖਦੇ ਸਨ, ਪਰੰਤੂ ਅਠਾਰ੍ਹਵੀਂ ਸਦੀ ਦੇ ਅੰਤ ਵਿਚ ਹੇਠਲੇ ਵਰਗ ਦੇ ਲੋਕਾਂ ਦੇ ਬੱਚਿਆਂ ਕੋਲ ਵੀ ਮਸ਼ੀਨ

ਨਾਲ ਬਣੇ ਗੰਨ ਖਿਡੌਣੇ ਪਾਏ ਜਾਣ ਲੱਗੇ। ਇਹ ਮਸ਼ੀਨੀ ਖਿਡੌਣੇ ਹੁਣ ਤਕਰੀਬਨ ਹਰੇਕ ਹਥਿਆਰ ਦੇ ਰੂਪ ਵਿਚ ਉਪਲੱਬਧ ਹਨ।

'ਗੰਨ ਖਿਡੌਣਿਆਂ' ਨੇ ਬੱਚਿਆਂ ਦੀ ਜ਼ਿੰਦਗੀ ਵਿਚ ਇਕ ਵੱਖਰੀ ਤਰ੍ਹਾਂ ਦੀ ਭੂਮਿਕਾ ਅਦਾ ਕੀਤੀ ਹੈ। ਇਨ੍ਹਾਂ ਖਿਡੌਣਿਆਂ ਦਾ ਬਾਲ ਮਾਨਸਿਕਤਾ 'ਤੇ ਕਿਸ ਤਰ੍ਹਾਂ ਦਾ ਅਸਰ ਪੈਂਦਾ ਹੈ, ਇਸ ਸੰਬੰਧੀ ਵੱਖ-ਵੱਖ ਧਾਰਨਾਵਾਂ ਮਿਲਦੀਆਂ ਹਨ। ਖਿਡੌਣੇ ਰੂਪੀ ਹਥਿਆਰਾਂ ਦਾ ਬੱਚਿਆਂ 'ਤੇ ਪੈਣ ਵਾਲਾ ਅਸਰ ਗੁੰਝਲਦਾਰ ਹੈ। ਹਰੇਕ ਬੱਚੇ ਦੀ ਮਾਨਸਿਕਤਾ 'ਤੇ ਇਨ੍ਹਾਂ ਦਾ ਪੈਣ ਵਾਲਾ ਅਸਰ ਇਕੋ ਜਿਹਾ ਨਾ ਹੋ ਕੇ ਵੱਖਰੇ-ਵੱਖਰੇ ਢੰਗ ਦਾ ਹੁੰਦਾ ਹੈ। ਕਈ ਮਨੋਵਿਗਿਆਨੀ ਹਥਿਆਰਾਂ ਰੂਪੀ ਖਿਡੌਣਿਆਂ ਨਾਲ ਖੇਡਣ ਵਾਲੇ ਬੱਚਿਆਂ ਦੀ ਮਾਨਸਿਕਤਾ ਨੂੰ ਵੱਡੇ ਹੋ ਕੇ ਸਿੱਧਾ ਹਿੰਸਾ ਜਾਂ ਹਮਲਾ ਕਰਨ ਦੀ ਪ੍ਰਵਿਰਤੀ ਨਾਲ ਜੋੜ ਕੇ ਦੇਖਦੇ ਹਨ, ਜਦ ਕਿ ਕਈ ਵਿਚਾਰਕ ਇਨ੍ਹਾਂ ਵਿਚਾਰਾਂ ਦਾ ਖੰਡਨ ਕਰਦੇ ਹਨ। 'Pediatrics' ਵਿਚ 2003 ਨੂੰ ਛਪੇ ਇਕ ਲੇਖ ਵਿਚ ਇਸ ਪੱਖ 'ਤੇ ਜ਼ੋਰ ਦਿੱਤਾ ਗਿਆ ਹੈ ਕਿ 'ਗੰਨ ਖਿਡੌਣੇ' ਸੱਚਮੁੱਚ ਇਕ ਸਮੱਸਿਆ ਨਹੀਂ ਹਨ। ਪਰੰਤੂ ਬੱਚਿਆਂ ਨੂੰ ਗੰਨ ਖਿਡੌਣਿਆਂ ਸੰਬੰਧੀ ਮਾਤਾ-ਪਿਤਾ ਅਤੇ ਹੋਰ ਅਹੁਦੇਦਾਰ ਵਿਅਕਤੀ (Authority Figure) ਤੋਂ ਮਿਲਣ ਵਾਲੇ ਵਿਵਹਾਰ ਤੇ ਅਨੁਭਵ ਹੀ ਸਮੱਸਿਆ ਹਨ। 'ਗੰਨ ਖਿਡੌਣੇ' ਕਦੇ ਵੀ ਆਪਣੇ ਆਪ ਅਜਿਹਾ ਲੋੜੀਂਦਾ ਖ਼ਤਰਨਾਕ ਢੰਗ ਅਖਤਿਆਰ ਨਹੀਂ ਕਰਦੇ ਸਗੋਂ ਬੱਚਿਆਂ ਨੂੰ ਇਨ੍ਹਾਂ ਖਿਡੌਣਿਆਂ ਦੀ ਵਰਤੋਂ ਕਰਨ ਦੇ ਢੰਗ ਅਤੇ ਇਨ੍ਹਾਂ ਨਾਲ ਖੇਡਣ ਦੇ ਸਿਖਾਏ ਜਾਣ ਵਾਲੇ ਤਰੀਕਿਆਂ 'ਤੇ ਇਸ ਦੇ ਨਕਾਰਾਤਮਕ ਜਾਂ ਸਕਾਰਾਤਮਕ ਪਹਿਲੂ ਨਿਰਭਰ ਕਰਦੇ ਹਨ।[29] 'Family Education Website' ਅਨੁਸਾਰ ਜ਼ਿਆਦਾਤਰ ਬੱਚੇ ਛੋਟੇ ਹੁੰਦਿਆਂ 'ਗੰਨ' ਨਾਲ ਖੇਡਦੇ ਹਨ ਅਤੇ ਇਨ੍ਹਾਂ ਵਿਚੋਂ ਕੁਝ ਬੱਚੇ ਹਿੰਸਾ ਦੇ ਰੂਪ ਵਿਚ ਗੰਨ ਦਾ ਇਸਤੇਮਾਲ ਕਰਦੇ ਹਨ। ਜਦੋਂ ਮਾਤਾ-ਪਿਤਾ ਆਪਣੇ ਬੱਚਿਆਂ ਨੂੰ ਦੂਜਿਆਂ ਨਾਲ ਗੰਨ ਦੀ ਕੀਤੀ ਜਾਣ ਵਾਲੀ ਵਰਤੋਂ ਬਾਰੇ ਨਹੀਂ ਦੱਸਣਗੇ ਤਾਂ ਫਿਰ ਉਨ੍ਹਾਂ ਦੁਆਰਾ ਦੂਜਿਆਂ ਲਈ ਵਰਤੀ ਜਾਣ ਵਾਲੀ ਗੰਨ ਦੇ ਢੰਗ-ਤਰੀਕੇ ਪ੍ਰਵਾਨਮਈ ਨਹੀਂ ਹੋਣਗੇ।[30]

'ਗੰਨ ਖਿਡੌਣੇ' ਬੱਚੇ ਦੇ ਮਨ ਵਿਚ ਬਹਾਦਰੀ, ਦੂਜੇ 'ਤੇ ਹਮਲਾ ਕਰਨ ਦੀ ਪ੍ਰਵਿਰਤੀ, ਦੂਜੇ ਨੂੰ ਹਰਾ ਦੇਣ ਅਤੇ ਆਪਣੀ ਜਿੱਤ ਵਰਗੇ ਭਾਵ ਉਪਜਾਉਂਦੇ ਹਨ। ਗੰਨ ਰੂਪੀ ਖਿਡੌਣੇ ਭਾਵੇਂ ਸਿੱਧੇ ਰੂਪ ਵਿਚ ਹਿੰਸਕ ਕਾਰਜਗੁਜ਼ਾਰੀ ਨੂੰ ਅੰਜਾਮ ਨਹੀਂ ਦਿੰਦੇ ਪਰ ਅਸਿੱਧੇ ਰੂਪ ਵਿਚ ਇਹ ਬੱਚੇ ਦੇ ਮਨ ਵਿਚ ਹਮਲਾਵਰ ਪ੍ਰਵਿਰਤੀ ਨੂੰ ਜਨਮ ਜ਼ਰੂਰ ਦਿੰਦੇ ਹਨ। ਬੱਚੇ ਦਾ ਦਿਮਾਗ ਤੇ ਮਨ ਇਕ ਸਾਫ ਚਾਦਰ ਵਾਂਗ ਹੁੰਦਾ ਹੈ। ਬਚਪਨ ਵਿਚ ਇਸ ਉਪਰ ਜਿਸ ਤਰ੍ਹਾਂ ਦੀ ਕਢਾਈ ਕਰ ਦਿੱਤੀ ਗਈ, ਉਸ ਦਾ ਅਸਰ ਸਾਰੀ ਉਮਰ ਰਹਿੰਦਾ ਹੈ। ਪੰਜਾਬੀ ਸਮਾਜ ਵਿਚ ਵੀ ਹੋਰਨਾਂ ਸਮਾਜਾਂ ਵਾਂਗ ਬੱਚਿਆਂ ਦੁਆਰਾ ਨਕਲੀ ਗੰਨਾਂ/ਗੰਨ ਖਿਡੌਣਿਆਂ ਨੂੰ ਖਰੀਦਣ ਤੇ ਉਨ੍ਹਾਂ ਨਾਲ ਖੇਡਣ ਦਾ ਰੁਝਾਨ ਵੇਖਿਆ ਜਾ ਸਕਦਾ ਹੈ। ਕੁਝ ਗੰਨਜ਼ ਤਾਂ ਗੋਲੀਆਂ (ਨਕਲੀ) ਤੋਂ ਬਿਨਾਂ ਹੁੰਦੀਆਂ ਹਨ। ਪਰੰਤੂ ਕੁਝ ਗੰਨਾਂ ਨਾਲ ਗੋਲੀਆਂ (ਪਲਾਸਟਿਕ ਆਦਿ ਦੀਆਂ) ਵੀ ਮਿਲਦੀਆਂ ਹਨ। ਅਕਸਰ ਘਰਾਂ ਵਿਚ ਬੱਚੇ ਜਦੋਂ ਇਸ ਕਿਸਮ ਦੇ ਹਥਿਆਰਾਂ ਨਾਲ ਖੇਡਦੇ ਹਨ ਤਾਂ ਉਹ ਇਕ-ਦੂਜੇ 'ਤੇ ਗੋਲੀਆਂ ਚਲਾਉਣਾ ਵੀ ਸਿੱਖਦੇ ਹਨ। ਹਥਿਆਰਾਂ ਪ੍ਰਤੀ ਉਨ੍ਹਾਂ ਦੀ ਰੁਚੀ ਵਧਦੀ ਜਾਂਦੀ ਹੈ। ਅਜਿਹੇ ਖਿਡੌਣਿਆਂ ਦੇ ਉਚਿਤ ਵਰਤੋਂ-ਵਿਹਾਰ ਲਈ ਮਾਪਿਆਂ ਵਲੋਂ ਬੱਚਿਆਂ ਨੂੰ ਢੁੱਕਵੀਂ ਸੇਧ ਦੇਣਾ ਲਾਜ਼ਮੀ ਹੈ।

ਉਪਰੋਕਤ ਸਮੁੱਚੀ ਚਰਚਾ ਨੂੰ ਸਮੇਟਦਿਆਂ ਅੰਤ ਵਿਚ ਕਿਹਾ ਜਾ ਸਕਦਾ ਹੈ ਕਿ ਗੰਨ ਕਲਚਰ ਬਾਰੇ ਸਕਾਰਾਤਮਕ ਤੇ ਨਕਾਰਾਤਮਕ ਦੋਵੇਂ ਤਰ੍ਹਾਂ ਦੇ ਵਿਚਾਰ ਸਾਹਮਣੇ ਆਉਂਦੇ ਹਨ। ਬਹੁਗਿਣਤੀ ਵਿਚਾਰਕ ਅਜਿਹੇ ਕਲਚਰ ਨੂੰ ਨਿੰਦਦੇ ਹਨ। ਸਵੈ-ਰੱਖਿਆ, ਪਬਲਿਕ ਸੁਰੱਖਿਆ, ਵਿਅਕਤੀਗਤ ਸੁਤੰਤਰਤਾ ਵਰਗੇ ਕੁਝ ਕੁ ਹਾਂ-ਮੁਖੀ ਪਹਿਲੂਆਂ ਨੂੰ ਛੱਡ ਕੇ, ਅਜਿਹੇ ਕਲਚਰ ਦੇ ਬਹੁਤੇ ਪੱਖ ਨਾਂਹ-ਮੁਖੀ ਹਨ। ਅਜੋਕੇ ਦੌਰ ਦਾ ਪੰਜਾਬੀ ਸਮਾਜ ਵੀ ਗੰਨ ਕਲਚਰ ਦੇ ਪ੍ਰਭਾਵ ਅਧੀਨ ਉਪਜਣ ਵਾਲੀਆਂ ਅਪਰਾਧਿਕ ਘਟਨਾਵਾਂ ਜਿਵੇਂ ਹਿੰਸਾ, ਮਾਨਵ-ਹੱਤਿਆ, ਗੈਂਗਸਟਰਾਂ ਦਾ ਵਧਦਾ ਪ੍ਰਭਾਵ, ਨਸ਼ਿਆਂ ਦੀ ਸਮੱਗਲਿੰਗ, ਚੋਰੀ, ਡਕੈਤੀ, ਫਿਰੌਤੀ, ਅਗਵਾ, ਆਦਿ ਵਿਚ ਬੁਰੀ ਤਰ੍ਹਾਂ ਗ੍ਰਸਿਆ ਹੋਇਆ ਹੈ। ਇਸ ਕਰਕੇ ਕਿਸੇ ਵੀ ਸਮਾਜ ਵਿਚ ਪੈਦਾ ਹੋਣ ਵਾਲੇ ਅਜਿਹੇ ਕਲਚਰ ਦੀ ਬਹੁਤਾਤ ਨੂੰ ਫੈਲਣ ਤੋਂ ਰੋਕਣਾ ਹੀ ਉਸ ਸਮਾਜ ਦੀ ਭਲਾਈ ਤੇ ਸੱਭਿਅਕਪਣ ਲਈ ਜ਼ਰੂਰੀ ਹੈ। ਸਵੈ-ਰੱਖਿਆ ਦੀ ਆੜ ਹੇਠ ਗੰਨ ਰੂਪੀ ਹਥਿਆਰਾਂ ਦੀ ਲਗਾਤਾਰ ਵਧਦੀ ਵਰਤੋਂ ਮਨੁੱਖੀ ਸਮਾਜ ਲਈ ਹਾਨੀਕਾਰਕ ਹੈ ਕਿਉਂਕਿ ਆਧੁਨਿਕ ਹਥਿਆਰ ਵਿਅਕਤੀ ਨੂੰ ਵਿਨਾਸ਼ ਵੱਲ ਵਧੇਰੇ ਧੱਕ ਰਹੇ ਹਨ। ਮਨੁੱਖ ਦੀ ਹਥਿਆਰਾਂ ਵੱਲ ਵਧਦੀ ਰੁਚੀ ਤੇ ਨਜਾਇਜ਼ ਵਰਤੋਂ ਸਮਾਜ ਦੀਆਂ ਨੈਤਿਕ ਕਦਰਾਂ-ਕੀਮਤਾਂ ਤੇ ਮੁਲਾਂ ਵਿਚ ਨਿਘਾਰ ਦੀ ਸੂਚਕ ਹੈ। ਇਸ ਲਈ ਲਗਾਤਾਰ ਪਨਪ ਰਹੇ ਅਜਿਹੇ ਕਲਚਰ ਤੋਂ ਬਚਣ ਦੀ ਲੋੜ ਹੈ। ਬਿਨਾਂ ਸ਼ੱਕ ਪੰਜਾਬੀ ਸਮਾਜ-ਸਭਿਆਚਾਰ ਵਿਚ ਸ਼ਸਤਰਾਂ ਦੀ ਵਿਸ਼ੇਸ਼ ਮਹੱਤਤਾ ਰਹੀ ਹੈ। ਸ਼ਸਤਰਾ ਨੂੰ ਪੂਜਿਆ ਵੀ ਜਾਂਦਾ ਰਿਹਾ ਹੈ। ਪਰੰਤੂ ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਪੰਜਾਬੀ ਸਿਖ ਪਰੰਪਰਾ ਵਿਚ ਹਥਿਆਰਾਂ ਜਾਂ ਸ਼ਸਤਰਾਂ ਦੀ ਵਰਤੋਂ ਅਤਿਆਚਾਰ ਵਿਰੁੱਧ ਲੜਣ ਲਈ ਹੁੰਦੀ ਰਹੀ ਹੈ ਨਾ ਕਿ ਇਨ੍ਹਾਂ ਦੀ ਦੁਰਵਰਤੋਂ ਲਈ। ਪੀਰੀ ਦਾ ਸਥਾਨ ਹਮੇਸ਼ਾਂ ਮੀਰੀ ਨਾਲੋਂ ਉੱਚਾ ਰਿਹਾ ਹੈ। ਹੁਣ ਦੀ ਪੰਜਾਬੀ ਨੌਜਵਾਨ ਪੀੜੀ ਨੇ ਕਿਸੇ ਸਮੇਂ ਦੀ ਲੋੜ ਵਿਚੋਂ ਉਪਜੀ ਹਥਿਆਰਾਂ ਦੀ ਪਰੰਪਰਾ ਤੇ ਬਹਾਦਰੀ ਦੇ ਭਾਵਾਂ ਨੂੰ ਡੂੰਘਾਈ ਵਿਚ ਜਾ ਕੇ ਸਮਝਣ ਦੀ ਥਾਂ ਫੋਕੀ ਦਿਖਾਵੇਬਾਜ਼ੀ, ਸਟੇਟਸ ਸਿੰਬਲ ਤੇ ਚਿੰਨ੍ਹ ਮੁਲਾਂ ਨੂੰ ਇਸ ਨਾਲ ਜੋੜ ਲਿਆ ਹੈ। ਅਜਿਹਾ ਕਰਕੇ ਉਹ ਕਿਸੇ ਮਾਣਮੱਤੇ ਸਭਿਆਚਾਰ ਦੀ ਸਿਰਜਣਾ ਜਾਂ ਰਾਖੀ

ਨਹੀਂ ਕਰ ਰਹੇ, ਸਗੋਂ ਸਮਾਜ ਵਿਚ ਰਿਸਕ ਅਤੇ ਖ਼ੌਫ਼ ਨੂੰ ਲਗਾਤਾਰ ਵਧਾ ਰਹੇ ਹਨ। ਸਮਕਾਲੀ ਪੰਜਾਬੀ ਸਮਾਜ ਦੇ ਸੰਦਰਭ ਵਿਚ ਗੰਨ ਕਲਚਰ ਦਾ ਫੈਲਾਅ ਸਕਾਰਾਤਮਕ ਦੀ ਬਜਾਇ ਨਕਾਰਾਤਮਕ ਭੂਮਿਕਾ ਵਧੇਰੇ ਨਿਭਾ ਰਿਹਾ ਹੈ। ਅਜਿਹੇ ਕਲਚਰ ਦੇ ਨਾਂਹਮੁਖੀ ਪਹਿਲੂਆਂ ਨੂੰ ਠੱਲ ਪਾਉਣੀ ਸਮੇਂ ਦੀ ਲੋੜੀਂਦੀ ਮੰਗ ਹੈ।

## ਹਵਾਲੇ ਤੇ ਟਿੱਪਣੀਆਂ


1. Jeff Kinard, **Artillery: An illustrated History of its impact,** ABC-CLIO, California, 2007, p. (ix).
2. Anatoly Liberman, **Word Origins and How We know them Etymology for Everyone,** oxford university press Inc., New York, 2005, p.111.
3. Ebenezer Cobham Brewer, **The Wordsworth Dictionary of phrase & Fable,** wordsworth Editions Ltd., U.K. 2001, p.512.
4. C.F Springwood (ed.), **Open Fire: Understanding Global Gun Cultures,** 'The social life of Guns: An Introduction' Berg publishers, Oxford, U.K., 2007, pp. 4-5.
5. http://www.Allwords.com/Gun Culture
6. http://www. wikipedia.com/Gun Culture
7. http://www.Collindictionary. com/dictionary/English/gun-culture
8. Abigail A.Kohn, **Shooters: Myth & Realities of America's Gun Cultures,** oxford university press, New York, 2004, p.4.
9. C.F Springwood (ed.), **Open Fire: Understanding Global Gun Cultures,** 'The social life of Guns: An Introduction', pp. 3-4.
10. Ibid, 'Gunscapes: Toward a Global Geography of the Firearm', p.17.
11. Peter Squires, **Gun Culture or Gun Control? Firearms, Violence and Society,** Routledge Taylor & Francis Group, London, 2000, p.41.
12. Ibid, p.26.
13. C.F.Springwood (ed.), **Open Fire: Understanding Global Gun Cultures,** 'The social life of guns: An Introduction', p.3.
14. Gerry Souter, **American Shooter: A Personal History of Gun Culture in the United States,** 'Foreword, Potomac Books Inc., Washington, 2012, p.(xii).
15. C.F.Springwood (ed.), **Open Fire: Understanding Global Gun Cultures,** 'The Social Life of Guns: An Introduction, p.3.
16. Lois G.Schwoerer, **Gun Culture in Early Modern England,** 'Introduction: Interrogating Early Modern English Gun Culture' university virginia press, U.S.A., 2016, p.4.
17. Peter Squires, **Gun Culture or Gun Control? Firearms, Violence and Society,** p.173.
18. Ibid, p.100.
19. Ibid, p.101.
20. Ibid, p.119.
21. C.F.Springwood (ed.), **Open Fire: Understanding Global Gun Cultures,** 'The Social Life of Guns: An Introduction', p.1.
22. Peter Squires, **Gun Culture or Gun Control? Firearms, Violence and Society,** p.87.
23. Ibid, p.195.
24. Ibid, p.9.
25. Ibid, p.224.
26. Ibid, p.203.
27. Ibid, p.85.
28. Gregg Lee Carter (ed.), **Gun in American Society: An Encyclopedia of History, Politics, Culture & the Law,** Vol-I, ABC-CLIO, California, 2012, p.833.
29. As quoted by http://www.oureverydaylife.com/Toy-guns-bad-influence-children
30. Ibid.

*ਮਨਮੋਹਨ*

## 'ਮਿੱਟੀ ਬੋਲ ਪਈ' :
## ਦਲਿਤ ਪਹਿਚਾਣ, ਨਾਇਕਤਵ ਤੇ ਮੁਕਤੀ ਦੀ ਤਲਾਸ਼ ਦਾ ਬਿਰਤਾਂਤ




ਬਲਬੀਰ ਮਾਧੋਪੁਰੀ ਪੰਜਾਬੀ ਸਾਹਿਤ ਜਗਤ 'ਚ ਦਲਿਤ ਸਾਹਿਤ ਦਾ ਪ੍ਰਮਾਣਿਕ ਹਸਤਾਖਰ ਹੈ। ਉਸਦੀ ਸਵੈਜੀਵਨੀ 'ਛਾਂਗਿਆ ਰੁੱਖ' ਨੂੰ ਪੰਜਾਬੀ ਸਾਹਿਤ ਜਗਤ 'ਚ ਵੱਡਾ ਹੁੰਗਾਰਾ ਮਿਲਿਆ। ਇਸਦਾ ਅਨੁਵਾਦ ਅੰਗਰੇਜ਼ੀ, ਰੂਸੀ, ਉਰਦੂ/ਸ਼ਾਹਮੁਖੀ ਅਤੇ ਹਿੰਦੀ ਭਾਸ਼ਾਵਾਂ 'ਚ ਹੋਇਆ। 'ਛਾਂਗਿਆ ਰੁੱਖ' ਦੇ ਪੰਜਾਬੀ 'ਚ ਹੁਣ ਤੱਕ ਪੰਦਰਾਂ ਸੰਸਕਰਣ ਛੱਪ ਚੁੱਕੇ ਹਨ। ਉਸਦੇ ਦੋ ਕਾਵਿ ਸੰਗ੍ਰਹਿ 'ਮਾਰੂਥਲ ਦਾ ਬਿਰਖ' ਅਤੇ 'ਭਖਦਾ ਪਤਾਲ' ਨੇ ਪੰਜਾਬੀ ਕਵਿਤਾ ਜਗਤ 'ਚ ਭਰਵੀਂ ਹਾਜ਼ਰੀ ਲਵਾਈ। ਉਸਤੋਂ ਬਾਅਦ 'ਮੇਰੀ ਚੋਣਵੀਂ ਕਵਿਤਾ' ਵੱਡਮੁੱਲੀ ਕਾਵਿ ਪੁਸਤਕ ਹੈ। ਉਸਦੀਆਂ ਵਾਰਤਕ ਦੀਆਂ ਪੁਸਤਕਾਂ 'ਚ 'ਦਿੱਲੀ ਇਕ ਵਿਰਾਸਤ' (ਇਤਿਹਾਸਕ ਯਾਦਗਾਰਾਂ), 'ਸਮੁੰਦਰ ਦੇ ਸੰਗ ਸੰਗ' (ਸਫ਼ਰਨਾਮਾ), 'ਦਿੱਲੀ ਦੇ ਇਤਿਹਾਸਕ ਗੁਰਦੁਆਰੇ', 'ਸਾਹਿਤਕ ਮੁਲਾਕਾਤਾਂ', 'ਆਦਿ ਧਰਮ ਦੇ ਬਾਨੀ ਬਾਬਾ ਮੰਗੂ ਰਾਮ', ਅਤੇ 'ਮੇਰੀ ਪੱਤਰਕਾਰੀ' ਨੇ ਪੰਜਾਬੀ ਵਾਰਤਕ 'ਚ ਨਿੱਗਰ ਵਾਧਾ ਕੀਤਾ। ਇਸਤੋਂ ਇਲਾਵਾ ਬਲਬੀਰ ਨੇ 36 ਪੁਸਤਕਾਂ ਦਾ ਅਨੁਵਾਦ ਅਤੇ ਲਗਭਗ 42 ਪੁਸਤਕਾਂ ਦਾ ਸੰਪਾਦਨ ਵੀ ਕੀਤਾ।

ਬਲਬੀਰ ਮਾਧੋਪੁਰੀ ਨਾਵਲ ਦੇ ਆਰੰਭ 'ਚ ਲਿਖੀ ਭੂਮਿਕਾ 'ਮਿੱਟੀ ਬੋਲ ਪਈ ਤੋਂ ਪਹਿਲਾਂ' 'ਚ ਲਿਖਦਾ ਹੈ; 'ਮਿੱਟੀ ਬੋਲ ਪਈ' ਦਾ ਖਰੜਾ ਮੇਰੇ ਲਾਪਤਾ ਪਿਤਾ ਪਾਤਰ ਵਾਂਗ ਕਿਧਰੇ ਗੁੰਮ ਗੁਆਚ ਗਿਆ ਸੀ। ਦਰਅਸਲ, ਕਈ ਸਾਲਾਂ ਮਗਰੋਂ ਪਿਛਲੇ ਦਿਨੀਂ ਆਪਣੇ ਬਾਬੇ ਦੀਆਂ ਕਾਪੀਆਂ, ਕਿਤਾਬਾਂ ਤੇ ਕਾਗਜ਼ਾਂ ਨੂੰ ਫਰੋਲਦਿਆਂ ਇਹ ਮੈਨੂੰ ਲੱਭ ਗਿਆ। ਜਦੋਂ ਬਾਬੇ ਦੇ ਰੋਜ਼ਨਾਮਚੇ 'ਚ ਮੈਂ ਪੜ੍ਹਿਆ, 'ਜੋ ਭੁਲਾਉਣ 'ਤੇ ਵੀ ਨਹੀਂ ਭੁੱਲਦਾ ਮੈਂ ਉਹੀ ਰੋਜ਼ਨਾਮਚੇ 'ਚ ਲਿਖਦਾ ਹਾਂ।...ਬੀਤੇ ਵਕਤ ਦੀਆਂ ਬਹੁਤੇ ਲੋਕਾਂ ਉੱਤੇ ਗ਼ੈਰ-ਇਨਸਾਨੀ ਬੰਦਸ਼ਾਂ ਵਾਲੇ ਜ਼ਮਾਨੇ ਨੂੰ ਹੋਰ ਅੱਗੇ ਢੋਣ ਤੋਂ ਨਾਬਰੀ ਜ਼ਰੂਰੀ ਹੈ। ਧਰਮ-ਕਰਮ ਦੇ ਬਹਾਨੇ ਧਰਤੀ-ਜਾਇਆਂ ਦੀ ਜਿੰਦ ਜਦੋਂ ਤੋਂ ਸੂਲੀ ਟੰਗੀ ਹੋਈ ਹੈ, ਉਦੋਂ ਤੋਂ ਉਨ੍ਹਾਂ ਅੰਦਰ ਆਪਣੀ ਮੁਕਤੀ ਲਈ ਜੋਸ਼ੀਲੀ ਸੂਝ-ਸਿਆਣਪ ਮੀਲਾਂ ਦੀ ਰਫ਼ਤਾਰ ਨਾਲ ਲਹੂ 'ਚ ਗੇੜੇ ਕੱਢਦੀ ਹੈ।...ਭਾਵੇਂ ਜ਼ਿੰਦਗੀ ਵਾਂਗ ਡੰਡੀਆਂ, ਪਗਡੰਡੀਆਂ ਵਿੰਗੀਆਂ-ਟੇਢੀਆਂ ਹਨ ਪਰ ਜਦੋਂ ਬਹੁਤੇ ਲੋਕ ਉਨ੍ਹਾਂ 'ਤੇ ਲਗਾਤਾਰ ਤੁਰਦੇ ਹਨ ਤਾਂ ਉਹ ਵੱਡਾ ਰਾਹ ਬਣ ਜਾਂਦਾ ਹੈ...ਇੰਨੇ ਸਾਲ ਬੀਤ ਜਾਣ ਮਗਰੋਂ ਵੀ ਮੈਨੂੰ ਆਪਣੇ ਬਾਬੇ ਦੇ ਸਮੇਂ-ਸਮੇਂ ਜ਼ਿਕਰ ਕੀਤੇ ਫ਼ਿਕਰ ਸੁਣਦੇ ਹਨ, 'ਔਹ ਰੁੱਖਾਂ 'ਤੇ ਚੜ੍ਹੀ ਆਕਾਸ਼ ਵੇਲ ਉਤਾਰੋ ਜਿਹੜੀ ਉਨ੍ਹਾਂ ਨੂੰ ਦਿਨ ਰਾਤ ਚੂਸੀ ਜਾ ਰਹੀ ਹੈ, ਜਿਹਦੀਆਂ ਜੜ੍ਹਾਂ ਏਸ ਧਰਤੀ 'ਚ ਨਹੀਂ'।...ਮਿੱਟੀ ਬਹੁਤ ਤਾਕਤਵਰ ਹੈ। ਜਦੋਂ ਇਸ ਬੇਜ਼ੁਬਾਨ ਦੇ ਸੀਨੇ ਵਿਚੋਂ ਉੱਗੀ ਫ਼ਸਲ ਲਹਿਰਾਉਂਦੀ ਹੈ ਤਾਂ ਇਉਂ ਲਗਦਾ ਹੈ ਜਿਵੇਂ ਕੁਝ ਕਹਿ ਰਹੀ ਹੈ...ਮੈਨੂੰ ਇਹ ਅਹਿਸਾਸ ਹੋ ਰਿਹਾ ਹੈ ਕਿ ਮੇਰੇ ਬਾਬੇ ਵਰਗੇ ਧਰਤ-ਪੁੱਤਰ, ਅਣਥੱਕ ਜੋਧਿਆਂ ਦੀ ਸੋਚ ਸਦਕਾ ਹੁਣ 'ਮਿੱਟੀ ਬੋਲ ਪਈ ਹੈ...ਸੱਚ ਦੱਸ ਦਿਆਂ ਕਿ ਮੇਰਾ ਰੰਗ ਕਣਕ-ਵੰਨਾ ਹੈ ਪਰ ਦਾਦੀ ਬਾਬਾ ਤੇ ਘਰ ਦੇ ਜੀਅ ਮੈਨੂੰ 'ਗੋਰਾ' ਸੱਦਦੇ ਸਨ...ਮੈਂ ਆਪਣੇ ਬਾਬੇ ਦੀ ਸੰਗਤ ਮਾਣੀ ਹੈ। ਉਹ ਵੀ ਦਹਾਕਿਆਂ ਤੱਕ।...ਤੇ ਮੈਨੂੰ ਬੜਾ ਚਾਅ ਤੇ ਉਤਸ਼ਾਹ ਹੈ ਕਿ ਤੁਹਾਨੂੰ ਪੜ੍ਹਾਵਾਂ-ਸੁਣਾਵਾਂ ਲੋਕਾਂ ਦੇ ਮਾਣ-ਸਨਮਾਨ ਲਈ ਜੂਝਦੇ ਮਰਜੀਵੜਿਆਂ ਦੇ ਸੰਘਰਸ਼ ਦੀ ਦਾਸਤਾਨ। ਉਹ, ਜਿਹੜੇ ਆਪਣੇ ਸਮਿਆਂ ਦੇ ਘੱਟ ਪੜ੍ਹੇ-ਲਿਖੇ ਹੋਣ ਦੇ ਬਾਵਜੂਦ ਸੁਹਿਰਦ, ਸੂਝਵਾਨ ਤੇ ਗਿਆਨਵਾਨ ਇਨਸਾਨ ਹੋ ਗੁਜ਼ਰੇ ਤੇ ਲੋਕ-ਮਨਾਂ 'ਚ ਵਸ ਗਏ'।

'ਮਿੱਟੀ ਬੋਲ ਪਈ' ਨਾਵਲ ਦਾ ਬਿਰਤਾਂਤ ਦੋ ਪੀੜ੍ਹੀਆਂ ਦਾ ਆਪਸੀ ਸੰਵਾਦ ਹੈ ਜੋ ਬਾਬੇ ਤੇ ਪੋਤੇ ਜਿਸਦਾ ਨਾਮ ਗੋਰਾ ਹੈ, ਦਰਮਿਆਨ ਵਾਪਰਦਾ ਹੈ। ਇਸ ਬਿਰਤਾਂਤ ਦਾ ਗਾਲਪਨਿਕ ਕਾਲ 1926 'ਚ ਜਦੋਂ ਪੰਜਾਬ 'ਚ ਆਦਿ ਧਰਮ ਲਹਿਰ ਆਰੰਭ ਹੋਈ ਤੇ ਉਸਤੋਂ ਕੁਝ ਕੁ ਬਾਅਦ ਦੇ ਵਰ੍ਹਿਆਂ ਦਾ ਸਮਾਂ ਹੈ। ਪੂਰੇ ਬਿਰਤਾਂਤ ਦਾ ਸਥਾਨ ਵੀ ਪੰਜਾਬ ਦਾ ਦੁਆਬਾ ਖੇਤਰ ਹੈ ਜਿਸ 'ਚ ਆਦਿ ਧਰਮ ਲਹਿਰ ਦਾ ਪ੍ਰਭਾਵ ਕਾਫ਼ੀ ਵੱਡੇ ਪੱਧਰ 'ਤੇ ਵਿਆਪਕ ਰਿਹਾ। ਦੁਆਬੇ 'ਚੋਂ ਵੀ ਹੁਸ਼ਿਆਰਪੁਰ 'ਚ ਜੈਜੋਂ ਦਾ ਕੰਢੀ ਖੇਤਰ। ਇਕ ਦੋ ਜਗਹ ਮੁਲਤਾਨ ਅਤੇ ਲਾਹੌਰ ਦੇ ਇਲਾਕਿਆਂ ਨਾਲ ਜੁੜੇ ਵਿਵਰਣ ਵੀ ਇਸ ਬਿਰਤਾਂਤ ਦਾ ਹਿੱਸਾ ਬਣਦੇ ਹਨ। ਬਾਬੇ ਪੋਤੇ ਦੇ ਇਸ ਸੰਵਾਦ 'ਚ ਹੀ ਸਮਕਾਲਿਕ ਸਮਾਜ, ਸੱਭਿਆਚਾਰ, ਰਾਜਨੀਤੀ, ਆਰਥਿਕਤਾ ਨਾਲ ਜੁੜੇ ਵਿਭਿੰਨ ਪਾਸਾਰਾਂ ਦਾ ਵੀ ਬਿਰਤਾਂਤੀਕਰਣ ਹੁੰਦਾ ਹੈ। ਗੋਰੇ ਦਾ ਬਾਪ ਕਿਧਰੇ ਗੁਆਚ ਗਿਆ ਹੈ। ਜੋ ਬੜੀ ਦੇਰ ਤੋਂ ਘਰ ਨਹੀਂ ਪਰਤਿਆ। ਉਸਦਾ ਭਰਾ ਗੱਜਣ ਅਜੇ ਛੋਟਾ ਹੈ। ਦਾਦੀ ਤੇ ਬਾਬਾ ਪਿਆਰੋ ਦੀ ਗੋਰੇ ਦੇ ਚਾਚੇ ਨਾਲ ਚਾਦਰ ਪੁਆਉਣਾ ਚਾਹੁੰਦੇ ਹਨ। ਗੋਰੇ ਦੇ ਨਾਨਕੇ ਵੀ ਇਸ ਲਈ ਮੰਨ ਗਏ ਹਨ। ਬਾਬੇ ਨਾਲ ਗੋਰਾ ਜੇਜੋਂ ਵਿਖੇ ਉਸਦੀ ਜੁੱਤੀਆਂ ਦੀ ਦੁਕਾਨ 'ਤੇ ਆਉਂਦਾ ਜਾਂਦਾ ਰਹਿੰਦਾ ਹੈ। ਗੋਰੇ ਦੀ ਓਥੇ ਫਾਤਿਮਾ ਨਾਮ ਦੀ ਜਿਸਮ ਫ਼ਰੋਸ਼ ਨਾਲ ਸਹਿਜ ਮੋਹ ਵਿਕਸਤ ਹੋ ਜਾਂਦਾ ਹੈ। ਗੋਰਾ ਤੇ ਬਾਬਾ ਗੁਆਚੇ ਜੀਅ ਨੂੰ ਲੱਭਣ ਮੁਲਤਾਨ ਵੀ ਜਾਂਦੇ ਹਨ। ਅੰਤ ਜਦੋਂ ਗੋਰੇ ਦਾ ਪਿਓ ਲੱਭ ਜਾਂਦੈ ਤਾਂ 'ਮਿੱਟੀ ਬੋਲ ਪਈ' ਦਾ ਬਿਰਤਾਂਤ ਆਪਣੇ ਕਲਾਈਮੈਕਸ ਨੂੰ ਅਪੜਦਾ ਹੈ। ਦੇਸ਼ ਵੰਡ ਦੀਆਂ ਕਨਸੋਆਂ ਕਾਰਣ ਫਾਤਿਮਾ ਤੇ ਉਸਦੀ ਸਾਥਣ ਰੁਕੱਈਆ ਗੋਰੇ ਹੁਣਾਂ ਕੋਲ ਹੀ ਨਿਰਲੇਪ ਤੇ ਨਿਰਮਲ ਬਣ ਰੁਕ ਜਾਂਦੀਆਂ ਹਨ। 'ਮਿੱਟੀ ਬੋਲ ਪਈ' ਦਾ ਅੰਤਲੇ ਪੜਾਅ ਦਾ ਇਹ ਮਹੱਤਵਪੂਰਣ ਸੰਵਾਦ ਹੀ ਇਸ ਬਿਰਤਾਂਤ ਦਾ ਨਿਚੋੜ ਹੋ ਨਿਬੜਦਾ ਹੈ; 'ਮੰਗੂ ਰਾਮ ਐਮ ਐਲ ਏ ਨੇ ਆਪਣੀ ਛੋਟੀ ਜਿਹੀ ਤਕਰੀਰ ਵਿਚ ਵੱਡੀ ਗੱਲ ਆਖ ਛੱਡੀ ਏ। ਮੇਰੇ ਦਿਲ ਦਿਮਾਗ ਦੇ ਦਰਵਾਜ਼ੇ ਖੋਲ੍ਹ ਦਿੱਤੇ ਜੇ ਕਿ ਅਛੂਤ, ਸ਼ੂਦਰ, ਕਬਾਇਲੀ, ਈਸਾਈ ਤੇ ਮੁਸਲਮਾਨ ਬਣੇ ਲੋਕ ਹਿੰਦੋਸਤਾਨ ਦੇ ਅਸਲੀ ਬਾਸ਼ਿੰਦੇ ਜੇ। ਸਾਡੇ ਰੰਗ-ਅੰਗ, ਜੱਦੀ-ਪੁਸ਼ਤੀ ਪੇਸ਼ੇ ਇਕ ਜੈਸੇ ਜੇ। ਜਾਤਪਾਤ, ਛੂਆਛਾਤ ਤੇ ਉਚ-ਨੀਚ ਦਾ ਫੈਲਾਅ ਕਰਨ ਵਾਲੇ ਸਾਡੇ 'ਚੋਂ ਨਹੀਂ'।

ਇੰਝ ਕਹਿ ਸਕਦੇ ਹਾਂ ਕਿ 'ਮਿੱਟੀ ਬੋਲ ਪਈ' 'ਚ ਬਾਬਾ ਆਪਣੇ ਪੋਤੇ ਨੂੰ ਜੀਵਨ, ਸਮਾਜ ਅਤੇ ਰਾਜਨੀਤੀ ਦੀ ਸਹਿਜ ਸੂਝ ਰਾਹੀਂ ਇਕ ਤਰ੍ਹਾਂ ਨਾਲ ਗਿਆਨ ਦੀ ਦੀਖਿਆ ਦਿੰਦਾ ਹੈ। ਇਸ ਦੀਖਿਅਤ ਗਿਆਨ ਦੇ ਬਿਰਤਾਂਤੀਕਰਣ ਰਾਹੀਂ ਬਲਬੀਰ ਦਲਿਤ ਨਾਇਕਤੱਵ ਤੇ ਪਹਿਚਾਣ ਰਾਹੀਂ ਮੁਕਤੀ ਦੀ ਤਲਾਸ਼ ਇਤਿਹਾਸ 'ਚ ਪਏ ਦੂਜੇ (Other) ਦਲਿਤ ਵਿਕਲਪਾਂ 'ਚੋਂ ਕਰਦਾ ਹੈ ਜੋ ਜਾਂ ਤਾਂ ਅਣਗੌਲੇ ਰਹਿ ਗਏ ਜਾਂ ਇਤਿਹਾਸ 'ਚੋਂ ਵਿਸਾਰ ਦਿੱਤੇ ਗਏ। ਇਨ੍ਹਾਂ ਦਲਿਤ ਵਿਕਲਪਾਂ ਦਾ ਚਰਚਾ 'ਮਿੱਟੀ ਬੋਲ ਪਈ' ਦੇ ਬਿਰਤਾਂਤਕ ਮੋਟਿਫ਼ਾਂ ਦੇ ਵਿਸ਼ਲੇਸ਼ਣ ਕਰਦਿਆਂ ਅੱਗੇ ਕੀਤਾ ਜਾਵੇਗਾ।

'ਮਿੱਟੀ ਬੋਲ ਪਈ' ਦਾ ਬਿਰਤਾਂਤ ਬਲਬੀਰ ਮਾਧੋਪੁਰੀ ਦੇ ਜੀਵਨ ਦੇ ਪ੍ਰਮਾਣਿਕ ਅਨੁਭਵ 'ਤੇ ਆਧਾਰਿਤ ਹੈ। ਉਸਦਾ ਦਲਿਤ ਅਨੁਭਵ, ਚੇਤਨਾ, ਚਿੰਤਨ ਅਤੇ ਚਿੰਤਾ ਇਸ ਲਈ ਪ੍ਰਮਾਣਿਕ ਹੈ ਕਿ ਉਹ ਸਹਿਨੁਭਤੀ (Self experienced) ਦਾ ਹੈ ਕਿਉਂਕਿ ਉਹ ਆਪ ਦਲਿਤ ਵਰਗ 'ਚੋਂ ਹੈ। ਜੇ ਕੋਈ ਗ਼ੈਰ ਦਲਿਤ ਲਿਖਦਾ ਤਾਂ ਇਹ ਅਨੁਭਵ ਸਹਾਨੂਭੂਤੀ ਵਾਲਾ (Empathical) ਹੁੰਦਾ। ਦਲਿਤ ਸਾਹਿਤ ਸ਼ਾਸਤਰ ਉਸਾਰਣ ਵਾਲੇ ਕਈ ਦਲਿਤ ਵਿਦਵਾਨਾਂ ਦਾ ਵਿਚਾਰ ਹੈ ਕਿ ਦਲਿਤ ਲੇਖਕ ਅਤੇ ਗ਼ੈਰ ਦਲਿਤ ਲੇਖਕ ਦੇ ਅਨੁਭਵ 'ਚ ਅੰਤਰ ਹੁੰਦਾ ਹੈ। ਪਰ ਪ੍ਰੋ. ਐਜਾਜ਼ ਅਹਿਮਦ ਹਿੰਦੀ ਦੀ 'ਕਥਨ' ਪਤ੍ਰਿਕਾ 'ਚ ਛਪੇ ਲੇਖ 'ਸਿਰਜਣਸ਼ੀਲਤਾ ਹਮੇਸ਼ਾ ਸਮਾਜਿਕ ਹੁੰਦੀ ਹੈ ਲਿਖਦਾ ਹੈ ਕਿ ਕੁਝ ਲੋਕ ਸਿਰਜਣਸ਼ੀਲਤਾ ਦੇ ਸੰਦਰਭ 'ਚ ਵਰਣ ਜਾਂ ਜਾਤੀ ਦੇ ਵਿਸ਼ਿਸ਼ਟ ਅਨੁਭਵ ਦਾ ਸਵਾਲ ਉਠਾਉਂਦੇ ਹਨ। ਮਸਲਨ, ਨਾਰੀਵਾਦੀ ਜਾਂ ਦਲਿਤਵਾਦੀ ਲੋਕਾਂ 'ਚ ਕੁਝ ਲੇਖਕ ਇਹ ਕਹਿੰਦੇ ਨੇ ਕਿ ਔਰਤ ਹੀ ਔਰਤ ਬਾਰੇ ਪ੍ਰਮਾਣਿਕ ਲੇਖਣ ਕਰ ਸਕਦੀ ਹੈ, ਜਾਂ ਦਲਿਤ ਹੀ ਦਲਿਤ ਬਾਰੇ ਸਹੀ ਢੰਗ ਨਾਲ ਲਿਖ ਸਕਦਾ, ਕਿਉਂਕਿ ਔਰਤ ਜਾਂ ਦਲਿਤ ਹੋਣ ਦਾ ਉਨ੍ਹਾਂ ਦਾ ਜੋ ਅਨੁਭਵ ਹੈ, ਕਿਸੇ ਹੋਰ ਨੂੰ ਨਹੀਂ ਹੋ ਸਕਦੈ। ਇਸ 'ਤੇ ਮੇਰਾ ਕਹਿਣਾ ਹੈ ਕਿ ਇਸ ਤਰ੍ਹਾਂ ਦੀ ਵੰਡਬੰਦੀ, ਘੱਟੋ ਘਟ ਸਾਹਿਤ 'ਚ ਬਿਲਕੁਲ ਗ਼ਲਤ ਹੈ'।

ਪਿਛਲੇ ਕੁਝ ਦਹਾਕਿਆਂ ਤੋਂ 'ਦਲਿਤ' ਚੇਤਨਾ, ਚਿੰਤਨ ਤੇ ਹੋਂਦ ਨਾਲ ਜੁੜੇ ਪ੍ਰਸ਼ਨਾਂ ਨੇ ਭਾਰਤੀ ਸਮਾਜ, ਸਿਆਸਤ ਤੇ ਸਾਹਿਤ ਵਿਚ ਗੰਭੀਰ ਸਵਾਲ ਪੈਦਾ ਕੀਤਾ ਹੈ। ਇਸ ਨਾਲ ਕਈ ਸਰੋਕਾਰ ਉਭਰੇ ਹਨ। ਇਨ੍ਹਾਂ ਨੇ

ਹਰ ਸੰਵੇਦਨਸ਼ੀਲ ਬੁੱਧੀਜੀਵੀ ਤੇ ਚਿੰਤਕ ਨੂੰ ਪ੍ਰਭਾਵਿਤ ਕੀਤਾ ਹੈ। ਇਨ੍ਹਾਂ ਬਹਿਸਾਂ ਵਿਚ 'ਦਲਿਤ ਦ੍ਰਿਸ਼ਟੀ', 'ਦਲਿਤ ਚੇਤਨਾ', ਤੇ 'ਦਲਿਤ ਸਾਹਿਤ' ਜਿਹੇ ਸ਼ਬਦ ਚਰਚਾ 'ਚ ਹਨ। ਇਹ 'ਦਲਿਤ' ਕੌਣ ਹੈ ? ਇਸ ਦੀ ਹੋਂਦ ਕੀ ਹੈ ? ਇਸ ਦਾ ਪ੍ਰਸੰਗ ਤੇ ਪਰਿਭਾਸ਼ਾ ਕੀ ਹੋ ਸਕਦੀ ਹੈ ? ਅਤੇ ਇਹ ਵਰਤਮਾਨ ਸਥਿਤੀਆਂ ਵਿਚ ਕਿਵੇਂ ਪ੍ਰਸੰਗਿਕ ਤੇ ਮਹੱਤਵਪੂਰਨ ਹੈ ? ਇਹ ਸਾਰੇ ਨੁਕਤੇ ਗੰਭੀਰ ਵਿਚਾਰ ਦੀ ਮੰਗ ਕਰਦੇ ਹਨ।

'ਦਲਿਤ' ਸੰਕਲਪ ਦੀਆਂ ਕਈ ਪਰਿਭਾਸ਼ਾਵਾਂ ਮਿਲਦੀਆਂ ਹਨ। ਇਸ ਦਾ ਕਾਰਣ ਇਸ ਦੀ ਅੰਤਰ ਅਨੁਸ਼ਾਸਨੀ, ਬਹੁਪਰਤੀ ਹੋਂਦ ਤੇ ਜਟਿਲਤਾ ਹੈ। 'ਦਲਿਤ' ਸ਼ਬਦ ਦੀ ਭਾਸ਼ਾਗਤ ਵਿਉਤਪਤੀ ਤੋਂ ਲੈ ਕੇ ਇਸਦਾ ਸੰਬੰਧ ਇਕੋ ਵੇਲੇ ਇਤਿਹਾਸ, ਧਰਮ, ਆਰਥਿਕਤਾ, ਨਸਲ ਵਿਗਿਆਨ, ਮਨੋਵਿਗਿਆਨ, ਸਮਾਜਵਿਗਿਆਨ ਅਤੇ ਮਾਨਵ ਵਿਗਿਆਨ ਨਾਲ ਹੋਣ ਕਾਰਣ ਇਸ ਦੀ ਕੋਈ ਇੱਕੋ ਇਕ ਤੇ ਸਰਬ ਪ੍ਰਵਾਣਿਤ ਪਰਿਭਾਸ਼ਾ ਸਥਾਪਿਤ ਕਰਨਾ ਮੁਸ਼ਕਿਲ ਕਾਰਜ ਹੈ।

'ਦਲਿਤ' ਦਾ ਮਸਲਾ ਭਾਰਤੀ ਸਮਾਜਿਕ ਬਣਤਰ ਵਿਚ ਜਾਤ-ਪਾਤ ਨਾਲ ਜੁੜਿਆ ਹੋਇਆ ਹੈ। ਭਾਵੇਂ ਕੁਝ ਸਮਾਜ ਸ਼ਾਸਤਰੀ ਚਿੰਤਨ ਜਿਹੜਾ ਆਰਥਿਕ ਮੁਕਤੀ ਵਿਚ ਵਿਸ਼ਵਾਸ ਕਰਦਾ ਹੈ, ਉਹ ਆਰਥਿਕ ਤੌਰ 'ਤੇ ਵੰਚਿਤ, ਵਿਹੂਣੇ ਅਤੇ ਦਰੜੇ ਹੋਏ ਵਰਗ ਨੂੰ 'ਦਲਿਤ' ਨਾਲ ਜੋੜ ਕੇ ਜਾਤੀ ਵਰਤਾਰੇ ਨੂੰ ਜੇ ਅਣਗੌਲਿਆਂ ਨਹੀਂ ਕਰਦਾ ਤਾਂ ਉਹ ਉਸ ਨੂੰ ਬੁਨਿਆਦੀ ਮਹੱਤਵ ਵੀ ਨਹੀਂ ਦਿੰਦਾ। ਇਹ ਚਿੰਤਨ ਇਕ ਅਜਿਹਾ ਵਿਸ਼ਵਾਸ ਸਿਰਜਦਾ ਹੈ ਕਿ ਆਰਥਿਕ ਵਿਤਕਰਿਆਂ ਦਾ ਅੰਤ ਸਮਾਜ ਵਿਚੋਂ ਸਮਾਜਿਕ ਸਭਿਆਚਾਰਕ ਵਖਰੇਵੇਂ, ਵਿਤਕਰੇ, ਅਨਿਆਂ ਅਤੇ ਅੰਤਰਾਂ ਨੂੰ ਖ਼ਤਮ ਕਰਕੇ ਸਮਰੂਪੀਕਰਣ ਪੈਦਾ ਕਰ ਦੇਵੇਗਾ। ਇਸ ਦੀ ਅਜਿਹੀ ਇਕਹਰੀ ਵਿਆਖਿਆ-ਵਿਧੀ ਨਾਲ ਹੋਰ ਬਹੁਤ ਸਾਰੇ ਸੰਕਟ ਪੈਦਾ ਹੋ ਜਾਣਗੇ। ਸਾਡਾ ਸਮਾਜ ਜਿਹੜਾ ਬਹੁ ਧਰਮੀ, ਬਹੁ ਭਾਸ਼ੀ, ਬਹੁ-ਸਭਿਆਚਾਰੀ ਤੇ ਬਹੁ-ਜਾਤੀਆਂ ਵਾਲਾ ਹੈ। ਇਸ ਅੰਦਰ ਵਿਚਰਦੇ ਮਨੁੱਖ ਦੀ ਪਛਾਣ ਜਟਿਲ ਅਤੇ ਗੁੰਝਲਦਾਰ ਵਰਤਾਰਾ ਹੈ। ਕਿਸੇ ਵੀ ਇਤਿਹਾਸ ਅਤੇ ਸਭਿਆਚਾਰ ਨੂੰ ਇਕਹਿਰੀ ਵਿਆਖਿਆ ਵਿਧੀ ਸੰਕਟਗ੍ਰਸਤ ਹੀ ਨਹੀਂ ਕਰਦੀ ਸਗੋਂ ਪ੍ਰਤਿਕਿਰਿਆਵਾਦੀ ਤਾਕਤਾਂ ਨੂੰ ਅਜਿਹੀ ਸੱਤਾ-ਸਪੇਸ ਵੀ ਦਿੰਦੀ ਹੈ ਜਿਸ ਨਾਲ ਸਮਾਜਕ ਸੰਬੰਧ ਹੀ ਦੂਸ਼ਿਤ ਨਹੀਂ ਹੁੰਦੇ ਸਗੋਂ ਭਵਿੱਖ ਲਈ ਵੀ ਭਿਆਨਕ ਖ਼ਤਰਿਆਂ ਦੇ ਪੈਦਾ ਹੋਣ ਦਾ ਖਦਸ਼ਾ ਬਣਿਆ ਰਹਿੰਦਾ ਹੈ।

ਭਾਰਤੀ ਸਮਾਜ ਬੁਨਿਆਦੀ ਤੌਰ 'ਤੇ ਜਾਤੀ-ਜਮਾਤੀ ਸੰਸਥਾ ਹੈ। ਕੁਝ ਸੋਚਵਾਨ ਜਾਤੀ ਵਰਤਾਰੇ ਨੂੰ ਸਮਾਜ ਵਿਚਲੇ ਉਤਪਾਦਨ ਦੀ ਨਿਮਨ ਕਿਰਤ ਪ੍ਰਕਿਰਿਆ ਨਾਲ ਜੋੜਦੇ ਹਨ। ਮਨੁੱਖੀ ਸੋਸ਼ਣ ਦੇ ਲਈ ਇਹ ਜਾਤੀ ਵਰਤਾਰਾ ਸੰਸਥਾਗਤ ਰੂਪ ਧਾਰ ਕੇ, ਉਸ ਉਪਰੰਤ ਧਰਮ ਦੀ ਛਾਪ ਰਾਹੀਂ ਇਕ ਪ੍ਰਪੱਕ ਤੇ ਅਟੱਲ ਹੁਕਮਾਂ ਵਾਲਾ ਵਰਤਾਰਾ ਬਣਾ ਦਿੰਦਾ ਹੈ। ਸਦੀਆਂ ਤੋਂ ਉਦਪਾਦਨ ਦੇ ਸਾਧਨਾਂ ਤੋਂ ਵੰਚਿਤ ਲੋਕਾਂ ਨੂੰ ਅਜਿਹੇ ਹੀਣੇ, ਨਿਮਨ ਦਰਜੇ ਦਾ ਬਣਾਕੇ ਉਸ ਵਿਚੋਂ ਮਨੁੱਖੀ ਗੌਰਵ, ਸਵੈਮਾਨ ਖ਼ਤਮ ਕਰ ਦਿੱਤਾ ਅਤੇ ਉਹਨੂੰ ਹਾਸ਼ੀਆਕ੍ਰਿਤ ਪ੍ਰਾਣੀ ਵਿਚ ਬਦਲ ਦਿੱਤਾ। ਇਹ ਹਾਸ਼ੀਆਕ੍ਰਿਤ ਪ੍ਰਾਣੀ ਹੀ ਦਲਿਤ ਹੈ ਜਿਹੜਾ ਆਰਥਿਕਤਾ ਦੇ ਨਾਲ ਨਾਲ ਸਮਾਜਕ, ਸਭਿਆਚਾਰਕ, ਧਾਰਮਿਕ, ਮਾਨਸਿਕ ਰਾਜਨੀਤਕ ਅਤੇ ਜਾਤੀ ਸੋਸ਼ਣ ਦਾ ਸ਼ਿਕਾਰ ਰਿਹਾ ਹੈ। ਬੀ. ਆਰ. ਅੰਬੇਡਕਰ ਨੇ ਆਪਣੀ ਕਿਤਾਬ 'Annihnlation of Caste' ਵਿਚ ਠੀਕ ਹੀ ਕਿਹਾ ਹੈ ਕਿ ਭਾਰਤ ਵਿਚ ਜਾਤਾਂ ਹੀ ਇਕ ਤਰ੍ਹਾਂ ਨਾਲ ਜਮਾਤੀ ਰੂਪ ਹਨ ਅਤੇ ਜਮਾਤਾਂ ਨੂੰ ਜਾਤਾਂ ਰਾਹੀਂ ਹੀ ਦੇਖਿਆ ਜਾਣ ਚਾਹੀਦਾ ਹੈ।

'ਦਲਿਤ' ਨੂੰ ਪਰਿਭਾਸ਼ਿਤ ਕਰਨ ਲਈ ਹੁਣ ਤਕ ਤਿੰਨ ਪੰਹੁਚਾਂ ਅਪਣਾਈਆਂ ਜਾਂਦੀਆਂ ਰਹੀਆਂ ਹਨ। ਪਹਿਲੀ ਪਹੁੰਚ ਹੈ 'ਦਲਿਤ' ਨੂੰ ਜਮਾਤੀ/ਵਰਗੀ ਸੰਕਲਪ ਤੋਂ ਸਮਝਣਾ। ਦੂਜੀ ਪਹੁੰਚ ਹੈ ਦਲਿਤ ਨੂੰ ਵਰਣ ਦੇ ਨੁਕਤਾ ਨਿਗਾਹ ਤੋਂ ਦੇਖਣ ਦੀ ਤੇ ਤੀਜੀ ਪਹੁੰਚ ਹੈ ਦਲਿਤ ਨੂੰ ਡਾ. ਭੀਮ ਰਾਓ ਅੰਬੇਡਕਰ ਦੀ ਦ੍ਰਿਸ਼ਟੀ ਤੋਂ ਸਮਝਣ ਦੀ ਹੈ ਜੋ ਅਛੂਤ/ਸ਼ੂਦਰ ਨੂੰ ਦਲਿਤ ਸਮਝਦਾ ਸੀ।

ਪਹਿਲੀ ਪਹੁੰਚ ਦਾ ਆਧਾਰ ਮਾਰਕਸੀ ਵਿਸ਼ਵ ਦਰਸ਼ਨ ਹੈ। ਇਸ ਪਹੁੰਚ ਅਨੁਸਾਰ ਭਾਰਤੀ ਸਮਾਜ (ਜਿਸ ਨੂੰ ਮਾਰਕਸ ਨੇ ਏਸ਼ੀਆਟਿਕ ਮੋਡ ਆਫ ਪ੍ਰੋਡੱਕਸ਼ਨ 'ਤੇ ਆਧਾਰਿਤ ਸਮਾਜ ਕਿਹਾ ਹੈ) ਵਿਚ ਜਾਤਪਾਤ ਤੇ ਛੂਤਛਾਤ (ਪ੍ਰਦੂਸ਼ਣ ਆਧਾਰਿਤ) ਦੀ ਜੜ੍ਹ ਨਾ ਕੋਈ ਵੇਦ-ਧਰਮ ਦਾ ਪੁਰਸ਼ ਸੂਤਕ, ਨਾ ਹੀ ਮਨੂ ਸਿਮਰਤੀ ਦੀ ਕਿੱਤਾ ਵੰਡ ਹੈ, ਨਾ ਹੀ ਤੁਲਸੀਦਾਸ ਦਾ ਸ਼ੂਦਰ/ਨਾਰੀ ਵਿਰੋਧੀ ਸਮਝ ਤੇ ਨਾ ਹੀ ਬ੍ਰਾਹਮਣਵਾਦ ਦਾ ਅਜੋਕਾ ਰੂਪ ਹਿੰਦੂਤਵ ਹੈ।

ਬਲਕਿ ਇਸ ਪਹੁੰਚ ਅਨੁਸਾਰ ਇਸ ਦਾ ਆਧਾਰ ਆਦਿਕਾਲੀ ਸਾਮਵਾਦ ਦੇ ਅਗਲੇ ਪੜਾਅ 'ਤੇ ਪਹੁੰਚਿਆ ਉਹ ਸਮਾਜ ਹੈ ਜਿਸ ਵਿਚ ਕੰਮਾਂ-ਕਿੱਤਿਆਂ ਦੀ ਵੰਡੀ ਹੋਈ ਤੇ ਜਾਇਦਾਦ ਦੀ ਵੰਡ ਤੇ ਵਾਧੂ ਮੁੱਲ ਦੀ ਉਪਜ ਨਾਲ ਉਚ-ਨੀਚ ਦੀ ਹੋਂਦ ਸੰਭਵ ਹੋਈ। ਭਾਵ ਇਸ ਦਾ ਆਧਾਰ ਨਾ ਵਰਣ, ਨਾ ਰੰਗ ਹੈ ਨਾ ਜਨਮ। ਇਸ ਦਾ ਆਧਾਰ ਹੈ ਜਮਾਤੀ ਸੰਰਚਨਾ ਦੀ ਕਿੱਤਾ ਵੰਡ/ਆਰਥਿਕ ਉਤਪਾਦਨ ਦੀਆਂ ਲੋੜਾਂ। ਕਿਉਂਕਿ ਸਮਾਜ ਦੀ ਪੈਦਾਵਾਰੀ ਸ਼ਕਤੀ ਕੇਵਲ ਵੈਸ਼ ਤੇ ਸ਼ੂਦਰ ਵਰਣ ਕੋਲ ਸੀ। ਇਸ ਲਈ ਜਾਤ ਦੀ ਵੰਡ ਵੈਸ਼ ਤੇ ਸ਼ੂਦਰ ਵਰਗਾਂ ਵਿਚ ਹੀ ਹੋਈ। ਭਿੰਨ ਭਿੰਨ ਨਿਮਨ ਜਾਤੀਆਂ (ਸੁਨਿਆਰ, ਲੁਹਾਰ, ਚਮਾਰ, ਘੁਮਿਆਰ, ਨਾਈ, ਧੋਬੀ, ਛੀਂਬਾ, ਜੁਲਾਹਾ, ਝਿਊਰ, ਤਰਖਾਣ) ਦਾ ਵਰਗੀਕਰਣ ਵੀ ਕਿੱਤਿਆ ਉੱਤੇ ਹੀ ਆਧਾਰਿਤ ਹੈ। ਚਾਰ ਵਰਣਾਂ ਤੋਂ ਬਾਹਰ ਵਰਣ ਸੰਕਰ (ਵੱਖ ਵੱਖ ਵਰਣਾਂ ਜਾਂ ਜਾਤਾਂ ਦੇ ਮਾਤਾ ਪਿਤਾ) ਨਾਲ ਹੋਂਦ ਵਿਚ ਆਈਆਂ ਅਛੂਤ ਜਾਤੀਆਂ ਦਾ ਸੰਬੰਧ ਪੰਚਮ ਵਰਣ ਨਾਲ ਹੈ। ਬਾਅਦ ਵਿਚ ਚਮਾਰ ਤੇ ਜੁਲਾਹਾ ਜਾਤੀ ਨੂੰ ਵੀ ਅਛੂਤ ਮੰਨਿਆ ਗਿਆ ਤਾਂ ਉਹਨਾਂ ਦਾ ਸ਼ੁਮਾਰ ਵੀ ਪੰਚਮ ਵਰਣ ਵਿਚ ਹੋ ਗਿਆ। ਇਸ ਬਾਰੇ ਫਰਾਂਸਿਸੀ ਚਿੰਤਕ ਲੂਈਸ ਡੂਮੋਂਟ ਨੇ ਆਪਣੀ ਕਿਤਾਬ 'ਹੋਮੋ ਹਾਈਰਾਰੀਕੀਸ' ਵਿਚ ਠੀਕ ਹੀ ਕਿਹਾ ਹੈ ਕਿ ਪੱਛਮੀ ਚਿੰਤਕਾਂ ਦੀ ਸਮਭਾਵੀ ਪਹੁੰਚ ਕਾਰਣ ਉਹ ਜਾਤ ਪਾਤ ਦੀ ਦਰਜੇਬੰਦੀ ਉਪਰ ਉਸਰੇ ਭਾਰਤੀ ਸਮਾਜ ਦੀ ਪੇਚੀਦਗੀ ਅਤੇ ਮੌਲਿਕਤਾ ਨੂੰ ਨਹੀਂ ਸਮਝ ਸਕੇ।

ਦੂਜੀ ਪਹੁੰਚ ਅਨੁਸਾਰ ਵਰਣ ਉਪਰ ਆਧਾਰਿਤ "ਸ਼ੂਦਰ ਹੀ ਦਲਿਤ" ਹੈ। ਇਹ ਪਹੁੰਚ ਰਿਗਵੇਦ ਦੇ ਪੁਰਸ਼ ਸੂਤਕ (10.10.12) ਤੇ ਮਨੂ ਸਿਮਰਤੀ ਦੇ ਵਿਧਾਨ ਉੱਤੇ ਜਾਂ ਫਿਰ ਤੁਲਸੀ ਦਾਸ ਦੇ ਸ਼ੂਦਰ/ਨਾਰੀ ਦੀ ਵਿਚਾਰਧਾਰਾ ਉਪਰ ਆਧਾਰਿਤ ਹੈ। ਬੇਸ਼ਕ ਜਾਤ ਸ਼ਬਦ ਦੀ ਨਿਰੁੱਕਤੀ ਦੇ ਇਤਿਹਾਸ ਨੂੰ ਅੱਖੋਂ ਪਰੋਖੇ ਕਰਕੇ ਤੇ ਆਰਥਿਕ ਆਧਾਰ ਨੂੰ ਗੌਣ ਕਰਕੇ ਦਲਿਤ ਦੀ ਸਮਾਜਕ ਤੇ ਸਭਿਆਚਾਰਕ ਹੋਂਦ ਦੀ ਪ੍ਰਤਿਸ਼ਠਾ ਨੂੰ ਸਥਾਪਿਤ ਕਰਨਾ ਚਾਹੁੰਦੇ ਹਨ।

ਤੀਜੀ ਪਹੁੰਚ ਅਨੁਸਾਰ ਸ਼ੂਦਰ ਜਾਂ ਅਛੂਤ ਭਾਵ ਪੰਚਮ ਵਰਣ ਹੀ ਦਲਿਤ ਹੈ। ਇਸ ਪਹੁੰਚ ਦਾ ਮੁੱਖ ਆਧਾਰ ਅੰਬੇਡਕਰਵਾਦੀ ਵਿਚਾਰਧਾਰਾ ਹੈ। ਇਸ ਅਨੁਸਾਰ ਚੂੜ੍ਹਾ, ਚਮਾਰ, ਜੁਲਾਹਾ ਜਾਤੀ ਜਾਂ ਆਦਿਵਾਸੀ/ਖਾਨਾਬਦੋਸ਼ ਹੀ ਦਲਿਤ ਹਨ। ਦਲਿਤ ਦੇ ਇਸ ਪ੍ਰਵਰਗ ਵਿਚ ਸਾਰੇ ਅਛੂਤ ਆਧਾਰ 'ਤੇ ਹੀ ਜਿਨ੍ਹਾਂ ਦਾ ਸ਼ਕਤੀਕਰਣ ਕਰ ਕੇ ਸੱਤਾ ਦਾ ਹਿੱਸਾ ਬਣਿਆ ਜਾ ਸਕਦਾ ਹੈ। ਇਸੇ ਸੋਚ ਨੂੰ ਦਲਿਤ ਵਿਚਾਰਧਾਰਾ ਨਾਲ ਸੰਬੰਧਿਤ ਰਾਜਨੀਤਕ ਵਿਚਾਰਧਾਰਾ ਨੇ ਹੋਰ ਪੀਡਾ ਕੀਤਾ ਹੈ।

ਇਸ ਤਰ੍ਹਾਂ ਇਨ੍ਹਾਂ ਪਹੁੰਚਾਂ ਦੇ ਆਧਾਰ 'ਤੇ 'ਦਲਿਤ' ਬਾਰੇ ਕਿਹਾ ਜਾ ਸਕਦਾ ਹੈ ਕਿ ਇਹ ਉਹ ਹੋਂਦ ਹੈ ਜਿਸ ਨੂੰ ਇਤਿਹਾਸਕ ਕਾਰਣਾਂ ਕਰਕੇ ਹਜ਼ਾਰਾਂ ਸਾਲਾਂ ਤੋਂ ਸੱਤਾ 'ਤੇ ਕਾਬਜ਼ ਰਾਜਾ ਤੇ ਪ੍ਰੋਹਿਤ-ਸ਼੍ਰੇਣੀ ਦੇ ਗੱਠਜੋੜ ਵਲੋਂ ਇਸ ਨੂੰ ਹਮੇਸ਼ਾ ਸਮਾਜ ਦੇ ਹਰੇਕ ਖੇਤਰ ਵਿਚ ਆਰਥਿਕ, ਸਮਾਜਕ, ਧਾਰਮਿਕ, ਰਾਜਨੀਤਕ, ਸਭਿਆਚਾਰਕ ਤੇ ਮਨੋਵਿਗਿਆਨਕ ਪੱਧਰ ਉੱਤੇ ਹਰ ਤਰ੍ਹਾਂ ਨਾਲ ਦਬੇਲ ਬਣਾ ਕੇ ਰੱਖਿਆ ਗਿਆ ਹੋਵੇ। ਇਸ ਤਰ੍ਹਾਂ ਇਹ ਹੋਂਦ ਹਰ ਪਾਸਿਓਂ ਦਲਿਤ, ਦਮਿਤ, ਪੀੜਤ, ਦੁਰਕਾਰੀ ਤੇ ਹਰ ਤਰ੍ਹਾਂ ਦਾ ਸਮਾਜਕ ਸੋਸ਼ਣ ਤੇ ਦਲਣ ਦਾ ਸ਼ਿਕਾਰ ਰਹੀ ਹੈ।

'ਦਲਿਤ' ਬਾਰੇ ਉਪਰੋਕਤ ਗਿਆਨ ਸ਼ਾਸਤਰੀ ਮੀਮਾਸਾਂ ਤੋਂ ਇਹ ਸਪੱਸ਼ਟ ਹੈ ਕਿ ਇਹ ਤਿੰਨੇ ਪ੍ਰਹੁੰਚਾਂ ਜਾਤ ਨੂੰ ਜਾਤੀਵਾਦੀ, ਜਮਾਤਵਾਦੀ ਤੇ ਇਕ ਸਮਾਜਿਕ ਗਰੁੱਪ ਵਜੋਂ ਦੇਖਦੀਆਂ ਹਨ। ਇਸੇ ਕਾਰਣ ਇਨ੍ਹਾਂ ਉਪਰ ਉਸਰੇ ਸ਼ਾਸਤਰ 'ਚ ਕਈ ਖੱਪੇ ਹਨ ਇਸੇ ਕਾਰਣ ਤਾਂ ਇਨ੍ਹਾਂ ਨਾਲ ਜੁੜੀ ਰਾਜਨੀਤੀ ਊਣੀ ਹੈ ਤੇ ਕਈ ਭ੍ਰਾਂਤੀਆਂ ਦੀ ਸ਼ਿਕਾਰ ਹੈ। ਮਾਰਕਸੀ ਪਹੁੰਚ ਦਾ ਹਸ਼ਰ ਤੋਂ ਤਾਂ ਅਸੀਂ ਜਾਣੂ ਹਾਂ ਕਿ ਇਹ ਕਿਵੇਂ ਭਾਰਤੀ ਪ੍ਰਸੰਗਿਕਤਾ 'ਚ ਅਸਫ਼ਲ ਰਹੀ। ਅੰਬੇਡਕਰਵਾਦੀ ਰਾਜਨੀਤੀ ਵੀ ਦਲਿਤ ਦੇ ਪ੍ਰਸ਼ਨ ਦਾ ਸੰਪੂਰਣ ਹੱਲ ਨਹੀਂ ਲੱਭ ਸਕੀ। ਡਾ. ਭੀਮ ਰਾਓ ਅੰਬੇਡਕਰ ਦਾ ਵਰਤਮਾਨ 'ਚੋਂ ਵਿਗਿਆਨ ਤੇ ਭਵਿੱਖਮੁਖੀ ਸਰੂਪ ਨਾਲ ਜੁੜਨ ਦੀ ਬਜਾਏ ਅਤੀਤ ਵੱਲ ਪਰਤ ਕੇ ਬੁੱਧ ਧਰਮ ਵੱਲ ਮੁੜਨਾ ਵੱਡਾ ਵਿਰੋਧਾਭਾਸ ਸੀ ਕਿਉਂਕਿ ਅਜੋਕੀ ਬ੍ਰਾਹਮਣਵਾਦੀ ਹਿੰਦੂਤਵ ਸੱਤਾ ਦਾ ਪ੍ਰਤੀਰੋਧ ਪੁਰਾਣੇ ਬੁੱਧ ਧਰਮ (ਨੇਤਿ ਨੇਤਿ-ਨਾਸਤਿਕਤਾ) ਨਾਲ ਕਰਨਾ ਸੰਭਵ ਨਹੀਂ ਸੀ। ਅੰਬੇਡਕਰ ਸਿੱਖ ਸਮਾਜ ਦੀ ਤਥਾਕਥਿਤ ਬਰਾਬਰਤਾ ਵੱਲ ਵੀ ਰੁਚਿਤ ਹੋਇਆ ਪਰ ਸਿੱਖ ਰਾਜਨੀਤੀ ਵਿਚ ਉਸ ਵੇਲੇ ਕਾਰਜਸ਼ੀਲ ਅਸੁਰੱਖਿਅਤਾਵਾਂ ਨੇ ਅੰਬੇਡਕਰ ਦੇ ਅਨੁਯਾਈਆਂ ਨੂੰ ਸਿੱਖ ਧਰਮ 'ਚ ਸ਼ਾਮਿਲ ਹੋਣ ਨੂੰ ਨਿਰਉਤਸ਼ਾਹਿਤ ਕਰਨਾ

ਹੀ ਵਾਜਿਬ ਸਮਝਿਆ। ਦੂਜੇ ਪਾਸੇ ਕਮਿਊਨਲ ਐਵਾਰਡ ਤੋਂ ਬਾਅਦ ਹੋਏ ਪੂਨਾ ਪੈਕਟ ਅਧੀਨ ਅੰਬੇਡਕਰ ਵਲੋਂ ਗਾਂਧੀ ਨਾਲ ਸਮਝੌਤੇ ਤੋਂ ਬਾਅਦ ਅਤੇ ਮਹਾਤਮਾ ਗਾਂਧੀ ਵਲੋਂ ਆਪਣੀ 'ਹਰਿਜਨ ਰਾਜਨੀਤੀ ਸ਼ੁਰੂ ਕਰਣ ਕਾਰਣ' ਅੰਬੇਡਕਰ ਦੀ ਦਲਿਤ ਰਾਜਨੀਤੀ ਹੋਰ ਵੀ ਖੀਣ ਹੋ ਗਈ। ਗਾਂਧੀ ਦਲਿਤਾਂ ਨੂੰ ਕੁਝ ਦਿੱਤੇ ਬਿਨਾਂ ਉਨ੍ਹਾਂ ਦੇ ਹਰਮਨ ਪਿਆਰੇ ਨੇਤਾ ਬਣ ਗਏ ਤੇ ਅੰਬੇਡਕਰ ਦਲਿਤਾਂ ਲਈ ਬਹੁਤ ਕੁਝ ਕਰਨਾ ਚਾਹੁੰਦਿਆਂ ਹੋਇਆਂ ਵੀ ਦਲਿਤਾਂ ਦੇ ਮਸੀਹਾ ਨਾ ਬਣ ਸਕੇ। ਦਲਿਤਾਂ ਦੀ ਬਹੁਗਿਣਤੀ ਕਾਂਗਰਸ ਵੱਲ ਖਿੱਚੀ ਗਈ। ਮਹਾਤਮਾ ਗਾਂਧੀ ਰਾਸ਼ਟਰਵਾਦੀ ਏਕਤਾ ਨੂੰ ਆਪਣੀ ਕੁਟਲਨੀਤੀ ਸਦਕਾ ਸਫਲ ਬਣਾ ਗਏ, ਬਿਨਾਂ ਜਾਤੀਵਾਦ, ਹਿੰਦੂਤਵ, ਗੀਤਾ ਦੇ ਤਿਆਗ ਕੀਤਿਆਂ। ਜਦਕਿ ਅੰਬੇਡਕਰ ਸੰਵਿਧਾਨ ਤਿਆਰ ਕਰਕੇ ਵੀ ਉਨ੍ਹਾਂ ਦਲਿਤ ਈਲੀਟ ਨੂੰ ਹੀ ਮੁਕਤੀ ਦਿਲਾ ਸਕੇ ਜਿਨ੍ਹਾਂ ਨੇ ਆਰਥਿਕ ਮੁਕਤੀ ਪਹਿਲਾਂ ਹੀ ਹਾਸਿਲ ਕਰ ਲਈ ਸੀ। ਪੰਜਾਬ ਵਿਚ ਵੀ ਮੰਗੂ ਰਾਮ ਮੰਗੂਵਾਲੀਆ ਦੀ 1926 ਦੇ ਲਾਗੇ ਸ਼ੁਰੂ ਕੀਤੀ ਆਦਿ ਧਰਮ ਮੰਡਲ ਲਹਿਰ ਹੌਲੀ ਹੌਲੀ ਦਲਿਤ ਦੇ ਸੰਘਰਸ਼ ਤੋਂ ਥਿੜਕ ਕੇ ਮੁੱਖ ਧਾਰਾ ਦੀ ਰਾਜਨੀਤੀ ਵਿਚ ਸ਼ਾਮਿਲ ਹੋ ਗਈ।

ਪੰਜਾਬੀ ਨਾਟਕਕਾਰ ਸਵਰਾਜਬੀਰ ਨਾਵਲ ਦਾ ਪਰਿਚਯ ਕਰਵਾਉਂਦਿਆ ਲਿਖਦਾ ਹੈ; 'ਮਿੱਟੀ ਬੋਲ ਪਈ' ਨਾਲ ਬਲਬੀਰ ਮਾਧੋਪੁਰੀ ਨੇ ਨਾਵਲ ਲੇਖਣ ਦੇ ਖੇਤਰ ਵਿਚ ਪੈਰ ਧਰਦਿਆਂ ਆਦਿ-ਧਰਮ ਲਹਿਰ ਸਦਕਾ ਪੰਜਾਬੀ ਦਲਿਤ ਜੀਵਨ ਤੇ ਚੇਤਨਾ 'ਤੇ ਪਰੇ ਪ੍ਰਭਾਵ ਨੂੰ ਉਲੀਕਿਆ ਹੈ। ਇਸ ਲਹਿਰ ਨੇ ਨਾ ਸਿਰਫ਼ ਪੰਜਾਬ ਦੀ ਸਿਅਸਤ 'ਤੇ ਆਪਣੀ ਛਾਪ ਛੱਡੀ ਸਗੋਂ ਦਲਿਤਾਂ ਅੰਦਰ ਸਦੀਆਂ ਤੋਂ ਉਨ੍ਹਾਂ ਨਾਲ ਹੁੰਦੇ ਵਿਤਕਰੇ, ਲੁੱਟ-ਖਸੁੱਟ ਵਿਰੁੱਧ ਅਤੇ ਸਮਾਜਿਕ ਬਰਾਬਰੀ ਲਈ ਮਨੁੱਖੀ ਅਧਿਕਾਰਾਂ ਦੀ ਨਵੀਂ ਜਾਗ੍ਰਿਤੀ ਪੈਦਾ ਕੀਤੀ। ਨਾਵਲ ਵਿਚਲੇ ਪਾਤਰ ਸਮਾਜਿਕ ਕਰੂਰ ਯਥਾਰਥ ਨਾਲ ਖਹਿ ਕੇ ਤੁਰਦੇ ਹਨ ਤੇ ਵਰਣ-ਧਰਮ ਦੇ ਮਨੁੱਖ-ਮਾਰੂ ਰੀਤੀ-ਰਿਵਾਜਾਂ ਤੇ ਮਨੌਤਾਂ ਨੂੰ ਮੰਨਣ ਤੋਂ ਨਾਬਰੀ ਕਰਦੇ ਹਨ। ਉਨ੍ਹਾਂ ਦਾ ਨਜ਼ਰੀਆ ਧਰਮਾਂ-ਜਾਤਾਂ ਤੇ ਇਲਾਕਿਆਂ ਤੋਂ ਕਿਤੇ ਉਪਰ ਹੈ। ਦੁਆਬੇ ਦੇ ਆਦਿ-ਧਰਮੀਆਂ ਦੀ ਚਮੜੇ ਦੇ ਕਾਰੋਬਾਰ, ਦੂਜੀ ਸੰਸਰ ਜੰਗ ਤੇ ਮਨੁੱਖੀ ਧਿਰਾਂ ਨਾਲ ਸਾਂਝ ਜ਼ਰੀਏ ਹੋਈ ਤਰੱਕੀ ਦਾ ਇਤਿਹਾਸਕ ਤਰਕਮਈ ਗਲਪੀ ਬਿਰਤਾਂਤ ਹੈ। ਜਿਸ ਦੇ ਕੇਂਦਰ ਵਿਚ ਹੈ; ਜੈਜੋਂ-ਉਤਰੀ ਭਾਰਤ ਦਾ ਵਪਾਰਕ ਮਰਕਜ਼ ਜਿਸ ਰਾਹੀਂ ਜ਼ਿੰਦਗੀ ਦੇ ਅਨੇਕ ਪੱਖਾਂ ਨੂੰ ਸੱਜਰੇ ਰੂਪ 'ਚ ਉਜਾਗਰ ਕੀਤਾ ਗਿਆ ਹੈ। ਇਸ ਨਿਵੇਕਲੀ ਨਾਵਲੀ ਰਚਨਾ ਵਿਚ ਸਮੇਂ ਦੀਆਂ ਸਥਿਤੀਆਂ ਦੇ ਨਾਲ-ਨਾਲ ਪ੍ਰਕਿਰਤਕ ਦ੍ਰਿਸ਼ਾਂ ਦਾ ਵਿਸ਼ੇਸ਼ ਵਰਨਣ ਹੈ'।

ਅਰੁੰਧਾਤੀ ਰਾਏ ਡਾ. ਭੀਮ ਰਾਓ ਅੰਬੇਡਕਰ ਦੀ ਕਿਤਾਬ 'Annihilation of Caste' ਦੀ ਭੂਮਿਕਾ 'The Doctor and the Saint' 'ਚ ਪੰਨਾ 57 'ਤੇ ਲਿਖਦੀ ਹੈ; '1913 'ਚ ਕਨੇਡਾ 'ਚ ਸਥਾਪਿਤ ਹੋਈ ਸਾਮਰਾਜਵਾਦ ਵਿਰੋਧੀ ਇਨਕਲਾਬੀ ਵਿਚਾਰਧਾਰਾ ਵਾਲੀ ਗਦਰ ਪਾਰਟੀ ਦਾ ਬਾਬੂ ਮੰਗੂ ਰਾਮ ਮੁਗੋਵਾਲੀਆ ਮੈਂਬਰ ਸੀ। ਇਹ ਪਾਰਟੀ 'ਚ ਜ਼ਿਆਦਾ ਤਾਂ ਪੰਜਾਬ ਤੋਂ ਗਏ ਕਿਸਾਨੀ ਪਿਛੋਕੜ ਦੇ ਪਰਵਾਸੀ ਸਨ। ਗਦਰ ਪਾਰਟੀ ਆਪਣੀ ਪ੍ਰੇਰਨਾ 1857 ਦੇ ਗਦਰ ਤੋਂ ਲੈਂਦੀ ਸੀ ਜਿਸਨੂੰ ਕਿ ਆਜ਼ਾਦੀ ਦੀ ਪਹਿਲੀ ਲੜਾਈ ਵੀ ਕਿਹਾ ਗਿਆ। ਇਸਦਾ ਉਦੇਸ਼ ਬ੍ਰਿਟਿਸ਼ ਸਾਮਰਾਜਵਾਦ ਨੂੰ ਹਥਿਆਰਬੰਦ ਘੋਲ ਨਾਲ ਜੜ੍ਹੋਂ ਉਖਾੜਨਾ ਸੀ। ਅਰੁੰਧਾਤੀ ਰਾਏ ਇਸਨੂੰ ਇਕ ਤਰ੍ਹਾਂ ਨਾਲ ਭਾਰਤ ਦੀ ਪਹਿਲੀ ਕਮਿਊਸਿਟ ਲਹਿਰ ਵੀ ਕਹਿੰਦੀ ਹੈ। ਗਦਰ ਪਾਰਟੀ ਕਾਂਗਰਸ ਵਰਗੀ ਪਾਰਟੀ ਨਹੀਂ ਸੀ ਜਿਸਦੀ ਰਹਿਨੁਮਾਈ ਸ਼ਹਿਰੀ ਉੱਚ ਜਾਤੀਆਂ ਦੇ ਨੇਤਾ ਕਰਦੇ ਸਨ। ਗਦਰ ਪਾਰਟੀ ਦਾ ਸਬੰਧ ਪੰਜਾਬ ਦੇ ਕਿਰਸਾਨੀ ਆਧਾਰ ਨਾਲ ਸੀ। ਭਾਵੇਂ ਕਿ ਇਸਦੀ ਹੋਂਦ ਖ਼ਤਮ ਹੋ ਗਈ ਪਰ ਇਸਦੀਆਂ ਯਾਦਾਂ ਗਿਰਦ ਖੱਬੇ ਪੱਖੀ ਇਨਕਾਲਬੀ ਪਾਰਟੀਆਂ ਗਾਹੇ-ਬ-ਗਾਹੇ ਇਕੱਤਰ ਹੁੰਦੀਆਂ ਰਹੀਆਂ। ਪਰ ਲਗਭਗ ਇਕ ਦਹਾਕਾ ਅਮਰੀਕਾ 'ਚ ਬਿਤਾਅ ਕੇ ਜਦ ਬਾਬੂ ਮੰਗੂ ਰਾਮ ਮੁੱਗੋਵਾਲੀਆ ਪਰਤਿਆ ਤਾਂ ਉਸਦਾ ਸਾਹਮਣਾ ਜਾਤੀ ਪ੍ਰਥਾ ਦੇ ਜ਼ੁਲਮਾਂ ਅਤੇ ਕਰੂਰਤਾ ਨਾਲ ਹੋਇਆ। ਉਸਨੂੰ ਮਹਿਸੂਸ ਹੋਇਆ ਜਿਵੇਂ ਉਹ ਇਕ ਵਾਰ ਫਿਰ ਅਛੂਤ ਹੋ ਗਿਆ। 1926 'ਚ ਉਸਨੇ ਆਦਿ ਧਰਮ ਲਹਿਰ ਆਰੰਭ ਕੀਤੀ। ਇਸ ਲਹਿਰ ਦਾ ਵਿਚਾਰ ਸੀ ਕਿ ਅਛੂਤ ਜਾਤਾਂ ਦੇ ਲੋਕ ਹੀ ਇਥੋਂ ਦੇ ਆਦਿ/ਮੂਲ ਨਿਵਾਸੀ ਹਨ। ਇਸਦੇ ਅਧਿਆਤਮਕ ਨਾਇਕ ਗੁਰੂ ਰਵੀਦਾਸ, ਕਬੀਰ ਅਤੇ ਭਗਤੀ ਲਹਿਰ ਦੇ ਹੋਰ ਸੰਤ ਕਵੀ ਸਨ। ਆਦਿ ਧਰਮ ਨੇ ਐਲਾਨ ਕੀਤਾ ਕਿ ਨਾ ਤਾਂ ਉਹ ਸਿੱਖ ਨੇ ਤੇ ਨਾ ਹਿੰਦੂ। ਕਈ ਅਛੂਤ ਆਰੀਆ ਸਮਾਜ ਦਾ ਪੱਲਾ ਛੱਡ ਆਦਿ ਧਰਮ ਲਹਿਰ ਨਾਲ ਆ ਜੁੜੇ। ਬਾਬੂ ਮੰਗੂ ਰਾਮ ਡਾ. ਭੀਮ ਰਾਓ ਅੰਬੇਡਕਰ ਦਾ ਸਾਥੀ ਹੋ ਗਿਆ'।

ਪਹਿਚਾਣ ਦਾ ਮੋਟਿਫ 'ਮਿੱਟੀ ਬੋਲ ਪਈ' ਦੇ ਬਿਰਤਾਂਤ ਦੀ ਮੂਲ ਧਵਨੀ ਹੈ। ਪੂਰੇ ਬਿਰਤਾਂਤ ਦੇ ਆਰ ਪਾਰ ਪਹਿਚਾਣ ਦਾ ਵਿਵਹਾਰਕ ਪਰਿਪੇਖ ਅਮੂਰਤ ਰੂਪ 'ਚ ਪਸਰਿਆ ਪਿਆ ਹੈ। ਨਾਇਕ, ਗੋਰੇ ਦਾ ਬਾਬਾ ਉਸਨੂੰ ਆਦਿ ਧਰਮ ਬਾਰੇ ਵਿਆਖਿਆ ਕਰਦਿਆਂ ਦੱਸਦਾ ਹੈ; "ਭੁੱਲਿਆ ਧੁਆਨੂੰ ਆਦਿ ਧਰਮ ਦੀ ਸੋਚ ਤੇ ਹਜ਼ਾਰਾ ਰਾਮ ਪਿੱਪਲਾਂਵਾਲਾ ਦਾ ਆਖਿਆ ਦੱਸਣ ਲੱਗਾਂ ਕਿ ਹਿੰਦੂ, ਮੁਸਲਿਮ ਤੇ ਸਿੱਖ ਲੋਕ ਦੋ ਜਨਮੇ ਆ। ਇਨ੍ਹਾਂ ਨੂੰ ਦਵਿੱਜ ਕਹਿੰਦੇ ਆ।...ਮਿਸਾਲਾਂ ਦੇ ਕੇ ਦੱਸਦਾਂ ਜਿੱਦਾਂ ਹਿੰਦੂ ਦਾ ਪਹਿਲਾ ਜਨਮ ਉਹ ਆ ਜਦੋਂ ਪੈਦਾ ਹੁੰਦਾ ਤੇ ਫਿਰ ਜਦੋਂ ਪੰਜ ਗੋਪੀ-ਮਤਲਬ ਗਾਂ ਦਾ ਦੁੱਧ, ਮੱਖਣ, ਘਿਓ, ਦਹੀਂ, ਮੂਤਰ ਪੀ ਕੇ ਜਨੇਊ ਪਹਿਨਣ ਦਾ ਸੰਸਕਾਰ ਕੀਤਾ ਜਾਂਦਾ ਆ ਤਾਂ ਉਹ ਪੱਕਾ ਹਿੰਦੂ ਬਣ ਜਾਂਦਾ। ਇਹ ਉਹਦਾ ਦੂਜਾ ਜਨਮ ਹੁੰਦਾ। ਮੁਸਲਮਾਨ ਦਾ ਪਹਿਲਾ ਜਨਮ ਉਹ ਆ ਜਦੋਂ ਉਹ ਪੈਦਾ ਹੁੰਦਾ ਤੇ ਜਦੋਂ ਖਤਨਾ ਯਾਨਿ ਸੁੰਨਤ ਕਰਾ ਕੇ ਕਲਮਾ ਪੜ੍ਹਦਾ ਹੈ ਤਾਂ ਉਹ ਪੱਕਾ ਮੁਸਲਮਾਨ ਬਣਦਾ ਆ। ਇਹ ਉਹਦਾ ਦੂਜਾ ਜਨਮ ਮੰਨਿਆ ਜਾਂਦਾ। ਏਦਾਂ ਹੀ ਸਿੱਖਾਂ ਦੇ ਲੜਕੇ ਦਾ ਪਹਿਲਾ ਜਨਮ ਉਦੋਂ ਹੁੰਦਾ ਆ ਜਦੋਂ ਉਹ ਪੈਦਾ ਹੁੰਦਾ ਤੇ ਜਦੋਂ ਪੰਜ ਕੱਕੇ ਯਾਨਿ ਕੇਸ, ਕੰਘਾ, ਕੜਾ, ਕਛਹਿਰਾ ਤੇ ਕਿਰਪਾਨ ਧਾਰਨ ਕਰ ਕੇ ਅੰਮ੍ਰਿਤ ਛਕਦਾ ਆ, ਉਦੋਂ ਉਸਦਾ ਦੂਜਾ ਜਨਮ ਹੁੰਦਾ'।

'...ਤੇ ਫਿਰ ਅਸੀਂ ਕਿੱਥੇ ਖੜ੍ਹੇ ਹੁੰਨੇ ਆਂ ?' ਬਾਬੇ ਦੀਆਂ ਲੱਤਾਂ ਦਬਾਉਣੀਆਂ ਛੱਡ ਕੇ ਇਕ ਕਾਲੀ ਦਾਹੜੀ 'ਚ ਵਿਰਲੇ ਵਿਰਲੇ ਚਿੱਟੇ ਵਾਲਾਂ ਵਾਲੇ ਮਾੜਕੂ ਜਿਹੇ ਬੰਦੇ ਨੇ ਪੁੱਛਿਆ।

'ਧੁਆਨੂੰ ਬੀ ਪਤਾ ਕਿ ਆਪਾਂ ਨਾ ਖਤਨੇ ਕਰਾਉਂਦੇ ਆਂ, ਨਾ ਕਲਮਾ ਪੜ੍ਹਦੇ ਆਂ, ਨਾ ਪੰਜ ਗੋਪੀ ਕਰਕੇ ਜੰਜੂ ਧਾਰਨ ਕਰਦੇ ਆਂ ਤੇ ਨਾ ਹੀ ਪੰਜ ਕੱਕੇ ਧਾਰਨ ਕਰ ਕੇ ਅੰਮ੍ਰਿਤ ਛਕਦੇ ਆਂ। ਅਸੀਂ ਕੁਦਰਤ ਦੇ ਅਸੂਲਾਂ ਨੂੰ ਮੰਨਦੇ ਹੋਏ, ਜਿੱਦਾਂ ਪੈਦਾ ਹੋਏ, ਓਦਾਂ ਹੀ ਰਹਿੰਨੇ ਆਂ, ਇਸੇ ਕਰਕੇ ਅਸੀਂ ਇਕ ਜਨਮੇ ਆਂ! ਸਮਝ ਗਏ ?'

'ਚਾਚਾ ਲਗਦੇ ਹੱਥ ਸਾਨੂੰ ਇਹ ਬੀ ਦੱਸ ਪਈ ਆਦ ਧਰਮ ਦਾ ਸਹੀ ਸਹੀ ਮਤਲਬ ਕੀ ਆ ?' ਭੁੱਲੇ ਨੇ ਆਪਣੇ ਨੁਕਤੇ ਨੂੰ ਨਾ ਭੁੱਲਦਿਆਂ ਬਾਬੇ ਨੂੰ ਪੁੱਛਿਆ।

'ਦੇਖੋ ਬਈ ਸਿੱਧਾ-ਸਾਫ਼ ਮਤਲਬ ਇਹ ਆ ਕਿ ਅਸੀਂ ਹਿੰਦੁਸਤਾਨ ਦੇ ਅਸਲੀ ਬਾਸ਼ਿੰਦਿਆਂ ਦੀ ਔਲਾਦ ਆਂ। ਆਦੀਵਾਸੀ ਦਾ ਮਤਲਬ ਏਦਾਂ ਸਮਝੋ ਪਈ ਅਸੀਂ ਮੁੱਢ-ਕਦੀਮ ਤੋਂ ਏਥੇ ਦੇ ਰਹਿਣ ਆਲੇ ਆਂ। ਸਾਡੇ ਲੋਕਾਂ ਦੇ ਸਮਾਜ ਦਾ ਨਾਂ ਆਦੀ ਸਮਾਜ ਆ...ਸਮਝ ਗਏ?'

ਪਲੈਟੋ ਪਹਿਚਾਣ (Identity) ਬਾਰੇ ਕਹਿੰਦਾ ਹੈ ਕਿ ਪਹਿਚਾਣ ਦੀ ਜੜ੍ਹ ਥਾਈਮੋਸ 'ਚ ਪਈ ਹੈ। ਥਾਈਮੋਸ ਸ਼ਬਦ ਮਾਨਵੀ ਆਤਮਾ ਦੇ ਉਨ੍ਹਾਂ ਪੱਖਾਂ ਦੀ ਵਿਆਖਿਆ ਕਰਦਾ ਹੈ ਜੋ ਮਨੁੱਖੀ ਸਵੈਮਾਨ, ਗੌਰਵ, ਸ਼ਰਮ ਅਤੇ ਨਾਰਾਜ਼ਗੀ/ਗੁੱਸੇ ਜਿਹੇ ਭਾਵਾਂ ਨੂੰ ਭਾਵੁਕ ਪੱਧਰ 'ਤੇ ਅਨੁਭਵ ਕਰਦਾ ਹੈ। ਇਹ ਥਾਈਮੋਸ ਹੀ ਹੈ ਜੋ ਸਨਮਾਨ ਅਤੇ ਅਸਮਿਤਾ ਵਾਸਤੇ ਪਹਿਚਾਣ ਦੀ ਇੱਛਾ ਪੈਦਾ ਕਰਦਾ ਹੈ। ਪਹਿਚਾਣ ਇਸ ਲਈ ਆਦਿਕਾਲੀ ਹੈ ਅਤੇ ਇਹ ਸਾਡੀਆਂ ਮੂਲ ਸੰਵੇਦਨਾਵਾਂ 'ਚ ਕਿਤੇ ਬਹੁਤ ਡੂੰਘੇ ਪਈ ਹੁੰਦੀ ਹੈ ਜੋ ਦੱਸਦੀ ਹੈ ਕਿ ਅਸੀਂ ਕੌਣ ਹਾਂ ? ਪਹਿਚਾਣ ਦੀ ਰਾਜਨੀਤੀ ਦੇ ਦੂਜੇ ਪਾਸੇ ਵੱਲ ਤੁਰਕੀ ਦੀ ਲੇਖਿਕਾ ਐਕੇ ਤੇਮਲਕੁਰਾਨ ਆਪਣੀ ਕਿਤਾਬ 'How to Lose a Country : Seven Steps from Democracy to Dictatorship' 'ਚ ਚਰਚਾ ਕਰਦੀ ਹੋਈ ਲਿਖਦੀ ਹੈ; 'ਲੋਕ ਬੜੀ ਅਸਾਨੀ ਨਾਲ ਕਰੋਪੀ ਦੇ ਸ਼ਿਕਾਰ ਹੋ ਜਾਣ ਦੇ ਨਵੇਂ ਬਿਰਤਾਂਤ ਨਾਲ ਕੀਲੇ ਜਾਂਦੇ ਹਨ ਜਿਸ 'ਚ ਸਭਿਆਚਾਰਕ ਜੜ੍ਹਾਂ, ਧਾਰਮਿਕ ਅਤੇ ਨਸਲੀ ਪਹਿਚਾਣ ਦਾ ਮਿਲਗੋਭਾ ਹੁੰਦਾ ਹੈ।

ਪ੍ਰਸਿੱਧ ਜਨ ਬੁੱਧੀਜੀਵੀ ਪ੍ਰੋ ਐਜਾਜ਼ ਅਹਿਮਦ ਪਹਿਚਾਣ ਦੀ ਰਾਜਨੀਤੀ ਬਾਰੇ ਆਪਣੇ ਇਕ ਲੇਖ 'Literature and Identity Politics' 'ਚ ਲਿਖਦਾ ਹੈ ਕਿ ਸਿਰਜਣਸ਼ੀਲਤਾ ਹਮੇਸ਼ਾ ਸਮਾਜਿਕ ਹੁੰਦੀ ਹੈ। ਸਿਮਰਤੀ ਹੀ ਹੈ ਜੋ ਸਾਨੂੰ ਸਿਰਜਣਸ਼ੀਲ ਬਣਾਉਂਦੀ ਹੈ। ਸਿਮਰਤੀ ਨਿੱਜੀ ਵੀ ਹੁੰਦੀ ਹੈ ਤੇ ਸਮੂਹਿਕ ਵੀ। ਕੀ ਸਿਮਰਤੀ ਨੂੰ ਨਸਲ, ਧਰਮ, ਲਿੰਗ ਜਾਂ ਕੌਮ ਨਾਲ ਜੋੜਿਆ ਜਾ ਸਕਦੈ। ਸਮੂਹਿਕ ਸਿਮਰਤੀ ਹੋ ਸਕਦੀ ਹੈ ਪਰ ਇਸਨੂੰ ਨਸਲ, ਧਰਮ, ਲਿੰਗ' ਜਾਤੀ ਜਾਂ ਕੌਮ ਨਾਲ ਨਹੀਂ ਜੋੜਿਆ ਜਾਣਾ ਚਾਹੀਦਾ ਹੈ। ਦਰਅਸਲ ਸਮੂਹਿਕ ਸਿਮਰਤੀ ਦੀ ਧਾਰਣਾ ਫਾਸਿਸਟੀ ਧਾਰਣਾ ਹੈ। ਸਮੂਹਿਕਤਾ ਦੀ ਧਰਾਣਾ ਨੂੰ ਇਤਿਹਾਸਕ ਸੰਦਰਭਾਂ 'ਚ ਸਮਝਿਆ ਜਾਣਾ ਚਾਹੀਦੈ। ਆਧੁਨਿਕ ਸਮਾਜ 'ਚ ਸਮੂਹਿਕਤਾ ਤੁਹਾਡੀ ਚੋਣ ਹੈ ਜਿਵੇਂ ਕਿਸੇ ਪਾਰਟੀ ਜਾਂ ਯੂਨੀਅਨ ਦੇ ਮੈਂਬਰ

ਬਣਨਾ। ਜਦੋਂਕਿ ਵਰਣ/ਰੰਗ ਅਤੇ ਜਾਤੀ ਜਿਹੀਆਂ ਸਮੂਹਿਕਤਾਵਾਂ ਜਨਮ ਨਾਲ ਸਬੰਧਿਤ ਹੁੰਦੀਆਂ ਹਨ। ਆਧੁਨਿਕ ਸਮਾਜਾਂ 'ਚ ਸਮੂਹਿਕਤਾ 'Quality of Choice' ਹੈ ਜਦਕਿ ਪੁਰਾਣੇ ਸਮਾਜਾਂ 'ਚ ਇਹ ਪ੍ਰਦੱਤ 'Pre-given' ਹੁੰਦੀ ਹੈ। ਕਿਰਤੀ ਵਰਗ ਦੀ ਵੀ ਸਮੂਹਿਕ ਸਿਮਰਤੀ ਹੁੰਦੀ ਹੈ। ਸੋਸ਼ਣ ਦੀ। ਦਮਨ ਦੀ। ਦਲਨ ਦੀ। ਅਨਿਆਂ ਦੀ। ਅਤਿੱਆਚਾਰ ਦੀ। ਇਨ੍ਹਾਂ ਲੋਕਾਂ 'ਚ ਹਿੰਦੂ-ਮੁਸਲਮਾਨ, ਗੋਰੇ ਕਾਲੇ, ਇਸਤਰੀ-ਪੁਰਸ਼, ਸਭ ਤਰ੍ਹਾਂ ਦੇ ਲੋਕ ਸ਼ਮਿਲ ਹੁੰਦੇ ਹਨ। ਇਸ ਲਈ ਪਹਿਚਾਣ ਦਾ ਮਸਲਾ ਬੜਾ ਗੁੰਝਲਦਾਰ ਮਸਲਾ ਹੈ। ਇਹ ਇਕਹਿਰਾ ਨਹੀਂ। ਬਹੁਪਰਤੀ ਹੈ।

ਦਲਿਤ ਨਾਇਕਤੱਵ ਦਾ ਪ੍ਰਸ਼ਨ ਵੀ 'ਮਿੱਟੀ ਬੋਲ ਪਈ' ਦੇ ਬਿਰਤਾਂਤ ਦਾ ਕੇਂਦਰੀ ਮੋਟਿਫ਼ ਹੈ। ਨਾਇਕਤੱਵ ਦੀ ਤਲਾਸ਼ ਦਾ ਨਿਰਮਾਣ ਬਲਬੀਰ ਮਾਧੋਪੁਰੀ ਗੁਰੂ ਰਵਿਦਾਸ, ਕਬੀਰ ਜਿਹੇ ਬਾਣੀਕਾਰਾਂ ਦੇ ਸਮਤਾਮੂਲਕ ਸਮਾਜ ਦੇ ਯੂਟੋਪੀਏ (ਬੇਗਮ ਪੁਰਾ ਸਹਿਰ ਕੋ ਨਾਓ॥ ਦੂਖੁ ਅੰਦੋਹ ਨਹੀਂ ਤਿਹਿ ਠਾਉ॥) ਰਾਹੀਂ ਕਰਦਾ ਹੈ। ਇਨ੍ਹਾਂ ਬਾਣੀਕਾਰਾਂ ਦੇ ਨਾਲ ਬੁੱਲ੍ਹੇ ਸ਼ਾਹ ਜਿਹਾ ਮੱਧਕਾਲ ਦਾ ਵੱਡਾ ਨਾਬਰੀ ਸੁਰ ਵਾਲਾ ਸੂਫ਼ੀ ਵੀ ਹੈ। ਇਨ੍ਹਾਂ ਦੇ ਨਾਲ ਨਾਲ ਸਿੱਧ ਚਾਨੋ ਜਿਹੇ ਇਸ਼ਟ ਦੀ ਪਹਿਚਾਣ 'ਚੋਂ ਵੀ ਨਾਵਲਕਾਰ ਨਾਇਕਤੱਵ ਦਾ ਬਿੰਬ ਉਸਾਰਦਾ ਹੈ। ਸ਼ੂਦਰਾਂ ਦੀ ਦਾਸਤਾ ਦੀ ਵਿਆਖਿਆ ਕਰਦਾ ਹੋਇਆ ਬਾਬਾ ਪੋਤੇ ਨੂੰ ਕਹਿੰਦਾ ਹੈ; " ਗੋਰਿਆ ਤੈਨੂੰ ਦੱਸਾਂ ਪਈ ਸਨਾਤਨੀ ਗ੍ਰੰਥਾਂ 'ਚ ਇਨ੍ਹਾਂ ਬੇਜ਼ੁਬਾਨੇ ਨੂੰ ਸ਼ੂਦਰ ਦੀ ਜੱਦ 'ਚ ਰੱਖਿਆ ਹੋਇਆ। ਹੋਰ ਤਾਂ ਹੋਰ ਸ਼ਹਿਦ ਦੀਆਂ ਮੱਖੀਆਂ ਜੋ ਮਿਲ ਕੇ ਇਕੋ ਛੱਤੇ 'ਚ ਰਹਿੰਦੀਆਂ, ਉਨ੍ਹਾਂ ਨੂੰ ਬੀ ਰਾਣੀ ਮੱਖੀ ਤੇ ਗੋਲੀ ਮੱਖੀ 'ਚ ਵੰਡਿਆ ਹੋਇਆ। ਗੁਰੂ ਰਵਿਦਾਸ ਮਹਾਰਾਜ ਜੀ ਦਾ ਸ਼ਬਦ ਹੈ: 'ਸਤਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਪ ਮਖੀਰਾ'।

ਬਾਬਾ ਕਈ ਵਾਰ ਆਪਣੇ ਮਨ ਦੀ ਰੌਂਅ 'ਚ ਅਇਆ ਸਾਈਂ ਬੁਲ੍ਹੇ ਸ਼ਾਹ ਦਾ ਕਲਾਮ ਗਾਉਣ ਲੱਗ ਪੈਂਦਾ:-

'ਚੱਲ ਬੁੱਲਿਆ ਚਲ ਉਥੇ ਚੱਲੀਏ, ਜਿੱਥੇ ਸਾਰੇ ਅੰਨ੍ਹੇ।<br>
ਨਾ ਕੋਈ ਸਾਡੀ ਜਾਤ ਪਛਾਣੇ, ਨਾ ਕੋਈ ਸਾਨੂੰ ਮੰਨੇ।

ਦੂਜੀ ਸੰਸਾਰ ਜੰਗ 'ਚ ਉੱਤਰ ਪੂਰਬ ਭਾਰਤ 'ਚ ਕੋਹੀਮਾ ਫਰੰਟ 'ਤੇ ਜਪਾਨੀਆਂ ਨੇ ਧਰੂਵੀ ਫੌਜਾਂ ਨਾਲ ਲੋਹਾ ਲੈਂਦੇ ਹੋਏ ਚਮਾਰ ਰਜਮੰਟ ਦੇ ਲੱਗ ਪੱਗ 45 ਜਵਾਨ ਸ਼ਹੀਦ ਹੋਏ। ਸ਼ਹੀਦ ਰਾਮ ਰੱਖਾ ਦੇ ਭੋਗ 'ਤੇ ਬਾਬਾ ਫਿਰ ਕਬੀਰ ਸਾਹਿਬ ਦਾ ਸ਼ਬਦ 'ਸੂਰਾ ਜੋ ਪਹਿਚਾਨੀਏ...' ਅਤੇ ਗੁਰੂ ਰਵਿਦਾਸ ਦੇ ਸ਼ਬਦ 'ਮਾਟੀ ਕਾ ਪੁਤਰਾ ਕੈਸੇ ਨਚਤ ਹੈ ॥' ਦੀ ਬਹੁਧਵਨੀ (Polyphony) ਨੂੰ ਜਗਾਉਂਦਿਆਂ ਆਪਣੇ ਨਾਇਕਤੱਵ ਦੀ ਪਹਿਚਾਣ ਬਹਾਦਰੀ ਅਤੇ ਕੁਰਬਾਨੀ ਦੇ ਨਾਲ ਨਾਲ ਮੌਤ ਨੂੰ ਹੱਸ ਕੇ ਗਲੇ ਲਾਅ ਲੈਣ ਦੇ ਅਧਿਆਤਮ ਰਾਹੀਂ ਕਰਦਾ ਹੈ।

ਬਾਬਾ ਪੋਤੇ ਨੂੰ ਸਿੱਧ ਚਾਨੋ ਦੇ ਇਸ਼ਟ 'ਚੋਂ ਵੀ ਨਾਇਕਤਵ ਤੇ ਪਹਿਚਾਣ ਦਾ ਸਬਕ ਦਿੰਦਾ ਹੋਇਆ ਕਹਿੰਦਾ ਹੈ; 'ਇਕ ਹੋਰ ਗੱਲ ਆ ਕਿ ਜਿਹੜਾ ਕੁਸ਼ਤੀ ਜਿੱਤਦਾ, ਉਹ ਪਿੜ 'ਚ ਗੱਡਿਆ ਝੰਡਾ ਪੁੱਟਦਾ ਆ ਤੇ ਆਪਣੇ ਮੋਢੇ 'ਤੇ ਰੱਖ ਕੇ ਸਿੱਧ ਚਾਨੋ ਦੇ ਮੰਦਰ ਜਾ ਕੇ ਚੜ੍ਹਾਉਂਦਾ ਆ ਤੇ ਮੱਥਾ ਟੇਕਦਾ'।

'ਰੁਮਾਲੀ ਜਿੱਤਣ ਵਾਲਾ ਭਾਵੇਂ ਕਿਸੇ ਵੀ ਜਾਤ ਦਾ ਹੋਵੇ!' ਮੈਂ ਹੈਰਾਨੀ ਨਾਲ ਪੁੱਛਿਆ। 'ਬਾਬਾ ਸਿੱਧ ਚਾਨੋ ਸਾਡੇ ਚਮਾਰਾਂ ਤੇ ਮਾਲ-ਡੰਗਰ ਦਾ ਸ਼ਕਤੀਸ਼ਾਲੀ ਦੇਵਤਾ ਆ। ਭਾਮੇਂ ਰਾਜਪੂਤ, ਮੁਸਲਮਾਨ, ਗੁੱਜਰ ਤੇ ਭਾਮੇ ਕੋਈ ਹੋਵੇ, ਉਥੇ ਉਸ ਦਿਨ ਮੱਥਾ ਜ਼ਰੂਰ ਟੇਕਦੇ ਆ।

'ਦਲਿਤ' ਦੇ ਪ੍ਰਸ਼ਨ ਨੂੰ ਨਾਇਕਤੱਵ ਦੇ ਨੁਕਤੇ ਤੋਂ ਸਮਝਣ ਲਈ ਸਾਨੂੰ ਇਸ ਪਿੱਛੇ ਪਈ ਨਸਲਮੁੱਖਤਾ ਦੇ ਸਨਾਤਨੀ ਪ੍ਰਸੰਗ ਨੂੰ ਖੋਲ੍ਹਣਾ ਪਵੇਗਾ ਤਾਂ ਕਿ ਇਸ ਵਿਚ ਕਾਰਜਸ਼ੀਲ ਹੀਗੇਲੀਅਨ ਪਰਾਭੌਤਿਕਤਾ ਨੂੰ ਸਮਝਿਆ ਜਾਵੇ ਜੋ ਆਪਣੀ ਉੱਤਮਤਾ ਦੀ ਸਥਾਪਤੀ ਲਈ ਦਾਬੇ ਦੀਆਂ ਸੰਰਚਨਾਵਾਂ ਬਣਾਉਂਦੀ ਹੈ। ਇਨ੍ਹਾਂ ਸੰਰਚਨਾਵਾਂ ਵਿਚੋਂ ਹੀ ਅਨਿਆਂ, ਸੋਸ਼ਣ ਤੇ ਹੀਣ ਭਾਵਨਾ ਪੈਦਾ ਕਰਕੇ ਆਪਣੀ ਹਓਂ ਦੀ ਸਥਾਪਤੀ ਕਰਦੀ ਹੈ। ਇਸ ਨਾਲ ਹੀ ਇਨ੍ਹਾਂ ਕਲਾਸਕੀ ਪ੍ਰਸੰਗਾਂ 'ਚ ਪਈ ਕਾਰਜਸ਼ੀਲ ਮਿੱਥਕ ਦਾਰਸ਼ਨਿਕ ਤੇ ਸਭਿਆਚਾਰਕ ਪਰਤਾਂ ਨੂੰ ਸਮਝਿਆਂ ਹੀ 'ਦਲਿਤ' ਨਾਲ ਜੁੜੀ ਸਹੀ ਸਮਝ ਉੱਭਰ ਸਕਦੀ ਹੈ। ਮਿੱਥਕ ਪਾਸਾਰਾਂ ਵਿਚ ਸਾਨੂੰ ਦ੍ਰਾਵੜੀ ਮਿੱਥਕ ਚਿਹਨ ਭਾਵ ਸ਼ਿਵ ਤੇ ਸ਼ਿਵ ਨਾਲ ਜੁੜੀਆਂ ਹੋਰ ਮੂਰਤੀਆਂ ਜਿਵੇਂ ਧਰਤੀ, ਲਿੰਗ ਦੀਆਂ ਚਿਹਨਕਾਤਾਵਾਂ ਦੀ ਭਾਸ਼ਕ ਡੀਕੋਡਿੰਗ ਕਰਨੀ ਪਵੇਗੀ। ਇਸ ਨੂੰ ਦਰਸ਼ਨ ਦੀ ਦ੍ਰਿਸ਼ਟੀ ਤੋਂ ਸਾਂਖ, ਜੋਗ ਤੇ ਨਾਥ-ਸਿੱਧ ਪਰੰਪਰਾਵਾਂ ਤੋਂ ਤੇ

ਸ਼ਬਦ ਦੀ ਬੁੱਧਵਾਦੀ ਸਮਝ ਤੋਂ ਪੜ੍ਹਨ ਦੀ ਵੀ ਲੋੜ ਹੈ। ਜਿੰਨੀ ਦੇਰ ਤੱਕ 'ਦਲਿਤ' ਨਾਲ ਜੁੜੇ ਨਾਇਕਤੱਵ ਤੇ ਉਸ ਦੇ ਗੌਰਵ ਦੀ ਤਲਾਸ਼ ਨਹੀਂ ਹੁੰਦੀ ਓਨੀਂ ਦੇਰ ਤੱਕ 'ਦਲਿਤ' ਪ੍ਰਸ਼ਨ ਓਵੇਂ ਹੀ ਖੜ੍ਹਾ ਰਹੇਗਾ। ਦਲਿਤ ਦੇ ਨਾਇਕਤਵ ਦੀ ਤਲਾਸ਼ ਲਈ ਸਾਨੂੰ ਉਸ ਦੀਆਂ ਨੀਤਸ਼ੇ ਦੀ ਦਰਸ਼ਨ ਵਿਚ ਨਾਇਕ ਦੀਆਂ ਡਾਇਨੋਸੀਅਸ ਤੇ ਅਪੋਲੋਨਿਕ ਪਾਸਾਰਾਂ ਦੀਆਂ ਚਿਹਨਾਤਮਕਤਾਵਾਂ ਨੂੰ ਪਛਾਨਣਾ ਪਵੇਗਾ।

ਨੀਤਸ਼ੇ ਅਨੁਸਾਰ ਯੂਨਾਨੀ ਦਰਸ਼ਨ ਵਿਚ ਜਿਥੇ ਸ਼ਾਂਤੀ, ਸਹਿਜਤਾ, ਵਿਸਮਾਦ, ਸੁਹਜ, ਜਜ਼ਬੇ, ਬੌਧਿਕ ਚਿੰਤਨ ਅਤੇ ਮਹਾਕਾਵਿਕ ਵਿਚਾਰਾਂ ਦੇ ਦੇਵਤੇ ਅਪੋਲੋ ਦੀ ਵੰਦਨਾ ਹੁੰਦੀ ਹੈ ਜੋ ਸ਼ਾਂਤੀ ਤੇ ਨਿਰਮਲਤਾ ਦਾ ਪ੍ਰਤੀਕ ਹੈ ਉਥੇ ਯੂਨਾਨੀ ਸਭਿਆਚਾਰ ਵਿਚ ਖ਼ੁਸ਼ੀ, ਸੁੱਖ ਦੇ ਅਨੁਭਵ ਜੀਵਨ ਦੇ ਕਰਮਕਾਂਡੀ ਅਮਲ ਤੋਂ ਪਾਰਗਾਮੀ ਪ੍ਰੇਰਨਾ ਤੇ ਜ਼ੋਖਮ, ਨਿਰਭਉ, ਰੰਗ ਤੇ ਸੰਗੀਤ ਲੈਅ ਤੇ ਰਿਦਮ ਦੇ ਦੇਵਤੇ ਡਾਈਓਨੀਸੀਅਸ ਦੀ ਸਾਧਨਾ ਤੇ ਅਰਾਧਨਾ ਵੀ ਹੁੰਦੀ ਹੈ। ਇਹ ਦੋਵੇਂ ਜੀਵਨ ਦੇ ਵਿਰਾਟ ਸਰੂਪ ਦੇ ਪ੍ਰਤੀਕ ਹਨ। ਨੀਤਸ਼ੇ ਅਨੁਸਾਰ ਉਨ੍ਹਾਂ ਸਮਿਆਂ 'ਚ ਯੂਨਾਨੀ ਉੱਤਮਤਾ ਤੇ ਬੌਧਿਕ ਸਾਂਸਕ੍ਰਿਤਿਕ/ਸਭਿਆਚਾਰ, ਸਮਾਜਿਕ ਪਦਾਰਥਵਾਦ ਵਿਕਾਸ ਦੇ ਸਿਖਰ 'ਤੇ ਸੀ। ਇਸ ਸਿਖਰ ਦੀ ਗਿਰਾਵਟ ਇਸ ਦਾ ਸੰਤੁਲਨ ਸਮਨਵੈ ਡੋਲਣ ਨਾਲ ਹੋਈ। ਉਸ ਦਾ ਮੱਤ ਹੈ ਕਿ ਡਾਇਓਨੀਸੀਅਸ ਦੀ ਮਰਦਾਵੀਂ ਤੇ ਬਹਾਦਰੀ ਵਾਲੀ ਪ੍ਰਤਿਭਾ ਤੇ ਅਪੋਲੋਨਿਕ ਅਪਸਰਾਈ-ਇਸਤਰੀ ਪ੍ਰਤਿਭਾ ਦਾ ਮਿਲਾਪ ਜ਼ਰੂਰੀ ਹੈ।

'ਦਲਿਤ' ਨਾਇਕਤੱਵ ਦੇ ਡਾਇਓਨੀਸੀਅਸ ਤੇ ਅਪੋਲੋਨਿਕ ਪਾਸਾਰਾਂ ਨੂੰ ਉਸ ਨਾਲ ਜੁੜੀ ਭਾਸ਼ਾ, ਕਵਿਤਾ, ਸੰਗੀਤ, ਨਾਚ, ਰਿਦਮ, ਮਿੱਥਾਂ ਤੇ ਦਰਸ਼ਨ ਦੇ ਕੇਂਦਰ ਨੂੰ ਤਲਾਸ਼ਣਾ ਪਵੇਗਾ। 'ਮਿੱਟੀ ਬੋਲ ਪਈ' ਦਾ ਬਾਬਾ ਚਰਿੱਤਰ ਨਾ ਸਿਰਫ਼ ਸਾਰੰਗੀ ਵਾਦਕ ਹੈ, ਸਗੋਂ ਵਧੀਆ ਗਵੱਈਆ ਵੀ ਹੈ ਜਿਸਨੂੰ ਸ਼ਾਸਤਰੀ ਸੰਗੀਤ ਅਤੇ ਰਾਗਾਂ ਦੀ ਸਮਝ ਹੈ। ਇਸਦੇ ਨਾਲ ਹੀ ਬਾਬਾ ਸਾਹਿਤ, ਗਿਆਨ ਅਤੇ ਬਾਣੀ ਦਾ ਵੀ ਰਸੀਆ ਹੈ। ਉਹ ਹਰ ਗੱਲ ਦਾ ਤਰਕ ਆਪਣੇ ਪੋਤੇ ਨੂੰ ਜਾਂ ਤਾਂ ਇਤਿਹਾਸ 'ਚੋਂ ਦਿੰਦਾ ਹੈ ਜਾਂ ਮਿਥਿਹਾਸ 'ਚੋਂ। ਜਾਂ ਗੁਰਬਾਣੀ 'ਚੋਂ ਦਿੰਦਾ ਹੈ ਜਾਂ ਪੜ੍ਹੇ ਸਾਹਿਤ 'ਚੋਂ। ਜਾਂ ਆਪਣੇ ਕੀਤੇ ਸੰਘਰਸ਼ 'ਚੋਂ ਕਸ਼ੀਦੇ ਰਾਜਨੀਤਕ ਅਨੁਭਵ 'ਚੋਂ ਦਿੰਦਾ ਹੈ ਜਾਂ ਆਦਿ ਧਰਮ ਦੇ ਬਾਬੂ ਮੰਗੂ ਰਾਮ ਵੱਲੋਂ ਘੜੀ ਰਾਜਨੀਤੀ 'ਚੋਂ। ਇਸ ਤਰ੍ਹਾਂ ਇਸ ਤਲਾਸ਼ ਦੇ ਚਾਰ ਕੇਂਦਰ ਰੋਮਾਂਸ, ਧਰਮ, ਰਾਜਨੀਤੀ ਤੇ ਬਹਾਦਰੀ ਬਣਦੇ ਹਨ । ਇਨ੍ਹਾਂ ਕੇਂਦਰਾਂ ਵਿਚ ਹੀ ਕਿਸੇ ਚਰਿੱਤਰ ਦੇ ਨਾਇਕਤੱਵ ਦਾ ਗੌਰਵ ਪਿਆ ਹੁੰਦਾ ਹੈ।

ਮੁਕਤੀ 'ਮਿੱਟੀ ਬੋਲ ਪਈ' ਦਾ ਤੀਜਾ ਮੁੱਖ ਬਿਰਤਾਂਤਕ ਮੋਟਿਫ਼ ਹੈ। ਇਥੇ ਮੁਕਤੀ ਨੂੰ ਭਾਰਤੀ ਸਨਾਤਨੀ ਸੰਕਲਪਿਕ ਵਰਤਾਰਿਆਂ ਦੇ ਪ੍ਰਸੰਗ 'ਚ ਨਾ ਸਮਝਿਆ ਜਾਵੇ। ਇਥੇ ਮੁਕਤੀ ਜਾਤ-ਜਮਾਤ ਵਿਰੁਧ ਵਿੱਢੇ ਦਲਿਤ ਸੰਘਰਸ਼ ਦੇ ਪਰਿਪੇਖ ਤੋਂ ਸਮਝਿਆ ਜਾਣਾ ਜ਼ਰੂਰੀ ਹੈ। ਕੇ ਐਲ਼ ਸ਼ਰਮਾ ਆਪਣੀ ਕਿਤਾਬ 'Social Stratification and Mobility' ਵਿਚ ਲਿਖਦਾ ਹੈ ਕਿ ਜਾਤ ਬੁਨਿਆਦੀ ਰੂਪ 'ਚ ਭਾਰਤੀ ਸਮਾਜ ਦੀ ਮੂਲ ਬਣਤਰ ਹੈ ਅਤੇ ਇਸਦੀ ਪ੍ਰਵਿਰਤੀ ਵਿਚ ਕਿੱਤਾ, ਕਿਰਤ ਦੀ ਵੰਡ, ਵਿਆਹ ਦੇ ਨਿਯਮ ਤੇ ਆਪਸੀ ਸਬੰਧ ਪਰਉਸਾਰ ਵਿਚ ਸ਼ਾਮਿਲ ਹਨ, ਜਿਹੜੇ ਜਾਤ ਦੀ ਵਿਚਾਰਧਾਰਾ ਤੋਂ ਪੈਦਾ ਹੋਏ ਹਨ। ਜਮਾਤ ਅਭੌਤਿਕ ਨਹੀਂ ਹੈ ਸਗੋਂ ਯਾਂਤਰਿਕ ਤੌਰ 'ਤੇ ਨਿਰਮਤ ਹੈ; ਇਹ ਰਾਜਨੀਤਕ ਅਤੇ ਆਰਥਿਕ ਸੰਕਲਪ ਹੈ, ਇਹ ਗਤੀਸ਼ੀਲਤਾ ਦੇ ਪ੍ਰਬੰਧ ਨਾਲ ਜੁੜਿਆ ਹੈ ਨਾ ਕਿ ਵਰਗਾਂ ਨੂੰ ਸੂਚੀਕ੍ਰਿਤ ਕਰਨ ਨਾਲ। ਬਾਬਾ ਭੀਮ ਰਾਓ ਅੰਬੇਦਕਰ ਦੀ ਜੀਵਨੀ 'ਚ ਧਨੰਜਯ ਕੀਰ ਲਿਖਦਾ ਹੈ ਕਿ ਡਾ. ਅੰਬੇਡਕਰ ਦਾ ਨਾਆਰਾ ਸੀ; 'ਪੜ੍ਹੋ, ਸੰਗਠਿਤ ਹੋਵੋ ਤੇ ਸੰਘਰਸ਼ ਕਰੋ'। ਡਾ. ਜਸਵੰਤ ਰਾਏ ਆਪਣੀ ਕਿਤਾਬ 'ਬਾਬੂ ਮੰਗੂ ਰਾਮ ਮੁੱਗੋਵਾਲੀਆ' ਵਿਚ ਆਦਿ ਧਰਮ ਵੱਲੋਂ ਸਥਾਪਿਤ ਕੀਤੇ ਮੰਡਲ ਦੇ ਲਿਖਤੀ ਸਿਧਾਂਤਾਂ ਦਾ ਵੇਰਵਾ ਦਿੰਦਾ ਹੈ ਜਿਸ ਅਨੁਸਾਰ ਗਿਆਨ ਗ੍ਰਹਿਣ ਕਰਨਾ, ਭਾਲਣਾ, ਤਰੱਕੀ ਨੂੰ ਪ੍ਰਾਪਤ ਕਰਨਾ ਅਤੇ ਭਾਲਣਾ ਹਰ ਆਦਮੀ ਅਤੇ ਔਰਤ ਲਈ ਜ਼ਰੂਰੀ ਹੈ। 'ਮਿੱਟੀ ਬੋਲ ਪਈ' 'ਚ ਬਾਬਾ ਤੇ ਦਾਦੀ ਵਿਦਿਆ ਦੇ ਮਹੱਤਵ ਦੀ ਚਰਚਾ ਕਰਦੇ ਨੇ; 'ਵਿੱਦਿਆ ਤੀਜਾ ਨੇਤਰ ਐਮੇ ਥੋੜ੍ਹੋ ਕਹਿੰਦੇ ਆ' ਵਿੱਦਿਆ ਵਿਚਾਰੀ ਤਾਂ ਪਰਉਪਕਾਰੀ, ਆਹ ਬ੍ਰਾਹਮਣਾਂ ਨੇ ਹੋਰਨਾਂ ਲਈ ਜਿੰਦਾ ਮਾਰ ਕੇ ਕੁੰਜੀ ਆਪਣੇ ਹੱਥ 'ਚ ਰੱਖੀਊ ਆ, ਤਾਂ ਈ ਰਾਜ ਭਾਗ ਭੋਗਦੇ ਫੈਲਦੇ ਆ। ਮਾਈ ਦਾ ਕੋਈ ਲਾਲ ਹੁਣ ਵਿਦਿਆ ਦੇ ਚਾਨਣ ਨੂੰ ਫੈਲਣ ਤੋਂ ਨਈਂ ਰੋਕ ਸਕਦਾ। ਔਹ ਬੇਰੀਆਂ 'ਤੇ ਅਕਾਸ਼ਵੇਲ ਆਂਗੂੰ ਚੜ੍ਹਿਓ ਆ, ਜੜ੍ਹਾਂ ਜ਼ਮੀਨ 'ਚ ਨਈਂ, ਇਹ ਸਾਡੇ ਅਰਗੇ ਰੁੱਖਾਂ ਨੂੰ ਚੂਸਣ 'ਤੇ ਲੱਗਿਓ ਆ, ਪਾਖੰਡੀ ਜਿਹੇ'।

ਵਿਦਿਆ ਦੇ ਮਹੱਤਵ ਬਾਰੇ ਇਕ ਹੋਰ ਵਰਣਨ ਮਿਲਦਾ ਹੈ ਜਦ ਬਾਬਾ ਗੋਰੇ ਨੂੰ ਪੜ੍ਹਨ ਲਈ ਦੋ ਕਾਇਦੇ ਵਰਗੀਆਂ ਛੋਟੀਆਂ ਪਤਲੀਆਂ ਕਿਤਾਬਾਂ ਫੜਾਉਂਦਾ ਹੈ। ਗੋਰਾ ਪੜ੍ਹਨ ਲਗਦਾ ਹੈ;

'ਵੀਰੋ ਭੇਜ ਕੇ ਆਪਣੇ ਬੱਚਿਆਂ ਨੂੰ,
ਖ਼ੂਬ ਸਕੂਲਾਂ ਦੇ ਵਿਚ ਪੜ੍ਹਾ ਲਈਏ।
ਪੜ੍ਹ ਵਿਦਿਯਾ ਕੌਮ ਦਾ ਪਤਾ ਲੱਗੇ
ਮੁਲਕ ਵਿਚ ਵਿਦਵਾਨ ਕਹਾ ਲਈਏ।

... ... ...
ਨਹੀਂ ਕਿਸੇ ਦੇ ਨਾਲ ਹੈ ਵੈਰ ਸਾਡਾ,
ਆਪਣੇ ਹੱਕ ਲੈਣੇ ਹੱਕਦਾਰ ਕਰ ਕੇ।
ਵਿਦਿਯਾ ਬੱਚਿਆਂ ਨੂੰ ਪੜ੍ਹਾ ਦੇਣੀ,
ਅਗਲੀ ਨਸਲ ਬਚਾਓ ਇਲਮਦਾਰ ਕਰਕੇ।

... ... ...
ਪੜ੍ਹੋ ਵਿਦਿਯਾ ਕੌਮ ਸੰਭਾਲ ਲਈਏ,
ਪਤਾ ਲਗ ਜਾਵੇ ਗੱਲਾਂ ਚੰਗੀਆਂ ਦਾ।
ਸੇਵਕ ਸਮਝ ਕੇ ਵਾਸਤਾ ਮੰਨ ਲੈਣਾ
ਮੰਗੂ ਰਾਮ ਕੀ ਕਰਨਾ ਬਾਤਾਂ ਲੰਮੀਆਂ ਦਾ'।

'ਮਿੱਟੀ ਬੋਲ ਪਈ' ਮਹਿਜ਼ ਬਾਬੇ, ਗੋਰੇ, ਗੱਜਣ, ਚਾਚਾ, ਪਿਆਰੋ, ਬਚਨੀ, ਫਾਤਿਮਾ ਜਿਹੇ ਪਾਤਰਾਂ ਨਾਲ ਜੁੜਿਆ ਘਟਨਾਵੀ ਬਿਰਤਾਂਤ ਹੀ ਨਹੀਂ ਬਲਕਿ ਆਪਣੀ ਸਮ-ਸਾਮਿਅਕਤਾ, ਸੱਭਿਆਚਾਰ, ਸਮਾਜ, ਰਾਜਨੀਤੀ, ਸੱਤਾ ਤੇ ਮਾਨਵੀ ਕਦਰਾਂ ਕੀਮਤਾਂ ਦਾ ਪ੍ਰਤਿਬਿੰਬਣ ਵੀ ਹੈ । ਇਸ ਬਿਰਤਾਂਤ ਦੇ ਅਮੂਰਤਨ 'ਚ ਦਲਿਤ ਸੱਭਿਆਚਾਰ ਤੇ ਦਲਿਤ ਦਰਸ਼ਨ ਦਾ ਵਿਵਰਣ ਵੀ ਵਿਆਪਿਆ ਪਿਆ ਹੈ । ਇਸੇ ਕਾਰਣ ਇਹ ਬਹੁਸੁਰੀ ਹੈ । ਇਸ 'ਚ ਪੰਜਾਬ ਦੀ ਵੰਡ ਤੋਂ ਪਹਿਲਾਂ ਦਾ ਸਮਾਂ, ਪੰਜਾਬ ਦੀ ਆਰਥਿਕਤਾ, ਪੰਜਾਬ ਦੀ ਸਮਾਜਿਕਤਾ, ਸੱਭਿਆਚਾਰ ਤੇ ਸੰਸਕ੍ਰਿਤੀ, ਲੋਕਯਾਨ ਤੇ ਲੋਕ ਰੰਗ ਦਾ ਬੜਾ ਮਾਰਮਿਕ ਤੇ ਅੱਖੀਂ ਡਿੱਠਾ ਵਰਣਨ ਹੈ । ਮਿਖਾਇਲ ਮਿਖਾਈਲੋਵਿਚ ਬਾਖ਼ਤਿਨ ਆਪਣੀ ਕਿਤਾਬ 'The Dialogic Imagination' ਵਿਚ ਇਸ ਤਰ੍ਹਾਂ ਦੇ ਬਿਰਤਾਂਤ ਨੂੰ 'ਸ਼ਬਦ ਸੰਚਾਰੀ ਵੰਨਸਵੰਨਤਾ/ਹੈਟਰੋਗਲਾਸੀਆ' ਕਹਿੰਦਾ ਹੈ । ਇਕ ਕਥਾ ਆਪਣੇ ਅੰਦਰ ਕਈ ਪਾਠ ਸਾਂਭੀ ਬੈਠੀ ਹੁੰਦੀ ਹੈ । ਇਹੋ ਪਾਠਾਤਿਮਕ ਬਹੁਵੰਦਤਾ/ਬਹੁਸੁਰਤਾ ਹੀ ਅਸਲ 'ਚ ਲੇਖਕ ਦੀ ਦ੍ਰਿਸ਼ਟੀ ਹੁੰਦੀ ਹੈ । ਪਾਠਕ ਕੇਵਲ ਕਥਾ ਨਹੀਂ ਪੜ੍ਹਦਾ ਸਗੋਂ ਉਹ ਲੇਖਕ ਦੀ ਦ੍ਰਿਸ਼ਟੀ ਰਾਹੀਂ ਆਪਣੇ ਆਪ ਨੂੰ ਦੇਖਦਾ ਹੈ । ਇਹ ਦ੍ਰਿਸ਼ਟੀ ਹੀ ਪਾਠ ਨੂੰ ਪ੍ਰਮਾਣਿਕਤਾ ਬਖ਼ਸ਼ਦੀ ਹੈ ।

'ਮਿੱਟੀ ਬੋਲ ਪਈ' ਦਰਅਸਲ ਪੂਰੀ ਸ਼ਿੱਦਤ, ਸੰਵੇਦਨਾ, ਸੰਘਰਸ਼, ਸਮਰਪਣ ਤੇ ਸੁਹਿਰਦਤਾ ਨਾਲ ਜੀਵੀ ਜ਼ਿੰਦਗੀ ਦਾ 'ਉਤਸਵ/ਕਾਰਨੀਵਲ' ਹੈ। ਮਿਖਾਇਲ ਬਾਖ਼ਤਿਨ ਆਪਣੀ ਕਿਤਾਬ 'Problems of Dostoevsky Poetics' 'ਚ ਇਸ ਉਤਸਵ ਦੇ ਸੰਕਲਪ ਬਾਰੇ ਲਿਖਦਾ ਹੈ ਕਿ 'ਉਤਸਵ' ਅਜਿਹਾ ਪ੍ਰਸੰਗ ਹੈ ਜਿਸ ਵਿਚ ਵੱਖਰੀਆਂ ਤੇ ਵਿਭਿੰਨ ਆਵਾਜ਼ਾਂ ਸੁਣਦੀਆਂ, ਪਣਪਦੀਆਂ ਤੇ ਇਕ ਦੂਜੇ ਨਾਲ ਅੰਤਰਕਿਰਿਆ 'ਚ ਰਹਿੰਦੀਆਂ ਹਨ । ਉਤਸਵ ਇਕ ਅਜਿਹੀ ਦਹਿਲੀਜ਼ ਜਾਂ ਦੁਆਰ ਸਥਿਤੀ ਹੈ ਜਿਥੇ ਨਿਰੰਤਰ ਪਰੰਪਰਕ ਰੀਤਾਂ ਟੁੱਟਦੀਆਂ ਤੇ ਪੁੱਠਾ ਗੇੜਾ ਖਾਂਦੀਆਂ ਨੇ । ਇਸੇ ਕਰਕੇ ਹੀ ਸੰਵਾਦ ਸੰਭਵ ਹੁੰਦਾ ਹੈ। ਇਹ ਉਤਸਵ 'ਮਿੱਟੀ ਬੋਲ ਪਈ' ਦੇ ਬਿਰਤਾਂਤ ਦੀ ਨਾ ਸਿਰਫ਼ ਕਥਾਤਮਕਤਾ ਬਲਕਿ ਇਸ ਦੀ ਸੱਭਿਆਚਾਰਕ ਦ੍ਰਿਸ਼ਕਾਰੀ, ਭਾਸ਼ਾਕਾਰੀ, ਲੋਕਤਾ ਤੇ ਮੁਹਾਵਰਾਮੂਲਕਤਾ 'ਚੋਂ ਸਹਿਜ ਭਾਅ ਝਲਕਦਾ ਹੈ । 'ਮਿੱਟੀ ਬੋਲ ਪਈ' ਦੇ ਬਿਰਤਾਂਤ 'ਚ ਦੁਆਬੀ ਤੇ ਕੰਢੀ ਦੇ ਇਲਾਕੇ ਦੀ ਬੋਲੀ ਕਾਰਣ ਆਂਚਲਿਕਤਾ ਦੀ ਪੁੱਠ ਇਸਨੂੰ ਹੋਰ ਪੜ੍ਹਨਯੋਗਤਾ ਪ੍ਰਦਾਨ ਕਰਦੇ ਹਨ ।

ਮੋਬਾ : 8283948811 • ਈ.ਮੇਲ : mmsingh_63@rediff.com

# 'ਕਾਗਦ ਕਲਮ ਕਿਤਾਬ' ਕਾਵਿ-ਯਾਤਰਾ

*ਨਿਰੰਜਨ ਸਿੰਘ ਢੇਸੀ*

ਰਵਿੰਦਰ ਸਹਿਰਾਅ ਪੰਜਾਬੀ ਕਵਿਤਾ ਦੇ ਖੇਤਰ 'ਚ ਜਾਣਿਆ-ਪਛਾਣਿਆ ਨਾਂ ਹੈ। ਮੈਂ ਉਸ ਦੀ ਕਵਿਤਾ ਤੋਂ ਪਹਿਲਾਂ ਉਸ ਨਾਲ਼ ਵਿਚਾਰਧਾਰਕ ਤੇ ਭਾਵਨਾਤਮਕ ਨੇੜਤਾ ਰੱਖਦਾ ਹਾਂ। 1979 ਵਿਚ ਜਦ ਉਹ ਐੱਮ. ਏ. ਪੰਜਾਬੀ ਵਿਚ ਦਾਖ਼ਲ ਹੋਣ ਲਈ ਆਇਆ ਸੀ ਤਾਂ ਮੇਰੇ ਲਈ ਨਵਾਂ ਨਹੀਂ ਸੀ। ਉਸ ਤੋਂ ਪਹਿਲਾਂ 1975-77 ਦੀ ਐਮਰਜੈਂਸੀ ਵੇਲ਼ੇ ਉਹ ਜੇਲ੍ਹ ਵਿਚ ਵੀ ਰਹਿ ਆਇਆ ਸੀ। ਐੱਮ. ਏ. ਕਰਦਿਆਂ ਉਸ ਦੀ ਪਹਿਲੀ ਪੁਸਤਕ ਪ੍ਰਕਾਸ਼ਿਤ ਹੋ ਚੁੱਕੀ ਸੀ। ਉਸ ਵੇਲ਼ੇ ਵਿਭਾਗ ਵਿਚ ਪ੍ਰੋ. ਨਰਜੀਤ ਖਹਿਰਾ ਆਧੁਨਿਕ ਕਵਿਤਾ ਦਾ ਕੋਰਸ ਪੜ੍ਹਾਉਂਦਾ ਸੀ। ਮੇਰਾ ਉਹ ਸਕੂਲ ਵੇਲ਼ੇ ਦਾ ਦੋਸਤ ਸੀ। ਆਪ ਵੀ ਵਧੀਆ ਕਵੀ ਸੀ। ਰਵਿੰਦਰ ਦੀ ਪਹਿਲੀ ਪੁਸਤਕ ਦੀ ਭੂਮਿਕਾ ਉਸ ਨੇ ਲਿਖੀ ਸੀ। ਮੈਨੂੰ ਰਵਿੰਦਰ ਹਮੇਸ਼ਾ ਆਪਣਾ ਛੋਟਾ ਭਰਾ ਹੀ ਨਹੀਂ ਦਿਲ ਦੇ ਕਰੀਬ ਦੋਸਤ ਜਾਪਦਾ ਸੀ। ਉਸ ਵੇਲ਼ੇ ਉਹ ਪਿੰਡ ਦਾ ਸਰਪੰਚ ਵੀ ਸੀ। ਵਿਭਾਗ ਦੇ ਦਫ਼ਤਰ ਦੇ ਸਾਹਮਣੇ ਬੈਠ ਕੇ ਪਿੰਡ ਦੇ ਲੋਕਾਂ ਦਾ ਦੁੱਖ-ਸੁੱਖ ਸੁਣਨ ਦੇ ਨਾਲ਼-ਨਾਲ਼ ਉਨ੍ਹਾਂ ਦੇ ਫ਼ਾਰਮ ਤਸਦੀਕ ਕਰਨ ਦਾ ਕੰਮ ਵੀ ਉਹ ਕਰਦਾ ਸੀ। ਸਾਰੇ ਵਿਭਾਗ ਵਿੱਚੋਂ ਉਹ ਸੁਣੱਖਾ ਗੱਭਰੂ ਸੀ।

ਉਸ ਵੇਲੇ ਜੁਝਾਰਵਾਦੀ ਕਵਿਤਾ ਦਾ ਦੌਰ ਚੱਲ ਰਿਹਾ ਸੀ। ਪ੍ਰਯੋਗਵਾਦੀਆਂ ਦਾ ਟੋਲਾ ਕਿਤੇ ਰੜਕਦਾ ਨਹੀਂ ਸੀ। ਵਿਦਿਆਰਥੀਆਂ ਦੀ ਅਗਵਾਈ ਵਿਚ ਚਲ ਰਹੀ ਸਾਹਿਤ ਸਭਾ ਦਾ ਸੰਚਾਲਨ ਰਵਿੰਦਰ ਤੇ ਉਸ ਦੇ ਸਾਥੀ ਵਿਦਿਆਰਥੀ ਕਰ ਰਹੇ ਸਨ। ਲਾਇਲਪੁਰ ਖ਼ਾਲਸਾ ਕਾਲਜ ਉਸ ਵੇਲ਼ੇ ਵਿਦਿਆਰਥੀਆਂ ਦੀ ਮੁਕੰਮਲ ਸ਼ਖਸੀਅਤ ਉਸਾਰਨ ਦੇ ਪੱਖੋਂ ਕੇਂਦਰ ਸਮਝਿਆ ਜਾਂਦਾ ਸੀ। ਤਕਰੀਬਨ ਸਾਰੇ ਅਗਾਂਹਵਧੂ ਕਵੀ, ਨਾਟਕਕਾਰ, ਭਾਸ਼ਾ-ਸ਼ਾਸਤਰੀ ਉਥੇ ਵਿਚਰਦੇ ਰਹਿੰਦੇ ਸਨ। ਰਵਿੰਦਰ ਲਈ ਇਹ ਮਾਹੌਲ ਢੁੱਕਵਾਂ ਸੀ। ਬਾਵਜੂਦ ਇਸ ਗੱਲ ਦੇ ਕਿ ਉਸ ਦੀ ਹਸਤੀ ਵਿਭਾਗ ਵਿਚ ਹੀ ਨਹੀਂ, ਕਾਲਜ ਵਿਚ ਵੀ ਜਾਣੀ-ਪਛਾਣੀ ਸੀ, ਉਹ ਕਦੇ ਕਿਸੇ ਨੂੰ ਕੌੜਾ ਨਾ ਬੋਲਦਾ, ਦੋਸਤੀ ਪਾਉਂਦਾ ਤੇ ਪਾਲ਼ਦਾ ਪਰ ਮੈਨੂੰ ਹਮੇਸ਼ਾ ਸੰਗਾਊ ਜਿਹਾ ਲਗਦਾ ਸੀ। ਉਸ ਦੀ ਠਹਿਰੀ ਹੋਈ ਸ਼ਖ਼ਸੀਅਤ ਮੇਰੇ ਲਈ ਮਾਣ ਦਾ ਕਾਰਨ ਸੀ।

ਉਹ ਬੁਨਿਆਦੀ ਤੌਰ 'ਤੇ ਹਕੀਕਤ ਪਸੰਦ ਹੈ ਪਰ ਇਸ ਦੇ ਨਾਲ਼-ਨਾਲ਼ ਇਨਸਾਨੀ ਹੱਦ ਤੱਕ ਜਜ਼ਬਾਤੀ ਵੀ ਹੈ। ਉਹ ਰਿਸ਼ਤੇ ਬਣਾਉਣ ਦੇ ਨਾਲ਼-ਨਾਲ਼ ਨਿਭਾਉਣੇ ਵੀ ਜਾਣਦਾ ਹੈ। ਉਸ ਵਿਚ ਕਿਸੇ ਕਿਸਮ ਦੀ ਟੀਸੀ ਛੋਹਣ ਦੀ ਲਾਲਸਾ ਨਹੀਂ ਹੈ। ਧਰਤੀ ਨਾਲ਼ ਜੁੜਿਆ ਹੋਇਆ ਬੰਦਾ ਹੈ। ਸੰਕਟ ਨਾਲ਼ ਮੱਥਾ ਲਾਉਣਾ ਜਾਣਦਾ ਹੈ। ਪਿਆਰ ਦੀ ਪਰਿਭਾਸ਼ਾ ਉਸ ਤੋਂ ਕੋਈ ਵੀ ਸਿੱਖ ਸਕਦਾ ਹੈ। ਉਸ ਨੇ ਪੂਰੀ ਜ਼ਿੰਦਗੀ ਦੋਸਤੀ ਦੀ ਪੂੰਜੀ ਹੀ ਜਮ੍ਹਾ ਕੀਤੀ ਹੈ। ਇਹ ਕਦੇ ਵੀ ਨਾ ਮੁੱਕਣ ਵਾਲ਼ਾ ਬੈਂਕ ਬੈਲੈਂਸ ਹੈ। ਉਹ ਅੰਦਰੋਂ-ਬਾਹਰੋਂ ਇਕ ਹੈ। 'ਮਨਿ ਹੋਰੁ ਮੁਖਿ ਹੋਰੁ' ਦੀ ਸਮੱਸਿਆ ਤੋਂ ਬਚਿਆ ਹੋਇਆ ਹੈ। ਵਿਚਾਰਾਂ ਤੇ ਭਾਵਨਾਵਾਂ ਦੇ ਪੱਖ ਤੋਂ ਨੇੜਤਾ ਹੀ ਉਸ ਲਈ ਰਿਸ਼ਤੇਦਾਰੀ ਤੇ ਦੋਸਤੀ ਦਾ ਆਧਾਰ ਹੈ। ਆਪਣੀ ਰਚਨਾ ਨਾਲ਼ ਉਸ ਦਾ ਰਿਸ਼ਤਾ ਅਟੁੱਟ ਤੇ ਨਿਰੰਤਰਤਾ ਵਾਲ਼ਾ ਹੈ।

ਕਵਿਤਾ ਦੇ ਪਹੁ-ਫੁਟਾਲੇ ਦੇ ਆਗਮਨ ਬਾਰੇ ਉਸ ਦੀ ਪੇਸ਼ਕਾਰੀ ਵੇਖਣ ਯੋਗ ਹੈ:

ਵਰ੍ਹੇ ਬੀਤਦੇ ਗਏ / ਬੁਝਿਆ ਹੋਇਆ ਅਹਿਸਾਸ ਮੁੜ ਮਘਣ ਲੱਗਿਆ
ਰਾਖ ਹੋਈ ਸੰਵੇਦਨਾ ਜਿਸ ਨੂੰ ਉਹ / ਮੁੱਠੀ 'ਚ ਸਾਂਭੀ ਫਿਰਦਾ ਸੀ
ਜਲ ਪ੍ਰਵਾਹ ਹੋਣ ਤੋਂ ਪਹਿਲਾਂ / ਮੁੜ ਜੀਵੰਤ ਹੋਣ ਲੱਗੀ
ਉਸ ਨੂੰ ਜਾਪਿਆ ਗੁੰਮ ਹੋ ਚੁੱਕੀ ਨਜ਼ਮ / ਦਰ ਉੱਪਰ ਦਸਤਕ ਦੇ ਰਹੀ ਹੈ
ਉਹ ਉੱਠਿਆ / ਕਾਗ਼ਜ਼ ਚੁੱਕਿਆ
ਕਲਮ ਚੁੰਮੀ ਕੰਜਕ-ਕੁਆਰੀ ਜਿਹੀ / ਪਹਿਲੀ ਮੁਹੱਬਤ ਵਰਗੀ
ਗੋਰੀ ਨਦੀ ਜਿਹੀ / ਗੁੜ ਦੀ ਡਲ਼ੀ ਜਿਹੀ

ਨਜ਼ਮ ਉਸ ਦੇ ਸਾਹਵੇਂ ਖਲੋਤੀ ਸੀ / ਉਹ ਖ਼ੁਸ਼ ਸੀ
ਅੱਜ ਉਸ ਦੀ ਨਜ਼ਮ ਦਾ / ਪੁਨਰ-ਜਨਮ ਹੋਇਆ ਸੀ

ਉਸ ਦੀ ਨਜ਼ਮ ਦਾ ਜਨਮ ਸੱਤਰਵਿਆਂ 'ਚ ਹੋ ਚੁੱਕਾ ਸੀ। ਉਸ ਦੀ ਨਜ਼ਮ ਜ਼ਿੰਦਗੀ ਦੇ ਸੰਕਟ ਨੂੰ ਉਲੀਕਣ ਤੋਂ ਸ਼ੁਰੂ ਹੋਈ ਤੇ ਉਸ ਦੀ ਨਜ਼ਮ ਦੀ ਸਿਖਰ ਵੀ ਇਹੀ ਹੋਵੇਗੀ। ਉਸ ਦੇ ਹਰ ਸੰਗ੍ਰਹਿ ਦੀਆਂ ਨਜ਼ਮਾਂ ਸੰਕਟ ਭੋਗਦੀ ਲੋਕਾਈ ਨਾਲ਼ ਜੁੜੀਆਂ ਹੋਈਆਂ ਹਨ। ਇਸ ਦਾ ਇਹ ਅਰਥ ਵੀ ਨਹੀਂ ਕਿ ਇਨ੍ਹਾਂ ਵਿਚ ਵੰਨ-ਸੁਵੰਨਤਾ ਨਹੀਂ ਹੈ। ਉਹ ਲਗਾਤਾਰ ਇਕ ਸੰਤੁਲਿਤ ਤੇ ਇਕਸੁਰ ਭਾਈਚਾਰੇ ਦੀ ਭਾਲ਼ ਵਿਚ ਹੈ। 'ਚੁਰਾਏ ਪਲਾਂ ਦਾ ਹਿਸਾਬ' ਤੋਂ ਆਰੰਭ ਹੋਈ ਨਜ਼ਮ ਲਗਾਤਾਰ ਸਾਵੇਂ ਤੇ ਸੁਖਾਵੇਂ ਮਾਹੌਲ ਦਾ ਸੁਪਨਾ ਲੈਂਦੀ ਹੈ। ਕਵੀ ਨੂੰ ਪਤਾ ਹੈ ਕਿ ਸੁਪਨੇ ਸਹਿਜੇ ਹੀ ਸਾਕਾਰ ਨਹੀਂ ਹੁੰਦੇ। ਇਹੀ ਸੁਪਨੇ ਇਤਿਹਾਸਿਕ ਤੌਰ 'ਤੇ ਪਹਿਲਾਂ ਵੀ ਲਏ ਗਏ। ਸੁਪਨਿਆਂ ਦੀ ਪੂਰਤੀ ਲਈ ਅਮਲ ਤੇ ਇਲਮ ਦੀ ਇਕਸੁਰਤਾ ਵੀ ਲੋੜੀਂਦੀ ਹੈ :

ਰਾਜਿਆਂ ਨੂੰ ਸ਼ੀਂਹ ਅਤੇ / ਮੁਕੱਦਮਾਂ ਨੂੰ ਕੁੱਤੇ ਕਹਿਣ ਤੋਂ ਲੈ ਕੇ
ਚੰਡੀ ਰਿਝਾਵਣ ਤੱਕ ਦੀ ਸਾਰੀ ਕਹਾਣੀ / ਬੁੱਢੀ ਦਾਦੀ ਦੀ ਜ਼ਬਾਨੀ
ਪਰੀਆਂ ਦੀਆਂ ਬਾਤਾਂ ਵਾਂਗ / ਸਿਰਫ਼ ਸੁਣਨੀ-ਸੁਣਾਉਣੀ ਹੀ ਨਹੀਂ
ਅਮਲ ਵਿਚ ਵੀ ਹੰਢਾਵਾਂਗੇ

ਅਸੀਂ ਤਾਂ ਰਾਹੀ ਹਾਂ / ਗੋਬਿੰਦ ਤੇ ਭਗਤ ਦੇ ਰਾਹ ਦੇ
ਅਸਾਡਾ ਫ਼ੈਸਲਾ ਵੀ ਹੈ ਦੋ ਟੁੱਕ ਹੋਣਾ / ਤੇ ਹੁਣ ਅਸੀਂ ਉਦਾਸ ਮੌਸਮ ਦਾ
ਕਾਰਣ ਹੀ ਨਹੀਂ ਲੱਭਣਾ / ਸਗੋਂ ਚੁਰਾਏ ਪਲਾਂ ਦਾ ਹਿਸਾਬ ਹੈ ਲੈਣਾ

ਕਵੀ ਦੀ ਨਜ਼ਮ ਦਾ ਆਗ਼ਾਜ਼ ਫੌਲਾਦੀ ਹੱਥਾਂ ਦੇ ਤਸੱਵਰ ਤੋਂ ਹੋ ਕੇ ਲੰਬੇ ਅਮਲ ਵਿਚ ਪਏ ਉਨ੍ਹਾਂ ਮਨੁੱਖਾਂ ਦੇ ਕਸ਼ਟਾਂ-ਕਲੇਸ਼ਾਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਦੇ ਸਿਦਕ, ਸਿਰੜ ਅਤੇ ਦ੍ਰਿੜਤਾ ਨੂੰ ਆਪਣੇ ਕਾਵਿ-ਚਿੰਤਨ ਦਾ ਹਿੱਸਾ ਬਣਾਉਂਦਾ ਹੈ, ਜਿਨ੍ਹਾਂ ਨੇ ਜ਼ਿੰਦਗੀ ਨੂੰ ਨਿਵੇਕਲੇ ਨਕਸ਼ ਦੇਣ ਦਾ ਅਹਿਦ ਲਿਆ ਹੈ।

ਕਵਿਤਾ ਦੇ ਮਾਧਿਅਮ ਰਾਹੀਂ ਸਭ ਤੋਂ ਕਠਿਨ ਹੁੰਦਾ ਹੈ ਯਥਾਰਥ ਨੂੰ ਪੇਸ਼ ਕਰਨਾ। ਜ਼ਿੰਦਗੀ ਦੇ ਨਾਲ਼ ਸੰਬੰਧਿਤ ਕਰੂਪ ਨਕਸ਼ਾਂ ਤੋਂ ਪਰਦਾ ਉਠਾਉਣਾ ਵਿਸ਼ੇਸ਼ ਜਾਗ੍ਰਤੀ ਦਾ ਕਾਰਜ ਹੁੰਦਾ ਹੈ। ਹੱਕ ਤੇ ਸੱਚ ਦੀ ਗੱਲ ਕਰਨਾ ਆਮ ਤੌਰ 'ਤੇ ਖ਼ੁਸ਼ਕ ਗੱਲ ਸਮਝੀ ਜਾਂਦੀ ਹੈ। ਰਵਿੰਦਰ ਸਮਕਾਲੀ ਜੀਵਨ ਦੇ ਅਸੰਤੁਲਨ ਨੂੰ ਖੋਜਦਾ, ਪਰਖਦਾ ਅਤੇ ਪੇਸ਼ ਕਰਦਾ ਹੈ। ਉੱਤਰ-ਆਧੁਨਿਕਤਾ ਦੇ ਅਖੌਤੀ ਤੇ ਮਨੁੱਖ ਦੇ ਵੈਰੀ ਪ੍ਰਬੰਧ ਨੇ ਹਰ ਕਿਸੇ ਨੂੰ ਮੰਡੀ ਦਾ ਮਾਲ ਬਣਾ ਦਿੱਤਾ ਹੈ। ਉਹ ਬਾਜ਼ਾਰ ਲਾਈ ਬੈਠੀ ਸੱਤਾ 'ਤੇ ਕਾਬਜ਼ ਧਿਰ ਦੀ ਪਛਾਣ ਵੀ ਕਰਦਾ ਹੈ ਤੇ ਇਸ ਨੂੰ ਚੁਣੌਤੀ ਵੀ ਦਿੰਦਾ ਹੈ:

ਉਨ੍ਹਾਂ ਦੀ ਅੱਖ ਲਈ / ਹਰ ਵਸਤ ਵਿਕਾਊ ਹੈ
ਕਲਮ/ਕਿਤਾਬ/ਸੰਸਥਾ / ਕੁਝ ਵੀ ਨਾਂਅ ਲਉ
ਮੌਕੇ ਮੁਤਾਬਿਕ / ਉਨ੍ਹਾਂ ਦੀ ਹਾਂਅ ਲਉ

ਪਰ ਫਿਰ ਵੀ ਕਦੀ-ਕਦੀ / ਉਨ੍ਹਾਂ ਦੀ ਨੀਂਦ ਉੱਡ ਜਾਂਦੀ ਹੈ
ਤੇ ਇਹ ਗੱਲ ਉਨ੍ਹਾਂ ਨੂੰ / ਦਿਨ ਰਾਤ ਸਤਾਉਂਦੀ ਹੈ
ਕਿ ਉਹ ਖ਼ਰੀਦ ਨਹੀਂ ਸਕਦੇ / ਹਵਾ ਦੀ ਸਰ ਸਰ
ਮਿੱਟੀ ਦੀ ਮਹਿਕ / ਅੱਖਰਾਂ ਦੀ ਲੋਅ

ਹਰ ਬਿਖੜੇ ਸਮੇਂ ਸੱਤਾ ਦੀ ਹੰਕਾਰੀ ਹੋਂਦ ਮੂੰਹ ਭਾਰ ਡਿੱਗੀ ਹੈ। ਕਵੀ ਇਸ ਸੱਚ ਨੂੰ ਜਾਣਦਾ, ਪਛਾਣਦਾ ਅਤੇ ਢੁਕਵੇਂ ਕਾਵਿ-ਮੁਹਾਵਰੇ ਵਿਚ ਪੇਸ਼ ਕਰਦਾ ਹੈ। ਸੱਤਾ ਦੇ ਡਿੱਗਣ ਦਾ ਭਾਵ ਇਹ ਹੈ ਕਿ ਸੱਤਾ ਜੀਵਨ ਦੇ ਅਸਲ ਨਕਸ਼ਾਂ ਨੂੰ ਗੁਆ ਲੈਂਦੀ ਹੈ। ਉਸ ਦੀ ਧਰਾਤਲ ਖੁੱਸ ਜਾਂਦੀ ਹੈ। ਪਦਾਰਥਕ ਬਹੁਲਤਾ ਪਰਯਥਾਰਥਕ ਹੋਂਦ ਨੂੰ ਹੜੱਪ ਕਰ ਲੈਂਦੀ ਹੈ। ਲਹੂ-ਪੀਣੇ ਜਾਨਵਰ ਵਿਚ ਬਦਲ ਕੇ ਇਸ ਦੀ ਸਾਰਥਕਤਾ ਖ਼ਤਮ ਹੋ ਜਾਂਦੀ ਹੈ। ਇਹੀ ਕਾਰਨ ਹੈ ਕਿਸੇ ਬਾਬਰ-ਜਾਬਰ ਦਾ ਨਾਮ ਕਿਸੇ ਨੈਤਿਕਤਾ ਦੇ ਘੇਰੇ ਵਿਚ ਨਹੀਂ ਆਉਂਦਾ। ਕੋਈ ਮਿਟਾਉਂਦਾ ਨਹੀਂ, ਸਮੇਂ ਦੀ ਜ਼ਬਰਦਸਤ ਹਕੀਕਤ ਇਸ ਨੂੰ ਮਾਰ ਦਿੰਦੀ ਹੈ।

ਰਵਿੰਦਰ ਦੀ ਨਜ਼ਮ ਦਾ ਅਸਲ ਚਿਹਰਾ ਇਸ ਯਥਾਰਥ ਵਿੱਚੋਂ ਵੇਖਿਆ ਜਾ ਸਕਦਾ ਹੈ ਕਿ ਸਾਰੇ ਸੰਸਾਰ ਵਿਚ

ਜਮਾਤੀ ਵਿਰੋਧ ਵਿਆਪਕ ਹੈ। ਲੁੱਟਣ ਵਾਲ਼ੇ ਜਿੱਤ ਕੇ ਵੀ ਹਾਰ ਜਾਂਦੇ ਹਨ, ਲੁੱਟੇ ਜਾਣ ਵਾਲ਼ੇ ਹਾਰ ਕੇ ਵੀ ਜਿੱਤ ਜਾਂਦੇ ਹਨ। ਲੁੱਟਣ ਵਾਲ਼ਿਆਂ ਦਾ ਨਾਂ ਕਾਲ਼ੇ ਅੱਖਰਾਂ ਵਿਚ ਲਿਖਿਆ ਜਾਂਦਾ ਹੈ। ਲੁੱਟੇ ਜਾਣ ਵਾਲ਼ੇ ਸੁਨਹਿਰੀ ਅੱਖਰਾਂ ਦੇ ਦਾਅਵੇਦਾਰ ਬਣਦੇ ਹਨ। ਇਹ ਸਿਲਸਿਲਾ ਥੱਲਿਓਂ ਲੈ ਕੇ ਉੱਪਰ ਤੱਕ ਚੱਲਦਾ ਹੈ। ਕੱਟੜਤਾ, ਜਹਾਲਤ, ਗ਼ਰੀਬੀ, ਬੇਈਮਾਨੀ ਅਤੇ ਧੋਖਾਧੜੀ ਕਿਸੇ ਕੁਦਰਤੀ ਵਰਤਾਰੇ ਦਾ ਹਿੱਸਾ ਨਹੀਂ ਸਗੋਂ ਸੱਤਾ ਦੀ ਨਾਜਾਇਜ਼ ਪੈਦਾਇਸ਼ ਹੈ।

ਸੱਤਾ ਦੀ ਧਿਰ ਦਾ ਤਰਾਜ਼ੂ ਹਮੇਸ਼ਾ ਅਸਾਵਾਂ ਰਹਿੰਦਾ ਹੈ ਤੇ ਪੱਲਾ ਹਮੇਸ਼ਾ ਆਪਣੇ ਵੱਲ ਹੀ ਝੁਕਦਾ ਹੈ। ਨਵੀਂ ਸੱਤਾ ਦੇ ਚਿਹਰੇ 'ਤੇ ਚੜ੍ਹਿਆ ਹੋਇਆ ਮਖੌਟਾ ਉਤਾਰਦਿਆਂ ਰਵਿੰਦਰ ਲਿਖਦਾ ਹੈ:

ਬੜੀ ਹੀ ਨਖਰੀਲੀ ਹੈ / ਬੜੀ ਹੀ ਖੇਖਨਹਾਰੀ ਹੈ
ਜੋ ਫਿਰ ਵੀ ਲਾ ਲਾ ਬਹਿੰਦੀ ਹੈ / ਆਏ ਦਿਨ ਅਮਨਾਂ ਦੇ ਦਰਬਾਰ
ਉਂਝ ਅੱਜ-ਕੱਲ੍ਹ ਜਨਾਬ / ਬੜੀ ਚਿੰਤਤ ਹੈ ਸਰਕਾਰ

ਰਵਿੰਦਰ ਕਿਸੇ ਇਕ ਖੇਤਰ ਦੀਆਂ ਸੰਵੇਦਨਾਵਾਂ ਦਾ ਚਿਤੇਰਾ ਨਹੀਂ ਹੈ। ਉਸ ਲਈ ਸਾਰੀ ਧਰਤੀ ਦੇ ਬਾਸ਼ਿੰਦਿਆਂ ਦੀਆਂ ਮੁਸ਼ਕਿਲਾਂ ਦੀ ਸਾਰਥਕਤਾ ਹੈ। ਉਹ ਸਾਰੇ ਬ੍ਰਹਿਮੰਡ ਉੱਤੇ ਥਾਣੇਦਾਰੀ ਕਰਨ ਵਾਲ਼ੀਆਂ ਅੰਨ੍ਹੀਆਂ-ਬੋਲ਼ੀਆਂ ਤਾਕਤਾਂ ਦੀ ਪਛਾਣ ਕਰ ਕੇ ਉਨ੍ਹਾਂ ਦਾ ਨਿਰੀਖਣ ਵੀ ਕਰਦਾ ਹੈ। ਉਹ ਜ਼ਿੰਦਗੀ ਦੀ ਉਸਾਰੀ ਲਈ ਲਕੀਰ ਦੇ ਦੂਜੇ ਪਾਸੇ ਖੜ੍ਹਾ ਆਮ ਲੋਕਾਂ ਦੇ ਨਾਲ਼ ਹੈ। ਉਸ ਦੀ ਪਹੁੰਚ ਰੁੱਖਾਂ ਤੇ ਕਾਮਿਆਂ ਦੇ ਨਕਸ਼ਾਂ ਨੂੰ ਸਮਾਨ ਰੂਪ ਵਿਚ ਉਲੀਕਣ ਦੀ ਹੈ। ਉਹ ਭੈੜੇ ਮੌਸਮਾਂ ਨੂੰ ਪ੍ਰਤੀਕ ਬਣਾ ਕੇ ਉਨ੍ਹਾਂ ਦੀ ਤਲਖ਼ ਹਕੀਕਤ ਨੂੰ ਪੇਸ਼ ਕਰਦਾ ਹੈ। ਉਨ੍ਹਾਂ ਦੀ ਮੁਸ਼ੱਕਤ ਭਰੀ ਜ਼ਿੰਦਗੀ ਦਾ ਜ਼ਿਕਰ ਕਰਦਿਆਂ ਉਹ ਉਨ੍ਹਾਂ ਦਾ ਸ਼ਬਦ-ਚਿੱਤਰ ਉਜਾਗਰ ਕਰਦਾ ਹੈ :

ਵਰ੍ਹਦੇ ਮੀਂਹ ਤੇ ਝੱਖੜਾਂ ਵਿਚ / ਲਿਸ਼ਕਦੀ ਬਿਜਲੀ
ਬਰਫ਼ਬਾਰੀ ਵਿਚ / ਪਿਘਲਦੇ ਲੋਹੇ ਵਾਂਗ ਤਪਦੀ ਧਰਤ
ਤੇ ਫ਼ਰੀਜ਼ਿੰਗ ਟੈਂਪਰੇਚਰ ਜਿਹੇ ਕੱਕਰਾਂ ਵਿਚ / ਬਿਨ ਛਤਰੀ-ਬਰਸਾਤੀਆਂ ਦੇ
ਅਡੋਲ ਖੜ੍ਹੇ ਰਹਿੰਦੇ ਹਨ / ਇਹ ਐਵਰ-ਗਰੀਨ ਰੁੱਖ ਤੇ ਕਾਮੇ

ਰੁੱਖ ਤੇ ਕਾਮੇ ਦੋਵੇਂ ਜੀਵਨ ਦੇ ਸੰਚਾਲਕ ਹਨ। ਰੁੱਖਾਂ ਤੇ ਕਾਮਿਆਂ ਦੀ ਅਣਹੋਂਦ ਵਿਚ ਜੀਵਨ ਨਿਰਾਰਥਕ ਤੇ ਬਦਸੂਰਤ ਬਣ ਸਕਦਾ ਹੈ। ਜ਼ਿੰਦਗੀ ਜਮੂਦ ਵਿਚ ਆ ਸਕਦੀ ਹੈ। ਉਨ੍ਹਾਂ ਦਾ ਲਾਹਾ ਲੈਣ ਵਾਲ਼ਿਆਂ ਦਾ ਸਾਹ ਬੰਦ ਹੋ ਸਕਦਾ ਹੈ। ਜਿਹੜੀ ਗਤੀਮਾਨਤਾ ਨਜ਼ਰ ਆਉਂਦੀ ਹੈ, ਉਸ ਵਿਚ ਖੜੋਤ ਆ ਸਕਦੀ ਹੈ। ਕਵੀ ਰੁੱਖਾਂ ਸੰਬੰਧੀ ਕਾਵਿਕ-ਚਿੱਤਰ ਪੇਸ਼ ਕਰਦਾ ਲਿਖਦਾ ਹੈ :

ਮੈਂ ਤਾਂ ਰੁੱਖਾਂ ਨਾਲ਼ ਗੱਲ ਕਰਾਂਗਾ / ਉਨ੍ਹਾਂ ਦੀ ਚੁੱਪ ਦੀ
ਬੇਚੈਨੀ ਦੀ / ਦਿਨ ਰਾਤ ਹੰਢਾ ਰਹੇ
ਜ਼ਖ਼ਮਾਂ 'ਚ ਭਾਈਵਾਲ ਬਣਾਂਗਾ /ਗੱਲ ਕਰਾਂਗਾ
ਜ਼ਿੰਦਗੀ ਦੀ / ਰੋਟੀ ਦੀ
ਮੁਹੱਬਤ ਦੀ / ਕ੍ਰਾਂਤੀ ਦੀ

ਰਵਿੰਦਰ ਨੂੰ ਇਸ ਦੀ ਸੋਝੀ ਹੈ ਕਿ ਆਧੁਨਿਕਤਾ ਤੇ ਅਖੌਤੀ ਗਲੋਬਲੀ ਨੇੜਤਾ ਦੇ ਨਾਅਰੇ ਦਾ ਗ਼ੁਬਾਰਾ ਫਟ ਚੁੱਕਾ ਹੈ। ਇਸ ਦੀ ਫੂਕ ਨਿਕਲਦਿਆਂ ਇਹ ਅਹਿਸਾਸ ਹੁੰਦਾ ਹੈ ਕਿ ਇਸ ਨੇ ਆਮ ਬੰਦੇ ਦਾ ਕੁਝ ਨਹੀਂ ਸੰਵਾਰਿਆ। ਅਜਿਹੇ ਵਿਕਾਰ ਪੈਦਾ ਕੀਤੇ ਹਨ ਜਿਨ੍ਹਾਂ ਦੇ ਮਕੜ-ਜਾਲ਼ ਤੋਂ ਬਚ ਸਕਣਾ ਸੰਭਵ ਨਹੀਂ ਰਿਹਾ। ਜੀਵਨ-ਗਤੀ ਦੀ ਕੋਈ ਤਰਤੀਬ ਨਹੀਂ ਰਹਿੰਦੀ। ਉੱਤਰ-ਆਧੁਨਿਕਤਾ ਦੀ ਚਿੱਟੀ ਚਾਦਰ ਹੇਠ ਢਕੀ ਹੋਈ ਕਦਰਾਂ-ਕੀਮਤਾਂ ਦੀ ਲਾਸ਼ ਬੋਅ ਮਾਰ ਰਹੀ ਹੈ। ਮਾਨਸਿਕ-ਸੰਵੇਦਨਾ ਲੰਬੇ ਰੁਦਨ ਵਿਚ ਬਦਲ ਜਾਂਦੀ ਹੈ। ਬਹੁਤੇ ਵਰਤਾਰੇ ਊਲ-ਜਲੂਲਤਾ ਦਾ ਸ਼ਿਕਾਰ ਹੋ ਜਾਂਦੇ ਹਨ। ਕਵੀ ਦਾ ਅਜਿਹੀ ਤਸਵੀਰ ਪੇਸ਼ ਕਰਨ ਦਾ ਇਹ ਮੰਤਵ ਨਹੀਂ ਹੈ ਕਿ ਉਹ ਨਿਰਾਸ ਜਾਂ ਉਦਾਸ ਹੈ। ਉਸ ਦੀ ਕਵਿਤਾ ਇਸ ਰਾਹੇ ਵੀ ਤੁਰਦੀ ਹੈ ਕਿ ਉਦਾਸੀ ਦੇ ਹਨੇਰੇ ਵਿੱਚੋਂ ਰੌਸ਼ਨੀ ਲੱਭਣੀ ਹੈ। ਉਹ ਇਹ ਦੱਸਦਾ ਹੈ ਕਿ ਭਟਕਣ ਵਿੱਚੋਂ ਨਿਕਲਣ ਲਈ ਉਸ ਦੀ ਪਛਾਣ ਕਰਨੀ ਸਾਰਥਕ ਹੈ:

ਨਜ਼ਮਾਂ ਦਾ ਰੁੱਸਣਾ / ਰੁੱਸੇ ਯਾਰਾਂ ਦਾ ਚੰਗੇ ਲੱਗਣਾ

ਨਾ ਸੌਣ-ਜਾਗਣ ਦਾ / ਨਾ ਬੋਲਣ-ਚੱਲਣ ਦਾ ਸਲੀਕਾ ਰਹਿੰਦਾ ਹੈ
ਨਾ ਖਾਣ-ਪੀਣ ਦਾ / ਨਾ ਉੱਠਣ-ਬਹਿਣ ਦਾ ਤਰੀਕਾ ਰਹਿੰਦਾ ਹੈ
ਬੇਚੈਨ ਪਲਾਂ ਅੰਦਰ / ਅੱਖਰ ਬਿੱਖਰਦੇ ਲੱਗਦੇ ਹਨ
ਸ਼ਬਦ ਪਿਘਲ਼ੇ-ਪਿਘਲ਼ੇ / ਤੇ ਨਜ਼ਮਾਂ ਰੁੱਸੀਆਂ-ਰੁੱਸੀਆਂ
ਰੁੱਸੇ ਹੋਏ ਯਾਰ ਚੰਗੇ ਲੱਗਦੇ ਹਨ / ਤੇ ਚੰਗੀਆਂ ਯਾਰੀਆਂ 'ਤੇ
ਤਰਸ ਆਉਂਦਾ ਹੈ / ਜਿਨ੍ਹਾਂ 'ਤੇ ਰਸ਼ਕ ਹੁੰਦਾ ਸੀ
ਉਨ੍ਹਾਂ 'ਤੇ ਹਰਖ ਆਉਂਦਾ ਹੈ / ਮਸਤਕ 'ਚ ਸੈਆਂ ਵਿਚਾਰ ਭਿੜਦੇ ਹਨ
ਉਲਟੇ ਖ਼ੂਹ ਗਿੜਦੇ ਹਨ / ਬੇਚੈਨ ਪਲਾਂ ਅੰਦਰ

ਸਾਰੀ ਦੁਨੀਆ ਵਿਚ ਇਹ ਵੇਖਿਆ ਜਾ ਸਕਦਾ ਹੈ ਕਿ ਹੋਰ ਜਮਾਤੀ-ਵੰਡ ਦੇ ਨਾਲ਼-ਨਾਲ਼ ਔਰਤ-ਮਰਦ ਦਾ ਵਖਰੇਵਾਂ ਮਿਟਿਆ ਨਹੀਂ। ਅਖੌਤੀ ਵਿਗਿਆਨਕ ਤੇ ਆਧੁਨਿਕ ਪਹੁੰਚ ਨੇ ਉਸ ਵਖਰੇਵੇਂ ਨੂੰ ਘਟਾਇਆ ਨਹੀਂ। ਰਵਿੰਦਰ ਧੀਆਂ ਦੀ ਹੋਂਦ ਦੀ ਸਾਰਥਕਤਾ ਦੱਸਣ ਲਈ ਖ਼ੂਬਸੂਰਤ ਨਜ਼ਮ 'ਧੀਆਂ' ਰਚਦਾ ਹੈ। ਇਹ ਨਜ਼ਮ ਧੀਆਂ ਬਾਰੇ ਨਕਾਰਾਤਮਕ ਵਿਚਾਰ ਰੱਖਣ ਵਾਲ਼ਿਆਂ ਨੂੰ ਹਨੇਰੇ ਵਿੱਚੋਂ ਕੱਢ ਸਕਦੀ ਹੈ:

ਧੀਆਂ ਘਰ ਆਵਣ ਤਾਂ / ਬਰੂਹਾਂ ਫੁੱਲ-ਪੱਤੀਆਂ ਬਣ ਜਾਵਣ
ਉੱਚੀਆਂ-ਉੱਚੀਆਂ ਕੰਧਾਂ / ਧੀਆਂ ਦੇ ਕੱਦ ਮੂਹਰੇ
ਬੌਣੀਆਂ-ਬੌਣੀਆਂ ਲੱਗਣ

ਧੀਆਂ ਕੋਲ਼ ਹੋਵਣ ਤਾਂ / ਜ਼ਿਹਨ 'ਚ ਖੌਰੂ ਪਾਉਂਦੀਆਂ ਚਿੰਤਾਵਾਂ
ਦੂਰ ਕਿਧਰੇ ਭੱਜ ਜਾਵਣ
ਸ਼ਾਲਾ ! / ਧੀਆਂ ਹਮੇਸ਼ਾ ਹੀ ਹੱਸਦੀਆਂ-ਹੱਸਦੀਆਂ / ਘਰਾਂ ਨੂੰ ਆਵਣ

ਜਿਸ ਪਰਿਵਾਰ ਵਿਚ ਧੀ ਨਹੀਂ, ਉਥੇ ਸਲੀਕਾ ਨਹੀਂ। ਕੋਮਲਤਾ ਨਹੀਂ। ਧੀਆਂ ਬਿਨਾਂ ਸੰਸਾਰ ਦਾ ਸੰਚਾਲਨ ਸੰਭਵ ਨਹੀਂ। ਧੀਆਂ ਦੀ ਹੋਂਦ ਵਿਚ ਜ਼ਿੰਦਗੀ ਗੀਤ ਵਰਗੀ ਬਣ ਜਾਂਦੀ ਹੈ।

ਰਵਿੰਦਰ ਦੀ ਕਾਵਿ-ਰਚਨਾ ਦੇ ਵਸਤੂ-ਸਰੋਕਾਰ ਨਿੱਕੇ ਤੋਂ ਨਿੱਕੇ ਕਣ ਤੋਂ ਲੈ ਕੇ ਬ੍ਰਹਿਮੰਡ ਤਕ ਫੈਲਦੇ ਹਨ। ਧਰਤੀ ਦੇ ਹਰ ਜ਼ੱਰੇ ਦੀ ਉਸ ਲਈ ਸਾਰਥਕਤਾ ਤੇ ਮਹੱਤਤਾ ਹੈ। ਉਹ ਧਰਤੀ ਦੀਆਂ ਸਾਰੀਆਂ ਸ਼ਕਤੀਆਂ ਦੇ ਮਾਲਕ ਵਲੋਂ ਆਪ-ਹੁਦਰੀਆਂ ਕਰਨ ਦੇ ਖ਼ਿਲਾਫ਼ ਹੈ। ਉਸ ਲਈ 'ਮੱਝਾਂ ਚਾਰਦੀ ਕੁੜੀ' ਤੇ 'ਮੌਲ ਵਿਚ ਔਰਤ' ਬੇਹੱਦ ਮਹੱਤਵ ਰੱਖਦੀਆਂ ਹਨ। ਉਸ ਦਾ ਦਿਲ 'ਬੇਘਰੇ ਦੀ ਲਾਸ਼' ਦੇਖਣ 'ਤੇ ਅਫ਼ਸੋਸ ਕਰਦਾ ਹੈ। ਮੌਲ ਵਿਚ ਔਰਤ ਐਸੇ ਸਭਿਆਚਾਰ ਦੀ ਪ੍ਰਤੀਕ ਹੈ ਜਿਸ ਨੇ ਆਮ ਆਦਮੀ ਤੋਂ ਸਭ ਕੁਝ ਖੋਹ ਕੇ ਜਲੌਅ ਪੈਦਾ ਕੀਤਾ ਹੈ। ਉਸ ਜਲੌਅ ਵਿਚ ਆਮ ਆਦਮੀ ਨਿੱਕੇ ਬਾਲ ਵਾਂਙ ਗੁਆਚ ਗਿਆ ਹੈ, ਜਿਸ ਤੋਂ ਸਹਾਰੇ ਖੁੱਸ ਗਏ ਹੋਣ। ਨੇਮ-ਬੱਧ ਤੇ ਗਿਣੇ-ਮਿਥੇ ਹੀਲਿਆਂ ਨਾਲ਼ ਆਮ ਮਨੁੱਖ ਤੋਂ ਉਸ ਦੇ ਸਵੈ-ਸਤਿਕਾਰ ਦੇ ਨਾਲ਼-ਨਾਲ਼ ਸਭ ਕੁਝ ਖੋਹ ਲਿਆ ਗਿਆ ਹੈ। ਕਵੀ ਨੂੰ ਇਸ ਗੱਲ ਦਾ ਬੋਧ ਹੈ ਕਿ ਤਬਦੀਲੀ ਕਰਨ ਲਈ ਜੁੱਟੀਆਂ ਹੋਈਆਂ ਸ਼ਕਤੀਆਂ ਵੀ ਸੰਗਠਿਤ ਨਹੀਂ ਹੋ ਸਕੀਆਂ। ਬਾਵਜੂਦ ਕੁਰਬਾਨੀਆਂ ਦੇ ਕੁਝ ਬਦਲਿਆ ਨਹੀਂ ਪਰ ਫਿਰ ਵੀ ਸੱਚ ਤੇ ਹੱਕ ਦਾ ਸੰਘਰਸ਼ ਕਦੇ ਉੱਕਾ ਮੋਇਆ ਨਹੀਂ।

ਰਵਿੰਦਰ ਦੀ ਕਵਿਤਾ ਦੀ ਅਸਲ ਚੂਲ ਮਨੁੱਖੀ ਬਰਾਬਰੀ, ਆਜ਼ਾਦੀ ਅਤੇ ਸਵੈ-ਸਤਿਕਾਰ ਦੀ ਗੱਲ ਕਰਨਾ ਹੈ। ਉਸਦੀ ਸਮੁੱਚੀ ਕਵਿਤਾ ਵਿਚ ਮਾਨਵਤਾ ਦੇ ਮਸਲਿਆਂ ਦੇ ਹੱਲ ਦੀ ਚਿੰਤਾ ਹੈ। ਉਹ ਸੰਸਾਰ ਦੇ ਅਖੌਤੀ ਜਰਵਾਣੇ ਮੁਲਕ ਦੇ ਉਨ੍ਹਾਂ ਲੋਕਾਂ ਬਾਰੇ ਚਰਚਾ ਕਰਨ ਨੂੰ ਪਹਿਲ ਦਿੰਦਾ ਹੈ। ਵਿਰੋਧਾਭਾਸ ਵਿਚ ਜਿਉਂਦੀ ਭਰਮ ਪਾਲ਼ਦੀ ਸੱਤਾ ਦੀ ਘੋਰ ਬੇਇਨਸਾਫ਼ੀ ਅਤੇ ਸਮਾਜਿਕ ਅਸੰਤੁਲਨ ਨੂੰ ਚਿਤਰਦਿਆਂ ਉਹ ਲਿਖਦਾ ਹੈ :

ਚਲੋ ਕੋਈ ਗੱਲ ਕਰੀਏ / ਜੋ 'ਵਾਈਟ ਹਾਊਸ' ਮੂਹਰੇ
ਭੀਖ ਮੰਗਦੇ / ਕੈਪੀਟਲ ਹਿਲ ਦੀਆਂ
ਪੌੜੀਆਂ 'ਤੇ ਸੁੱਤੇ / ਪਲਸੇਟੇ ਮਾਰਦੇ ਹਿੱਲਦੇ
ਜਾਂ ਹੋਮਲੈੱਸ ਸ਼ੈੱਲਟਰਾਂ 'ਚ / ਬੇਘਰੇ ਲੋਕਾਂ ਦੇ ਹਾਣ ਦੀ ਹੋਵੇ
ਜੋ ਦੋ ਮਹਾ-ਪਖੰਡੀਆਂ ਦੀ / ਅੰਦਰੂਨੀ ਸੰਧੀ ਨੂੰ ਜਾਣਦੀ ਹੋਵੇ

ਚਲੋ ਕੋਈ ਗੱਲ ਕਰੀਏ / ਬਲਦਾਂ ਦਿਆਂ ਗਲ਼ਾਂ 'ਚ ਹਿੱਲਦੀਆਂ
ਟੱਲੀਆਂ ਦੀ ਛਣਕਾਰ ਜਿਹੀ / ਆੜ 'ਚ ਵਗਦੇ ਪਾਣੀ ਦੀ
ਰਵਾਨੀ ਜਿਹੀ / ਅਸਮਾਨੀ ਬਿਜਲੀ ਦੀ ਰਫ਼ਤਾਰ ਜਿਹੀ
ਮਹਿਬੂਬ ਨੂੰ ਦਿੱਤੇ / ਪਹਿਲੇ ਚੁੰਮਣ ਜਿਹੀ
ਤੇ ਘਰ ਦੀ ਕੱਢੀ / ਪਹਿਲੇ ਤੋੜ ਦੀ ਦਾਰੂ ਜਿਹੀ

ਇਸ ਕਵਿਤਾ ਵਿਚ ਕਵੀ ਨਿਖੇਧ ਦੇ ਕਰੂਪ ਚਿਹਰੇ ਦੀ ਪਛਾਣ ਕਰਦਿਆਂ ਉਨ੍ਹਾਂ ਕਵੀਆਂ ਦੀ ਗੱਲ ਵੀ ਛੇੜਦਾ ਹੈ ਜਿਨ੍ਹਾਂ ਨੇ ਮਨੁੱਖਤਾ ਨਾਲ਼ ਜੁੜੀ ਹੋਈ ਤਲਖ਼ ਹਕੀਕਤ ਨੂੰ ਚਿਤਰਦਿਆਂ ਜ਼ਿੰਦਗੀ ਵਿਚ ਉਸਾਰੂ ਪਰਵਿਰਤੀ ਦੀਆਂ ਆਸਾਂ-ਉਮੀਦਾਂ ਨੂੰ ਜਗਾਉਂਦਿਆਂ ਆਪਣਾ ਜੀਵਨ ਲਾ ਦਿੱਤਾ :

ਚਲੋ ਕੋਈ ਗੱਲ ਕਰੀਏ / ਫ਼ੈਜ਼ ਦਿਆਂ ਸ਼ਿਅਰਾਂ ਜਿਹੀ
ਸਾਹਿਰ ਦੀ ਨਜ਼ਮ ਵਰਗੀ / ਉਦਾਸੀ ਦੀ ਹੇਕ ਜਿਹੀ
ਪਾਸ਼ ਦਿਆਂ ਬਿੰਬਾਂ ਵਰਗੀ / ਗੱਲ ਜੋ
ਸਿਰਫ਼ ਗੱਲ ਹੀ ਨਾ ਹੋਵੇ / ਸਗੋਂ / ਗੱਲ ਦਾ ਹੱਲ ਵੀ ਹੋਵੇ...

ਰਵਿੰਦਰ ਦੀ ਕਾਵਿ-ਰਚਨਾ ਦਾ ਸਫ਼ਰ 1980 ਤੋਂ ਲੈ ਕੇ ਹੁਣ ਤੱਕ ਫੈਲਿਆ ਹੋਇਆ ਹੈ। ਇਹ ਸਮਾਂ ਵਿਸ਼ੇਸ਼ ਤੌਰ 'ਤੇ ਪੰਜਾਬ ਦੀ ਧਰਤੀ ਲਈ ਹੋਣੀਆਂ ਭਰਪੂਰ ਰਿਹਾ ਹੈ। ਇਸ ਸਮੇਂ ਦੇ ਪੰਜਾਬ ਦਾ ਇਤਿਹਾਸ ਕੱਟੜਵਾਦੀ ਸਿਆਸਤ ਦਾ ਸ਼ਿਕਾਰ ਰਿਹਾ ਹੈ। 1978 ਤੋਂ ਲੈ ਕੇ ਲਗਾਤਾਰ ਪੰਜਾਬ ਦੀ ਧਰਤੀ 'ਤੇ ਲੋਕਾਂ ਨੇ ਜਿਹੜਾ ਸੰਤਾਪ ਹੰਢਾਇਆ ਹੈ ਉਸ ਦੀ ਗਹਿਰਾਈ ਤੇ ਘਣਤਾ ਦਾ ਕੋਈ ਠੋਸ ਅਨੁਮਾਨ ਨਹੀਂ ਲਾਇਆ ਜਾ ਸਕਦਾ। ਪੰਜਾਬ ਦੇ ਪਿੰਡੇ 'ਤੇ ਜਿਹੜੀਆਂ ਲਾਸਾਂ ਇਸ ਸਮੇਂ ਦੇ ਜਾਬਰਾਂ ਨੇ ਪਾਈਆਂ ਉਨ੍ਹਾਂ ਦਾ ਦਰਦ ਕਦੇ ਵੀ ਮਿਟ ਨਹੀਂ ਸਕਿਆ। ਰਵਿੰਦਰ ਨੇ ਇਸ ਦਰਦ ਭਰੀ ਦਾਸਤਾਨ ਨੂੰ ਕਈ ਕਵਿਤਾਵਾਂ ਵਿਚ ਚਿਤਰਿਆ ਹੈ। ਤਹਿਸ-ਨਹਿਸ ਹੋਈ ਸਮਾਜਿਕ, ਧਾਰਮਿਕ ਅਤੇ ਸਭਿਆਚਾਰਕ ਜ਼ਿੰਦਗੀ ਬਾਰੇ ਕਰੁਣਾ ਵਿਚ ਭਿੱਜੇ ਉਸ ਦੇ ਬੋਲ ਹਨ :

ਉੱਜੜੇ ਤੇਰੇ ਖੇਤ / ਨੀ ਧਰਤ ਪੰਜਾਬ ਦੀਏ
ਹੱਸਦੇ-ਵੱਸਦੇ ਘਰਾਂ ਦੇ / ਅੰਦਰ ਛਾ ਗਏ ਜਿਵੇਂ ਪ੍ਰੇਤ / ਨੀ ਧਰਤ ਪੰਜਾਬ ਦੀਏ

ਭੈਣਾਂ ਦੇ ਅੱਜ ਕੇਸ ਨੇ ਖੁੱਲ੍ਹੇ / ਅੱਗ ਨਾ ਜਲ਼ਦੀ ਤੇਰੇ ਚੁੱਲ੍ਹੇ
ਬਾਪ ਦੇ ਸੀਨੇ ਛੇਕ / ਨੀ ਧਰਤ ਪੰਜਾਬ ਦੀਏ

ਰਾਜ-ਭਾਗ ਨੂੰ ਚੰਬੜੇ ਚੋਰ / ਧਰਮ ਦੇ ਨਾਂ 'ਤੇ ਪੈਂਦਾ ਸ਼ੋਰ
ਖ਼ੂਨ 'ਚ ਲਿਬੜੀ ਰੇਤ / ਨੀ ਧਰਤ ਪੰਜਾਬ ਦੀਏ

ਪੰਜਾਬ ਤੋਂ ਤੁਰਦੀ ਉਸ ਦੀ ਕਵਿਤਾ ਧਰਤੀ ਦੀ ਕਿਸੇ ਵੀ ਨੁੱਕਰ 'ਤੇ ਅਨਿਆਂ ਤੇ ਝੂਠ 'ਤੇ ਆਧਾਰਿਤ ਜੰਗ ਕਾਰਨ ਮਨੁੱਖੀ ਹਿਰਦੇ ਦੀ ਚੀਸ ਨੂੰ ਆਪਣੇ ਵਿਲੱਖਣ ਅੰਦਾਜ਼ 'ਚ ਚਿੱਤਰਦੀ ਹੈ। 'ਖਾੜੀ ਦੀ ਜੰਗ' ਨਜ਼ਮ ਨਿੱਕੀ ਬੱਚੀ, ਪਤਨੀ, ਮਾਂ ਅਤੇ ਹਮਲਾਵਰਾਂ ਦੇ ਨਾਟਕੀ ਬਿਆਨ 'ਤੇ ਆਧਾਰਿਤ ਹੈ। ਇਸ ਕਵਿਤਾ 'ਤੇ ਆਧਾਰਿਤ ਇਕ ਦਸਤਾਵੇਜ਼ੀ ਫ਼ਿਲਮ ਤਿਆਰ ਕੀਤੀ ਜਾ ਸਕਦੀ ਹੈ। ਨਿੱਕੀ ਬੱਚੀ ਬਾਪ ਦੀ ਉਡੀਕ ਵਿਚ ਹੈ। ਉਹ ਖਿਡਾਉਣੇ ਨਹੀਂ, ਪਿਤਾ ਦਾ ਵਿਛੋੜਾ ਝੱਲ ਰਹੀ ਹੈ। ਪਤਨੀ ਦੀ ਨਜ਼ਰ ਵਿਚ ਖਾੜੀ ਜੰਗ ਦੇ ਮੁੱਕਣ ਦਾ ਵਿਸ਼ਵਾਸ ਉਹ ਓਦੋਂ ਹੀ ਕਰੇਗੀ ਜਦ ਪਤੀ ਦੀ ਮੁਹੱਬਤ ਉਸ ਨੂੰ ਮਿਲੇਗੀ। ਮਾਂ ਦੀ ਨਜ਼ਰ ਵਿਚ ਜੰਗ ਉਦੋਂ ਹੀ ਮੁੱਕੇਗੀ ਜਦ ਉਸ ਦਾ ਪੁੱਤਰ ਦਰਾਂ 'ਤੇ ਦਸਤਕ ਦੇਵੇਗਾ। ਹਮਲਾਵਰਾਂ ਦਾ ਸੱਚ ਆਪੋ-ਆਪਣਾ ਹੈ ਪਰ ਦੋਹਾਂ ਦਾ ਸੱਚ ਕੂੜ ਦੇ ਕੂੜੇ ਨਾਲ਼ ਭਰਿਆ ਪਿਆ ਹੈ :

ਇਕ ਕਹਿੰਦਾ / ਸਾਡੀ ਲੜਾਈ ਮਨੁੱਖਤਾ ਦੀ
ਦੂਜਾ ਕਹੇ / ਸਾਡੇ ਧਰਮ ਨੂੰ ਖ਼ਤਰਾ
ਮਨੁੱਖਤਾ ਦੀ ਅੱਖ ਵਿਚ / ਦੋਵੇਂ ਝੂਠੇ, ਦੋਵੇਂ ਦੋਸ਼ੀ / ਤੇ ਦੋਵੇਂ ਹਮਲਾਵਰ

ਰਵਿੰਦਰ ਲਈ ਉਹ ਸਮਾਂ ਬੇਹੱਦ ਯਾਦ ਰੱਖਣ ਯੋਗ ਹੈ, ਜਿਹੜਾ ਉਸ ਨੇ ਸੰਕਟ ਵਿਚ ਗੁਜ਼ਾਰਿਆ। ਉਨ੍ਹਾਂ ਛਿਣਾਂ ਨੂੰ ਕਾਵਿ ਦਾ ਹਿੱਸਾ ਬਣਾਉਂਦਿਆਂ ਉਹ ਆਪਣੇ ਮਿੱਤਰ ਕਮਲਜੀਤ ਦੇ ਨਾਂ ਕਰਦਾ ਹੋਇਆ ਲਿਖਦਾ ਹੈ:

ਜਦੋਂ ਨਾ ਕੋਈ ਅਕੇਵਾਂ ਹੁੰਦਾ ਸੀ ਨਾ ਥਕੇਵਾਂ / ਮੱਕੀ ਦੇ ਖੇਤਾਂ 'ਚ ਗੋਡੀ ਕਰਨਾ
ਤੇ ਮਿੱਟੀ ਦੀ ਖ਼ੁਸ਼ਬੋ ਨੂੰ / ਸਾਹਾਂ ਵਿਚ ਸਮੋ ਲੈਣਾ
ਉੱਚੀ-ਉੱਚੀ ਹੱਸਦਿਆਂ- / ਫ਼ਸਲਾਂ ਦੇ ਨਾਲ਼ ਗੱਲਾਂ ਕਰਨੀਆਂ
ਕਿੰਨੇ ਹੁਸੀਨ ਦਿਨ ਸਨ ਉਹ

ਹੁਣ ਤਾਂ ਸੁਣਦੇ ਹਾਂ / ਕਿ ਖੇਤਾਂ 'ਚੋਂ ਲਾਵਾਰਿਸ
ਲਾਸ਼ਾਂ ਦੀ ਬੋਅ ਆਉਂਦੀ ਹੈ / ਪਤਾ ਨਹੀਂ ਕਦੋਂ ਪਰਤਣਗੇ ਉਹ ਦਿਨ?
ਬਸ ਬੀਤੇ ਦੀਆਂ ਯਾਦਾਂ ਨੂੰ / ਯਾਦ ਕਰਦਾ ਹੋਇਆ
ਤੇਰੀ ਸਿਹਤਯਾਬੀ ਲਈ ਦੁਆ ਕਰਦਾ ਹਾਂ

ਰਵਿੰਦਰ ਦੀ ਕਵਿਤਾ ਵਿਚ ਜੀਵਨ ਦੀ ਵੰਨ-ਸੁਵੰਨਤਾ ਹੈ। ਉਹ ਵਿਅਕਤੀ ਤੋਂ ਤੁਰਦਿਆਂ ਪਰਿਵਾਰ, ਸਮਾਜ, ਸਭਿਆਚਾਰ ਅਤੇ ਸਮੁੱਚੀ ਲੋਕਾਈ ਨੂੰ ਸਾਰਥਕ ਨਜ਼ਰ ਨਾਲ਼ ਵੇਖਦਾ ਹੈ। ਉਸ ਲਈ ਜਰਵਾਣੇ ਦਾ ਨਿਖੇਧ ਅਤੇ ਆਮ ਮਨੁੱਖ ਦੀ ਸਾਕਾਰਤਮਕਤਾ ਹੈ। ਉਹ ਬਾਹੂਬਲੀਆਂ ਨੂੰ ਕਰੜਾਈ ਨਾਲ਼ ਰੱਦ ਕਰਦਾ ਹੈ। ਉਸ ਦੀ ਕਵਿਤਾ ਦੇ ਵਸਤੂ ਦੀ ਵਿਵਿਧਤਾ ਉਸ ਦਾ ਹਾਸਿਲ ਹੈ। ਉਹ ਭੂਤ, ਭਵਿੱਖ ਅਤੇ ਵਰਤਮਾਨ ਨੂੰ ਇਕ ਲੜੀ ਵਿਚ ਵੇਖਦਾ ਹੈ। ਉਹ ਪਿੰਡ, ਸ਼ਹਿਰ, ਸੂਬੇ ਅਤੇ ਦੇਸ਼ ਤੋਂ ਤੁਰਦਿਆਂ ਧਰਤੀ ਦੇ ਜ਼ਖ਼ਮਾਂ ਦੀ ਵੀ ਬਾਤ ਪਾਉਂਦਾ ਹੈ।

'ਧਰਤੀ ਦਾ ਗੀਤ' ਇਸ ਪੱਖ ਤੋਂ ਖ਼ੂਬਸੂਰਤ ਰਚਨਾ ਹੈ। ਧਰਤੀ ਦਾ ਮਾਨਵੀਕਰਣ ਕਰਦਿਆਂ ਉਹ ਲਿਖਦਾ ਹੈ :

ਸੁਣਿਓਂ ਵੇ ਸੁਣਿਓਂ / ਮੇਰੇ ਜ਼ਖ਼ਮਾਂ ਦੀ ਬਾਤ ਵੇ
ਧਰਤੀ ਨਿਮਾਣੀ ਪਈ / ਕਰੇ ਵਿਰਲਾਪ ਵੇ
ਰਲ ਗਈ ਹੈ ਜ਼ਹਿਰ ਜਿਵੇਂ / ਅੰਦਰ ਹਵਾਵਾਂ ਦੇ
ਦੱਬ ਰਹੇ ਨੇ ਗਲ਼ੇ ਖ਼ੁਦ / ਭਰਾ ਹੀ ਭਰਾਵਾਂ ਦੇ
ਚੰਦਰੀ ਵਬਾ ਕੋਲੋਂ ਮਿਲੂ / ਕਦ ਨਿਜਾਤ ਵੇ

ਦੁੱਖਾਂ ਦੀ ਕਹਾਣੀ ਲੰਮੀ ਤੇ ਲਗਾਤਾਰ ਹੈ। ਧਰਤੀ, ਬਨਸਪਤੀ, ਪਾਣੀ, ਜੰਗਲ਼ ਸਭ ਲੋਕ-ਦੋਖੀਆਂ ਦੇ ਕਬਜ਼ੇ ਵਿਚ ਆ ਗਏ ਹਨ। ਕਵੀ ਨੇ ਅਨੇਕਾਂ ਨਜ਼ਮਾਂ ਵਿਚ ਇਸ ਸਥਿਤੀ ਬਾਰੇ ਕਰੁਣਾਮਈ ਪੇਸ਼ਕਾਰੀ ਕੀਤੀ ਹੈ। ਜਰਵਾਣਿਆਂ ਦੀਆਂ ਕਾਲ਼ੀਆਂ ਕਰਤੂਤਾਂ ਦਾ ਸਿਲਾ ਆਮ ਲੋਕਾਂ ਨੂੰ ਭੁਗਤਣਾ ਪੈ ਰਿਹਾ ਹੈ। ਭਰਾ-ਮਾਰੂ ਜੰਗਾਂ ਦਾ ਕਦੇ ਵੀ ਸਾਰਥਕ ਸਿੱਟਾ ਨਹੀਂ ਨਿਕਲ਼ਿਆ। 'ਗੀਤ' ਦੇ ਸਿਰਲੇਖ ਹੇਠ ਉਹ ਲਿਖਦਾ ਹੈ :

ਉਹ ਜੰਗ ਭਲਾ ਕਾਹਦੀ ਹੋਈ / ਜਿਸ ਨੂੰ ਜਿੱਤ ਨਾ ਸਕਿਆ ਕੋਈ
ਸੌ-ਸੌ ਪੁੱਤਰ ਮਰਾਵਣ ਪਿੱਛੋਂ

......

ਵੇ ਲੋਕਾ / ਇਹ ਕਿਹੀਆਂ ਰੁੱਤਾਂ ਆਈਆਂ

'ਕਾਗਦ, ਕਲਮ ਕਿਤਾਬ' ਸੰਗ੍ਰਹਿ ਵਿਚ 1980 ਤੋਂ 2007 ਤੱਕ ਦੀ ਉਸ ਦੀ ਸਮੁੱਚੀ ਕਵਿਤਾ ਸ਼ਾਮਿਲ ਹੈ। ਇਸ ਸੰਗ੍ਰਹਿ ਵਿਚਲੀਆਂ ਚਾਰ ਪੁਸਤਕਾਂ ਵਿਚ ਵਿਸ਼ਾ-ਵਸਤੂ ਦੇ ਪੱਖ ਤੋਂ ਲਗਾਤਾਰ ਵਿਕਾਸ ਕਰਦਾ ਹੈ। ਜਿਉਂ-ਜਿਉਂ ਉਸ ਦਾ ਅਨੁਭਵ ਅਮੀਰ ਹੁੰਦਾ ਹੈ ਤਿਉਂ-ਤਿਉਂ ਉਸ ਦੀ ਨਜ਼ਮ ਬਹੁਮੁਖੀ ਜੀਵਨ ਦੇ ਹਾਣ ਦੀ ਹੋਈ ਜਾਂਦੀ ਹੈ। ਕਾਵਿ-ਯਾਤਰਾ ਵਿਚ ਉਹ ਕਦੇ ਪਿੰਡ ਦੀ ਗੱਲ ਕਰਦਾ ਹੈ, ਕਦੇ ਖੇਤਾਂ ਵਿਚ ਕੰਮ ਕਰਦੇ ਕਿਰਸਾਨਾਂ ਦੀ ਬਾਤ ਪਾਉਂਦਾ ਹੈ। ਬਦਲਦੇ ਹੋਏ ਜੀਵਨ ਦੇ ਅਨੇਕਾਂ ਰੰਗਾਂ ਦੀ ਪੇਸ਼ਕਾਰੀ ਕਰਦਾ ਹੈ। ਉਹ ਚਿੰਤਤ ਹੈ ਹਰ ਉਸ ਬੰਦੇ ਲਈ ਜੋ ਲੁੱਟ-ਖੋਹ ਦਾ ਸ਼ਿਕਾਰ ਹੁੰਦਾ ਹੈ। ਉਹ ਚਿੰਤਤ ਹੈ ਬਦਲਦੇ ਪਿੰਡਾਂ, ਸ਼ਹਿਰਾਂ, ਦੇਸਾਂ ਤੇ ਪੂਰੇ ਬ੍ਰਹਿਮੰਡ ਲਈ। ਉਹ ਅਮਰੀਕਾ ਵਰਗੇ ਬਾਹੂਬਲੀ ਦੇਸ਼ ਦੀ ਹਕੀਕਤ ਨੂੰ ਪਛਾਣਦਾ ਹੈ। ਉਹ ਜਾਗਦਾ ਹੈ, ਉਸ ਦੀ ਕਵਿਤਾ ਜਾਗਦੀ ਹੈ। ਉਸ ਦੀ ਰਚਨਾ ਨੂੰ ਵੇਖਦਿਆਂ ਇਹ ਕਿਹਾ ਜਾ ਸਕਦਾ ਹੈ ਕਿ ਉਹ ਲਗਾਤਾਰ ਹੀਣੇ ਸਮਝੇ ਜਾਂਦੇ ਲੋਕਾਂ ਨਾਲ਼ ਖੜ੍ਹਾ ਹੈ। ਉਸ ਦੀ ਕਵਿਤਾ ਵਿਚ ਸਿਦਕ, ਸਿਰੜ ਅਤੇ ਦ੍ਰਿੜਤਾ ਦੇ ਮਿਲੇ-ਜੁਲੇ ਰੰਗ ਮੌਜੂਦ ਹਨ। ਉਚੇਚ ਤੋਂ ਬਿਨਾਂ ਉਹ

ਸਹਿਜ-ਸੁਭਾਅ ਕਵਿਤਾ ਕਹਿਣੀ ਜਾਣਦਾ ਹੈ। ਸ਼ਬਦ-ਚੋਣ, ਪ੍ਰਤੀਕਾਂ, ਅਲੰਕਾਰਾਂ ਦੇ ਪੱਖ ਤੋਂ ਉਹ ਬੇਮਿਸਾਲ ਨਜ਼ਰ ਆਉਂਦਾ ਹੈ। ਗ਼ਜ਼ਲਾਂ ਤੇ ਗੀਤਾਂ ਵਿਚ ਉਹ ਨਿਵੇਕਲਾ ਤੇ ਨਿਆਰਾ ਹੈ। ਗ਼ਜ਼ਲ ਦੀ ਬਣਤਰ ਬਾਰੇ ਆਮ ਧਾਰਨਾ ਨੂੰ ਤੋੜਦਾ ਹੋਇਆ ਉਹ ਪੂਰੀ ਗ਼ਜ਼ਲ ਵਿਚ ਲਗਾਤਾਰਤਾ ਤੇ ਅਰਥਾਂ ਦੀ ਸਮੁੱਚਤਾ ਦਾ ਧਾਰਨੀ ਹੈ।

ਕੁਝ ਆਲੋਚਕਾਂ ਨੂੰ ਜਾਪਦਾ ਹੈ ਕਿ ਉਹ ਬਿਰਤਾਂਤ ਆਧਾਰਿਤ ਕਵਿਤਾ ਲਿਖਦਾ ਹੈ। ਪਰ ਮੈਨੂੰ ਨਜ਼ਰ ਆਉਂਦਾ ਹੈ ਕਿ ਬਿਰਤਾਂਤ ਨੂੰ ਨਿਆਰੇ ਅਰਥ ਦੇਣ ਵਿਚ ਹੀ ਉਸਦੀ ਪਛਾਣ ਹੈ।

ਸਮੁੱਚੇ ਤਾਣੇ-ਬਾਣੇ ਦੀ ਊਲ-ਜਲੂਲਤਾ ਤੇ ਨਿਰਾਰਥਕ ਦੱਸਣ ਲਈ ਉਹ ਵੱਖ-ਵੱਖ ਸ਼ਹਿਰਾਂ ਦੇ ਪ੍ਰਤੀਕ ਚੁਣਦਾ ਹੈ। ਕੋਈ ਵੀ ਸ਼ਹਿਰ, ਕੋਈ ਵੀ ਦੇਸ ਜਾਂ ਕੋਈ ਵੀ ਵਿਅਕਤੀ ਵੱਡੇ ਪੱਧਰ 'ਤੇ ਲੀਹੋਂ ਲਹਿ ਚੁੱਕੀ ਜ਼ਿੰਦਗੀ ਦਾ ਪ੍ਰਤੀਕ ਹੋ ਸਕਦਾ ਹੈ। 'ਘਟਨਾਵਾਂ-ਦਰ-ਘਟਨਾਵਾਂ' ਕਵਿਤਾ ਵਿਚ ਜ਼ਿੰਦਗੀ ਦੇ ਉੱਖੜ ਚੁੱਕੇ ਨਕਸ਼ਾਂ ਦਾ ਚਿੱਤਰ ਪੇਸ਼ ਕਰਦਾ ਹੈ :

ਇਕ ਆਖੇ- / ਇਹ ਧਰਤੀ ਸਾਡੀ
ਤੇਰਾ ਤਾਂ ਇਹ / ਦੇਸ ਹੀ ਨਹੀਓਂ
ਤੇਰੀ ਏਥੇ / ਦਾਲ਼ ਨਹੀਂ ਗਲਣੀ
ਸਿਰ ਤੇਰੇ 'ਤੇ / ਕੇਸ ਹੀ ਨਹੀਓਂ

ਦੂਜਾ ਆਖੇ / ਹੋ ਨਹੀਂ ਸਕਦਾ
ਤੂੰ ਵੀ ਮੇਰਾ ਸੱਚਾ ਆੜੀ / ਸਿਰ ਤੇਰੇ 'ਤੇ
ਪਗੜੀ ਬੱਝੀ / ਮੂੰਹ ਤੇਰੇ ਤੇ ਉੱਗੀ ਦਾੜ੍ਹੀ

ਵਾਸ਼ਿੰਗਟਨ ਡੀ. ਸੀ. ਬਾਰੇ ਲਿਖਦਿਆਂ ਉਹ ਆਪ ਹੀ ਸਪੱਸ਼ਟ ਕਰ ਦਿੰਦਾ ਹੈ ਕਿ ਕਿਸੇ ਵੀ ਦੇਸ ਦੀ ਰਾਜਧਾਨੀ ਦੇ ਨਕਸ਼ ਇਸੇ ਤਰ੍ਹਾਂ ਦੇ ਬੇਸੁਰੇ ਹੋ ਸਕਦੇ ਹਨ :

ਇਹ ਸ਼ਹਿਰ, ਸ਼ਹਿਰ ਨਹੀਂ ਰਿਹਾ / ਜੰਗਲ਼ ਬਣ ਗਿਆ ਹੈ
ਜਿਸ ਵਿਚ / ਮਾਸਖੋਰੇ ਜਾਨਵਰ ਰਾਜ ਕਰਦੇ ਹਨ
ਤੇ ਰਾਜ ਦੇ ਨਸ਼ੇ ਵਿਚ / ਜਦੋਂ ਉਹ ਦਹਾੜਦੇ ਹਨ
ਪਰਿੰਦੇ ਆਲ੍ਹਣੇ ਛੱਡ / ਪਰਵਾਜ਼ ਭਰਦੇ ਹਨ

ਕਵੀ ਬਾਲਟੀਮੋਰ ਸ਼ਹਿਰ ਨੂੰ ਪ੍ਰਤੀਕ ਵਜੋਂ ਚੁਣਦਿਆਂ ਵਰਗੀਕਰਨ ਦੇ ਬਦਲੇ ਤੇ ਵਿਰਕਤ ਹੋਏ ਨਕਸ਼ਾਂ ਨੂੰ ਉਜਾਗਰ ਕਰਦਾ ਹੈ। ਸਰਮਾਏਦਾਰੀ ਤੇ ਵਪਾਰੀਕਰਨ ਦੇ ਸਿੱਟੇ ਵਜੋਂ ਜੀਵਨ-ਮੁੱਲਾਂ ਦੇ ਗੁੰਮ ਹੋ ਜਾਣ ਦਾ ਕਹਿਰ ਵਾਪਰਦਾ ਹੈ। ਵੇਖਦਿਆਂ-ਵੇਖਦਿਆਂ ਅੰਮ੍ਰਿਤ ਜ਼ਹਿਰ ਵਿਚ ਬਦਲ ਜਾਂਦਾ ਹੈ। ਪੱਥਰਾਂ ਦੇ ਜੰਗਲ ਵਿਚ ਤਬਦੀਲ ਹੋ ਕੇ ਕੋਈ ਵੀ ਸ਼ਹਿਰ ਨਿਰ-ਆਤਮ ਹੋ ਜਾਂਦਾ ਹੈ। ਸ਼ਹਿਰ ਦੀ ਹੋਂਦ ਜੇ ਸੰਤੁਲਿਤ ਹੋਵੇ ਤਾਂ ਪਦਾਰਥਕ ਹੋਣ ਦੇ ਨਾਲ਼-ਨਾਲ਼ ਪਰਮਾਰਥਕ ਵੀ ਹੁੰਦੀ ਹੈ। ਰਾਜਸੀ ਸੱਤਾ ਦੇ ਰਸਾਤਲ ਵਿਚ ਜਾਣ ਨਾਲ਼ ਪਰਿਵਾਰ, ਸਮਾਜ, ਸਭਿਆਚਾਰ, ਧਰਮ, ਵਪਾਰ ਵਿਚ ਨਿਖੇਧ ਪਰਿਵੇਸ਼ ਕਰ ਜਾਂਦਾ ਹੈ। ਕਵੀ ਪ੍ਰਤੀਕ ਵਜੋਂ ਪਿੰਡ, ਵਾਸ਼ਿੰਗਟਨ ਡੀ. ਸੀ., ਬਾਲਟੀਮੋਰ ਅਤੇ ਹੋਰ ਵੀ ਕਈ ਸ਼ਹਿਰਾਂ ਨੂੰ ਆਪਣੀ ਨਜ਼ਮ ਦਾ ਵਸਤੂ ਬਣਾਉਂਦਾ ਹੈ। ਹਕੀਕਤ ਇਹ ਹੈ ਕਿ ਉਹ ਥਾਵਾਂ ਦੇ ਓਹਲੇ ਵਿਚ ਕੁ-ਪ੍ਰਬੰਧਾਂ ਦੀ ਤਿੱਖੀ ਆਲੋਚਨਾ ਕਰਦਾ ਹੈ। ਬਾਲਟੀਮੋਰ ਬਾਰੇ ਲਿਖਦਿਆਂ ਉਹ ਖ਼ੂਬਸੂਰਤੀ, ਤਰੱਕੀ ਅਤੇ ਪ੍ਰਾਪਤੀਆਂ ਦੇ ਬਾਵਜੂਦ ਮਨੁੱਖ-ਮਾਰੂ ਸਥਿਤੀਆਂ ਨੂੰ ਵੇਖਦਾ ਜਾਂ ਪਛਾਣਦਾ ਤੇ ਸਿਰਜਦਾ ਹੈ। ਵਿਕਾਸ ਦੇ ਦਾਅਵੇਦਾਰ ਵਿਨਾਸ਼ ਦਾ ਸਾਮਾਨ ਹੀ ਬਣਾ ਰਹੇ ਹਨ। ਵਜੂਦ ਕਾਇਮ ਰਹਿੰਦਾ ਹੈ ਪਰ ਆਤਮਾ ਮਰ ਜਾਂਦੀ ਹੈ। ਖ਼ੂਬਸੂਰਤੀ ਦੇ ਓਹਲੇ ਹੇਠਲੀਆਂ ਪਰਤਾਂ ਨੂੰ ਉਹ ਸੂਖਮ ਦ੍ਰਿਸ਼ਟੀ ਨਾਲ਼ ਦੇਖਦਾ ਹੈ ਤੇ ਨਿਰਾਰਥਕਤਾ ਨੂੰ ਪਛਾਣਦਾ ਹੈ। ਚਿੱਟੀ-ਸਫੈਦ ਚਾਦਰ ਹੇਠ ਲੁਕਿਆ ਹੋਇਆ ਕਰੂਪ ਉਸਾਰ ਉਜਾਗਰ ਕਰਦਾ ਹੈ:

ਬਾਲਟੀਮੋਰ / ਮੇਰੇ ਪਿਆਰੇ ਸ਼ਹਿਰ
ਤੈਨੂੰ ਕਿਸ ਰਿਸ਼ਤੇ ਨਾਲ਼ ਸੰਬੋਧਿਤ ਹੋਵਾਂ / ਹਾਰਬਰ 'ਚ ਤੈਰਦੀਆਂ ਕਿਸ਼ਤੀਆਂ
ਤੇ ਵਾੜ ਵਾਂਗ ਖੜ੍ਹੀਆਂ / ਦਿਉ ਕੱਦ ਸੁੰਦਰ ਇਮਾਰਤਾਂ

ਜਾਂ ਖ਼ੂਬਸੂਰਤ ਸੈਲਾਨੀਆਂ ਦੇ ਚਿਹਰੇ ਤੱਕਦਾ ਹਾਂ / ਤਾਂ ਤੂੰ ਨਿਰਾ-ਪੁਰਾ ਮਾਸ਼ੂਕ ਲੱਗਦਾ ਏਂ

ਪਰ ਜਦੋਂ / ਸੁੰਦਰਤਾ ਦੇ ਪਰਛਾਵਿਆਂ ਥੱਲੇ
ਸ਼ਹਿਰ ਦੇ ਕਈ ਕੋਨਿਆਂ ਅੰਦਰ / ਤੇਰੀਆਂ ਕੰਜਕਾਂ ਜਿਸਮ ਵੇਚਣ
ਤੇਰਾ ਬਚਪਨ / ਕਾਰ-ਸਵਾਰਾਂ ਤੋਂ ਭਿੱਖਿਆ ਮੰਗੇ
ਤੇ ਪਾਰਕ ਹਾਈਟ ਜਿਹੇ ਅੱਡਿਆਂ 'ਤੇ / ਮੁੱਛ ਫੁੱਟੇ ਗੱਭਰੂ
ਡਰੱਗਜ਼ ਲਈ ਲੜ ਕੇ / ਗੋਲੀਆਂ ਚਲਾਉਂਦੇ ਜਾਂ ਫ਼ੁਟ-ਪਾਥਾਂ 'ਤੇ
ਧੌਲ਼ ਦਾੜ੍ਹੀਆਂ ਨੂੰ ਲਿਟਦਿਆਂ ਤੱਕਾਂ / ਤਾਂ ਤੂੰ
ਕਦੇ ਵੇਸਵਾ, ਕਦੇ ਮੰਗਤਾ / ਤੇ ਕਦੇ ਬੇਰਹਿਮ ਲੁਟੇਰਾ ਲੱਗਦਾ ਏਂ

ਕਵੀ ਸ਼ਹਿਰ ਦੇ ਵਿਕਰਤ ਨਕਸ਼ਾਂ ਵਿੱਚੋਂ ਅਸਲ ਵਿਚ ਬੇਸੁਰੇ ਅਸਾਵੇਂ ਪ੍ਰਬੰਧ ਨੂੰ ਵੇਖਦਾ ਹੈ।

'ਕਾਗਦ ਕਲਮ ਕਿਤਾਬ' ਦੀ ਸਮੁੱਚੀ ਰਚਨਾ ਵਿੱਚੋਂ ਉਸ ਦੀ ਕਲਾ ਸਾਧਨਾ ਦੇ ਵਿਕਾਸ ਦੇ ਪ੍ਰਤੱਖ ਸਬੂਤ ਮਿਲਦੇ ਹਨ। ਉਸ ਦੇ ਪ੍ਰਗਟਾਅ ਵਿਚ ਆਪਣੀ ਕਿਸਮ ਦਾ ਨਾਟਕੀ ਰੰਗ ਵੀ ਹੈ, ਵਿਰੋਧਾਭਾਸ ਦੀ ਵਿਧੀ ਨੂੰ ਉਹ ਬਹੁਤ ਸਾਰੀਆਂ ਨਜ਼ਮਾਂ ਵਿਚ ਵਰਤੋਂ ਵਿਚ ਲਿਆਉਂਦਾ ਹੈ। ਅਜਿਹਾ ਕਰਦਿਆਂ ਉਹ ਕਿਸੇ ਬਨਾਵਟੀ ਰੰਗ ਦੀ ਥਾਂ ਸਹਿਜ-ਸਭਾਵਿਕ ਹੀ ਰਹਿੰਦਾ ਹੈ। ਉਸ ਦੀ ਵਿਲੱਖਣਤਾ ਇਸ ਵਿਚ ਹੈ ਕਿ ਸਾਰੀ ਰਚਨਾ ਵਿਚ ਉਸ ਦੇ ਆਪਣੇ ਨਕਸ਼ ਪਛਾਣ ਹੋ ਜਾਂਦੇ ਹਨ।

ਉਸ ਦੀਆਂ ਪ੍ਰੇਮ ਸੰਬੰਧੀ ਕਵਿਤਾਵਾਂ ਵਿਲੱਖਣ ਹਨ। ਉਹ ਉਦਾਸੀ, ਤ੍ਰਿਪਤੀ, ਸੰਜੋਗ-ਵਿਯੋਗ ਨੂੰ ਆਪਣੇ ਹੀ ਰੰਗ ਵਿਚ ਸਿਰਜਦਾ ਹੈ। 'ਮਿਲੇ ਜੇ ਫਿਰ ਕਦੇ' ਨਜ਼ਮ ਵਿਚ ਸ਼ਬਦ-ਚਿੱਤਰ ਵੇਖਣਯੋਗ ਹੈ :

ਤੇਰੇ ਕੋਲ ਹੋਵੇਗੀ / ਸਾਂਭ-ਸਾਂਭ ਰੱਖੀ
ਗਿਲੇ-ਸ਼ਿਕਵਿਆਂ ਦੀ ਪੰਡ / ਸਾਹਾਂ ਦੀ ਧੜਕਣ ਤੇਜ਼ ਹੋਵੇਗੀ
ਬਿਨਾਂ ਅੱਖ ਝਪਕਿਆਂ ਤੱਕਣਾ / ਬੋਲਦੇ ਤੇ ਬੋਲਦੇ ਜਾਣਾ
ਉਲਾਂਭਿਆਂ ਦੀ ਬਰਸਾਤ ਲੱਗੇਗੀ / ਤੇਰੇ ਖ਼ਾਮੋਸ਼ ਹੋਵਣਦੀ
ਉਡੀਕ ਕਰਾਂਗਾ / ਤਾਂ ਜੋ / ਧੁਖਦੇ ਪਲਾਂ ਨੂੰ ਚੈਨ ਆ ਜਾਵੇ

ਬੜੀ ਉਦਾਸ ਹੈ / ਉਹ ਸਾਂਵਲੀ ਜਿਹੀ
ਜਦੋਂ ਵੀ ਉਦਾਸ ਹੋ ਜਾਵੇ / ਚਹੁੰ ਪਾਸੀਂ ਚੁੱਪ ਛਾ ਜਾਵੇ
ਮਨਫ਼ੀ ਹੋ ਜਾਂਦੀਆਂ ਹਨ / ਖ਼ੁਸ਼ੀਆਂ ਰੌਣਕਾਂ ਤੇ ਹਾਸੇ

ਬਿਰਹੋਂ ਵੀ ਓਥੇ ਹੀ ਅਨੁਭਵ ਹੁੰਦੀ ਹੈ ਜਿੱਥੇ ਪ੍ਰੇਮ ਹੋਵੇ। ਗਿਲੇ-ਸ਼ਿਕਵੇ ਵੀ ਓਥੇ ਹੀ ਹੋ ਸਕਦੇ ਹਨ, ਜਿੱਥੇ ਚਾਹਤ ਤੇ ਲਗਾਓ ਹੋਵੇ। ਪ੍ਰੇਮ ਦੇ ਪ੍ਰਗਟਾਵੇ ਵਿਚ ਲਿਖੀਆਂ ਨਜ਼ਮਾਂ ਵਿਚ ਆਮ ਤੌਰ 'ਤੇ ਤ੍ਰਿਸ਼ੰਕੂ ਵਾਂਗ ਹਵਾ ਵਿਚ ਲਟਕਦਾ ਰੋਮਾਂਸ ਹੁੰਦਾ ਹੈ ਪਰ ਇਸ ਪੱਖ ਤੋਂ ਵੀ ਰਵਿੰਦਰ ਨਿਰਾਲੀ ਪਹੁੰਚ ਰੱਖਦਾ ਹੈ। ਉਸ ਕੋਲ ਅਨੋਖੀ ਦਾਰਸ਼ਨਿਕ ਪਹੁੰਚ ਹੈ :

ਮੈਂ ਤੈਨੂੰ ਚਾਹੁੰਦਾ ਹਾਂ / ਜਿਵੇਂ ਘਣੀ ਧੁੱਪ 'ਚ ਅਚਾਨਕ
ਬੱਦਲਾਂ ਦਾ ਛਾ ਜਾਣਾ / ਤੇ ਨਿੱਕੀਆਂ-ਨਿੱਕੀਆਂ ਕਣੀਆਂ ਦਾ ਬਰਸਣਾ

ਪ੍ਰੇਮ ਵਿਚ ਗੁਆਚ ਜਾਣ ਤੇ ਕੁਦਰਤ ਨਾਲ਼ ਇਕ-ਮਿਕ ਹੋ ਜਾਣ ਦੀ ਤਸਵੀਰਕਸ਼ੀ ਵੇਖੋ :

ਦੂਰ ਕਿਤੇ / ਸ਼ਾਂਤ ਝੀਲ ਦੇ ਕਿਨਾਰੇ ਬਹਿ ਕੇ
ਚੁੱਪ-ਚਾਪ ਢਲ਼ ਰਹੇ ਸੂਰਜ ਨੂੰ ਤੱਕੀਏ / ਪਾਣੀ 'ਚ ਤੈਰਦੇ
ਬਸੰਤੀ ਅਕਸ ਨਾਲ਼ ਗੱਲਾਂ ਕਰੀਏ / ਫਿਰ ਉਸ ਦੇ ਅਸਤ ਹੋਵਣ ਵਾਂਗ
ਖ਼ੁਦ ਵੀ ਇਕ-ਦੂਜੇ ਅੰਦਰ ਲਹਿ ਜਾਈਏ / ਰਾਤ ਭਰ
ਗੁਆਚੇ ਰਹਿਣ ਬਾਅਦ / ਪਹੁ-ਫੁਟਾਲੇ
ਚਿੜੀਆਂ ਦੇ ਚਹਿਕਣ ਸੰਗ / ਜਦ ਸੂਰਜ ਉਦੈ ਹੋਵੇ / ਖ਼ੁਦ ਵੀ ਉਦੈ ਹੋ ਜਾਈਏ

ਰਵਿੰਦਰ ਦੀਆਂ ਸੋਚ ਭਰੀਆਂ ਨਜ਼ਮਾਂ 'ਚ ਉਸ ਦੀ ਸਹਿਜ-ਸੁਭਾਵਿਕ ਪ੍ਰੇਮ ਪ੍ਰਗਟਾਵੇ ਦੀ ਕਲਾ ਨੂੰ ਪੜ੍ਹ-ਸੁਣ ਕੇ ਮਾਣਿਆਂ ਜਾ ਸਕਦਾ ਹੈ :

ਜਦ ਤੂੰ ਮੇਰੇ ਕੋਲ ਹੋਵੇਂ / ਮੈਂ ਆਪਣੇ-ਆਪ ਹੀ
ਗੁਆਚ ਜਾਵਾਂ ਕਿਧਰੇ / ਜਿਉਂ ਮੱਛੀਆਂ ਸਮੁੰਦਰ 'ਚ
ਉਹ ਛਿਣ / ਜਦ ਮੈਂ ਤੇਰਾ ਖ਼ਤ ਪੜ੍ਹਾਂ
ਮਨ ਉਡਣ ਲੱਗੇ / ਤਿਤਲੀਆਂ ਦੀ ਤਰ੍ਹਾਂ / ਤੇ ਚਹਿਕੇ ਚਿੜੀਆਂ ਵਾਂਗ
****
ਕਿਵੇਂ ਰਿਹਾ ਸਫ਼ਰ / ਬਹੁਤ ਖ਼ੂਬਸੂਰਤ

ਕੋਈ ਅਭੁੱਲ ਯਾਦ

ਬੱਦਲ ਦਾ ਇਕ ਟੋਟਾ / ਉੱਡ ਰਿਹਾ ਸੀ ਨਾਲ਼-ਨਾਲ਼
ਅਚਾਨਕ ਕੋਲ਼ ਆਇਆ / ਤਾਂ ਮੈਂ / ਉਸ ਉੱਪਰ ਤੇਰਾ ਨਾਂ ਲਿਖ ਦਿੱਤਾ...

'ਕਾਗਦ ਕਲਮ ਕਿਤਾਬ' ਦੀ ਸਮੁੱਚੀ ਰਚਨਾ ਦਾ ਕੇਂਦਰੀ ਬਿੰਦੂ ਮੁਹੱਬਤ ਹੈ। ਮੁਹੱਬਤੋਂ ਲੁੱਟੇ-ਪੁੱਟੇ ਜਾਂਦੇ ਕਿਰਤੀਆਂ ਲਈ ਹੈ। ਬੇਘਰਿਆਂ ਲਈ ਹੈ। ਸਦੀਆਂ ਤੋਂ ਸੰਤਾਪ ਭੋਗ ਰਹੀ ਔਰਤ ਜ਼ਾਤੀ ਲਈ ਹੈ। ਧੀਆਂ ਲਈ ਚਾਹਤ ਹੈ। ਭੈਣਾਂ ਨਾਲ਼ ਦੁੱਖ-ਸੁੱਖ ਕਰਨ ਦੀ ਇੱਛਾ ਹੈ। ਮਾਵਾਂ ਪ੍ਰਤੀ ਬੇਮਿਸਾਲ ਸਤਿਕਾਰ ਹੈ।

ਸਮੁੱਚੇ ਬ੍ਰਹਿਮੰਡ ਤੇ ਕੁਦਰਤ ਦੇ ਅਨਮੋਲ ਤੋਹਫ਼ਿਆਂ ਦਾ ਸ਼ੁਕਰਾਨਾ ਹੈ ਅਤੇ ਬ੍ਰਹਿਮੰਡ ਦੇ ਵਿਗੜ ਰਹੇ ਸਮਤੋਲ ਦੀ ਚਿੰਤਾ ਹੈ। ਇਸ ਵਿਗੜ ਰਹੇ ਸਮਤੋਲ ਨੂੰ ਥਾਂ ਸਿਰ ਕਰਨ ਦੀ ਵਚਨਬੱਧਤਾ ਹੈ। ਸਾਕਾਰਾਤਮਕ ਬਿਰਤੀਆਂ ਨੂੰ ਉਜਾਗਰ ਕਰਨ ਪ੍ਰਤੀ ਸਿਦਕ, ਸਿਰੜ ਅਤੇ ਦ੍ਰਿੜਤਾ ਹੈ। ਨਿਆਂ, ਬਰਾਬਰੀ ਅਤੇ ਆਜ਼ਾਦੀ ਪ੍ਰਤੀ ਇਸ਼ਕ ਹੈ। ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨਾਲ਼ ਗਹਿਰਾ ਰਿਸ਼ਤਾ ਹੈ। ਸਮੁੱਚੇ ਸੰਸਾਰ ਵਿਚ ਊਲ-ਜਲੂਲਤਾ ਅਤੇ ਲਾਲਸਾ ਨੂੰ ਖੁੱਲ੍ਹੀ ਛੱਡਣ ਵਾਲ਼ੇ ਜਰਵਾਣਿਆਂ ਨਾਲ਼ ਨਫ਼ਰਤ ਹੈ। ਬੇਦੋਸ਼ੇ ਹੋਣ ਦੇ ਬਾਵਜੂਦ ਦੁੱਖਾਂ, ਕਲੇਸਾਂ, ਗ਼ਰੀਬੜੇ ਅਤੇ ਜਹਾਲਤ ਵਿਚ ਡੁੱਬੇ ਲੋਕਾਂ ਨਾਲ਼ ਪਿਆਰ ਹੈ। ਉਹ ਜਿੱਥੇ ਆਪਣੀ ਜਨਮ-ਭੂਮੀ ਪੰਜਾਬ ਪ੍ਰਤੀ ਫ਼ਿਕਰਮੰਦ ਹੈ, ਓਥੇ ਸਮੁੱਚੀ ਧਰਤੀ ਦੀ ਵਿਲਕਣੀ ਨੂੰ ਵੀ ਸ਼ਿੱਦਤ ਨਾਲ਼ ਅਨੁਭਵ ਕਰਦਾ ਹੈ।

ਸਮੁੱਚੇ ਤੌਰ 'ਤੇ ਉਸ ਦੀ ਕਾਵਿ-ਯਾਤਰਾ ਮੁਹੱਬਤ ਨਾਲ਼ ਜੁੜੀ ਹੋਈ ਹੈ। ਮੁਹੱਬਤ ਉਹ ਰੌਸ਼ਨੀ ਹੈ ਜੋ ਮਨੁੱਖ ਨੂੰ ਹਕੀਕਤ ਵਿਚ ਮਨੁੱਖ ਬਣਾ ਸਕਦੀ ਹੈ। ਦੋ ਟੰਗੇ ਜਾਨਵਰ ਬਣਨ ਤੋਂ ਬਚਾਅ ਸਕਦੀ ਹੈ। ਉਹ ਸ਼ਬਦ-ਸ਼ਕਤੀਆਂ ਤੋਂ ਭਲੀ-ਭਾਂਤ ਜਾਣੂ ਹੈ। ਵਸਤੂ ਦੇ ਅਨਕੂਲ ਭਾਸ਼ਾ ਦੀ ਉਸ ਕੋਲ਼ ਥੋੜ ਨਹੀਂ ਹੈ। ਉਸ ਦੀ ਰਚਨਾ ਦੇ ਪਰਪੱਕ ਤੇ ਵਿਲੱਖਣ ਨਕਸ਼ ਹਨ। ਉਸ ਦੇ ਸੁੱਚੇ ਤੇ ਸੱਚੇ ਜਜ਼ਬੇ ਅਤੇ ਉਸ ਦੇ ਨਿਭਾਅ ਨੂੰ ਮੈਂ ਆਦਾਬ ਕਰਦਾ ਹਾਂ। ਰਵਿੰਦਰ ਜਿਵੇਂ ਵਿਅਕਤੀਗਤ ਰੂਪ ਵਿਚ ਵਿਲੱਖਣ ਹੈ ਓਸੇ ਤਰ੍ਹਾਂ ਉਸ ਦੀ ਨਜ਼ਮ ਵੀ ਵਿਲੱਖਣ ਹੈ। ਉਹ ਸੁਥਰੀ ਜ਼ਿੰਦਗੀ ਨੂੰ ਪਿਆਰ ਕਰਨ ਵਾਲ਼ਾ ਬੰਦਾ ਤੇ ਜ਼ਿੰਦਗੀ ਨੂੰ ਖ਼ੂਬਸੂਰਤੀ ਦੇ ਸੁਪਨਿਆਂ ਦੀ ਸਿਰਜਣਾ ਕਰਨ ਵਾਲ਼ਾ ਕਵੀ ਹੈ।

ਉਸ ਦੀ ਸ਼ਬਦ-ਚੋਣ ਸਹਿਜ-ਸੁਭਾਵਿਕ ਹੈ। ਉਹ ਪੰਜਾਬੀ ਮੁਹਾਵਰੇ ਨਾਲ਼ ਨੇੜਤਾ ਦਾ ਰਿਸ਼ਤਾ ਨਿਭਾਉਂਦਾ ਹੈ। ਉਸ ਦੀ ਕਲਮ ਵਿਚ ਰਵਾਨੀ ਵੀ ਤੇ ਤਾਜ਼ਗੀ ਵੀ। ਮੈਂ ਰਵਿੰਦਰ ਨੂੰ ਉਸਦੀ ਸਿਰਜਣਾ ਲਈ ਮੁਬਾਰਕ ਦਿੰਦਾ ਹੋਇਆ 'ਨੀਰੂ' ਨੂੰ ਸਮਰਪਿਤ ਉਸਦੀ ਨਜ਼ਮ ਨਾਲ਼ ਆਪਣੀ ਵਿਚਾਰ ਸਮਾਪਤ ਕਰਦਾ ਹਾਂ :

ਅੱਖਾਂ ਮੁੰਦਾਂ / ਤਾਂ ਉਸ ਦੇ ਹੀ ਸੁਪਨੇ
ਅੱਖੀਆਂ ਖੁੱਲ੍ਹਣ / ਤਾਂ ਹਰ ਸੂਰਤ 'ਚੋਂ
ਉਸ ਦੀ ਹੀ ਸੂਰਤ / ਇਕੱਲਤਾ ਭੋਗਦਿਆਂ
ਨਾ ਭੁੱਖ ਨਾ ਤੇਹ / ਉਸ ਦੀ ਸੀਰਤ ਦੀ
ਤਲਬ ਜਾਗਦੀ ਹੈ / ਲੱਗਦੈ- / ਸਹਿਰਾ 'ਚ ਕੋਈ / ਅੰਕੁਰ ਪੁੰਗਰ ਰਹੀ ਹੈ
ਯਾ ਖ਼ੁਦਾ ! / ਖ਼ੈਰ ਕਰੀਂ
ਖੰਡਰਾਂ ਦੀ ਦਹਿਲੀਜ਼ ਟੱਪ ਕੇ / ਮੁਹੱਬਤ ਆ ਰਹੀ ਹੈ

ਵ


ਨਿਰੰਜਨ ਸਿੰਘ ਢੇਸੀ